1995

ਸਤਿਜੁਗ

ਬਸੰਤ ਅੰਕ ੨੦੫੨



ਸਤਿਜੁਗ ਬਸੰਤ ਨੰਬਰ– ਸੰਮਤ ੧੯੮੮ (ਈ: ੧੯੩੨)



ਸਤਿਜੁਗ ਬਸੰਤ ਨੰਬਰ– ਸੰਮਤ ੧੯੮੮ (ਈ: ੧੯੩੨)



ਸਤਿਜੁਗ ਬਸੰਤ ਨੰਬਰ– ਸੰਮਤ ੧੯੯੦ (ਈ: ੧੯੩੪)

Namdhari Elibrary NamdhariElibrary@gmail.com



Namdhari Elibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ।।

ਦ੍ਵਾਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ।
ਸਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਬਸੰਤ ਅੰਕ ੨੦੫੧

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

੭੫ਵਾਂ ਸਾਲ

ਕਲਿਜੁਗ ਮੈਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

ਬਸੰਤੁ ਮਹਲਾ ੩

ਬਸੰਤੁ ਚੜਿਆ ਫੂਲੀ ਬਨਰਾਇ।।
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ।। ੧।।
ਇਨ ਬਿਧਿ ਇਹੁ ਮਨੁ ਹਰਿਆ ਹੋਇ।।
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ
ਗੁਰਮੁਖਿ ਹਉਮੈ ਕਢੈ ਧੋਇ ।। ੧।। ਰਹਾਉ।।
ਸਤਿਗੁਰ ਬਾਣੀ ਸਬਦੁ ਸੁਣਾਏ।।
ਇਹੁ ਜਗੁ ਹਰਿਆ ਸਤਿਗੁਰ ਭਾਏ ।। ੨।।
ਫਲ ਫੂਲ ਲਾਗੇ ਜਾਂ ਆਪੇ ਲਾਏ।।
ਮੂਲਿ ਲਗੈ ਤਾਂ ਸਤਿਗੁਰੁ ਪਾਏ।। ੩।।
ਆਪਿ ਬਸੰਤੁ ਜਗਤੁ ਸਭੁ ਵਾੜੀ।।
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ।।੪।।੫।।੧੭।।

ਬਸੰਤ ਅੰਕ ੨੦੫੧

੩ - ੯ ਫਗਣ ੨੦੫੧
(੧੬-੨੨ ਮਾਰਚ ੧੯੯੫)
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੦
ਜਿਲਦ - ੩
ਨੰਬਰ - ੭

ਸਤਿਜੁਗ
ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫
ਫ਼ੋਨ : ੩੨੮੬੭੯੨, ੨੨੪੨੫੫੨

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਮਾਸਟਰ ਨਿਹਾਲ ਸਿੰਘ ਦੇ ਪ੍ਰਬੰਧ ਨਾਲ,
ਨਿਊ ਏਜ ਪ੍ਰਿੰਟਿੰਗ ਪ੍ਰੈਸ, ੫-ਈ, ਝਾਂਸੀ ਰੋਡ,
ਨਵੀਂ ਦਿੱਲੀ - 5 ਵਿੱਚ ਛਪਿਆ,
ਦਫਤਰ ਸਤਿਜੁਗ, ਨਾਮਧਾਰੀ ਧਰਮਸ਼ਾਲਾ,
ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫
ਤੋਂ ਪ੍ਰਕਾਸ਼ਤ ਹੋਇਆ
(ਨਾਮਧਾਰੀ ਦਰਬਾਰ ਵਾਸਤੇ)

THE SATJUG,
Namdhari Dharamsala,
Ramesh Nagar,
New Delhi.-110015
RNI No. 55658/93-------
Postal Regd. No. DL-11303/95
Licence No. U(C)- 169/95 to
post without pre-payment at
New Delhi PSO.

ਇਕ ਸਾਲ : ਦੇਸ- ੧੦੦ ਰੁ.
ਪ੍ਰਦੇਸ -੨੦ ਪੌਂਡ
ਪੰਜ ਸਾਲ : ਦੇਸ- ੪੦੦ ਰੁ.
ਪ੍ਰਦੇਸ- ੮੦ ਪੌਂਡ

Designed and Typeset at :
CADCON, New Delhi
Ph. : 5505283, 5524527

ਪੱਤਰ ਵਿਹਾਰ ਦਾ ਪਤਾ:
ਮੈਨੇਜਰ ਸਤਿਜੁਗ
੧੦, ਦਰਿਆ ਗੰਜ
ਨਵੀਂ ਦਿੱਲੀ-੧੧੦੦੦੨

Namdhari Elibrary NamdhariElibrary@gmail.com

The Kukas Are Remarkable

A disciple and namesake of Ram Singh gave me the following list of virtues especially inculcated by his Guru. "Fear of God, faithfulness, purity, and cleanliness, truthfulness, benevolence, consciousness of Deity's presence, compassion, abstinence from covetness, abstinence from perjury, particular stress is laid on truthfulness, and it will, I think, be admitted that as a class, the Kukas are remarkable in this respect.

History of Punjab
-Mohammad Latif

Namdhari Elibrary NamdhariElibrary@gmail.com

ਇੱਕ ਯਤਨ ਨਵੇਕਲਾ ਜਿਹਾ

ਪਿਛਲੇ ਪੰਝੱਤਰ ਵਰ੍ਹਿਆਂ ਤੋਂ ਸਤਿਜੁਗ ਆਪਣੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਦਾ ਆ ਰਿਹਾ ਹੈ। ਬਸੰਤ ਅੰਕ, ਸਤਿਜੁਗ ਦੀ ਖ਼ਾਸ ਪਛਾਣ ਬਣ ਗਿਆ ਹੈ। ਬਸੰਤ ਅੰਕ ਵਿੱਚ ਗੁਰ ਇਤਿਹਾਸ, ਗੁਰ ਸਿੱਖੀ ਜੀਵਨ, ਗੁਰ ਮਰਯਾਦਾ ਅਤੇ ਗੁਰੂ ਸਾਹਿਬਾਨ ਅਤੇ ਸਿੱਖਾਂ ਦੀਆਂ ਦੇਸ ਕੌਮ ਲਈ ਕੀਤੀਆਂ ਕੁਰਬਾਨੀਆਂ ਨੂੰ ਉਜਾਗਰ ਕਰਦੀਆਂ ਰਚਨਾਵਾਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ। ਭਾਵੇਂ ਬਸੰਤ ਦਾ ਸਮੁਚਾ ਮੌਸਮ ਹੀ ਖੁਸ਼ੀਆਂ ਖੇੜਿਆਂ, ਮਹਿਕਾਂ-ਖੁਸ਼ਬੂਆਂ ਦਾ ਮੌਸਮ, ਹੁੰਦਾ ਹੈ ਪਰ ਇਸ ਦੀ ਇਤਿਹਾਸਕ ਮਹਾਨਤਾ ਬਸੰਤ ਪੰਚਮੀ ਵਾਲੇ ਦਿਹਾੜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਕਰਕੇ ਹੋਰ ਵਧੀ ਹੈ। ਬਸੰਤ ਅੰਕ ਉਹਨਾਂ ਦੀਆਂ ਬਖ਼ਸ਼ਸ਼ਾਂ ਨਾਲ ਜੁੜੇ ਰਹਿਣ ਦਾ ਇਕ ਸਾਧਨ ਹੈ।

ਵਰਤਮਾਨ ਅੰਕ ਤਿਆਰ ਕਰਨ ਸੰਬੰਧੀ ਹੰਸਪਾਲ ਜੀ (ਸ੍ਰ. ਹਰਵਿੰਦਰ ਸਿੰਘ) ਨਾਲ ਗਲਬਾਤ ਕੀਤੀ ਤਾਂ ਉਹਨਾਂ ਦਾ ਕਹਿਣਾ ਸੀ, "ਚਲੋ ਭਾਰਤੀ ਜੀ ਦੀ ਸਲਾਹ ਲੈ ਲਈਏ।" ਸ੍ਰੀ ਅਮਰ ਭਾਰਤੀ ਜੀ ਕੋਲ ਜਾ ਕੇ ਇਸ ਬਾਰੇ ਚਰਚਾ ਹੋਈ ਕਿ ਇਸ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਹ ਕਰਕੇ ੭੫ਵੇਂ ਵ੍ਹਰੇ ਵਿੱਚ ਪ੍ਰਵੇਸ਼ ਕਰ ਚੁੱਕੇ ਹਨ। ਸਤਿਜੁਗ ਹੌਲੇ ਉੱਤੇ ਆਪਣੇ ੭੫ ਵਰ੍ਹੇ ਪੂਰੇ ਕਰ ਰਿਹਾ ਹੈ। ਨਾਮਧਾਰੀ ਸਿੱਖਾਂ ਤੇ ਗੁਰੂ ਸਾਹਿਬਾਨ ਦਾ ਸ਼ਾਨਾਂ-ਮੱਤਾ ਇਤਿਹਾਸ ਹੈ। ਇਸ ਨੂੰ ਸਤਿਜੁਗ ਦੇ ਪੰਨਿਆਂ ਰਾਹੀਂ ਹੋਰ ਚੰਗੇਰੇ ਤਰੀਕੇ ਨਾਲ ਪਾਠਕਾਂ ਤੱਕ ਕਿਵੇਂ ਪਹੁੰਚਾਉਣਾ ਹੈ ?

ਇਹ ਫੈਸਲਾ ਲਿਆ ਗਿਆ ਕਿ ਇਸ ਵਾਰ ਨਾਮਧਾਰੀ ਇਤਿਹਾਸ ਤੋਂ ਬਿਨਾਂ ਹੋਰ ਸਮਕਾਲੀ ਲਹਿਰਾਂ ਸੰਬੰਧੀ ਵੀ ਜਾਣਕਾਰੀ ਦਿਤੀ ਜਾਏ ਕਿਉਂਕਿ ਉੱਨੀਵੀਂ ਅਤੇ ਵੀਹਵੀਂ ਸਦੀ ਵਿਚ ਕਈ ਪ੍ਰਾਂਤਾਂ ਤੇ ਇਲਾਕਿਆਂ ਵਿੱਚ ਲੋਕਾਂ ਨੂੰ ਅਧਿਆਤਮਕ ਦ੍ਰਿਸ਼ਟੀ ਦੇਣ, ਸਮਾਜਕ ਕੁਰੀਤੀਆਂ ਤੋਂ ਛੁਟਕਾਰਾ ਦੁਆਉਣ ਅਤੇ ਅੰਗਰੇਜ਼ਾਂ ਦੇ ਜ਼ੁਲਮ-ਤਸ਼ਦਦ ਖਿਲਾਫ਼ ਖੜੇ ਹੋਣ ਲਈ ਲਾਮ ਬੰਦ ਕੀਤਾ ਜਾਂਦਾ ਰਿਹਾ ਹੈ। ਇਸ ਤਰ੍ਹਾਂ ਦੀਆਂ ਰਚਨਾਵਾਂ ਪੇਸ਼ ਕਰਨ ਨਾਲ ਸਹਿਜੇ ਹੀ ਸਮੂਹ ਲਹਿਰਾਂ ਦੀ ਘਾਲਣਾ ਦਾ ਤੁਲਨਾਤਮਕ ਅਧਿਐਨ ਹੋ ਜਾਂਦਾ ਹੈ।

ਨਾਮਧਾਰੀ ਸਿੱਖ ਕੈਸੇ ਹੁੰਦੇ ਹਨ? ਨਾਮਧਾਰੀ ਦਿਵਾਨਾਂ ਦੀ ਕੀ ਮਹਾਨਤਾ ਰਹੀ ਹੈ? ਸਤਿਜੁਗ ਨੇ ਪਿਛਲੇ ਪੰਝੱਤਰ ਸਾਲਾਂ ਵਿਚ ਕਿੰਜ ਪੁਲਾਂਘਾਂ ਪੁੱਟੀਆਂ ਹਨ, ਬਾਰੇ ਵੀ ਜਾਣਕਾਰੀ ਦੇਣੀ ਜ਼ਰੂਰੀ ਸਮਝੀ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਧ ਸੰਗਤ ਉੱਤੇ ਕੀ ਵਿਸ਼ੇਸ਼ ਬਖ਼ਸ਼ਸ਼ਾਂ ਕੀਤੀਆਂ ਬਾਰੇ ਰਚਨਾ ਛਪਣ ਦੀ ਲੋੜ ਸੀ।

ਸਮੁਚੀ ਸਮਗਰੀ ਇਕੱਤਰ ਕਰਨ ਲਈ ਲੇਖਕਾਂ, ਇਤਿਹਾਸਕਾਰਾਂ, ਕਵੀਆਂ, ਤੱਕ ਪਹੁੰਚ ਕੀਤੀ ਗਈ ਅਤੇ ਉਹਨਾਂ ਨੂੰ ਲਿਖਿਆ ਗਿਆ। ਉਹਨਾਂ ਵਲੋਂ ਮਿਲਿਆ ਸਹਿਯੋਗ ਇਸ ਅੰਕ ਨੂੰ ਇਹ ਰੂਪ ਦੇਣ ਵਿਚ ਸਹਾਈ ਹੋਇਆ ਹੈ। ਸਤਿਜੁਗ ਉਹਨਾਂ ਸਭਨਾਂ ਦਾ ਧੰਨਵਾਦੀ ਹੈ। ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਪ੍ਰਾਪਤ ਸਮਗਰੀ ਛਪ ਕੇ ਪਾਠਕਾਂ ਸਾਹਮਣੇ ਪੇਸ਼ ਹੈ। ਸਤਿਜੁਗ ਦੇ ਸਟਾਫ ਨੇ ਇਸ ਕਾਰਜ ਲਈ ਦਿਨ ਰਾਤ ਇੱਕ ਕੀਤਾ ਹੈ ਉਹਨਾਂ ਦੀ ਮਿਹਨਤ ਕਿੰਨੀ ਕੁ ਸਫਲ ਹੈ ਬਾਰੇ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।

■ ਤਾਰਾ ਸਿੰਘ ਅਨਜਾਣ

Namdhari Elibrary NamdhariElibrary@gmail.com

ਪ੍ਰਵਚਨ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਪੰਜੇ ਬਧੇ ਮਹਾਬਲੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ, ਭਜਨ-ਬੰਦਗੀ ਕਰਵਾ ਕੇ, ਪਹਿਲਾਂ ਅੰਦਰਲੇ ਵਿਅਸਨਾਂ ਤੋ ਸੁਤੰਤਰ ਕਰਵਾਇਆ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਬਾਹਰਲੀ ਅਤੇ ਅੰਦਰਲੀ ਮਰਯਾਦਾ ਰਖਵਾਈ। ਬਾਹਰਲੀ ਸੁੱਚ-ਸੋਧ ਦੀ ਅਤੇ ਅੰਦਰਲੀ ਨਾਮ ਸਿਮਰਨ ਕਰਨ, ਭਜਨ ਕਰਨ ਦੀ।

ਹਜ਼ੂਰ ਸਾਹਿਬ ਤੋਂ ਲੰਗਰ ਦੀ ਮਰਯਾਦਾ ਮੰਗਵਾਈ, ਰਾਏ ਸਿੰਘ ਹੱਥੀਂ। ਇਹ ਦੱਸਣ ਵਾਸਤੇ ਕਿ ਉੱਥੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਲੰਗਰ ਦੀ ਮਰਯਾਦਾ ਵਿਚ ਕਿਸੇ ਮਾਸ-ਸ਼ਰਾਬ ਵਰਤਣ ਵਾਲੇ ਨੂੰ ਹੱਥ ਨਹੀਂ ਸਨ ਲਾਉਣ ਦੇਂਦੇ।

ਸੁੱਚ-ਸੋਧ ਦੀ ਮਰਯਾਦਾ ਸਤਿਗੁਰੂ ਜੀ ਕੋਲ ਪਹਿਲਾਂ ਹੀ ਸੀ।

ਮਰਯਾਦਾ ਰਖਾ ਕੇ, ਨਾਮ ਜਪਾ ਕੇ, ਸਤਿਗੁਰੂ ਜੀ ਨੇ ਸਿੱਖਾਂ ਦਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਛੁਡਾਇਆ। ਸਿੱਖਾਂ ਨੇ ਬਦੀ ਛੱਡ ਦਿੱਤੀ, ਗੁੱਸਾ ਕਰਨਾ ਛਡ ਦਿੱਤਾ ਤਾਂ ਉਹਨਾਂ ਦੇ ਅੰਦਰ ਮਾੜੇ ਕਰਮ ਕਰਨ ਦੇ ਵਿਚਾਰ ਹੀ ਨਹੀਂ ਸਨ ਉਪਜਦੇ। ਮੋਹ ਉਹਨਾਂ ਦਾ ਘਰ ਦਿਆਂ ਨਾਲ ਰਿਹਾ ਹੀ ਨਾ ਸੀ। ਸਿੱਖ ਆਪ ਜੀ ਦੀ ਆਗਿਆ ਅਨੁਸਾਰ ਕੁਰੀਤੀਆਂ ਤੇ ਮੰਦੇ ਕਰਮਾਂ ਤੋਂ ਬਚ ਗਏ, ਭਜਨ ਬੰਦਗੀ ਅਤੇ ਦੇਸ ਦੀ ਸੁਤੰਤਰਤਾ ਵਾਸਤੇ ਜੁੱਟ ਗਏ।

Namdhari Elibrary NamdhariElibrary@gmail.com

ਸੰਤ ਖਾਲਸੇ ਦੀ ਸਾਜਣਾ

■ ਬਾਬਾ ਸੰਤੋਖ ਸਿੰਘ ਬਾਹੂਵਾਲ

ਜਤੀ ਸਰੂਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੋਤ ਕੋ ਜਗਾਵਣੇ ਲਗੇ ਹੈਂ। ਪਤੰਗੇ ਕੀ ਤਰ੍ਹਾਂ ਜੋ ਸਿੱਖ ਹੈ ਸੋ ਆਵਣਗੇ। ਤਨ, ਮਨ, ਧਨ ਦੇ ਕੇ ਨਾਮ ਲੈ ਕੇ ਸ਼ਾਂਤ ਆਇ ਜਾਏਗੀ। ਮਾਨੋਂ ਸੂਰਜ ਦਾ ਪ੍ਰਕਾਸ਼ ਹੋਣੇ ਲਗਾ ਹੈ। ਪਾਪਾਂ ਰੂਪੀ ਜੋ ਰਾਤ ਹੈ ਸੋ ਦੂਰ ਹੋਵੇਗੀ। ਚਕਵੀ ਚਕਵੇ ਕੀ ਤਰ੍ਹਾਂ ਭਗਤਾਂ ਕੋ ਸੁਖ ਹੋਵੇਗਾ ਸੂਰਜ ਨੂੰ ਦੇਖਕੇ। ਕਿਰਨਾਂ ਸੂਰਜ ਕੀਆਂ ਨਿਕਲਨੇ ਲਗੀਆਂ ਹੈਂ। ਕਲਾ ਕਾ ਬਿਸਥਾਰ ਕਰਨੇ ਲਗੇ ਹੈਂ। ਸੰਤ ਖਾਲਸਾ ਜੋ ਦਸਵੇਂ ਪਾਤਸ਼ਾਹ ਜੀ ਦਾ ਕਹਿਣਾ ਹੈ ਸੋ ਪ੍ਰਗਟ ਹੋਣ ਲਗਾ ਹੈ। ਜੜ ਆਇ ਲਾਈ ਹੈ। ਜਿਸ ਜਗ੍ਹਾ ਨਾਮ ਕਾ ਬ੍ਰਿਛ ਲਗਾਵਣਾ ਹੈ ਮਾਨੋਂ ਕਲਪ ਬ੍ਰਿਛ ਲਿਆਇ ਧਰਿਆ ਹੈ। ਜੋ ਭਾਵਨਾ ਕੋਈ ਕਰੇਗਾ ਸੋ ਸਭ ਕੀਆਂ ਪੂਰੀਆਂ ਹੋਣਗੀਆਂ। ਮਨ ਬਾਛਤ ਫਲ ਮਿਲੇਗਾ। ਦਸਵੇਂ ਪਾਤਸ਼ਾਹ ਜੀ ਕਾ ਵਾਕ ਹੈ-ਸਕਲ ਜਗਤ ਮੋ ਖਾਲਸਾ ਪੰਥ ਗਾਜੇ। ਸੋ ਖਾਲਸਾ ਜਗਾਵਣੇ ਲਗੇ ਹੈਂ। ਸੁਤੇ ਪਿਆ ਜੀਆਂ ਕੋ ਨਾਮ ਕਾ ਗਫਾ ਦੇ ਕੇ, ਦੇਵਤਾ ਕਰਨ ਲਗੇ ਹੈ।

ਮੁਖਵਾਕ- ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।

ਸੋ ਭਜਨ ਸੁਣਾਇਕੇ ਕੰਨ ਮੇਂ ਅੱਖ ਦੇ ਫੋਰ ਵਿਚ ਦੇਵਤਾ ਕਰ ਦੇਂਦੇ ਹੈਂ। ਜਨਮ ਵਟਿਆ ਜਾਂਦਾ ਹੈ। ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਗੁਰਮੰਤ੍ਰ ਦੇ ਕੇ ਜੀਆਂ ਕੋ ਮੁਕਤ ਕਰਨੇ ਲਗੇ ਹੈਂ:-

ਮੁਖਵਾਕ- ਘਰ ਮੰਦਰ ਹਟ ਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ।।
ਸੰਤ ਭਗਤ ਹਰਿਨਾਮ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ।।

ਸੋ ਘਰ ਜਾਹਰ ਕਰਨੇ ਲਗੇ ਹੈਂ। ਨਾਮ ਕਾ ਖਜਾਨਾ, ਵਰਤਾਵਣ ਲਗੇ ਹੈਂ। ਧਰਮ ਕੀ ਧੁਜਾ ਖੜੀ ਹੋਈ ਹੈ। ਨਾਮ ਕੇ ਖਜਾਨੇ ਕੋ ਕੁੰਜੀ ਲਾਵਣ ਲਗੇ ਹੈਂ। ਵਣਜਾਰੇ ਸਿਖ ਆਵਣਗੇ। ਨਾਮ ਜੋ ਅਮੋਲਕ ਹੈ ਸੋ ਖਰੀਦਣਗੇ। ਮਾਨਸਰੋਵਰ ਪ੍ਰਗਟ ਹੋਇਆ ਹੈ ਹੰਸਲੇ ਜੋ ਸਿਖ ਹੈ ਸੋ ਨਾਮ ਕੇ ਮੋਤੀ ਚੁਗਣਗੇ। ਨਾਮ ਕੀ ਖਾਨ ਪ੍ਰਗਟ ਹੋਣ ਲਗੀ ਹੈ। ਸੋਈ ਆਣ ਕੇ ਮਿਲਣਗੇ ਜਿਨ੍ਹਾਂ ਦੀ ਪੂਰਬਲੀ ਕਮਾਈ ਤੇ ਲਿਲਾਟ ਮੇਂ ਲਿਖਿਆ ਹੋਇਆ ਹੈ। ਜੁਗੋ ਜੁਗ ਨਾਲ ਦਾ ਵਰ ਮੰਗਿਆ ਹੋਇਆ ਹੈ। ਸੋ ਨਾਲ ਹੀ ਜਨਮ ਧਾਰ ਲੈਂਦੇ ਹੈਂ। ਸੋਈ ਆਣ ਕੇ ਮਿਲਣਗੇ ਤੇ ਨਾਮ ਨੂੰ ਜਪਣਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਾਨਾ ਬੰਨ੍ਹਿਆ ਹੈ ਧਰਮ ਤੋਰਨੇ ਕਾ ਤੇ ਗਊ ਗ਼ਰੀਬ ਦੀ ਰੱਛਿਆ ਵਾਸਤੇ। ਕਲੂਕਾਲ ਮੇਂ ਧਰਮ ਜਹਾਜ ਪਰ ਚਾੜ੍ਹਕੇ ਸੰਸਾਰ ਸਮੁੰਦਰ ਸੇ ਪਾਰ ਕਰਨਗੇ। ਚੰਦਨ ਕਾ ਬੂਟਾ ਲਾਇਆ ਹੈ। ਜੋ ਨੇੜੇ ਆਵੇਗਾ ਸੋ ਚੰਦਨ ਰੂਪ ਹੋਵੇਗਾ। ਦਿਨੋਂ ਦਿਨ ਪ੍ਰਤਾਪ ਜਾਗੇਗਾ।

–ਸਤਿਗੁਰੂ ਬਿਲਾਸ

Namdhari Elibrary NamdhariElibrary@gmail.com

ਪ੍ਰਵਚਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਮਾਨਾਂਵਾਲੇ ਦਾ ਹੋਲਾ

ਸਤਿਗੁਰੂ ਰਾਮ ਸਿੰਘ ਜੀ ਨੇ ਮਾਨਾਂਵਾਲੇ ਦੇ ਹੋਲੇ ਵਿੱਚ ਕਿਹਾ ਸੀ, "ਸਾਡਾ ਸਰੀਰ ਅੱਗ ਵਿੱਚ ਜਲਦਾ ਨਹੀਂ, ਪਾਣੀ ਵਿੱਚ ਡੁੱਬਦਾ ਨਹੀਂ ਔਰ ਅਸੀਂ ਜਾਵਾਂਗੇ- ਬਿਦੇਸ਼।" ਬਾਬੇ ਲਾਲ ਸਿੰਘ ਲਤਾਲੀਏ, ਨੂੰ ਸਤਿਗੁਰੂ ਜੀ ਕਹਿੰਦੇ ਹਨ, "ਪਰਲੋਕ ਦੇ ਸੁੱਖ ਵੀ ਐਥੇ ਦਿਆਂਗੇ ਪਰ ਅਜੇ ਨਹੀਂ- ਅਜੇ ਸਾਨੂੰ ਅੰਗਰੇਜ਼ ਫੜ ਕੇ ਲੈ ਜਾਣਗੇ, ਦੀਰਘ ਚਿਰ ਰੱਖਣਗੇ- ਫਿਰ ਉਦੂੰ ਬਾਅਦ ਆਵਾਂਗੇ ਤਾਂ ਤੁਹਾਨੂੰ ਸੁੱਖ ਹੋਣਗੇ।"

ਭਾਈ ਸਾਡੀ ਤਾਂ ਇਹ ਗੱਲ ਹੈ- ਰਾਂਝਾ, ਹੀਰ ਨੂੰ ਲੈ ਗਏ ਖੇੜੇ, ਭਾਬੀਆਂ ਨੇ ਰਾਂਝੇ ਨੂੰ ਸੁਨੇਹਾ ਭੇਜਿਆ ਕਿ ਹੁਣ ਤਾਂ ਤੇਰੇ ਪੱਲੇ ਕੁਛ ਨਹੀਂ ਰਹਿ ਗਿਆ, ਹੀਰ ਚਲੀ ਗਈ ਹੈ, ਹੁਣ ਤਾਂ ਸਾਡੇ ਕੋਲ ਆ ਜਾ। ਉੱਥੇ ਵਾਰਿਸਸ਼ਾਹ ਨੇ ਇਹ ਗੱਲ ਲਿਖੀ ਹੈ, ਰਾਂਝੇ ਨੇ ਜਵਾਬ ਕੀ ਲਿਖਿਆ :

ਭਾਬੀ ਖਿਜਾਂ ਦੀ ਰੁਤ ਜਦ ਆਣ ਪੁੰਨੀ ਭੌਰ ਆਸਰੇ ਤੇ ਜਫਰ ਜਾਲਦੇ ਨੀ,
ਸੇਵਨ ਬੁਲਬੁਲਾਂ ਬੂਟਿਆਂ ਸੁਕਿਆਂ ਨੂੰ ਰੱਬਾ ਫੁਲ ਲਗੱਣ ਨਾਲ ਡਾਲ ਦੇ ਨੀਂ।
ਜਿਹੜੇ ਗਏ ਸੁ ਗਏ ਨਾ ਫੇਰ ਮੁੜਦੇ ਲੋਕ ਅਸਾਂ ਤੋਂ ਆਉਣਾ ਭਾਲਦੇ ਨੇਂ
ਜਿਨ੍ਹਾਂ ਸੂਲੀਆਂ ਦੇ ਉੱਤੇ ਲਏ ਝੂਟੇ ਮਨਸੂਰ ਹੋਰੀਂ ਸਾਡੇ ਨਾਲ ਦੇ ਨੇਂ।

ਉਹ ਨਾਮਧਾਰੀ ਚੜ੍ਹ ਗਏ, ਅਜੇ ਵੀ ਕੋਈ ਕੋਈ ਹੈਨ, ਜਿਨ੍ਹਾਂ ਦੀ ਇਸ ਗੱਲ ਉੱਤੇ ਆਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇਗਾ- ਗਊ ਗਰੀਬ ਦੇ ਗੱਲ ਤੋਂ ਛੁਰੀ ਲਹੇਗੀ, ਧਰਤੀ ਉੱਤੇ ਕੋਈ ਝੂਠ ਨਹੀਂ ਬੋਲੇਗਾ- ਸਾਰੀ ਦੁਨੀਆਂ ਸੱਚ ਬੋਲਣ ਵਾਲੀ ਹੋ ਜਾਵੇਗੀ- ਪਰ ਪਹਿਲਾਂ ਉਦੂੰ ਇੱਕ ਵੇਰ ਸੁਹਾਗਾ ਜ਼ਰੂਰ ਫਿਰੇਗਾ। ਇਹ ਨਹੀਂ ਪਤਾ ਉਹਦੇ ਵਿੱਚ ਕਿਹੜਾ ਥਾਂ ਬੱਚਦਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ,

'ਖਲਕ ਖਾਲਕ ਖੀਸ, ਈਸ, ਮੂਸ, ਹਿੰਦੂ ਖਲਕ ਪੀਸ ਦਖਾਊਂ ਦੀਪ'।

੮੦੮

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉੱਤੇ ਸਰਧਾ

ਅਮਰ ਸ਼ਹੀਦ ਸ੍ਰ. ਭਗਤ ਸਿੰਘ ਦਾ ਇੱਕ ਇਤਿਹਾਸਿਕ ਪੱਤਰ

ਸ਼ਹਿਨਸ਼ਾਹੀ ਕੁਟੀਆ
ਸੂਤਰ ਮੰਡੀ, ਲਾਹੌਰ
੨੭.੨.੧੯੨੮

ਸ੍ਰੀ ਮਾਨ ਜੀ! ਸਾਦਰ ਵੰਦੇ।'

ਤੁਹਾਡਾ ੧੭.੩.੧੯੨੮ ਦਾ ਕਿਰਪਾ ਪੱਤਰ ਤੇ ਮਹਾਰਥੀ ਦੇ ਫਰਵਰੀ ਅੰਕ ਦੀ ਇਕ ਕਾਪੀ ਵੀ ਠੀਕ ਸਮੇਂ ਤੇ ਮਿਲ ਗਈ ਸੀ। ਉਸ ਵਾਸਤੇ ਮੇਰਾ ਤਹਿ ਦਿਲੋਂ ਧੰਨਵਾਦ ਸਵੀਕਾਰ ਕਰੋ। ਆਪ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਤਿੰਨ ਰੰਗੇ ਚਿੱਤਰ ਦਾ ਬਲਾਕ ਬਣਵਾਇਆ ਜਾਂ ਨਹੀਂ। ਇਹ ਹੀ ਮੈਨੂੰ ਪਤਾ ਨਹੀਂ ਲੱਗਿਆ, ਘੱਟ ਤੋ ਘੱਟ ਫੋਟੋ ਤਾਂ ਤੁਸੀ ਹਾਲੇ ਤੱਕ ਪ੍ਰਕਾਸ਼ਿਤ ਨਹੀਂ ਕੀਤੀ। ਮੈਂ ਸਮਝਦਾ ਹਾਂ ਕਿ ਇਹਨਾਂ ਤਸਵੀਰਾਂ ਤੋ ਬਿਨਾਂ ਇਹਨਾਂ ਲੇਖਾਂ ਦੀ ਮਹਾਨਤਾ ਬਹੁਤ ਘਟ ਜਾਂਦੀ ਹੈ। ਬਾਕੀ ਲੇਖ ਜਿਹੜੇ ਛੇਤੀ ਹੀ ਮੈਂ ਤੁਹਾਡੀ ਸੇਵਾ ਵਿਚ ਭੇਜਾਂਗਾ ਸਚਿੱਤਰ ਹੀ ਛਪਣੇ ਚਾਹੀਦੇ ਹਨ। ਬਹੁਤਿਆਂ ਦੇ ਤਾਂ ਬਲਾਕ ਬਣੇ ਹੋਏ ਮਿਲ ਸਕਣਗੇ। ਉਹਨਾਂ ਦਾ ਡਾਕ ਖਰਚ ਤੇ ਕੁਝ ਕਿਰਾਇਆ ਹੀ ਦੇਣਾ ਪਵੇਗਾ। ਜੇ ਤੁਸੀ ਠੀਕ ਸਮਝੋ ਤਾਂ ਲਿਖੋ ਤੇ ਮੈਂ ਪ੍ਰਬੰਧ ਕਰਵਾ ਦੇਵਾਂਗਾ। ਅਜੇ ਗੁਰੂ ਰਾਮ ਸਿੰਘ ਜੀ ਦੀ ਇੱਕ ਹੋਰ ਫੋਟੋ ਭੇਜ ਰਿਹਾ ਹਾਂ। ਇੱਕ ਸੱਜਣ ਕਹਿ ਰਹੇ ਸਨ ਕਿ ਬਲਾਕ ਉਹਨਾਂ ਕੋਲ ਹੈ। ਜੇ ਤੁਸੀਂ ਚਾਹੋ ਤਾਂ ਉਹ ਵੀ ਛਪਵਾ ਕੇ ਭੇਜ ਸਕਦੇ ਹਨ। ਕਿਰਪਾ ਕਰਕੇ ਇਹ ਲਿਖੋ ਕਿ ਕਿੰਨੀਆਂ ਫੋਟੋਆਂ ਦੀ ਜ਼ਰੂਰਤ ਹੋਵੇਗੀ। ਇਹ ਤਾਂ ਮਹਾਰਥੀ ਦੀ ਕੁਲ ਗਿਣਤੀ ਤੇ ਹੀ ਨਿਰਭਰ ਕਰਦਾ ਹੈ।

ਲੇਖ ਤੇ ਲਿਖੇ ਪਏ ਹਨ। ਪਰ ਏਥੇ ਰਾਸ਼ਟਰੀ ਹਫਤਾ ਕਰਕੇ ਸ਼ਹੀਦੀ ਦਿਵਸ ਮਨਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਲਈ ਤਦ ਤਕ ਜੇ ਲੇਖ ਨਾ ਭੇਜ ਸਕਿਆ ਤਾਂ ਕਿਰਪਾ ਕਰਕੇ ਮਾਫ ਕਰ ਦਿਆ ਜੇ। ਹੋ ਸਕਿਆ ਤੇ ਪਹਿਲਾ ਲੇਖ ਇੱਕ ਹਫਤੇ ਤੱਕ ਭੇਜ ਦਿਆਂਗਾ। ਮਹਾਰੱਥੀ ਦਾ ਅਗਲਾ ਅੰਕ ਕਿੰਨੇ ਦਿਨਾਂ ਤਕ ਛੱਪ ਜਾਏਂਗਾ ? ਲੇਖ ਤੇ ਫੋਟੋਆਂ ਕਦੋਂ ਤਕ ਪਹੁੰਚ ਜਾਣੀਆਂ ਚਾਹੀਦੀਆਂ ਹਨ ? ਲਿਖਿਓ ਜ਼ਰੂਰ। ਜਵਾਬ ਛੇਤੀ ਦੇ ਕੇ ਧੰਨਵਾਦੀ ਬਣਾਇਓ।

ਨਿਵੇਦਕ

ਭਗਤ ਸਿੰਘ

Namdhari Elibrary NamdhariElibrary@gmail.com

अमर शहीद भगत सिंह का राष्ट्रभाषा हिन्दी प्रेम

(उनकी हस्तलिपि का एक ऐतिहासिक पत्र)

विद्यापीठ [illegible]
Lahore.
27.3.28

2536
2.4.28

श्रीमान् महोदय! सादर वन्दे।

आप का 26.3.28 का कृपा-पत्र तथा 'महारथी' के फाल्गुन अंक की एक प्रति यथा समय मिल गई थी। उस के लिए हार्दिक धन्यवाद स्वीकार कीजिए। आप ने गुरु राम सिंह जी के तिरंगे चित्र का ब्लाक बनवाया अथवा नहीं, मैं नहीं जान सका। अब से वह चित्र तो आप ने प्रकाशित नहीं किया। मैं समझता हूं कि चित्र के बिना उन लेखों का बहुत कुछ सौन्दर्य कम हो जाता है। शेष लेख भी जो कि मैं शीघ्र ही आप की सेवा में भेजूंगा सचित्र ही छपने चाहिएं। पहले से तो ब्लाक बने हुए मिल सकेंगे। उन का व्यय तथा कुछ किराया भी देना होगा। यदि आप उचित समझें, तो लिखिएगा, प्रबन्ध करवा दूंगा। आज गुरु राम सिंह जी का एक और चित्र भेज रहा हूं। एक महाशय कह रहे थे कि कुछ उन के पास हैं। यदि आप चाहें तो वे ही छपवा भेजे जा सकते हैं। कृपया इतना लिखिएगा कि कितने चित्र की आवश्यकता होगी। यह तो 'महारथी' की उस आत्मा पर ही निर्भर है।

लेख तो लिखने वाले थे, परन्तु यहां पर 'बालीदी-दिवस' मनाने का प्रबन्ध किया जा रहा है, इस लिए तब तक लेख न भेज सकूंगा। [illegible] फाल्गुन और [illegible] अंक [illegible] मिल गए। [illegible] उत्तर शीघ्र दीजिएगा। [illegible]

भवदीय
B.S.Singh

Namdhari Elibrary NamdhariElibrary@gmail.com



■ ਜਗਦੀਸ਼ ਸਿੰਘ ਸੰਪਾਦਕ ਵਰਿਆਮ

ਤੇ ਢੋਲਕ ਵਜਦੀ ਰਹੀ

ਇਹ ਗਲ ਤਾਂ ਦਾਅਵੇ ਨਾਲ ਵੀ ਆਖੀ ਜਾ ਸਕਦੀ ਹੈ ਜਦੋਂ ਅੰਗਰੇਜ਼ ਸਰਕਾਰ ਨੇ ਨਾਮਧਾਰੀਆਂ ਦਾ ਪਰਚਾਰ ਜਬਰਨ ਬੰਦ ਕਰ ਦਿਤਾ ਤਾਂ ਇਕਲਿਆਂ ਜਿਸ ਯੰਤਰ ਨਾਲ ਇਸ ਦਾ ਮੁਕਾਬਲਾ ਕੀਤਾ ਗਿਆ ਉਹ ਢੋਲਕੀ ਸੀ। ਮਸਤ ਕਰ ਦੇਣ ਵਾਲੀ ਢੋਲਕੀ। ਗਹੁ ਨਾਲ ਤੁਸੀਂ ਨਾਮਧਾਰੀ ਸ਼ਹੀਦੀ ਸਾਕਿਆਂ ਦੇ ਚਿਤਰ ਵੇਖੋ। ਚਾਹੇ ਉਹ ਅੰਮ੍ਰਿਤਸਰ ਦੇ ਬੋਹੜ ਨਾਲ ਫਾਂਸੀਆਂ ਲਗ ਰਹੇ ਹੋਣ ਚਾਹੇ ਮਲੇਰਕੋਟਲਾ ਵਿਚ ਤੋਪਾਂ ਅਗੇ ਉਡ ਰਹੇ ਹਨ ਲਾਗੇ ਢੋਲਕੀ ਵਜਾਉਣ ਵਾਲੇ ਦਾ ਚਿਤਰ ਜ਼ਰੂਰ ਹੋਵੇਗਾ।

"**ਸਾਂਗਲੇ** ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਸਮੇਂ ਭਾਈ ਗਿਆਨ ਸਿੰਘ ਆਇਆ। ਭਾਈ ਗਿਆਨ ਸਿੰਘ ਡਸਕੇ ਜ਼ਿਲਾ ਸਿਆਲਕੋਟ ਦਾ ਰਹਿਣ ਵਾਲਾ ਸੀ। ਜ਼ਿਲਾ ਸਿਆਲਕੋਟ ਵਿਚ ਨਾਮਧਾਰੀ ਵੀਰਾਂ ਦੀ ਬਹੁਤ ਗਿਣਤੀ ਸੀ। ਮੈਨੂੰ ਉਹਨਾਂ ਦੇ ਸਤਸੰਗਾਂ ਵਿਚ ਜਾਣ ਦਾ ਕਦੇ ਮੌਕਾ ਨਹੀਂ ਸੀ ਬਣਿਆ। ਭਾਈ ਗਿਆਨ ਸਿੰਘ ਹੱਲੇ ਦੇ ਸ਼ਬਦ ਪੜ੍ਹਦਾ ਸੀ। ਗੁਰਪੁਰਬ ਦੇ ਨਗਰ ਕੀਰਤਨ ਸਮੇਂ ਉਹਨਾਂ ਹੱਲੇ ਦੇ ਸ਼ਬਦ ਪੜ੍ਹੇ। ਕੇਸ ਖੋਹਲ ਕੇ ਨਾਲ ਨਚਦੇ ਭੀ ਸਨ। ਉਹਨਾਂ ਦੀ ਧਾਰਨਾ ਤੇ ਵਿਆਖਿਆ ਸੁਣ ਕੇ ਮੈਂ ਤਾਂ ਗਿਆਨ ਸਿੰਘ ਉਤੇ ਲਟੂ ਹੁੰਦਾ ਗਿਆ। ਭਾਈ ਗਿਆਨ ਸਿੰਘ ਜੀ ਆਮ ਤੌਰ ਤੇ ਭਗਤ ਬਾਣੀ ਵਿਚੋਂ ਹੀ ਸ਼ਬਦ ਪੜ੍ਹਦੇ ਸਨ ਤੇ ਇਕ ਤੁਕ ਦੇ ਕਈ ਅਰਥ ਕਰਦੇ ਸਨ। ਮੈਨੂੰ ਉਹਨਾਂ ਦੀ ਵਿਦਵਤਾ ਬਹੁਤ ਹੀ ਪਸੰਦ ਆਈ। ਗੁਰਪੁਰਬ ਤੋਂ ਪਿਛੋਂ ਉਹ ਹਫਤਾ ਕੁ ਹੋਰ ਭੀ ਉਥੇ ਠਹਿਰੇ ਤੇ ਹਰ ਰੋਜ਼ ਹੱਲੇ ਦੀਆਂ ਧਾਰਨਾਂ ਉਤੇ ਸ਼ਬਦ ਸੁਣਾਂਦੇ ਰਹੇ।

ਮੈਂ ਭੀ ਪੰਡਤ ਤਾਰਾ ਸਿੰਘ ਜੀ ਦਾ ਭਗਤ-ਬਾਣੀ ਸਟੀਕ ਮੰਗਾ ਲਿਆ। ਮੈ ਸਕੂਲ ਦੇ ਬੋਰਡਿੰਗ ਹਾਊਸ ਦਾ ਸੁਪ੍ਰਿਟੈਂਡੈਂਟ ਭੀ ਸਾਂ। ਆਪਣੇ ਕਮਰੇ ਵਿਚ ਮੈਂ ਇਕਲਾ ਗਿਆਨ ਸਿੰਘ ਜੀ ਵਾਂਗ ਭਗਤਾਂ ਦੇ ਸ਼ਬਦ ਹੱਲੇ ਦੀ ਧਾਰਨਾ ਤੇ ਗਾਇਆ ਕਰਦਾ ਤੇ ਨਚਿਆ ਕਰਦਾ ਸਾਂ।......"

ਉਪ੍ਰੋਕਤ ਸ਼ਬਦ ਕਿਸੇ ਸਾਧਾਰਨ ਲੇਖਕ ਦੇ ਨਹੀਂ ਹਨ ਸਗੋਂ ਪ੍ਰੋ: ਪ੍ਰੀਤਮ ਸਿੰਘ ਪਟਿਆਲਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ-ਪਰਮਾਰਥਾਂ ਦੇ ਸਭ ਤੋਂ ਵੱਡੇ ਗਿਆਨੀ, ਵਿਆਕਰਨ ਦੇ ਪਰਬੀਨ ਗਿਆਤਾ ਸਰਲ ਪੰਜਾਬੀ ਦੇ ਉਤਮ ਲੇਖਕ, ਪ੍ਰੋ. ਸਾਹਿਬ ਜੀ ਦੇ ਹਨ। ਇਹ ਉਹ ਹੀ ਪ੍ਰੋ: ਸਾਹਿਬ ਸਿੰਘ ਜੀ ਹਨ ਜਿਨ੍ਹਾਂ ਨੇ ਦਰਜਨਾਂ ਹੋਰ ਪੁਸਤਕਾਂ ਤੋਂ ਇਲਾਵਾ ਸੰਪੂਰਨ ਗੁਰੂ ਗਰੰਥ ਸਾਹਿਬ ਦਾ ਟੀਕਾ ਕੀਤਾ ਹੈ। ਇਹ ਸ਼ਬਦ ਪ੍ਰੋ: ਸਾਹਿਬ ਦੀ ਆਤਮ ਕਥਾ "ਮੇਰੀ ਜੀਵਨ ਕਹਾਣੀ" ਦੇ ਪੰਨਾ ੬੭-੬੮ ਤੇ ਅੰਕਿਤ ਹਨ ਅਤੇ ਪਰਸੰਗ ਕੋਈ ਪਚਾਸੀ ਸਾਲ ਪਹਿਲਾਂ ਦਾ ਭਾਵ ਸੰਨ ੧੯੦੯-੧੦ ਦਾ ਹੈ। ਉਪ੍ਰੋਕਤ ਹਵਾਲਾ ਇਸ ਕਰਕੇ ਦਿਤਾ ਗਿਆ ਹੈ ਕਿ ਨਾਮਧਾਰੀ ਦੀਵਾਨਾਂ ਦੀ ਜ਼ਬਰਦਸਤ ਖਿੱਚ ਅਤੇ ਪ੍ਰਭਾਵ ਖੇਤਰ ਦਾ ਅੰਦਾਜ਼ਾ ਲਾਇਆ ਜਾ ਸਕੇ। ਪ੍ਰੋ: ਸਾਹਿਬ ਸਿੰਘ ਬਾਦ ਵਿਚ ਇੱਕ ਤੁਕ ਦੇ ਇੱਕ ਹੀ ਅਰਥ ਕਰਨ ਦੇ ਸਮਰਥਕ ਬਣੇ ਪਰ ਨਾਮਧਾਰੀ ਦੀਵਾਨਾਂ ਦੀ ਸੰਗੀਤਕਤਾ, ਅਤੇ ਮਸਤੀ ਉਹਨਾਂ ਨੂੰ ਯਾਦ ਰਹੀ। . . . ਇਸੇ ਪੁਸਤਕ ਦੇ ਹੀ ਪੰਨਾ ੧੦੭-੧੦੮ ਤੇ ਨਾਮਧਾਰੀ ਸ਼ੈਲੀ ਦੇ ਦੀਵਾਨ ਦੇ ਅਸਰ ਦਾ ਜ਼ਿਕਰ ਕਰਦੇ ਹਨ:-

"ਫਰੂਕਾ ਸਕੂਲ ਦੇ ਸਿੱਖ ਮੁੰਡੇ

ਪਹਿਲਾਂ ਪਹਿਲਾਂ ਮੈਂ ਆਪਣੇ ਘਰੋਂ ੬ ਸਤੰਬਰ ੧੯੧੫ ਸੋਮਵਾਰ ਨੂੰ ਸਵੇਰੇ ਚਲ ਕੇ ਫਰੂਕੇ ਮੰਗਲਵਾਰ ਸ਼ਾਮ ਨੂੰ ਪਹੁੰਚਿਆ ਸਾਂ। ਬੋਰਡਿੰਗ ਹਾਊਸ ਵਿਚ ਰਹਿਣ ਵਾਲੇ ਮੁੰਡਿਆਂ ਨੇ ਇਕ 'ਭੁਜੰਗੀ ਸਭਾ' ਬਣਾਈ ਹੋਈ ਸੀ। ਉਸ ਦੀ ਇਕੱਤਰਤਾ ਉਹ ਵੀਰਵਾਰ ਸ਼ਾਮ ਨੂੰ ਕਰਿਆ ਕਰਦੇ ਸਨ। ਪਹਿਲੇ ਹੀ ਵੀਰਵਾਰ ਮੁੰਡਿਆਂ ਨੇ ਕੁਝ ਮੇਥੋਂ ਸੁਣਨ ਦੀ ਇਛਿਆ ਜ਼ਾਹਰ ਕੀਤੀ। ਮੈਂ ਉਹਨਾਂ ਨੂੰ ਆਪਣੇ ਨਾਲ ਲੈ ਕੇ ਹੱਲੇ ਦੀਆਂ ਧਾਰਣਾਂ ਉਤੇ ਸ਼ਬਦ ਪੜ੍ਹੇ। ਭਾਈ ਗਿਆਨ ਸਿੰਘ ਡੱਸਕਾ ਨਿਵਾਸੀ ਵਾਂਗ ਹੀ ਸ਼ਬਦਾਂ ਦੇ ਅਰਥ ਕੀਤੇ। ਜਿਵੇਂ ਮੈਂ ਭਾਈ ਗਿਆਨ

Namdhari Elibrary NamdhariElibrary@gmail.com

ਸਿੰਘ ਉਤੇ ਲੱਟੂ ਹੋ ਗਿਆ ਸਾਂ ਤਿਵੇਂ ਇਹ ਮੁੰਡੇ ਵੀ ਮੈਨੂੰ ਪਿਆਰ ਕਰਨ ਲਗ ਪਏ।

ਗੁਰੂ ਨਾਨਕ ਦੇਵ ਜੀ ਦੇ ਜਨਮ-ਪੁਰਬ ਉਤੇ ਸਕੂਲ ਵਲੋਂ ਨਗਰ ਕੀਰਤਨ ਕੀਤਾ ਜਾਂਦਾ ਸੀ ਫਰੂਕੇ ਦੇ ਬਾਜ਼ਾਰਾਂ ਵਿਚੋਂ ਦੀ। ਮੈਂ ਆਪ ਛੈਣੇ ਤੇ ਇਕ ਵਿਦਿਆਰਥੀ ਢੋਲਕੀ ਵਜਾਉਂਦਾ ਸੀ। ਸ਼ਹਿਰ ਦੇ ਲੋਕਾਂ ਵਾਸਤੇ ਭੀ ਹੱਲੇ ਦੀਆਂ ਧਾਰਨਾਂ ਇਕ ਨਵੀਂ ਚੀਜ਼ ਸੀ। ਸ਼ਹਿਰ ਨਿਵਾਸੀ ਸਿੱਖਾਂ ਦੇ ਦਿਲ ਵਿਚ ਭੀ ਮੇਰੇ ਲਈ ਕਦਰ ਬਣ ਗਈ। ਸੰਨ ੧੯੧੬ ਵਿਚ ਸਰਗੋਧੇ ਦੇ ਖਾਲਸਾ ਹਾਈ ਸਕੂਲ ਨੇ ਆਪਣਾ ਸਾਲਾਨਾ ਦੀਵਾਨ ਕੀਤਾ। ਫਰੂਕੇ ਦੇ ਮੁੰਡੇ ਤੇ ਉਸਤਾਦ ਭੀ ਸ਼ਾਮਲ ਹੋਏ। ਅਸੀਂ ਦਸ ਬਾਰਾਂ ਦਾ ਇਕ ਜੱਥਾ ਰਲ ਕੇ ਹੱਲੇ ਦੀ ਧਾਰਨਾ ਉਤੇ ਸ਼ਬਦ ਗਾਉਂਦੇ ਸਾਂ। ਪੰਡਿਤ ਤਾਰਾ ਸਿੰਘ ਜੀ ਦੀ ਭਗਤ ਬਾਣੀ ਸਟੀਕ ਦੇ ਆਧਾਰ ਉਤੇ ਮੈਂ ਭਾਈ ਗਿਆਨ ਸਿੰਘ ਵਾਂਗ ਵਿਆਖਿਆ ਕਰਦਾ ਸਾਂ। ਭਾਈ ਹੀਰਾ ਸਿੰਘ ਰਾਗੀ ਉਸ ਸਮਾਗਮ ਉਤੇ ਪਹੁੰਚੇ ਹੋਏ ਸਨ। ਉਹਨਾਂ ਨੇ ਭੀ ਮੇਰਾ ਉੱਦਮ ਅਖੀਂ ਵੇਖਿਆ। ਉਹ ਭੀ ਬੜੇ ਪਰਭਾਵਿਤ ਹੋਏ।

ਸੰਨ ੧੯੧੭ ਦੇ ਸ਼ੁਰੂ ਵਿਚ ਸਾਹੀਵਾਲ ਨਿਵਾਸੀ ਸਿੱਘਾਂ ਨੇ ਸਾਲਾਨਾ ਦੀਵਾਨ ਕੀਤਾ। ਫਰੂਕੇ ਤੋਂ ਸਾਹੀਵਾਲ ੭ ਮੀਲ ਸੀ। ਫਰੂਕਾ ਸਕੂਲ ਦੇ ਵਿਦਿਆਰਥੀ ਤੇ ਉਸਤਾਦ ਭੀ ਗਏ। ਓਥੇ ਭੀ ਨਗਰ ਕੀਰਤਨ ਵਿਚ ਮੈਂ ਓਵੇਂ ਹੀ ਸ਼ਬਦ ਪੜ੍ਹੇ। ਸਾਹੀਵਾਲ ਵਾਲੇ ਨਵਾਂ ਖਾਲਸਾ ਹਾਈ ਸਕੂਲ ਖੋਲ੍ਹਣ ਲਗੇ ਸਨ। ਮੇਰਾ ਉਨ੍ਹਾਂ ਉਤੇ ਅਜਿਹਾ ਅਸਰ ਪਿਆ ਕਿ ਮੈਨੂੰ ਉਹ ਸਕੂਲ ਦਾ ਹੈਡ-ਮਾਸਟਰ ਬਣਾਉਣ ਨੂੰ ਤਿਆਰ ਹੋ ਪਏ ਪਰ ਮੈਂ ਧੰਨਵਾਦ ਕਰਕੇ ਇਨਕਾਰ ਕਰ ਦਿਤਾ।

. . . . . *(ਉਹੀ ਪੁਸਤਕ ਪੰਨਾ ੧੦੭-੧੦੮)*

ਨਾਮਧਾਰੀ ਦੀਵਾਨਾਂ ਦੇ ਪ੍ਰਭਾਵ ਖੇਤਰ ਦੀ ਵਿਸ਼ਾਲਤਾ ਦਾ ਅੰਦਾਜ਼ਾ ਲਾਉਣ ਵਾਸਤੇ ਹੀ ਉਪ੍ਰੋਕਤ ਲੰਬੀ ਟੂਕ ਦਿਤੀ ਗਈ ਹੈ।

ਪੰਜਾਬੀ ਦੀ ਇਕ ਪਰਸਿਧ ਪੁਸਤਕ ਹੈ 'ਮੇਰਾ 'ਪਿੰਡ'। ਇਸ ਦੇ ਲੇਖਕ ਹਨ, 'ਗੁਰਦਿਤ ਸਿੰਘ ਗਿਆਨੀ'। ਗਿਆਨੀ ਜੀ ਕੇਂਦਰੀ ਸਿੰਘ ਸਭਾ ਲਹਿਰ ਦੇ ਸਥਾਪਤ ਨੇਤਾ ਹਨ। ਰੋਜ਼ਾਨਾ ਪ੍ਰਕਾਸ਼ ਦੇ ਸੰਪਾਦਕ ਰਹੇ ਹਨ ਅਤੇ ਪੰਜਾਬ ਦੇ ਐਮ. ਐਲ. ਸੀ. ਵੀ ਰਹੇ ਹਨ। ਗਹਿਰ ਗੰਭੀਰ, ਖੋਜੀ ਲੇਖਣੀ ਅਤੇ ਗਲਾਂ ਕਰਨ ਵਾਲੇ ਗਿਆਨੀ ਜੀ ਦੀ ਉਪ੍ਰੋਕਤ ਪੁਸਤਕ ਅਪਣੇ ਲਿਖੇ ਅਨੁਸਾਰ ਹੀ ਚਟਪਟੇ ਸਾਹਿਤਕ ਖੇਤਰ ਦੀ ਗਲ ਹੈ।

ਹਾਸ ਬਿਲਾਸੀ ਢੰਗ ਨਾਲ ਲਿਖੀ ਪੁਸਤਕ ਵਿਚ ਪੰਜਾਬ ਦੇ ਪਿੰਡਾਂ ਦੇ ਜਨ ਜੀਵਨ ਦੇ ਹਰ ਪਹਿਲੂ ਤੇ ਲਿਖਿਆਂ ਗਿਆ ਹੈ। ਨਾਮਧਾਰੀਆਂ ਦੇ ਦੀਵਾਨ ਦੀ ਵੀ ਇਕ ਝਾਕੀ ਖਿਚੀ ਗਈ ਹੈ। ਅਪਣੇ ਖੁੱਲੇ ਵਿਨੋਦੀ ਅੰਦਾਜ਼ ਅਤੇ ਕੁਝ ਥਾਵਾਂ ਤੇ ਤੱਥਾਂ ਦੇ ਫਰਕ ਦੇ ਬਾਵਜੂਦ ਵੀ ਪੁਰਾਣੇ ਨਾਮਧਾਰੀ ਦੀਵਾਨਾਂ ਦਾ ਚਰਿਤਰ ਅਤੇ ਉਹਨਾਂ ਦਾ ਲੋਕ ਮਨਾਂ ਤੇ ਪਰਭਾਵ ਉਘੜਦਾ ਹੈ। ਪੰਨਾ ੯੬ ਤੋ ੯੯ ਤਕ ਨਾਮਧਾਰੀ ਦੀਵਾਨ ਦਾ ਖਾਕਾ ਇਵੇਂ ਪੇਸ਼ ਕੀਤਾ ਹੈ:-

"ਇਕ ਵਾਰੀ ਭਾਰੀ ਮੀਹ ਪੈਣ ਪਿਛੋਂ ਹੜ੍ਹ ਕੀ ਆਏ, ਸਾਰੀਆਂ ਫਸਲਾਂ ਫਨਾਹ ਹੋ ਗਈਆਂ। ਲੋਕ ਓਦਰੇ ਹੋਏ ਮਨਾਂ ਨਾਲ ਉਬਾਸੀਆਂ ਭੰਨ ਰਹੇ ਸੀ, ਚੰਗੀ ਖਬਰ ਆ ਪੁੱਜੀ ਵਈ ਨਾਲ ਲਗਵੇਂ ਪਿੰਡ, ਛਾਪੇ, ਇਕ ਕੂਕੇ ਸੰਤਾਂ ਦਾ ਜੱਥਾ ਆਇਐ, ਵਈ ਸ਼ਬਦ ਲਾਉਂਦੇ ਨੇ, ਬੱਸ ਧਮੱਚੀ ਈ ਚੁੱਕ ਦਿੰਦੇ ਨੇ। ਲੋਕਾਂ ਨੇ ਕੂਕਿਆਂ ਬਾਰੇ ਕਈ ਬੋਲੀਆਂ ਤੇ ਟੱਪੇ ਜੋੜ ਰਖੇ ਸੀ:-

ਕੂਕੇ ਬੜੇ ਕਸੂਤੇ ਪਾਣੀ ਨਾਂ ਪੀਂਦੇ ਬੋਕੇ ਦਾ।'

ਕੂਕੇ ਬੜੇ ਕਸੂਤੇ ਗੜਵੀ ਨਾ ਦਿੰਦੇ ਨ੍ਹਾਉਣ ਨੂੰ।'

'ਕੂਕੇ ਗਾਉਣ ਲੱਗਣ ਨਾ ਦੇਂਦੇ ਮੇਲੇ ਮੁਖਸਰ ਦੇ।'

ਕਦੇ ਕਦੇ ਮੇਰੇ ਪਿੰਡ ਦੇ ਲੋਕਾਂ ਨੇ, ਇਕੇ ਦੁੱਕੇ ਲੰਘਦੇ ਕਰਦੇ ਡੋਰੀ ਗੜਵਾ ਹੱਥਾਂ ਵਿਚ ਫੜੀ, ਚੁਸਤ ਪਜ਼ਾਮਿਆਂ ਤੇ ਕਲੀਆਂ ਵਾਲੇ ਕੁੜਤਿਆਂ ਵਾਲੇ ਕੂਕੇ ਦੇਖੇ ਤਾਂ ਸੀ ਪਰ ਉਹਨਾਂ ਦਾ ਦੀਵਾਨ ਲੱਗਿਆ ਨਹੀਂ ਸੀ ਸੁਣਿਆ, ਤੇ ਜਦੋਂ ਇਹ ਸੁਣਿਆ, ਵਈ, ਇਸ ਦੀਵਾਨ ਦਾ ਮਰ੍ਹੈਲੀ ਸੰਤ ਨੱਚਦਾ ਵੀ ਹੈ, ਫਿਰ ਤਾਂ ਲੋਕਾਂ ਦੇ ਸਭ ਗਮ ਦੂਰ ਹੋ ਗਏ।

'ਕਹਿੰਦੇ ਕੂਕਿਆਂ ਨੂੰ ਤਾਂ ਭਾਈ! ਏਨਾ ਹਾਲ ਪੈਂਦੇ, ਜਦੋਂ ਸੰਤ ਮਸਤਾਨਾ ਹੋ ਜਾਂਦੈ, ਸ਼ਬਦ ਗਾਉਂਦਾ ਗਾਉਂਦਾ ਛਾਲ ਮਾਰ ਕੇ ਦਰੱਖਤ ਉਤੇ ਜਾ ਚੜ੍ਹਦੈ।'

'ਚਲੋ ਓਏ ਨਾਲੇ ਤਮਾਸ਼ਾ ਦੇਖਾਂਗੇ, ਨਾਲੇ ਚਾਰ ਰੱਬ ਦੇ ਘਰ ਦੀਆਂ ਵੀ ਸੁਣਾਂਗੇ।' ਇਉਂ ਗੱਲਾਂਬਾਤਾਂ ਕਰਦੇ ਲੋਕੀਂ, ਇਕ ਦੂਜੇ ਨੂੰ ਨਾਲ ਲੈਂਦੇ ਢਾਣੀਆਂ ਬਣਾ ਕੇ ਦੀਵਾਨ ਵਿਚ ਪੁਜ ਗਏ।

ਢੋਲਕੀ ਦੀ ਚਟਕ ਚਾਲ ਦੀ ਤਿੱਖੀ ਆਵਾਜ਼ ਨੇ ਦੂਰੋਂ ਹੀ ਲੋਕਾਂ ਨੂੰ ਦਸ ਦਿੱਤਾ ਵਈ ਦੀਵਾਨ ਕਿੱਥੇ ਲੱਗਾ ਹੋਇਆ ਹੈ? ਇਕ ਖੁਲ੍ਹੇ ਚੁਗਾਨ ਵਿਚ ਚਿੱਟੇ ਕਪੜਿਆਂ ਤੇ ਗੋਲ ਪਗੜੀਆਂ ਵਾਲੇ ਕੂਕਿਆਂ ਦਾ ਜੱਥਾ ਹੱਥਾਂ ਵਿਚ ਛੈਣੇ ਫੜੀ ਖੂਬ ਸਿਰ ਮਾਰ ਮਾਰ ਕੇ ਸ਼ਬਦ ਗਾ ਰਿਹਾ ਸੀ। ਅਚਾਨਕ ਹੀ ਭੀੜ ਵਿਚੋਂ ਇਕ ਕੂਕਾ ਸਪਰਿੰਗ ਵਾਂਗ ਵਲ ਖਾ ਕੇ ਉਠਿਆ ਤੇ ਕੰਨ ਵਿਚ ਉਂਗਲੀ ਪਾ ਕੇ ਆਵਾਜ਼ ਲੱਗੀ-

'ਕੱਢੋ ਡੋਲ ਤੇ ਵਾਹਿਗੁਰੂ ਬੋਲੀਂ, ਬਣ ਜਾਈਂ ਨਾਮਧਾਰੀਆ।'

ਉਸਦੇ ਮੂੰਹੋਂ ਧਾਰਨਾ ਨਿਕਲਣ ਦੀ ਦੇਰ ਸੀ ਕਿ, ਸ਼ਬਦੀ ਜੱਥਾ ਮੁੜ ਮੁੜ ਏਹੋ ਤੁਕ ਪੜ੍ਹਦਾ ਲੋਟ ਪੋਟਣੀਏ ਹੋ ਗਿਆ। ਬਸ ਫੇਰ ਕੀ ਸੀ, ਇਕ ਤੋਂ ਬਾਦ ਦੂਜੀ ਧਾਰਨਾ ਦਾ ਤੀਰ, ਕਮਾਣ ਦੇ ਕੁੰਦੇ ਵਿਚੋਂ ਛੁਟਦਾ ਤੇ ਸਰੋਤਿਆਂ ਨੂੰ ਵਿੰਨ੍ਹਦਾ ਗਿਆ-

'ਓਏ! ਉਹ ਘਰ ਕੂਕਿਆਂ ਦਾ, ਜਿਥੇ ਛੈਣੇ ਢੋਲਕੀ ਖੜ੍ਹਕੇ।'

'ਥਾਲੀ ਭੰਨ ਕੇ ਬਣਾ ਲਏ ਛੈਣੇ, ਵਈ, ਬੱਲੇ ਏਨ੍ਹਾਂ ਕੂਕਿਆਂ ਨੇ।'

'ਮੇਰੇ ਛੈਣਿਆਂ 'ਚੋਂ ਹਰਿ ਹਰਿ ਬੋਲੇ, ਢੋਲਕੀ 'ਚੋਂ ਰਾਮ ਬੋਲਦਾ।'

ਉਨ੍ਹਾਂ ਦਿਨਾਂ ਵਿਚ ਕੂਕਿਆਂ ਨੇ ਦੋ ਲਹਿਰਾਂ ਚਲਾਈਆਂ ਹੋਈਆਂ ਸਨ, ਇਕ, ਇਹ ਕਿ, ਪੰਜਾਬ ਵਿਚ ਰੂਸ ਆਉਣ ਵਾਲਾ ਹੈ, ਉਹ ਸੌ ਸਾਖੀ ਵਿਚੋਂ ਤੁਕਾਂ ਪੜ੍ਹ ਕੇ ਸੁਣਾਇਆ ਕਰਦੇ ਸਨ-

'ਜਦ ਰੂਸ ਪੰਜਾਬੇ ਆਵੇ,
ਟਕੇ ਸੇਰ ਅੰਨ ਵਿਕਾਵੇ।
ਮੇਰਾ ਸਿੱਖ ਭੁੱਖਾ ਨਾ ਜਾਵੇ।'

ਤੇ ਨਾਲ ਹੀ ਆਖਦੇ ਸਨ-ਇਸ ਖਲਬਲੀ ਤੋਂ ਬਚਣ ਲਈ ਲੋਕ ਭੱਜ ਕੇ ਰਵਾਲਸਰ ਪਹਾੜਾਂ ਉਤੇ ਜਾ ਵੱਸਣ ਤਾਂ ਹੀ ਬਚਣਗੇ? ਦੂਜੀ ਲਹਿਰ ਉਨ੍ਹਾਂ ਦੀ ਅੰਗ੍ਰੇਜ਼ਾਂ ਦੇ ਵਿਰੋਧ ਵਿਚ ਸੀ, ਜਿਸ ਵਿਚ ਇਸ ਗੱਲ ਦਾ ਗੁੱਸਾ ਵਧੇਰੇ ਸੀ ਕਿ ਉਨ੍ਹਾਂ ਕੂਕਿਆਂ ਦੇ ਗੁਰੂ, ਬਾਬਾ ਰਾਮ ਸਿੰਘ ਜੀ ਨੂੰ ਫੜ ਕੇ ਕਿਉਂ ਵਿਛੋੜਿਆ? ਕਿਸੇ ਨਾ ਕਿਸੇ ਢੰਗ ਨਾਲ ਉਹ ਆਪਣੇ ਪ੍ਰਚਾਰ ਦੀ ਤਾਣ ਏਨ੍ਹਾਂ ਗੱਲਾਂ ਤੇ ਹੀ ਲਿਆ ਕੇ ਤੋੜਦੇ ਸਨ।

ਇਕ ਕੂਕੇ ਨੂੰ ਅਜੇਹਾ ਜੋਸ਼ ਚੜ੍ਹਿਆ ਕਿ ਉਸ ਨੇ ਨਾਲ ਲਗਦੇ ਦਰਖ਼ਤ ਦੀਆਂ ਪਲੂੰਬੜਾਂ ਨਾਲ ਲਟਕ ਲਟਕ ਕੇ ਸਿਰ ਮਾਰਨਾ ਸ਼ੁਰੂ ਕਰ ਦਿੱਤਾ ਤੇ ਜਦੋਂ ਮੁਖੀਏ ਸੰਤ ਨੇ ਬੈਠਿਆਂ ਲੋਕਾਂ ਦੀਆਂ

Namdhari Elibrary NamdhariElibrary@gmail.com

ਚਾਰ ਪੰਜ ਪਗੜੀਆਂ ਉਤਾਂਹ ਨੂੰ ਵਗਾਹ ਕੇ ਧਾਰਨਾ ਲਾਈ-

'ਦਿਨ ਤਾਂ ਰਹਿ ਗਏ ਥੋੜੇ ਹੁਣ ਕੀ ਦੇਖਦੈਂ।
ਓਏ ਭੱਜੇ ਜਾਂਦੇ ਗੋਰੇ ਹੁਣ ਕੀ ਦੇਖਦੈਂ।'

ਆਜ਼ਾਦੀ ਆਉਣ ਦੀ ਕਾਹਲੀ ਪਈ, ਲਾਲਸਾ ਤੇ ਇਸ ਖਿਆਲ ਤੋਂ ਕਿ ਬਾਬਾ ਰਾਮ ਸਿੰਘ ਜੀ ਅੰਗਰੇਜ਼ਾਂ ਦੇ ਜਾਣ ਪਿਛੋਂ ਛੇਤੀ ਆ ਜਾਣਗੇ, ਤੇ ਨਾਲ ਹੀ ਇਸ ਹੱਲੇ ਦੀ ਜੋਸ਼ੀਲੀ ਧਾਰਨਾ ਨੇ ਉਹ ਠਾਠ ਬੰਨ੍ਹਿਆਂ ਕਿ ਕਿਤਨੇ ਹੀ ਕੂਕੇ ਸਿਰ ਮਾਰ ਮਾਰ ਕੇ 'ਦੀਵਾਨੇ' ਬਣ ਗਏ। ਖੁਲੀਆਂ ਬਾਵਰੀਆਂ ਨਾਲ ਸਿਰ ਹਿਲਾ ਕੇ ਜਦੋਂ ਉਨ੍ਹਾਂ ਮੁੜ ਮੁੜ ਇਹ ਧਾਰਨਾ ਦੀ:-

ਭੱਜੇ ਜਾਂਦੇ ਗੋਰੇ ਹੁਣ ਕੀ ਦੇਖਦੈਂ।'

ਤੁਕ ਗਾਉਣੀ ਸ਼ੁਰੂ ਕੀਤੀ ਤਾਂ ਕਈ ਟੋਡੀਆਂ ਦੇ ਮਨ ਵੀ ਮੰਨ ਗਏ ਕਿ ਹੁਣ ਗੋਰੇ ਨਹੀਂ ਰਹਿਣੇ। ਭਾਵੀ ਵਰਤਕੇ ਹੀ ਰਹੇਗੀ।

ਫਿਰ ਇਕ ਦਮ ਵੱਡੇ ਸੰਤ ਨੇ ਹੱਥ ਖੜ੍ਹਾ ਕਰਕੇ ਇਕ ਵਾਰੀ ਚੁਪ ਵਰਤਾ ਦਿਤੀ ਤੇ ਫੇਰ ਉਸ ਨੇ ਕੰਨ ਵਿਚ ਉਂਗਲ ਦੇ ਕੇ ਗਾਇਆ-

ਓਏ ਅਸਾਂ ਹਿੰਦ ਵਿਚ ਗ਼ਦਰ ਮਚੌਣਾ, ਕੱਢਣਾ ਫਰੰਗੀਏ ਨੂੰ।
ਏਥੋਂ ਚੁੱਕ ਲੈ ਫਰੰਗੀਆ ਡੇਰਾ, ਖਾਲਸੇ ਨੇ ਰਾਜ ਕਰਨਾ।
ਛਾਉਣੀ ਕਰ ਦੇ ਫਰੰਗੀਆ ਖਾਲੀ, ਖਾਲਸੇ ਨੇ ਭੰਗ ਬੀਜਣੀ।'

ਇਕ ਇਕ ਧਾਰਨਾ ਉਤੇ ਛਾਲਾਂ ਮਾਰ ਮਾਰ ਕੇ, ਉਨ੍ਹਾਂ ਇਸ ਤਰ੍ਹਾਂ ਧੱਮਾ-ਚੌਕੜੀ ਚੁੱਕੀ, ਜਿਵੇਂ ਫਰੰਗੀ ਨੂੰ ਕੱਢ ਕੇ ਹੀ ਰਾਤ ਨੂੰ ਸੌਣਾ ਹੁੰਦਾ ਹੈ, ਵਿਚੋਂ ਦੀ ਹੀ ਜੱਥੇ ਨੇ, ਆਪਣੇ ਮਨੋ-ਭਾਵ ਪ੍ਰਗਟ ਕਰਨੇ ਸ਼ੁਰੂ ਕਰ ਦਿਤੇ:-

'ਓਏ ਨਹੀਂ ਖੱਦਰ ਬਿਨਾਂ ਹੱਥ ਲਾਉਣਾ,
ਅਤਲਸਾਂ ਪਾੜ ਦੇਣੀਆਂ
ਰਾਜ ਅੰਗ੍ਰੇਜ਼ਾਂ ਦਾ, ਓ, ਵਈ ਚੰਦ ਰੋਜ਼ ਦਾ ਚਾਲਾ।'

ਕੂਕਿਆਂ ਦਾ ਦੀਵਾਨ ਸੀ ਕਿ, ਰਾਜਨੀਤਿਕ ਜਲਸਾ? ਇਸ ਦਾ ਨਿਰਣਾ ਕਰਨਾ ਸਚਮੁੱਚ ਹੀ ਔਖਾ ਸੀ। ਜੇ ਉਨ੍ਹਾਂ ਦੇ ਹੋਰ ਭਵਿਖ ਵਾਕ ਸੱਚੇ ਨਹੀਂ ਹੋਏ ਤੇ ਅੰਗ੍ਰੇਜ਼ਾਂ ਦੇ ਜਾਣ ਵਾਲਾ ਤਾਂ ਪੂਰਾ ਹੋ ਗਿਆ। ਏਹੋ ਹੀ ਕਾਫ਼ੀ ਹੈ।

ਇਸ ਮਜ਼ਮੂਨ ਪਿਛੋਂ ਉਨ੍ਹਾਂ ਨੇ ਬਾਣੀ ਵਿਚੋਂ ਕਈ ਵਿਸ਼ੇ ਛੋਹੇ। 'ਨਾਨਕ ਵਿਚਾਰਾ ਭਇਆ ਦੀਵਾਨਾ ਤਉ ਦਰਸਨ ਕੈ ਤਾਈ।' ਸ਼ਬਦ ਰਾਹੀਂ ਕੂਕਿਆਂ ਦੇ ਆਪਣੇ ਦੀਵਾਨੇ ਹੋਣ ਦੀ ਗੱਲ ਨੂੰ ਠੀਕ ਦਰਸਾਇਆ। ਫਿਰ ਇੱਕ ਨੇ ਵਿਚੋਂ ਤੁਕ ਚੁੱਕੀ-

ਓਏ ਨੇਹੁੰ ਲਾਇਆ ਸੀ ਮੈਂ ਕਾਰੀਗਰ ਜਾਣ ਕੇ,
ਕਾਰੀਗਰ ਜਾਣ ਕੇ ਤੇ ਸੁੰਦਰ ਪਛਾਣ ਕੇ।'

ਧਾਰਨਾ ਦਾ ਇਸ਼ਾਰਾ ਬਾਬਾ ਰਾਮ ਸਿੰਘ ਜੀ ਵਲ ਸੀ। ਕਿਉਂਕਿ ਉਹ ਕਾਰੀਗਰਾਂ, ਜਾਣੀ ਤਰਖਾਣਾਂ ਦੇ ਘਰ ਜਨਮੇ ਸਨ। ਦੀਵਾਨ ਦੀ ਸਮਾਪਤੀ ਪਿਛੋਂ ਕੂਕੇ ਤਾਂ ਠੰਡ ਵਿਚ ਈ ਘੋਟੀਆਂ ਹੋਈਆਂ ਸ਼ਰਦਾਈਆਂ ਛਕਣ ਲੱਗ ਪਏ, ਲੋਕ ਲੰਗਰ ਵਿਚੋਂ ਚੋਪੜੇ ਦਾਲ ਪ੍ਰਸ਼ਾਦੇ ਛੱਕ ਕੇ ਘਰਾਂ ਨੂੰ ਰਵਾਨਾ ਹੋ ਗਏ। 'ਕੂਕੇ ਕਾਹਦੇ ਨੇ ਵਈ ਅੱਗ ਦੀ ਨਾਲ ਈ ਨੇ, ਮਜਾਲ ਐ ਕਿਸੇ ਤੋਂ ਡਰਨ, ਸਰਕਾਰ ਦੀ ਬੜੀ ਮਿੱਟੀ ਪੱਟਦੇ ਨੇ।' ਵਾਪਸ ਆਉਂਦੇ ਕਈ ਨੁਕਤਾਚੀਨ, ਉਨ੍ਹਾਂ ਦੀ ਨਿਡੱਰਤਾ ਤੇ ਸਰਕਾਰ-ਵਿਰੋਧੀ ਜੋਸ਼ ਦੀ ਖੂਬ ਪ੍ਰਸ਼ੰਸਾ ਕਰਨ ਲੱਗੇ।

'ਲਉ ਜੀ ਕੂਕਿਆਂ ਦਾ ਦੀਵਾਨ ਵੀ ਦੇਖ ਲਿਆ, ਕਹਿੰਦੇ ਹੁੰਦੇ ਸੀ ਕੂਕੇ ਕੁਛ ਨੀ ਹੁੰਦੇ, ਏਹ ਕੇਹੜਾ ਦੀਵਾਨ ਘਟੀਆ ਲਾਉਂਦੇ ਨੇ। ਇਕ ਵਾਰੀ ਤਾਂ ਧਰਤੀ ਬੁਲਾ ਦਿੰਦੇ ਨੇ।' ਗਿੱਧਾ ਪਾਉਣ ਵਾਲੇ ਮੁੰਡਿਆਂ ਨੇ ਆਪਣੀਆਂ ਬੋਲੀਆਂ ਦੇ ਲੋਕ ਕਾਵਿ ਵਿੱਚ ਕੂਕਿਆਂ ਦੀ ਬੋਲੀ ਵੀ ਜੋੜ ਕੇ ਸ਼ਾਮਲ ਕਰ ਲਈ-

'ਪੰਥ ਤਾਂ ਜੱਗ ਤੇ ਬਹੁਤ ਚਲੇ ਨੇ, ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿਚ ਗੜਵੇ ਰੱਖਦੇ, ਗਲ ਵਿਚ ਉਨ ਦੀ ਮਾਲਾ।
ਕੱਛੇ, ਡੋਲ, ਵਾਹਿਗੁਰੂ ਬੋਲਣ, ਟੁੱਭਾ ਲਾਉਣ ਨਿਰਾਲਾ।
ਸਣ ਕੇਸੀਂ ਇਸ਼ਨਾਨ ਨੇ ਕਰਦੇ, ਗੁੜ ਦਾ ਪੀਣ ਪਿਆਲਾ।
ਰਾਜ ਅੰਗ੍ਰੇਜ਼ਾਂ ਦਾ ਚੰਦ ਰੋਜ਼ ਦਾ ਚਾਲਾ।'

ਲੋਕਾਂ ਵਿਚ ਉਨ੍ਹਾਂ ਦੇ ਦੀਵਾਨ ਦੀਆਂ, ਹਾਲ ਪੈਣ ਤੇ ਛਾਲਾਂ ਮਾਰ ਕੇ ਦਰੱਖਤਾਂ ਉਤੇ ਚੜ੍ਹਨ ਦੀਆਂ ਕਲਾਬਾਜ਼ੀਆਂ ਦੀ ਕਿਤਨੇ ਹੀ ਦਿਨ ਸ਼ੋਭਾ ਹੁੰਦੀ ਰਹੀ।

ਅਗਲੀ ਟੂਕ ਵੀ ਇਕ ਮਸ਼ਹੂਰ ਪੁਸਤਕ ਦੀ ਹੈ ਤੇ ਲੇਖਕਾ ਵੀ ਪੰਜਾਬੀ ਸਾਹਿਤ ਵਿਚ ਆਪਣਾ ਨਵੇਕਲਾ ਅੰਦਾਜ ਰਖਦੀ ਹੈ। ਇਸ ਟੂਕ ਵਿਚ ਇਕ ਅਧੀ ਸਤਰ ਰਵਾਇਤੀ ਨਾਮਧਾਰੀ ਪਾਠਕਾਂ ਦੇ ਨਾ ਪਸੰਦ ਵੀ ਹੋ ਸਕਦੀ ਹੈ ਪਰ ਉਹ ਸਮੇਂ ਦਾ ਸਮੁਚਾ ਚ੍ਰਿਤਰ ਦਰਸਾਉਣ ਲਈ ਜ਼ਰੂਰੀ ਹੈ। ਨਾਮਧਾਰੀ ਦੀਵਾਨਾਂ ਅਤੇ ਪਚਾਰ ਦਾ ਵਿਆਪਕ ਅਸਰ ਉਸ ਸਮੇਂ ਦੇ ਵਾਤਾਵਰਨ ਦਾ ਚਿਤਰਨ ਹੈ। ਪੁਸਤਕਾਂ ਦਾ ਨਾਮ ਹੈ 'ਤਕੀਏ ਦਾ ਪੀਰ'। ਨਵਯੁਗ ਪਬਲਿਸ਼ਰਜ਼ ਨੇ ਛਾਪੀ ਹੈ। ਇਸ ਵਿਚ ਪੰਜਾਬੀ ਸਾਹਿਤ ਦੀ ਚਰਚਿਤ ਲੇਖਿਕਾ ਅਜੀਤ ਕੌਰ ਨੇ ਵਖ ਵਖ ਪੰਜਾਬੀਆਂ ਦੇ ਰੇਖਾ ਚਿਤਰ ਦਿਲਚਸਪ ਅੰਦਾਜ਼ ਵਿਚ ਲਿਖੇ ਹਨ। ਨਵਯੁਗ ਪਬਲਿਸ਼ਰਜ਼ ਅਤੇ ਆਰਸੀ ਮਾਸਕ ਪਤਰ ਦੇ ਮਾਲਕ ਭਾਪਾ ਪ੍ਰੀਤਮ ਸਿੰਘ (ਤਕੀਏ ਦਾ ਪੀਰ ਸਿਰਲੇਖ ਹੇਠ) ਜੀ ਦੀ ਗਲਬਾਤ ਅਜੀਤ ਕੌਰ ਦੀ ਤਿਖੀ ਕਲਮ ਹੇਠ ਚਲਦੀ ਹੈ:

"ਪਾਠ ਕਰਨ ਤੋਂ ਇਲਾਵਾ ਮੈਂ ਹੌਲੀ ਹੌਲੀ ਢੋਲਕੀ ਵਜਾਣੀ ਵੀ ਸਿਖ ਗਿਆ ਹੋਇਆ ਸਾਂ। ਇਕ ਵਾਰੀ ਸੰਤ ਨਿਧਾਨ ਸਿੰਘ ਜੀ ਆਲਮ ਸਾਡੇ ਪਿੰਡ ਆਏ। ਨਾਮਧਾਰੀਆਂ ਦੇ ਬੜੇ ਵਿਦਵਾਨ ਸੰਤ ਸਨ। ਸਵੇਰੇ ਸ਼ਾਮ ਕੀਰਤਨ ਵੀ ਕਰਦੇ ਸਨ, ਕਥਾ ਵੀ। ਉਹ ਕੀਰਤਨ ਕਰਦੇ ਸਨ ਤੇ ਮੈਂ ਨਾਲ ਢੋਲਕੀ ਵਜਾਉਂਦਾ ਸਾਂ। ਇਕ ਦਿਨ ਸਵੇਰੇ ਦਿਵਾਨ ਲਗਾ ਹੋਇਆ ਸੀ। ਸੰਤ ਕੀਰਤਨ ਕਰ ਰਹੇ ਸਨ। ਚਾਰ ਪੰਜ ਬੰਦੇ ਬੈਠੇ ਛੈਣੇ ਵਜਾ ਰਹੇ ਸਨ ਤੇ ਮੈਂ ਢੋਲਕੀ ਵਜਾ ਰਿਹਾ ਸਾਂ। ਸੰਗਤ ਮੁਗਧ ਹੋਈ ਬੈਠੀ ਸੀ। ਏਨੇ ਨੂੰ ਇਕ ਕੁੜੀ ਆਈ। ਮਥਾ ਟੇਕਿਆ। ਏਨੀ ਸੋਹਣੀ ਕੁੜੀ ਮੂਰਤ ਦੀ ਮੂਰਤ। ਪਿੰਡ ਦੀ ਕੁੜੀ ਸੀ, ਅਗੇ ਪੰਜਾਹ ਵਾਰ ਵੇਖੀ ਹੋਈ ਸੀ। ਪਰ ਉਸ ਦਿਨ ਉਸ ਨੇ ਹਵਾ ਪਿਆਜ਼ੀ ਚੁੰਨੀ ਲਈ ਹੋਈ ਸੀ ਤੇ ਕਹਿਰਾਂ ਦਾ ਰੂਪ ਉਹਦੇ ਚਿਹਰੇ ਤੋਂ ਡਲ੍ਹਕ ਰਿਹਾ ਸੀ। ਮੇਰੀ ਨਜ਼ਰ ਉਹਦੀ ਹਵਾ ਪਿਆਜ਼ੀ ਚੁੰਨੀ ਵਿਚ ਉਲਝ ਗਈ ਤੇ ਮੇਰਾ ਢੋਲਕੀ ਦਾ ਤਾਲ ਖੁੰਝ ਗਿਆ। ਸੰਤਾਂ ਨੇ ਖਿੱਚ ਕੇ ਇਕ ਥੱਪੜ ਮੈਨੂੰ ਮਾਰਿਆ। ਭਰੀ ਸੰਗਤ ਵਿਚ। ਪੂਰੇ ਪਿੰਡ ਦੇ ਸਾਹਮਣੇ। ਓਸ ਥੱਪੜ ਦੀ ਪੀੜ ਅੱਜ ਵੀ ਹੁੰਦੀ ਏ।"... ... ...

ਥੋਹੜਾ ਕੁ ਅਗੇ ਜਾ ਕੇ ਗਲਬਾਤ ਫਿਰ ਚਲਦੀ ਹੈ।

"ਗਲ ਸਫੈਦ ਚੋਲੇ ਦੀ ਤੇ ਉਨ ਦੀ ਮਾਲਾ ਦੀ ਦਾਸਤਾਨ ਕਿਸ ਤਰ੍ਹਾਂ ਸ਼ੁਰੂ ਹੋਈ?"

"ਬਸ ਨਾਮਧਾਰੀ ਸੰਤ ਆਉਂਦੇ ਸਨ ਸਾਡੇ ਪਿੰਡ। ਦੀਵਾਨ ਗੁਰਦੁਵਾਰੇ ਵਿਚ ਹੀ ਲਗਦਾ ਸੀ। ਅੱਜ ਵਾਂਗੂ ਵੱਖ ਵੱਖ ਵਹਿਣ ਨਹੀਂ ਸਨ ਹੁੰਦੇ ਸੋਚ ਦੇ। ਇਕ ਸਮੁੰਦਰ ਵਾਂਗ ਹੁੰਦਾ ਸੀ ਪਿੰਡ ਦਾ ਗੁਰਦੁਆਰਾ

Namdhari Elibrary NamdhariElibrary@gmail.com

ਜਿਥੇ ਆ ਕੇ ਸਾਰੇ ਆਪਣੇ ਦੀਵਾਨ ਲਗਾ ਲੈਂਦੇ ਸਨ।"

"ਭੋਲੇ ਸਮੇਂ ਸਨ ਉਹ। ਲੋਕ ਵੀ ਭੋਲੇ ਹੁੰਦੇ ਸਨ।"

"ਸੱਚ ਆਖਨੀ ਏਂ। ਇਹ ਭੋਲਾਪਣ ਹੀ ਲੋਕਾਂ ਨੂੰ ਆਪਸ ਵਿਚ ਜੋੜਦਾ ਵੀ ਸੀ। ਅੱਜ ਲੋਕੀ ਬਹੁਤੇ ਹੀ ਸਿਆਣੇ ਹੋ ਗਏ ਨੇ, ਇਸੇ ਕਰਕੇ ਹੀ ਸ਼ਾਇਦ ਦੁਨੀਆਂ ਵਿਚ ਤਾਅਸੁਬ ਵੀ ਵਧ ਗਿਐ।"

"ਖੈਰ ਤੈਨੂੰ ਦਸ ਰਿਹਾ ਸਾਂ ਨਾਮਧਾਰੀ ਸੰਤਾਂ ਬਾਰੇ। ਬਸ, ਉਹਨਾਂ ਦੀਆਂ ਗਲਾਂ ਸੁਣ ਸੁਣ ਕੇ ਮਨ ਓਧਰ ਹੀ ਪਸੀਜ ਤੁਰਿਆ। ਨਾਮਧਾਰੀ ਸੰਤਾਂ ਕੋਲੋਂ ਅੰਮ੍ਰਿਤ ਛੱਕ ਲਿਆ ਤੇ ਨਾਮ ਲੈ ਲਿਆ। ਸਫੈਦ ਚੋਗਾ, ਸਿਧੀ ਸਫੈਦ ਪੱਗ ਤੇ ਗਲ ਉਨ ਦੀ ਮਾਲਾ। ਸੰਤ ਬਣ ਗਿਆ। ਦਾਹੜੀ ਅਜੇ ਨਹੀਂ ਸੀ ਆਈ। ਬਸ ਲੂਈਂ ਜਿਹੀ ਸੀ। ਹੋਵਾਂਗਾ ਕੋਈ ਸੋਲਾਂ ਕੁ ਵਰਿਆਂ ਦਾ।

ਘਰ ਬਾਹਰ ਦਾ ਤੇ ਬੇਬੇ ਦਾ ਮੋਹ ਛੱਡ ਕੇ ਗੁਰਦੁਆਰੇ ਹੀ ਰਹਿਣ ਲਗ ਪਿਆ।......."

(ਪੰਨਾ ੧੨੦-੧੨੧)

ਅੱਜ ਪਰਚਾਰ ਪ੍ਰਸਾਰ ਦਾ ਯੁਗ ਹੈ। ਇਲੈਕਟਰਾਨਿਕ ਸਾਧਨਾਂ ਰੇਡੀਓ, ਟੀ. ਵੀ. ਦਾ ਜ਼ਮਾਨਾ ਹੈ। ਪਰਚਾਰ ਵਿਚ ਸਦਾ ਹੀ ਮੁਖ ਭੂਮਿਕਾ ਪੈਸੇ ਨੇ ਨਿਭਾਈ ਹੈ। ਨਾਮਧਾਰੀਆਂ ਕੋਲ ਸ਼ਾਇਦ ਅਜੇ ਵੀ ਇਹਨਾਂ ਸਾਧਨਾਂ ਨੂੰ ਅਪਨਾਉਣ ਨੂੰ ਸਮਾਂ ਲਗੇ। ਪਰ ਇਹ ਗਲ ਤਾਂ ਦਾਅਵੇ ਨਾਲ ਵੀ ਆਖੀ ਜਾ ਸਕਦੀ ਹੈ ਜਦੋਂ ਅੰਗਰੇਜ਼ ਸਰਕਾਰ ਨੇ ਨਾਮਧਾਰੀਆਂ ਦਾ ਪਰਚਾਰ ਜਬਰਨ ਬੰਦ ਕਰ ਦਿਤਾ ਤਾਂ ਇਕਲਿਆਂ ਜਿਸ ਯੰਤਰ ਨਾਲ ਇਸ ਦਾ ਮੁਕਾਬਲਾ ਕੀਤਾ ਗਿਆ ਉਹ ਢੋਲਕੀ ਸੀ। ਮਸਤ ਕਰ ਦੇਣ ਵਾਲੀ ਢੋਲਕੀ। ਗਹੁ ਨਾਲ ਤੁਸੀਂ ਨਾਮਧਾਰੀ ਸ਼ਹੀਦੀ ਸਾਕਿਆਂ ਦੇ ਚਿਤਰ ਵੇਖੋ। ਚਾਹੇ ਉਹ ਅੰਮ੍ਰਿਤਸਰ ਦੇ ਬੋਹੜ ਨਾਲ ਫਾਂਸੀਆਂ ਲਗ ਰਹੇ ਹੋਣ ਚਾਹੇ ਮਲੇਰਕੋਟਲਾ ਵਿਚ ਤੋਪਾਂ ਅਗੇ ਉਡ ਰਹੇ ਹਨ ਲਾਗੇ ਢੋਲਕੀ ਵਜਾਉਣ ਵਾਲੇ ਦਾ ਚਿਤਰ ਜ਼ਰੂਰ ਹੋਵੇਗਾ।

ਪੰਜਾਬੀ ਦੇ ਪ੍ਰਸਿਧ ਸ਼ਾਇਰ ਸ੍ਰ. ਸੰਤੋਖ ਸਿੰਘ ਸਫਰੀ ਨੇ ਤਾਹੀਓਂ ਤਾਂ ਕਿਹਾ ਹੈ:

ਗੋਰੇ ਹਲ ਗਏ ਹੱਲੇ ਦੇ ਸ਼ਬਦ ਸੁਣ ਕੇ
ਐਸੇ ਵਾਰ ਕੀਤੇ ਢੋਲਕ ਛੈਣਿਆਂ ਨੇ।
ਗੋਲੇ ਤੋਪਾਂ ਦੇ ਨਰਕਾਂ ਦੀ ਅੱਗ ਵਰਗੇ
ਠੰਡੇ ਠਾਰ ਕੀਤੇ ਢੋਲਕ ਛੈਣਿਆਂ ਨੇ।

ਅੰਮ੍ਰਿਤਸਰ ਵਾਲੇ ਸ਼ਹੀਦਾਂ ਦੇ ਫਾਂਸੀ ਲਗਣ ਵਾਲੇ ਸਮੇਂ ਦਾ ਜ਼ਿਕਰ ਕਰਦਿਆਂ ਬਾਬਾ ਸੰਤੋਖ ਸਿੰਘ ਅਣਛਪੇ ਗ੍ਰੰਥ ਸਤਿਗੁਰੂ ਬਿਲਾਸ ਵਿਚ ਲਿਖਦੇ ਹਨ".....ਸਿੰਘਾਂ ਨੇ ਅੰਮ੍ਰਿਤਸਰ ਤਲਾ ਵਿਚ ਇਸ਼ਨਾਨ ਕਰਕੇ ਗਰੰਥ ਸਾਹਿਬ ਕਾ ਜੋ ਭੋਗ ਪਾਇਆ ਚੜ੍ਹਾਈ ਕਾ ਪੜ੍ਹਕੇ ਤਾਂ ਉਸੇ ਵਕਤ ਸਪਾਹੀ ਨੇ ਹੁਕਮ ਆਇ ਸੁਣਾਇਆ ਕਿ ਚਲੋ। ਸਿੰਘ ਢੋਲਕੀ ਬਜਾਇ ਕੇ ਸ਼ਬਦ ਪੜ੍ਹਦੇ ਗਏ:-

"ਤੇਰੀ ਸਰਨ ਮੇਰੇ ਦੀਨ ਦਿਆਲਾ।।
ਸੁਖ ਸਾਗਰ ਮੇਰੇ ਗੁਰ ਗੋਪਾਲਾ।।
ਕਰ ਕਿਰਪਾ ਨਾਨਕ ਗੁਣ ਗਾਵੈ
ਰਾਖੋ ਸਰਮ ਅਸਾੜੀ ਜੀਓ।"

ਬੜੀ ਛਬ ਨਾਲ ਸ਼ਬਦ ਪੜ੍ਹਿਆ ਔਰ ਚਲੇ। ਬੀਲ੍ਹਾ ਸਿੰਘ ਨੇ ਅਰਦਾਸਾ ਕੀਤਾ ਔਰ ਟੁਰੇ। ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਕੇ ਚੇਹਰਿਆਂ ਉਪਰ ਲਾਲੀਆਂ ਦਗਦੀਆਂ ਹਨ। ਬੇ-ਗਮ ਹੈਂ ਜਿਨ੍ਹਾਂ ਕੇ ਮਨ ਮੇਂ ਮੌਤ ਕਾ ਭੈ ਨਹੀਂ ਹੈ, ਨਿਰਭੈ ਸ਼ਬਦ ਪੜ੍ਹਦੇ ਹੈਂ, ਤਖਤ

ਹਰ ਖੁਸ਼ੀ ਜਾਂ ਗਮੀ ਦੇ ਮੌਕੇ ਉਤੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਣੇ ਨਾਮਧਾਰੀ ਰਹਿਣ ਸਹਿਣ ਦਾ ਇਕ ਢੰਗ ਬਣ ਗਿਆ ਹੈ। ਇਹ ਗਲ ਨਾਮਧਾਰੀਆਂ ਦੇ ਹਿੱਸੇ ਹੀ ਆਈ ਹੈ ਕਿ ਜਵਾਨ ਜਹਾਨ ਪੁਤਰ ਦੇ ਨੜੋਏ ਤੇ ਆਪਣੇ ਗਲ ਵਿਚ ਢੋਲਕੀ ਪਾ ਕੇ ਸ਼ਬਦ ਪੜ੍ਹਦੇ ਜਾਣਾ। ਏਸ ਕਥਨ ਵਿਚ ਕੋਈ ਝੂਠ ਨਹੀਂ ਕਿ ਨਾਮਧਾਰੀਆਂ ਦੀ ਢੋਲਕੀ ਵਿਚੋਂ ਰਾਮ ਬੋਲਦਾ ਹੈ ਅਤੇ ਛੈਣਿਆਂ ਚੋਂ ਹਰਿ ਹਰਿ।

ਪਰ ਚੜ੍ਹੇ। ਅਰਦਾਸਾ ਚੜਾਈ ਕਾ ਕੀਤਾ ਤੇ ਬੋਲਾ ਇਹ ਕੀਤਾ ਜੋ ਮੈਂ ਤੇਰੇ ਪ੍ਰਤਾਪ ਸੇ ਤਖਤ ਪਰ ਚੜ੍ਹਿਆ ਹਾਂ। ਬੜੀ ਨੇਕ ਨਾਮੀ ਪਾਈ ਹੈ ਬੜਾ ਔਹਦਾ ਹੋਇਆ ਹੈ।......"

'ਨਾਮਧਾਰੀ ਇਤਿਹਾਸ' ਪਹਿਲਾ ਹਿਸਾ ਦੀ ਭੂਮਿਕਾ ਵਿਚ ਲੇਖਕ ਸ. ਨਾਹਰ ਸਿੰਘ ਜੀ ਮਲੇਰਕੋਟਲੇ ਸਾਕੇ ਦੇ ਪਰਸੰਗ ਵਿਚ ਜ਼ਿਕਰ ਕਰਦੇ ਹਨ:-

"ਰਕੜ ਦੇ ਇਰਦ ਗਿਰਦ ਦੇ ਪਿੰਡਾਂ ਵਿਚ ਇਹ ਰਵਾਇਤਾਂ ਅਜੇ ਤੀਕ ਚਲੀਆਂ ਆਉਂਦੀਆਂ ਹਨ ਕਿ ਏਥੇ ਬਹੁਤ ਵਾਰੀ ਕੂਕੇ ਸ਼ਹੀਦਾਂ ਦੇ ਹਾੜ ਬੋਲਿਆ ਕਰਦੇ ਸਨ। ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੇ ਸ਼ਹੀਦਾਂ ਦੀਆਂ ਆਵਾਜ਼ਾਂ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀਆਂ ਗੂੰਜਾਂ ਅਕਾਸ਼ ਵਿਚੋਂ ਟਿਕੀਆਂ ਰਾਤਾਂ ਵਿਚ ਸਾਫ ਸੁਣਾਈ ਦਿਆ ਕਰਦੀਆਂ ਸਨ।....."

ਸੰਨ ੧੯੮੩ ਦੀ ਗਲ ਹੈ। ਅਕਾਸ਼ਬਾਣੀ ਜਲੰਧਰ ਦੇ ਉਚ ਅਧਿਕਾਰੀ ਅਤੇ ਪੰਜਾਬੀ ਦੇ ਮਸ਼ਹੂਰ ਕਵੀ ਸਵਰਗੀ ਸ. ਸ. ਮੀਸ਼ਾ ਨੇ ੧੫ ਅਗਸਤ ਨੂੰ ਆਜ਼ਾਦੀ ਦਿਵਸ ਤੇ ਨਾਮਧਾਰੀ ਲਹਿਰ ਅਤੇ ਆਜ਼ਾਦੀ ਸੰਗਰਾਮ ਬਾਰੇ ਇਕ ਰੂਪਕ ਲਿਖਣ ਵਾਸਤੇ ਮੈਨੂੰ ਆਖਿਆ। ੧੫ ਅਗਸਤ ਸਵੇਰੇ ਇਸ ਦੀ ਸਟੂਡਿਓ ਵਿਚ ਰਿਕਾਰਡਿੰਗ ਸੀ। ਲਿਖੀ ਹੋਈ ਪਟਕੱਥਾ ਤੋਂ ਇਲਾਵਾ ਮੈਂ ਕੁਝ ਹੱਲੇ ਦੀਆਂ ਧਾਰਨਾਂ ਰਿਕਾਰਡ ਕਰ ਕੇ ਲੈ ਗਿਆ। ਉਹ ਜਦੋਂ ਸਟੂਡਿਓ ਦੇ ਰਿਕਾਰਡ ਤੇ ਵਜਾ ਕੇ ਸੁਣੀਆਂ ਤਾਂ ਸਾਰੇ ਕਰਮਚਾਰੀ ਮਸਤ ਹੋ ਗਏ। ਮੀਸ਼ਾ ਸਾਹਿਬ ਅੰਦਰ ਬਾਹਰ ਚੁਟਕੀ ਵਜਾਉਂਦੇ ਤੇ ਪੜ੍ਹੀ ਜਾਣ "ਨੱਠੇ ਜਾਂਦੇ ਗੋਰੇ ਹੁਣ ਕੀ ਦੇਖਦੈਂ" ਹੇਮ ਰਾਜ ਸ਼ਰਮਾਂ, ਵਿੱਕੀ (ਅਜ ਦਾ ਚਾਚਾ ਰੌਣਕੀ ਰਾਮ) ਸਭ ਨੇ ਗਾ ਗਾ ਕੇ ਐਸਾ ਰੂਪਕ ਤਿਆਰ ਕਰ ਕੇ ਸ਼ਾਮ ਨੂੰ ਪਰਸਾਰਿਤ ਕੀਤਾ ਜੋ ਬਹੁਤ ਸਫਲ ਹੋਇਆ। ਉਸ ਦਿਨ ਹੱਲੇ ਦੇ ਦੀਵਾਨ ਨੇ ਸਭ ਨੂੰ ਮਸਤ ਕਰ ਦਿਤਾ। ਅਤੇ ਮੀਸ਼ਾ ਸਾਹਿਬ ਬਾਰ ਬਾਰ ਕਹਿਣ ਕਿ ਇਹ ਰਿਕਾਰਡਿੰਗ ਸਟੂਡੀਓ ਵਿਚ ਕਿਉਂ ਨਾ ਕਰਾਈ।

ਹਰ ਖੁਸ਼ੀ ਜਾਂ ਗਮੀ ਦੇ ਮੌਕੇ ਉਤੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਣੇ ਨਾਮਧਾਰੀ ਰਹਿਣ ਸਹਿਣ ਦਾ ਇਕ ਢੰਗ ਬਣ ਗਿਆ ਹੈ। ਇਹ ਗਲ ਨਾਮਧਾਰੀਆਂ ਦੇ ਹਿੱਸੇ ਹੀ ਆਈ ਹੈ ਕਿ ਜਵਾਨ ਜਹਾਨ ਪੁਤਰ ਦੇ ਨੜੋਏ ਤੇ ਆਪਣੇ ਗਲ ਵਿਚ ਢੋਲਕੀ ਪਾ ਕੇ ਸ਼ਬਦ ਪੜ੍ਹਦੇ ਜਾਣਾ। ਏਸ ਕਥਨ ਵਿਚ ਕੋਈ ਝੂਠ ਨਹੀਂ ਕਿ ਨਾਮਧਾਰੀਆਂ ਦੀ ਢੋਲਕੀ ਵਿਚੋਂ ਰਾਮ ਬੋਲਦਾ ਹੈ ਅਤੇ ਛੈਣਿਆਂ ਚੋਂ ਹਰਿ ਹਰਿ।

Namdhari Elibrary NamdhariElibrary@gmail.com

ਜ਼ਬਾਨੀ ਸ਼ਬਦ ਪੜ੍ਹਨੇ ਪੁਰਾਤਨ ਸਿਖਾਂ ਦੀ ਰਹੁ ਰੀਤ ਵਿਚ ਸ਼ਾਮਲ ਸੀ। ਗਿਆਨੀ ਗਿਆਨ ਸਿੰਘ ਜੀ ਪੁਰਾਤਨ ਸਿਖਾਂ ਦੇ ਰਹਿਣ ਸਹਿਣ ਦਾ ਜ਼ਿਕਰ ਕਰਦਿਆਂ ਲਿਖਦੇ ਹਨ:-

ਕੀਰਤਨ ਕਥਾ ਪਾਠ ਗੁਰੂ ਗ੍ਰੰਥ ਜੀ ਕੇ ਥਾਟ
ਜੋੜ ਮੇਲ ਠਾਟ ਰਾਠ ਕਾਠ ਮੇਲ ਠਾਨੀ ਥੇ।
ਹੋਮ ਜਗ ਕਰਵਾਤੇ ਪਰਸ਼ਾਦ ਬਟਵਾਤੇ
ਰੌਣਕ ਰਖਾਤੇ ਗਾਤੇ ਸ਼ਬਦ ਜ਼ਬਾਨੀ ਥੇ

-ਜਿਲਦ ੫ ਪੰਨਾ ੨੯੯੬

ਸਤਿਗੁਰੂ ਰਾਮ ਸਿੰਘ ਜੀ ਦਾ ਚਾਨਣ ਜਦੋਂ ਜਗ ਤੇ ਪਸਰਿਆ ਤਾਂ ਆਪ ਨੇ ਪਰਚਾਰ ਹਿਤ ਰਾਗੀਆਂ ਦੀਆਂ ਜੋੜੀਆਂ ਵੀ ਤਿਆਰ ਕੀਤੀਆਂ। ਸ. ਨਾਹਰ ਸਿੰਘ ਨਾਮਧਾਰੀ ਇਤਿਹਾਸ ਵਿਚ ਲਿਖਦੇ ਹਨ:-

"......੪ ਸਾਲ ਦੇ ਥੋੜੇ ਸਮੇਂ ਵਿਚ ਹੀ ਹਰ ਇਕ ਇਲਾਕੇ ਵਿਚ ਅੰਮ੍ਰਿਤ ਪ੍ਰਚਾਰ, ਭਜਨ ਬੰਦਗੀ ਕਰਨ ਅਤੇ ਗੁਰੂ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਵਨ ਦਾ ਪ੍ਰਵਾਹ ਚਲ ਪਿਆ। ਸਾਰੇ ਮਰਦਾਂ ਅਤੇ ਇਸਤਰੀਆਂ ਦਾ ਸੰਗਤ ਵਿਚ ਹੀ ਮਿਲ ਕੇ ਇਕੱਠਿਆਂ ਢੋਲਕ, ਛੈਣਿਆਂ ਨਾਲ ਸਿੱਧੀਆਂ ਸਾਦੀਆਂ ਪੇਂਡੂ ਧਾਰਨਾਂ ਵਿਚ ਗੁਰਬਾਣੀ ਦੇ ਸ਼ਬਦ ਪੜ੍ਹਣ ਦਾ ਰਵਾਜ ਦਿਨੋ ਦਿਨ ਫੈਲਦਾ ਚਲਿਆ ਗਿਆ। ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਣ ਲਈ ਪਹਿਲੋਂ ਪਹਿਲੋਂ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿੱਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿਤੀ ਗਈ। ਭਾਈ ਪਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਨਾਵਣ ਲਈ ਮੁਕੱਰਰ ਕੀਤਾ। ਮੱਲੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਨੌਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸ ਦੇ ਸਾਥੀ ਦੁਆਬੇ-ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ ਜਿਨ੍ਹਾਂ ਦੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ, ਭੈਣੀ ਰਹਿ ਕੇ ਇਰਦ ਗਿਰਦ ਦੇ ਇਲਾਕਿਆਂ ਵਿਚ ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਕੀ ਦੀ ਭੇਟ ਮੁਕਰਰ ਕੀਤੀ ਗਈ।"......*ਪੰਨਾ ੧੪੪-੪੫-੪੬*

ਇਸ ਦੇ ਨਾਲ ਹੀ ਪੁਰਾਣੀ ਰੀਤ ਅਨੁਸਾਰ ਢੋਲਕੀ ਛੈਣਿਆਂ ਦਾ ਕੀਰਤਨ ਆਪ ਕਰਦੇ ਰਹੇ ਉਹ ਵੀ ਕੈਸਾ ਸਮਾ ਹੋਵੇਗਾ ਜਦੋਂ ਸਤਿਗੁਰੂ ਰਾਮ ਸਿੰਘ ਜੀ ਆਪ ਪਰਿਵਾਰ ਅਤੇ ਸਤਿਸੰਗੀਆਂ ਵਿਚ ਬੈਠ ਕੇ ਢੋਲਕੀ ਨਾਲ ਕੀਰਤਨ ਕਰਦੇ ਹੋਣਗੇ। ਇਤਿਹਾਸ ਬੋਲਦਾ ਹੈ......"ਫਿਰੰਗੀਆਂ ਨੇ ਛੌਣੀ ਪਾਉਣੀ ਸ਼ੁਰੂ ਕੀਤੀ ਫੀਰੋਜ਼ਪੁਰ ਮੇਂ, ਨਾਲੇ ਸੜਕਾਂ ਬਣਨ ਲਗੀਆਂ। ਮਾਮੇ ਹਰੀ ਸਿੰਘ ਕਾ ਪੁੱਤ੍ਰ ਖਜ਼ਾਨ ਸਿੰਘ ਉਥੇ ਮਿਸਤਰੀ ਸੀ, ਉਸ ਨੇ ਆਪਣੇ ਸਾਕ ਸੈਣ ਸਦ ਮੰਗਵਾਏ। ਸ੍ਰੀ ਸਤਿਗੁਰੂ ਜੀ ਵੀ ਜਾਇ ਰਹੇ ਫੀਰੋਜ਼ਪੁਰ ਮੇਂ ਸੱਦੇ ਹੋਏ ਖਜ਼ਾਨ ਸਿੰਘ ਦੇ ਸਾਰਾ ਪ੍ਰਵਾਰ ਆਪਣਾ ਹੀ ਆਇ ਇਕੱਠਾ ਹੋਇਆ। ਸਭਨਾਂ ਕਾ ਏਕ ਜਗ੍ਹਾ ਪ੍ਰਸ਼ਾਦ ਹੁੰਦਾ ਸੀ। ਸ੍ਰੀ ਗ੍ਰੰਥ ਸਾਹਿਬ ਭੀ ਪ੍ਰਗਾਸੇ ਰਹਿੰਦੇ ਹੈਂ। ਸਿੰਘ ਪਾਠ ਭੀ ਕਰਦੇ ਰਹਿੰਦੇ ਹਨ ......ਦੀਵਾਨ ਲਾਵਣਾ ਦੋਨੋਂ ਵਕਤ ਕਾ ......ਆਸਾ ਕੀ ਵਾਰ ਲਾਵਣੀ ਸਭ ਨੇ ਸੁਨਣੀ। ਰਾਤ ਕੋ ਸ਼ਬਦ ਭੀ ਪੜ੍ਹਨੇ ਢੋਲਕੀ ਨਾਲ....ਇਸ਼ਨਾਨ ਅੰਮ੍ਰਿਤ ਵੇਲੇ ਕਰਨਾ .....ਆਪੇ ਹੀ ਆਸਾ ਦੀ ਵਾਰ ਵੀ ਪੜ੍ਹ ਲੈਣੀ। ਰਹਿਰਾਸ ਦੇ ਵੇਲੇ ਰਹਿਰਾਸ ਪੜ੍ਹਨੀ, ਆਰਤੀ ਸੋਹਿਲਾ ਪੜ੍ਹ ਕੇ ਅਰਦਾਸ ਕਰ ਕੇ ਬਰਾਜ ਜਾਣਾ।....."

(ਨਾਮਧਾਰੀ ਇਤਿਹਾਸ ਕ੍ਰਿਤ ਨਾਹਰ ਸਿੰਘ ਪੰਨਾ ੧੦੮-੧੦੯ ਹਵਾਲਾ ਅਣਛਪੀ ਪੁਸਤਕ ਸਤਿਗੁਰੂ ਬਿਲਾਸ)

ਇਹ ਤਾਂ ਗਲ ਸੰਨ ੧੮੫੭ ਦੀ ਵਸਾਖੀ ਤੋਂ ਪਹਿਲਾਂ ਦੀ ਹੈ। ਪਰ ਜਦੋਂ ਸਤਿਗੁਰੂ ਜੀ ਦੇ ਪਰਚਾਰ ਦੀ ਦੇਸਾਂ ਵਿਚ ਧੁਮ ਪੈ ਗਈ। ਅਨਗਿਣਤ ਲੋਕ ਦਰਸ਼ਨਾਂ ਨੂੰ ਆਉਣ ਲਗੇ। ਮਾਲਵੇ ਦੁਆਬੇ ਮਾਝੇ ਤੋਂ ਪੋਠੋਹਾਰ ਤਕ ਬੇਸ਼ੁਮਾਰ ਸਿਖ ਸੱਜ ਗਏ। ਫੇਰ ਬਾਈ ਸੂਬੇ ਕਾਇਮ ਕੀਤੇ ਤਾਂ ਵਾਤਾਵਰਨ ਇਹ ਸੀ ਕਿ ਮਾਈ ਭਾਈ ਸਭ ਢੋਲਕੀ ਵਜਾ ਕੇ ਜੋਟੀਆਂ ਦੇ ਸ਼ਬਦ ਪੜਦੇ ਸਨ।

ਦੇਸਨ ਮੈਂ ਧੂਮ ਮਾਚੀ ਸਾਚੀ ਇਮ ਤਾਂਹਿ ਤਬਿ,
ਆਵੈਂ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੇਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ,
ਥੀਏ ਸਿੱਖ ਬੇਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈਂ,
ਉਨ ਕੀ ਜ਼ਬਾਨ ਜੁਬਾਨ ਮੇਂ ਤਾਸੀਰ ਥਾਈ ਵੈਸ ਹੀ।
ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ।

(ਪੰਥ ਪ੍ਰਕਾਸ਼:ਗਿਆਨੀ ਗਿਆਨ ਸਿੰਘ)

ਗੁਰੂ ਘਰ ਵਿਚ ਦੋ ਤਰ੍ਹਾਂ ਦੀਆਂ ਸ਼ੈਲੀਆਂ ਕੀਰਤਨ ਦੀਆਂ ਚਲਦੀਆਂ ਆਈਆਂ ਹਨ। ਇਕ ਤਾਂ ਰਾਗੀਆਂ ਰਬਾਬੀਆਂ ਵਲੋਂ ਰਾਗਾਂ ਤੇ ਆਧਾਰਤ ਕੀਰਤਨ ਨਿਰੋਲ ਸ਼ਬਦ ਗਾਇਨ ਅਤੇ ਸ਼ਾਸਤਰ ਅਨੁਸਾਰ ਗਾਇਣ ਦੂਸਰਾ ਸੰਗਤਾਂ ਵਲੋਂ ਪਰੇਮ ਵਿਚ ਰਲ ਕੇ ਗਾਉਣਾ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਣ ਬਾਦ ਨਾਮਧਾਰੀਆਂ ਤੇ ਅਕੱਥ ਸਖਤੀਆਂ ਦਾ ਦੌਰ ਸ਼ੁਰੂ ਹੋਇਆ। ਇਹਨਾਂ ਦੇ ਦੀਵਾਨਾਂ ਅਤੇ ਪਾਠਾਂ ਤੇ ਵੀ ਪਾਬੰਦੀ ਲਾਈ ਗਈ ਪਰ ਢੋਲਕੀ ਵਜਦੀ ਰਹੀ। ਜਿਸ ਢੋਲਕੀ ਵਿਚੋਂ ਲੋਕਾਂ ਨੂੰ ਰਾਮ ਬੋਲਦਾ ਲਭਦਾ ਸੀ ਉਸੇ ਢੋਲਕੀ ਵਿਚੋਂ ਸ਼ਾਸਕਾਂ ਨੂੰ ਤੋਪ ਚਲਦੀ ਸੁਣਾਈ ਦਿੰਦੀ ਸੀ। ਜਿਨਾਂ ਚਿਰ ਨਾਮਧਾਰੀਆਂ ਦੀ ਢੋਲਕੀ ਵਜਦੀ ਰਹੀ ਉਨਾਂ ਚਿਰ ਅੰਗਰੇਜ਼ ਤੇ ਉਸਦੇ ਚਾਟੜਿਆਂ ਦੀ ਨੀਂਦ ਹਰਾਮ ਹੋਈ ਰਹੀ। ਇਸ ਢੋਲਕੀ ਦੀ ਆਵਾਜ਼ ਵਿਚ ਇਲਾਹੀ ਖਿਚ ਸੀ। ਲੋਕ ਦੌੜੇ ਹੀ ਆਉਂਦੇ ਸਨ। ਕਿਹਾ ਜਾਂਦਾ ਹੈ ਕਿ ਜਿਸ ਸਮੇਂ ਤਰਨ ਤਾਰਨ ਵਿਖੇ ਨਾਮਧਾਰੀ ਦੀਵਾਨ ਤੇ ਡਾਂਗਾਂ ਨਾਲ ਹਮਲਾ ਹੋਇਆ ਤਾਂ ਇਹ ਹੀ ਕਿਹਾ ਜਾ ਰਿਹਾ ਸੀ ਕਿ ਮਹੰਤ ਦੀਦਾਰ ਸਿੰਘ ਦੀਆਂ ਉਗਲਾਂ ਤੋੜ ਦਿਓ। ਇਸ ਦੀਆਂ ਉਗਲਾਂ ਵਿਚੋਂ ਢੋਲਕ ਦੇ ਉਹ ਬੋਲ ਪੈਦਾ ਹੁੰਦੇ ਹਨ ਜੋ ਸਭ ਰੁਕਾਵਟਾਂ ਪਾਉਣ ਦੇ ਬਾਵਜੂਦ ਲੋਕਾਂ ਨੂੰ ਖਿਚਦੇ ਹਨ। ਬਾਕੀ ਸਿਖ ਭਾਈਚਾਰੇ ਦੇ ਚਲਣ ਵਿਚੋਂ ਜਦੋਂ ਗਿਆਨੀ ਗਿਆਨ ਸਿੰਘ ਦੀ ਕਹੀ ਇਹ ਰੀਤ ਮਨਫੀ ਹੋ ਗਈ:

"ਹੋਮ ਜਗ ਕਰਵਾਤੇ ਪਰਸ਼ਾਦ ਬਟਵਾਤੇ

Namdhari Elibrary NamdhariElibrary@gmail.com

ਰੌਣਕ ਰਖਾਤੇ ਗਾਤੇ ਸਬਦ ਜਬਾਨੀ ਥੇ।"

ਤਾਂ ਨਾਮਧਾਰੀ ਸਿੰਘਾਂ ਨੇ ਇਹ ਸਭ ਕੁਝ ਕਾਇਮ ਰਖਿਆ।

ਇਤਿਹਾਸ ਦੇ ਕਾਲੇ ਦਿਨਾਂ ਵਿਚ ਕਿਵੇਂ ਇਹਨਾਂ ਨਾਮਧਾਰੀ ਜਥੇਦਾਰਾਂ ਪਰਚਾਰ ਜਾਰੀ ਰੱਖਿਆ, ਉਸ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਕਿਵੇਂ ਵਿਸਥਾਰ ਹੋਇਆ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਹੱਲੇ ਦੇ ਦੀਵਾਨਾਂ ਦੇ ਨਜ਼ਾਰੇ, ਵਖ ਵਖ ਜਥੇਦਾਰਾਂ ਮੰਹਾਂਪੁਰਖਾਂ ਦੇ ਦੀਵਾਨ ਲਾਉਣ ਦੇ ਢੰਗ, ਇਹਨਾਂ ਵਲੋਂ ਪੜ੍ਹੀਆਂ ਜਾਂਦੀਆਂ ਧਾਰਨਾਂ, ਢੋਲਕੀ ਦੇ ਵਧੀਆ ਵਜੰਤਰੀ, ਜਥਿਆਂ ਵਾਲੇ, ਇਹਨਾਂ ਦਾ ਲੋਕ ਸਭਿਆਚਾਰ ਤੇ ਪ੍ਰਭਾਵ ਇਹ ਸਭ ਗਲਾਂ ਬਹੁਤ ਵਿਸਥਾਰ ਵਾਲਾ ਮਜ਼ਮੂਨ ਹੈ ਜੋ ਪੂਰੀ ਪੁਸਤਕ ਵਿਚ ਵੀ ਸ਼ਾਇਦ ਨਾ ਆਵੇ ਪਰ ਇਤਿਹਾਸ ਦੇ ਪੰਨਿਆਂ ਚੋ ਕੁਝ ਝਲਕਾਰੇ ਇਥੇ ਪ੍ਰਸਤੁਤ ਕਰਨਾ ਯੋਗ ਹੋਵੇਗਾ ਤਾਂ ਜੋ ਇਹਨਾਂ ਸਮਿਆਂ ਵਿਚ ਜਥੇਦਾਰਾਂ ਦੀ ਭੂਮਿਕਾ ਅਤੇ ਅਹਿਮੀਅਤ ਦਾ ਅੰਦਾਜ਼ਾ ਲਗ ਸਕੇ ਅਤੇ ਉਸ ਸਮੇਂ ਦੇ ਵਾਤਾਵਰਨ ਤੋਂ ਜਾਣੂ ਹੋ ਸਕੀਏ।

ਸੰਤ ਲਾਲ ਸਿੰਘ ਭੂਰੇ ਗਿਲ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਬਹੁਤ ਪ੍ਰਸਿਧ ਮਹਾਤਮਾ ਜਥੇਦਾਰ ਹੋਏ ਹਨ. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਵਤਾਰ ਧਾਰਨ ਬਾਦ ਇਹ ਸ੍ਰੀ ਭੈਣੀ ਸਹਿਬ ਦੇ ਦਰਸ਼ਨਾਂ ਨੂੰ ਚਲੇ। ਉਸ ਵੇਲੇ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾਂ ਵਾਸਤੇ ਭਾਵੇਂ ਪਹਿਲੇ ਵਾਲੀਆਂ ਪਾਬੰਦੀਆਂ ਤਾਂ ਨਹੀਂ ਸਨ ਪਰ ਫੇਰ ਵੀ ਰੋਕ ਤਾਂ ਰੋਕ ਹੀ ਹੁੰਦੀ ਹੈ। ਸੰਤ ਅੰਮ੍ਰਿਤਸਰ ਤੋਂ ਤੁਰੇ ਤੇ ਰਾਹ ਵਿਚ ਦੀਵਾਨ ਲਾਉਂਦਿਆਂ। ਪੜਾਓ ਪੜਾਈਂ ਚਲਦੇ ਆਏ। ਰਾਹ ਵਿਚ ਸੰਗਤਾਂ ਰਲਦੀਆਂ ਗਈਆਂ ਤੇ ਸ੍ਰੀ ਭੈਣੀ ਸਾਹਿਬ ਤਕ ਪੁਜਦਿਆਂ ਬਹੁਤ ਵਡਾ ਜੱਥਾ ਸਿੰਘਾਂ ਮਾਈਆਂ ਭਾਈਆਂ ਬਿਰਧਾਂ ਬਚਿਆਂ ਦਾ ਬਣ ਗਿਆ। ਪਿੰਡ ਭਖਰਾਂ ਵਲੋਂ ਆਉਂਦੇ ਇਸ ਜੱਥੇ ਨੂੰ ਨਿਮ ਥਲੇ ਸਮਾਧੀ ਅਸਥਿਤ ਸਤਿਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਹੋਇਆ। ਸਭ ਸੰਗਤ ਮੱਥਾ ਟੇਕ ਦੁਆਲੇ ਬੈਠ ਗਈ।

ਥੋਹੜੇ ਚਿਰ ਵਿਚ ਸਤਿਗੁਰਾਂ ਦਾ ਗੜਵਈ ਕੰਧਾਰਾ ਸਿੰਘ ਸ਼ਰਦਾਈ ਲੈ ਕੇ ਪੁਜਿਆ ਅਤੇ ਉਸ ਦਸਿਆ ਕਿ ਅਜ ਤੁਰਕ ਹਵਾਲਦਾਰ ਬੜੀਆਂ ਗਰਮ ਗਲਾਂ ਕਰਦੈ। ਕਹਿੰਦੇ ਕਿ ਅਸੀਂ ਹੁਣ ਦੁਖੀ ਹਾਂ ਇਹ ਸਿਖ ਹੁਣ ਖੁਲੇ ਆਮ ਸ਼ਬਦ ਪੜ੍ਹਦੇ ਨੇ। ਹੁਣ ਜਿਹੜਾ ਕਾਬੂ ਆਇਆ ਘਟ ਨਹੀਂ ਕਰਨੀ। ਸੰਤ ਤਰਨ ਸਿੰਘ ਜਸ ਜੀਵਨ ਭਾਗ ੧ ਵਿਚ ਲਿਖਦੇ ਹਨ:

"....ਗੁਰੂ ਹਰੀ ਸਿੰਘ ਜੀ ਕਿਹਾ. ਮੈਨੂੰ ਹੁਣ ਤ੍ਰੇਹ ਨਹੀਂ ਰਹੀ ਇਹਨਾਂ ਦਾ ਦਰਸਨ ਕਰ। ਤੇ ਜੋ ਹੈ ਉਹ ਇਹਨਾਂ ਦੇ ਨਾਲ ਹੀ ਰਲ ਕੇ ਛਕ ਕੇ ਲਵ੍ਹੇਗੀ। ਤੂੰ ਜਿਉਣ ਕੌਰ ਹੋਰਾਂ ਨੂੰ ਜਾ ਕੇ ਆਖ ਛੇਤੀ ਏਨੀ ਸੰਗਤ ਲਈ ਜਲ ਪ੍ਰਸਾਦ ਤਿਆਰ ਕਰੇ। ਅਸੀਂ ਇਹਨਾਂ ਨੂੰ ਜਲ ਪ੍ਰਸਾਦ ਤੇ ਛਕਾ ਕੇ ਟੋਰਾਂਗੇ ਫੇਰ ਜੋ ਹੋਵੇਗੀ ਸਹਿ ਲਵਾਂਗੇ।

ਕੰਧਾਰਾ ਸਿੰਘ ਆ.. ਮਾਤਾ ਜੀ ਨੂੰ ਗੁਰੂ ਕਾ ਹੁਕਮ ਕਿਹਾ ਤੇ ਮਾਤਾ ਜੀ ਹੋਰ ਲਾਂਗਰੀ ਲਾ. ਆਪ ਲਗ, ਪਿੰਡ ਚੋਂ ਮਾਈਆਂ ਸੱਦ ਲਾ ਝੱਟ ਲੰਗਰ ਤਿਆਰ ਕਰ ਲਿਆ। ਗੁਰੂ ਜੀ, ਸੰਤ ਜੀ, ਸੰਤ ਜੀ ਤੇ ਸੰਗਤ ਭੀ ਆਈ, ਨਾਲ ਸਬਦ ਪੜ੍ਹਦੀ। ਤੁਕ ਇਹੋ ਹੀ ਬਾਰ ਬਾਰ ਪੜ੍ਹਨ। "ਸਤਿਗੁਰ ਆਇਓ ਸਰਣਿ ਤੁਹਾਰੀ।।" ਸੰਗਤ ਸਭ ਬੇ-ਰੋਕ ਮਸਤ ਹੋਈ ਜਾ ਮਾਤਾ ਜੀ ਦੇ ਚਰਨੀ ਲਗੀ। ਹਵਾਲਦਾਰ ਉਜ਼ਰ ਦੇ. ਕਿ ਇਹ ਇਤਨੇ ਬਿਨ ਪੁੱਛੇ ਕਿਉਂ ਅੰਦਰ ਲੰਘੇ ਹਨ। ਸਭ ਨੂੰ ਧੱਕ ਤਬੇਲੇ ਵਿਚ ਡੱਕ ਦਿਤਾ ਤੇ ਕਵ੍ਹੇ ਮੈਂ ਕਿਸੇ ਨੂੰ ਕੁਝ ਨਹੀਂ ਛੱਕਣ ਅਤੇ ਛਕਾਣ ਦੇਣਾ। ਮਾਤਾ ਜੀ ਲਾਂਭੇ ਕਰ, ਕੁਝ ਦੁਧ ਘਿਉ ਆਦਿ ਦੇਣਾ ਕਰ ਮਸਾਂ ਇਤਨਾ ਮਨਾਇਆ ਕਿ ਜਲ ਪ੍ਰਸਾਦ ਛਕਾ ਟੋਰ ਦਿਓ। ਰਾਤ ਨਾ ਏਥੇ ਰਹਿਣ ਏਨੇ।

ਗੁਰੂ ਹਰੀ ਸਿੰਘ ਜੀ ਸੰਗਤ ਦੇ ਨਾਲ ਹੀ ਜਲ ਛਕਿਆ ਤੇ ਪ੍ਰਸਾਦ ਸਮੇਤ ਮਾਤਾ ਜੀ ਦੇ ਮਿਲ. ਸਭ ਨੂੰ ਹਥੀਂ ਪ੍ਰਸੰਨ ਕਰ ਛਕਾਇਆ ਤੇ ਨਾਲੇ ਸਾਹਿਬਜਾਦੇ ਦਾ ਦਰਸਨ ਸਭ ਸੰਗਤ ਨੂੰ ਸੰਤ ਵਜੀਰ ਸਿੰਘ ਜੀ ਖਡਾਵੇ ਨੂੰ ਚੁਕਾ ਕਰਾਇਆ। ਨਾਲੇ ਮਾਤਾ ਜੀ ਦਸਿਆ. ਗੁਰੂ ਜੀ ਨੇ ਇਹਨਾਂ ਨੂੰ ਬੜੇ ਵਰ ਪ੍ਰਗਟ ਹੋਣ ਸਮੇਂ ਦਿਤੇ ਹਨ। ਜਲ ਪ੍ਰਸਾਦ ਛਕਣ ਬਾਦ ਪੁਲਸ ਨੇ ਰਾਤ ਹੋਣ ਤੋਂ ਪਹਿਲਾਂ ਹੀ ਇਸ ਜਥੇ ਨੂੰ ਭੈਣੀ ਸਾਹਿਬੋਂ ਟੋਰ ਦਿਤਾ। ਇਹ ਜਥਾ ਰਾਤ ਭਖਰਾਂ ਦੇ ਹੀ ਇਕ ਖੂਹ ਤੇ ਜਾ ਟਿਕਿਆ।

ਭਖਰਾਂ ਦੇ ਇਕ ਸਿਖ ਪ੍ਰੇਮ ਸਿੰਘ ਆ ਅਰਜ ਕੀਤੀ. ਮੇਰੇ ਘਰ ਚਲੋ। ਕੋਲੋਂ ਨਾਲ ਆਏ ਉਸ ਦੇ ਗਵਾਂਢੀ ਕਿਹਾ. ਕਿਉਂ ਉਜੜਨਾ ਮੰਗਨਾਂ ਏਂ। ਅਗੇ ਉਸ ਨੰਬਰਦਾਰ ਦੀ ਨੰਬਰਦਾਰੀ ਕਟੀ ਗਈ ਤੇ ੧੦੦)ਜੁਰਮਾਨਾ ਹੋਇਆ ਸੀ, ਕੂਕਿਆਂ ਦਾ ਜਥਾ ਪਿੰਡ ਵਿਚ ਰਾਤ ਰਹਿ ਜਾਣ ਕਰ।

ਲੋਕ ਤਾਂ ਤਦੋਂ ਦੇ ਪਿੰਡ ਵੜਣ ਨਹੀਂ ਦੇਂਦੇ. ਤੂੰ ਘਰ ਲਿਜਾਣ ਦੀ ਅਰਜ ਕਰਦਾ ਹੈਂ। ਸਿਖ ਕਿਹਾ ਕੁਝ ਹੋਵੇ ਮੇਰੇ ਨਾਲ ਤੈਨੂੰ ਕੀ। ਸੰਤ ਜੀ ਕਿਹਾ ਤੂੰ ਜੋ ਸਰਧਾ ਹੈ ਏਥੇ ਹੀ ਲਿਆ। ਉਹ ਖੂਹ ਤੇ ਹੀ ਲੈ ਆਇਆ ਮਿੱਠਾ ਦੁੱਧ। ਸੰਗਤ ਸਭ ਛੱਕ ਟਿਕ ਗਈ ਤੇ ਸੰਤ ਜੀ ਦੀਵਾਨ ਲਾਂ ਦਿਤਾ, ਰਾਤ ਕੀਰਤਨ ਕਰ ਗੁਜਾਰੀ।

ਭੈਣੀ ਸਾਹਿਬ ਇਕ ਸਿਪਾਹੀ ਤਿਖੇ ਸੁਭਾ ਵਾਲਾ ਜੋ ਜਿਲੇ 'ਚ ਗਿਆ ਹੋਇਆ ਸੀ ਆਇਆ ਤੇ ਸਭ ਦਿਨ ਦੀ ਬੀਤੀ ਸੁਣ ਉਸ ਤੇਜੀ ਨਾਲ ਇਕ ਦੋ ਹੋਰ ਸਪਾਹੀ ਨਾਲ ਲੈ, ਭਖਰਾਂ ਤੋਂ ਜੱਥਾ ਘੇਰ ਲੁਧਿਆਣੇ ਨੂੰ ਟੋਰ ਦਿਤਾ ਤੇ ਉਸ ਸਿਖ ਨੂੰ ਭੀ ਨਾਲ ਹੀ ਲੈ ਲਿਆ ਭਖਰਾਂ ਦੇ ਨੂੰ। ਥੋੜੇ ਦਿਨ ਰਹਿੰਦੇ ਲੁਧਿਆਣੇ ਜਾ ਜਿਲੇ ਦੇ ਪੇਸ਼ ਕੀਤੇ ਤੇ ਕਿਹਾ, ਦਸ ਅੰਦਰ ਜਾਣ ਦਾ ਹੁਕਮ ਹੈ (ਦਸ ਬੰਦੇ ਜਾਣ ਦਾ ਹੁਕਮ ਹੈ-ਲੇਖਕ) ਇਹ ਇਤਨੇ ਕਠੇ ਅੰਦਰ ਜਾਂਦੇ ਸੀ ਤੇ ਰਾਤ ਜਿਥੇ ਰਹਿੰਦੇ ਹਨ. ਸਰਕਾਰ ਦੇ ਖਿਲਾਫ ਬੋਲਦੇ ਹਨ।

ਹਾਕਮ-ਬੱਚੇ, ਬਿਰਧ ਤੇ ਮਾਈਆਂ ਦੇਖ ਕਿਹਾ. ਜਾਣ ਦਿਓ ਇਹ ਤੇ ਐਸੇ ਨਹੀਂ। ਅੰਦਰ ਗਏ ਇਹ ਕੀ ਵਿਗਾੜਣਗੇ। ਇਹ ਜੱਥਾ ਰਾਤ ਲੁਧਿਆਣੇ ਕੱਟ, ਸਵੇਰੇ ਫੇਰ ਟੁਰਦਾ ਭੈਣੀ ਸਾਹਿਬ ਆਇਆ ਤੇ ਸੰਤ ਜੀ ਸਬਦ ਮਸਤੀ ਵਿਚ ਹੋ ਪੜ੍ਹਿਆ।

ਸਾਰੰਗ ਮਹਲਾ ੫।। ਬਿਰਾਜਿਤ ਰਾਮ ਕੋ ਪਰਤਾਪ।। ਇਹ ਤੁਕ ਸੰਤਾਂ ਮੁਖ ਧਾਰਨਾ ਰਖੀ ਤੇ ਸਾਰੰਗ ਰਾਗ ਵਿਚ ਹੀ ਬਾਕੀ ਸਬਦ ਸੁਆਦ ਵਿਚ ਰਚ ਪੜ੍ਹਿਆ। ......"

-ਜਸ ਜੀਵਨ ਹਿਸਾ ੧, ਪੰਨਾ ੪੨-੪੩-੪੪

ਇਤਿਹਾਸ ਦਸਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜੋ ਪ੍ਰਚਾਰਕ ਦੀਵਾਨ ਲਾਉਂਦੇ ਅਤੇ ਥਾਉਂ ਥਾਈਂ ਦੌਰੇ ਕਰਕੇ ਕੀਰਤਨ ਕਰਦੇ ਉਹਨਾਂ ਦੀ ਛੱਬ ਨਿਰਾਲੀ ਸੀ ਤੇ ਜ਼ਬਾਨ ਵਿਚ ਤਾਸੀਰ ਸੀ। ਕੀਰਤਨ ਕਾ ਰੰਗ ਐਸਾ ਸੀ ਜੋ ਸਭ ਤੇ ਜਾਦੂ ਕਰਦਾ ਸੀ। ਉਸ ਸਮੇਂ ਦੇ ਪ੍ਰਮੁਖ ਪ੍ਰਚਾਰਕਾਂ ਦੇ ਕੁਝ ਨਾਮ ਹਨ:

ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ. ਪੰਡਿਤ ਬਸੰਤ ਸਿੰਘ ਜੀ, ਸੰਤ ਸੁੰਦਰ ਸਿੰਘ ਪੂੰਗਾ ਵਾਲੇ, ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਸ਼ਮੀਰ ਪੁਰ, ਸੰਤ ਲਾਲ ਸਿੰਘ ਭੂਰੇ ਗਿਲ ਸਮੇਤ ਰਾਗੀਆਂ ਕਾਲੂ ਮੜੂ ਸੁੰਦਰ ਸੰਦਲ ਆਦਿ, ਸੰਤ ਬੇਲਾ ਸਿੰਘ ਸੁਜੋਵਾਲੀ, ਸੰਤ ਅਤਰ ਸਿੰਘ ਜੀ ਸੰਬੜਆਲ, ਸੰਤ ਅਰੂੜ ਸਿੰਘ

Namdhari Elibrary NamdhariElibrary@gmail.com

"ਜਥੇ, ਜਦੋਂ ਢੋਲਕ ਵਜਾ ਹੰਸਾਂ ਵਾਂਗੂੰ ਚਿਟੇ ਦੁੱਧ ਬਾਣੇ, ਸਬਦ ਪੜ੍ਹਦੇ ਦਰਸਨ ਦੇਂਦੇ ਤਾਂ ਗ੍ਰਿਹਸਤੀ ਘਰਾਂ ਤੋਂ ਨਿਕਲ ਖੇਤਾਂ ਵਿਚੋਂ ਦੌੜ, ਢੋਲਕ ਸੁਣ, ਦਰਸਨ ਕਰ ਆ ਚਰਨੀ ਲਗਦੇ। ਦੀਵਾਨ ਲਗਦੇ, ਕਈ ਨਗਰੀਂ ਕਈ ਕਈ ਦਿਨ ਜਥੇ ਰਹਿੰਦੇ। ਸਿਖ ਭੀ ਨਵੇਂ ਬਹੁਤ ਸਜਦੇ। ਜੋ ਸਿਖੀ ਦੀ ਜੜ੍ਹ ਗੁਰੂ ਹਰੀ ਸਿੰਘ ਜੀ ਮਾਲਾ ਤੇ ਸਮਾਈ ਦੀ ਸਕਤ ਨਾਲ ਹਰੀ ਰਖੀ ਸੀ, ਸੋ ਪੁੰਗਰ ਪਲਰ, ਪ੍ਰਾਂਗਲਾਂ ਛਡ, ਖੁਸਬੋ ਦਰਸਨ ਦੇ ਹਰ ਦਰਸ਼ਕ ਨੂੰ ਮੋਹਣ ਵਾਲੀ ਸਾਬਤ ਹੋਣ ਲਗੀ।"

ਜੀ ਬੇਰੇ, ਸੰਤ ਬੰਤਾ ਸਿੰਘ ਜੀ ਬੁੜਾ ਡੱਲਾ, ਸੰਤ ਫਤੇ ਸਿੰਘ ਜੀ ਮਾਂਗਾ, ਸੰਤ ਨਥਾ ਸਿੰਘ ਜੀ ਪਤੰਗ ਬੁਜਿਆਂ ਵਾਲੀ, ਸੰਤ (ਸੂਬਾ) ਦਸੌਂਦਾ ਸਿੰਘ ਨਗਰ, ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਆਲਾ ਸਿੰਘ ਜੀ ਵਰਨ, ਸੰਤ ਵਰਿਆਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੱਚਾ ਸਿੰਘ ਸਮਸਾ, ਸੰਤ ਟਹਿਲ ਸਿੰਘ ਸੱਦੋ ਵਾਲ, ਸੰਤ ਹਜ਼ਾਰਾ ਸਿੰਘ ਜੀ ਭੂਰੀ ਵਾਲੇ, ਸੰਤ ਆਸਾ ਸਿੰਘ ਜੀ ਵੈਰਾਗੀ, ਪੰਨਵਾਂ ਦੇ, ਸੰਤ ਫੌਜਾ ਸਿੰਘ ਬੁੰਡਾਲੀਏ, ਸੰਤ ਕਾਲਾ ਸਿੰਘ, 'ਤੇ ਸੰਤ ਖਜ਼ਾਨ ਸਿੰਘ ਜੀ ਮਜ਼ਹਬੀ, ਸੰਤ ਜਾਗੀਰੀ ਅਤੇ ਹੋਰ। (*ਜੱਸ ਜੀਵਨ ਤੇ ਅਧਾਰਿਤ*)

"ਜਥੇ, ਜਦੋਂ ਢੋਲਕ ਵਜਾ ਹੰਸਾਂ ਵਾਂਗੂੰ ਚਿਟੇ ਦੁੱਧ ਬਾਣੇ, ਸਬਦ ਪੜ੍ਹਦੇ ਦਰਸਨ ਦੇਂਦੇ ਤਾਂ ਗ੍ਰਿਹਸਤੀ ਘਰਾਂ ਤੋਂ ਨਿਕਲ ਖੇਤਾਂ ਵਿਚੋਂ ਦੌੜ, ਢੋਲਕ ਸੁਣ, ਦਰਸਨ ਕਰ ਆ ਚਰਨੀ ਲਗਦੇ। ਦੀਵਾਨ ਲਗਦੇ, ਕਈ ਨਗਰੀਂ ਕਈ ਕਈ ਦਿਨ ਜਥੇ ਰਹਿੰਦੇ। ਸਿਖ ਭੀ ਨਵੇਂ ਬਹੁਤ ਸਜਦੇ। ਜੋ ਸਿਖੀ ਦੀ ਜੜ੍ਹ ਗੁਰੂ ਹਰੀ ਸਿੰਘ ਜੀ ਮਾਲਾ ਤੇ ਸਮਾਈ ਦੀ ਸਕਤ ਨਾਲ ਹਰੀ ਰਖੀ ਸੀ, ਸੋ ਪੁੰਗਰ ਪਲਰ, ਪ੍ਰਾਂਗਲਾਂ ਛਡ, ਖੁਸ਼ਬੋ ਦਰਸਨ ਦੇ ਹਰ ਦਰਸ਼ਕ ਨੂੰ ਮੋਹਣ ਵਾਲੀ ਸਾਬਤ ਹੋਣ ਲਗੀ।" (*ਜਸ ਜੀਵਨ (੨) ਪੰਨਾ ੧੮੧*)

ਸੰਤ ਤਰਨ ਸਿੰਘ ਜੀ ਵਹਿਮੀ ਹੋਰਾਂ ਜੱਸ ਜੀਵਨ ਗ੍ਰੰਥ ਦੇ ਭਾਗਾਂ ਵਿਚ ਅਖੁਟ ਜਾਣਕਾਰੀ ਸਮੋ ਦਿਤੀ ਹੈ। ਇਸ ਗ੍ਰੰਥ ਦੇ ਆਧਾਰ ਤੇ ਨਾਮਧਾਰੀ ਪਰਚਾਰਕ ਜਥੇਦਾਰ ਸੰਤ ਸਾਹਿਬਾਨ ਦੇ ਜੀਵਨ ਵਿਚੋਂ ਕੁਝ ਕੁ ਝਲਕਾਰੇ ਇਥੇ ਦੇਣੇ ਉਚਿਤ ਹਨ:

ਸੰਤ ਸੁੰਦਰ ਸਿੰਘ ਜੀ ਪੂੰਗਾਂ ਵਾਲਿਆਂ ਦਾ ਜਥਾ, ਦੜਪ ਵਿਚ ਫਿਰਦਾ ਸੀ। ਕਈ ਸ਼ਰਾਬੀ ਲੋਕ, ਅਜਮਾਉਣ ਲਈ ਭਜਨ ਪੁਛਦੇ ਤੇ ਮਸਤ ਹੁੰਦੇ। ਕਈ ਵਾਰ ਕਤਾਰਾਂ ਹੀ ਖੜੋਤੀਆਂ ਤੇ ਮਸਤ ਹੁੰਦੀਆਂ। ਕੇਸਰ ਸਿੰਘ ਮਜਾਕਾਂ, ਜ਼ਿਲਾ ਸਿਆਲਕੋਟ ਦਾ ਭੀ ਸੰਤਾਂ ਤੋਂ ਭਜਨ ਪੁਛ ਕੂਕਾ ਹੋਇਆ। ਜਦ ਬੈਠੇ ਸਮਾਧੀ ਲਾਵੇ ਤੇ ਗੁਰ ਕੀ ਮੂਰਤਿ ਮਨ ਮਹਿ ਧਿਆਨ ਧਾਰੇ। ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਆਪੋਂ ਦਰਸਨ ਸਾਹਵੇਂ ਆਵੇ। ਕੇਸਰ ਸਿੰਘ ਅਸਚਰਜ ਹੋਵੇ। ਕਿਉਂਕਿ ਉਸ ਅਜੇ ਸਤਿਗੁਰੂ ਜੀ ਦਾ ਦਰਸਨ ਨ ਕੀਤਾ ਸੀ। ਅੰਮ੍ਰਿਤਸਰ ਦੀਪਮਾਲਾ ਤੇ ਸੰਤ ਜੀ ਨਾਲ ਆਇਆ ਤੇ ਮੱਥਾ ਟੇਕਿਆ। ਉਹ ਦਰਸਨ ਜੋ ਸੁਤੇ ਸਮਾਧੀ ਵਿਚ ਹੁੰਦਾ ਸੀ, ਕਰ, ਮਸਤ ਹੋਇਆ ਤੇ ਸੰਤ ਜੀ ਦੇ ਜਥੇ ਵਿਚੋਂ ਛੁਟੀ ਮੰਗ ਸਤਿਗੁਰੂ ਜੀ ਸਾਥ ਭੈਣੀ ਸਾਹਿਬ ਆ ਗਿਆ ......" (*ਪੰਨਾ ੧੭੧ ਹਿਸਾ ੧*)

ਸੰਤ ਭਗਤ ਸਿੰਘ ਦਾਤੇ ਵਾਲੀਏ ਨੇ ਖਲੋ ਕੇ ਦੀਵਾਨ ਲਾਉਣਾ ਆਰੰਭ ਕੀਤਾ ਤੇ ਸਬਦ ਗਜ ਕੇ ਪੜ੍ਹਦੇ ਸਨ। ਬਹਿਸ ਅਤੇ ਹਾਜ਼ਰ ਜੁਆਬੀ ਵਿਚ ਮਾਹਿਰ ਸਨ। ਇਹਨਾਂ ਇਕ ਵਾਰ ਆਪਣੇ ਹੀ ਨਗਰ ਦੀਵਾਨ ਲਾਇਆ ਹੋਇਆ ਸੀ। ਬਹੁਤ ਹੀ ਰਸ ਬਣਿਆ ਹੋਇਆ ਸੀ। ਪਿੰਡ ਦੇ ਸਿਖਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਬੇਨਤੀ ਕੀਤੀ ਕਿ ਪਿੰਡ ਦੇ ਬ੍ਰਾਹਮਣ ਬਹੁਤ ਤੰਗ ਕਰਦੇ ਸਨ ਪਰ ਜਦੋਂ ਦਾ ਸੰਤ ਭਗਤ ਸਿੰਘ ਸਿਖ ਬਣਿਆ ਹੈ ਤੇ ਸ਼ਬਦ ਪੜ੍ਹਨ ਲਗਾ ਹੈ, ਉਹ ਢਿਲੇ ਹੋ ਗਏ ਹਨ। ਸਤਿਗੁਰੂ ਜੀ ਬਚਨ ਕੀਤਾ, ਇਥੋਂ ਦੇ ਬ੍ਰਹਿਮਣ ਕੀ, ਇਹਦੇ ਸਾਹਵੇਂ ਤਾਂ ਕਾਸ਼ੀ ਦੇ ਪੰਡਿਤ ਵੀ ਨਾ ਕੁਸਕਣਗੇ।

"ਇਹ ਆਮ ਪੜ੍ਹਿਆ ਕਰਦੇ ਸੀ 'ਭਜੇ ਜਾਣਗੇ ਫਰੰਗੀ ਵਜੇ ਘੁੰਗਰੂ। ਕਾਬਲ ਰੋਂਦੀ ਏ ਮੁਗਲਾਣੀ ਕਾਬਲ ਰੋਂਦੀ ਏ। ਫਾਰਸੀ, ਉਰਦੂ ਗੁਰਮੁਖੀ (ਪੰਜਾਬੀ) ਬਹੁਤ ਤਿਖੀ ਤੇ ਵਧੀਆ ਬੋਲਦੇ ਸੀ। ਅੰਗਰੇਜ਼ ਵਲੋਂ ਇਹਨਾਂ ਦੇ ਹਰ ਦੀਵਾਨ ਵਿਚ ਸਪਾਹੀ ਆਉਂਦੇ ਸੀ।

ਏਕ ਸਮੇਂ, ਮਾਛੀ ਕੇ ਸ਼ੇਖੂਪੁਰੇ ਦੇ ਜ਼ਿਲੇ ਵਿਚ ਸੰਤ ਫਤੇ ਸਿੰਘ ਜੀ ਮੇਲਾ ਕੀਤਾ। ਇਹਨਾਂ (ਸੰਤ ਭਗਤ ਸਿੰਘ ਜੀ) ਨੂੰ ਸਦਿਆ। ਦੀਵਾਨ ਲਗੇ ਵਿਚ ਸਪਾਹੀ ਲੈ ਹਵਾਲਦਾਰ ਆ ਬੈਠਾ। ਕਦੇ ਦੁਆਲੇ ਫਿਰੇ। ਸੰਤ ਜੀ ਸ਼ਬਦ ਪੜ੍ਹਦਿਆਂ ਬਚਨ ਕੀਤਾ:- ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਹੈ, "ਜੇ ਹਲ ਵਾਹ ਭੀ ਭਜਨ ਦਸੇਗਾ ਤਾਂ ਮੇਰੇ ਵਾਂਗੂੰ ਹੀ ਅਸਰ ਕਰੇਗਾ। ਪੱਥਰ ਤੇ ਪਿਆ ਭੀ ਇਹ ਬਿਰਥਾ ਨ ਜਾਵੇਗਾ। ਉਸ ਹਵਾਲਦਾਰ ਅਜਮਾਣ ਲਈ, ਕੰਨ ਕਰ ਭਜਨ ਪੁਛਿਆ। ਕੁਝ ਚਿਰ ਬਾਦ ਮਸਤ ਹੋ, ਮੂੰਹ ਵਿਚ ਛਿਤ੍ਰ ਪਾ, ਸੰਗਤ ਵਿਚ ਖੜੋ ਕਿਹੋ ਸੂ, ਮੈਂ ਭੁਲਾ ਮੈਨੂੰ ਬਖਸ਼ੋ। ਸੰਤ ਜੀ ਦੇ ਚਰਨਾਂ ਤੇ ਲੇਟ ਕਿਹੋ ਸੂ ਮੇਰੀ ਰਖਿਆ ਹੋਵੇ। ਸੰਤ ਜੀ ਕਿਹਾ ਅਨਿਆਂ ਤੇ ਗਿਲਾ ਨਾ ਕਿਸੇ ਤੇ ਕਰੀਂ ਤੈਨੂੰ ਕੋਈ ਖ਼ਤਰਾ ਨਹੀਂ। ਸਿਖ ਹੋਇਆ ਤੇ ਨੌਕਰੀ ਛੱਡ ਘਰ ਵਿਹਾਰ ਜਾ ਕਰਨ ਲਗਾ।" (*ਪੰਨਾ ੧੭੭ ਹਿਸਾ ੧*)

ਸੰਤ ਮੋਹਨ ਸਿੰਘ ਜੀ ਵਡਾਲੇ ਜੌਹਲਾਂ ਜ਼ਿਲਾ ਅੰਮ੍ਰਿਤਸਰ ਕੇ। ਆਪ ਨਾਲ ਪਰਮ ਪ੍ਰੇਮ ਪਰਚੇ ਵਾਲੇ ਸਾਧੂ, ਸ਼ਬਦੀ ਸਦਾ ਸਾਥ ਰਹਿੰਦੇ। ਇਹਨਾਂ ਦੀ ਸੁਰ ਤੇ ਧਾਰਨਾਂ ਬੜੀਆਂ ਰਸ ਭਰੀਆਂ ਸੀ। ਇਹਨਾਂ ਦੇ ਢੂਲਕਈ ਸੰਤ ਇੰਦਰ ਸਿੰਘ ਜੀ ਚੁਗਾਵੇਂ ਦੇ ਸਭ ਢੂਲਕਈਆਂ ਦੇ ਉਸਤਾਦ ਜੇ ਕਹਿ ਦੇਵਾਂ ਤਾਂ ਭੀ ਠੀਕ ਹੀ ਹੈ। ਐਸੀ ਢੋਲਕ ਵਜਾਂਦੇ ਜੇ ਨਿਰੀ ਢੋਲਕ ਹੀ ਵਜੇ ਤਾਂ ਭੀ ਰਸ ਹੀ ਰਸ ਪਿਆ ਚੋ ਚੋ ਪੈਂਦਾ ਸੀ। (*ਪੰਨਾ ੧੬੭ ਹਿਸਾ ੧*)

ਸੰਤ ਅਤਰ ਸਿੰਘ ਜੀ ਸੰਬੜਿਆਲੀਏ ਜੰਮੇ ਪਲੇ ਜਰਮੀ ਸੀ ਤੇ ਸੰਤ ਬੰਤਾ ਸਿੰਘ ਜੀ ਜਰਮੀਆ ਵਾਲਿਆਂ ਦੀ ਸੰਗਤ ਸੇਵਾ ਤੋਂ ਸੁਧਰੇ ਸੀ। ਇਹ ਖੜਤਾਲਾਂ ਵਜਾਂਦੇ ਨਿਰਤ ਕਰਦੇ ਪਰ ਜਦ ਸਬਦ ਦਾ ਅਮਲ ਔਂਦਾ ਤਦ ਫੜਦੇ, ਸਬਦ ਪੜਦੇ ਨਿਰਤ ਕਰਦੇ। ਇਹਨਾਂ ਦਾ ਦੀਵਾਨ ਬੜੀ ਰੌਣਕ ਤੇ ਮਸਤੀ ਭਰਿਆ ਹੁੰਦਾ। ਹਿੰਦੂ ਮੁਸਲਿਮ, ਸਿਖ ਸਭ ਨੂੰ ਸਾਂਝਾ ਉਪਦੇਸ਼ ਦੇਂਦੇ। ਸੰਤ ਕੇਸਰ ਕਿਲੀ ਜੀ ਮੁਹਾਵੇ ਵਾਲੇ ਮਹਾਂਪੁਰਖਾਂ, ਇਹਨਾਂ ਦੀਆਂ ਖੜਤਾਲਾਂ ਤੇ ਸੁਰ ਸਬਦ ਦਾ ਸੁਆਦ ਮਾਣ ਵਰ ਦਿਤਾ ਸੀ ਕਿ ਇਹ ਤੇ ਇੰਦਰ ਮੋਹਣੀਆਂ ਹਨ ਅਤਰ ਸਿੰਘ ਦੀਆਂ। ਠੀਕ ਸਭ ਨੂੰ ਮੋਹ ਲੈਣ ਵਾਲਾ ਹੀ ਇਹਨਾਂ ਖੜਤਾਲਾਂ ਤੇ ਸੰਤ ਜੀ ਦੀ ਸੁਰ, ਸਬਦ ਮਸਤੀ ਦਾ ਸੁਆਦ ਹੁੰਦਾ ਸੀ। ...... ਸੰਤ ਅਤਰ ਸਿੰਘ ਜੀ ਦੀਆਂ ਖੜਤਾਲਾਂ ਨੂੰ ਇਕ ਰਸੀਲੀ ਸੁਰ ਦਾ ਨਮੂਨਾ ਗਿਣ ਰਖਿਆ ਹੋਇਆ ਹੈ। ਠੀਕ ਇਹਨਾਂ ਦੀ ਸੁਰ ਤਾਲ ਤੇ ਖੜਤਾਲਾਂ ਵਿਚ ਇਕ ਮਸਤੀ ਹੈ। (*ਪੰਨਾ ੧੮੧ ਹਿਸਾ ੧*)

ਸਤਿਗੁਰੂ ਜੀ ਦੇ ਸਾਥ ਰਾਗੀ ਕਾਲੂ ਜੀ ਸਮੇਤ ਹੋਰ ਸਾਥੀਆਂ

Namdhari Elibrary NamdhariElibrary@gmail.com

ਦੇ ਤੇ ਸੰਤ ਭਗਤ ਸਿੰਘ ਜੀ ਤੇ ਸੰਤ ਬੇਲਾ ਸਿੰਘ ਜੀ ਸੂਜੋਵਾਲੀਏ ਤੇ ਸੋਹਣ ਸਿੰਘ ਜੀ ਜਾਮ ਕੇ ਤੇ ਸੰਤ ਅਤਰ ਸਿੰਘ ਜੀ ਸਮੇਤ ਜਥੇ ਸੀ ਤੇ ਢਾਡੀ ਲਾਭ ਸਿੰਘ ਜੀ ਭੀ ਸੀ। ਆਸਾ ਦੀ ਵਾਰ ਰਾਗੀ ਲਾਂਦੇ ਤੇ ਪਿਛਲੇ ਪਹਿਰ ਢਾਡੀ ਕੋਈ ਵਾਰ ਸੁਣਾਂਦਾ। ਦੁਪਹਿਰੇ ਜਥੇਦਾਰ ਦੀਵਾਨ ਲਾਂਦੇ ਹੋਲੇ ਦਾ ਪਰ ਸੰਤ ਅਤਰ ਸਿੰਘ ਜੀ ਢਾਡੀ ਤੇ ਰਾਗੀਆਂ ਦਾ ਵਕਤ ਵੀ ਰਸਵਸ ਲੈ ਜਾਂਦੇ। ਕਈ ਨਗਰੀਂ ਤਾਂ ਘਰ ਵਾਲੇ ਨਗਰਾਂ ਵਾਲੇ ਸਤਿਗੁਰੂ ਜੀ ਅਗੇ ਅਰਜ਼ ਕਰਦੇ ਕਿ ਰਾਗੀਆਂ ਨੂੰ ਅਸੀਂ ਮਾਇਆ ਦਾ ਮਥਾ ਪੂਰਾ ਟੇਕ ਦੇਵਾਂਗੇ ਪਰ ਦੀਵਾਨ ਸੰਤ ਅਤਰ ਸਿੰਘ ਜੀ ਦਾ ਹੀ ਲਗੇ। ਇਹਨਾਂ ਦਾ ਨਿਰਤ, ਖੜਤਾਲਾਂ ਤੇ ਵੈਰਾਗ ਭਰੇ ਸ਼ਬਦ ਦਾ ਸੁਆਦ ਮਾਨਣ ਨੂੰ ਸਦਾ ਜੀਅ ਕਰਦੈ। ਸਤਿਗੁਰੂ ਜੀ ਸੰਤ ਅਤਰ ਸਿੰਘ ਜੀ ਦਾ ਸ਼ਬਦ ਸੁਣ ਤੇ ਲੋਕਾਂ ਦੀਆਂ ਅਰਜ਼ਾਂ ਮੰਨ ਛੁਟੀ ਦੇ ਦੇਂਦੇ ਤੇ ਕਹਿੰਦੇ, ਸਤਿਗੁਰੂ ਜੀ ਢੋਲਕ ਛੈਣਿਆਂ ਵਿਚ ਸੁਆਦ ਹੀ ਮੋਹਣ ਦੀ ਬੰਸਰੀ ਵਾਂਗੂੰ ਅਚਰਜ ਹੀ ਭਰਿਆ ਹੈ।" *(ਪੰਨਾ ੨੩੯-੪੦ ਹਿਸਾ ੨)*

ਸਚ ਮੁਚ ਹੀ ਸੰਤ ਅਤਰ ਸਿੰਘ ਦਾ ਦੀਵਾਨ ਮਸਤੀ ਅਤੇ ਰਸ ਭਰਪੂਰ ਸੀ। ਸਾਰੀ ਰਾਤ ਲਗਾ ਰਹੇ ਪਤਾ ਨਹੀਂ ਸੀ ਲਗਦਾ। ਕਈ ਕਈ ਮਸਤਾਨੇ ਉਹਨਾਂ ਦੇ ਦੀਵਾਨ ਵਿਚ ਹੁੰਦੇ। ਢੋਲਕ ਛੈਣੇ ਵਜਾਉਣ ਵਾਲੇ ਨਾ ਥਕਦੇ ਨਾ ਅਕਦੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਢੋਲਕ ਛੈਣਿਆਂ ਨਾਲ ਆਸਾ ਦੀ ਵਾਰ ਦਾ ਕੀਰਤਨ ਵੀ ਪਰਚਲਤ ਕਰਵਾਇਆ। ਇਹਨਾਂ ਨੂੰ ਰਾਗ ਦੀਆਂ ਸੁਰਾਂ ਵਿਚ ਇਹ ਕੀਰਤਨ ਕਰਨਾ ਸਿਖਾਇਆ। ਉਚੇ ਲੰਮੇ ਭਰਵੇਂ ਸਰੀਰ ਵਾਲੇ ਸੰਤ ਗਿਆਨਾ ਸਿੰਘ ਦੀ ਭਰਵੀਂ ਤੇ ਸੁਨਹਿਰੀ ਆਵਾਜ਼ ਮਨਾਂ ਤੇ ਜਾਦੂ ਕਰ ਦਿੰਦੀ। ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦਾ ਦੁਆਬੇ ਦੇ ਸਿੰਘਾਂ ਦਾ ਜਥਾ ਸੂਤਰ ਬਧ ਹੁੰਦਾ ਸੰਤ ਪ੍ਰੀਤਮ ਸਿੰਘ ਜੀ ਦੀ ਬਾਰੀਕ ਆਵਾਜ਼ ਹਾਰਮੋਨੀਅਮ ਦੇ ਸਭ ਸਪਤਕ ਪਾਰ ਕਰ ਜਾਂਦੀ।

ਇਸ ਵਾਰੇ ਦੇ ਕੀਰਤਨ ਵਿਚ ਢੋਲਕ ਅਤੇ ਛੈਣੇ ਇਕੋ ਤਾਲ ਵਿਚ ਵੀ ਹੁੰਦੇ ਇਕੋ ਸੁਰ ਵਿਚ ਵੀ। ਸਤਿਗੁਰੂ ਪ੍ਰਤਾਪ ਸਿੰਘ ਆਪ ਤਾਊਸ ਲੈ ਕੇ ਬੈਠਦੇ। ਤਾਰਿਆਂ ਦੀ ਲੋਅ ਵਿਚ ਤੜਕੇ ਇਹ ਕੀਰਤਨ ਆਰੰਭ ਹੁੰਦਾ। ਉਚੀਆਂ ਸੁਰਾਂ ਨਾਲ ਮੋਰਾਂ ਦੀਆਂ ਸੁਰੀਲੀਆਂ ਹੂਕਾਂ ਵੀ ਸ਼ਾਮਲ ਹੁੰਦੀਆਂ। ਸਤਿਗੁਰੂ ਜੀ ਆਪ ਬਿਰਹਾ ਵਿਚ ਭਿਜੇ ਸ਼ਬਦ ਪੜ੍ਹਦੇ ਜਾਂ ਉਹਨਾਂ ਦੀ ਰਸਨਾ ਤੋਂ ਨਿਕਲਨ ਬਾਦ ਸ਼ਬਦ ਦਾ ਵਿਯੋਗੀ ਅਸਰ ਹੁੰਦਾ ਇਹ ਕਹਿਣਾ ਮੁਸ਼ਕਲ ਹੈ ਪਰ ਇਕ ਵਾਰ ਕੀਰਤਨ ਨੂੰ ਸੁਨਣ ਵਾਸਤੇ ਹੁਨਾਲ ਸਿਆਲ ਸੰਗਤ ਮਾਈ ਭਾਈ ਸਣਕੇਸੀ ਇਸ਼ਨਾਨ ਕਰਕੇ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਥਾਵਾਂ ਮਲ ਲੈਂਦੇ।

ਕੀਰਤਨ ਬੰਗਾਲ ਦੇ ਚੇਤਨੰਯ ਪ੍ਰਭੂ ਦਾ ਹੋਵੇ ਰਾਜਸਥਾਨ ਦਾ ਹੋਵੇ ਜਾਂ ਦਖਣ ਤਾਂ ਢੋਲਕ ਜਾਂ ਮਰਦੰਗ ਨਾਲ ਛੈਣੇ ਝਾਂਜ ਪ੍ਰਧਾਨ ਰਿਹਾ ਹੈ। ਪੰਜਾਬ ਵਿਚ ਇਹ ਕੇਵਲ ਨਾਮਧਾਰੀ ਸਮਾਜ ਕੋਲ ਹੈ। ਇਸਤਰ੍ਹਾਂ ਦੀ ਕੀਰਤਨ ਸ਼ੈਲੀ ਕੇਵਲ ਇਥੇ ਹੀ ਹੈ। ਇਸ ਵਿਚ ਸੂਫੀਆਨਾ ਵਜਦ ਵੀ ਹੈ ਤੇ ਪੁਰਾਤਨ ਵੇਦ ਕਾਲ ਦੀ ਪਰੰਪਰਾ ਵੀ ਹੈ। ਕਿਸੇ ਸਮੇਂ ਇਹ ਕੀਰਤਨ ਪ੍ਰਸਿਧ ਦੇਸ਼ ਭਗਤ, ਲੇਖਕ ਤੇ ਸਾਬਕਾ ਗਵਰਨਰ ਸ੍ਰੀ ਕੇ. ਐਮ. ਮੁਨਸ਼ੀ ਨੇ ਸੁਣਿਆ ਤਾਂ ਉਹਨਾਂ ਲਿਖਿਆ ਸੀ ਕਿ ਇਸ ਕਲਿਜੁਗ ਵਿਚ ਇਵੇਂ ਲਗਾ ਜਿਵੇਂ ਰਿਗ ਵੇਦ ਕਾਲ ਦੇ ਕਿਸੇ ਸੰਹਿਤਾ ਵਿਚ ਉਹ ਵਿਚਰ ਰਹੇ ਹੋਣ। ਉਸ ਵੇਲੇ ਦੀਵਾਨ ਦੇ ਵਿਚਕਾਰ ਖੁਲੀ ਜਗਹ ਛੱਡੀ ਹੋਈ ਹੁੰਦੀ ਸੀ ਜੋ ਅਕਸਰ ਮਸਤਾਨਿਆਂ ਨਾਲ ਹੀ ਭਰ ਜਾਂਦੀ।

ਸੰਤ ਨਿਧਾਨ ਸਿੰਘ ਆਲਮ ਇਕੋ ਵੇਲੇ ਵਿਦਵਾਨ ਲਿਖਾਰੀ, ਇਤਿਹਾਸਕਾਰ, ਕਵੀ, ਭਾਸ਼ਨਕਾਰ, ਲੀਡਰ, ਰਾਗੀ ਅਤੇ ਹੋਲੇ ਦਾ ਦੀਵਾਨ ਲਾਉਣ ਵਾਲੇ ਜਥੇਦਾਰ ਸਨ। ਉਹ ਇਕ ਮਜ਼ਮੂਨ ਬੰਨ੍ਹ ਕੇ ਦੀਵਾਨ ਲਾਉਂਦੇ। ਉਹ ਗਲੇ ਵਿਚੋਂ ਕਈ ਪਰਕਾਰ ਦੀਆਂ ਸੁਰਾਂ ਕਢ ਸਕਦੇ ਸਨ। ਉਹਨਾਂ ਦਾ ਦੀਵਾਨ ਆਲਮਾਣਾ ਵੀ ਹੁੰਦਾ ਪਰ ਉਹ ਵੀ ਦੀਵਾਨ ਵਿਚ ਮਸਤੀ ਦਾ ਖੂਬ ਰੰਗ ਬੰਨਦੇ। ਤੇ ਜਦੋਂ ਕਿਤੇ ਜਨਮ ਅਸ਼ਟਮੀ ਨੂੰ ਕਿਸੇ ਮੰਦਰ ਵਿਚ ਦੀਵਾਨ ਸਜਾਉਂਦੇ ਤਾਂ ਸਭ ਲੋਕ ਮਸਤ ਹੋ ਨਚਣ ਵੀ ਲਗ ਪੈਂਦੇ। ਉਹਨਾਂ ਦੇ ਬਣੇ ਹੋਏ ਪਰਸੰਗ ਤੇ ਕਵਿਤਾਵਾਂ ਬੱਚੇ ਬੱਚੇ ਦੀ ਜ਼ਬਾਨ ਤੇ ਸਨ ਅਤੇ ਉਹਨਾਂ ਨੂੰ ਸੁਣ ਕੇ ਪੜ੍ਹ ਕੇ ਬਹੁਤ ਸਾਰੇ ਹੋਰ ਜਥੇਦਾਰ ਬਣੇ ਦ੍ਰੋਪਤੀ ਦੇ ਪਰਸੰਗ ਵਿਚ ਆਹ ਤੁਕਾਂ ਅਜੇ ਵੀ ਪੜੀਆਂ ਜਾਂਦੀਆਂ ਹਨ:

ਸੱਦ ਅਪਣਾ ਕ੍ਰਿਸ਼ਨ ਮੁਰਾਰੀ, ਜਿਸ ਦਾ ਮਾਨ ਕਰਦੀ ਸੈਂ।
ਤੇਰੀ ਲਾਜ ਸਭਾ ਵਿਚ ਰੱਖ ਲਏ, ਜਿਸ ਦਾ ਧਿਆਨ ਧਰਦੀ ਸੈਂ।
ਅੱਜ ਦੇਖਾਂ ਉਸ ਦੀ ਸ਼ਕਤੀ, ਜੀਹਦੇ ਗੁਣ ਗਾਣ ਕਰਦੀ ਸੈਂ।
ਅੱਜ ਕਸ਼ਟ ਸਮੇਂ ਉਹ ਬਹੁੜੇ, ਜਿਸ ਦਾ ਮਾਨ ਕਰਦੀ ਸੈਂ।

ਫਲ ਤਾਈਂ ਚੀਰਦੇ ਸੀ ਉਂਗਲੀ ਨੂੰ ਚੀਰ ਆਇਆਂ,
ਸਿੰਮਿਆਂ ਸੀ ਲਹੂ ਦੇਖੋ ਖੇਲ ਇਹ ਮੁਕੰਦ ਦਾ।
ਇਓ ਸਾਨੂੰ ਲੀਰ ਅਸਾਂ ਉਂਗਲੀ ਤੇ ਬੰਨਣੀ ਏ,
ਸੁਣ ਕੇ ਬਚਨ ਮੁਖੋਂ ਚੌਧਵੀਂ ਦੇ ਚੰਨ ਦਾ।
ਦ੍ਰੋਪਤੀ ਨੇ ਸਾੜ੍ਹੀ ਪਾੜ ਲੀਰ ਬੱਧੀ ਉਂਗਲੀ ਤੇ,
ਹੋ ਗਿਆ ਬਚਨ ਅਗੋਂ ਨੰਦ ਜੀ ਦੇ ਨੰਦ ਦਾ।
ਦ੍ਰੋਪਤੀ ਮੈਂ ਅੱਜ ਤੋਂ ਹਾਂ ਹੋਇਆ ਕਰਜ਼ਾਈ ਤੇਰਾ,
ਦਿਆਂਗਾ ਹਿਸਾਬ ਤੈਨੂੰ ਇਕ ਇਕ ਤੰਦ ਦਾ।

ਕੂਕੀ ਦ੍ਰੋਪਤੀ ਨਗਨ ਜਾਂ ਹੋਣ ਲਗੀ
ਕੂਕ ਸ਼ਾਮ ਦੇ ਪਾਸ ਪੁਕਾਰ ਕੀਤੀ।
ਛੇਤੀ ਆ ਸ਼ਾਮਾਂ ਫੇਰੀ ਪਾ ਸ਼ਾਮਾਂ,
ਮੁਖ ਦਿਖਲਾ ਸ਼ਾਮਾਂ ਮੈਂ ਲਾਚਾਰ ਕੀਤੀ।
ਕੂਕ ਹਿਰਦਿਓਂ ਉੱਠੀ ਤੇ ਤੇਜ਼ ਪਹੁੰਚੀ
ਬਿਰਤੀ ਸ਼ਾਮ ਦੀ ਜਾ ਅਵਾਜ਼ਾਰ ਕੀਤੀ।
ਸ਼ਾਮ ਕੂਕਿਆ ਅਰਬ ਤੇ ਖਰਬ ਕਹਿ ਕੇ,
ਸਾੜ੍ਹੀ ਇਕ ਥੀਂ ਲੱਖ ਹਜ਼ਾਰ ਕੀਤੀ।

ਆਲਮ ਸ਼ਾਮ ਜੀ ਆਣ ਪ੍ਰਤੱਖ ਹੋਏ,
ਜਿਥੇ ਦ੍ਰੋਪਤੀ ਆਪ ਦੀ ਕੂਕ ਰਹੀ ਸੀ।
ਕੂਕ ਕੂਕ ਕੇ ਹੂਕ ਕੇ ਨਾਮ ਉਸ ਦਾ,
ਜ਼ਾਲਿਮ ਪਾਪੀਆਂ ਦੇ ਪਾਪ ਫੂਕ ਰਹੀ ਸੀ।

ਇਥੇ ਕੁਝ ਕੁ ਹੋਲੇ ਦੀਆਂ ਧਾਰਨਾਂ ਜੋ ਪੁਰਾਣੇ ਜਥੇਦਾਰ ਪੜ੍ਹਦੇ ਹੁੰਦੇ ਸੀ ਅਤੇ ਜਿਨ੍ਹਾਂ ਨੂੰ ਹੁਣ ਵੀ ਬਜ਼ੁਰਗ ਯਾਦ ਕਰਦੇ ਹਨ ਦਿਤੀਆਂ ਜਾ ਰਹੀਆਂ ਹਨ।

ਸੰਤ ਭਗਤ ਸਿੰਘ ਦਾਤੇ ਵਾਲ ਬਹੁਤ ਜੋਸ਼ ਨਾਲ ਹੋਲੇ ਦੀ ਧਾਰਨਾ ਪੜ੍ਹਦੇ ਸੀ ਜਿਸ ਤੋਂ ਜੰਗ ਦਾ ਨਜ਼ਾਰਾ ਸਾਹਮਣੇ ਆ ਜਾਂਦਾ:

Namdhari Elibrary NamdhariElibrary@gmail.com

ਲੈਂਦੀ ਦਸਤ ਹੁਲਾਰੇ ਕੁਤਕ ਲੈਂਦੀ ਏ
ਲੈਂਦੀ ਦਸਤ ਹੁਲਾਰੇ ਕੁਤਕ ਲੈਂਦੀ ਏ

ਸੰਤ ਬੰਤਾ ਸਿੰਘ ਬੂੜਾ ਡੱਲਾ ਆਪਣੇ ਪਤਲੇ ਸਰੀਰ ਨੂੰ ਕਮਾਨ ਵਾਂਗ ਢੋਲਕੀ ਵਾਲੇ ਉਤੇ ਪਿਛਲੇ ਬੰਨੇ ਝੁਕਾ ਦਿੰਦੇ। ਲੰਮ ਸਲੰਮੇ ਜਥੇ ਵਾਲੇ ਗੋਡਿਆਂ ਭਾਰ ਹੋ ਕੇ ਛੈਣੇ ਵਜਾਉਂਦੇ। ਜੰਗ ਅਤੇ ਹੱਲਾ ਤਾਂ ਪ੍ਰਤੱਖ ਹੀ ਸੀ ਜਦੋਂ ਉਹ ਪੜਦੇ:

ਭੇਜਾਂ ਇਕੋ ਬਾਜ ਨੂੰ ਭੇਜਾਂ ਇਕੋ ਬਾਜ ਨੂੰ

ਉਸਤਾਦ ਭਾਈ ਹਰਨਾਮ ਸਿੰਘ ਕੀਰਤਨੀ ਜੱਥੇ ਨਾਲ ਪੜਦੇ:

ਚੜ੍ਹੇ ਦਲ ਸਾਜ ਮਹਾਰਾਜ ਗੁਰੂ ਗੋਬਿੰਦ ਸਿੰਘ
ਜ਼ਾਹਰ ਜੱਗ ਦਿਨ ਹੋਤ ਉਥਲ ਪਥਲਾ ਕਰਦੇ।

ਸੰਤ ਅੰਤਰ ਸਿੰਘ ਦੀ ਹੂਕ ਪਥਰ ਪਿਘਲਾ ਦਿੰਦੀ:-

ਲਗੀਆਂ ਵਾਲੇ ਜਾਣਦੇ ਬੇਦਰਦਾਂ ਨੂੰ ਕੀਹ।

ਸ਼ਾਸਤਰੀ ਸੰਗੀਤ ਦੀ ਸੁਰਾਂ ਵਾਂਗ ਇਹਨਾਂ ਧਾਰਨਾਂ ਦੇ ਬੋਲ ਚਲਣ ਮਜ਼ਮੂਨ ਵੀ ਅਨਗਿਣਤ ਹਨ। ਹਰ ਸਮੇਂ ਵਾਸਤੇ ਹਰ ਰੰਗ ਵਾਸਤੇ ਗੁਰੂ ਰਾਮ ਸਿੰਘ ਨੂੰ ਵਾਪਸ ਆਉਣ ਦੇ ਹਾੜੇ ਤਾਂ ਬ੍ਰਿਹਾ ਵਿਯੋਗ ਦੀ ਸਿਖਰ ਹੋ ਨਿਬੜਦੇ।

ਤਪ ਹੋ ਗਿਆ ਤਪੱਸੀਆ ਪੂਰਾ ਮੁੜ ਆ ਪੰਜਾਬ ਦੇਸ ਨੂੰ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੇ ਨੌਜਵਾਨ ਜਥੇਦਾਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸ਼ਕਤੀਸ਼ਾਲੀ ਪ੍ਰਚਾਰਕਾਂ ਦੇ ਰੂਪ ਵਿਚ ਸਾਹਮਣੇ ਆਏ। ਇਹਨਾਂ ਵਿਚੋਂ ਪ੍ਰਮੁਖ ਤਾਂ ਪੰਡਿਤ ਗੋਪਾਲ ਸਿੰਘ ਜੀ ਹਨ ਜਿਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਿਆਨ ਮਾਰਤੰਡ (ਭਾਵ ਗਿਆਨ ਦਾ ਸੂਰਜ) ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਪੰਡਿਤ ਜੀ ਪਾਸ ਗਿਆਨ ਅਤੇ ਵਿਦਿਆ ਦਾ ਅਖੁਟ ਭੰਡਾਰ ਹੈ। ਲੈਕਚਰ ਕਰਨ ਵਾਸਤੇ ਸ਼ੁਧ ਸ਼ਬਦਾਵਲੀ ਹੈ, ਮਰਦਾਵਾਂ ਸੁਨਹਿਰੀ ਕੰਠ ਤੇ ਜ਼ਬਾਨ ਤੇ ਸੁਰਸਤੀ ਹੈ। ਗੁਰੂ ਆਗਿਆ ਪਾਲਣ ਦੀ ਵਿਸ਼ੇਸ਼ਤਾ ਅਤੇ ਗੁਰੂ ਕਿਰਪਾ ਦੇ ਅਪਾਰ ਅਧਿਕਾਰੀ ਹਨ। ਲੰਮਾ ਕੱਦ ਗੋਰਾ ਪ੍ਰਭਾਵਸ਼ਾਲੀ ਚਿਹਰਾ ਤੇ ਪੁਰਾਣੇ ਜਥੇਦਾਰਾਂ ਦੀਆਂ ਧਾਰਨਾਂ ਦਾ ਇਹਨਾਂ ਕੋਲ ਭੰਡਾਰ ਹੈ। ਪਰੰਪਰਾ ਅਤੇ ਆਧੁਨਕਤਾ ਦਾ ਸੁਮੇਲ। ਗੁਰਬਾਣੀ ਵੀ ਯਾਦ ਪਰਸੰਗ ਵੀ ਅਣਲਿਖੀਆਂ ਸਾਖੀਆਂ ਤੇ ਲਿਖਤੀ ਇਤਿਹਾਸ ਵੀ ਅਤੇ ਪੰਜਾਬੀ ਹਿੰਦੀ ਸੰਸਕ੍ਰਿਤ ਅੰਗਰੇਜ਼ੀ ਜ਼ਬਾਨਾਂ ਤੇ ਅਧਿਕਾਰ ਵੀ। ਸਮੇਂ ਦੀ ਪਾਬੰਦੀ ਅਤੇ ਸਮੇਂ ਅਨੁਸਾਰ ਮਜ਼ਮੂਨ ਇਹਨਾਂ ਦੀ ਵਿਸ਼ੇਸ਼ਤਾ ਹੈ। ਹਜ਼ਾਰਾਂ ਲੋਕਾਂ ਨੂੰ ਇਹਨਾਂ ਭਜਨ ਦੇ ਕੇ ਸਤਿਗੁਰਾਂ ਦੇ ਚਰਨਾਂ ਨਾਲ ਜੋੜਿਆ ਹੈ। ਦੀਵਾਨ ਸਿਖਰ ਦੁਪਹਿਰੇ ਲਾਉਣ ਜਾਂ ਅਧੀ ਰਾਤ ਨੂੰ ਸੰਗਤਾਂ ਹੁਮ ਹੁਮਾ ਕੇ ਪੁਜਦੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰੇ ਦੁਲਾਰੇ ਤੇ ਪ੍ਰਮੁਖ ਪਰਚਾਰਕ ਹਨ।

ਜਥੇਦਾਰ ਗਿਆਨ ਸਿੰਘ ਵੀਰੋ ਕੇ ਨਾਮਧਾਰੀ ਪੰਥ ਵਿਚ ਬਹੁਤ ਸਤਿਕਾਰਿਆ ਨਾਮ ਹੈ। ਉਚਾ ਲੰਮਾ ਕਦ ਦੂਰੋਂ ਹੀ ਦਿਸ ਪੈਂਦਾ ਹੈ। ਸਾਧ ਬ੍ਰਿਤੀ ਵਾਲੇ ਜਥੇਦਾਰ ਹਨ। ਇਹਨਾਂ ਵਿਚ ਬਹੁਤ ਗੁਣ ਹਨ। ਦੀਵਾਨ ਵਿਚ ਗੁਰਬਾਣੀ ਤੋਂ ਬਾਹਰ ਨਹੀਂ ਜਾਂਦੇ। ਇਕ ਥਾਂ ਟਿਕ ਕੇ ਗੁਰਬਾਣੀ ਦੀ ਟੇਕ ਤੇ ਧਾਰਨ ਪੜਦੇ ਹਨ। ਇਹਨਾਂ ਬਾਕਾਇਦਾ ਸ਼ਾਸਤਰੀ ਸੰਗੀਤ ਸਿਖਿਆ ਹੈ ਰਾਗੀਆਂ ਨਾਲ ਵੀ ਕੀਰਤਨ ਕਰਦੇ ਹਨ ਅਤੇ ਜਦੋਂ ਹਲੇ ਦਾ ਦੀਵਾਨ ਲਾਉਣ ਤਾਂ ਵੀ ਪਾਰਾਵਾਰ ਨਹੀਂ। ਭਰਵਾਂ ਢੋਲਕ ਛੈਣਿਆਂ ਦਾ ਜਥਾ ਇਹਨਾਂ ਦਾ ਸਾਥ ਦਿੰਦਾ ਹੈ। ਲੰਮੇ ਸਮੇਂ ਤਕ ਇਹਨਾਂ ਦੇ ਭਾਣਜੇ ਸਵ: ਜਥੇਦਾਰ ਦਾਨ ਸਿੰਘ ਇਹਨਾਂ ਦੇ ਸਾਥੀ ਰਹੇ ਹਨ। ਜੋ ਗਾਇਨ ਅਤੇ ਢੋਲਕ ਵਜਾਉਣ ਵਿਚ ਮਾਹਰ ਸਨ। ਇਹਨਾਂ ਦੇ ਹੀ ਭਤੀਜੇ ਸੰਗੀਤਕਾਰ ਤੇ ਪਰਚਾਰਕ ਜਥੇਦਾਰ ਅਜੈਬ ਸਿੰਘ ਜਿਨ੍ਹਾਂ ਦੀ ਪੰਜ ਆਦਮੀਆਂ ਜਿੰਨੀ ਇਕਲਿਆਂ ਦੀ ਆਵਾਜ਼ ਹੈ ਇਹਨਾਂ ਦੇ ਜੱਥੇ ਦਾ ਸ਼ਿੰਗਾਰ ਹਨ।

ਜਥੇਦਾਰ ਗਿਆਨ ਸਿੰਘ ਗੁਰਬਾਣੀ ਗਾਇਨ ਵਿਚ ਗੁਰਬਾਣੀ ਦੇ ਪਰਮਾਨ ਦੇਣ ਵਿਚ ਜਵਾਬ ਨਹੀਂ। ਇਹਨਾਂ ਦਾ ਦੀਵਾਨ ਫਲਸਫਾ ਪਰਧਾਨ ਹੁੰਦਾ ਹੈ। ਗੁਰਬਾਣੀ ਦੀਆਂ ਬਾਰੀਕੀਆਂ ਬਹੁਤ ਸਾਦੇ ਸ਼ਬਦਾਂ ਵਿਚ ਜਦੋਂ ਦਸਦੇ ਹਨ ਤਾਂ ਬਦੋ ਬਦੀ ਸ੍ਰੋਤਾ ਸਿਰ ਹਿਲਾਉਂਦਾ ਹੈ। ਆਵਾਜ਼ ਦੀ ਸੀਮਾ ਸਭ ਸਪਤਕਾਂ ਪਾਰ ਕਰਦੀ ਹੈ। ਗਾਇਣ ਵਿਚ ਸੁਰਾਂ ਦਾ ਉਤਰਾ ਚੜਾਅ ਆਰਾਮ ਨਾਲ ਕਰਦੇ ਹਨ। ਸਾਧਾਰਨ ਬੰਦਿਆਂ ਨੂੰ ਰਾਗ ਦੀਆਂ ਬਾਰੀਕੀਆਂ ਨਾਲ ਆਪਣੇ ਨਾਲ ਗਵਾ ਲੈਂਦੇ ਹਨ। ਹੱਲੇ ਦੀਆਂ ਧਾਰਨਾ ਦੀ ਘਨਘੋਰ ਵੀ ਅਸਮਾਨ ਛੂੰਹਦੀ ਹੈ। ਸੰਗਤਾਂ ਦੇ ਹਰਮਨ ਪਿਆਰੇ ਜਥੇਦਾਰ ਹਨ। ਆਸਾ ਦੀ ਵਾਰ ਵੀ ਲਾ ਲੈਂਦੇ ਹਨ। ਜੇ ਦੋ ਜਣੇ ਕੀਰਤਨ ਕਰਨ ਤਦ ਵੀ ਠੀਕ ਤੇ ਜੇ ਦੋ ਸੌ ਬੰਦੇ ਨਾਲ ਹੋਣ ਤਦ ਵੀ। ਸਬਰ ਸੰਤੋਖ ਵਾਲੇ ਸੰਤ ਹਨ। ਨਾਮਧਾਰੀ ਮੇਲਿਆਂ ਵਿਚ ਹੋਲਿਆਂ ਮਹੱਲਿਆਂ ਵਿਚ ਸੰਗਤਾਂ ਬਹੁਤ ਚਾਅ ਨਾਲ ਇਹਨਾਂ ਨੂੰ ਸੁਣਦੀਆਂ ਹਨ।

ਜਥੇਦਾਰ ਨਿਰੰਜਨ ਸਿੰਘ ਦਾ ਦੀਵਾਨ ਗੜਗੱਜ ਹੱਲੇ ਦਾ ਦੀਵਾਨ ਹੁੰਦਾ ਹੈ। ਬਹੁਤ ਸੁਰੀਲੀ ਤੇ ਭਰਵੀਂ ਆਵਾਜ਼ ਹੈ। ਘੰਟੇ ਬਧੀ ਦੀਵਾਨ ਲਾ ਸਕਦੇ ਹਨ। ਇਹਨਾਂ ਦੇ ਜਥੇ ਨਾਲ ਭਰਪੂਰ ਸਾਜ ਵਜਦੇ ਹਨ। ਕਦੇ ਦੋ ਢੋਲਕਾਂ ਵੀ, ਛੈਣੇ ਅਤੇ ਖੜਤਾਲਾਂ ਵੀ। ਇਹਨਾਂ ਦੀਆਂ ਧਾਰਨਾਂ ਵਿਚ ਖਾਸ ਆਕਰਸ਼ਨ ਹੁੰਦਾ ਹੈ। ਡੂੰਘੇ ਅਰਥਾਂ ਵਾਲੀਆਂ ਸਿਧੀਆਂ ਸਾਦੀਆਂ ਗਲਾਂ ਕਰਦੇ ਹਨ। ਧਾਰਨ ਤੇ ਧਾਰਨ ਇਹਨਾਂ ਦੇ ਮੂੰਹੋਂ ਨਿਕਲਦੀ ਹੈ। ਪਰਸੰਗਾਂ ਵਿਚ ਕਵਿਤਾਵਾਂ ਅਤੇ ਗੁਰਬਾਣੀ ਦੇ ਪਰਮਾਣ ਦਿੰਦੇ ਹਨ। ਸਤਿਗੁਰੂ ਜੀ ਤੇ ਅਗਾਧ ਸ਼ਰਧਾ ਰਖਦੇ ਹਨ। ਕੁਦਰਤ ਨੇ ਇਹਨਾਂ ਨੂੰ ਸੁਰ ਦੀ ਦਾਤ ਬਖਸ਼ੀ ਹੈ ਅਨੰਦ ਮਈ ਦੀਵਾਨ ਲਾਉਂਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਸਮੇਂ ਜਥੇਦਾਰਾਂ ਦੀ ਇਕ ਲੰਮੀ ਲੜੀ ਹੈ ਜੋ ਰਾਤ ਦਿਨ ਦੀਵਾਨ ਸਜਾਉਂਦੀ ਹੈ। ਹੋਲਿਆਂ ਮੇਲਿਆਂ ਤੇ ਸਾਰੀ ਰਾਤ ਦੀਵਾਨ ਲਗਦੇ ਹਨ ਅਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਜੱਥੇ ਆ ਕੇ ਇਹਨਾਂ ਦਾ ਸਥਾਨ ਲੈਂਦੇ ਹਨ। ਸੂਬਾ ਮੇਲਾ ਸਿੰਘ, ਸੂਬਾ ਸੇਵਾ ਸਿੰਘ ਜਗਾਧਰੀ, ਨਰੰਜਣ ਸਿੰਘ ਸੰਤ ਨਗਰ ਆਦਿ ਦੌਰਿਆਂ ਤੇ ਨਾਲ ਜਾਂਦੇ ਹਨ। ਬਾਬਾ ਛਿੰਦਾ ਸਿੰਘ ਜੀ ਮੁਹਾਵੇ ਵਾਲਿਆਂ ਦਾ ਤਗੜਾ ਜੱਥਾ ਹੈ। ਬਾਬਾ ਜੀ ਦੀ ਵੈਰਾਗਮਈ ਸ਼ੈਲੀ ਦਾ ਦੀਵਾਨ ਮਸਤਾਨੇ ਕਰ ਦਿੰਦਾ ਹੈ।

ਨਾਮਧਾਰੀ ਪੰਥ ਵਿਚ ਕਾਮਧੇਨ ਗਊਆਂ ਦੇ ਵਗ ਫਿਰਦੇ ਹਨ। ਪਿੰਡ ਪਿੰਡ ਸ਼ਹਿਰ ਸ਼ਹਿਰ ਵਧੀਆ ਕੀਰਤਨ ਕਰਨ ਵਾਲੇ ਜਥੇਦਾਰ ਹਨ ਜਿਨ੍ਹਾਂ ਦੇ ਨਾਮ ਥਾਂਵ ਤਾਂ ਕਿਸੇ ਅਗਲੇ ਮਜ਼ਮੂਨ ਵਿਚ ਆ ਸਕਣਗੇ-ਲੇਖ ਅਗੇ ਹੀ ਲੰਬਾ ਹੋ ਗਿਆ ਹੈ।

ਪਰ ਫੇਰ ਵੀ ਜ਼ਿਕਰ ਅਧੂਰਾ ਰਹੇਗਾ ਜੇ ਇਸ ਸਮੇਂ ਦੀ ਮਾਨਯੋਗ ਹਸਤੀ ਸੰਤ ਸੇਵਾ ਸਿੰਘ ਦਿਲੀ ਦਾ ਜ਼ਿਕਰ ਨਾ ਕੀਤਾ ਜਾਵੇ। ਆਧੁਨਿਕ ਪਰਚਾਰ ਕਲਾ ਵਿਚ ਜਥੇਦਾਰ ਜੀ ਮੋਹਰੀ ਹਨ। ਆਪ ਦੇ ਲੈਕਚਰ ਵਿਚ ਵਿਸ਼ੇਸ਼ ਖਿੱਚ ਹੈ। ਗੁਰਬਾਣੀ ਦੇ ਫਲਸਫੇ ਨੂੰ ਨਿਖਾਰ ਕੇ ਪੇਸ਼ ਕਰਦੇ ਹਨ ਅਤੇ ਆਪਣੇ ਮਜ਼ਮੂਨ ਦੀ ਪ੍ਰੋੜਤਾ ਵਿਚ ਪਰਮਾਣਾਂ ਦੀ ਝੜੀ ਲਾ ਦਿੰਦੇ ਹਨ। ਬਿਲਕੁਲ ਸਪਸ਼ਟ

Namdhari Elibrary NamdhariElibrary@gmail.com

ਭਾਸ਼ਨ ਹੁੰਦਾ ਹੈ ਜਿਵੇਂ ਪੁਸਤਕ ਤੋਂ ਪੜ੍ਹ ਰਹੇ ਹੋਣ। ਸੁਰ ਨਾ ਬਹੁਤੀ ਉਚੀ ਨਾ ਨੀਵੀਂ। ਪੂਰੀ ਨਿਯੰਤਰਨ ਵਿਚ ਅਤੇ ਪੂਰਨ ਅਧਿਕਾਰ ਨਾਲ ਗਲ ਕਰਦੇ ਹਨ। ਢੋਲਕ ਛੈਣੇ ਲੋੜ ਅਨੁਸਾਰ ਵਜਵਾਉਂਦੇ ਹਨ। ਖੁਦ ਬੈਠ ਕੇ ਹਾਰਮੋਨੀਅਮ ਨਾਲ ਕੀਰਤਨ ਕਰਨਾ ਪਸੰਦ ਕਰਦੇ ਹਨ। ਨਵੇਂ ਯੁਗ ਦੇ ਵਿਆਖਿਆਕਾਰ ਹਨ। ਅਧਿਐਨ ਵੀ ਬਹੁਤ ਹੈ।

ਸੰਤ ਅਮਰ ਸਿੰਘ ਨਕੌੜਾ ਦੀ ਨਵੇਕਲੀ ਸ਼ੈਲੀ ਹੈ। ਆਪ ਬਹੁਤ ਵਧੀਆ ਕਵੀ ਹਨ। ਇਤਿਹਾਸ ਦੇ ਜਾਣੂ ਤੇ ਵਿਆਖਿਆਕਾਰ। ਗੀਤ ਰਚਦੇ ਅਤੇ ਪੜ੍ਹਦੇ ਹਨ ਸਾਜ਼ ਬਹੁਤ ਘਟ ਆਵਾਜ਼ ਚ ਰਖਦੇ ਹਨ।

ਨਵੀਨ ਪੀੜੀ ਵਿਚੋਂ ਜਥੇਦਾਰ ਗੁਰਦੀਪ ਸਿੰਘ ਜਥੇਦਾਰ ਇਕਬਾਲ ਸਿੰਘ ਨੌਜਵਾਨ ਪੀੜੀ ਦੇ ਪ੍ਰਤਿਨਿਧ ਜਥੇਦਾਰ ਹਨ। ਗੁਰਦੀਪ ਸਿੰਘ ਪੰਡਿਤ ਗੌਪਾਲ ਸਿੰਘ ਜੀ ਦੇ ਸ਼ਾਗਿਰਦ ਹਨ। ਇਕਬਾਲ ਸਿੰਘ ਜੀ ਨੇ ਬਾਕਾਇਦਾ ਸ਼ਾਸਤਰੀ ਸੰਗੀਤ ਦੀ ਸਿਖਿਆ ਵੀ ਲਈ ਹੈ ਜਥੇਦਾਰ ਗਿਆਨ ਸਿੰਘ ਤੇ ਪੰਡਿਤ ਗੋਪਾਲ ਸਿੰਘ ਤੋਂ ਮਾਰਗ ਦਰਸ਼ਨ ਪ੍ਰਾਪਤ ਕੀਤਾ ਹੈ। ਵਿਆਖਿਆ ਅਤੇ ਗਾਇਣ ਵਿਚ ਆਕਰਸ਼ਨ ਰਖਦੇ ਹਨ।

ਇਕ ਹੋਰ ਪਰਚਾਰਕਾਂ ਦੀ ਟੋਲੀ ਹੈ ਕਵੀਸ਼ਰ ਜੱਥੇ ਇਹ ਬਗੈਰ ਕਿਸੇ ਸਾਜ਼ ਦੇ ਕਵੀਸ਼ਰੀ ਨਾਲ ਪਰਸੰਗ ਸੁਣਾਉਂਦੇ ਹਨ। ਸੂਬਾ ਬਹਾਲ ਸਿੰਘ ਜੀ ਦਾ ਇਸ ਖੇਤਰ ਵਿਚ ਬਹੁਤ ਨਾਮ ਰਿਹਾ ਹੈ। ਅੱਜ ਕਲ ਸੰਤ ਜੀਊਣ ਸਿੰਘ ਦਾ ਜੱਥਾ ਬਹੁਤ ਪਰਸਿਧ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਨੂੰ ਕਾਵਿ ਭੂਸ਼ਣ ਦੀ ਉਪਾਧੀ ਨਾਲ ਸਨਮਾਨਤ ਕੀਤਾ ਹੈ। ਲੈਕਚਰ ਕਮਾਲ ਦੇ ਢੰਗ ਨਾਲ ਬਹੁਤ ਟਿਕ ਕੇ ਕਰਦੇ ਹਨ। ਸਵਿੰਦਰ ਸਿੰਘ ਰਵੇਲ ਸਿੰਘ ਇਹਨਾਂ ਦੇ ਸਾਥੀ ਹਨ। ਧਾਰਮ ਤੇ ਸਮਾਜਕ ਵਿਸ਼ਿਆਂ ਤੇ ਬੋਲਦੇ ਹਨ। ਤਰਨੁਮ ਵਿਚ ਗਾਈਆਂ ਕਾਵਿ ਰਚਨਾਵਾਂ ਸ੍ਰੋਤਿਆਂ ਨੂੰ ਧੂਹ ਪਾਉਂਦੀਆਂ ਹਨ। ਇਹਨਾਂ ਦੀ ਕਾਮਨਾ ਹੈ:-

ਸੁਖ ਸਹਜ ਸਦਾ ਰਸ ਰੰਗ ਰਹੇ,
ਸ਼ੁਭ ਕਰਨੀ ਉੱਚ ਆਚਾਰ ਹੋਵੇ।
ਮੇਹਰਾਂ ਦੀ ਵਰਖਾ ਕਰ ਦਾਤਾ,
ਮੇਰੀ ਕਾਵਿ ਬਸੰਤ ਬਹਾਰ ਹੋਵੇ।

ਸੰਤ ਬਲਵੰਤ ਸਿੰਘ ਡਾਲਟਨਗੰਜ , ਸੰਤ ਬਲਵੰਤ ਸਿੰਘ ਕਪੂਰਾ, ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਨਿਰੰਜਨ ਸਿੰਘ ਕੰਗ ਟਮਕੌਦੀ, ਉਹਨਾਂ ਜ਼ਿਕਰ ਯੋਗ ਨਾਵਾਂ ਵਿਚੋਂ ਹਨ ਜਿਹੜੇ ਦੀਵਾਨਾਂ ਨਾਲ ਸੰਗਤਾਂ ਨੂੰ ਕ੍ਰਿਤਾਰਥ ਕਰਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਬੱਚੇ ਵੀ ਪੁਰਾਤਨ ਜਥੇਦਾਰਾਂ ਦੀਆਂ ਸ਼ੈਲੀਆਂ ਵਿਚ ਦੀਵਾਨ ਲਾ ਕੇ ਇਹਨਾਂ ਕੀਰਤਨ ਢੰਗਾਂ ਨੂੰ ਸੁਰਜੀਤ ਰਖ ਰਹੇ ਹਨ। ਇਹਨਾਂ ਵਿਚ ਬਹੁਤ ਵਧੀਆ ਢੋਲਕ ਦੇ ਵਜੰਤਰੀ ਹਨ। ਹੋਲਿਆਂ ਮੇਲਿਆਂ ਤੇ ਇਹਨਾਂ ਦਾ ਦੀਵਾਨ ਵਿਸ਼ੇਸ਼ ਖਿੱਚ ਰਖਦਾ ਹੈ।

ਸਰਬ ਹਿੰਦ ਨਾਮਧਾਰੀ ਵਿਦਿਅਕ ਜਥਿਆਂ ਦੇ ਸਾਲਾਨਾ ਸਮਾਗਮਾਂ ਵਿਚ ਨੌਜਵਾਨ ਬੱਚਿਆਂ ਅਤੇ ਬੀਬੀਆਂ ਦੇ ਜਥਿਆਂ ਦੇ ਹੱਲੇ ਦੇ ਦੀਵਾਨ ਦੇ ਮੁਕਾਬਲੇ ਇਕ ਸਾਰਥਕ ਯਤਨ ਹੈ ਜਿਸ ਨਾਲ ਇਹ ਕੀਰਤਨ ਕਰਨ ਦੀ ਪਰੰਪਰਾ ਜੀਵਤ ਰਹਿ ਸਕੀ ਹੈ ਅਤੇ ਅਗੇ ਵੀ ਵਧ ਰਹੀ ਹੈ।

ਲੋਕ ਗੀਤਾਂ ਵਿਚ ਕੂਕਿਆਂ ਦੇ ਘਰ ਦੀ ਨਿਸ਼ਾਨੀ ਮਿਥੀ ਗਈ ਹੈ, "ਉਹ ਘਰ ਕੂਕਿਆਂ ਦਾ ਜਿਥੇ ਵਜਦੇ ਢੋਲਕੀ ਛੈਣੇ"। ਘਰ ਘਰ ਪਿੰਡ ਪਿੰਡ ਵਿਚ ਇਹ ਢੋਲਕ ਛੈਣੇ ਵਜਦੇ ਰਹੇ ਹਨ।

ਨਾਮਧਾਰੀਆਂ ਦੇ ਢੋਲਕ ਛੈਣੇ ਭਗਤੀ ਦੀ ਪਰੰਪਰਾ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਵਖਰੀ ਪਛਾਣ ਰਖਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਢੋਲਕ ਵਿਚ ਉਹ ਰਸ ਭਰਿਆ ਹੈ ਜੋ ਸਭ ਨੂੰ ਮੁਗਧ ਕਰਦਾ ਹੈ। ਢੋਲਕ ਵਜਦੀ ਰਹੀ ਹੈ, ਵਜਦੀ ਰਹੇਗੀ।

■

■ ਨਿਰੰਜਨ ਸਿੰਘ ਨੂਰ, ਇੰਗਲੈਂਡ

ਕੁਰਬਾਨ ਕੂਕਿਆਂ ਤੋਂ:

ਫਿਰ ਕੂਕੇ ਕੂਕੇ ਸੱਚ ਲਈ ਉਹ ਰੋਹ ਵਿਚ ਆਏ।
ਸ੍ਵਦੇਸ਼ੀ ਤੇ ਸ੍ਵਰਾਜ ਦੇ ਪੈਗਾਮ ਲਿਆਏ।
ਉਨ੍ਹਾਂ ਬਾਈਕਾਟ ਫਰੰਗੀਆਂ ਦੇ ਸੈ ਕਰਵਾਏ।
ਤੇ ਬੁੱਚੜ ਹੱਥੋਂ ਗਊ ਦੇ ਸੀ ਪ੍ਰਾਣ ਬਚਾਏ।

ਉਹ ਤੋਪਾਂ ਮੂਹਰੇ ਧਰ ਲਏ ਬੁੱਚੜ ਦੀ ਮਾਂ ਨੇ।
ਪਰ ਮੌਤ ਨੂੰ ਸੀ ਲਲਕਾਰਦੇ ਯੋਧੇ ਦੀਵਾਨੇ।
ਤੱਕ ਸ਼ਮ੍ਹਾਂ ਸਦਕੜੇ ਜਾਂਵਦੀ ਐਸੇ ਪਰਵਾਨੇ।
ਉਹ ਜਿਵੇਂ ਬਣਾਏ ਸੀ ਕਿਸੇ ਖ਼ੁੱਦਾਰ ਖ਼ੁਦਾ ਨੇ।

ਇਕ ਨਿੱਕਾ ਸਿੰਘ ਗਭਰੂਟ ਸੀ ਸੂਰਾ ਧੁਰ ਤਾਣੀ।
ਉਹ ਨੱਢਾ ਅਜੇ ਨਾ ਜਾਪਦਾ ਤੋਪਾਂ ਦਾ ਹਾਣੀ।
ਉਹਦੀ ਰੂਹ ਨੂੰ ਰੰਗ ਮਜੀਠ ਦਾ ਚੜ੍ਹਿਆ ਸੀ ਪੱਕਾ।
ਉਸ ਪੈਰਾਂ ਥੱਲੇ ਚਿਣ ਲਿਆ ਇੱਟਾਂ ਦਾ ਚੱਕਾ।

ਫਿਰ ਅੱਖ ਮਾਰ ਕੇ ਤੋਪ ਨੂੰ ਖੰਘੂਰਾ ਮਾਰੇ:
'ਮੈਂ ਹੋਇਆ ਤੇਰੇ ਹਾਣ ਦਾ, ਆ ਜਾ ਮੁਟਿਆਰੇ।
ਕਰ ਜੋ ਕੁਝ ਕਰਨਾ ਸੰਗ ਨਾ ਕਹਿ ਜੋ ਕੁਝ ਕਹਿਣਾ।
ਮੈਂ ਆਜ਼ਾਦੀ ਸੰਗਰਾਮ ਵਿਚ ਫਾਡੀ ਨਹੀਂ ਰਹਿਣਾ।

ਇਸ ਅੱਗ ਦੇ ਸਾਗਰ ਵਿਚ ਵੀ ਜੈ-ਕਾਰੇ ਗੂੰਜੇ।
ਤੇ ਆਜ਼ਾਦੀ ਦੇ ਅੱਥਰੂ ਪੈਣਾਂ ਨਾ ਪੂੰਝੇ।
ਫਿਰ ਫਾਂਸੀ ਜੇਲਾਂ, ਕੁਰਕੀਆਂ ਤੇ ਕਾਲੇ ਪਾਣੀ।
ਸੈ ਹੋਰ ਤਸੀਹੇ ਸਹਿ ਗਏ ਮਰਦੇ ਦਮ ਤਾਣੀ।।

Namdhari Elibrary NamdhariElibrary@gmail.com



■ ਅਮਰ ਭਾਰਤੀ

ਫਿਰੰਗੀ ਫਰਾਂਸੀਸੀ ਬਾਰੇ ਪੰਜਾਬ ਤੇ ਬੰਗਾਲ ਦੀ ਦ੍ਰਿਸ਼ਟੀ

ਜਿਸ ਫਿਰੰਗੀ (ਅੰਗ੍ਰੇਜ਼ਾਂ) ਨੇ ਹਿੰਦੁਸਤਾਨ ਸਮੇਤ ਦੁਨੀਆਂ ਦੇ ਵੱਡੇ ਹਿੱਸੇ ਨੂੰ ਗੁਲਾਮ ਬਣਾਇਆ ਸੀ– ਉਸ ਫਿਰੰਗੀ ਦੇ ਵੰਸ਼, ਜਨਮ, ਸੁਭਾਅ, ਧਰਮ, ਸੰਸਕ੍ਰਿਤੀ ਤੇ ਜਗਤ ਪਸਾਰੇ ਬਾਰੇ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਜੋ ਬਚਨ ਉਚਾਰੇ ਸਨ ਉਨ੍ਹਾਂ ਬਾਰੇ ਦਿਲਚਸਪ ਜਾਣਕਾਰੀ ਇਸ ਲੇਖ ਵਿਚ ਦਿੱਤੀ ਗਈ ਹੈ। ਅਤੇ ਇਹ ਜਾਣਕਾਰੀ ਉਸ ਜਾਣਕਾਰੀ ਨਾਲੋਂ ਵੱਖਰੀ ਤਰ੍ਹਾਂ ਦੀ ਹੈ– ਜੋ ਸਾਨੂੰ ਆਮ ਇਤਿਹਾਸ ਵਿਚੋਂ ਮਿਲਦੀ ਹੈ।

ਫਿਰੰਗੀ ਪਹਿਲਾਂ ਬੰਗਾਲ ਵਿਚ ਆਏ ਤੇ ਫਿਰ ਪੰਜਾਬ ਵਿਚ। ਬੰਗਾਲੀਆਂ ਅਤੇ ਪੰਜਾਬੀਆਂ (ਸਿੱਖਾਂ) ਨੇ ਫਿਰੰਗੀ ਦੇ ਪ੍ਰਤੀ ਕਿਹੋ ਜਿਹਾ ਵਤੀਰਾ ਧਾਰਨ ਕੀਤਾ, ਫਿਰੰਗੀ ਦੇ ਸਾਹਿਤ, ਸੰਸਕ੍ਰਿਤੀ ਤੇ ਧਰਮ ਕੋਲੋਂ ਕਿਸ ਨੇ ਕੀ ਸਿੱਖਿਆ ਅਤੇ ਉਸ ਦੀ ਕੁਟਿਲ ਨੀਤੀ ਦਾ ਕਿਸ ਨੇ ਵਿਰੋਧ ਕੀਤਾ ਤੇ ਕਿਸ ਨੇ ਉਸ ਨਾਲ ਮੋਹ ਪਾ ਲਿਆ– ਉਹ ਸਭ ਅੱਜ ਇਤਿਹਾਸ ਦਾ ਹਿੱਸਾ ਹੈ। ਪਰ ਬੰਗਾਲ ਤੇ ਪੰਜਾਬ ਦੇ ਫਿਰੰਗੀ ਪ੍ਰਤੀ ਰਵੱਈਏ ਨੇ ਬੰਗਾਲ ਤੇ ਪੰਜਾਬ ਦੇ ਭਵਿੱਖ ਨੂੰ ਜਿਵੇਂ ਉੱਕਰਿਆ–ਉਹ ਸਾਡੇ ਤੁਲਨਾਮੂਲਕ 'ਵਰਤਮਾਨ' ਦੇ ਰੂਪ ਵਿਚੋਂ ਪਰੱਤਖ ਹੋ ਰਿਹਾ ਹੈ।

ਉਨ੍ਹੀਂਵੀਂ ਸਦੀ ਵਿਚ ਪੰਜਾਬ ਅਤੇ ਬੰਗਾਲ ਵਿਚ ਫਿਰੰਗੀਆਂ ਅਰਥਾਤ ਅੰਗ੍ਰੇਜ਼ਾਂ ਦੇ ਪ੍ਰਤੀ ਕੀ ਰਵੱਈਆ ਅਪਣਾਇਆ ਗਿਆ ਇਸ ਉਪਰ ਵਿਚਾਰ ਤੋਂ ਪਹਿਲਾਂ 'ਫਿਰੰਗੀ' ਬਾਰੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਤੋਂ ਇਕ ਪਿੱਛਲ ਝਾਤ ਪਾ ਲੈਣੀ ਮੁਨਾਸਿਬ ਹੋਵੇਗੀ।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ ਜਿਨ੍ਹਾਂ ਚੌਵੀ ਅਵਤਾਰਾਂ ਦੀ ਕਥਾ ਲਿਖੀ ਹੈ ਓਹਨਾਂ ਵਿਚ ਪੰਦ੍ਰਵਾਂ ਅਵਤਾਰ ਅਰਹੰਤ ਦੇਵ ਹੋਇਆ ਹੈ। ਅਰਹੰਤ ਦੇਵ ਦੀ ਕਥਾ ਕੁਝ ਇਸ ਪ੍ਰਕਾਰ ਹੈ:–

ਦੇਵਾਂ ਤੇ ਦੈਂਤਾਂ ਜਾਂ ਸੁਰਾਂ ਅਤੇ ਅਸੁਰਾਂ ਦਾ ਆਪਸ ਵਿਚ ਆਦਿ ਜੁਗਾਦੀ ਵੈਰ ਰਿਹਾ ਹੈ। ਇਹਨਾਂ ਦੀਆਂ ਆਪਸੀ ਲੜਾਈਆਂ ਪੌਰਾਣਿਕ ਸਾਹਿਤ ਦਾ ਖ਼ਾਸ ਹਿੱਸਾ ਹਨ। ਉਸ ਸਾਹਿਤ ਅਨੁਸਾਰ ਭਗਵਾਨ ਹਮੇਸ਼ਾਂ ਅਵਤਾਰ ਧਾਰ ਕੇ ਦੇਵਤਿਆਂ ਦੀ ਸਿੱਧੀ ਸਹਾਇਤਾ ਕਰਦੇ ਤੇ ਦੈਂਤਾ ਦਾ ਨਾਸ ਕਰਦੇ ਆਏ ਹਨ।

ਪਰ ਪੰਦ੍ਰਵੇਂ ਅਵਤਾਰ ਅਰਹੰਤ ਦੇਵ ਵੇਲੇ ਭਗਵਾਨ ਨੇ ਕੁਝ ਇਸ ਤਰ੍ਹਾਂ ਦੇਵਤਿਆਂ ਦੀ ਮਦਦ ਕੀਤੀ ਜੋ ਪੁਰਾਣੀ ਲੀਕ ਤੋਂ ਹਟ ਕੇ ਸੀ।

ਇਕ ਸਮੇਂ ਪਹਿਲਾਂ ਵਾਂਗ ਹੀ ਦੈਂਤਾਂ ਨੇ ਦੇਵਤਿਆਂ ਦੀ ਅਮਰਾ ਪੁਰੀ ਉਪਰ ਕਬਜ਼ਾ ਕਰ ਲਿਆ। ਕਬਜ਼ਾ ਕਰਨ ਤੇ ਸੋਚਿਆ ਕਿ ਦੇਵਤੇ ਹਮੇਸ਼ਾ ਭਗਵਾਨ ਦੀ ਮਦਦ ਨਾਲ ਸਾਡਾ ਇਹ ਕਬਜ਼ਾ ਛੁਡਾ ਦੇਂਦੇ ਨੇ, ਸੋ ਕੁਝ ਐਸਾ ਉਪਾਅ ਕਰੀਏ, ਜਿਸ ਨਾਲ ਅਸੀਂ ਹਮੇਸ਼ਾਂ ਲਈ ਅਮਰਾ ਪੁਰੀ ਉਪਰ ਕਾਬਜ਼ ਰਹਿ ਸਕੀਏ। ਸਲਾਹ ਮਸ਼ਵਰੇ ਲਈ ਦੈਂਤ ਆਪਣੇ ਗੁਰੂ ਸ਼ੁੱਕਰਾਚਾਰੀਯ ਕੋਲ ਗਏ ਤੇ ਆਪਣੀ ਗੱਲ ਦੱਸੀ।

ਗੁਰੂ ਨੇ ਕਿਹਾ, ਹੇ ਦਾਨਵੋ! ਤੁਸਾਂ ਹੁਣ ਤੱਕ ਗੱਲ ਨਹੀ ਸਮਝੀ। ਦੇਵਤੇ ਹਮੇਸ਼ਾ ਯੱਗ ਕਰਦੇ ਨੇ, ਧਰਮ ਕਰਮ ਕਰਦੇ ਨੇ। ਮੰਤ੍ਰਾਂ ਦਾ ਪਾਠ ਕਰਦੇ ਨੇ, ਸ਼ਿਖਾ (ਬੋਦੀ) ਰੱਖਦੇ ਨੇ, ਯੱਗ ਵਿਚ ਬਲੀ ਦੇਂਦੇ ਨੇ,-ਇਸ ਲਈ ਉਹ ਭਗਵਾਨ ਦੇ ਪਿਆਰੇ ਨੇ ਤੇ ਭਗਵਾਨ ਉਨ੍ਹਾਂ ਦੀ ਮਦਦ ਕਰਦੇ ਨੇ। ਤੁਸੀਂ ਉਹ ਸਾਰੇ ਕੰਮ ਕਰੋ ਜੋ ਦੇਵਤੇ ਕਰਦੇ ਨੇ, ਤਾਂ ਭਗਵਾਨ ਤੁਹਾਡੇ ਖ਼ਿਲਾਫ ਵੀ ਨਹੀਂ ਹੋਣਗੇ। ਫਿਰ ਤੁਹਾਨੂੰ ਕੋਈ ਖ਼ਤਰਾ ਨਹੀਂ ਰਹੇਗਾ।

ਦੈਂਤਾਂ ਨੇ ਗੁਰੂ ਦੀ ਸਲਾਹ ਮੰਨ ਕੇ ਉਹ ਸਾਰੇ ਕੰਮ ਸ਼ੁਰੂ ਕਰ ਦਿੱਤੇ ਜੋ ਦੇਵਤੇ ਕਰਦੇ ਸਨ। ਇਹ ਵੇਖ ਕੇ ਦੇਵਤਿਆਂ ਦੀ ਜਮਾਤ ਵਿਚ ਮਾਤਮ ਛਾ ਗਿਆ। ਉਨ੍ਹਾਂ ਦੇ ਪੈਰਾਂ ਹੇਠੋਂ ਧਰਤੀ ਖਿਸਕਣ ਲਗੀ। ਸੋ ਤਰਾਸ ਦੇ ਮਾਰੇ ਦੇਵਤੇ ਭਗਵਾਨ ਕੋਲ ਗਏ ਤੇ ਰੱਖਿਆ ਦੀ ਪੁਕਾਰ ਕੀਤੀ।

ਭਗਵਾਨ ਨੇ ਸਾਰੀ ਵਿਥਿਆ ਸੁਣ ਕੇ ਕਿਹਾ–ਤਾਂ ਮੈਂ ਇਸ ਵਾਰ ਦੈਂਤਾਂ ਦੀ ਕੁਲ ਵਿਚ ਅਵਤਾਰ ਧਾਰਾਂਗਾ। ਦੈਂਤਾਂ ਦੇ ਗੁਰੂ ਨੇ ਉਨ੍ਹਾਂ ਨੂੰ ਜਿਸ ਧਰਮ ਕਰਮ ਵਿਚ ਲਗਾਇਆ ਹੈ-ਉਸ ਤੋਂ ਹਟਾਵਾਂਗਾ। ਜਦੋਂ ਉਹ ਧਰਮ ਕਰਮ ਤੋਂ ਹਟ ਜਾਣਗੇ-ਓਦੋਂ ਉਹ ਕਮਜ਼ੋਰ ਪੈ ਜਾਣਗੇ। ਫਿਰ ਤੁਹਾਡੇ ਲਈ ਓਹਨਾਂ ਨੂੰ ਜਿੱਤਣਾ ਔਖਾ ਨਹੀਂ ਰਹੇਗਾ।

ਸੋ ਭਗਵਾਨ ਨੇ 'ਅਰਹੰਤ ਦੇਵ' ਦੇ ਰੂਪ ਵਿਚ ਦੈਂਤਾਂ ਦੀ ਕੁਲ ਵਿਚ ਅਵਤਾਰ ਧਾਰਿਆ। ਓਹਨਾਂ ਨੂੰ ਧਰਮ-ਕਰਮ ਛੱਡਣ ਦੀ ਪ੍ਰੇਰਨਾ ਦਿੱਤੀ। ਆਪਣੇ ਆਦਿ ਜੁਗਾਦੀ ਸੰਸਕਾਰਾਂ ਵੱਲੋਂ ਅਧਰਮੀ ਮੰਨੇ ਜਾਂਦੇ

Namdhari Elibrary NamdhariElibrary@gmail.com

ਦੈਂਤਾਂ ਦੇ ਓਹੋ ਪੁਰਾਣੇ ਸੰਸਕਾਰ ਤੁਰੰਤ ਜਾਗ ਪਏ ਤੇ ਓਹਨਾਂ ਨੇ ਧਰਮ-ਕਰਮ ਛਡ ਕੇ ਅਪਣਾ ਪੁਰਾਣਾ ਕਸਬ ਅਪਣਾ ਲਿਆ। ਇਸ ਕਾਰਨ ਉਹ ਕਮਜ਼ੋਰ ਹੋ ਗਏ ਤੇ ਦੇਵਤਿਆਂ ਕੋਲੋਂ ਹਾਰ ਗਏ। ਦੇਵਤਿਆਂ ਨੇ ਫਿਰ ਆਪਣੀ ਅਮਰਾ ਪੁਰੀ ਉਪਰ ਦਖ਼ਲ ਹਾਸਿਲ ਕਰ ਲਿਆ।

• ਫਿਰੰਗੀ ਦਾ ਜਨਮ

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰਸੰਗ ਨੂੰ ਦਸਮ ਗ੍ਰੰਥ ਵਿਚ ਏਥੋਂ ਤਕ ਹੀ ਲਿਖਿਆ ਹੈ। ਪਰ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗ੍ਰੰਥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਦੇ ਅੰਸੂ ਛੱਤੀ, ਰਿਤੂ ਤਿੰਨ ਤੇ ਪੰਨਾ ੫੧੨੮ ਵਿਚ ਇਸ ਪ੍ਰਸੰਗ ਨੂੰ ਕਾਫ਼ੀ ਵਧਾ ਕੇ ਲਿਖਿਆ ਹੈ। ਭਾਈ ਸਾਹਿਬ ਨੇ ਆਪਣੇ ਗ੍ਰੰਥ ਵਿਚ ਇਸ ਪ੍ਰਸੰਗ ਦਾ ਅਧਾਰ 'ਸੌ ਸਾਖੀ' ਦੇ ਉਹਨਾਂ ਭਵਿਖਤ ਵਾਕਾਂ ਨੂੰ ਬਣਾਇਆ ਹੈ-ਜੋ ਭਾਈ ਸਾਹਿਬ ਦੇ ਕਥਨ ਅਨੁਸਾਰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖ਼ਾਰਬਿੰਦ ਤੋਂ ਭਾਈ ਹੁਸ਼ਨਾਕ ਸਿੰਘ ਜੀ ਨੂੰ ਸੁਣਾਏ ਸਨ। ਫਿਰ ਭਾਈ ਹੁਸ਼ਨਾਕ ਸਿੰਘ ਜੀ ਨੇ ਭਾਈ ਕੁਇਰ ਸਿੰਘ ਜੀ ਨੂੰ ਸੁਣਾਏ ਅਤੇ ਭਾਈ ਕੁਇਰ ਸਿੰਘ ਜੀ ਨੇ ਅਗੋਂ ਕਿਸੇ ਲਿਖਾਰੀ ਕੋਲੋਂ ਲਿਖਵਾਏ। ਇਹਨਾਂ ਭਵਿਖਤ ਵਾਕਾਂ ਨੂੰ 'ਰਤਨਮਾਲਾ' ਵੀ ਆਖਿਆ ਜਾਂਦਾ ਹੈ ਤੇ ਸੌ ਸਾਖੀ ਵੀ। ਇਸ 'ਸੌ ਸਾਖੀ' ਦੇ ਕਿਸੇ ਉਤਾਰੇ ਨੂੰ ਪੜ੍ਹ ਕੇ ਭਾਈ ਸੰਤੋਖ ਸਿੰਘ ਜੀ ਨੇ, ਜੋ ਪਰਸੰਗ ਲਿਖਿਆ ਉਹ ਕਾਫ਼ੀ ਲੰਮਾ ਹੈ। ਅਸੀਂ ਏਥੇ ਉਸ ਦਾ ਹਵਾਲਾ ਓਸ ਥਾਂ ਤੋਂ ਪੜ੍ਹ ਰਹੇ ਹਾਂ ਜਿਥੇ ਦਵਾਪਰ ਜੁਗ ਦੇ ਅੰਤ ਤੇ ਦੇਵਾਂ ਤੇ ਦੈਂਤਾਂ ਦੇ ਆਪਸੀ ਸੰਘਰਸ਼ ਦੇ ਸੰਦਰਭ ਵਿਚ 'ਭ੍ਰਿਗੂ ਵੰਸ਼' ਦੇ 'ਭਾਰਗਵ' ਦਾ ਜ਼ਿਕਰ ਆਉਂਦਾ ਹੈ। 'ਭਾਰਗਵ' 'ਭ੍ਰਿਗੂ' ਰਿਸ਼ੀ ਦਾ ਪੁੱਤਰ ਹੈ ਤੇ ਉਸ ਦਾ ਪ੍ਰਸਿੱਧ ਨਾਮ ਸ਼ੁੱਕ੍ਰਾਚਾਰੀਯ ਹੈ ਜੋ ਕਿ ਦੈਂਤਾਂ ਦਾ ਗੁਰੂ ਹੈ। ਭਾਈ ਸੰਤੋਖ ਸਿੰਘ ਜੀ ਨੇ ਉਸ ਦਾ ਨਾਮ 'ਭਾਰਗਵ ਮੌਡੀ' ਲਿਖਿਆ ਹੈ। 'ਮੌਡੀ' ਦਾ ਅਰਥ ਭਾਈ ਵੀਰ ਸਿੰਘ ਜੀ ਨੇ ਸੂਰਜ ਪ੍ਰਕਾਸ਼ ਦੇ ਟੀਕੇ ਵਿਚ 'ਮੁੰਡਾ' ਲਿਖਿਆ ਹੈ- ਭ੍ਰਿਗੂ ਦਾ ਪੁੱਤਰ ਜਾਂ ਮੁੰਡਾ ਭਾਰਗਵ ਮੌਡੀ। ਇਸ ਪ੍ਰਸੰਗ ਦਾ ਸਿਰਲੇਖ ਹੈ- *ਹੁਸ਼ਨਾਕ ਸਿੰਘ।*

• ਹੁਸ਼ਨਾਕ ਸਿੰਘ

ਇਸ ਪ੍ਰਸੰਗ ਅਨੁਸਾਰ ਦੈਂਤ ਦੇਵਤਿਆਂ ਕੋਲੋਂ ਹਾਰ ਜਾਂਦੇ ਹਨ। ਸੁਣ ਕੇ ਉਨ੍ਹਾਂ ਦਾ ਗੁਰੂ 'ਮੌਡੀ' ਅਰਥਾਤ ਸ਼ੁੱਕਰਾਚਾਰੀਯ ਉਨ੍ਹਾਂ ਕੋਲ ਜਾਂਦਾ ਹੈ ਤੇ ਆਖਦਾ ਹੈ ਕਿ ਮੈਂ ਘੋਰ ਤਪ ਕਰਕੇ ਤੁਹਾਡਾ ਰਾਜ ਫੇਰ ਤੁਹਾਨੂੰ ਦਿਵਾਵਾਂਗਾ। ਪਰ ਤੁਸੀਂ ਵੀ ਇਕ ਕੰਮ ਕਰੋ ਕਿ ਆਪਣਾ ਆਚਰਨ ਤੇ ਵਤੀਰਾ ਬਦਲ ਕੇ ਦੇਵਤਿਆਂ ਵਾਲਾ ਆਚਰਨ ਧਾਰਨ ਕਰੋ। ਧਰਮ-ਕਰਮ ਕਰੋ, ਯੱਗ ਕਰੋ, ਮੰਤ੍ਰਾਂ ਦਾ ਜਪ ਤੇ ਪਾਠ ਕਰੋ। ਸ਼ਿਖਾ ਰਖੋ। ਇਕ ਤਰ੍ਹਾਂ ਉਸ ਨੇ ਉਹ ਸਾਰੀਆਂ ਗੱਲਾਂ ਆਖੀਆਂ ਜੋ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ 'ਅਰਹੰਤ ਦੇਵ' ਦੇ ਪ੍ਰਸੰਗ ਸਵਿਚ ਆਖੀਆਂ ਗਈਆਂ ਹਨ। ਦੈਂਤ ਉਹ ਸਾਰੇ ਕੰਮ ਕਰਨ ਲਗ ਜਾਂਦੇ ਹਨ-ਜੋ ਦੇਵਤਿਆਂ ਦੇ ਕਰਨ ਵਾਲੇ ਹੀ ਮੰਨੇ ਜਾਂਦੇ ਸਨ।

ਫਲ ਸਰੂਪ ਦੇਵਤੇ ਦੁਖੀ ਹੁੰਦੇ ਤੇ ਬ੍ਰਹਮਾ ਪਾਸ ਜਾਂਦੇ ਹਨ। ਬ੍ਰਹਮਾ ਉਨ੍ਹਾਂ ਨੂੰ ਵਿਸ਼ਨੂੰ ਭਗਵਾਨ ਕੋਲ ਲੈ ਜਾਂਦੇ ਹਨ। ਵਿਸ਼ਨੂੰ ਸਭ ਸੁਣ ਕੇ ਦੈਂਤ ਕੁਲ ਵਿਚ ਅਵਤਾਰ ਧਾਰਦੇ ਹਨ ਤੇ ਦੈਂਤਾਂ ਨੂੰ ਧਰਮ ਕਰਮ ਵੱਲੋਂ ਹਟਾਉਣ ਵਿਚ ਸਫਲ ਹੋ ਜਾਂਦੇ ਹਨ। ਕਮਜ਼ੋਰ ਪਏ ਦੈਂਤ ਦੇਵਤਿਆਂ ਕੋਲੋਂ ਹਾਰ ਜਾਂਦੇ ਹਨ। ਦੈਂਤਾਂ ਦਾ ਗੁਰੂ 'ਮੌਡੀ' ਵੀ, ਜੋ ਘੋਰ ਤਪ ਕਰ ਰਿਹਾ ਹੁੰਦਾ ਹੈ-ਭੱਜ ਕੇ ਲੁਕਦਾ ਫਿਰਦਾ ਹੈ ਪਰ ਉਸਨੂੰ ਲੁਕਣ ਲਈ ਕੋਈ ਥਾਂ ਨਹੀਂ ਲੱਭਦੀ। ਅੰਤ ਨੂੰ ਉਹ ਇਕ ਐਸੇ ਦੇਸ ਵਿਚ ਪਹੁੰਚ ਜਾਂਦਾ ਹੈ-ਜਿਥੇ ਇਸਤ੍ਰੀਆਂ ਦਾ ਰਾਜ ਹੈ। ਉਸ ਤ੍ਰਿਯਾ ਰਾਜ ਦੀਆਂ ਇਸਤ੍ਰੀਆਂ ਲਈ ਕਿਸੇ ਪੁਰਸ਼ ਦਾ ਦਰਸ਼ਨ ਵੀ ਦੁਰਲਭ ਹੋਣ ਕਰਕੇ- ਜਦੋਂ 'ਮੌਡੀ' ਓਥੇ ਪੁਜਦਾ ਹੈ ਤਾਂ ਓਥੋਂ ਦੀਆਂ ਇਸਤ੍ਰੀਆਂ ਬਹੁਤ ਪ੍ਰਸੰਨ ਹੁੰਦੀਆਂ ਹਨ। 'ਮੌਡੀ' ਨੂੰ ਉਹ ਆਪਣੇ ਰਾਜ ਵਿਚ ਸ਼ਰਨ ਦੇ ਦੇਂਦੀਆਂ ਹਨ ਤੇ ਉਨ੍ਹਾਂ ਵਿਚੋਂ ਦੋ ਰਾਣੀਆਂ ਉਸ ਨਾਲ ਕਾਮ ਅਤੇ ਭੋਗ ਵਿਲਾਸ ਦੇ ਸੰਬੰਧ ਜੋੜ ਲੈਂਦੀਆਂ ਹਨ। ਏਸ ਭੋਗ-ਵਿਲਾਸ ਦੇ ਸਿੱਟੇ ਵਜੋਂ ਉਹ ਗਰਭਵਤੀ ਹੋ ਜਾਂਦੀਆਂ ਹਨ। ਮੌਡੀ ਉਸ ਵੇਲੇ ਓਥੋਂ ਟੁਰ ਜਾਣ ਦਾ ਉਪਰਾਲਾ ਕਰਦਾ ਹੈ। ਉਹ ਉਸ ਨੂੰ ਪੁਛਦੀਆਂ ਹਨ-ਕਿ ਜੋ ਬਾਲਕ ਤੁਹਾਡੀ ਅੰਸ ਤੋਂ ਸਾਡੀ ਕੁੱਖੋਂ ਜਨਮ ਲੈ ਰਹੇ ਨੇ, ਉਹਨਾਂ ਦੀ ਪਾਲਣਾ ਕਿਵੇਂ ਹੋਵੇਗੀ? ਉਹਨਾਂ ਦਾ ਨਾਮ ਕੀ ਰੱਖਣਾ ਹੈ ਅਤੇ ਇਹ ਵੀ ਦੱਸ ਕੇ ਜਾਓ ਕਿ ਤੁਸੀ ਕਿਸ ਦੇਸ਼ ਵਿਚ ਜਾਓਗੇ? ਜਿੱਥੇ ਅਸੀਂ ਤੇ ਤੁਹਾਡੇ ਪੁੱਤਰ ਤੁਹਾਨੂੰ ਮਿਲ ਸਕੀਏ। ਇਹ ਗੱਲ ਸੁਣ ਕੇ ਉਸ ਬ੍ਰਾਹਮਣ ਅਸੁਰ ਗੁਰੂ ਨੇ ਕਿਹਾ-

"ਰਿਖ ਈਸ਼ੁਰ ਤੇ ਹੋਇ ਹੈ ਈਸਾ ਇਸ ਨਾਮਾ।
ਮੁਸੇ ਹੁਏ ਕਾ ਬੀਜ ਜੋ ਮੂਸਾ ਹੁਇ ਨਾਮਾ।
ਇਨ ਦੋਨਹੁ ਕੋ ਸ਼ਕਤਿ ਸਭਿ ਦੀਨਸਿ ਸੁਖ ਧਾਮਾ।
ਮਨੁ ਰਾਜਾ ਕੋ ਦੇਸ਼ ਬਰ ਸੋ ਅਹੈ ਹਮਾਰਾ।
ਇਨ ਕੀ ਸੰਤਤਿ ਵਧੈਗੀ ਬੁਧਿਵੰਤ ਉਦਾਰਾ।
ਧਰਹਿ ਓਜ ਕਰਿ ਖਿਜੈ ਕੋ ਪਹੁੰਚੈਂ ਤਿਸੁ ਦੇਸ਼ਾ।
ਭੋਗਹਿ ਨਰ ਕੀ ਆਰਬਲ ਦਲ ਸੰਚਿ ਵਿਸ਼ੇਸ਼ਾ।
ਫਿਰ ਕੇ ਆਵਨ ਤੇ ਇਨਹੁੰ ਜਗ ਮੈਂ ਬਿਦਤੇ ਹੈਂ।
ਨਾਮ ਫਿਰੰਗੀ ਫਰਾਸੀਸੁ ਸਭਿ ਮਹਿ ਕਹਿਵੇ ਹੈਂ।"

ਭਾਵ ਇਹ ਕਿ ਰਿਖੀ ਈਸ਼ੁਰ ਤੋਂ ਇਕ ਦਾ ਨਾਮ ਈਸਾ ਹੋਵੇਗਾ। ਮੁਸੇ ਹੋਏ, ਅਰਥਾਤ, ਲੁਟੇ ਜਾ ਚੁਕੇ ਸ਼ੁੱਕ੍ਰਾਚਾਰੀਯ-ਜਿਸ ਦਾ ਰਾਜ ਖੁੱਸ ਗਿਆ ਹੈ, ਉਸਦੇ ਬੀਜ ਤੋਂ ਜਨਮੇ ਦੂਜੇ ਬਾਲਕ ਦਾ ਨਾਮ ਮੂਸਾ ਰੱਖਿਆ ਜਾਵੇ। ਮੈਂ ਇਹਨਾਂ ਦੋਹਾਂ ਨੂੰ ਆਪਣੀ ਸਾਰੀ ਸ਼ਕਤੀ ਦੇ ਦਿੱਤੀ ਹੈ ਜਿਸ ਨਾਲ ਇਹ ਸੁਖਾਂ ਦੇ ਧਾਮ ਵਿਚ ਰਹਿਣਗੇ। ਮਨੁ ਰਾਜਾ ਦਾ ਦੇਸ਼ ਅਰਥਾਤ ਭਾਰਤ-ਮੇਰਾ ਦੇਸ਼ ਹੈ। ਇਨ੍ਹਾਂ ਦੀ ਸੰਤਤਿ-'ਚੇਲੇ'-ਵਧੇਗੀ ਤੇ ਉਹ ਬੜੀ ਬੁੱਧਵਾਨ ਅਤੇ ਉਦਾਰ ਹੋਵੇਗੀ। ਇਹਨਾਂ ਦੀ ਉਹ ਸੰਤਤਿ-ਸੰਤਾਨ ਆਪਣੀ ਸ਼ਕਤੀ ਨਾਲ ਜਿੱਤਾਂ ਹਾਸਿਲ ਕਰਦੀ ਹੋਈ ਉਸ ਦੇਸ਼ ਵਿਚ ਪਹੁੰਚੇਗੀ ਤੇ ਉਸ ਦੇਸ਼ ਵਿਚ ਭਾਰੀ ਫੌਜ ਇਕੱਠੀ ਕਰ ਕੇ ਇਕ ਨਰ ਦੀ ਆਰਬਲ (ਸੌ ਸਾਲ) ਤਕ ਰਾਜ ਕਰੇਗੀ। ਜਗਤ ਵਿਚ ਫਿਰ ਕੇ (ਘੁੰਮ ਕੇ)ਆਉਣ ਕਾਰਨ ਇਹ ਫਿਰੰਗੀ-ਫਰਾਸੀਸੁ (ਫਿਰ+ਅੰਗੀ, ਫਿਰਾ+ਸੀਸ-(ਭਾਈ ਵੀਰ ਸਿੰਘ ਦਾ ਕੀਤਾ ਅਰਥ) ਨਾਮ ਨਾਲ ਜਾਣੀ ਜਾਏਗੀ।

• ਭਵਿਖਯਤ ਵਾਕ

ਅੱਗੇ ਚਲ ਕੇ ਭਾਈ ਸਾਹਿਬ "ਭਵਿਖਯਤ ਵਾਕ" ਦੇ ਸਿਰਲੇਖ ਹੇਠ ਲਿਖਦੇ ਹਨ:-

"ਬੀਤਹਿ ਪੰਜ ਹਜ਼ਾਰ ਕਲਿ ਤਬਿ ਲਗਿ ਸੰਖਯਾ ਜਾਨਿ।
ਸੁਨਿ ਸ਼ੁਨਾਕ ਸਿੰਘ ਬਾਰਤਾ ਬਿਦਤਹਿ ਸਕਲ ਜਹਾਨ।........"

Namdhari Elibrary NamdhariElibrary@gmail.com

'ਇਤਨੇ ਬਿਖੈ ਸੁਭਾਉ ਮ੍ਰਿਦੁ ਪਿਖਿ ਕਰਿ ਸਭਿ ਆਏ।
ਸੁਨਹਿ ਜਥਾ ਸਤਿਗੁਰ ਕਹਹਿ ਸਗਰੇ ਬਿਸਮਾਏ।
ਮਹਾਰਾਜ ਕਿਮ ਹੋਇ ਹੈ ਜਬਿ ਆਇ ਫਿਰੰਗੀ?
ਪੰਥ ਤੁਮਾਰਾ ਖਾਲਸਾ ਕਿਮ ਹੁਇ ਸੁਖ ਸੰਗੀ?
ਕਿਮ ਇਨ ਠਹਿਰਹਿ ਰਾਜ ਤਬਿ ਜਬਿ ਤਿਨ ਦਲ ਆਵੈ?
ਕੈਸੇ ਹੋਇ ਬ੍ਰਿਤੰਤ ਸਭਿ?' ਸੁਨਿ ਗੁਰੂ ਬਤਾਵੈ?
ਮੌਨਿ ਫਿਰੰਗੀ ਆਇ ਹੈ-ਦਲ ਜੋਰ ਘਨੇਰੇ।
ਸਿੰਘ ਗੁਰਿੰਡ ਸੁ ਸੈਨ ਬਲਿ ਹੁਇ ਹੈ ਬਹੁਤੇਰੇ।
ਮਹਿ ਪਾਲਕ ਦੁਹਿ ਦਿਸ਼ਿਨ ਕੇ ਮਿਲਿਹੈਂ ਤਿਸ ਬਾਰੀ।
ਹੁਵੈ ਬਖੇਰਾ ਪਰਸਪਰ ਐਸੇ ਇੱਛ ਧਾਰੀ।
ਕਬਹੁੰ ਸਬਲ ਮਮ ਖਾਲਸਾ ਹ੍ਵੈ ਨਿਬਲ ਫਿਰੰਗੀ।
ਕਬਹੁੰ ਨਿਬਲ ਮਮ ਪੰਥ ਹ੍ਵੈ ਸੇ ਸਬਲ ਕੁਢੰਗੀ।
ਰਹੈ ਖਾਲਸਾ ਜਬ ਲਗ ਨਯਾਰੋ,
ਤਬਿ ਲਗਿ ਤੇਜ ਦਿਯੋ ਮੁਹਿ ਸਾਰੋ।
ਬੰਧੇ ਜਾਹਿਂ ਮੋਹ ਕੀ ਫਾਸ, ਸੁਤ ਬਨਿਤਾ ਇਕ ਬਾਸ ਅਵਾਸ।
ਗਊਅਨਿ ਹਾਂਕਹਿ ਰਿਸ਼ਵਤ ਲੇਈ,
ਇਤਿਯਾਦਿਕ ਕਰਮਨ ਬਸਿ ਤੇਈ।
ਧੀਅ ਭੈਣ ਕਾ ਪੈਸਾ ਖਾਵੈਂ, ਬੈਠਿ ਦੁਲੀਚੇ ਨਯਾਉਂ ਕਮਾਵੈਂ।
ਬਾਚਹਿ ਬੇਦ ਗਿਰਾ ਗੁਰ ਛੋਡਹਿਂ,
ਬਿਪ੍ਰ ਧਰਮ ਕਰਿ ਜੀਵਹਿ ਮੋਡਹਿਂ।

ਨਾਰ ਮਲੇਛੀ ਘਰ ਮਹਿਂ ਆਨੈ,
ਬੇਸਵਾ ਗਮਨ ਨ ਕਬਹਿ ਖਿਸਾਨੈਂ।
ਖੋਜੈਂ ਪੀਰ ਰਹੈਂ ਗੁਰ ਦੂਰ,
ਨਾਰੀ ਨਯਾਉ ਕਰੈਂ ਭਰਪੂਰ।
ਸਿਖਣੀਆਂ ਗਣ ਬ੍ਰਿਤਯੁਨ ਚਾਹੈਂ,
ਨ੍ਰਿਪ ਨਾਰੀ ਮੇ ਨੇਕੁ ਨ ਰਾਹੈਂ।
ਪ੍ਰਥਮ ਫਿਰੰਗੀ ਲੁਦਪੁਰ ਆਵੈ,
ਭੋਗੈ ਰਾਜ ਤੇਜਿ ਬਧਿ ਜਾਵੈ।
ਧਨ ਅਰੁ ਸੁੰਦਰ ਤ੍ਰਿਯ ਕੋ ਲੇਵੈਂ,
ਤਬਹਿ ਸਿੰਘ ਦੀਰਘ ਦੁਖ ਖੇਵੈਂ।
ਅਬਿ ਬੇਮੁਖ ਗੁਰ ਤੇ ਜੋ ਭਏ, ਤਬਿ ਤਿਨਕੇ ਸਿਰ ਸੰਕਟ ਪਏ।
ਚਿੰਤਾ ਬਧਹਿ ਸਭਿਨਿ ਕੇ ਬੀਚ, ਕਰਹਿਂ ਪੁਕਾਰ-ਗੁਰੂ ਕੇ ਮੀਚ।........'

ਭਾਈ ਵੀਰ ਸਿੰਘ ਜੀ ਦੇ ਅਰਥਾਂ ਅਨੁਸਾਰ ਭਾਵ ਇਹ ਹੈ ਕਿ ਇਹ ਸਭ ਕੁਝ ਓਦੋਂ ਹੋਵੇਗਾ ਜਦੋਂ ਕਲਜੁਗ ਲਗੇ ਨੂੰ ਪੰਜ ਹਜ਼ਾਰ ਸਾਲ ਹੋ ਜਾਣਗੇ। ਫਿਰ ਸਿੱਖਾਂ ਦਾ ਸਵਾਲ ਸੀ-ਕਿ ਜਦੋਂ ਫਿਰੰਗੀ ਆ ਜਾਣਗੇ ਉਸ ਵੇਲੇ ਤੁਹਾਡਾ ਖਾਲਸਾ ਕਿਵੇਂ ਸੁਖੀ ਰਹੇਗਾ? ਜਦੋਂ ਫਿਰੰਗੀ ਫੌਜਾਂ ਚੜ੍ਹ ਆਉਣਗੀਆਂ ਓਦੋਂ ਖ਼ਾਲਸੇ ਦਾ ਰਾਜ ਕਿਵੇਂ ਟਿਕੇਗਾ?

ਉੱਤਰ ਵਿਚ ਕਲਗੀਧਰ ਫੁਰਮਾਉਂਦੇ ਹਨ- ਜਦੋਂ ਯੂਰਪ ਦੀਆਂ ਅੰਗ੍ਰੇਜ਼ ਫੌਜਾਂ ਚੜ੍ਹ ਆਉਣਗੀਆਂ, ਉਸ ਵੇਲੇ ਗੁਰੂ ਕੀਆਂ ਫੌਜਾਂ ਭਾਰੀ ਗਿਣਤੀ ਵਿਚ ਸਾਹਮਣਾ ਕਰਨਗੀਆਂ। ਦੋਹਾਂ ਧਿਰਾਂ ਦੇ ਰਾਜਿਆਂ ਵਿਚਕਾਰ ਭੇੜ ਹੋਵੇਗਾ। ਕਦੇ ਮੇਰਾ ਖਾਲਸਾ ਬਲ ਸ਼ਾਲੀ ਹੋਕੇ ਨਿਤਰੇਗਾ ਤੇ ਫਿਰੰਗੀ-ਕੁਢੰਗੀ ਕਮਜ਼ੋਰ ਪੈਣਗੇ, ਅਤੇ ਕਦੇ ਮੇਰਾ ਪੰਥ ਕਮਜ਼ੋਰ ਪੈ ਜਾਏਗਾ ਤੇ ਫਿਰ ਫਿਰੰਗੀ ਤਗੜੇ ਹੋ ਜਾਣਗੇ।

ਜਦੋਂ ਤਕ ਖਾਲਸਾ ਆਪਣੇ ਖਾਲਸਈ ਗੁਣਾਂ ਤੇ ਮਰਯਾਦਾ ਨਾਲ ਨਿਆਰਾ ਰਹੇਗਾ-ਓਦੋਂ ਤਕ ਮੇਰਾ ਸਾਰਾ ਤੇਜ-ਬਲ ਉਸਦਾ ਸਹਾਇਕ ਹੋਵੇਗਾ। ਪਰ ਜਦੋਂ ਉਹ ਘਰ ਬਾਹਰ, ਧੀ ਪੁਤਰ ਦੀ ਮੋਹ ਮਮਤਾ ਵਿਚ ਫਸ ਜਾਏਗਾ, ਸ਼ਸਤਰ ਛਡ ਕੇ ਗਊਆਂ ਚਾਰਨ ਲਗ ਜਾਏਗਾ, ਵੱਢੀ ਲਏਗਾ ਤੇ ਧੀ ਭੈਣ ਨੂੰ ਵੇਚ ਕੇ ਪੈਸਾ ਕਮਾਣਾ ਸ਼ੁਰੂ ਕਰ ਦਏਗਾ, ਐਸ਼ੋ ਇਸ਼ਰਤ ਵਿਚ ਰਮ ਕੇ ਨਿਆਂ ਕਰੇਗਾ, ਗੁਰਬਾਣੀ ਨੂੰ ਛਡ ਕੇ ਵੇਦਾਂ ਨੂੰ ਪੜ੍ਹਣ ਲਗ ਜਾਏਗਾ, ਬਿਪ੍ਰ ਧਰਮ ਅਰਥਾਤ ਪੂਜਾ ਦਾ ਧਾਨ ਖਾਣ ਲਗ ਜਾਏਗਾ, ਵੇਸਵਾ ਤੇ ਮੁੰਡਿਆਂ (ਮੋਡਹਿਂ) ਨਾਲ ਰਮਨ ਕਰਦਾ ਸ਼ਰਮਾਏਗਾ ਨਹੀਂ, ਗੁਰੂ ਨੂੰ ਛਡ ਕੇ ਪੀਰਾਂ ਪਿਛੇ ਭਟਕੇਗਾ, ਸੁਭਾਵ ਔਰਤਾਂ ਵਰਗਾ ਡਰਪੋਕ ਹੋ ਜਾਏਗਾ, ਨੌਕਰਾਣੀਆਂ ਤੇ ਮਲੇਛ ਨਾਰੀਆਂ ਨੂੰ ਘਰ ਦੀਆਂ ਬਣਾਉਣਾ ਸ਼ੁਰੂ ਕਰ ਦੇਵੇਗਾ, ਏਕਾ ਨਾਰੀ ਦਾ ਬ੍ਰਤ ਛਡ ਦੇਵੇਗਾ - ਓਦੋਂ ਫਿਰੰਗੀ ਪਹਿਲਾਂ ਪਹਿਲ ਲੁਦਪੁਰ (ਲੁਧਿਆਣੇ ਵਿਚ) ਆਉਣਗੇ। ਰਾਜ, ਧਨ ਮਾਲ ਤੇ ਸੁੰਦਰ ਨਾਰੀਆਂ ਨੂੰ ਕਬਜ਼ਾਉਣਗੇ। ਉਹ ਸਮਾ ਸਿੱਖਾਂ ਲਈ ਵਡੇ ਦੁਖਾਂ ਦਾ ਸਮਾ ਹੋਵੇਗਾ ਜਿਹੜੇ ਬੇਮੁਖ ਹਨ ਓਦੋਂ ਉਹਨਾਂ ਦੇ ਸਿਰ ਤੇ ਭਾਰੀ ਸੰਕਟ ਆਵੇਗਾ ਤੇ ਓਹਨਾਂ ਦੀ ਚਿੰਤਾ ਦਾ ਕੋਈ ਅੰਤ ਨਹੀਂ ਰਹੇਗਾ। ਓਦੋਂ ਉਹ ਗੁਰੂ ਕੋਲੋਂ ਮੌਤ ਦੀ ਪੁਕਾਰ ਕਰਨਗੇ ਪਰ...।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ 'ਅਰਹੰਤ ਦੇਵ' ਦੇ ਪਰਸੰਗ ਨੂੰ ਦੇਵਤਿਆਂ ਦੀ ਜਿੱਤ ਉਪਰ ਹੀ ਖਤਮ ਕਰ ਦਿਤਾ ਸੀ ਅਤੇ ਭਾਈ ਸੰਤੋਖ ਸਿੰਘ ਜੀ ਨੇ ਉਸੇ ਕਥਾਨਕ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਮੁਖ਼ਾਰਬਿੰਦ ਤੋਂ ਅਖਵਾ ਕੇ ਹੋਰ ਵਡੇਰਾ ਰੂਪ ਦੇਂਦਿਆਂ ਪੰਜਾਬ ਦੇ ਲੁਧਿਆਣੇ ਤਕ ਲੈ ਆਂਦਾ ਹੈ ਤੇ ਫਿਰੰਗੀਆ ਅਤੇ ਸਿੰਘਾਂ ਦੀ ਜੰਗ ਨੂੰ ਵੀ ਸ਼ਾਮਿਲ ਕਰ ਲਿਆ ਹੈ।

ਇਸ ਪ੍ਰਸੰਗ ਤੋਂ ਫਿਰੰਗੀਆਂ ਬਾਰੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਵਿਚੋਂ ਐਸੀ ਭਾਵਨਾ ਪਰਗਟ ਹੁੰਦੀ ਹੈ ਕਿ ਉਹਨਾ ਨੂੰ ਅਧਰਮੀ ਦੈਂਤ ਕੁਲ ਦੇ ਗੁਰੂ ਦੀ ਸੰਤਾਨ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਅੰਤ ਤੇ ਜਿਹੜਾ ਖ਼ਾਲਸਾ ਆਪਣਾ ਸਤਿ ਧਰਮ ਕਾਇਮ ਰਖਦਾ ਹੋਇਆ ਅਧਰਮ ਤੋਂ ਨਿਆਰਾ ਨਹੀਂ ਰਹਿੰਦਾ-ਉਸਦੀ ਦੁਰਦਸ਼ਾ ਦਾ ਵਰਨਣ ਵੀ ਆਪ ਨੇ ਓਸੇ ਭਾਵਨਾ ਨਾਲ ਹੀ ਕੀਤਾ ਹੈ ਜਿਸ ਭਾਵਨਾ ਨਾਲ ਫਿਰੰਗੀ ਦਾ।

ਸਤਿਗੁਰੂ ਗੋਬਿੰਦ ਸਿੰਘ ਜੀ ਦੀ ਫਿਰੰਗੀ ਬਾਰੇ ਦ੍ਰਿਸ਼ਟੀ ਨੂੰ ਧਿਆਨ ਵਿਚ ਰੱਖ ਕੇ ਜੇ ਅਸੀਂ ਅਗਲੀਆਂ ਘਟਨਾਵਾਂ ਦੀ ਚਰਚਾ ਕਰਾਂਗੇ ਤਾਂ ਸਾਰੀ ਗੱਲ ਸਮਝਣ ਵਿਚ ਗ਼ਲਤੀ ਨਹੀਂ ਲੱਗੇਗੀ।

ਉਜ ਭਾਈ ਸੰਤੋਖ ਸਿੰਘ ਜੀ ਵੀ ਈਸਵੀ ਸੰਨ ੧੮੪੩ ਤਕ ਜੀਵਤ ਸਨ ਤੇ ਆਪ ਨੇ ਫਿਰੰਗੀਆਂ ਦੀ ਲੁਧਿਆਣੇ ਵਿਚ ਆਮਦ ਨੂੰ ਅੱਖੀਂ ਵੇਖਿਆ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ੧੮੩੯ ਵਿਚ ਪੂਰੇ ਹੋਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇ ਖ਼ਾਲਸੇ ਦਾ ਜਿਹੜਾ ਨਵਾਂ ਚਰਿਤ੍ਰ ਉਘੜਿਆ ਸੀ ਉਹ ਵੀ ਭਾਈ ਸਾਹਿਬ ਦੀਆਂ ਅੱਖਾਂ ਤੋ ਲੁਕਿਆ ਨਹੀਂ ਸੀ ਹੋਇਆ। ਓਸੇ ਚਰਿਤ੍ਰ ਦਾ ਵਰਨਣ ਹੀ ਪਰਕਾਰਾਂਤਰ ਨਾਲ ਭਾਈ ਸਾਹਿਬ ਦੇ ਉਪਰਲੇ ਪਰਸੰਗ ਵਿਚ ਹੋਇਆ ਹੈ - ਜੋ ਫਿਰੰਗੀ ਦੀ ਪੰਜਾਬ ਵਿਚ ਆਮਦ ਦਾ ਕਾਰਨ ਬਣਿਆ ਸੀ।

• ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਪਹਿਲਾਂ

ਫਿਰੰਗੀ ਦਾ ਜਨਮ, ਉਸਦਾ ਪਸਾਰਾ ਤੇ ਫਿਰੰਗੀ ਦੇ ਪੰਜਾਬ ਆਉਣ ਅਤੇ ਖ਼ਾਲਸੇ ਦੇ ਪਤਨ ਦਾ ਜਿਹੜਾ ਪ੍ਰਸੰਗ ਭਾਈ ਸੰਤੋਖ

Namdhari Elibrary NamdhariElibrary@gmail.com

ਸਿੰਘ ਜੀ ਨੇ ਲਿਖਿਆ ਹੈ ਉਸਦੇ ਪਿਛੋਕੜ ਵਿਚ ਫਿਰੰਗੀ ਦੇ ਕਾਰਿਆਂ ਦਾ ਲੰਮਾ ਇਤਿਹਾਸ ਹੈ। ਉਹ ਇਤਿਹਾਸ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੋਂ ਵੀ ਪਹਿਲਾਂ ਸ਼ੁਰੂ ਹੋ ਜਾਂਦਾ ਹੈ।

ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਈਸਵੀ ਸੰਨ ੧੬੬੬ ਵਿਚ ਹੋਇਆ, ਜਦੋਂ ਕਿ ਪਹਿਲਾ ਅੰਗ੍ਰੇਜ਼ੀ ਜਹਾਜ਼ 'ਹੈਕਟਰ' (ਝਗੜਾਲੂ) ਸੰਨ ੧੬੦੮ ਵਿਚ ਭਾਰਤ ਆ ਗਿਆ ਸੀ। ਉਸ ਜਹਾਜ਼ ਦਾ ਕਪਤਾਨ 'ਹਾਕਿੰਸ' ਪਹਿਲਾ ਅੰਗ੍ਰੇਜ਼ ਸੀ ਜਿਸ ਨੇ ਸਮੁੰਦਰ ਦੇ ਰਸਤੇ ਸੂਰਤ ਦੀ ਬੰਦਰਗਾਹ ਉਪਰ ਉਹ ਜਹਾਜ਼ ਲਗਾਇਆ ਤੇ ਇੰਗਲਿਸਤਾਨ ਦੇ ਬਾਦਸ਼ਾਹ ਜੇਮਜ਼ ਪ੍ਰਥਮ ਵੱਲੋਂ ਦਿੱਲੀ ਦੇ ਬਾਦਸ਼ਾਹ ਜਹਾਂਗੀਰ ਦੇ ਨਾਮ ਇਕ ਖ਼ਤ ਲਿਆ ਕੇ ਪੇਸ਼ ਕੀਤਾ।

੬ ਫ਼ਰਵਰੀ ੧੬੧੩ ਨੂੰ ਜਹਾਂਗੀਰ ਨੇ ਅੰਗ੍ਰੇਜ਼ਾਂ ਨੂੰ ਉਨ੍ਹਾਂ ਦੇ ਵਪਾਰ ਲਈ ਸੂਰਤ ਵਿਚ ਕੋਠੀ ਬਣਾਉਨ ਦੀ ਆਗਿਆ ਦੇ ਦਿੱਤੀ। ੧੬੧੫ ਵਿਚ ਸਰ ਟੌਮਸ ਰੋ ਇੰਗਲਿਸਤਾਨ ਦੇ ਬਾਦਸ਼ਾਹ ਦੇ ਦੂਤ ਵਜੋਂ ਦਿੱਲੀ ਦਰਬਾਰ ਵਿਚ ਪੁੱਜਾ। ਸੰਨ ੧੬੧੬ ਵਿਚ ਅੰਗ੍ਰੇਜ਼ਾਂ ਨੂੰ ਕਾਲੀਕਟ ਤੇ ਮੱਛਲੀ ਪੱਟਮ ਵਿਚ ਕੋਠੀਆਂ ਬਣਾਉਨ ਦੀ ਇਜਾਜ਼ਤ ਮਿਲ ਗਈ। ਸੰਨ ੧੬੨੪ ਵਿਚ ਅੰਗ੍ਰੇਜ਼ਾਂ ਨੂੰ ਇਸ ਗੱਲ ਦੀ ਆਗਿਆ ਵੀ ਮਿਲ ਗਈ ਕਿ ਉਨ੍ਹਾਂ ਦੀ ਕੋਠੀ ਦੀ ਹਦੂਦ ਵਿਚ ਉਨ੍ਹਾਂ ਦੇ ਮੁਲਾਜ਼ਮਾਂ ਵੱਲੋਂ ਕੋਈ ਜੁਰਮ ਹੋਣ ਤੇ ਅੰਗ੍ਰੇਜ਼ ਹੀ ਉਨ੍ਹਾਂ ਨੂੰ ਸਜ਼ਾ ਦੇ ਸਕਣਗੇ। ਸੰਨ ੧੬੩੯ ਨੂੰ ਸ਼ਾਹਜਹਾਨ ਨੇ ਮਦਰਾਸ ਵਿਚ ਅੰਗਰੇਜ਼ਾਂ ਨੂੰ ਕੋਠੀ ਬਣਾਨ ਦੀ ਆਗਿਆ ਦੇ ਦਿੱਤੀ ਸੀ।

ਸੰਨ ੧੬੪੦ ਵਿਚ ਸ਼ਾਹਜਹਾਂ ਦੀ ਲੜਕੀ ਦੇ ਅੱਗ ਨਾਲ ਝੁਲਸ ਜਾਣ ਤੇ ਉਸ ਦਾ ਇਲਾਜ ਕਰਨ ਵਾਲਿਆਂ ਵਿਚ ਇਕ ਅੰਗਰੇਜ਼ ਡਾਕਟਰ ਵੀ ਸੀ, ਜਿਸ ਦੇ ਇਲਾਜ ਨਾਲ ਲੜਕੀ ਠੀਕ ਹ ਗਈ। ਸ਼ੁਕਰਾਨੇ ਵਜੋਂ ਸ਼ਾਹਜਹਾਂ ਨੇ ਉਸ ਅੰਗ੍ਰੇਜ਼ ਡਾਕਟਰ ਦੀ ਮੰਗ ਉੱਤੇ ਬੰਗਾਲ ਵਿਚ ਅੰਗ੍ਰੇਜ਼ਾਂ ਦੇ ਮਾਲ ਉਪਰ ਹਮੇਸ਼ਾਂ ਲਈ ਚੁੰਗੀ ਮਾਫ਼ ਕਰ ਦਿੱਤੀ ਤੇ ਅੰਗ੍ਰੇਜ਼ੀ ਜਹਾਜ਼ਾਂ ਨੂੰ ਹੁਗਲੀ ਤਕ ਆਉਣ ਦੀ ਇਜਾਜ਼ਤ ਦੇ ਦਿੱਤੀ। ਏਸੇ ਸੰਨ ਵਿਚ ਕਲਕੱਤੇ ਵਿਚ ਅੰਗ੍ਰੇਜ਼ਾਂ ਨੂੰ ਕੋਠੀ ਬਣਾਨ ਦੀ ਛੁੱਟੀ ਵੀ ਮਿਲ ਗਈ।

੧੬੬੪ ਵਿਚ ਫ਼ਰਾਂਸੀਸੀ ਵੀ ਭਾਰਤ ਵਿਚ ਆ ਗਏ। ੧੬੬੮ ਵਿਚ ਸੂਰਤ ਅੰਦਰ ਉਨ੍ਹਾਂ ਦੀ ਕੋਠੀ ਬਣੀ। ੧੬੬੯ ਵਿਚ ਮੱਛਲੀ ਪੱਟਮ ਅਤੇ ੧੬੭੪ ਵਿਚ ਪੁਟੱਚੁਰੀ ਵਿਚ ਉਨ੍ਹਾਂ ਦੀਆਂ ਕੋਠੀਆਂ ਬਣੀਆਂ। ਏਸੇ ਸਮੇਂ ਹੀ ਅੰਗ੍ਰੇਜ਼ਾਂ ਨੇ ਹਿੰਦੁਸਤਾਨੀਆਂ ਨੂੰ ਆਪਣੀ ਫੌਜ ਰੱਖਣ ਦੀ ਤੇ ਕਿਲੇਬੰਦੀ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ।

ਇਸ ਸਾਰੇ ਸਮੇ ਦੌਰਾਨ ਅੰਗ੍ਰੇਜ਼ਾਂ ਨੇ ਹਿੰਦੁਸਤਾਨ ਭਰ ਵਿਚ ਜੋ ਕਾਰੇ ਕੀਤੇ ਉਨ੍ਹਾਂ ਦੇ ਫਲ ਸਰੂਪ ਹਿੰਦੁਸਤਾਨ ਦੇ ਕਾਫ਼ੀ ਵਡੇ ਹਿੱਸੇ ਉਪਰ ਉਹਨਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਕਬਜ਼ਾ ਹੋ ਚੁਕਾ ਸੀ। ਇਹ ਸਾਰੀਆਂ ਘਟਨਾਵਾਂ ਸਤਿਗੁਰੂ ਗੋਬਿੰਦ ਸਿੰਘ ਜੀ ਲਈ ਫਿਰੰਗੀ ਬਾਰੇ ਇਕ ਸਪਸ਼ਟ ਧਾਰਨਾ ਬਣਾਉਨ ਲਈ ਕਾਫੀ ਸਨ। ਇਹੋ ਆਪਦੇ ਭਵਿੱਖਤ ਵਾਕਾਂ ਦਾ ਆਧਾਰ ਬਣੀਆਂ-ਜਿਨ੍ਹਾਂ ਦਾ ਵਰਨਣ ਭਾਈ ਸੰਤੋਖ ਸਿੰਘ ਜੀ ਨੇ ਉਪਰ ਕੀਤਾ ਹੈ।

• ਸਤਿਗੁਰੂ ਰਾਮ ਸਿੰਘ ਜੀ

ਸੰਨ ੧੮੧੬ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼, ਖ਼ਾਲਸਾ ਰਾਜ ਦੀ ਫੌਜ ਵਿਚ ਨੌਕਰੀ ਅਤੇ ੧੮੫੭ ਵਿਚ 'ਸੰਤ ਖ਼ਾਲਸਾ' ਦੀ ਸਾਜਨਾ ਦੇ ਵਿਚਕਾਰਲੇ ਸਮੇ ਵਿਚ ਅੰਗ੍ਰੇਜ਼ਾਂ ਤੇ ਸਿੱਖਾਂ ਵਿਚਕਾਰ ਜਿਹੜੀਆਂ ਲੜਾਈਆਂ ਹੋਈਆਂ ਓਹ ਓਸੇ ਤਰ੍ਹਾਂ ਦੀਆਂ ਲੜਾਈਆਂ ਸਨ-ਜਿਸ ਤਰ੍ਹਾਂ ਦੀਆਂ ਬਾਕੀ ਦੇ ਹਿੰਦੁਸਤਾਨੀ ਰਾਜਿਆਂ, ਨਵਾਬਾਂ ਤੇ ਬਾਦਸ਼ਾਹਾਂ ਨੇ ਆਪਣੀਆਂ ਰਿਆਸਤਾਂ, ਇਲਾਕਿਆਂ ਤੇ ਸਲਤਨਤ ਉਪਰ ਅੰਗ੍ਰੇਜ਼ਾਂ ਦੇ ਹਮਲਿਆਂ ਵਿਰੁੱਧ ਲੜੀਆਂ ਸਨ। ਓਹਨਾਂ ਲੜਾਈਆਂ ਵਿਚ ਪਹਿਲ ਹਮੇਸ਼ਾਂ ਅੰਗ੍ਰੇਜ਼ਾਂ ਦੇ ਹੱਥ ਰਹੀ ਤੇ ਅੰਤਿਮ ਜਿੱਤ ਵੀ ਓਹਨਾਂ ਦੀ ਹੀ ਹੁੰਦੀ ਰਹੀ। ਇਸ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਅੰਗ੍ਰੇਜ਼ਾਂ ਨਾਲ ਸੰਧੀਆਂ ਤਾਂ ਕੀਤੀਆਂ, ਅਫ਼ਗਾਨਿਸਤਾਨ ਉਪਰ ਚੜ੍ਹਾਈ ਵਿਚ ਉਹਨਾਂ ਦੀ ਮਦਦ ਵੀ ਕੀਤੀ। ਪਰ ਉਹਨਾਂ ਦੇ ਖ਼ਿਲਾਫ਼ ਲੜਾਈ ਕੋਈ ਨਾ ਕੀਤੀ। ੧੮੦੯ ਵਿਚ ਅੰਗ੍ਰੇਜ਼ਾਂ ਦੇ ਸਤਿਲੁਜੋਂ ਪਾਰ ਰਹਿਣ ਅਤੇ ਖ਼ਾਲਸਾ ਰਾਜ ਦੀਆਂ ਫੌਜਾਂ ਦੇ ਉਰਾਰ ਹੀ ਰਹਿਣ ਦੀ ਜੋ ਸੰਧੀ ਕੀਤੀ ਉਸ ਸੰਧੀ ਨੂੰ ਮਹਾਰਾਜਾ ਦੇ ਅੱਖਾਂ ਮੀਟਦਿਆਂ ਹੀ ਅੰਗ੍ਰੇਜ਼ਾਂ ਨੇ ਤੋੜ ਦਿੱਤਾ। ਉਸ ਤੋਂ ਬਾਅਦ ਅੰਗ੍ਰੇਜ਼ਾਂ ਤੇ ਸਿਖਾਂ ਦੀਆਂ ਜਿਹੜੀਆਂ ਲੜਾਈਆਂ ਹੋਈਆਂ ਉਹ ਵੀ ਸਾਰੀਆਂ ਲਾਹੌਰ ਦੇ ਖ਼ਾਲਸਾ ਰਾਜ ਨੂੰ ਬਚਾਉਣ ਲਈ ਸਨ ਤੇ ਉਹਨਾਂ ਲੜਾਈਆਂ ਵਿਚ ਵੀ ਜਿੱਤ ਅੰਗ੍ਰੇਜ਼ਾਂ ਦੀ ਹੀ ਹੋਈ।

ਇਸ ਤੋਂ ਬਾਅਦ ਪੰਜਾਬ ਉਪਰ ਅੰਗ੍ਰੇਜ਼ਾਂ ਦਾ ਸਿੱਕਾ ਪੂਰੀ ਤਰ੍ਹਾਂ ਜੰਮ ਗਿਆ। ਸਿਖ ਸਰਦਾਰਾਂ, ਰਈਸਾਂ ਤੇ ਫੂਲਕੀਆਂ ਰਿਆਸਤਾਂ ਦੇ ਰਾਜਿਆਂ ਦੇ ਅਸਰ ਹੇਠ ਪੰਜਾਬ ਦੇ ਇਕ ਤਬਕੇ ਨੇ ਅੰਗ੍ਰੇਜ਼ਾਂ ਨੂੰ ਜੀਉ ਆਇਆਂ ਆਖਿਆ। ਓਹਨਾਂ ਦੀ ਹਰ ਤਰ੍ਹਾਂ ਮਦਦ ਵੀ ਕੀਤੀ ਤੇ ਫਿਰ ਫਿਰੰਗੀਆਂ ਨੂੰ ਆਪਣਾ ਸਰਪ੍ਰਸਤ ਵੀ ਖ਼ੁਸ਼ੀ ਖ਼ੁਸ਼ੀ ਮੰਨ ਲਿਆ। ਇੰਜ ਏਸ ਕਰਕੇ ਹੋ ਸਕਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਭਵਿੱਖਤ ਵਾਕਾਂ ਅਨੁਸਾਰ ਖ਼ਾਲਸਾ ਨੇ ਆਪਣਾ ਨਿਆਰਾ ਚਰਿਤ੍ਰ ਤਿਆਗ ਦਿੱਤਾ ਸੀ।

• ਬੰਗਾਲੀਆਂ ਦੀ ਨਜ਼ਰ ਵਿਚ ਫਿਰੰਗੀ

ਬੰਗਾਲ ਉਪਰ ਫਿਰੰਗੀ ਦਾ ਪੂਰਾ ਕਬਜ਼ਾ ਪੰਜਾਬ ਨਾਲੋਂ ਸਵਾ ਕੁ ਸੌ ਸਾਲ ਪਹਿਲਾਂ ਹੀ ਹੋ ਚੁੱਕਾ ਸੀ। ਸੰਨ ੧੭੫੭ ਨੂੰ ਪਲਾਸੀ ਦੇ ਮੈਦਾਨ ਵਿਚ ਹੋਈ ਅੰਗ੍ਰੇਜ਼ਾਂ ਤੇ ਨਵਾਬ ਸਿਰਾਜੁੱਦੌਲਾ ਦੀ ਲੜਾਈ ਦੌਰਾਨ ਨਵਾਬ ਦੀ ਹਾਰ ਤੇ ਫਿਰੰਗੀਆਂ ਦੀ ਜਿਤ ਹੋਈ। ਅਮਲੀ ਤੌਰ ਤੇ ਪਲਾਸੀ ਦੇ ਮੈਦਾਨ ਵਿਚ ਹੀ ਫਿਰੰਗੀ ਰਾਜ ਦੀ ਨੀਂਹ ਬੱਝ ਗਈ ਸੀ। ਬੰਗਾਲ ਦੇ ਨਵਾਬ ਸਿਰਾਜੁੱਦੌਲਾ ਨਾਲ ਮੀਰ ਜਾਫ਼ਰ ਨੇ ਗੱਦਾਰੀ ਕੀਤੀ ਤੇ ਅੰਗ੍ਰੇਜ਼ਾਂ ਦਾ ਸਾਥ ਦਿੱਤਾ। ਬਾਅਦ ਵਿਚ

ਧਰਮ ਸਾਡੇ ਕੋਲ ਬਹੁਤ ਹੈ

ਸੁਆਮੀ ਵਿਵੇਕਾ ਨੰਦ ਨੇ ਇਕ ਥਾਂ ਲਿਖਿਆ ਹੈ-ਭਾਰਤ ਕੋਲ ਅੰਨ ਦੀ ਥੁੜ ਹੈ, ਕਪੜੇ ਦੀ ਘਾਟ ਹੈ, ਹੋਰ ਬਹੁਤ ਚੀਜ਼ਾਂ ਦੀ ਘਾਟ ਹੈ-ਪਰ ਧਰਮ ਦੀ ਘਾਟ ਨਹੀਂ। ਧਰਮ ਭਾਰਤ ਕੋਲ ਬਹੁਤ ਹੈ।

ਪੱਛਮ ਵਾਲੇ-ਯੂਰਪ ਤੇ ਅਮਰੀਕਾ- ਜੇ ਸਾਨੂੰ ਕੁਝ ਦੇਣਾ ਚਾਹੁੰਦੇ ਨੇ, ਜੇ ਸਾਡੀ ਮਦਦ ਕਰਨਾ ਚਾਹੁੰਦੇ ਨੇ ਤਾਂ ਸਾਨੂੰ ਅੰਨ, ਬਸਤਰ ਤੇ ਹੋਰ ਚੀਜ਼ਾਂ ਨਹੀਂ, ਧਰਮ ਵੀ ਨਹੀਂ,-ਉਹ ਸਾਨੂੰ ਵਿਗਿਆਨ ਅਤੇ ਤਕਨੀਕ ਦੇਣ ਤਾਕਿ ਅਸੀਂ ਆਪਣੇ ਪੈਰਾਂ ਤੇ ਖਲੋ ਸੱਕੀਏ।

Namdhari Elibrary NamdhariElibrary@gmail.com

ਛੋਟੀਆਂ ਮੋਟੀਆਂ ਲੜਾਈਆਂ ਦਵਾਰਾ ਫਿਰੰਗੀ ਦਾ ਰਾਜ ਪੱਕਾ ਹੁੰਦਾ ਗਿਆ।

ਪੰਜਾਬ ਵਿਚ ਫਿਰੰਗੀਆਂ ਦੀ ਆਮਦ ਸਮੇ ਜੋ ਵਰਤਾਰਾ ਵਰਤਿਆ-ਉਸ ਤੋਂ ਸਵਾ ਸੌ ਸਾਲ ਪਹਿਲਾਂ ਬੰਗਾਲ ਵਿਚ ਵੀ ਲਗਭਗ ਓਹੋ ਵਰਤਾਰਾ ਹੀ ਵਰਤਿਆ ਸੀ। ਪੰਜਾਬ ਵਿਚ ਜੋ ਹੋਇਆ-ਬੰਗਾਲ ਵਿਚ ਇਕ ਤਰ੍ਹਾਂ ਨਾਲ ਸਵਾ ਸੌ ਸਾਲ ਪਹਿਲਾਂ ਉਸ ਦਾ ਪੂਰਬ-ਅਭਿਆਸ ਹੀ ਹੋਇਆ ਸੀ।

ਜਿਵੇਂ ਪੰਜਾਬ ਵਿਚ ਫਿਰੰਗੀਆਂ ਦੇ ਤਸੱਲਤ ਨੂੰ ਸਵਾਗਤ ਦੀ ਭਾਵਨਾ ਨਾਲ ਕਬੂਲ ਕੀਤਾ ਗਿਆ ਓਸੇ ਤਰ੍ਹਾਂ, ਸਵਾ ਸੌ ਸਾਲ ਪਹਿਲਾ ਬੰਗਾਲ ਵਿਚ ਵੀ ਹੋਇਆ। ਫਰਕ ਸੀ ਤਾਂ ਕੇਵਲ ਇਹ ਕਿ ਪੰਜਾਬ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਸਲਿਮ ਹਕੂਮਤ ਵਿਰੁੱਧ ਅਰੰਭ ਹੋਈ ਜੰਗ ਵੱਖ ਵੱਖ ਪੜਾਵਾਂ ਤੋਂ ਲੰਘਦੀ ਹੋਈ ਸੰਨ ੧੭੯੯ *ਵਿਚ ਲਾਹੌਰ ਉਪਰ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੀ ਕਾਇਮੀ ਨਾਲ ਸਮਾਪਤ ਹੋਈ ਅਤੇ ਬੰਗਾਲ ਵਿਚ ਹਿੰਦੂਆਂ ਦੀ ਮੁਸਲਿਮ ਹਾਕਮਾਂ ਵਿਰੁੱਧ ਲੜਾਈ-੧੭੯੯ ਦੇ ਸੰਨਿਆਸੀ ਵਿਦਰੋਹ ਦੇ ਨਤੀਜੇ ਵਜੋਂ ਫਿਰੰਗੀ ਰਾਜ ਦੀ ਪਕਿਆਈ ਨਾਲ ਮੁੱਕੀ।*

ਪਰ ਏਧਰ ਖ਼ਾਲਸਾ ਰਾਜ ਤੇ ਓਧਰ ਫਿਰੰਗੀ ਰਾਜ ਦੀ ਸਥਾਪਨਾ ਨਾਲ ਪੰਜਾਬ ਤੇ ਬੰਗਾਲ ਦੇ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਚਰਿਤ੍ਰਾਂ ਵਿਚ ਬਹੁਤ ਵਡਾ ਅੰਤਰ ਆ ਗਿਆ।

ਅਨੰਦ ਮਠ-ਬੰਦੇ ਮਾਤਰਮ

ਇਸ ਅੰਤਰ ਨੂੰ ਬੰਗਾਲ ਦੇ ਇਕ ਇਤਿਹਾਸਕ ਉਪਨਿਆਸ ਦੀ ਤਾਂਘ ਲੱਭਿਆਂ ਬੜੇ ਹੀ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ।

ਆਜ਼ਾਦੀ ਲਈ ਸੰਘਰਸ਼ ਦੇ ਆਖ਼ਰੀ ਦੌਰ ਵਿਚ ਇਕ ਗੀਤ ਭਾਰਤ ਦੇ ਘਰ ਘਰ ਵਿਚੋਂ ਇਕ ਹੁੰਕਾਰ ਵਾਂਗ ਗੂੰਜਿਆ ਸੀ। ਉਹ ਗੀਤ ਸੀ, 'ਬੰਦੇ ਮਾਤਰਮ'।

ਬੰਦੇ ਮਾਤਰਮ। ਸੁਜਲਾਂ ਸਫਲਾਂ
ਮਲਯਜ ਸੀਤਲਾਂ
ਸ਼ਸਯ ਸ਼ਿਆਮਲਾਂ
ਮਾਤਰਮ।

ਇਹ ਗੀਤ ਸ੍ਰੀ ਬੰਕਿਮ ਚੰਦਰ ਦੇ ਉਪਨਿਆਸ 'ਆਨੰਦ ਮਠ' ਦਾ ਹਿੱਸਾ ਹੈ। ਅਨੰਦ ਮਠ ਉਪਨਿਆਸ ਦੀ ਕਹਾਣੀ ੧੭੯੯ ਵਿਚ ਹੋਏ ਸੰਨਿਆਸੀ ਵਿਦਰੋਹ ਦੇ ਦੇਸ਼ ਭਗਤ ਸੰਨਿਆਸੀਆਂ ਦੀ ਕਹਾਣੀ ਹੈ। ਬੰਦੇ ਮਾਤਰਮ ਗੀਤ ਉਹਨਾਂ ਸਨਿਆਸੀ ਪਾਤਰਾਂ ਦੇ ਮੂੰਹੋਂ ਬਾਰ ਬਾਰ ਸੁਣਾਈ ਦੇਂਦਾ ਹੈ। ਉਨ੍ਹਾਂ ਸਨਿਆਸੀਆਂ ਨੂੰ 'ਸੰਤਾਨ' ਕਿਹਾ ਜਾਂਦਾ ਹੈ ਤੇ ਉਹ ਜਿਸ ਮਾਤਰੀ ਭੂਮੀ ਦੀ ਸੰਤਾਨ ਹਨ ਓਸੇ ਮਾਤਰੀ ਭੂਮੀ ਦੀ ਬੰਦਨਾ ਵਜੋਂ ਇਹ ਗੀਤ ਹਰ ਸੰਤਾਨ ਵੱਲੋਂ ਗਾਇਆ ਜਾਂਦਾ ਹੈ।

ਅਨੰਦ ਮਠ ਦੇ ਕੁਝ ਅੰਸ਼ ਇਹੋ ਜਿਹੇ ਹਨ-ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਵਿਦਰੋਹ ਕੌਣ ਕਰ ਰਿਹਾ ਹੈ ਤੇ ਕਿਉਂ ਕਰ ਰਿਹਾ ਹੈ ਅਤੇ ਉਸ ਦੇ ਨਤੀਜੇ ਕੀ ਹੋਣਗੇ। ਉਹ ਕੁਝ ਅੰਸ਼ ਇੰਜ ਹਨ-

"ਭਵਾ ਨੰਦ ਨੇ ਆਪ ਜਾ ਕੇ ਕਪਤਾਨ ਟੌਮਸ ਦੇ ਜੂੰਡੇ ਫੜ ਲਏ। ਕਪਤਾਨ ਆਖ਼ਰੀ ਦਮ ਤਕ ਯੁੱਧ ਕਰ ਰਿਹਾ ਸੀ। ਭਵਾ ਨੰਦ ਨੇ ਕਿਹਾ, 'ਕਪਤਾਨ ਸਾਹਿਬ, ਤੈਨੂੰ ਮਾਰਾਂਗਾ ਨਹੀਂ, ਅੰਗ੍ਰੇਜ਼ ਸਾਡੇ ਦੁਸ਼ਮਨ ਨਹੀਂ। ਕਿਉਂ ਤੂੰ ਮੁਸਲਮਾਨਾਂ ਦਾ ਮਦਦਗਾਰ ਹੋ ਕੇ ਆਇਆ ਹੈਂ? ਆ-ਤੇਰੀ ਜਾਨ ਬਖ਼ਸ਼ੀ। ਇਸ ਵੇਲੇ ਤੈਨੂੰ ਸਿਰਫ ਗ੍ਰਿਫ਼ਤਾਰ ਕੀਤਾ ਜਾਏਗਾ। ਅੰਗ੍ਰੇਜ਼ ਦੀ ਜੈ ਹੋਵੇ, ਅਸੀ ਤੁਹਾਡੇ ਸੁਹਿਰਦ ਹਾਂ'।"

"...ਤਦ ਉਹ ਕੁਝ ਕੁ ਸੰਤਾਨ ਕਪਤਾਨ ਟੌਮਸ ਨੂੰ ਘੋੜੇ ਦੀ ਪਿਠ ਤੇ ਬੰਨ੍ਹ ਕੇ 'ਬੰਦੇ ਮਾਤਰਮ' ਗਾਉਂਦੇ ਗਾਉਂਦੇ.....ਚਲ ਪਏ।"

"....ਅਪੂਰਬ ਸੁੰਦਰੀ ਨਾਰੀ ਮੂਰਤੀ ਨੇ ਹੱਸਦਿਆਂ ਹੱਸਦਿਆਂ ਕਿਹਾ, 'ਸਾਹਿਬ, ਮੈਂ ਇਸਤ੍ਰੀ ਹਾਂ, ਕਿਸੇ ਨੂੰ ਮਾਰਦੀ ਨਹੀਂ, ਤੈਨੂੰ ਇਕ ਗੱਲ ਪੁਛਦੀ ਹਾਂ, ਹਿੰਦੂ ਮੁਸਲਮਾਨਾਂ ਵਿਚਕਾਰ ਜੰਗ ਹੋ ਰਹੀ ਏ, ਤੁਸੀਂ ਇਸ ਵਿਚ ਕਿਉਂ ਆਉਂਦੇ ਓ? ਆਪਣੇ ਘਰ ਮੁੜ ਜਾਓ'।"

ਅਨੰਦ ਮਠ ਦੇ ਇਕ ਪਾਤਰ ਹਨ, ਉਸ ਸਾਰੀ ਸੰਤਾਨ ਸੈਨਾ ਦੇ ਸੰਚਾਲਕ ਸਤਿਆਨੰਦ ਦੇ ਗੁਰੂ। ਉਹਨਾ ਨੂੰ ਮਹਾਂਪੁਰਸ਼ ਆਖਿਆ ਜਾਂਦਾ ਹੈ। ਉਹ ਮਹਾਂਪੁਰਸ਼ ਸਤਿਆਨੰਦ ਨੂੰ ਆਖਦੇ ਹਨ-

"..... ਅੰਗ੍ਰੇਜ਼ਾਂ ਦੇ ਰਾਜਾ ਬਣਨ ਤੋਂ ਬਿਨਾਂ ਸਨਾਤਨ ਧਰਮ ਦੇ ਪੁਨਰ ਉੱਧਾਰ ਦੀ ਕੋਈ ਸੰਭਾਵਨਾ ਨਹੀਂ। ਮਹਾਂ ਪੁਰਸ਼ਾਂ ਨੇ ਜਿਵੇਂ ਸਮਝਿਆ ਹੈ, ਇਹ ਗੱਲ ਤੈਨੂੰ ਓਸੇ ਤਰ੍ਹਾਂ ਸਮਝਾਉਂਦਾ ਹਾਂ, ਧਿਆਨ ਨਾਲ ਸੁਣ। ਤੇਤੀ ਕਰੋੜ ਦੇਵਤਿਆਂ ਦੀ ਪੂਜਾ ਸਨਾਤਨ ਧਰਮ ਨਹੀਂ, ਉਹ ਇਕ ਲੌਕਿਕ ਨਖਿੱਧ ਧਰਮ ਹੈ। ਉਸ ਦੇ ਪਰਭਾਵ ਨਾਲ ਅਸਲ ਸਨਾਤਨ ਧਰਮ-ਜਿਸ ਨੂੰ ਮਲੇਛ ਲੋਕ 'ਹਿੰਦੂ ਧਰਮ' ਆਖਦੇ ਨੇ ਉਹ ਲੋਪ ਹੋ ਗਿਆ ਹੈ। ਅਸਲ ਹਿੰਦੂ ਧਰਮ ਗਿਆਨਾਤਮਕ ਹੈ, ਕਰਮਾਤਮਕ ਨਹੀਂ। ਉਹ ਗਿਆਨ ਦੋ ਤਰ੍ਹਾਂ ਦਾ ਹੈ-ਬਾਹਰੀ ਤੇ ਅੰਤਰੀਵ। ਜੋ ਗਿਆਨ ਅੰਤਰੀਵ ਹੈ ਓਹੋ ਹੀ ਸਨਾਤਨ ਧਰਮ ਦਾ ਪਰਮੁਖ ਭਾਗ ਹੈ। ਪਰ ਬਾਹਰੀ ਗਿਆਨ ਜੇ ਪਹਿਲਾਂ ਨਹੀਂ ਪੈਦਾ ਹੁੰਦਾ ਤਾਂ ਅੰਤਰੀਵ ਗਿਆਨ ਦੇ ਪੈਦਾ ਹੋਣ ਦੀ ਕੋਈ ਸੰਭਾਵਨਾ ਨਹੀਂ।"

"ਸਥੂਲ ਕੀ ਹੈ? ਜਿੰਨਾ ਚਿਰ ਇਹ ਨਹੀਂ ਜਾਣਦੇ, ਓਨਾ ਚਿਰ ਇਹ ਵੀ ਨਹੀਂ ਜਾਣਿਆਂ ਜਾ ਸਕਦਾ ਕਿ ਸੂਖਮ ਕੀ ਹੈ। ਇਸ ਦੇਸ਼ ਵਿਚ ਚਿਰਾਂ ਤੋਂ ਬਾਹਰੀ ਗਿਆਨ ਵਿਲੁਪਤ ਹੋ ਚੁੱਕਾ ਹੈ-ਸੋ ਅਸਲ ਸਨਾਤਨ ਧਰਮ ਵੀ ਲੋਪ ਹੋ ਗਿਆ ਹੈ। ਸਨਾਤਨ ਧਰਮ ਦਾ ਪੁਨਰ ਉੱਧਾਰ ਕਰਨ ਲਈ ਪਹਿਲਾਂ ਬਾਹਰੀ ਗਿਆਨ ਦਾ ਪਰਚਾਰ ਜ਼ਰੂਰੀ ਹੈ। ਇਸ ਵੇਲੇ ਇਸ ਦੇਸ਼ ਵਿਚ ਉਹ ਹੈ ਨਹੀਂ, ਇਹੋ ਜਿਹਾ ਕੋਈ ਵਿਅਕਤੀ ਵੀ ਨਹੀਂ ਜੋ ਸਿਖਾ ਸਕੇ। ਅਸੀਂ ਲੋਕ-ਸ਼ਿਖਸ਼ਾ ਦੇਣ ਵਿਚ ਮਾਹਰ ਨਹੀਂ। ਸੋ ਦੂਸਰੇ ਦੇਸ਼ ਤੋਂ ਬਾਹਰੀ ਗਿਆਨ ਹਾਸਿਲ ਕਰਨਾ ਪਏਗਾ। ਅੰਗ੍ਰੇਜ਼ ਬਾਹਰੀ ਗਿਆਨ ਵਿਚ ਅਤੀ ਸੁਪੰਡਿਤ ਹਨ, ਇਹ ਲੋਕ ਸ਼ਿਖਸ਼ਾ ਦੇਣ ਵਿਚ ਬੜੇ ਮਾਹਿਰ ਹਨ। ਸੋ ਅੰਗ੍ਰੇਜ਼ਾਂ ਨੂੰ ਰਾਜਾ ਬਣਾਵਾਂਗੇ। ਅੰਗ੍ਰੇਜ਼ੀ ਸ਼ਿਖਸ਼ਾ ਦੀ ਰਾਹੀਂ ਇਸ ਦੇਸ਼ ਦੇ ਲੋਕ ਬਾਹਰੀ ਤੱਤ ਬਾਰੇ ਸੁਸ਼ਿਖਸ਼ਿਤ ਹੋ ਕੇ ਅੰਤਸ ਤੱਤ ਨੂੰ ਸਮਝ ਸਕਣਗੇ। ਤਦ ਸਨਾਤਨ ਧਰਮ ਦੇ ਪਰਚਾਰ ਵਿਚ ਕੋਈ ਵਿਘਨ ਨਹੀਂ ਰਹੇਗਾ। ਉਸ ਵੇਲੇ ਅਸਲ ਧਰਮ ਫਿਰ ਆਪਣੇ ਆਪ ਪਰਗਟ ਹੋਵੇਗਾ। ਜਿੰਨਾ ਚਿਰ ਇਹ ਨਹੀ ਹੁੰਦਾ, ਹਿੰਦੂ ਗਿਆਨਵਾਨ, ਗੁਣਵਾਨ ਅਤੇ ਬਲਵਾਨ ਨਹੀਂ ਹੁੰਦਾ, ਓਨਾ ਚਿਰ ਅੰਗ੍ਰੇਜ਼ ਰਾਜ ਅਖੁੱਟ ਰਹੇਗਾ। ਅੰਗ੍ਰੇਜ਼ ਰਾਜ ਵਿਚ ਪਰਜਾ ਸੁਖੀ ਹੋਵੇਗੀ- ਨਿਸ਼ਕੰਟਕ ਧਰਮ ਆਚਰਨ ਕਰੇਗੀ। ਸੋ, ਹੇ ਬੁਧੀਮਾਨ- ਅੰਗ੍ਰੇਜ਼ਾਂ ਨਾਲ ਯੁੱਧ ਕਰਨਾ ਛੱਡ ਕੇ ਮੇਰੇ ਪਿੱਛੇ ਆਓ।"

"ਸਤਿਆਨੰਦ ਨੇ ਕਿਹਾ, 'ਹੇ ਮਹਾਤਮਨ, ਜੇ ਅੰਗ੍ਰੇਜ਼ਾਂ ਨੂੰ ਰਾਜਾ ਬਣਾਉਣਾ ਹੀ ਆਪ ਦਾ ਉਦੇਸ਼ ਸੀ, ਜੇ ਇਸ ਵੇਲੇ ਅੰਗ੍ਰੇਜ਼ਾਂ ਦਾ

Namdhari Elibrary NamdhariElibrary@gmail.com

ਰਾਜ ਹੀ ਦੇਸ਼ ਦੇ ਹਿਤ ਵਿਚ ਮੰਗਲਕਾਰੀ ਹੈ, ਤਾਂ ਸਾਨੂੰ ਇਸ ਬੇਦਰਦ ਜੁੱਧ ਵਿਚ ਕਿਉਂ ਲਗਾਇਆ ਸੀ?'

"ਮਹਾਂਪੁਰਸ਼ ਨੇ ਆਖਿਆ, 'ਅੰਗ੍ਰੇਜ਼ ਇਸ ਵੇਲੇ ਵਪਾਰੀ ਨੇ, ਓਹਨਾਂ ਦਾ ਮਨ ਧਨ ਇਕੱਠਾ ਕਰਨ ਵਿਚ ਏ। ਉਹ ਰਾਜ ਸ਼ਾਸਨ ਦਾ ਭਾਰ ਲੈਣਾ ਨਹੀਂ ਚਾਹੁੰਦੇ। ਇਸ ਸੰਤਾਨ ਵਿਦ੍ਰੋਹ ਦੇ ਕਾਰਨ ਉਹ ਰਾਜ ਸ਼ਾਸਨ ਸੰਭਾਲਣ ਲਈ ਮਜਬੂਰ ਹੋਣਗੇ। ਕਿਉਂਕਿ ਰਾਜ ਸ਼ਾਸਨ ਤੋਂ ਬਿਨਾਂ ਧਨ ਸੰਗ੍ਰਹਿ ਨਹੀਂ ਹੋ ਸਕਦਾ। ਅੰਗ੍ਰੇਜ਼ਾਂ ਦੀ ਤਾਜਪੋਸ਼ੀ ਲਈ ਹੀ ਸੰਤਾਨ ਵਿਦਰੋਹ ਉਪਸਥਿਤ ਹੋਇਆ ਸੀ। ਹੁਣ ਆਓ ਗਿਆਨ ਹਾਸਿਲ ਕਰਕੇ ਤੁਸੀਂ ਆਪ ਸਾਰੀ ਗੱਲ ਸਮਝ ਸੱਕੋਗੇ।'

"ਸਤਿਆਨੰਦ-'ਹੇ ਮਹਾਤਮਾ! ਮੈਂ ਗਿਆਨ ਲਾਭ ਦੀ ਇੱਛਾ ਨਹੀਂ ਰੱਖਦਾ। ਗਿਆਨ ਦੀ ਮੈਨੂੰ ਕੋਈ ਲੋੜ ਨਹੀਂ, ਮੈਂ ਜਿਸ ਵਰੱਤ ਦਾ ਵ੍ਰੱਤੀ ਬਣਿਆ ਹਾਂ, ਓਹੋ ਹੀ ਪਾਲਣ ਕਰਾਂਗਾ। ਆਸ਼ੀਰਵਾਦ ਦਿਓ ਕਿ ਮੇਰੀ ਮਾਤ੍ਰੀ ਭਗਤੀ ਅਖੁੱਟ ਰਹੇ।'"

"ਮਹਾਂ ਪੁਰਸ਼-'ਵਰੱਤ ਸਫਲ ਹੋਇਆ ਹੈ। ਤੁਸਾਂ ਮਾਂ ਦੀ ਸੇਵਾ ਕੀਤੀ ਹੈ-ਅੰਗ੍ਰੇਜ਼ ਰਾਜ ਸਥਾਪਤ ਕੀਤਾ ਹੈ। ਹੁਣ ਜੁੱਧ ਬੰਦ ਕਰੋ, ਲੋਕ ਖੇਤੀ ਦੇ ਕੰਮ ਵਿਚ ਲੱਗਣ, ਧਰਤੀ ਧਨ-ਧਾਨ ਨਾਲ ਭਰ ਜਾਏ, ਲੋਕ ਸੁਖੀ ਤੇ ਸਮ੍ਰਿੱਧ ਹੋਣ।

"ਸਤਿਆਨੰਦ ਨੇ ਅੱਖਾਂ ਚੋਂ ਚੰਗਿਆੜੇ ਵਰ੍ਹਾਂਉਂਦਿਆਂ ਆਖਿਆ, 'ਦੁਸ਼ਮਨ ਦੇ ਲਹੂ ਨਾਲ ਨੁਹਾ ਕੇ ਮਾਤਾ ਨੂੰ ਧਨ-ਧਾਨ ਨਾਲ ਭਰਾਂਗਾ।'

"ਮਹਾਂ ਪੁਰਸ਼-'ਦੁਸ਼ਮਣ ਕੌਣ ਹੈ? ਦੁਸ਼ਮਨ ਹੁਣ ਨਹੀਂ ਰਿਹਾ। ਅੰਗ੍ਰੇਜ਼ ਮਿਤਰ ਰਾਜ ਹੈ। ਹੁਣ ਅੰਗ੍ਰੇਜ਼ਾਂ ਨਾਲ ਜੰਗ ਕਰਕੇ ਜਿੱਤ ਸੱਕੇ-ਇਹੋ ਜਿਹੀ ਸ਼ਕਤੀ ਕਿਸੇ ਵਿਚ ਨਹੀਂ।'"

ਬੰਗਾਲ ਦਾ ਇਹ ਸੰਨਿਆਸੀ ਵਿਦਰੋਹ ਬੇਸ਼ੱਕ ਆਜ਼ਾਦੀ ਦੀ ਪ੍ਰਾਪਤੀ ਲਈ ਸੀ-ਪਰ ਇਹ ਉਸ ਵਿਦਰੋਹ ਦਾ ਆਖਰੀ ਅੰਸ਼ ਸੀ-ਜੋ ਮੁਸਲਿਮ ਰਾਜ ਵਿਰੁੱਧ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ ਸਦੀਆਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਆ ਰਿਹਾ ਸੀ। ਪਰ ਬੰਗਾਲ ਵਿਚ ਇਸ ਸੰਨਿਆਸੀ ਵਿਦਰੋਹ ਦੀ ਅਸਲ ਸੰਚਾਲਕ ਸ਼ਕਤੀ ਉਹ ਮਹਾਂਪੁਰਸ਼ ਮੁਸਲਿਮ ਰਾਜ ਤੋਂ ਮੁਕਤੀ ਲਈ, ਅੰਗ੍ਰੇਜ਼ਾਂ ਨੂੰ ਮੁਕਤੀ ਦਾਤਾ ਦੇ ਰੂਪ ਵਿਚ ਵੇਖਦੇ ਸਨ।

ਬੰਗਾਲ ਦੇ ਇਸ ਸੰਨਿਆਸੀ ਵਿਦਰੋਹ ਦੀ ਕਹਾਣੀ ਈਸਵੀ ਸੰਨ ੧੭੯੯ ਦੀ ਸੀ ਜੋ ਕਿ 'ਅਨੰਦਮਠ' ਉਪਨਿਆਸ ਵਿਚ ਆਈ, ਅਤੇ ਇਹ 'ਅਨੰਦਮਠ' ਇਸ ਵਿਦਰੋਹ ਦੀ ਕਹਾਣੀ ਤੋਂ ਪੰਜਾਸੀ ਸਾਲ ਬਾਅਦ ਈਸਵੀ ਸੰਨ ੧੮੮੨ ਵਿਚ ਛਪਿਆ ਸੀ।

ਇਸ ਕਹਾਣੀ ਅਤੇ ਇਸ ਦੇ ਪ੍ਰਕਾਸ਼ਨ ਵਿਚਕਾਰਲੇ ਸੌ ਸਾਲਾਂ ਦਰਮਿਆਨ ਬੰਗਾਲ ਅੰਦਰ ਜਿਹੜੀਆਂ ਲਹਿਰਾਂ ਚੱਲੀਆਂ-ਉਨ੍ਹਾਂ ਦਾ ਗਿਆਨ ਰੂਪੀ ਸਾਰ ਇਸ ਉਪਨਿਆਸ ਤੋਂ ਸਮਝਿਆ ਜਾ ਸਕਦਾ ਹੈ।

● ਕੂਕਾ ਆਂਦੋਲਣ ਦਾ ਪਿਛੋਕੜ

ਸੰਨ ੧੮੪੯ ਵਿਚ ਪੂਰੇ ਪੰਜਾਬ ਉਪਰ ਅੰਗ੍ਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਪੰਜਾਬ ਦਾ ਮਾਨਸ ਦੋ ਤਰ੍ਹਾਂ ਦੀ ਸੋਚ ਦਾ ਪਤਾ ਦੇਂਦਾ ਹੈ। ਇਕ ਸੋਚ ਉਹਨਾਂ ਲੋਕਾਂ ਦੀ -ਜਿਨ੍ਹਾਂ ਨੇ ਫਿਰੰਗੀ ਰਾਜ ਨੂੰ ਆਪਣੇ ਲਈ ਬਰਕਤ ਤੇ ਵਰਦਾਨ ਰੂਪ ਵਿਚ ਵੇਖਿਆ ਅਤੇ ਉਸ ਤੋਂ ਵੱਧ ਤੋਂ ਵੱਧ ਲਾਭ ਹਾਸਿਲ ਕਰਨ ਵਿਚ ਜੁਟ ਗਏ। ਦੂਜੀ ਸੋਚ ਵਾਲੇ ਉਹ ਲੋਕ ਸਨ-ਜਿਨ੍ਹਾਂ ਨੇ ਬਿਨਾਂ ਅੰਗ੍ਰੇਜ਼ਾਂ ਦੀ ਮਦਦ, ਅੰਗ੍ਰੇਜ਼ਾਂ ਦੇ ਗਿਆਨ ਅਤੇ ਅੰਗ੍ਰੇਜ਼ਾਂ ਦੀ ਅੰਗ੍ਰੇਜ਼ੀ ਭਾਸ਼ਾ ਦੇ ਮੁਸਲਿਮ ਹਕੂਮਤਾਂ ਨੂੰ ਖ਼ਤਮ ਹੁੰਦਿਆ ਵੇਖਿਆ ਸੀ। ਇਹ ਉਹ [illegible] ਸਨ, ਜਿਹੜੇ ਸੱਚੇ ਅਰਥਾਂ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ [illegible] ਓਹਨਾਂ ਵੱਲੋਂ ਕੀਤੇ ਸੰਘਰਸ਼ਾਂ ਤੇ ਉਹਨਾਂ ਵੱਲੋਂ ਚਲਾਈ [illegible] ਦੀ ਲੰਮੀ ਪਰੰਪਰਾ ਵਿਚ ਯਕੀਨ ਰੱਖਦੇ ਸਨ। ਉਹ ਇਹ ਜਾਣਦੇ ਸਨ ਕਿ ਖ਼ਾਲਸਾ ਰਾਜ ਦਾ ਪਤਨ ਬਾਹਰੀ ਗਿਆਨ ਅਤੇ ਜੰਗੀ ਤਕਨੀਕ ਦੀ ਊਣਤਾ ਕਰਕੇ ਨਹੀਂ, ਸਗੋਂ ਖ਼ਾਲਸੇ ਦੇ ਨੈਤਿਕ ਚਰਿਤ੍ਰ ਅਤੇ ਸਦਾਚਾਰ ਦੀ ਊਣਤਾ ਕਾਰਨ ਹੋਇਆ ਸੀ। ਓਹ ਸਤਿਗੁਰ ਗੋਬਿੰਦ ਸਿੰਘ ਜੀ ਦੇ ਇਸ ਵਾਕ ਨੂੰ ਸਮਝਦੇ ਸਨ-

"ਰਹੇ ਖ਼ਾਲਸਾ ਜਬ ਲਗ ਨਯਾਰੋ।
ਤਬਿ ਲਗਿ ਤੇਜ ਦਿਯੋ ਮਹਿ ਸਾਰੋ।
ਬੰਧੇ ਜਾਹਿ ਮੋਹ ਕੀ ਫਾਸ।
ਸੁਤਿ ਬਨਿਤਾਦਿਕ ਬਾਸ ਅਵਾਸ।......"

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖ਼ਾਲਸਾ ਦਰਬਾਰ ਦੇ ਮੋਹਰੀਆਂ, ਸਰਦਾਰਾਂ ਵਿਚਕਾਰ ਜੋ ਕਟਾ-ਵੱਢ ਹੋਈ ਉਸ ਵਿਚ ਇਕ ਦੂਜੇ ਹੱਥੋਂ ਮਰਨ ਵਾਲੇ ੩੬ ਮੁਖੀ ਵਿਅਕਤੀਆਂ ਦੇ ਨਾਮ ਪੰਡਿਤ ਦੇਬੀ ਪ੍ਰਸ਼ਾਦ ਨੇ 'ਗੁਲਸ਼ਨੇ ਪੰਜਾਬ' ਵਿਚ ਦਿੱਤੇ ਹਨ:-

ਮਰਨ ਵਾਲੇ –	*ਮਾਰਨ ਜਾਂ ਮਰਵਾਣ ਵਾਲੇ*
ਚੇਤ ਸਿੰਘ -	*ਧਿਆਨ ਸਿੰਘ*
ਮਹਾਰਾਜਾ ਖੜਕ ਸਿੰਘ -	*ਧਿਆਨ ਸਿੰਘ*
ਮਹਾਰਾਜਾ ਨੌਨਿਹਾਲ ਸਿੰਘ -	*ਮਹਾਰਾਜਾ ਸ਼ੇਰ ਸਿੰਘ*
ਅਮੀਰ ਸਿੰਘ -	*ਮਹਾਰਾਜਾ ਸ਼ੇਰ ਸਿੰਘ*
ਮਹਿਤਾਬ ਸਿੰਘ ਕੌਟਵਾ -	*ਰਾਜਾ ਧਿਆਨ ਸਿੰਘ*
ਜਵਾਲਾ ਸਿੰਘ -	*ਰਾਜਾ ਧਿਆਨ ਸਿੰਘ*
ਮਹਾਰਾਜਾ ਸ਼ੇਰ ਸਿੰਘ -	*ਅਜੀਤ ਸਿੰਘ ਸੰਧਾਵਾਲੀਆ*
ਸ੍ਰ: ਬੁੱਧ ਸਿੰਘ-	*ਅਜੀਤ ਸਿੰਘ*
ਮਹਾਰਾਜਾ ਸ਼ੇਰ ਸਿੰਘ ਦਾ ਵਡਾ ਪੁਤਰ ਪਰਤਾਪ ਸਿੰਘ-	*ਲਹਿਣਾ ਸਿੰਘ ਸੰਧਾਵਾਲੀਆ*
ਧਿਆਨ ਸਿੰਘ -	*ਅਜੀਤ ਸਿੰਘ*
ਲਹਿਣਾ ਸਿੰਘ ਸੰਧਾਵਾਲੀਆ-	*ਹੀਰਾ ਸਿੰਘ*
ਅਜੀਤ ਸਿੰਘ-	*ਹੀਰਾ ਸਿੰਘ*
ਮਿਸਰ ਬੇਲੀ ਰਾਮ-	*ਹੀਰਾ ਸਿੰਘ*
ਮਿਸਰ ਬਲਰਾਮ ਦਾ ਭਰਾ ਰਾਮਕਿਸ਼ਨ-	*ਹੀਰਾ ਸਿੰਘ*
ਭਾਈ ਗੁਰਮੁਖ ਸਿੰਘ -	*ਹੀਰਾ ਸਿੰਘ*
ਰਾਜਾ ਸੁਚੇਤ ਸਿੰਘ-	*ਹੀਰਾ ਸਿੰਘ*
ਕੇਸਰੀ ਸਿੰਘ-	*ਹੀਰਾ ਸਿੰਘ*
ਦੀਵਾਨ ਭੀਮ ਸਿੰਘ-	*ਹੀਰਾ ਸਿੰਘ*
ਬਾਬਾ ਬੀਰ ਸਿੰਘ-	*ਹੀਰਾ ਸਿੰਘ*
ਕੰਵਰ ਕਸ਼ਮੀਰਾ ਸਿੰਘ-	*ਹੀਰਾ ਸਿੰਘ*
ਅਤਰ ਸਿੰਘ ਸੰਧਾਵਾਲੀਆ-	*ਹੀਰਾ ਸਿੰਘ*
ਜਰਨੈਲ ਗੁਲਾਬ ਸਿੰਘ-	*ਅਤਰ ਸਿੰਘ ਸੰਧਾਵਾਲੀਆ*
ਰਾਜਾ ਹੀਰਾ ਸਿੰਘ-	*ਖ਼ਾਲਸਾ ਫੌਜ ਦੇ ਹੱਥੋਂ ਮਰਿਆ*
ਪੰਡਤ ਜਲ੍ਹਾ-	*ਖ਼ਾਲਸਾ ਫੌਜ ਦੇ ਹੱਥੋਂ ਮਰਿਆ*
ਨਿੱਕਾ ਦੀਵਾਨ ਚੰਦ-	*ਖ਼ਾਲਸਾ ਫੌਜ ਦੇ ਹੱਥ ਮਰਿਆ*
ਮੀਆਂ ਸੋਹਨ ਸਿੰਘ -	*ਖ਼ਾਲਸਾ ਫੌਜ ਦੇ ਹੱਥ ਮਰਿਆ*

Namdhari Elibrary NamdhariElibrary@gmail.com

ਫਤੇਹ ਸਿੰਘ ਮਾਨ -	ਗੁਲਾਬ ਸਿੰਘ
ਹੀਰਾ ਸਿੰਘ ਦਾ	
ਵਜੀਰ ਰਤਨੂੰ ਚੰਦ-	ਗੁਲਾਬ ਸਿੰਘ
ਦੀਵਾਨ ਗਣਪਤ-	ਗੁਲਾਬ ਸਿੰਘ
ਸ਼ਾਹਜ਼ਾਦਾ ਪਿਸ਼ੌਰਾ ਸਿੰਘ-	ਗੁਲਾਬ ਸਿੰਘ
ਜਵਾਹਰ ਸਿੰਘ-	ਖ਼ਾਲਸਾ ਫੌਜ ਦੇ ਹੱਥੋਂ ਮਰਿਆ
ਬਾਬਾ ਰਤਨ ਸਿੰਘ -	ਖ਼ਾਲਸਾ ਫੌਜ ਦੇ ਹੱਥੋਂ ਮਰਿਆ
ਭਾਈ ਛੇਦਾ ਸਿੰਘ-	ਖ਼ਾਲਸਾ ਫੌਜ ਦੇ ਹੱਥੋਂ ਮਰਿਆ

• ਖਾਲਸਾ ਦਰਬਾਰ ਦੇ ਕਰਤਿਆਂ ਧਰਤਿਆਂ ਦੇ ਆਚਰਨ ਦੀ ਇਕ ਵੰਨਗੀ–

ਸ੍ਰ: ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਹੈ ਕਿ "ਮਹਾਰਾਜ ਸ਼ੇਰ ਸਿੰਘ ਦਾ ਵਤੀਰਾ ਇਹ ਹੈ ਕਿ ਦਿਨੇ ਰਾਤ ਸ਼ਰਾਬੀ ਰਹਿੰਦਾ ਹੈ ਅਤੇ ਮਸਖ਼ਰਿਆਂ ਨਾਲ ਮਸਖ਼ਰੀਆਂ ਕਰਦਾ, ਕੰਜਰੀਆਂ ਨਾਲ ਖੇਡਦਾ ਤੇ ਮਰਾਸੀਆਂ ਨਾਲ ਚੋਹਲ ਕਰਦਾ ਹੈ।"

• ੧੮੫੭– ਕੂਕਾ ਆਂਦੋਲਨ

੧੮੫੭ ਦੇ ਭਾਰਤ ਵਿਚ ਹੋਏ ਸਿਪਾਹੀ ਵਿਦਰੋਹ ਨੂੰ ਜੇ ਇਕ ਬੰਨੇ ਰੱਖ ਕੇ ਵੇਖੀਏ- ਜੋ ਇਕ ਵਕਤੀ ਉਤੇਜਨਾ ਦੀ ਉਪਜ ਸੀ ਅਤੇ ਜੋ ਫਿਰ ਤੋਂ ਦਿੱਲੀ ਦੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਭਾਰਤ ਸਮਰਾਟ ਦੇ ਇਕ ਛਤਰ ਸਮਰਾਟ ਦਾ ਰੁਤਬਾ ਦੁਆਨ ਦੇ ਸੰਘਰਸ਼ ਵਿਚ ਬਦਲ ਗਿਆ ਸੀ–ਤਾਂ ਸਾਰੇ ਹਿੰਦੁਸਤਾਨ ਵਿਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਗਿਆ ਉਨ੍ਹੀਂਵੀ ਸਦੀ ਦਾ ਇਕੋ ਇਕ ਤੇ ਪਹਿਲਾ ਆਂਦੋਲਣ ਸੀ- ਜੋ ਕਿਸੇ ਰਾਜੇ ਰਾਣੇ ਜਾਂ ਸੈਨਾਪਤੀ ਨੇ ਸ਼ੁਰੂ ਨਹੀਂ ਸੀ ਕੀਤਾ ਸਗੋਂ ਇਕ ਸਧਾਰਨ ਕਿਰਤੀ ਨੇ ਆਮ ਆਦਮੀ ਦੇ ਸਹਿਯੋਗ ਨਾਲ ਵਿਉਂਤ ਬਣਾ ਕੇ ਸ਼ੁਰੂ ਕੀਤਾ ਸੀ।

੧੮੪੯ ਵਿਚ 'ਖ਼ਾਲਸਾ ਰਾਜ' ਖ਼ਤਮ ਹੋ ਗਿਆ ਤੇ ਪੰਜਾਬ ਉਪਰ ਅੰਗ੍ਰੇਜ਼ਾਂ ਨੇ ਪੂਰਾ ਕਬਜ਼ਾ ਜਮਾ ਲਿਆ। ਖ਼ਾਲਸਾ ਰਾਜ ਦੇ ਅੰਤਿਮ ਦਸਾਂ ਸਾਲਾਂ ਵਿਚ ਪੰਜਾਬ ਦੀ ਜੋ ਦੁਰਦਸ਼ਾ ਹੋਈ, ਖ਼ਾਲਸਾ ਰਾਜ ਦੇ ਮਾਲਿਕਾਂ ਨੇ ਆਪਸ ਵਿਚ ਜੋ ਕਟਾਵੱਢੀ ਕੀਤੀ ਅਤੇ ਅੰਗ੍ਰੇਜ਼ਾਂ ਨੂੰ ਜਿਸ ਤਰ੍ਹਾਂ ਪੰਜਾਬ ਉੱਤੇ ਕਬਜ਼ੇ ਦੀਆਂ ਸਹੂਲਤਾਂ ਮੁਹੱਯਾ ਕੀਤੀਆ- ਅੰਗ੍ਰੇਜ਼ਾਂ ਕੋਲੋ ਇਨਾਮ ਇਕਰਾਮ ਹਾਸਿਲ ਕੀਤੇ ਤੇ ਜਾਗੀਰਾਂ ਲਈਆਂ ਉਸ ਸਭ ਦੇ ਰੂਬਰੂ ਇਹ ਗੱਲ ਇਕ ਚਮਤਕਾਰ ਵਰਗੀ ਹੀ ਲਗਦੀ ਹੈ ਕਿ ਉਸ ਤੋਂ ਸੱਤ ਅੱਠ ਸਾਲ ਬਾਅਦ ਹੀ ਫਿਰ ਤੋਂ ਫਿਰੰਗੀਆਂ ਦੇ ਖ਼ਿਲਾਫ਼ ਇਕ ਆਂਦੋਲਣ ਸ਼ੁਰੂ ਹੋ ਜਾਵੇ।

ਪਰ ਇਹ ਆਂਦੋਲਣ ਸ਼ੁਰੂ ਹੋਇਆ ਈਸਵੀ ਸੰਨ ੧੮੫੭ ਦੇ ਅਪਰੈਲ ਵਿਚ ਵਿਸਾਖੀ ਵਾਲੇ ਦਿਨ ਲੁਧਿਆਣੇ ਜ਼ਿਲੇ ਦੇ ਇਕ ਨਿਕੇ ਜਿਹੇ ਪਿੰਡ 'ਭੈਣੀ' ਵਿਚ ਪੰਜਾਂ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ 'ਸੰਤ ਖ਼ਾਲਸਾ' ਦੀ ਪੁਨਰ ਸਾਜਨਾ ਨਾਲ। 'ਸੰਤ ਖ਼ਾਲਸੇ ਦੀ ਪੁਨਰ ਸਾਜਨਾ' ਇਸ ਲਈ ਜ਼ਰੂਰੀ ਹੋ ਗਈ ਸੀ ਕਿ ਓਦੋਂ ਤਕ 'ਖ਼ਾਲਸਾ' ਅਖਵਾਣ ਵਾਲਾ ਪਰਸਿਧ ਸਰਕਾਰੀ ਦਰਬਾਰੀ ਖ਼ਾਲਸਾ –ਕਰਮ ਧਰਮ ਤੇ ਸਦਾਚਾਰੀ ਚਰਿਤ੍ਰ ਪੱਖੋਂ ਮਲੇਛ ਆਚਰਨ ਵਾਲਾ ਬਣ ਚੁੱਕਾ ਸੀ।

ਜਿਸ ਸਤਿਗੁਰੂ ਰਾਮ ਸਿੰਘ ਨੇ ਇਸ ਨਵੇਂ 'ਸੰਤ ਖ਼ਾਲਸੇ' ਦੀ ਸਾਜਨਾ ਕੀਤੀ- ਉਹ ਸੰਨ ੧੮੩੭ ਤੋਂ ੧੮੪੫ ਤਕ ਖ਼ਾਲਸਾ ਫੌਜ ਵਿਚ ਰਹੇ ਸਨ। ਅਤੇ ਉਸ ਦੌਰ ਵਿਚ ਆਪ ਨੇ ਖ਼ਾਲਸਾ ਦਰਬਾਰ ਤੇ ਖ਼ਾਲਸਾ ਫੌਜ ਦਾ ਸਾਰਾ ਚਰਿਤ੍ਰ ਗਹੁ ਨਾਲ ਵੇਖ-ਭਾਂਪ ਲਿਆ ਸੀ। ਉਹ ਜਾਣਦੇ ਸਨ ਕਿ ਇਹ ਰਾਜ ਆਪਣੇ ਮਾੜੇ ਕਰਮਾਂ ਕਾਰਨ ਹੀ ਨਸ਼ਟ ਹੋਣ ਵਾਲਾ ਹੈ। ਇਸ ਲਈ ਆਪ ਨਾਮ ਬਾਣੀ ਦਾ ਸਿਮਰਨ ਕਰਦੇ, ਅਕਾਲ ਪੁਰਖ ਕੋਲੋਂ ਦੇਸ਼ ਕੌਮ ਦੀ ਭਲਾਈ ਲਈ ਰੌਸ਼ਣੀ ਦੀ ਅਰਦਾਸ ਕਰਦੇ ਤੇ ਭਵਿਖ ਲਈ ਮਨ ਹੀ ਮਨ ਵਿਉਂਤਾਂ ਬਣਾਉਂਦੇ। ਆਪ ਦੀ ਜਿਸ 'ਨੌ ਨਿਹਾਲ ਰਜਮੰਟ' ਵਿਚ ਡਿਊਟੀ ਸੀ- ਉਸ ਰਜਮੈਂਟ ਨੂੰ ਆਮ ਤੌਰ ਤੇ ਆਪਦੇ ਭਗਤੀ ਭਾਵ ਕਾਰਨ ਭਗਤਾਂ ਦੀ ਪਲਟਨ ਵੀ ਆਖਦੇ ਸਨ।

ਆਪ ਦਾ ਪ੍ਰਕਾਸ਼ ਈਸਵੀ ਸੰਨ ੧੮੧੬ ਮੁਤਾਬਕ ਮਾਘ ਸੁਦੀ ਪੰਚਮੀ ਸੰਮਤ ੧੮੭੨ ਨੂੰ ਪਿੰਡ ਰਾਈਆਂ ਜ਼ਿਲਾ ਲੁਧਿਆਣਾ ਵਿਚ ਹੋਇਆ ਸੀ। ਖ਼ਾਲਸਾ ਫੌਜ ਦੀ ਨੌਕਰੀ ਸਮੇ ਹੀ ੧੮੪੧ ਵਿਚ ਆਪ ਆਪਣੀ ਪਲਟਨ ਨਾਲ ਪਿਸ਼ਾਵਰ ਜਾਂਦੇ ਹੋਏ ਰਸਤੇ ਵਿਚ 'ਹਜ਼ਰੋ' ਵਿਖੇ ਰੁਕੇ। ਹਜ਼ਰੋ ਵਿਖੇ ਆਪ ਨੇ ਸਤਿਗੁਰ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ। ਬਾਬਾ ਜਮੀਤ ਸਿੰਘ ਜੀ ਤੇ ਹੋਰ ਪੰਡੀ ਕੁ ਸਿੰਘ ਉਸ ਵੇਲੇ ਆਪ ਦੇ ਨਾਲ ਸਨ। ਸਤਿਗੁਰ ਬਾਲਕ ਸਿੰਘ ਜੀ ਦਾ ਦਰਸ਼ਨ ਕਰ ਕੇ ਆਪ ਦਾ ਤਨ ਮਨ ਨਿਹਾਲ ਹੋ ਗਿਆ। ਸਤਿਗੁਰੂ ਬਾਲਕ ਸਿੰਘ ਜੀ ਨੇ ਆਪ ਨੂੰ ਆਪਣਾ ਵਾਰਿਸ ਬਣਾ ਕੇ ਓਥੋਂ ਵਿਦਾ ਕੀਤਾ।

ਹਜ਼ਰੋ ਤੋਂ ਵਾਪਸੀ ਉਪਰੰਤ ਆਪ ਵਿਚ ਇਕ ਦਮ ਵਡੀ ਤਬਦੀਲੀ ਆ ਗਈ। ਆਪ ਹਰ ਸਮੇ ਨਾਮ ਬਾਣੀ ਦੇ ਜਪ ਕੀਰਤਨ ਵਿਚ ਮਸਤ ਰਹਿਣ ਲਗੇ। ਸੰਨ ੧੮੪੫ ਵਿਚ ਮੁਦਕੀ ਦੇ ਮੈਦਾਨ ਵਿਚ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਅਰੰਭ ਹੋਣ ਸਮੇ ਫੌਜ ਦੇ ਕਰਤਿਆ ਧਰਤਿਆਂ ਨੇ ਆਪ ਨੂੰ ਖ਼ਾਲਸਾ ਫੌਜ ਦੀ ਜਿਤ ਵਾਸਤੇ ਅਰਦਾਸ ਕਰਨ ਦੀ ਬੇਨਤੀ ਕੀਤੀ। ਪਰ ਆਪ ਜਾਣਦੇ ਸਨ ਕਿ ਇਹ 'ਖ਼ਾਲਸਾ' ਨਾਮ ਦਾ ਹੀ 'ਖ਼ਾਲਸਾ' ਹੈ। ਆਪਣੇ ਕਰਮ ਧਰਮ ਤੇ ਚਰਿਤ੍ਰ ਵੱਲ ਇਸ ਦਾ ਅਸਲਾ ਬਦਲ ਚੁੱਕਾ ਹੈ- ਸੋ ਇਸ ਦੀ ਜਿੱਤ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਸੋ ਆਪ ਨੇ ਅਰਦਾਸ ਕਰਕੇ ਝੂਠਾ ਕਰਮ ਪਾਲਣ ਤੋਂ ਇਨਕਾਰ ਕਰ ਦਿੱਤਾ। ਉਸ ਤੋਂ ਬਾਅਦ ਆਪ ਨੇ ਨੌਕਰੀ ਛੜ ਦਿੱਤੀ ਤੇ ਆਪਣੇ ਪਿੰਡ 'ਭੈਣੀ' - ਜੋ ਕਿ 'ਰਾਈਆਂ' ਪਿੰਡ ਦੀ ਹੀ ਇਕ ਨਵੀਂ ਵੱਸੀ ਪੱਤੀ ਸੀ-ਆ ਗਏ।

ਉਸ ਤੋਂ ਬਾਅਦ ਸੰਨ ੧੮੫੭ ਦੀ ਵਿਸਾਖੀ ਵਾਲੇ ਦਿਨ ਬਾਕਾਇਦਾ ਸੰਤ ਖਾਲਸਾ ਦੀ ਸਾਜਨਾ ਕੀਤੀ।

• ਸੰਤ ਖ਼ਾਲਸਾ

ਆਪਣੇ 'ਸੰਤ ਖ਼ਾਲਸਾ' ਦੇ ਸੁਰੂਪ ਤੇ ਮਰਯਾਦਾ ਦੀ ਵੀ ਆਪ ਨੇ ਨਵੇਂ ਸਿਰੇ ਬਣਤ ਬਣਾਈ।

• ਨਿਯਮ

ਉਸ ਵੇਲੇ ਤਕ ਦੇ ਦਰਬਾਰੀ ਖ਼ਾਲਸੇ ਦੀ ਦਸਤਾਰ ਦੀ ਥਾਂ ਆਪ ਨੇ ਪਾਰੰਪਰਿਕ ਗੋਲ ਸਫੇਦ ਦਸਤਾਰ ਸਜਾਉਣ ਦਾ ਹੁਕਮ ਦਿੱਤਾ। ਕਲੀਆਂ ਵਾਲੇ ਕੁੜਤੇ, ਚੂੜੀਦਾਰ ਪਜਾਮੇ ਤੇ ਰੇਬ ਕਛਹਿਰੇ ਨੂੰ ਧਾਰਨ ਕਰਵਾਇਆ। ਪੰਜ ਕਕਾਰਾਂ ਨੂੰ ਲਾਜ਼ਮੀ ਕਰਾਰ ਦਿੱਤਾ। ੧੦੮ ਮਣਕਿਆਂ ਵਾਲੀ ਉੱਨ ਦੀ ਮਾਲਾ ਧਾਰਨ ਕਰਵਾਈ ਤੇ ਲੋਹੇ ਦੇ ਨਵੇਂ ਡੀਜ਼ਾਇਨ ਵਾਲੇ ਗੜਵੇ ਅਤੇ ਡੋਰੀ ਨੂੰ ਕੋਲ ਰੱਖਣਾ ਜ਼ਰੂਰੀ ਕਰਾਰ ਦਿੱਤਾ। ਸੁੱਚ-ਸੋਧ ਦਾ ਅੰਨ-ਜਲ ਛਕਣ, ਬਾਣੀ ਪੜ੍ਹਣ ਤੇ ਨਾਮ ਜਪਣ ਲਈ ਵਿਸ਼ੇਸ਼ ਹੁਕਮ ਦਿੱਤੇ। ਮਾਸ, ਸ਼ਰਾਬ, ਤਮਾਕੂ,

Namdhari Elibrary NamdhariElibrary@gmail.com

ਹੁੱਕੇ, ਅਫ਼ੀਮ, ਭੰਗ, ਪੋਸਤ ਦੇ ਨਸ਼ੇ ਦੀ ਵਰਤੋਂ ਤੋਂ ਸਿਖਾਂ ਨੂੰ ਪੂਰੀ ਤਰ੍ਹਾਂ ਬਚਣ ਦਾ ਹੁਕਮ ਦਿਤਾ।

ਸੁਦੇਸ਼ੀ ਲਹਿਰ ਦਾ ਅਰੰਭ

ਆਪ ਨੇ ਸੰਤ ਖ਼ਾਲਸੇ ਲਈ ਜੋ ਹੋਰ ਨਿਯਮ ਬਣਾਏ-ਉਹ ਸਨ-ਸੁਦੇਸ਼ੀ ਕਪੜੇ ਤੇ ਹੋਰ ਵਸਤਾਂ ਦੀ ਵਰਤੋਂ ਕਰਨੀ ਹੈ। ਬਦੇਸ਼ੀ ਕਪੜੇ ਤੇ ਹੋਰ ਵਸਤਾਂ ਨੂੰ ਅੰਗ ਨਹੀਂ ਲਗਾਉਣਾ। ਗੁਰਮੁਖੀ ਅੱਖਰਾਂ ਵਿਚ ਵਿੱਦਿਆ ਹਾਸਿਲ ਕਰਨੀ ਹੈ-ਅੰਗ੍ਰੇਜ਼ੀ ਤੇ ਫਾਰਸੀ ਨਹੀਂ ਪੜ੍ਹਨੀ। ਚਿੱਠੀ ਪੱਤਰ ਆਪਣੇ ਹੀ ਸਿੰਘਾਂ ਸਾਥੀਆਂ ਰਾਹੀਂ ਘੱਲਣਾ ਤੇ ਪਾਉਣਾ ਹੈ, ਅੰਗ੍ਰੇਜ਼ ਸਰਕਾਰ ਦੇ ਡਾਕਖ਼ਾਨਿਆਂ ਨਾਲ ਪੂਰੀ ਨਾਮਿਲਵਰਤਨ ਕਰਨੀ ਹੈ। ਅੰਗ੍ਰੇਜ਼ਾਂ ਦੀ ਕਚਹਿਰੀ ਨਹੀਂ ਜਾਣਾ। ਆਪਣੇ ਭਾਈਚਾਰੇ ਅੰਦਰ ਹੀ ਨਿਆਂ ਕਰਨਾ-ਕਰਵਾਣਾ ਹੈ।

ਆਪ ਨੇ ਆਪਣੇ ਸੰਗਠਨ ਦੇ ਪਰਚਾਰ ਲਈ ੨੨ ਸੂਬੇ ਨਿਯੁਕਤ ਕੀਤੇ। ਇਹ ਸੂਬੇ ਜਿੱਥੇ ਗੁਰਮਤ ਦਾ ਪਰਚਾਰ ਕਰਦੇ ਓਥੇ ਨਾਲ ਦੀ ਨਾਲ ਅੰਗ੍ਰੇਜ਼ਾਂ ਨਾਲ ਹਰ ਤਰ੍ਹਾਂ ਦੇ ਬਾਈਕਾਟ ਦਾ ਪਰਚਾਰ ਵੀ ਕਰਦੇ ਤੇ ਸੰਗਠਨ ਨੂੰ ਵਿਸ਼ਾਲ ਰੂਪ ਦੇਂਦੇ।

ਥੋੜ੍ਹੇ ਸਮੇਂ ਅੰਦਰ ਹੀ ਪੰਜਾਬ ਵਿਚ ਸੰਤ ਖ਼ਾਲਸੇ ਦਾ ਪਰਤਾਪ ਵਧਣਾ ਸ਼ੁਰੂ ਹੋ ਗਿਆ ਤੇ ਲੱਖਾਂ ਦੀ ਗਿਣਤੀ ਵਿਚ ਲੋਕ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਬਣਨ ਲਗੇ। ਆਪ ਦੇ ਪੈਰੋਕਾਰਾਂ ਨੂੰ ਲੋਕ 'ਕੂਕੇ' ਜਾਂ 'ਨਾਮਧਾਰੀ' ਆਖਦੇ। ਕਿਉਂਕਿ ਆਪ ਨਾਮ ਜਪਦੇ ਤੇ ਜਪਾਉਂਦੇ ਸਨ ਇਸ ਲਈ 'ਨਾਮਧਾਰੀ' ਨਾਮ ਨਾਲ ਜਾਣੇ ਗਏ। ਗੁਰਬਾਣੀ ਦੇ ਪਾਠ ਤੇ ਅੰਮ੍ਰਿਤ ਵੇਲੇ ਉਚੀਆਂ ਸੁਰਾਂ ਵਿਚ ਗੁਰਬਾਣੀ ਦਾ ਕੀਰਤਨ ਕਰਦੇ ਸਨ-ਇਸ ਲਈ ਇਨ੍ਹਾਂ ਦੀਆਂ ਉਚੀਆਂ ਸੁਰਾਂ ਨੂੰ 'ਕੂਕ' ਦਾ ਨਾਮ ਮਿਲ ਗਿਆ। ਕੂਕ ਮਾਰਨ ਵਾਲਾ ਮੰਨਿਆ ਜਾਣ ਕਰਕੇ ਸੰਤ ਖ਼ਾਲਸੇ ਦਾ ਇਕ ਨਾਮ 'ਕੂਕਾ' ਵੀ ਪੈ ਗਿਆ।

ਗ੍ਰੰਥ ਸਾਹਿਬ ਬਾਰੇ

ਖ਼ਾਲਸਾ ਰਾਜ ਸਮੇਂ ਐਸ਼ੋ ਇਸ਼ਰਤ ਵਿਚ ਰਮ ਗਏ ਸਿੱਖ ਜਦੋਂ ਸ਼ਰਾਬ ਮਾਸ ਤੇ ਹੋਰ ਨਸ਼ਿਆਂ ਦਾ ਭਰਪੂਰ ਸੇਵਨ ਕਰਨ ਤੇ ਵਿਭਚਾਰ ਵਿਚ ਗਲ ਗਲ ਤਕ ਖੁਭ ਗਏ ਸਨ ਉਸ ਵੇਲੇ ਗੁਰੂ ਬਾਣੀ ਤੇ ਬਾਣੀ ਦੇ ਗ੍ਰੰਥਾਂ ਵੱਲ ਕਿਸ ਦਾ ਧਿਆਨ ਰਹਿ ਸਕਦਾ ਸੀ? ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਪਿੰਡ ਘੁੰਮ ਕੇ ਭੁੱਲੀਆਂ ਵਿਸਰੀਆਂ ਗ੍ਰੰਥ ਸਾਹਿਬਾਂ ਦੀਆਂ ਬੀੜਾਂ ਨੂੰ ਲਭਾਇਆ ਤੇ ਸਿੱਖਾਂ ਨੂੰ ਉਨ੍ਹਾਂ ਦੇ ਪਾਠ ਵੱਲ ਲਗਾਇਆ।

ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ

ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਕੇਵਲ ਪੁਰਸ਼ ਸਿੱਖਾਂ ਨੂੰ ਹੀ ਅੰਮ੍ਰਿਤ ਛਕਾਉਣ ਦਾ ਚਲਣ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸਤ੍ਰੀਆਂ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾ ਕੇ ਓਹਨਾਂ ਨੂੰ ਪੁਰਸ਼ ਦੇ ਬਰਾਬਰ ਦਾ ਦਰਜਾ ਦਿੱਤਾ।

ਵਿਧਵਾ ਵਿਆਹ

ਉਸ ਜ਼ਮਾਨੇ ਵਿਚ ਸਾਰੇ ਭਾਰਤ ਵਿਚ ਹੀ ਵਿਧਵਾਵਾਂ ਦੇ ਉਮਰ ਭਰ ਰੰਡੇਪਾ ਕਟਣ ਦਾ ਚਲਣ ਸੀ ਤੇ ਵਿਧਵਾ ਵਿਆਹ ਨੂੰ ਸ਼ਾਸਤ੍ਰ ਵਿਰੁੱਧ ਮੰਨਿਆ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਦੇ ਘਰਾਣਿਆਂ ਵਿਚ ਵਿਧਵਾ ਵਿਆਹ ਦਾ ਚਲਣ ਕੀਤਾ ਅਤੇ ਵੱਟੇ ਦੇ ਵਿਆਹਾਂ ਦੀ ਮਨਾਹੀ ਕੀਤੀ।

ਕੁੜੀਆਂ ਨੂੰ ਜਿਊਣ ਦਾ ਹੱਕ ਦਿੱਤਾ

ਉਸ ਜ਼ਮਾਨੇ ਵਿਚ ਕੁੜੀਆਂ ਦੇ ਜਨਮ ਨੂੰ ਪਸੰਦ ਨਹੀਂ ਸੀ ਕੀਤਾ ਜਾਂਦਾ। ਇਸ ਲਈ ਬਹੁਤ ਲੋਕ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਕੁੜੀਆਂ ਮਾਰਨ ਤੋਂ ਵਰਜਿਆ ਤੇ ਇਹਨਾਂ ਨੂੰ ਪੁਤਰਾਂ ਦੇ ਬਰਾਬਰ ਹੀ ਜਾਣਨ ਦਾ ਉਪਦੇਸ਼ ਦਿੱਤਾ।

ਨਵੀਂ ਅਨੰਦ ਮਰਯਾਦਾ

ਉਸ ਸਮੇਂ ਤੱਕ ਹੋਰ ਲੋਕਾਂ ਵਾਂਗ ਸਿੱਖਾਂ ਦੇ ਵਿਆਹ ਵੀ ਵੈਦਿਕ ਰੀਤ ਅਨੁਸਾਰ ਪੁਰੋਹਿਤ ਹੀ ਕਰਵਾਉਂਦੇ ਆ ਰਹੇ ਸਨ। ਵਿਆਹਾਂ ਉਪਰ ਪੁਰੋਹਤਾਂ ਦੀ ਅਜਾਰੇਦਾਰੀ ਹੋਣ ਕਰਕੇ ਆਮ ਆਦਮੀ ਨੂੰ ਕਾਫੀ ਖਰਚ-ਖੇਚਲ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਨ ੧੮੬੩ ਵਿਚ ਪਿੰਡ 'ਖੋਟੇ' ਜ਼ਿਲਾ ਫੀਰੋਜ਼ਪੁਰ ਵਿਖੇ ਵਿਆਹਾਂ ਦੀ 'ਅਨੰਦ' ਰੀਤ ਸ਼ੁਰੂ ਕਰਕੇ ਪੁਰਾਤਨ ਵੈਦਿਕ ਰੀਤ ਵਿਚ ਕੁਝ ਸੁਧਾਰ ਕਰ ਦਿੱਤਾ। ਆਪ ਨੇ ਵਿਆਹ ਸਮੇਂ ਹਵਨ ਅਤੇ ਵੇਦੀ ਦਾ ਸਿਲਸਿਲਾ ਤਾਂ ਜਾਰੀ ਰਹਿਣ ਦਿਤਾ ਪਰ ਹਵਨ ਦੇ ਮੰਤ੍ਰਾਂ ਲਈ 'ਗੁਰਬਾਣੀ' ਦਾ ਪਾਠ ਰਾਇਜ ਕੀਤਾ। ਲਾਵਾਂ ਫੇਰੇ ਸੱਤਾਂ ਤੋਂ ਚਾਰ ਕਰ ਦਿੱਤੇ ਅਤੇ ਲਾਵਾਂ ਦੀ ਬਾਣੀ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਪੜ੍ਹਣ ਦਾ ਹੁਕਮ ਦਿੱਤਾ। ਵਿਆਹ ਦੀ ਇਸ ਅਨੰਦ ਰੀਤ ਵਾਲੇ ਵਿਆਹ ਨੂੰ 'ਆਨੰਦ ਕਾਰਜ' ਦਾ ਨਾਮ ਦਿੱਤਾ।

ਅੰਗ੍ਰੇਜ਼ਾਂ ਵਿਰੁਧ ਸਿੱਧੀ ਲੜਾਈ ਦੀ ਤਿਆਰੀ

ਸਤਿਗੁਰੂ ਰਾਮ ਸਿੰਘ ਜੀ ਨੇ ਉਪਰੋਕਤ ਸਭ ਨਿਯਮਾਂ, ਰੀਤਾਂ ਤੇ ਮਰਯਾਦਾ ਦਾ ਚਲਣ ਕਰਵਾ ਕੇ ਹਰ ਸਿਖ ਦੇ ਅੰਦਰੋਂ ਤੇਜ ਦੀ ਸਾਤਵਿਕਤਾ ਅਤੇ ਰੂਹਾਨੀਅਤ ਨੂੰ ਜਗਾਇਆ। ਇਸ ਨਾਲ ਸਿੱਖਾਂ ਦੇ ਆਪਣੇ ਅੰਦਰੋਂ ਇਕ ਐਸੇ ਆਜ਼ਾਦ ਮਨੁੱਖ ਦੀ ਪਛਾਣ ਜਾਗੀ- ਜੋ ਆਪਣੀ ਆਜ਼ਾਦੀ ਤੇ ਦੂਜੇ ਦੀ ਆਜ਼ਾਦੀ ਨੂੰ ਬਰਾਬਰ ਰੱਖ ਕੇ ਵੇਖ ਸਕਦਾ ਸੀ। ਆਪਣੇ ਹੱਕਾਂ ਦੀ ਰਾਖੀ ਲਈ ਲੜ ਸਕਦਾ ਸੀ। ਇੰਜ ਹੱਕਾਂ ਦੀ ਰਾਖੀ ਵਿਚ ਬਰਾਬਰੀ ਦੀ ਇਕ ਭਾਵਨਾ ਜਗਾ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਨੂੰ ਆਪਣੀ ਹੋਂਦ ਬਾਰੇ ਸੁਚੇਤ ਕੀਤਾ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਬਾਰੇ ਸਵਾਲੀਆ ਚਿੰਨ੍ਹ ਲਗਾ ਦਿੱਤਾ।

ਅਸਲ ਵਿਚ ਇਹ ਸਭ ਕੁਝ ਆਪਣੇ ਆਪੇ ਨੂੰ ਸੋਧਣ ਤੇ ਆਪਣੀ ਹੋਂਦ ਨੂੰ ਪਛਾਨਣ ਦੀ ਤਿਆਰੀ ਵਜੋਂ ਕੀਤਾ ਗਿਆ ਸੀ।

ਇਸ ਤੋਂ ਬਾਅਦ ਸੀ ਦੂਸਰਾ ਮੋਰਚਾ। ਉਸ ਦੂਸਰੇ ਮੋਰਚੇ ਦੀ ਮੋਰਚਾਬੰਦੀ ਅੰਗ੍ਰੇਜ਼ ਫਿਰੰਗੀਆਂ ਨੂੰ ਸੋਧਣ ਲਈ ਸ਼ੁਰੂ ਕੀਤੀ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ ਰਾਜ ਵਿਚ ਆਪਣੇ ਸਿੱਖਾਂ ਨੂੰ ਫੌਜੀ ਟਰੇਨਿੰਗ ਲੈਣ ਲਈ ਭੇਜਿਆ। ਉਸ ਯੋਜਨਾ ਅਨੁਸਾਰ ਤਿਆਰੀ ਪੂਰੀ ਕਰਕੇ ਅੰਗ੍ਰੇਜ਼ਾਂ ਨਾਲ ਸਿੱਧੀ ਲੜਾਈ ਲੜੀ ਜਾ ਸਕਦੀ ਸੀ। ਉਸ ਸਿੱਧੀ ਲੜਾਈ ਵਿਚ ਨੇਪਾਲ ਤੇ ਰੂਸ ਦੀ ਸਹਾਇਤਾ ਪ੍ਰਾਪਤੀ ਦਾ ਮਨਸੂਬਾ ਵੀ ਸ਼ਾਮਲ ਸੀ। ਆਪ ਨੇ ਉਸ ਵੇਲੇ ਦੇ ਨੇਪਾਲ ਤੇ ਰੂਸ ਨਾਲ ਇਸ ਬਾਰੇ ਗੱਲ-ਬਾਤ ਦੀ ਕੋਸ਼ਿਸ਼ ਕੀਤੀ।

Namdhari Elibrary NamdhariElibrary@gmail.com

ਸੰਜੀਵਨੀ ਵਿੱਦਿਆ

ਗੁਰੂ ਦੇਵ ਰਵੀਂਦ੍ਰ ਨਾਥ ਟੈਗੋਰ ਨੇ ਇਕ ਥਾਂ ਲਿਖਿਆ ਹੈ-ਪੱਛਮ, ਅਰਥਾਤ ਯੂਰਪ-ਅਮੈਰਿਕਾ-ਦੈਂਤਾਂ ਦੇ ਗੁਰੂ ਸ਼ੁਕ੍ਰਾਚਾਰੀਯ ਦਾ ਆਸ਼ਰਮ ਹੈ। ਉਸ ਕੋਲ ਵਿਗਿਆਨ ਤੇ ਤਕਨੀਕ ਰੂਪੀ ਸੰਜੀਵਨੀ ਵਿੱਦਿਆ ਹੈ। ਭਾਰਤ, ਦੇਵ ਗੁਰੂ ਬ੍ਰਿਹਸਪਤੀ ਦਾ ਆਸ਼ਰਮ ਹੈ। ਇਸ ਕੋਲ ਅਧਿਆਤਮਕ ਗਿਆਨ ਹੈ। ਪਰ ਇਸ ਨੂੰ ਸੰਜੀਵਨੀ ਵਿੱਦਿਆ ਸਿੱਖਣ ਲਈ ਪੱਛਮ ਵਿਚ ਜਾਣਾ ਚਾਹੀਦਾ ਹੈ; ਜਿਵੇਂ ਦੇਵ ਗੁਰੂ ਬ੍ਰਿਹਸਪਤੀ ਦੇ ਪੁਤਰ 'ਕਚ' ਨੂੰ ਦੇਵਤਿਆਂ ਨੇ ਸੰਜੀਵਨੀ ਵਿੱਦਿਆ ਸਿਖਣ ਲਈ ਦੈਂਤ ਗੁਰੂ ਸ਼ੁਕ੍ਰਾਚਾਰੀਯ ਕੋਲ ਭੇਜਿਆ ਸੀ।

ਆਪਣੇ ਦੂਤ ਵੀ ਭੇਜੇ। ਓਧਰ ਅੰਮ੍ਰਿਤਸਰ ਵਿਚ ਸ੍ਰ: ਠਾਕਰ ਸਿੰਘ ਸੰਧਾਂਵਾਲੀਏ ਨਾਲ ਵੀ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ। ਸ੍ਰ: ਠਾਕਰ ਸਿੰਘ ਸੰਧਾਵਾਲੀਆ ਮਹਾਰਾਜਾ ਦਲੀਪ ਸਿੰਘ ਦੀ ਜਲਾਵਤਨੀ ਵਿਚ ਉਨਾਂ ਦੇ ਸੰਪਰਕ ਵਿਚ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਸੀ ਕਿ ਜੇ ਕਰ ਮਹਾਰਾਜਾ ਦਲੀਪ ਸਿੰਘ ਕਿਸੇ ਤਰ੍ਹਾਂ ਪੰਜਾਬ ਆ ਸਕੇ ਤਾਂ ਪੰਜਾਬ ਉਸ ਦਾ ਸਵਾਗਤ ਵੀ ਕਰੇਗਾ ਤੇ ਖ਼ਾਲਸਾ ਰਾਜ ਦੀ ਮੁੜ ਪ੍ਰਾਪਤੀ ਲਈ ਜੰਗ ਵੀ ਕਰੇਗਾ।ਰੂਸ, ਨੇਪਾਲ, ਕਸ਼ਮੀਰ ਵਿਚੋਂ ਫੌਜੀ ਮਦਦ ਵੀ ਮਿਲ ਸਕੇਗੀ।

• ਤਖ਼ਤਾਂ ਦੇ ਪੁਜਾਰੀ

ਪਰ ਇਹ ਸਭ ਕੁਝ ਓਹਨਾਂ ਸਿੱਖਾਂ ਨੂੰ ਪਰਵਾਨ ਨਹੀਂ ਸੀ-ਜਿਹੜੇ ਫਿਰੰਗੀ ਦੇ ਰੰਗ ਵਿਚ ਰੰਗੇ ਗਏ ਸਨ। ਜਿਨ੍ਹਾਂ ਨੂੰ ਅੰਗ੍ਰੇਜ਼ਾਂ ਨੇ ਭਰਪੂਰ ਸੁਖ ਸਹੂਲਤਾਂ ਮੁਹਈਆ ਕਰਵਾ ਦਿੱਤੀਆਂ ਸਨ। ਓਦੋਂ ਗੁਰੂ ਕੇ ਤਖ਼ਤਾਂ ਉਪਰ ਵੀ ਉਹਨਾਂ ਸਿੱਖ ਸਰਦਾਰਾਂ ਦੇ ਪ੍ਰਤੀਨਿਧੀ ਪੁਜਾਰੀਆਂ ਦਾ ਹੀ ਕਬਜ਼ਾ ਸੀ। ਸੋ ਸਿੱਖਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੀ ਮੁਖ਼ਾਲਫ਼ਤ ਗੁਰੂ ਕੇ ਤਖ਼ਤਾਂ ਤੋਂ ਹੁਕਮ ਚਲਾਉਣ ਵਾਲੇ ਪੁਜਾਰੀਆਂ ਵੱਲੋਂ ਹੀ ਕਰਵਾਈ ਗਈ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅੰਮ੍ਰਿਤਸਰ ਦੇ ਅਕਾਲ ਤਖ਼ਤ ਅਤੇ ਅਨੰਦਪੁਰ ਸਾਹਿਬ ਦੇ ਕੇਸਗੜ੍ਹ ਤਖ਼ਤ ਸਾਹਮਣੇ ਮੱਥਾ ਟੇਕਣ ਜਾਣ ਤੇ ਪੁਜਾਰੀਆਂ ਨੇ ਆਪ ਦੀ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਆਪ ਵਿਰੁਧ ਫਤਵੇ ਵੀ ਜਾਰੀ ਕੀਤੇ।

• ਗਊਆਂ ਦੀ ਰਖਿਆ

ਭਾਰਤ ਵਿਚ ਗਊ ਗਰੀਬ ਦੀ ਰਖਿਆ, ਪਰੰਪਰਾ ਤੋਂ ਹਰ ਧਾਰਮਕ ਵਿਅਕਤੀ ਜਾਂ ਸੰਸਥਾ ਦਾ ਉੱਦੇਸ਼ ਰਿਹਾ ਹੈ। ਇਹਨਾਂ ਦੀ ਰਖਿਆ ਭਾਰਤ ਦੇ ਆਮ ਆਦਮੀ ਦੇ ਸੰਸਕਾਰਾਂ ਦਾ ਹਿੱਸਾ ਬਣ ਚੁਕੀ ਹੋਈ ਸੀ। ਗਊ ਦੀ ਹੱਤਿਆ ਦੇ ਮਾਮਲੇ ਵਿਚ ਏਥੋਂ ਦੇ ਲੋਕ ਮੁਢ ਕਦੀਮ ਤੋਂ ਹੀ ਸੰਵੇਦਨਸ਼ੀਲ ਰਹੇ ਹਨ। ਇਹੋ ਕਾਰਨ ਸੀ ਕਿ "ਅੰਗਰੇਜ਼ਾਂ ਵੱਲੋਂ ਬੰਦੂਕ ਦੇ ਨਵੇਂ ਬਣਨ ਵਾਲੇ ਤੋਤਿਆਂ ਵਿਚ ਗਊ ਦੀ ਚਰਬੀ ਲੱਗਦੀ ਹੈ" ਸੁਣ ਕੇ ਅੰਗ੍ਰੇਜ਼ੀ ਫੌਜ ਦੇ ਹਿੰਦੁਸਤਾਨੀ ਸਿਪਾਹੀ ਭੜਕ ਉਠੇ ਸਨ ਤੇ ਓਹਨਾਂ ਦੀ ਉਹ ਭੜਕਾਹਟ ੧੮੫੭ ਦੇ ਪਰਸਿੱਧ ਇਤਿਹਾਸਕ ਵਿਦਰੋਹ ਦਾ ਕਾਰਨ ਬਣ ਗਈ ਸੀ।

ਏਸੇ ਤਰ੍ਹਾਂ ਸ੍ਰੀ ਅੰਮ੍ਰਿਤਸਰ, ਰਾਏ ਕੋਟ, ਤੇ ਮਲੇਰ ਕੋਟਲੇ ਵਿਚ ਅੰਗ੍ਰੇਜ਼ਾਂ ਵੱਲੋਂ ਚਾਲੂ ਕੀਤੇ ਬੁਚੜਖਾਨਿਆਂ ਵਿਚ ਗਊਆਂ ਦੇ ਕਤਲ ਦੀ ਗੱਲ ਸੁਣ ਕੇ ਕੁਝ ਕੂਕੇ ਸਿੰਘ ਭੜਕ ਉਠੇ ਤੇ ਉਹਨਾਂ ਨੇ ਗਊਆਂ ਮਾਰਨ ਵਾਲਿਆਂ ਨੂੰ ਮਾਰ ਮੁਕਾਨ ਦੀ ਕੋਸ਼ਿਸ਼ ਕੀਤੀ ਸੀ।

ਕੂਕਾ ਸਿੰਘਾਂ ਦੇ ਇਸ ਕਰਮ ਨੂੰ ਬਹਾਨਾ ਬਣਾ ਕੇ ਅੰਗ੍ਰੇਜ਼ ਹਕੂਮਤ ਨੇ ਉਹਨਾਂ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਤੇ ਫਾਂਸੀ ਉਪਰ ਲਟਕਾਇਆ। ਅੰਗ੍ਰੇਜ਼ਾਂ ਵੱਲੋਂ ਦਿੱਤੀ ਜਾਣ ਵਾਲੀ ਇਸ ਸਜ਼ਾ ਵਿਚ ਅੰਗ੍ਰੇਜ਼ਾਂ ਦੇ ਸੇਵਕ ਫੂਲਕੀਆਂ ਰਿਆਸਤਾਂ ਦੇ ਸਿੱਖ ਰਾਜਿਆਂ ਨੇ ਆਪਣੀਆਂ ਸੇਵਾਵਾਂ ਅੰਗ੍ਰੇਜ਼ਾਂ ਨੂੰ ਭੇਟਾ ਕੀਤੀਆਂ ਤੇ ਕੂਕੇ ਸਿੰਘਾਂ ਨੂੰ ਤੋਪਾਂ ਅਗੇ ਉਡਾਣ ਲਈ ਆਪਣੀਆਂ ਤੋਪਾਂ ਭੇਜੀਆਂ।

ਕੂਕਿਆਂ ਦੀਆਂ ਬੁਚੜਾਂ ਨਾਲ ਇਨ੍ਹਾਂ ਝੜਪਾਂ ਨੂੰ ਅੰਗ੍ਰੇਜ਼ਾਂ ਨੇ ਬਗ਼ਾਵਤ ਦਾ ਨਾਮ ਦਿੱਤਾ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਬਗ਼ਾਵਤ ਦਾ ਮੁਖੀ ਆਖ ਕੇ ੧੮੭੨ ਵਿਚ ਆਪ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਕੂਕਾ ਲਹਿਰ ਦਬਾ ਦਿੱਤੀ ਗਈ।

• ਬੰਗਾਲ ਦੀਆਂ ਲਹਿਰਾਂ

ਬੰਗਾਲ ਵਿਚ ਅੰਗ੍ਰੇਜ਼ਾਂ ਦੀ ਹਕੂਮਤ ਕਾਇਮ ਹੋਣ ਨਾਲ ਬੰਗਾਲ ਦੀ ਮੁਸਲਿਮ ਹਕੂਮਤ ਖ਼ਤਮ ਹੋਈ। ਉਸ ਮੁਸਲਿਮ ਹਕੂਮਤ ਦੇ ਖ਼ਤਮ ਹੁੰਦਿਆਂ ਹੀ ਬੰਗਾਲ ਦਾ ਆਮ ਮੁਸਲਮਾਨ ਵੀ ਦਬ ਗਿਆ।

ਦੂਜੀ ਗੱਲ-, ਭਾਵੇਂ ਕਿੰਨੇ ਚਿਰ ਤੋਂ ਬੰਗਾਲ ਉਪਰ ਮੁਸਲਿਮ ਹਾਕਮਾਂ ਦਾ ਰਾਜ ਰਿਹਾ ਸੀ ਅਤੇ ਮੁਸਲਿਮ ਹਾਕਮਾਂ ਨੇ ਇਸ ਦੇਸ਼ ਵਿਚ ਪੂਰੀ ਤਰ੍ਹਾਂ ਵੱਸ ਕੇ ਇਸ ਨੂੰ ਆਪਣਾ ਵਤਨ ਵੀ ਮੰਨ ਲਿਆ ਸੀ, ਤਾਂ ਵੀ ਬੰਗਾਲ ਦੇ ਹਿੰਦੂ ਨੇ ਕਦੇ ਵੀ ਦਿਲੋਂ ਮਨੋਂ ਮੁਸਲਮਾਨਾਂ ਨਾਲ ਆਪਣੀ ਸਾਂਝ ਨਹੀਂ ਸੀ ਮੰਨੀ। ਉਹ ਹਮੇਸ਼ਾਂ ਹੀ ਮੁਸਲਿਮ ਹਾਕਮਾਂ ਨੂੰ ਬਾਹਰੀ ਹਮਲਾਵਰ ਮੰਨਦਾ ਰਿਹਾ।

ਮੁਸਲਿਮ ਹਾਕਮਾਂ ਬਾਰੇ ਪੰਜਾਬ ਵਿਚ ਵੀ ਲਗਭਗ ਇਹੋ ਧਾਰਨਾ ਰਹੀ ਅਤੇ ਮੁਸਲਿਮ ਹਕੂਮਤਾਂ ਵਿਰੁੱਧ ਪੰਜਾਬ ਨੇ ਲੰਮੀ ਲੜਾਈ ਵੀ ਲੜੀ ਤੇ ਉਹ ਲੜਾਈ ਜਿੱਤੀ ਵੀ। ਫਿਰ ਵੀ ਪੰਜਾਬ ਦੇ ਮੁਸਲਮਾਨਾਂ ਵਿਚ ਸੂਫੀ ਲਹਿਰ ਅਤੇ ਹਿੰਦੂਆਂ ਵਿਚ ਗੁਰੂ ਨਾਨਕ ਪਰੰਪਰਾ ਦੇ ਗੁਰੂਆਂ ਦੀ ਭਗਤੀ ਲਹਿਰ ਤੇ ਉਹਨਾਂ ਦੀ ਬਾਣੀ ਨੇ ਹਿੰਦੂ-ਮੁਸਲਮਾਨ ਦੇ ਮਨ ਨੂੰ ਇਕ ਦੂਜੇ ਦੇ ਪ੍ਰਤੀ ਕਿਸੇ ਹੱਦ ਤਕ ਨਰਮ ਜ਼ਰੂਰ ਕੀਤਾ ਸੀ। ਇਹਨਾਂ ਲਹਿਰਾਂ ਨੇ 'ਰਾਮ' ਤੇ 'ਰਹੀਮ' ਵਿਚਲੀ ਵਿੱਥ ਨੂੰ ਕਾਫ਼ੀ ਹੱਦ ਤਕ ਘਟਾਇਆ ਸੀ।

ਪਰ ਬੰਗਾਲ ਵਿਚ ਏਹੋ ਜਿਹੀ ਮਜ਼ਬੂਤ ਤੇ ਲੰਮੀ ਲਹਿਰ ਕੋਈ ਨਹੀਂ ਚੱਲੀ ਜਿਹੜੀ ਦੋਹਾਂ ਧਿਰਾਂ ਨੂੰ ਇਕ ਦੂਜੀ ਦੇ ਨੇੜੇ ਲਿਆਉਂਦੀ। ਇਕ ਬਾਊਲ ਸਾਧਕਾਂ-ਫ਼ਕੀਰਾਂ ਦੀ ਸੰਪਰਦਾ ਨੇ ਜੋ ਕਿ ਬੰਗਾਲ ਦੀ ਵੈਸ਼ਣਵ ਲਹਿਰ ਵਿਚੋਂ ਹੀ ਨਿਕਲੀ ਸੀ, ਇਸ ਦਿਸ਼ਾ ਵਿਚ ਥੋੜ੍ਹਾ ਜਿਹਾ ਜਤਨ ਜ਼ਰੂਰ ਕੀਤਾ ਸੀ ਪਰ ਉਸ ਵਿਚ ਵੀ ਬਾਊਲ ਮੁਸਲਿਮ ਫ਼ਕੀਰਾਂ ਨੇ ਹਿੰਦੂ-ਨਾਇਕਾਂ ਦਾ ਗੁਣ ਗਾਣ ਹੀ ਕੀਤਾ-ਹਿੰਦੂ ਸਾਧਕਾਂ ਵੱਲੋਂ ਮੁਸਲਿਮ ਨਾਇਕਾਂ ਬਾਰੇ ਕੁਝ ਵਿਸ਼ੇਸ਼ ਨਹੀਂ ਕਿਹਾ ਗਿਆ।

ਬੰਗਾਲ ਦਾ ਹਿੰਦੂ ਧਾਰਮਕ ਪਰੰਪਰਾ ਵੱਲੋਂ ਬੜਾ ਕੱਟੜ, ਵਰਨ ਆਸ਼ਰਮ ਦਾ ਧਾਰਨੀ, ਬ੍ਰਾਹਮਣ ਪੰਡਿਤ ਨੂੰ ਵੇਖਦਿਆਂ ਹੀ ਉਸ ਦੇ ਚਰਨੀ ਲੱਗਣ ਵਾਲਾ, ਸ਼ਕਤੀ ਦਾ ਪੁਜਾਰੀ, ਦੂਜੇ ਧਰਮਾਂ ਦੇ ਪ੍ਰਤੀ ਅਸਹਿਣਸ਼ੀਲ ਤੇ ਭਿੱਟ ਨੂੰ ਪੂਰੀ ਤਰ੍ਹਾਂ ਮੰਨਣ ਵਾਲਾ ਸ਼ਾਸਤ੍ਰਗਾਮੀ ਹਿੰਦੂ ਸੀ।

Namdhari Elibrary NamdhariElibrary@gmail.com

ਅੰਗ੍ਰੇਜ਼ਾਂ ਦੇ ਬੰਗਾਲ ਵਿਚ ਆਉਣ ਤੋਂ ਠੀਕ ਪਹਿਲਾਂ ਤੇ ਹੌਲੀ ਹੌਲੀ ਉਹਨਾਂ ਵੱਲੋਂ ਰਾਜ ਵਿਸਤਾਰ ਦੇ ਸੰਕ੍ਰਮਣ ਕਾਲ ਵਿਚ ਬੰਗਾਲ ਦੀ ਮੁਸਲਿਮ ਹਕੂਮਤ ਬੁਰੀ ਤਰ੍ਹਾਂ ਆਪਸੀ ਸਾਜ਼ਿਸ਼ਾਂ ਦਾ ਸ਼ਿਕਾਰ ਹੋਈ। ਫਲ ਸਰੂਪ ਉਸ ਵਿਚ ਭਾਰੀ ਕਮਜ਼ੋਰੀ ਆ ਜਾਣ ਕਰਕੇ ਭਿਆਨਕ ਅਰਾਜਕਤਾ ਦਾ ਦੌਰ ਦੌਰਾ ਚੱਲਿਆ। ਲੁੱਟ ਮਾਰ, ਡਾਕੇ ਤੇ ਸ਼ਿਥਿਲ ਰਾਜ ਪ੍ਰਬੰਧ ਕਾਰਨ ਲੋਕ ਪਰੇਸ਼ਾਨ ਸਨ। ਅੰਗ੍ਰੇਜ਼ੀ ਰਾਜ ਦੀ ਸਥਾਪਨਾ ਦੇ ਨਾਲ ਨਾਲ ਹੀ ਉਸ ਅਰਾਜਕਤਾ ਨੂੰ ਵੀ ਠੱਲ੍ਹ ਪੈ ਗਈ। ਇਸ ਲਈ ਬੰਗਾਲ ਦੇ ਆਮ ਹਿੰਦੂ ਨੇ ਧਰਮ ਦੇ ਸਮਾਜਕ ਪੱਖ ਤੋਂ ਤਾਂ ਅੰਗ੍ਰੇਜ਼ਾਂ ਨਾਲ ਓਸੇ ਤਰ੍ਹਾਂ ਦੀ ਵਿੱਥ ਰੱਖੀ ਜਿਹੋ ਜਿਹੀ ਵਿੱਥ ਉਹ ਮੁਸਲਮਾਨਾਂ ਨਾਲ ਰੱਖਦਾ ਆਇਆ ਸੀ-ਪਰ ਰਾਜਸੀ ਪੱਖ ਤੋਂ ਬੰਗਾਲੀ ਹਿੰਦੂ ਨੇ ਅੰਗ੍ਰੇਜ਼ਾਂ ਨੂੰ ਜੀਉ ਆਇਆਂ ਹੀ ਆਖਿਆ।

ਉਨ੍ਹੀਵੀਂ ਸਦੀ ਵਿਚ ਬੰਗਾਲ ਵਿਚੋਂ ਜਿਹੜੀਆਂ ਲਹਿਰਾਂ ਉਠੀਆਂ ਉਹ ਓਹਨਾ ਹਿੰਦੂਆਂ ਵੱਲੋਂ ਹੀ ਉਠੀਆਂ ਜਿਹੜੇ ਸਰਦੇ ਪੁਜਦੇ, ਪੜ੍ਹੇ ਲਿਖੇ ਸਨ ਤੇ ਜਿਨ੍ਹਾਂ ਦਾ ਸਮਾਜ ਅਤੇ ਰਾਜ ਸਭਾ ਵਿਚ ਰੁਤਬਾ ਉੱਚਾ ਸੀ। ਇਹ ਲਹਿਰਾਂ ਪਿੰਡਾਂ ਦੇ ਆਮ ਆਦਮੀ ਤਕ ਨਹੀਂ ਪਹੁੰਚ ਸਕੀਆਂ। ਆਮ ਹਿੰਦੂ ਜਿਵੇਂ ਮੁਸਲਿਮ ਰਾਜ ਵਿਚ ਅਣਗੌਲਿਆ ਤੇ ਉੱਚੀ ਹੈਸੀਅਤ ਵਾਲੇ ਤਬਕੇ ਦੀ ਲੁਟ ਚੋਘ ਦਾ ਸ਼ਿਕਾਰ ਰਿਹਾ ਸੀ-ਓਵੇਂ ਹੀ ਅੰਗ੍ਰੇਜ਼ੀ ਰਾਜ ਸਮੇਂ ਵੀ ਰਿਹਾ।

ਅੰਗ੍ਰੇਜ਼ਾਂ ਵੱਲੋਂ ਬੰਗਾਲ ਵਿਚ ਨੀਲ ਦੀ ਖੇਤੀ ਕਰਵਾਨ ਤੇ ਨੀਲ ਖੇਤੀ ਦੇ ਖੇਤਹਰਾਂ ਦਾ ਬੁਰੀ ਤਰ੍ਹਾਂ ਸ਼ੋਸ਼ਨ ਕਰਨ ਕਰਕੇ ਨੀਲ-ਖੇਤਹਰਾਂ ਦੀ ਇਕ ਬਗਾਵਤ ਹੋਈ ਅਤੇ ਇਕ ਬਗਾਵਤ ਸੰਥਾਲ ਆਦਿਵਾਸੀਆਂ ਵੱਲੋਂ। ਪਰ ਇਹ ਦੋਵੇ ਬਗਾਵਤਾਂ ਥੋੜ੍ਹ ਚਿਰੀਆਂ ਤੇ ਬਿਨਾ ਦੂਜੇ ਤਬਕਿਆਂ ਦੀ ਮਦਦ ਤੋਂ ਹੀ ਹੋਈਆਂ। ਅੰਗ੍ਰੇਜ਼ੀ ਕੰਪਨੀ ਦੇ ਉਪਰਲੇ ਅਫਸਰਾਂ ਨੂੰ ਇਹਨਾਂ ਬਗਾਵਤਾਂ ਦੇ ਮੂਲ ਕਾਰਨ ਦਾ ਪਤਾ ਲਗਦਿਆਂ ਹੀ ਇਹਨਾਂ ਦਾ ਨਿਪਟਾਰਾ ਕਰ ਦਿੱਤਾ ਗਿਆ।

ਬੰਗਾਲੀ ਹਿੰਦੂਆਂ ਦੀ ਆਮ ਧਾਰਨਾ ਇਹ ਸੀ ਕਿ ਅੰਗ੍ਰੇਜ਼ ਵੀ-ਜਿਸ ਨੇ ਮੁਸਲਿਮ ਰਾਜ ਖ਼ਤਮ ਕੀਤਾ ਹੈ- ਮੁਸਲਮਾਨਾਂ ਵਾਂਗ ਹਿੰਦੁਸਤਾਨ ਵਿਚ ਹਮੇਸ਼ਾਂ ਲਈ ਰਹਿਣ ਵਾਸਤੇ ਆਏ ਹਨ ਤੇ ਏਥੇ ਹੀ ਵੱਸ ਕੇ ਇਸ ਦੇਸ਼ ਨੂੰ ਆਪਣਾ ਵਤਨ ਮੰਨ ਲੈਣਗੇ।

ਬੰਗਾਲ ਵਿਚ ਜਿਹੜੀਆਂ ਲਹਿਰਾਂ ਉਨ੍ਹੀਵੀਂ ਸਦੀ ਦੇ ਦੌਰਾਨ ਚੱਲੀਆਂ, ਉਹਨਾਂ ਵਿਚੋਂ ਪਹਿਲੀ ਲਹਿਰ ਅੰਗ੍ਰੇਜ਼ੀ ਭਾਸ਼ਾ ਸਿੱਖ ਕੇ ਰਾਜਭਾਗ ਵਿਚ ਹਿੱਸੇਦਾਰੀ ਹਾਸਿਲ ਕਰਨ ਦੀ ਲਹਿਰ ਸੀ। ਉਸ ਤੋਂ ਬਾਅਦ ਆਮ ਵਿੱਦਿਆ ਅਤੇ ਇਸਤ੍ਰੀ ਵਿੱਦਿਆ ਦੀ ਲਹਿਰ ਸੀ। ਤੀਜੀ ਲਹਿਰ ਸੀ ਧਾਰਮਕ ਪੱਖ ਤੋਂ ਸਮਾਜ ਨੂੰ ਮੂਰਤੀ ਪੂਜਾ ਤੇ ਪਰੰਪਰਾਗਤ ਪੂਜਾ ਪੱਧਤੀ ਵਿਚੋਂ ਵੈਦਿਕ ਕਰਮ ਕਾਂਡ ਨੂੰ ਹਟਾ ਕੇ-ਵੇਦਾਂਤ ਅਰਥਾਤ ਉਪਨਿਸ਼ਦ ਕਾਲ ਵਿਚ ਵਿਕਸਿਤ ਹੋਈ 'ਇਕ ਬ੍ਰਹਮ' ਦੀ ਧਾਰਨਾ ਨੂੰ ਸਥਾਪਤ ਕਰਨ ਦੀ। ਚੌਥੀ ਲਹਿਰ ਸੀ ਸ਼੍ਰੀ ਰਾਮ ਕ੍ਰਿਸ਼ਨ ਪਰਮ ਹੰਸ ਦੀ ਸਰਬ ਧਰਮ ਸਾਧਨਾ ਦੀ। ਨਿਸਚਿਤ ਰੂਪ ਵਿਚ ਬ੍ਰਹਮ ਸਮਾਜ ਦੀ ਲਹਿਰ ਅੰਗ੍ਰੇਜ਼ੀ ਭਾਸ਼ਾ ਤੇ ਪੱਛਮੀ ਸਾਹਿਤ ਦੇ ਅਧਿਐਨ-ਮਨਨ ਵਿਚੋਂ ਹੀ ਨਿਕਲੀ ਸੀ-ਪਰ ਇਸ ਦਾ ਸਰੂਪ ਦੇਸੀ ਅਤੇ ਭਾਰਤੀ ਦਰਸ਼ਨ ਵਿਚ ਪਰਵਾਨਤ ਸ਼ਾਸਤ੍ਰੀ ਢੰਗ ਦਾ ਸੀ।

ਧਾਰਮਕ ਤੇ ਸਮਾਜਕ ਪੱਖ ਤੋਂ ਇਸਤ੍ਰੀਆਂ ਬਾਰੇ ਜਿਹੜੀਆ ਮਾਨਤਾਵਾਂ ਪਰਚੱਲਤ ਸਨ-ਜਿਵੇਂ ਕਿ ਵਿਧਵਾ ਵਿਆਹ ਨੂੰ ਪਾਪ ਮੰਨਣਾ, ਪਤੀ ਦੇ ਨਾਲ ਪਤਨੀ ਦਾ ਸਤੀ ਹੋਣਾ-ਇਤਿਆਦਕ-ਇਹਨਾਂ ਮਾਨਤਾਵਾਂ ਨੂੰ ਸ਼ਾਸਤ੍ਰ ਪੱਖੋਂ ਗ਼ਲਤ ਸਾਬਤ ਕਰਕੇ ਮਿਟਾਉਣਾ ਤੇ ਇਸਤ੍ਰੀਆਂ ਨੂੰ ਪੁਰਸ਼ ਦੇ ਬਰਾਬਰ ਦਰਜਾ ਦਿਵਾਉਣਾ, ਉਸਨੂੰ ਵਿਦਿਆ ਤੇ ਸ਼ਾਸਤ੍ਰ ਦੇ ਅਧਿਐਣ ਦਾ ਹੱਕ ਦੇਣਾ-ਉਸ ਸਮੇ ਦੀਆਂ ਲਹਿਰਾਂ ਦਾ ਇਕ ਵੱਡਾ ਉੱਦੇਸ਼ ਸੀ।

ਉਪਰੋਕਤ ਲਹਿਰਾਂ ਨੂੰ ਚਲਾਉਣ ਵਾਲਿਆਂ ਵਿਚ ਮੋਹਰੀ ਸਨ-ਰਵੀਂਦ੍ਰ ਨਾਥ ਠਾਕੁਰ ਦੇ ਦਾਦਾ ਸ੍ਰੀ ਦਵਾਰਕਾ ਨਾਥ ਠਾਕੁਰ, ਸ੍ਰੀ ਰਾਮ ਤਨੁ ਲਾਹਿੜੀ, ਰਾਜਾ ਰਾਮ ਮੋਹਨ ਰਾਏ, ਰਵੀਂਦ੍ਰ ਨਾਥ ਠਾਕੁਰ ਦੇ ਪਿਤਾ ਮਹਾਂਰਿਸ਼ੀ ਦੇਵੇਂਦ੍ਰ ਨਾਥ ਠਾਕੁਰ . ਪੰਡਿਤ ਈਸ਼ਵਰ ਚੰਦਰ ਵਿੱਦਿਆ ਸਾਗਰ, ਸ੍ਰੀ ਅਖਸ਼ੇ ਕੁਮਾਰ ਦੱਤ ਤੇ ਇਹਨਾਂ ਦੇ ਬਹੁਤ ਸਾਰੇ ਸਾਥੀ।

• ਰਾਜਾ ਰਾਮ ਮੋਹਨ ਰਾਏ

ਵੇਦ ਦੀ ਥਾਂ ਤੇ ਵੇਦਾਂਤ, ਅਰਥਾਤ ਵੇਦ ਰਚਨ ਦੇ ਅੰਤਿਮ ਕਾਲ ਵਿਚ ਰਚੀਆਂ ਗਈਆਂ ਉਪਨਿਸ਼ਦਾਂ ਦੇ ਗਿਆਨ ਨੂੰ ਆਧਾਰ ਬਣਾਕੇ ਵੇਦਾਂਤ ਦਾ ਪਰਚਾਰ ਕਰਨ ਵਾਲਿਆਂ ਦੇ ਮੋਹਰੀ ਸਨ ਰਾਮ ਮੋਹਨ ਰਾਏ। ਰਾਮ ਮੋਹਨ ਰਾਏ ਨੂੰ ਦਿੱਲੀ ਦੇ ਉਸ ਵੇਲੇ ਦੇ ਬਾਦਸ਼ਾਹ ਵਲੋਂ 'ਰਾਜਾ' ਦਾ ਖ਼ਿਤਾਬ ਦੇ ਕੇ ਆਪਣੀਆਂ ਕੁਝ ਮੰਗਾਂ ਇੰਗਲਿਸਤਾਨ ਦੇ ਬਾਦਸ਼ਾਹ ਸਾਹਮਣੇ ਪੇਸ਼ ਕਰਨ ਲਈ ਵਲਾਇਤ ਭੇਜਣ ਕਾਰਨ ਬਾਅਦ ਵਿਚ 'ਰਾਜਾ' ਰਾਮ ਮੋਹਨ ਰਾਏ ਕਿਹਾ ਜਾਣ ਲਗ ਪਿਆ। ਰਾਮ ਮੋਹਨ ਰਾਏ ਅਰਬੀ, ਫ਼ਾਰਸੀ, ਸੰਸਕ੍ਰਿਤ ਤੇ ਬੰਗਲਾ ਭਾਸ਼ਾ ਦੇ ਵਿਦਵਾਨ ਸਨ ਅਤੇ ਇਹਨਾਂ ਚੌਹਾਂ ਭਾਸ਼ਾਵਾਂ ਵਿਚ ਗ੍ਰੰਥਾਂ ਦੀ ਰਚਨਾ ਕਰਨ ਦੇ ਸਮਰੱਥ ਸਨ।

• ਗੁਰ ਸਿੱਖੀ ਦਾ ਪ੍ਰਭਾਵ

ਅੰਗ੍ਰੇਜ਼ੀ ਭਾਸ਼ਾ ਰਾਹੀਂ ਪੱਛਮੀ ਸਾਹਿਤ, ਫ਼ਾਰਸੀ ਭਾਸ਼ਾ ਰਾਹੀਂ-ਸੂਫ਼ੀ ਸਾਹਿਤ ਅਤੇ ਸੰਸਕ੍ਰਿਤ ਵਿਚ ਉਪਨਿਸ਼ਦਾਂ ਦੇ ਅਧਿਐਨ ਮਨਨ ਕਾਰਨ ਆਪ ਨਿਰਾਕਾਰ ਬ੍ਰਹਮ ਦੇ ਧਾਰਨੀ ਬਣੇ ਸਨ। ਰਾਮ ਮੋਹਨ ਰਾਏ ਦੇ ਜੀਵਨੀਕਾਰ ਸ਼੍ਰੀ ਪ੍ਰਭਾਤ ਕੁਮਾਰ ਮੁਖੋਪਾਧਿਆਏ ਦੇ ਲਿਖਣ ਅਨੁਸਾਰ ਰਾਮ ਮੋਹਨ ਰਾਏ ਦੀ ਸਿੱਖ ਗੁਰੂਆਂ ਦੀ ਬਾਣੀ ਤੋਂ ਨਿਰਾਕਾਰ ਬ੍ਰਹਮ ਦੀ ਧਾਰਨਾ ਬਚਪਨ ਵਿਚ ਹੀ ਬਣ ਗਈ ਸੀ। ਉਹ ਲਿਖਦੇ ਹਨ-

"ਫਾਰਸੀ ਭਾਸ਼ਾ ਮੁਗਲ ਰਾਜ ਸਮੇ ਰਾਜ ਭਾਸ਼ਾ ਸੀ। ਅੰਗ੍ਰੇਜ਼ੀ ਰਾਜ ਦੇ ਅਰੰਭ ਤੋਂ ਲੈ ਕੇ ੧੮੩੫ ਈਸਵੀ ਤਕ ਵੀ ਫਾਰਸੀ ਹੀ ਰਾਜ ਭਾਸ਼ਾ ਸੀ। ਥੋੜੀ ਜਿਹੀ ਅੰਗ੍ਰੇਜ਼ੀ ਆਉਣ ਤੇ ਹੀ ਈਸਟ ਇੰਡੀਆ ਕੰਪਨੀ ਦੇ ਦਫਤਰਾਂ ਵਿਚ ਨੌਕਰੀ ਮਿਲ ਜਾਂਦੀ ਸੀ। ....੧੮੧੮ ਈਸਵੀ ਤਕ ਛਾਪੇ ਦੀ ਸਹੂਲਤ ਨਾ ਹੋਣ ਕਰਕੇ ਪਾਠਸ਼ਾਲਾਵਾਂ ਵਿਚ ਸ਼ਿਖਸ਼ਾ ਜ਼ਬਾਨੀ ਦਿੱਤੀ ਜਾਂਦੀ ਸੀ- ਪੁਸਤਕਾਂ ਰਾਹੀਂ ਨਹੀਂ। ਰਾਮ ਮੋਹਨ ਨੂੰ ਜ਼ਬਾਨੀ ਹੀ ਸ਼ਲੋਕ ਸ਼ੁਭੰਕਰੀ ਸਿਖਣੇ ਪਏ ਸਨ ਅਤੇ ਤਾਲ ਪੱਤਿਆਂ ਉਪਰ ਲਿਖਣਾ ਸਿੱਖੇ ਸਨ। ....

"ਉਸ ਜ਼ਮਾਨੇ ਦੇ ਸਾਊ ਲੋਕਾਂ ਦੇ ਬੱਚਿਆਂ ਨੂੰ ਫ਼ਾਰਸੀ ਸਿੱਖਣੀ ਹੀ ਪੈਂਦੀ ਸੀ। ਰਾਮ ਮੋਹਨ ਨੇ ਫਾਰਸੀ ਦੀ ਅਰੰਭਕ ਸ਼ਿਖਸ਼ਾ ਰਾਮ ਨਗਰ ਵਿਚ ਹਾਸਿਲ ਕੀਤੀ ਪਰ ਫ਼ਾਰਸੀ ਨੂੰ ਚੰਗੀ ਤਰ੍ਹਾਂ ਪੜ੍ਹਣ ਲਈ ਪਟਨੇ ਜਾਣਾ ਪਿਆ। .....ਰਾਮ ਮੋਹਨ ਨੇ ਪਟਨੇ ਵਿਚ ਫ਼ਾਰਸੀ ਸਿੱਖ ਕੇ ਨਾ ਕੇਵਲ ਮੁਸਲਮਾਨੀ ਸ਼ਾਸਤ੍ਰ ਹੀ ਪੜ੍ਹਿਆ, ਸਗੋਂ ਸਾਡਾ ਖ਼ਿਆਲ ਹੈ, ਸਿੱਖਾਂ ਦੇ ਇਕ ਈਸ਼ਵਰਵਾਦ ਅਤੇ ਅਮੂਰਤ (ਨਿਰਾਕਾਰ) ਉਪਾਸ਼ਨਾ ਵੀ ਓਥੇ ਹੀ ਵੇਖੀ ਸੀ। ਪਟਨਾ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ (੧੬੬੬) ਸੀ। ਓਥੇ ਤਖ਼ਤ ਪਟਨਾ ਸਾਹਿਬ ਜਾਂ ਗੁਰਦੁਵਾਰਾ ਹਰਿਮੰਦਰ ਸਾਹਿਬ ਹੈ। ੧੭੮੧ ਈਸਵੀ ਵਿਚ ਸਰ ਚਾਰਲਸ ਵਿਲਕਿਨਸ ਪਟਨਾ ਆਏ ਸਨ ਤੇ ਉਨ੍ਹਾਂ ਨੇ ਖ਼ਤ

Namdhari Elibrary NamdhariElibrary@gmail.com

ਵੇਰਵੇ ਨਾਲ ਸਿੱਖ ਧਰਮ-ਕਾਰਜਾਂ ਨੂੰ ਵੇਖਿਆ ਸਮਝਿਆ ਸੀ। ਰਾਮ ਮੋਹਨ ਜਿਹੇ ਬੁਧੀਮਾਨ ਤੇ ਖੋਜੀ ਬਾਲਕ ਨੇ ਪੰਟਨੇ ਵਿਚ ਸਿੱਖ ਗੁਰਦੁਵਾਰਾ ਨਿਸਚਿਤ ਰੂਪ ਵਿਚ ਵੇਖਿਆ ਹੋਵੇਗਾ। ਬਾਅਦ ਵਿਚ ਬ੍ਰਹਮ ਸਮਾਜ ਦੀ ਸਥਾਪਨਾ ਸਮੇ ਗੁਰਦਵਾਰੇ ਵਿਚ ਮ੍ਰਿਦੰਗ ਆਦਿ ਦੀ ਸਹਾਇਤਾ ਨਾਲ ਕੀਰਤਨ. ਸ਼ਾਸਤ੍ਰ ਪਾਠ ਇਤਿਆਦਿਕ ਨੇ ਰਾਮ ਮੋਹਨ ਨੂੰ ਪ੍ਰਭਾਵਿਤ ਕੀਤਾ ਸੀ ਕਿ ਨਹੀਂ-ਇਹ ਸੋਚਣ ਵਾਲੀ ਗੱਲ ਹੈ ਕਿਉਂਕਿ ਇਸਲਾਮ ਵਿਚ ਸੰਗੀਤ ਆਦਿ ਵਿਵਰਜਿਤ ਸੀ।...''

-ਰਾਮ ਮੋਹਨ ਤੇ ਤਤਕਾਲੀਨ ਸਮਾਜ ਅਤੇ ਸਾਹਿਤ(ਬੰਗਲਾ)ਪੰਨਾ ੭੪

ਰਾਜਾ ਰਾਮ ਮੋਹਨ ਰਾਏ (੧੭੭੪-੧੮੩੩ ਈਸਵੀ) ਨੇ ੨੦ ਅਗਸਤ ੧੮੨੬ ਨੂੰ 'ਬ੍ਰਹਮ ਸਭਾ' ਦੀ ਸਥਾਪਨਾ ਕੀਤੀ ਅਤੇ ੨੩ ਜਨਵਰੀ ੧੮੩੦ ਨੂੰ ਬ੍ਰਹਮ ਉਪਾਸਨਾ ਲਈ ਮੰਦਿਰ ਬਣਾਇਆ।

• ਮਹਾਂਰਿਸ਼ੀ ਦੇਵੇਂਦ੍ਰ ਨਾਥ

੧੮੪੩ ਈਸਵੀ ਵਿਚ ਸੱਤ ਪੋਹ ਵਾਲੇ ਦਿਨ ਮਹਾਂਰਿਸ਼ੀ ਦੇਵੇਂਦ੍ਰ ਨਾਥ ਠਾਕੁਰ ਨੇ ਸ਼੍ਰੀ ਰਾਮ ਚੰਦ੍ਰ ਵਿਦਿਆ ਵਾਗੀਸ਼ ਕੋਲੋਂ ਵੀਹ ਸਾਥੀਆਂ ਸਮੇਤ 'ਬ੍ਰਹਮ ਧਰਮ' ਦੀ ਦੀਖਸ਼ਾ ਲਈ। ਇਸ ਤੋਂ ਪਹਿਲਾਂ ੧੮੩੦ ਵਿਚ ਰਾਜਾ ਰਾਮ ਮੋਹਨ ਰਾਏ ਦੇ ਇੰਗਲੈਂਡ ਚਲੇ ਜਾਣ ਕਰ ਕੇ ਉਨ੍ਹਾਂ ਵੱਲੋਂ ਸਥਾਪਤ ਬ੍ਰਹਮ ਸਭਾ ਬਹੁਤ ਕਮਜ਼ੋਰ ਤੇ ਮੱਧਮ ਪੈ ਚੁਕੀ ਸੀ। ਮਹਾਂਰਿਸ਼ੀ ਨੇ ਬ੍ਰਹਮ ਧਰਮ ਦੀ ਦੀਖਸ਼ਾ ਲੈ ਕੇ ਉਸ ਵਿਚ ਨਵੇਂ ਪ੍ਰਾਣਾਂ ਦਾ ਸੰਚਾਰ ਕੀਤਾ। ਰਾਜਾ ਰਾਮ ਮੋਹਨ ਰਾਏ ਦਾ ਇੰਗਲੈਂਡ ਵਿਚ ਹੀ ੨੭ ਸਿਤੰਬਰ ੧੮੩੩ ਵਿਚ ਦੇਹਾਂਤ ਹੋ ਗਿਆ ਸੀ।

੧੮੫੯ ਵਿਚ ਸ਼੍ਰੀ ਕੇਸ਼ਵ ਚੰਦਰ ਸੇਨ (੧੮੩੮-੮੪)ਨੇ ਮਹਾਂ ਰਿਸ਼ੀ ਦੇ ਸ਼ਿਸ਼ ਰੂਪ ਵਿਚ 'ਬ੍ਰਹਮ ਧਰਮ' ਦੀ ਦੀਖਸ਼ਾ ਲਈ।

ਰਾਜਾ ਰਾਮ ਮੋਹਨ ਰਾਏ ਨੇ 'ਬ੍ਰਹਮ ਸਭਾ' ਬਣਾਈ ਸੀ ਪਰ ਕਿਸੇ ਵੱਖਰੇ ਧਰਮ ਦੀ ਸਥਾਪਨਾ ਨਹੀਂ ਸੀ ਕੀਤੀ। 'ਬ੍ਰਹਮ ਸਮਾਜ' ਨਾਮ ਦੇ ਵੱਖਰੇ ਧਰਮ ਦੀ ਸਥਾਪਨਾ ਮਹਾਂਰਿਸ਼ੀ ਦੇਵੇਂਦ੍ਰ ਨਾਥ ਠਾਕੁਰ ਨੇ ਕੀਤੀ।

ਸ਼੍ਰੀ ਸਤਯੇਂਦ੍ਰ ਨਾਥ ਮੱਜੁਮਦਾਰ ਨੇ ਵਿਵੇਕਾ ਨੰਦ ਚਰਿਤ ਵਿਚ ਲਿਖਿਆ ਹੈ "ਆਤਮਾ ਤੇ ਪ੍ਰਮਾਤਮਾ ਦੇ ਅਭੇਦ ਚਿੰਤਨ ਰੂਪ ਮੁਖ ਉਪਾਸਨਾ ਨੂੰ ਬੁਨਿਆਦ ਬਣਾ ਕੇ ਰਾਮ ਮੋਹਨ ਧਰਮ ਤੇ ਸਮਾਜ-ਸੰਸਕਾਰ ਕਾਰਜ ਵਿਚ ਜੁਟ ਪਏ ਸਨ। ਰਾਮ ਮੋਹਨ ਰਾਏ- ਵੇਦਾਂ ਬਾਰੇ ਪਰਚੱਲਤ ਪੁਰਾਤਨ ਧਾਰਨਾ- ਕਿ ਵੇਦ 'ਅਪੌਰੁਸ਼ੇਯ' ਹਨ। ਇਹ ਕਿਸੇ ਮਨੁੱਖ ਦੀ ਰਚਨਾ ਨਹੀਂ ਸਗੋਂ ਈਸ਼ਵਰ ਵੱਲੋਂ ਉੱਤਰੀ ਬਾਣੀ ਹੈ-ਇਸ ਧਾਰਨਾ ਨੂੰ ਨਹੀਂ ਸਨ ਮੰਨਦੇ। ਉਹ ਵੇਦਾਂ ਦੀ ਬਾਣੀ ਨੂੰ ਰਿਸ਼ੀਆਂ ਦੀ ਰਚੀ ਬਾਣੀ ਮੰਨਦੇ ਸਨ ਤੇ ਉਹਨਾਂ ਦਾ ਮਤ ਸੀ ਕਿ ਇਹ ਬਾਣੀ ਸੰਸਾਰ ਦੀਆਂ ਕਾਮਨਾਵਾਂ ਦੀ ਪੂਰਤੀ ਦੇ ਸੰਦਰਭ ਵਿਚ ਰਚੀ ਗਈ ਬਾਣੀ ਹੈ-ਜਿਸ ਨਾਲ ਬਹੁਤ ਸਾਰੇ 'ਕਰਮ ਕਾਂਡ' ਜੁੜੇ ਹੋਏ ਹਨ। ਰਾਮ ਮੋਹਨ ਵੇਦਾਂ ਦੇ ਅੰਤ ਉੱਤੇ ਰਚੀਆਂ ਗਈਆਂ 'ਉਪਨਿਸ਼ਦਾਂ'- ਜਿਨ੍ਹਾਂ ਨੂੰ 'ਵੇਦਾਂਤ' ਕਿਹਾ ਜਾਂਦਾ ਹੈ- ਦੀ ਬਾਣੀ ਨੂੰ ਸਿੱਧੀ ਪਰਮਾਤਮਾ ਨਾਲ ਜੋੜਣ ਵਾਲੀ ਬਾਣੀ ਮੰਨਦੇ ਸਨ-ਤੇ ਏਸੇ ਆਧਾਰ ਉਪਰ 'ਨਿਰਾਕਾਰ' ਦੀ ਉਪਾਸਨਾ ਕਰਦੇ ਸਨ।

ਰਾਮ ਮੋਹਨ ਰਾਏ ਨੇ ਉਪਨਿਸ਼ਦਾਂ ਦੇ ਬੰਗਲਾ ਵਿਚ ਅਨੁਵਾਦ ਵੀ ਕੀਤੇ ਤੇ 'ਵੇਦਾਂਤ ਸਾਰ' ਗ੍ਰੰਥ ਦੀ ਰਚਨਾ ਵੀ ਕੀਤੀ। ਇਸ ਤੋਂ ਅਲਾਵਾ ਉਨ੍ਹਾਂ ਨੇ ਹੋਰ ਕਈ ਪੁਰਾਤਨ ਗ੍ਰੰਥਾਂ ਦੇ ਬੰਗਲਾ, ਅੰਗ੍ਰੇਜ਼ੀ ਤੇ ਫਾਰਸੀ ਵਿਚ ਅਨੁਵਾਦ ਕੀਤੇ ਅਤੇ ਵੇਦਾਂਤ ਦੀ ਵਿਆਖਿਆ ਵਿਚ ਕਈ ਸਾਰੀਆਂ ਪੁਸਤਕਾਂ ਲਿਖੀਆਂ. ਫਾਰਸੀ ਤੇ ਬੰਗਲਾ ਵਿਚ ਅਖ਼ਬਾਰ ਵੀ ਕੱਢੇ।

• ਮਹਾਂ ਰਿਸ਼ੀ ਦੇਵੇਂਦ੍ਰ ਨਾਥ ਦਾ ਬ੍ਰਹਮ ਸਮਾਜ

ਰਾਮ ਮੋਹਨ ਰਾਏ ਵੇਦਾਂ ਨੂੰ ਅਪੌਰੁਸ਼ੇਯ ਨਹੀਂ ਸਨ ਮੰਨਦੇ-ਪਰ ਵੇਦਾਂ ਦੀ ਬਾਣੀ ਨੂੰ ਨਕਾਰਦੇ ਵੀ ਨਹੀਂ ਸਨ।

ਮਹਾਂਰਿਸ਼ੀ ਦੇਵੇਂਦ੍ਰ ਨਾਥ (੧੮੧੭-੧੯੦੫) ਕੇਵਲ ਉਪਨਿਸ਼ਦਾਂ ਨੂੰ ਮੰਨਦੇ ਸਨ ਅਤੇ ਉਹ ਵੀ ਪੱਛਮੀ ਤਰਕ ਦੀ ਦ੍ਰਿਸ਼ਟੀ ਤੋਂ ਆਪਣੇ ਤਰਕ ਦੀ ਕਸੌਟੀ ਅਨੁਸਾਰ ਹੀ।

• ਵਿਆਹ ਦੀ ਨਵੀਂ ਰੀਤ

ਮਹਾਂ ਰਿਸ਼ੀ ਨੇ ੧੮੬੧ ਈਸਵੀ ਵਿਚ ਵੇਦਾਂ ਦੇ ਕਰਮਕਾਂਡ ਤੋਂ ਹਟ ਕੇ 'ਵਿਆਹ' ਦੀ ਬ੍ਰਹਮ ਰੀਤ ਚਲਾਈ। ਇਸ ਰੀਤ ਅਨੁਸਾਰ ਉਨ੍ਹਾਂ ਨੇ ਪੁਰਾਤਨ ਹਿੰਦੂ ਪੱਧਤੀ ਵਾਲੀ ਸਾਕਾਰ ਉਪਾਸਨਾ ਤੇ ਹਵਨ ਨੂੰ ਛਡ ਕੇ ਬਾਕੀ ਦੀ ਰਸਮ ਹਿੰਦੂ ਪੱਧਤੀ ਵਾਲੀ ਹੀ ਰੱਖੀ।

• ਮਤ ਭਿੰਨਤਾ

ਪੰਡਿਤ ਸ਼ਿਵ ਨਾਥ ਸ਼ਾਸਤ੍ਰੀ ਤੇ 'ਬ੍ਰਹਮ ਸਮਾਜ' ਗ੍ਰੰਥ ਦੇ ਹਵਾਲੇ ਨਾਲ ਸ਼੍ਰੀ ਸਤ੍ਯੇਂਦ੍ਰ ਨਾਥ ਮੱਜੁਮਦਾਰ ਨੇ ਵਿਵੇਕਾ ਨੰਦ ਚਰਿਤ ਵਿਚ ਰਾਮ ਮੋਹਨ ਤੇ ਮਹਾਂਰਿਸ਼ੀ ਦੇਵੇਂਦ੍ਰ ਨਾਥ ਦੇ ਮਤ ਵਿਚ ਭਿੰਨਤਾ ਦੱਸਦਿਆਂ ਲਿਖਿਆ ਹੈ:-ਰਾਜਾ ਨੇ ਸ਼ਾਸਤ੍ਰ ਪਰਮਾਣ ਨੂੰ ਇਕ ਸਿਰਿਓਂ ਅਪਰਵਾਨ ਨਹੀਂ ਕੀਤਾ। ਮਹਾਂਰਿਸ਼ੀ ਦੇਵੇਂਦ੍ਰ ਨਾਥ ਨੇ 'ਵੇਦ ਨੂੰ ਪਰਮਾਨ' ਮੰਨਣ ਤੋਂ ਇਨਕਾਰ ਕਰਦਿਆਂ ਹੋਇਆਂ ਸਿਰਫ਼ ਵਿਅਕਤੀਗਤ ਵਿਚਾਰ ਬੁੱਧੀ ਉਪਰ ਹੀ ਪੂਰੀ ਤਰ੍ਹਾਂ ਸਤਿ ਅਸਤਿ ਤੇ ਧਰਮ ਅਧਰਮ ਦੀ ਮੀਮਾਂਸਾ ਦੀ ਜ਼ਿੰਮੇਵਾਰੀ ਸੌਂਪੀ। ਰਾਜਾ ਦੀ ਧਰਮ ਸਾਧਨਾ ਵਿਚ ਗੁਰੂ ਦਾ ਵੀ ਵਿਸ਼ੇਸ਼ ਸਥਾਨ ਹੈ. ਇਸ ਗੱਲ ਤੋਂ ਉਨ੍ਹਾਂ ਨੇ ਕਦੇ ਇਨਕਾਰ ਨਹੀਂ ਕੀਤਾ। ਮਹਾਂਰਿਸ਼ੀ ਨੇ ਪ੍ਰਤੱਖ ਆਤਮ ਸ਼ਕਤੀ ਤੇ ਅਪਰਤੱਖ ਬ੍ਰਹਮ੍ਹ ਕਿਰਪਾ ਉਪਰ ਹੀ ਸਾਧਨਾ ਵਿਚ ਯਥਾ ਯੋਗ ਸਿੱਧੀ ਦੀ ਸੰਭਾਵਨਾ ਦੱਸੀ।

"ਰਾਜਾ ਨੇ ਤੱਤ੍ਵ ਅੰਗ ਵਿਚ, ਸਾਧਨ ਅੰਗ ਵਿਚ ਅਤੇ ਧਰਮ ਦੇ ਕਿਸੇ ਵੀ ਅੰਗ ਵਿਚ ਸੁਦੇਸ਼ ਦੀ ਸਨਾਤਨ ਸਾਧਨਾ ਨਾਲ ਆਪਣੇ ਧਰਮ ਸੰਸਕਾਰਾਂ ਦੀ ਪ੍ਰਾਣਗਤ ਸਾਂਝ ਨੂੰ ਛਡਿਆ ਨਹੀਂ। ਮਹਾਂਰਿਸ਼ੀ ਇਕ ਪ੍ਰਕਾਰ ਦੀ ਸੁਦੇਸ਼ਿਕਤਾ ਦੇ ਜ਼ਬਰਦਸਤ ਅਨੁਗਾਮੀ (ਪੈਰੋਕਾਰ) ਹੋਣ ਤੇ ਵੀ ਉਸ ਸਾਂਝ ਦੀ ਰੱਖਿਆ ਨਹੀਂ ਕਰ ਸੱਕੇ। ਰਾਜਾ ਨੇ ਵੇਦਾਂਤ ਉਪਰ ਹੀ ਆਪਣੇ ਤੱਤ੍ਵ ਸਿਧਾਂਤ ਦੀ ਸਥਾਪਨਾ ਕੀਤੀ। ਪਰ ਮਹਾਂਰਿਸ਼ੀ ਨੇ ਅਠਾਰਵੀਂ ਸਦੀ ਦੇ ਯੂਰਪੀ ਯੁਕਤੀਵਾਦ ਉਪਰ ਆਪਣੇ ਬ੍ਰਹਮ ਧਰਮ ਦੀ ਸਥਾਪਨਾ ਕੀਤੀ।

ਰਾਜਾ ਵੇਦਾਂਤ ਪ੍ਰਤੀਪਾਦਿਤ ਧਰਮ ਨੂੰ ਹੀ ਬ੍ਰਹਮ ਧਰਮ ਮੰਨ ਕੇ ਉਸਦਾ ਪਰਚਾਰ ਕਰਦੇ ਸਨ। ਪਰ ਮਹਾਂਰਿਸ਼ੀ ਨੇ ਆਪਣੇ ਆਤਮ ਅਨੁਭਵ ਵਾਲੇ ਧਰਮ ਨੂੰ ਹੀ 'ਬ੍ਰਹਮ ਧਰਮ' ਆਖਿਆ।

• ਗੁਰੂਬਾਣੀ ਤੋਂ ਪ੍ਰੇਰਨਾ

ਪਰ ਆਪਣੇ ਜੀਵਨ ਦੇ ਉੱਤਰ ਕਾਲ ਵਿਚ ਮਹਾਂਰਿਸ਼ੀ ਦੇਵੇਂਦ੍ਰ ਨਾਥ ਦੀ ਸੋਚ ਵਿਚ ਤਬਦੀਲੀ ਆਈ ਅਤੇ ਓਹਨਾਂ ਨੇ ਪੱਛਮੀ ਸੋਚ ਤੋਂ ਕੁਝ ਹਟ ਕੇ ਮੂਲ ਭਾਰਤੀ ਚਿੰਤਨ ਤੋਂ ਪ੍ਰੇਰਨਾ ਲਈ। ਇਸ ਸਿਲਸਿਲੇ ਵਿਚ ਮਹਾਂਰਿਸ਼ੀ ਦੇਵੇਂਦ੍ਰ ਨਾਥ ਦੀ ਪ੍ਰੇਰਨਾ ਦਾ ਸ੍ਰੋਤ

Namdhari Elibrary NamdhariElibrary@gmail.com

ਵੀ ਗੁਰੂ ਨਾਨਕ ਪਰੰਪਰਾ ਦੇ ਗੁਰੂਆਂ ਦੀ ਬਾਣੀ ਹੀ ਬਣੀ। ਗੁਰੂ ਦੇਵ ਰਵੀਂਦ੍ਰ ਨਾਥ ਟੈਗੋਰ ਵੱਲੋਂ ਲਿਖੇ ਇਕ ਪਰਸੰਗ ਤੋਂ ਇਸ ਗੱਲ ਦਾ ਪਤਾ ਲਗਦਾ ਹੈ। ਰਵੀਂਦ੍ਰ ਨਾਥ ਟੈਗੋਰ ਓਦੋਂ ਗਿਆਰਾਂ ਕੁ ਸਾਲ ਦੇ ਸਨ, ਜਦੋਂ ਉਹ ਪਹਿਲੀ ਵਾਰੀ ਆਪਣੇ ਪਿਤਾ ਮਹਾਂਰਿਸ਼ੀ ਦੇਵੇਂਦ੍ਰ ਨਾਥ ਠਾਕੁਰ ਨਾਲ ਡਲਹੌਜ਼ੀ ਦੇ ਪਹਾੜ ਉਪਰ ਜਾਂਦਿਆਂ ਹੋਇਆ ਕੁਝ ਦਿਨ ਰਾਹ ਵਿਚ ਅੰਮ੍ਰਿਤਸਰ ਵਿਖੇ ਰੁਕੇ ਸਨ। ਰਵੀਂਦ੍ਰ ਨਾਥ ਟੈਗੋਰ ਲਿਖਦੇ ਹਨ:-

"ਅੰਮ੍ਰਿਤਸਰ ਦਾ ਗੁਰਦੁਆਰਾ ਮੇਨੂੰ ਇਕ ਸੁਪਨੇ ਜਿਹੇ ਵਾਂਗ ਯਾਦ ਆ ਰਿਹਾ ਹੈ। ਪਿਤਾ ਜੀ ਨਾਲ ਟੁਰਦਾ ਟੁਰਦਾ ਮੈਂ ਉਸ ਸਰੋਵਰ ਵਿਚਕਾਰ ਬਣੇ ਸਿੱਖ ਮੰਦਿਰ ਵਿਚ ਜਾਂਦਾ ਸਾਂ। ਓਥੇ ਹਰ ਸਮੇਂ ਕੀਰਤਨ ਹੁੰਦਾ। ਮੇਰੇ ਪਿਤਾ ਉਨ੍ਹਾਂ ਸਿਖ ਉਪਾਸ਼ਕਾਂ ਦੇ ਵਿਚਕਾਰ ਜਾ ਬੈਠਦੇ ਤੇ ਅਚਾਨਕ ਉਚੀ ਸੁਰ ਵਿਚ ਗਾਉਂਦਿਆਂ ਹੋਇਆਂ ਓਹਨਾਂ ਦੇ ਸ਼ਬਦ ਕੀਰਤਨ ਵਿਚ ਸਾਥ ਦੇਣ ਲਗ ਜਾਂਦੇ। ਇਕ ਪਰਦੇਸੀ ਦੇ ਮੂੰਹੋਂ ਆਪਣਾ ਸ਼ਬਦ ਕੀਰਤਨ ਸੁਣ ਅਤਿਅੰਤ ਉਤਸ਼ਾਹਤ ਹੋਕੇ ਉਹ ਮੇਰੇ ਪਿਤਾ ਦਾ ਬੜਾ ਆਦਰ ਸਨਮਾਨ ਕਰਦੇ। ਓਥੋਂ ਪਰਤਨ ਵੇਲੇ ਓਹ ਸਾਨੂੰ ਮਿਸ਼ਰੀ-ਪਤਾਸੇ ਤੇ ਕੜਾਹ ਪਰਸ਼ਾਦ ਦੇਂਦੇ।"

-ਜੀਵਨ ਸਿਮ੍ਰਿਤੀ ਬੰਗਲਾ

ਰਵੀਂਦ੍ਰ ਨਾਥ ਟੈਗੋਰ ਨੇ ਬਾਅਦ ਵਿਚ ਗੁਰਬਾਣੀ ਦੇ ਕਈ ਸ਼ਬਦਾਂ ਦਾ ਬੰਗਲਾ ਵਿਚ ਅਨੁਵਾਦ ਵੀ ਕੀਤਾ ਸੀ-ਜਿਨ੍ਹਾਂ ਵਿਚੋਂ "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।। ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨ ਰਾਇ ਫੂਲੰਤ ਜੋਤੀ।। ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।। ਅਨਹਤਾ ਸਬਦ ਵਾਜੰਤ ਭੇਰੀ।।....." ਸ਼ਬਦ ਉਨ੍ਹਾਂ ਨੇ ਨਿਤ ਗਾਏ ਜਾਣ ਵਾਲੇ 'ਬ੍ਰਹਮ ਸੰਗੀਤ' ਵਿਚ ਸ਼ਾਮਿਲ ਕੀਤਾ ਹੋਇਆ ਸੀ।

• ਕੇਸ਼ਵ ਚੰਦ੍ਰ ਸੇਨ ਦਾ ਬ੍ਰਹਮ ਸਮਾਜ

ਕੇਸ਼ਵ ਚੰਦ੍ਰ ਸੇਨ ਦੀ ਧਰਮ ਭਾਵਨਾ ਦਾ ਅਰੰਭ ਤਾਂ ਚੈਤਨਯ ਮਹਾਂ ਪ੍ਰਭੂ ਦੀ ਵੈਸ਼ਣਵ ਧਰਮ ਸਾਧਨਾ ਦੇ ਅਸਰ ਹੇਠ ਹੋਇਆ ਸੀ। ਫਿਰ ਕੁਝ ਅਗੇ ਚੱਲ ਕੇ ਮਹਾਂਰਿਸ਼ੀ ਦੇਵੇਂਦ੍ਰ ਨਾਥ ਵੱਲੋਂ ਚਲਾਏ 'ਬ੍ਰਹਮ ਧਰਮ' ਦੇ ਅਨੁਯਾਈ ਬਣੇ। ਪਰ ਹੌਲੀ ਹੌਲੀ ਉਹ 'ਈਸਾ' ਦੇ ਉਪਦੇਸ਼ਾਂ ਤੋਂ ਵਧੇਰੇ ਪ੍ਰਭਾਵਤ ਹੋਣ ਲਗੇ। ਉਨ੍ਹਾਂ ਨੇ ਈਸਾਈ ਧਰਮ ਤੇ ਪੱਛਮੀ ਸ਼ਿਖਸ਼ਾ-ਸਭਿਅਤਾ ਦੇ ਆਦਰਸ਼ ਤੇ ਚਿੰਤਨ ਧਾਰਾ ਨੂੰ ਅਪਣਾ ਕੇ ਬ੍ਰਹਮ ਧਰਮ ਅਤੇ ਸਮਾਜ ਨੂੰ ਉਸ ਅਨੁਸਾਰ ਵੇਖਣਾ ਸ਼ੁਰੂ ਕੀਤਾ।

ਕੇਸ਼ਵ ਚੰਦ੍ਰ ਬਾਰੇ ਆਖਿਆ ਜਾਂਦਾ ਹੈ ਕਿ ਰਾਮ ਮੋਹਨ ਰਾਏ ਤਾਂ ਦੂਰ-ਕੇਸ਼ਵਚੰਦ੍ਰ ਦੇਵੇਂਦ੍ਰ ਨਾਥ ਠਾਕੁਰ ਜਿਨੀ ਵੀ ਸੰਸਕ੍ਰਿਤ ਭਾਸ਼ਾ ਨਹੀਂ ਸਨ ਜਾਣਦੇ। ਵੇਦ ਵੇਦਾਂਤ ਤੋਂ ਉਹ ਪੂਰੀ ਤਰ੍ਹਾਂ ਅਨਭਿਜ ਸਨ। ਦੇਵੇਂਦ੍ਰ ਨਾਥ ਨੇ ਜਿਸ ਕੇਸ਼ਵ ਨੂੰ ਮਹਾਨ ਵਕਤਾ (ਬੁਲਾਰਾ) ਹੋਣ ਕਰਕੇ ਆਪਣਾ ਸ਼ਿਸ਼ ਬਣਾਇਆ ਸੀ, ਉਸੇ ਕੇਸ਼ਵ ਨੂੰ ਉਹ ਆਪਣੀ ਗੱਲ ਸਮਝਾਉਣ ਵਿਚ ਅਸਫਲ ਰਹੇ। ਮਨੀਸ਼ੀ ਵਿਪਿਨ ਚੰਦ੍ਰ ਪਾਲ ਨੇ ਕਿਹਾ ਹੈ- "ਸ਼ਾਸਤ੍ਰ ਦੇ ਪ੍ਰਾਚੀਨ ਅਧਿਕਾਰ ਵਿਰੁੱਧ ਅਸੰਸਕ੍ਰਿਤ ਤੇ ਅਸਿੱਧ ਨਿਜੀ ਮਤ ਤੇ ਨਿਜੀ ਮਤ ਦੇ ਥੋਪਨ ਦੀ ਕੋਸ਼ਿਸ਼, ਸਮਾਜ ਦੇ ਵਿਧੀ ਵਿਧਾਨ ਵਿਰੁੱਧ ਵਿਅਕਤੀਗਤ ਰੁਚੀ ਤੇ ਪਰਵਿਰਤੀ ਦੇ ਮਤ ਨੂੰ ਥੋਪਨ ਦੀ ਕੋਸ਼ਿਸ਼- ਏਹੋ ਹੀ ਕੇਸ਼ਵ ਦੇ ਅਰੰਭਕ ਜੀਵਨ ਦਾ ਮੂਲ ਸੂਤ੍ਰ ਸੀ।

ਗੁਰੂ ਦੇਵ ਰਵੀਂਦ੍ਰ ਨਾਥ ਟੈਗੋਰ ਨੇ ਲਿਖਿਆ ਹੈ- "ਭਾਰਤ ਵਰਸ਼ ਵਿਚ ਜੋ ਸਰੇਸ਼ਠ ਧਨ ਹੈ ਉਹ ਵੀ ਸਰਬ ਵਿਆਪੀ ਹੈ, ਯੂਰਪ ਵਿਚ ਜੋ ਸ੍ਰੇਸ਼ਠ ਧਨ ਹੈ ਉਹ ਵੀ ਸਰਬ ਵਿਆਪੀ ਹੈ-ਤਾਂ ਵੀ ਭਾਰਤੀਅਤਾ ਅਤੇ ਯੂਰਪੀਅਤਾ ਦੋਹਾਂ ਦੀ ਸੁਤੰਤ੍ਰ ਸਾਰਥਕਤਾ ਹੋਣ ਕਰਕੇ ਦੋਹਾਂ ਨੂੰ ਏਕਾਕਾਰ ਨਹੀਂ ਕੀਤਾ ਜਾ ਸਕਦਾ।

"ਤਰੁਣ ਬ੍ਰਹਮ ਸਮਾਜ ਜਦੋਂ ਪੱਛਮੀ ਸ਼ਿਖਸ਼ਾ ਦੇ ਪ੍ਰਭਾਵ ਵੱਸ ਇਹ ਗੱਲ ਭੁਲ ਗਿਆ ਸੀ, ਜਦੋਂ ਧਰਮ ਦੇ ਸ੍ਵਦੇਸ਼ੀ ਸਰੂਪ ਦੀ ਰੱਖਿਆ ਕਰਨ ਨੂੰ ਉਹ ਸੌੜੀ ਮਨੋਬਿਰਤੀ ਜਾਂ ਸੌੜੀ ਸੋਚ ਮੰਨਣ ਲੱਗ ਪਿਆ ਸੀ, ਓਦੋਂ ਉਸ ਨੇ ਸਮਝਿਆ ਸੀ ਕਿ ਬਦੇਸ਼ੀ ਇਤਿਹਾਸ ਦਾ ਫਲ ਭਾਰਤ ਵਰਸ਼ ਦੀਆਂ ਟਹਿਣੀਆਂ ਤੇ ਪੈਦਾ ਕਰਨਾ ਸੌਖਾ ਹੈ ਤੇ ਏਸ ਕੋਸ਼ਿਸ਼ ਨਾਲ ਹੀ ਯਥਾਰਥ ਉਦਾਰਤਾ ਦੀ ਰੱਖਿਆ ਹੋ ਸਕਦੀ ਹੈ,-ਓਦੋਂ ਪਿਤਾ ਜੀ (ਮਹਾਂਰਿਸ਼ੀ ਦੇਵੇਂਦ੍ਰ ਨਾਥ) ਨੇ ਸਰਬ ਵਿਆਪੀ ਧਰਮ ਦੀ ਸ੍ਵਦੇਸ਼ੀ ਪ੍ਰਕਿਰਤੀ ਨੂੰ ਇਕ ਰਲਵੀਂ ਏਕਾਕਾਰਤਾ ਵਿਚ ਡੋਬ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਉਨ੍ਹਾਂ ਦੇ ਅਨੁਯਾਈ ਅਸਾਧਾਰਨ ਪ੍ਰਤਿਭਾਸ਼ਾਲੀ ਧਰਮ ਉਤਸਾਹੀ ਬਹੁਤ ਸਾਰੇ ਤੇਜੱਸਵੀ ਯੁਵਕਾਂ ਨਾਲੋਂ ਉਹ ਅਲੱਗ ਹੋ ਗਏ।"

-ਸ੍ਰੀ ਸਤਯੇਂਦ੍ਰ ਨਾਥ ਮੋਜੁਮਦਾਰ-
ਵਿਵੇਕਾ ਨੰਦ ਚਰਿਤ-ਬੰਗਲਾ-ਪੰਨਾ ੬

"ਅੰਤ ਤੇ ਇਕ ਦਿਨ ਸੰਸਕਾਰ ਜੁਗ ਦੇ ਨੇਤਾ ਕੇਸ਼ਵ ਚੰਦਰ ਨਾਲ 'ਸਵਾਮੀ ਰਾਮ ਕ੍ਰਿਸ਼ਣ ਪਰਮਹੰਸ ਦਾ ਸਾਹਮਣਾ ਹੋ ਗਿਆ। ਇਕ ਅਨਹੋਣੀ ਘਟਨਾ ਘਟ ਗਈ, ਮੂਰਤੀ ਪੂਜਾ ਦੇ ਵਿਰੋਧੀ ਕੇਸ਼ਵ, ਸਵਾਮੀ ਰਾਮਕ੍ਰਿਸ਼ਣ ਪਰਮਹੰਸ ਦੇ ਉਪਦੇਸ਼ ਅਨੁਸਾਰ ਲੇਖ ਲਿਖ ਲਿਖ ਕੇ ਆਪਣੇ ਅਖ਼ਬਾਰ ਵਿਚ ਛਾਪਣ ਲੱਗ ਪਏ। ਕੇਸ਼ਵ ਹੁਣ ਰਾਮ ਕ੍ਰਿਸ਼ਣ ਪਰਮਹੰਸ ਦੀ ਸਰਬ ਧਰਮ ਸਾਧਨਾ ਦੇ ਪ੍ਰਚਾਰਕ ਬਣ ਚੁੱਕੇ ਸਨ।"

-ਉਪਰੋਕਤ ਪੁਸਤਕ।

• ਬੰਗਾਲ ਅਤੇ ਪੰਜਾਬ–ਕੁਝ ਮੇਲ–ਕੁਝ ਅਮੇਲ

ਉਨ੍ਹੀਂਵੀਂ ਸਦੀ ਵਿਚ ਬੰਗਾਲ ਅੰਦਰ ਨਿਰਾਕਾਰ ਬ੍ਰਹਮ ਦੀ ਉਪਾਸਨਾ ਦੇ ਉੱਦੇਸ਼ ਨਾਲ ਵੇਦਾਂਤ ਅਧਾਰਿਤ ਬ੍ਰਹਮ ਸਮਾਜ ਦੇ ਜ਼ਬਰਦਸਤ ਆਂਦੋਲਣ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਬੰਗਾਲ ਉਸ ਤੋਂ ਪਹਿਲਾਂ ਵੇਦ ਦੇ ਕਰਮ ਕਾਂਡ ਅਤੇ ਸ਼ਕਤੀ ਦਾ ਉਪਾਸਕ ਹੀ ਸੀ। ਓਦੋਂ ਵੇਦਾਂਤ ਅਤੇ ਨਿਰਾਕਾਰ ਬ੍ਰਹਮ ਦੀ ਚਰਚਾ ਨਹੀਂ ਸੀ। ਇਹ ਚਰਚਾ ਪਹਿਲਾਂ ਪਹਿਲ ਰਾਮ ਮੋਹਨ ਰਾਏ ਨੇ ਹੀ ਅਰੰਭੀ।

ਪਰ ਪੰਜਾਬ ਵਿਚ ਇਸ ਤੋਂ ਕਈ ਸੌ ਸਾਲ ਪਹਿਲਾਂ ੧੪੬੯ ਤੋਂ ੧੬੬੬ ਤਕ ਅਵਤਰੇ ਦਸਾਂ ਸਤਿਗੁਰੂਆਂ ਵਿਚੋਂ ਸੱਤਾਂ ਸਤਿਗੁਰਾਂ ਦੀ ਬਾਣੀ ਦਵਾਰਾ ਇਹ ਕਾਰਜ ਹੋ ਚੁੱਕਾ ਸੀ। ·

ਵੇਦ ਬਾਰੇ ਜਿਹੜੀ ਧਾਰਨਾ ਰਾਮ ਮੋਹਨ ਰਾਏ ਨੇ ਬੰਗਾਲ ਅੰਦਰ ਉਨ੍ਹੀਂਵੀਂ ਸਦੀ ਵਿਚ ਪਰਚਾਰਤ ਕੀਤੀ ਉਹ ਸ੍ਰੀ ਆਦਿ ਗ੍ਰੰਥ ਸਾਹਿਬ ਰਾਹੀਂ ਉਸ ਤੋ ਕਈ ਸੌ ਸਾਲ ਪਹਿਲਾਂ ਪ੍ਰਗਟ ਹੋ ਚੁਕੀ ਸੀ-

ਵੇਦੁ ਪੁਕਾਰੇ ਤ੍ਰੈ ਬਿਧਿ ਮਾਇਆ।।
ਮਨਮੁਖ ਨ ਬੂਝੈ ਦੂਜੈ ਭਾਇਆ।।

... ...

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ।।
ਚਾਰੇ ਬੇਦ ਕਥਹਿ ਆਕਾਰੁ।।

... ...

ਸਾਮ ਵੇਦੁ ਰੁਗੁ ਜੁਜਰੁ ਅਥਰਬਣੁ।।

Namdhari Elibrary NamdhariElibrary@gmail.com

ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ।।

ਅਤੇ ਨਿਰਾਕਾਰ ਬ੍ਰਹਮ ਬਾਰੇ ਗੁਰਬਾਣੀ ਇਹ ਸੁਨੇਹਾ ਦੇ ਚੁਕੀ ਸੀ-

ਨਿਰਗੁਣ ਸਰਗੁਣ ਆਪੇ ਸੋਈ।।
ਤਤੁ ਪਛਾਣੈ ਸੋ ਪੰਡਿਤ ਹੋਈ।।

ਸਵਾਮੀ ਰਾਮ ਕ੍ਰਿਸ਼ਨ ਪਰਮਹੰਸ ਦੀ ਸਰਬ ਧਰਮ ਸਾਧਨਾ ਵਾਲਾ ਕਾਰਜ ਵੀ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਰੂਪ ਵਿਚ ਪ੍ਰਤਿਸ਼ਠਿਤ ਹੋ ਚੁੱਕਾ ਸੀ। ਸ੍ਰੀ ਆਦਿ ਗ੍ਰੰਥ ਵਿਚ ਨਿਰਾਕਾਰ ਬ੍ਰਹਮ ਦੇ ਨਾਲ ਨਾਲ ਕਬੀਰ ਦੀ ਬਾਣੀ ਰਾਹੀਂ 'ਨਿਰਜੀਓ ਪਾਹਨ' ਦੀ ਗੱਲ ਵੀ ਆਈ ਹੈ ਤੇ 'ਜੀਵਤ ਪਾਹਨ' ਵਾਲੇ ਧੰਨੇ ਭਗਤ ਤੇ ਨਾਮਦੇਵ ਦੀ ਵੀ।

ਫ਼ਰੀਦ ਜੀ ਦੀ ਸੂਫ਼ੀ ਬਾਣੀ ਵੀ ਹੈ ਤੇ ਚੌਹ ਜੁਗਾਂ ਦੇ ਅਵਤਾਰਾਂ ਦੀ ਗੱਲ ਕਰਦੀ-ਭੱਟਾਂ ਦੀ ਬਾਣੀ ਵੀ। ਫਿਰ ਗੁਰੂ ਤਾਂ ਸਾਰੇ ਗ੍ਰੰਥ ਸਾਹਿਬ ਦਾ ਕੇਂਦਰੀ ਬਿੰਦੂ ਹੈ।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਨਿਰਾਕਾਰ ਬ੍ਰਹਮ ਦੇ ਸਾਕਾਰ ਰੂਪ ਦਾ ਬਿਆਨ ਕਰਨ ਲਗਿਆਂ ਕੋਈ ਸਰਫ਼ਾ ਨਹੀਂ ਕੀਤਾ ਅਤੇ ਸ੍ਰੀ ਰਾਮਕਿਸ਼ਣ ਪਰਮ ਹੰਸ ਦਾ ਬੰਗਾਲ ਜਿਸ ਆਦਿ ਸ਼ਕਤੀ ਦੀ ਅਰਾਧਨਾ ਉਪਾਸਨਾ ਕਰਦਾ ਆ ਰਿਹਾ ਹੈ- ਉਸ ਨਾਲ ਵੀ **"ਮਹਾਂ ਕਾਲ ਕਾਲਿਕਾ ਆਰਾਧੀ"** ਦੇ ਵਾਕ ਦਵਾਰਾ ਆਪਣੇ ਆਪ ਨੂੰ ਜੋੜਿਆ ਹੈ।

ਪੰਡਿਤ ਈਸ਼ਵਰ ਚੰਦਰ ਵਿਦਿਆ ਸਾਗਰ (ਜਨਮ ੧੮੨੦) ਨੇ ਬੰਗਾਲ ਵਿਚ ਵਿਧਵਾ ਵਿਆਹ ਦੇ ਹੱਕ ਵਿਚ ਜ਼ਬਰਦਸਤ ਅਵਾਜ਼ ਉਠਾਈ, ਜਿਸ ਕਰ ਕੇ ਆਪ ਨੂੰ ਕੱਟੜ ਪੰਥੀ ਹਿੰਦੂਆਂ ਦੇ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ। ਏਸੇ ਤਰ੍ਹਾਂ 'ਸਤੀ ਪ੍ਰਥਾ', 'ਸਤੀ ਦਾਹ' ਜਾਂ ਪਤਨੀ ਦੇ ਪਤੀ ਨਾਲ ਸਹਿ ਮਰਨ ਦੇ ਵਿਰੋਧ ਵਿਚ ਰਾਮ ਮੋਹਨ ਰਾਏ ਨੇ ਅਵਾਜ਼ ਉਠਾਈ ਅਤੇ ੧੮੩੩ ਵਿਚ ਇੰਗਲੈਂਡ ਪ੍ਰਵਾਸ ਸਮੇ ਸਤੀ ਦਾਹ ਵਿਰੁਧ ਕਾਨੂੰਨ ਵੀ ਪਾਸ ਕਰਵਾਇਆ। ਏਧਰ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ - (੧੮੧੬) ਨੇ ਇਹਨਾਂ ਦੋਹਾਂ ਮਹਾਂ ਪੁਰਖਾਂ ਤੋਂ ਕੁਝ ਹੀ ਸਮਾ ਬਾਅਦ 'ਵਿਧਵਾ ਵਿਆਹ' ਤੇ ਸਤੀ ਦਾਹ ਦੇ ਖ਼ਿਲਾਫ਼ ਆਪਣੇ ਸਮਾਜ ਵਿਚ ਅਮਲ ਕਰਵਾਇਆ। ਉਂਜ ਗੁਰਬਾਣੀ ਵਿਚ ਇਸ ਤੋਂ ਢੇਰ ਚਿਰ ਪਹਿਲਾਂ ਸਤੀ ਦਾਹ ਬਾਰੇ ਤੀਜੀ ਪਾਤਸ਼ਾਹੀ ਨੇ ਇਸ ਸ਼ਬਦ ਦਵਾਰਾ ਮਤ ਪ੍ਰਗਟ ਕਰ ਦਿੱਤਾ ਸੀ-

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ।।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ।।
ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ।।
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ।।
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ।।
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ।।

ਸਤਿਗੁਰਾਂ ਨੇ ਤਾਂ ਬਾਣੀ ਦਵਾਰਾ ਉਪਦੇਸ਼ ਦਿੱਤੇ ਹੀ ਹਨ- ਪਰ ਅਗੋਂ ਗੱਲ ਮੰਨਣ ਵਾਲਿਆਂ ਦੀ ਹੈ- ਕਿ ਉਹ ਮੰਨਦੇ ਹਨ ਜਾਂ ਨਹੀਂ।

ਪੰਜਾਬ ਦਾ ਇਹ ਦੁਖਾਂਤ ਹੀ ਮੰਨਣਾ ਪਏਗਾ ਕਿ ਏਥੇ ਐਸੇ ਗੁਰੂ ਆਏ ਤੇ ਐਸੀ ਅਚਰਜ ਰੱਬੀ ਬਾਣੀ ਦੀ ਰਚਨਾ ਹੋਈ-ਪਰ

> ***ਸਤਿਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਦੀ ਸਾਜਨਾ ਕੀਤੀ ਸੀ- ਤੇ ਉਸ ਖ਼ਾਲਸਾ ਰਾਜ ਦਾ ਆਦਰਸ਼ ਅਤੇ ਰੂਪ ਗੁਰਬਾਣੀ ਦੇ ਆਧਾਰ ਉਪਰ ਹੀ ਕਲਪਿਆ ਸੀ। ਪਰ ਜਿਸ ਖ਼ਾਲਸੇ ਦਾ ਰਾਜ ਪੰਜਾਬ ਵਿਚ ੧੭੯੯ ਤੋਂ ਸ਼ੁਰੂ ਹੋਇਆ, ਅਤੇ ਜਿਸ ਦੇ ਪਿਛੋਕੜ ਵਿਚ ਸਿੰਘਾਂ ਦੀਆਂ ਛੋਟੀਆਂ ਮੋਟੀਆਂ ਰਿਆਸਤਾਂ ਦਾ ਇਕ ਸਿਲਸਿਲਾ ਉਸ ਤੋਂ ਪਹਿਲਾਂ ਹੀ ਸਥਾਪਤ ਹੋ ਚੁਕਾ ਸੀ- ਉਸ ਖ਼ਾਲਸਾ ਰਾਜ ਨੇ ਉਹ ਸਭ ਕੁਝ ਕੀਤਾ- ਜਿਸ ਤੋਂ ਗੁਰਬਾਣੀ ਨੇ ਵਰਜਿਆ ਹੋਇਆ ਹੈ।***

ਉਹਨਾਂ ਗੁਰੂਆਂ ਤੇ ਉਹਨਾਂ ਦੀ ਬਾਣੀ ਨੂੰ ਮੰਨਣੋ ਪੰਜਾਬ ਦੇ ਅਖੌਤੀ ਆਗੂਆਂ ਨੇ ਕੰਨੀ ਹੀ ਕਤਰਾਈ।।

ਸਤਿਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਦੀ ਸਾਜਨਾ ਕੀਤੀ ਸੀ- ਤੇ ਉਸ ਖ਼ਾਲਸਾ ਰਾਜ ਦਾ ਆਦਰਸ਼ ਅਤੇ ਰੂਪ ਗੁਰਬਾਣੀ ਦੇ ਆਧਾਰ ਉਪਰ ਹੀ ਕਲਪਿਆ ਸੀ। ਪਰ ਜਿਸ ਖ਼ਾਲਸੇ ਦਾ ਰਾਜ ਪੰਜਾਬ ਵਿਚ ੧੭੯੯ ਤੋਂ ਸ਼ੁਰੂ ਹੋਇਆ, ਅਤੇ ਜਿਸ ਦੇ ਪਿਛੋਕੜ ਵਿਚ ਸਿੰਘਾਂ ਦੀਆਂ ਛੋਟੀਆਂ ਮੋਟੀਆਂ ਰਿਆਸਤਾਂ ਦਾ ਇਕ ਸਿਲਸਿਲਾ ਉਸ ਤੋ ਪਹਿਲਾਂ ਹੀ ਸਥਾਪਤ ਹੋ ਚੁਕਾ ਸੀ- ਉਸ ਖ਼ਾਲਸਾ ਰਾਜ ਨੇ ਉਹ ਸਭ ਕੁਝ ਕੀਤਾ-ਜਿਸ ਤੋ ਗੁਰਬਾਣੀ ਨੇਂ ਵਰਜਿਆ ਹੋਇਆ ਹੈ।

ਏਥੇ ਸਤੀ ਦਾਹ ਬਾਰੇ ਗੱਲ ਚਲ ਰਹੀ ਹੈ। ਏਸੇ ਸਿਲਸਿਲੇ ਵਿਚ ਸ੍ਰ: ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਇਤਿਹਾਸਕ ਖੋਜ' ਵਿਚੋਂ ਮਿਸਾਲ ਦਿੱਤੀ ਜਾ ਰਹੀ ਹੈ:-

"ਘਿਓ ਤੇਲ ਦੀ ਚਿਖਾ ਬਣੀ ਹੋਈ ਸੀ, ਉਸ ਉਤੇ ਤਿੰਨ ਤਾਂ ਚੜ੍ਹ ਗਈਆਂ ਜਾਂ ਚੌਥੀ ਨੇ ਲੱਕੜ ਉਤੇ ਪੈਰ ਹੀ ਰੱਖਿਆ ਤਾਂ ਪਿਛੋਂ ਇਕ ਸਿੰਘ ਨੇ ਉਸ ਦੀ ਝਿੰਮਣੀ (ਮੋਤੀਆਂ ਵਾਲਾ ਉਤਲਾ ਕਪੜਾ) ਨੂੰ ਹੱਥ ਪਾਇਆ, ਉਸ ਨੇ ਉਤੇ ਖਲੋਤੀ ਨੇ ਹੀ ਭੌਂ ਕੇ ਉਸ ਦੇ ਮੂੰਹ ਉਤੇ ਟਿਕਾ ਕੇ ਚਪੇੜ ਮਾਰੀ ਤੇ ਕਿਹਾ, ਕਿ ਸਾਡਾ ਲੰਗ ਵੀ ਲਾਹੁਣ ਲਗੇ? ਫੇਰ ਉਹ ਚਿਖਾ ਉਤੇ ਚੜ੍ਹ ਗਈ ਅਤੇ ਵੰਝ ਦੇ ਸਹਾਰੇ ਖੜੋ ਗਈ। ਲੋਕਾਂ ਪੁੱਛਿਆ ਕਿ ਜਹਾਨ ਦਾ ਕੀ ਹਾਲ? (ਉਸ ਨੇ ਅਗੋਂ) ਕਿਹਾ ਕਿ ਜਿਹੋ ਜਿਹਾ ਸਾਡਾ ਹੋਇਆ, ਤਿਹਾ ਤੁਹਾਡਾ ਹੋਊ। ਫੇਰ ਕਿਹਾ, ਕਿ ਸਾਡੇ ਉਤੇ ਛਪਰ ਨਾ ਪਾਉਣਾ, ਅਤੇ ਹਿਲਾਂਗੀਆਂ ਵੀ ਨਹੀਂ। ਫਿਰ ਉਹ ਦੀਵੇ ਦੀ ਲਾਟ ਵਾਂਗ ਡੋਲੀ ਅਤੇ ਹੱਥ ਹਿਲਾ ਕੇ ਲੰਬੂ ਲਾਉਣ ਦੀ ਸੈਨਤ ਕੀਤੀ। ਅੱਗ ਲੱਗਿਆਂ ਬੈਠ ਗਈ, ਮਾਨੋ ਜਾਨ ਪਹਿਲਾਂ ਹੀ ਨਿਕਲ ਚੁੱਕੀ ਸੀ।"

ਏਸੇ ਪੁਸਤਕ ਵਿਚ, ਜਵਾਹਰ ਸਿੰਘ ਜੋ ਕਿ ਮਹਾਰਾਜਾ ਦਲੀਪ ਸਿੰਘ ਦਾ ਮਾਮਾ ਸੀ ਤੇ ਪ੍ਰਧਾਨ ਮੰਤ੍ਰੀ ਵੀ ਸੀ -ਨਾਲ ਸਤੀ ਹੋਣ ਵਾਲੀਆਂ ਉਸ ਦੀਆਂ ਸੱਤ ਪਤਨੀਆਂ ਦਾ ਹਾਲ ਇੰਜ ਲਿਖਿਆ ਹੈ:-

"ਇਹ ਗੱਲ ਲੌਢੇ ਵੇਲੇ ਹੋਈ ਸੀ। ਜਦੋਂ ਸ਼ੇਰ ਸਿੰਘ ਮਾਰਿਆ ਗਿਆ ਸੀ ਤਾਂ ਉਸ ਦੀ ਕੋਈ ਇਸਤ੍ਰੀ ਵੀ ਉਸ ਨਾਲ ਸਤੀ ਨਹੀਂ ਸੀ ਹੋਈ। ਜਦੋਂ ਜਵਾਹਰ ਸਿੰਘ ਵਜ਼ੀਰ ਹੋਇਆ, ਤਾਂ ਇਸ ਦੁਸ਼ਟ ਨੇ ਸਾਰੀਆਂ ਦਾ ਜ਼ਬਰਦਸਤੀ ਸੱਤਰ ਪਾੜਿਆ, ਅਤੇ ਰੱਬ ਦਾ ਕੋਈ

Namdhari Elibrary NamdhariElibrary@gmail.com

ਖੋਫ਼ ਨਾ ਕਰ ਕੇ ਬੁਰੇ ਕੰਮ ਕੀਤੇ। ਜਿੰਦਾਂ ਹਤਿਆਰੀ ਨੂੰ ਸਭ ਪਤਾ ਸੀ, ਪਰ ਭਰਾ ਨੂੰ ਆਖਦੀ ਨਹੀਂ ਸੀ। ਹੁਣ ਉਹ ਮਰ ਗਿਆ ਤਾਂ ਉਸ ਦੀਆਂ ਸੱਤਾਂ ਔਰਤਾਂ ਨੂੰ ਆਖਿਆ ਕਿ ਕੀ ਪਤਾ ਹੈ ਕਿ ਭਲਕੇ ਤੁਹਾਡੇ ਵੀ ਕੋਈ ਪਾੜੇ। ਤੁਸੀਂ ਪਤੀ ਨਾਲ ਸਤੀ ਹੋ ਜਾਓ। ਉਹ ਨਾ ਮੰਨੀਆਂ। ਜਿੰਦਾਂ ਨੇ ਡਰ ਦਿੱਤਾ ਕਿ ਮੈਂ ਦੂਜੀ ਤਰ੍ਹਾਂ ਇਕ ਦਿਨ ਦੇ ਅੰਦਰ ਅੰਦਰ ਮਰਵਾ ਦਿਆਂਗੀ। ਆਹ ਕਰਾਂਗੀ।

ਅੰਤ ਨੂੰ ਮੰਨ ਗਈਆਂ। ਮੋਤੀ ਮੰਦਰ ਖੋਹਲ ਦਿੱਤਾ ਗਿਆ ਅਤੇ ਔਰਤਾਂ ਭਾਂਤ ਭਾਂਤ ਦੇ ਭੂਸ਼ਣਾਂ ਨਾਲ ਸੁਸ਼ੋਭਤ ਹੋਈਆਂ। ਜਦੋਂ ਬਦਾਮੀ ਬਾਗ਼ ਨੂੰ ਪਾਲਕੀਆਂ ਲੈ ਗਏ ਤਾਂ ਸਿੱਖਾਂ ਨੇ ਰਾਹ ਵਿਚ ਹੀ ਸਭ ਚੀਜਾਂ ਧੂਹ ਲਈਆਂ। ਵਿਚਾਰੀਆਂ ਦੇ ਕੰਨਾਂ ਨੱਕਾਂ ਤੋਂ ਲਹੂ ਦੀਆਂ ਧਾਰਾਂ ਵਗਣ ਅਤੇ ਉਨ੍ਹਾਂ ਦੇ ਮੂੰਹੋਂ ਨਿਕਲੇ-ਕਿ ਭਾਈ ਵੀਰ ਸਿੰਘ ਨੇ ਚੁਬਲਦਾ ਸੁਹਾਗਾ ਫੇਰਿਆ ਹੈ, ਹੁਣ ਅੱਠ ਬਲਦਾ ਸੁਹਾਗਾ ਫਿਰੇਗਾ। ਲਾਹੌਰ ਵਿਚ ਸਿਖਾਂ ਦੀ ਇਕ ਢੀਮ ਨਹੀਂ ਰਹੇਗੀ।

ਬਦਾਮੀ ਬਾਗ਼ ਵਿਚ ਲੋਥ (ਜਵਾਹਰ ਸਿੰਘ ਦੀ) ਚਿਖਾ ਉਤੇ ਧਰੀ ਗਈ, ਸਿਰਹਾਣੇ ਪਵਾਂਦੀ ਔਰਤਾਂ ਬੈਠ ਗਈਆਂ ਅਤੇ ਉਤੇ ਛੱਪਰ ਪਾਇਆ ਗਿਆ। ਚੁਤਰਫੀਆਂ ਤਲਵਾਰਾਂ ਸੂਤੀ ਸਿਪਾਹੀ ਖੜੇ ਸਨ ਕਿ ਕੋਈ ਉਛਲ ਕੇ ਬਾਹਰ ਨਾ ਆ ਪਵੇ....।"

ਇਸ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨਾਲ ਵੀ ਉਸ ਦੀਆਂ ਕੁਝ ਰਾਣੀਆਂ ਨੇ ਸਹਿਮਰਨ ਕੀਤਾ ਸੀ।

• ਸਿੰਘ ਸਭਾ ਲਹਿਰ

ਉਨ੍ਹੀਂਵੀਂ ਸਦੀ ਵਿਚ ਪੰਜਾਬ ਅੰਦਰ ਤਿੰਨ ਗੱਲਾਂ ਇਹੋ ਜਿਹੀਆਂ ਹੋਈਆਂ-ਜਿਨ੍ਹਾਂ ਦੇ ਬਰਾਬਰ ਦੀ ਮਿਸਾਲ ਉਸ ਸਮੇ ਦੇ ਪੂਰੇ ਹਿੰਦੁਸਤਾਨ ਵਿਚ ਕੋਈ ਨਹੀਂ ਮਿਲਦੀ।

ਪਹਿਲੀ ਗੱਲ- ਸਿੱਖਾਂ ਦੇ ਸਿੰਘ ਸਜਣ ਤੋਂ ਲੈ ਕੇ ਰਣਜੀਤ ਸਿੰਘ ਦੇ ਰਾਜ ਸੰਭਾਲਣ ਅਤੇ ਚਾਲੀ ਸਾਲ ਤਕ ਉਸ ਦਾ ਰਾਜ ਰਹਿਣ ਤਕ ਦੇ ਲੰਮੇ ਸੰਘਰਸ਼ਾਂ ਤੋਂ ਬਾਅਦ ਜਦੋਂ ਰਣਜੀਤ ਸਿੰਘ ਦੀ ਮੌਤ ਹੋਈ ਤਾਂ ਉਸ ਦੇ ਵਾਰਸਾਂ ਨੇ ਲੋਭ ਲਾਲਚ ਵੱਸ ਅੰਗ੍ਰੇਜ਼ਾਂ ਨਾਲ ਰਲ ਕੇ ਸਾਜ਼ਸ਼ਾਂ ਰਚੀਆਂ ਤੇ ਦਸਾਂ ਸਾਲਾਂ ਦੇ ਅੰਦਰ ਅੰਦਰ 'ਖ਼ਾਲਸਾ ਰਾਜ' ਦੀ ਇਟ ਨਾਲ ਇਟ ਵਜਾ ਦਿੱਤੀ। ਫਿਰ ਪਤਾ ਨਹੀਂ ਪ੍ਰਹਿਲਾਦ ਸਿੰਘ ਦੇ ਇਸ ਦੋਹੇ ਦਾ ਪਾਠ ਕਿਸ ਨੇ ਸ਼ੁਰੂ ਕਰ ਦਿੱਤਾ-

"ਰਾਜ ਕਰੇਗਾ ਖ਼ਾਲਸਾ-ਆਕੀ ਰਹੇ ਨ ਕੋਇ......।"

ਇਹ ਪਾਠ ਅੱਜ ਵੀ ਚੱਲ ਰਿਹਾ ਹੈ।

ਦੂਜੀ ਵਿਲੱਖਣ ਘਟਨਾ ਸੀ- ਸਤਿਗੁਰੂ ਰਾਮ ਸਿੰਘ ਜੀ ਦੇ 'ਕੂਕਾ ਅੰਦੋਲਣ' ਦੀ। ਸਤਿਗੁਰੂ ਰਾਮ ਸਿੰਘ ਕੋਈ ਰਾਜਾ, ਰਈਸ ਜਾਂ ਖ਼ਾਲਸਾ ਰਾਜ ਦੇ ਉੱਚੇ ਅਹੁਦੇਦਾਰ ਨਹੀਂ ਸਨ। ਆਪ ਨੇ ਸਧਾਰਨ ਕਿਰਤੀ ਪਰਵਾਰ ਵਿਚੋਂ ਉਠ ਕੇ ਸਾਰੇ ਹਿੰਦੁਸਤਾਨ ਵਿਚ ਪਹਿਲੀ ਤੇ ਨਿਵੇਕਲੀ ਵਿਉਂਤ ਬੰਦ ਲਹਿਰ ਸ਼ੁਰੂ ਕੀਤੀ ਜਿਸ ਦਾ ਸਿੱਧਾ ਮਨੋਰਥ ਸੀ ਅੰਗ੍ਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕੱਢਣਾ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਕਰਨੀ।

ਅੰਗ੍ਰੇਜ਼ਾਂ ਨੇ ਉਸ ਲਹਿਰ ਨੂੰ ਤੋਪਾਂ ਦੇ ਗੋਲਿਆਂ ਤੇ ਫਾਂਸੀਆਂ ਕੈਦਾਂ ਅਤੇ ਜਲਾਵਤਨੀਆਂ ਦੇ ਬਲ ਨਾਲ ਐਨੀ ਬੇਦਰਦੀ ਨਾਲ ਦਬਾਉਣਾ ਚਾਹਿਆ ਕਿ ਉਸ ਦੀ ਵੀ ਮਿਸਾਲ ਮਿਲਣੀ ਮੁਸ਼ਕਿਲ ਹੈ। ਇਸ ਕੰਮ ਵਿਚ ਉਨ੍ਹਾਂ ਫੂਲਕੀਆਂ ਖ਼ਾਲਸਾ ਰਿਆਸਤਾਂ ਦੇ ਸਿੱਖ ਰਾਜਿਆਂ ਨੇ ਅੰਗ੍ਰੇਜ਼ਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ। ਅਤੇ ਫਿਰ ਵੀ ਸਿੱਖ ਸਮਾਜ-ਰੋਜ਼ ਸਵੇਰੇ ਗੁਰਦਵਾਰਿਆਂ ਵਿਚ ਓਹੋ ਦੋਹਾ ਪੜ੍ਹਦਾ ਰਿਹਾ - 'ਰਾਜ ਕਰੇਗਾ ਖ਼ਾਲਸਾ-ਆਕੀ ਰਹੇ ਨ ਕੋਇ।'

ਤੀਜੀ ਮਹਾਨ ਘਟਨਾ ਹੈ-ਸਿੰਘ ਸਭਾ ਦੀ ਸਥਾਪਨਾ ਦੀ।

੧੯੭੩ ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਬਣਨ ਦੀ ਕੋਸ਼ਿਸ਼ ਕੀਤੀ। ਪ੍ਰਤੀਕ੍ਰਿਆ ਵਜੋਂ ਚੁਣੀਂਦਾ ਸਿੱਖ ਰਾਹਬਰਾਂ ਦੀ ਬੈਠਕ ਹੋਈ। ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕ੍ਰਮ ਸਿੰਘ ਤੇ ਸ੍ਰ: ਠਾਕੁਰ ਸਿੰਘ ਸੰਧਾਂਵਾਲੀਏ ਦੀ ਅਗਵਾਈ ਹੇਠ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਹੋਈ। ਉੱਦੇਸ਼ ਮਿਥਿਆ ਗਿਆ, ਸਿੱਖੀ ਦਾ, ਵਿੱਦਿਆ ਦਾ ਪਰਚਾਰ ਅਤੇ ਗੁਰਮਤ ਦਾ ਪਰਸਾਰ।

ਬਾਬਾ ਖੇਮ ਸਿੰਘ ਬੇਦੀ, ਬਾਬਾ ਸਾਹਿਬ ਸਿੰਘ ਬੇਦੀ ਦੀ ਗੱਦੀ ਦੇ ਵਾਰਿਸ ਸਨ। ਗੁਰੂ ਕਹਾਉਂਦੇ ਤੇ ਗੁਰੂਆਂ ਵਾਂਗ ਆਸਣ ਉਤੇ ਬੈਠ ਕੇ ਉਪਦੇਸ਼ ਵੀ ਕਰਦੇ ਸਨ। ਅੰਗ੍ਰੇਜ਼ਾਂ ਦੇ ਵਿਰੋਧੀ ਸਨ ਤੇ ਆਪਣੇ ਸਾਥੀਆਂ ਨਾਲ ਮਿਲ ਕੇ ਮਹਾਰਾਜਾ ਦਲੀਪ ਸਿੰਘ ਨੂੰ ਵਲੈਤ ਦੀ ਜਲਾਵਤਨੀ ਤੋਂ ਕਿਸੇ ਤਰ੍ਹਾਂ ਵਾਪਸ ਲਿਆ ਕੇ ਮੁੜ ਖ਼ਾਲਸਾ ਰਾਜ ਦੀ ਸਥਾਪਨਾ ਚਾਹੁੰਦੇ ਸਨ।

ਅੰਗ੍ਰੇਜ਼ ਨੂੰ ਇਹ ਗੱਲ ਵਾਰਾ ਨਹੀਂ ਸੀ ਖਾਂਦੀ। ਅੰਗ੍ਰੇਜ਼ਾਂ ਨੇ ਆਪਣੇ ਵਫ਼ਾਦਾਰ ਖ਼ਾਲਸੇ ਨੂੰ ਹਰਕਤ ਵਿਚ ਲਿਆਂਦਾ ਤੇ ਅੱਜੀਂ ਪੱਜੀਂ-'ਸਿੰਘ ਸਭਾ ਲਾਹੌਰ' ਅਥਵਾ 'ਖ਼ਾਲਸਾ ਦੀਵਾਨ ਲਾਹੌਰ' ਦੀ ਸਥਾਪਨਾ ਕਰਵਾ ਦਿਤੀ ਗਈ। ਉਸ ਸਿੰਘ ਸਭਾ ਦੇ ਉਦੇਸ਼ਾਂ ਵਿਚ ਵੀ ਸਿੱਖੀ ਤੇ ਗੁਰਮਤ ਦਾ ਪਰਚਾਰ ਪ੍ਰਸਾਰ, ਵਿੱਦਿਆ ਲਈ ਜਤਨ ਤੇ ਜਥੇਬੰਦੀ ਲਈ ਪ੍ਰੇਰਨਾ ਸੀ।

ਇਸ ਸਿੰਘ ਸਭਾ ਦੀ ਸਥਾਪਨਾ ਏਸ ਬਹਾਨੇ ਨਾਲ ਕੀਤੀ ਗਈ ਕਿ ਬਾਬਾ ਖੇਮ ਸਿੰਘ, ਆਪ ਗੁਰੂ ਕਹਾਉਂਦੇ ਹਨ, ਕੂਕਿਆਂ ਦੇ ਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਦਾ ਬਾਹਰਵਾਂ ਗੁਰੂ ਆਖਦੇ ਹਨ। ਸਿੰਘ ਸਭਾ ਲਾਹੌਰ ਦੇ ਮੋਹਰੀ ਭਾਈ ਗੁਰਮੁਖ ਸਿੰਘ ਜੀ ਸਨ ਤੇ ਮੈਂਬਰ ਪੰਜਾਬ ਭਰ ਦੇ ਵਡੇ ਵਡੇ ਸਰਦਾਰ ਅਤੇ ਰਈਸ।

ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਦੇ ਲਿਖਣ ਅਨੁਸਾਰ: "ਇਸ ਤੋਂ ਪਿਛੋਂ ਸਿੱਖਾਂ ਵੱਲੋਂ ਦਰਖ਼ਾਸਤ ਕਰਨ ਤੇ ਪਹਿਲਾਂ ਸਰ ਰਾਬਰਟ ਈਜ਼ਰਟਨ ਲਾਟ ਸਾਹਿਬ ਪੰਜਾਬ ਤੇ ਫਿਰ ਸਰ ਚਾਰਲਸ ਐਡੀਸਨ 'ਸ੍ਰੀ ਗੁਰੂ ਸਿੰਘ ਸਭਾ' ਦੇ ਸਰਪ੍ਰਸਤ ਬਣੇ।"

ਇਸ ਸਿੰਘ ਸਭਾ ਦੇ ਉੱਦੇਸ਼ਾਂ ਵਿਚ ਇਹ ਵੀ ਸੀ-

"ਅੱਗੇ ਆਉਣ ਵਾਲੀਆਂ ਨਸਲਾਂ ਵਿਚ ਪੰਥ ਉਨਤੀ ਦੇ ਖ਼ਿਆਲ ਪਾਉਣੇ ਅਤੇ ਜਮਾਤੀ ਤਾਕਤ ਪੈਦਾ ਕਰਨੀ ਜਿਸ ਤੋਂ ਮਿਲ ਕਰ ਕੇ ਉਦਮ ਕਰਨ ਦਾ ਢੰਗ ਬ੍ਰਿਧੀ ਪਾਉਂਦਾ ਹੈ ਅਤੇ ਜੋ ਸਰਕਾਰ ਅੰਗ੍ਰੇਜ਼ੀ ਦੀ ਨਿਮਕ ਹਲਾਲੀ, ਫਰਮਾਬਰਦਾਰੀ ਅਤੇ ਸ਼ੁਕਰ ਗੁਜ਼ਾਰੀ ਨੂੰ ਚੰਗੀ ਤਰ੍ਹਾਂ ਪੱਕਾ ਕਰਦਾ ਹੈ।"

-ਡਾ. ਜਗਜੀਤ ਸਿੰਘ ਐਮ.ਬੀ.ਬੀ.ਐਸ...

ਸਿਵਲ ਸਰਜਨ ਸ਼ਿਮਲਾ

ਸ੍ਰ: ਮੁਨਸ਼ਾ ਸਿੰਘ 'ਦੁਖੀ', ਭਾਈ ਮੋਹਨ ਸਿੰਘ ਵੈਦ ਜੀ ਦੀ ਜੀਵਨੀ ਦੇ ਪੰਨਾ ੯੨ ਤੋਂ ਲਿਖਦੇ ਹਨ-

"ਜੋ ਉਸ ਵੇਲੇ ਵੱਧ ਚੜ੍ਹ ਕੇ ਕੰਮ ਕਰ ਰਹੇ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਦੀ ਬੁਨਿਆਦ ਰੱਖੀ, ਜਿਨ੍ਹਾਂ ਨੇ ਖ਼ਾਲਸਾ ਦੀਵਾਨ ਕਾਇਮ ਕੀਤਾ, ਜਿਸ ਦੀ ਨੀਂਹ ਉਪਰ ਪਿੱਛੋਂ ਅੱਜ ਕਲ ਦੇ 'ਚੀਫ਼ ਖ਼ਾਲਸਾ ਦੀਵਾਨ' ਦੀ ਉਸਾਰੀ ਹੋਈ, ਜਿਨ੍ਹਾਂ ਮਾਨਯੋਗ ਆਗੂਆਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ, ਜਿਨ੍ਹਾਂ ਨੂੰ ਅਸੀਂ ਉਸ

Namdhari Elibrary NamdhariElibrary@gmail.com

ਵੇਲੇ ਦੇ ਦੇਸ਼ਭਗਤ ਕੌਮ ਪੂਜ ਉਚੇ ਸਿੱਖ ਤੇ ਮਹਾਤਮਾ ਕਹਿ ਸਕਦੇ ਹਾਂ-ਦਾ ਇਕ ਜੱਥਾ ਜੋ ਉਸ ਸਮੇਂ ਦੇ ਲਾਟ ਸਾਹਿਬ ਤੇ ਵਾਇਸਰਾਏ ਪਾਸ ਡੈਪੂਟੇਸ਼ਨ ਬਣ ਕੇ ਸਿੱਖਾਂ ਦੀ ਹਾਲਤ ਦੱਸਣ ਗਿਆ। ਸਿੱਖ ਪੰਥ ਦੇ ਫ਼ਾਇਦੇ ਖ਼ਾਤਰ ਗਿਆ। ਉਸ ਨੇ ਜੋ ਐਡਰੈਸ ਵਾਇਸਰਾਇ ਲਾਰਡ ਡੱਫ਼ਰਿਨ ਜੋਗ ੧੬-੧੧-੧੮੮੮ ਨੂੰ ਪੇਸ਼ ਕੀਤੇ। ਉਸ ਵਿਚ ਜੋ ਜੋ ਗੱਲਾਂ ਸਿੱਖਾਂ ਬਾਬਤ, ਸਿੱਖ ਰਿਆਸਤਾਂ ਬਾਬਤ ਤੇ ਅੰਗ੍ਰੇਜ਼ੀ ਰਾਜ ਬਾਬਤ ਕਹੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਅਜ ਕਲ੍ਹ ਦੇ ਨੌਜਵਾਨ ਦੇ ਸੀਨੇ ਵਿਚ ਗ਼ੁੱਸੇ, ਗ਼ੈਰਤ ਤੇ ਗੁਮਰਾਹ-ਪਨ ਦੀ ਅੱਗ ਭੜਕੇ ਬਿਨਾਂ ਨਹੀਂ ਰਹਿ ਸਕਦੀ। ਅਸੀਂ ਉਸ ਵਿਚੋਂ ਕੁਝ ਸਤਰਾਂ ਏਥੇ ਦਰਜ ਕਰਦੇ ਹਾਂ:-

"........ਬੜਾ ਖ਼ਤਰਾ ਸੀ ਕਿ ਪੰਥ ਬਰਬਾਦ ਹੋ ਜਾਏਗਾ। ਪਰ ਅਕਾਲ ਪੁਰਖ ਨੇ ਮਹਾਨ ਕਿਰਪਾਲਤਾ ਕੀਤੀ, ਪੂਰਬ ਵੱਲੋਂ ਸੱਭਯਤਾ ਦਾ ਚਾਨਣ ਭੇਜ ਦਿੱਤਾ।

"ਪੱਛਮੀ ਸੱਭਯਤਾ ਦਾ ਚਾਨਣ, ਜੋ ਭਾਰਤ ਵਰਸ਼ ਵਿੱਚ ਸੂਰਜ ਵਾਂਗ ਪੂਰਬ ਵੱਲੋਂ ਉਦਯ ਹੋਇਆ, ਪੰਜਾਹ ਕੁ ਸਾਲਾਂ ਵਿਚ ਖਾੜੀ ਬੰਗਾਲ ਤੋਂ ਚੱਲ ਕੇ ਜਮੁਨਾ ਦੇ ਪੱਛਮੀ ਕੰਢੇ ਤੱਕ ਪੁੱਜ ਚੁੱਕਾ ਸੀ। ਅਰ ਅਗਲੇ ਪੰਜਾਹ ਸਾਲਾਂ ਵਿਚ ਅਟਕ ਦੇ ਕੰਢਿਆਂ ਤੱਕ ਆ ਗਿਆ। ਜਿਉਂ ਜਿਉਂ ਪੂਰਬ ਵੱਲੋਂ ਪੱਛਮ ਨੂੰ ਚੱਲਦਾ ਆਇਆ ਇਸ ਨੇ ਜਾਦੂ ਵਾਂਗ ਅਸਰ ਕੀਤਾ। ਅਗਿਆਨਤਾ ਦੇ ਅਨ੍ਹੇਰੇ ਵਿੱਚ ਸੁੱਤਿਆਂ ਨੂੰ ਜਗਾ ਕੇ ਨਵਾਂ ਜੀਵਨ ਪ੍ਰਦਾਨ ਕਰਦਾ ਆਇਆ। ਵਾਹਿਗੁਰੂ ਨੂੰ ਮਨਜ਼ੂਰ ਸੀ ਕਿ ਸਿੱਖ ਵੀ ਇਸ ਤੋਂ ਵਿਰਵੇ ਨਾ ਰਹਿਣ ਅਰ ਸੱਭਯ ਕੌਮ ਬਣਨ।

"ਸਿੱਖਾਂ ਦੇ ਦੋ ਹਿੱਸੇ ਮੰਨੇ ਆਏ ਹਨ- ਸਤਿਲੁਜ ਦੇ ਉੱਤਰ ਵੱਲ ਰਹਿਣ ਵਾਲੇ ਅਰ ਇਸ ਦੇ ਦੱਖਣ ਵੱਲ ਵੱਸਣ ਵਾਲੇ। ਪਹਿਲਾਂ ਉੱਤਰੀ ਹਿੱਸੇ ਦੇ ਸਿੱਖ ਸਨ ਜੋ ਵਾਹਿਗੁਰੂ ਦੀ ਮੇਹਰ ਦਵਾਰਾ ਇਸ ਦੀਆਂ ਪ੍ਰਤਾਪਵਾਨ ਅਰ ਜੀਵਨ-ਦਾਤਾ ਕਿਰਨਾਂ ਦੀ ਛਤਰ ਛਾਇਆ ਹੇਠ ਆਏ। ਇਸ ਦੇ ਠੀਕ ੪੦ ਸਾਲ ਪਿਛੋਂ ਦੱਖਣੀ ਹਿੱਸਾ ਵੀ ਇਸ ਮਹਾਨ ਉਜਾਲੇ ਨਾਲ ਪ੍ਰਕਾਸ਼ਵਾਨ ਹੋ ਗਿਆ।

"....ਬਦਕਿਸਮਤੀ ਇਹ ਸੀ, ਕਿ ਸਿੱਖਾਂ ਨੂੰ ਦੋ ਵੱਡੀਆਂ ਤਾਕਤਾਂ ਢਾਹ ਲਾ ਰਹੀਆਂ ਸਨ:- ਇਹੋ ਜਿਹੇ ਗੁਰੂ ਯਾਰ੍ਹਵਾਂ, ਬਾਰ੍ਹਵਾਂ, ਤੇਰ੍ਹਵਾਂ, ਆਦਿਕ ਗਿਣੇ ਜਾਂਦੇ ਸਨ। ਸਿਖ ਫੁਟ ਦਾ ਸ਼ਿਕਾਰ ਹੋਏ ਹੋਏ ਅਰ ਆਪਸ ਵਿਚ ਲੜਾਈ ਝਗੜੇ ਕਾਰਨ ਨਾ ਕੇਵਲ ਧਰਮ ਦਾ ਅਪਮਾਨ ਹੀ ਹੋਇਆ, ਸਗੋਂ ਪੰਥ ਵਿਚ ਇਕ ਦੂਜੇ ਲਈ ਨਫਰਤ ਅਤੇ ਈਰਖਾ ਦ੍ਵੈਖ ਉੱਠ ਖਲੋਤੇ। ਨਾਲ ਹੀ ਬਾਹਰੋਂ ਵੀ ਸਰਕਾਰੀ ਦਖ਼ਲ ਅੰਦਾਜ਼ੀ ਦੀਆਂ ਤਕਲੀਫ਼ਾਂ ਆ ਪਈਆਂ।

"ਇਨ੍ਹਾਂ ਸਾਰੇ ਕਾਰਨਾਂ ਦਾ ਮਿਲਵਾਂ ਨਤੀਜਾ ਪੰਥ ਲਈ ਬਹੁਤ ਬੁਰਾ ਹੋਣਾ ਸੀ ਜੇ ਵਾਹਿਗੁਰੂ ਅਰ ਸਤਿਗੁਰਾਂ ਦੀ ਮੇਹਰ ਨਾ ਹੁੰਦੀ। ਏਸ ਸਮੇਂ ਉੱਤਰੀ ਤੇ ਦੱਖਣੀ ਦੋਵੇਂ ਹਿੱਸੇ ਇਸ ਪੂਰਬ ਵੱਲੋਂ ਆਏ ਪ੍ਰਕਾਸ਼ ਹੇਠ ਇੱਕੋ ਜੇਹੇ ਹੋ ਗਏ ਅਰ ਬ੍ਰਿਟਿਸ਼ ਰਾਜ ਦੀ ਪਾਲਨਾ ਪੋਸਨਾ ਹੇਠ ਤਬਾਹੀ ਤੋਂ ਬਚ ਗਏ।

"ਅਤੇ ਇਹ ਗੱਲ ਵੇਖਣ ਲਈ ਬਾਕੀ ਹੈ ਕਿ ਉਨ੍ਹਾਂ ਉੱਤੇ ਪਰਮਾਤਮਾ ਵੱਲੋਂ ਭੇਜੇ ਹੋਏ ਇਸ ਅੰਗ੍ਰੇਜ਼ੀ ਰਾਜ ਤੋਂ ਇਨ੍ਹਾਂ (ਸਿੱਖਾਂ) ਕਿਤਨਾ ਕੁ ਲਾਭ ਉਠਾਇਆ ਹੈ?

"ਅਕਾਲ ਪੁਰਖ ਇਨ੍ਹਾਂ (ਸਿੱਖਾਂ) ਨੂੰ ਇਨ੍ਹਾਂ ਦੇ ਆਪਣੇ ਭਲੇ ਲਈ' ਅੰਗ੍ਰੇਜ਼ੀ ਰਾਜ ਹੇਠ ਲੈ ਆਇਆ ਹੈ।

"ਰਈਸ ਸਿੱਖ, ਸਿੱਖਾਂ ਦੇ ਕੁਦਰਤੀ ਲੀਡਰ ਹਨ।....

"...ਜਿਨ੍ਹਾਂ ਨੇ ਸਿੱਖੀ ਨੂੰ ਤਿਆਗ ਦਿੱਤਾ ਹੈ ਜਾਂ ਸਿਰ ਮੂੰਹ ਮੁਨਾ ਕੇ ਪਤਤ ਹੋ ਗਏ ਹਨ ਤੇ ਅਜੇ ਭੀ 'ਸਿੰਘ' ਕਹਾਉਂਦੇ ਹਨ, ਜਾਂ ਉਹ ਜਿਹੜੇ ਜਾਣ ਬੁੱਝ ਕੇ ਅਤੇ ਇਰਾਦੇ ਨਾਲ, ਬੁਰਿਆਂ ਨਾਲ ਮਿਲਦੇ ਹਨ, ਜਾਂ ਸ਼ਰਾਰਤੀ ਆਦਮੀ, ਜਾਂ ਇਕ ਟੋਲੇ ਨਾਲ ਜਿਹੜਾ ਕਿ ਵਰਤਮਾਨ ਸਰਕਾਰ ਦੇ ਵਿਰੁੱਧ ਗੜ ਬੜ ਪੈਦਾ ਕਰਦਾ ਹੋਵੇ, ਉਨ੍ਹਾਂ ਨੂੰ ਸਿੱਖਾਂ ਦੇ ਅਧਿਕਾਰ ਨਹੀਂ ਦੇਣੇ ਚਾਹੀਦੇ, ਸਗੋਂ ਉਨ੍ਹਾਂ ਨੂੰ ਸਿੱਖਾਂ ਦੇ ਵੈਰੀ ਸਮਝਣਾ ਚਾਹੀਦਾ ਹੈ।.....।

"ਇਨ੍ਹਾਂ ਤਜਵੀਜ਼ ਨੂੰ ਪੇਸ਼ ਕਰਨ ਦਾ ਹੀਆ ਅਸੀਂ ਹੇਠ ਲਿਖੇ ਕਾਰਨਾਂ ਕਰਕੇ ਕੀਤਾ ਹੈ:-

"ਸਿੱਖ ਬੜੀਆਂ ਕਠਨ ਪਰੀਖਿਆਵਾਂ ਵਿਚ ਦੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ। ੧੮੫੭ ਦਾ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਆਪਣੀ (ਅੰਗ੍ਰੇਜ਼ੀ) ਸਰਕਾਰ ਲਈ ਮਹਾਨ ਕੁਰਬਾਨੀਆਂ ਕਰਕੇ ਵਫਾਦਾਰੀ ਦਾ ਪ੍ਰਤੱਖ ਸਬੂਤ ਦਿੱਤਾ।

"ਏਸ ਤਰ੍ਹਾਂ ਸਤਿਗੁਰੂ ਨਾਨਕ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੁਲਾਰਿਆਂ ਨੇ ਸੇਵਾ ਕੀਤੀ ਅਰ ਸਦਾ ਰਹਿਣ ਵਾਲਾ ਜੱਸ ਤੇ ਵਡਿਆਈ ਪ੍ਰਾਪਤ ਕੀਤੀ......।

"......੧੮੫੭ ਤੋਂ ਪਹਿਲਾਂ ਤੇ ਉਸ ਤੋਂ ਪਿਛੋਂ ਵੀ ਸਦਾ ਇਹਨਾਂ ਨੇ ਅੰਗ੍ਰੇਜ਼ੀ ਰਾਜ ਵਿਚ ਵਿਸ਼ਵਾਸ ਰੱਖਿਆ ਤੇ ਵਫਾਦਾਰ ਰਹੇ, ਅਰ ਦੁਨੀਆਂ ਦੇ ਕਿਸੇ ਹਿੱਸੇ ਤੇ ਵੀ ਜਦ ਕਦੇ ਇਨ੍ਹਾਂ ਨੂੰ ਸੇਵਾ ਕਰਨ ਦਾ ਹੁਕਮ ਹੋਇਆ ਤਾਂ ਇਨ੍ਹਾਂ ਨੇ ਅੰਗ੍ਰੇਜ਼ੀ ਰਾਜ ਦੀ ਵਡਿਆਈ ਨੂੰ, ਉੱਚਾ ਕੀਤਾ।

" (੨) ਇਨ੍ਹਾਂ (ਸਿੱਖਾਂ) ਨੇ (ਮਹਾਰਾਜਾ) ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਚੰਗੀ ਤਰ੍ਹਾਂ ਦੱਸ ਦਿੱਤਾ ਕਿ ਉਹ ਕਿਵੇਂ ਬ੍ਰਿਟਿਸ਼ ਰਾਜ ਹੇਠ ਬੜੇ ਸੁਖੀ ਹਨ......।

"....ਸਿੱਖਾਂ ਨੂੰ ਪਤਾ ਲੱਗ ਗਿਆ ਹੈ ਕਿ ਉਹ ਅੰਗ੍ਰੇਜ਼ੀ ਰਾਜ ਹੇਠ ਰਹਿ ਕੇ ਹੀ ਅੱਛੀ ਤਰ੍ਹਾਂ ਫਲ ਫੁੱਲ ਸਕਦੇ ਹਨ, ਅਤੇ ਜਦ ਹੁਣ ਦੀ ਹਾਲਤ ਨੂੰ ਉਨ੍ਹਾਂ ਸਿੱਖ ਰਾਜਿਆ (ਮਹਾਰਾਜਾ ਰਣਜੀਤ ਸਿੰਘ ਜੀ ਆਦਿ) ਹੇਠ ਵੱਸਣ ਵਾਲਿਆਂ ਦੀ ਹਾਲਤ ਨਾਲ ਮੁਕਾਬਲਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੰਗ੍ਰੇਜ਼ਾਂ ਦਾ ਵਰਤਾਓ (ਸਿੱਖ ਰਾਜ ਵਿਚ ਵੱਸਣ ਨਾਲੋਂ) ਅੱਛਾ ਹੈ। ਬੀਤ ਗਏ ਇਤਿਹਾਸ ਨੂੰ ਛੱਡ ਦੇਵੇ,, ਅੱਜ ਕਲ੍ਹ ਸਿੱਖ ਰਿਆਸਤਾਂ ਵਿਚ ਬੀਤ ਰਹੀਆਂ ਗੱਲਾਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ। ਕਿਸੇ ਰਿਆਸਤ ਵਿਚ ਵੀ ਸਿੱਖੀ ਦੇ ਵਾਧੇ ਲਈ ਹੌਂਸਲਾ ਨਹੀਂ ਦਿੱਤਾ ਜਾਂਦਾ। ਸਗੋਂ ਸਿੱਖਾਂ ਨਾਲ ਘਿਰਨਾ ਅਰ ਬੇਪਰਵਾਹੀ ਵਾਲਾ ਵਰਤਾਰਾ ਕੀਤਾ ਜਾਂਦਾ ਹੈ। ਜਰਾ ਕੁ ਧਿਆਨ ਦੇਣ ਨਾਲ ਸਾਫ਼ ਦਿਸਦਾ ਹੈ ਕਿ ਸਿੱਖ ਰਿਆਸਤਾਂ ਵਿਚ ਤੀਜਾ ਹਿੱਸਾ ਵੀ ਵੱਡੀਆਂ ਵੱਡੀਆਂ ਨੌਕਰੀਆਂ ਦਾ ਸਿੱਖਾਂ ਨੂੰ ਨਹੀਂ ਮਿਲਿਆ ਹੋਇਆ। ਅੰਗ੍ਰੇਜ਼ੀ ਰਾਜ ਵਿਚ ਇਨ੍ਹਾਂ ਨਾਲ ਠੀਕ ਦੂਜਿਆਂ ਵਾਂਗ ਵਰਤਿਆ ਜਾਂਦਾ ਹੈ, ਅਰ ਕਈ ਇੱਜ਼ਤਦਾਰ ਸਿਵਲ ਅਤੇ ਫੌਜੀ ਨੌਕਰੀਆਂ ਯੋਗ ਸਿੱਖਾਂ ਨੂੰ ਦਿਤੀਆਂ ਜਾਂਦੀਆਂ ਹਨ।

"(੩) ਹੋਰ ਕੋਈ ਕੌਮ ਜਾਂ ਮੱਤ ਸਿੱਖਾਂ ਜਿੰਨੀਆਂ ਪਰੀਖਿਆਵਾਂ ਵਿਚੋਂ ਨਹੀਂ ਲੰਘਿਆ।

"......(ਮਹਾਰਾਜਾ) ਦਲੀਪ ਸਿੰਘ ਰੂਸੀ ਸਾਜ਼ਸ਼ ਦੀ ਚੁੱਕ ਨਾਲ ਖੁੱਲ੍ਹੇ ਤੌਰ ਤੇ ਸਿੱਖਾਂ ਨੂੰ ਅਪਣੀ ਵੱਲ ਸੱਦ ਰਿਹਾ ਹੈ। ਸਿੱਖ ਉਸਨੂੰ (ਮਹਾਰਾਜਾ ਦਲੀਪ ਸਿੰਘ ਨੂੰ) ਦਗੇਬਾਜ਼ ਝੂਠਾ ਦਾਅਵੇਦਾਰ ਸਮਝਦੇ ਹਨ। ਉਹ (ਸਿੱਖ) ਆਪਣੀ ਸਰਵ ਅਧਿਕਾਰੀ ਮਲਕਾ ਲਈ ਮਰ ਮਿਟਣਗੇ ਪਰ ਉਸ (ਦਲੀਪ ਸਿੰਘ) ਨੂੰ ਕਦੀ ਭੀ ਆਪਣਾ ਮਹਾਰਾਜਾ

Namdhari Elibrary NamdhariElibrary@gmail.com

ਨਹੀਂ ਮੰਨਣਗੇ।

"....ਸਿੱਖਾਂ ਤੇ ਏਨੀਆਂ ਮੇਹਰਾਂ ਦਾ ਮੀਂਹ ਵਸਾਇਆ ਜਾਵੇ ਕਿ ਇਹ ਪੂਰਨ ਸਭਯ ਕੌਮ ਬਣ ਜਾਣ....।

"...ਇਹ ਭਾਰਤ ਵਿਚ ਅੰਗ੍ਰੇਜ਼ੀ ਰਾਜ ਦੇ ਸਭ ਤੋਂ ਵੱਧ ਵਫ਼ਾਦਾਰ ਹਨ ਤੇ ਸਦਾ ਰਹਿਣਗੇ।

"ਖ਼ਤਮ ਕਰਨ ਤੋਂ ਪਹਿਲਾਂ ਅਸੀਂ ਵਾਹਿਗੁਰੂ ਪਾਸ ਜ਼ਰੂਰੀ ਅਰਜ਼ ਕਰਦੇ ਹਾਂ ਕਿ ਉਹ ਅੰਗ੍ਰੇਜ਼ੀ ਰਾਜ ਸਾਡੇ ਸਿਰਾਂ ਤੇ ਸਦਾ ਬਨਾਈ ਰੱਖੇ, ਕੇਵਲ ਜਿਸ ਦੀ ਰੱਖਿਆ ਹੇਠ ਹੀ ਅਸੀਂ ਪੂਰਨ ਸੁਤੰਤਰਤਾ ਮਾਣ ਸਕਦੇ, ਧਾਰਮਕ ਅਸੂਲਾਂ ਦੀ ਪਵਿਤਰਤਾ ਮੋੜ ਲਿਆ ਸਕਦੇ, ਅਰ ਸੱਭਯ ਬਣ ਸਕਦੇ ਹਾਂ।

"ਇਹ ਬ੍ਰਿਟਿਸ਼ ਰਾਜ ਦੀ ਹੀ ਵਡਿਆਈ ਹੈ ਕਿ ਅੱਜ ਅਸੀਂ ਆਪ ਦੇ ਸਾਹਮਣੇ ਆਪਣੀ ਕੌਮ ਲਈ ਬੇਨਤੀ ਕਰ ਰਹੇ ਹਾਂ। ਸਿੱਖ ਰਾਜ ਜਾਂ ਹੋਰ ਕਿਸੇ ਰਾਜ ਹੇਠ ਕਿਸ ਦਾ ਹੌਂਸਲਾ ਸੀ ਜੋ ਅਜੇਹਾ ਕਰ ਸੱਕੇ, ਨਾ ਹੀ ਅਜੇਹੀ ਆਜ਼ਾਦੀ ਕਿਸੇ ਸਿੱਖ ਰਿਆਸਤ ਵਿੱਚ ਸਿੱਖ ਮਾਣਦੇ ਦਿਖਾਈ ਦੇਂਦੇ ਹਨ। ਇਹ ਅਦੁੱਤੀ ਅੰਗ੍ਰੇਜ਼ੀ ਰਾਜ ਦੀ ਵਡਿਆਈ ਹੈ।

"ਇਹ ਕੇਵਲ ਅੰਗ੍ਰੇਜ਼ੀ ਰਾਜ ਦੀ ਹੀ ਬਰਕਤ ਹੈ ਕਿ ਸਿੱਖਾਂ ਵਿਚ ਝੂਠੇ ਅਸੂਲਾਂ ਅਰ ਪਾਖੰਡੀ ਗੁਰੂਆਂ ਦਾ ਅਸੀਂ ਪੂਰੀ ਤਰ੍ਹਾਂ ਮੁਕਾਬਲਾ ਕਰ ਸੱਕੇ ਹਾਂ, ਅਤੇ ਖੁਲ੍ਹੀ ਤਰ੍ਹਾਂ ਉਨ੍ਹਾਂ ਥੋੜ੍ਹੇ ਜਿਹਿਆਂ ਨੂੰ ਦੁਰਕਾਰ ਚੁੱਕੇ ਹਾਂ, ਜਿਹੜੇ ਕਿ ਪੱਕੇ ਵਫ਼ਾਦਾਰ ਨਹੀਂ ਹਨ। ਇਸ ਨਾਲ ਉਨ੍ਹਾਂ ਨੂੰ ਵਾਹਿਗੁਰੂ ਤੇ ਦਸਾਂ ਗੁਰੂਆਂ ਦੀ ਕ੍ਰੋਪੀ ਦੇ ਭਾਗੀ ਬਣਨਾ ਸੀ। ਐਸੇ ਰਾਜ ਦੀ ਰੱਖਯਾ ਲਈ ਅਸੀਂ ਦਿਨ ਰਾਤ ਅਰਦਾਸ ਕਰਦੇ ਹਾਂ, ਅਰ ਐਸੇ ਰਾਜ ਲਈ ਅਸੀਂ ਸਭ ਤੋਂ ਮੂਹਰੇ ਕੁਰਬਾਨ ਹੋਵਾਂਗੇ, ਇਤਿਆਦਿਕ....।"

ਨਵਯੁਗ ਪ੍ਰੈਸ ਚਾਂਦਨੀ ਚੌਂਕ ਤੋਂ ਪਹਿਲੀ ਵਾਰ ੧੯੮੯ ਨੂੰ ਪ੍ਰਕਾਸ਼ਿਤ।

ਫਿਰ ਵੀ ਸਿੱਖ ਰੋਜ਼ ਅਰਦਾਸ ਤੋਂ ਬਾਅਦ ਪ੍ਰਹਿਲਾਦ ਸਿੰਘ ਦਾ ਦੋਹਾ ਜ਼ਰੂਰ ਪੜ੍ਹਦੇ ਹਨ- "ਰਾਜ ਕਰੇਗਾ ਖਾਲਸਾ...."।।

ਅੰਗ੍ਰੇਜ਼ਾਂ ਨੇ ਉਪਰੋਕਤ ਪੰਥ ਨੂੰ ਗੁਰੂ ਤੋਂ ਕਿਵੇਂ ਛੁਡਾਇਆ

ਏਥੇ ਇਹ ਗੱਲ ਦਿਲਚਸਪੀ ਨਾਲ ਵੇਖੀ ਜਾ ਸਕੇਗੀ ਕਿ ਅੰਗ੍ਰੇਜ਼ਾਂ ਨੇ ਉਪਰਲੀ ਯਾਦਦਾਸ਼ਤ ਦੇਣ ਵਾਲੇ ਗੁਰੂ ਪੰਥ ਨੂੰ ਗੁਰੂ ਤੋਂ ਕਿਵੇਂ ਛੁਡਾਇਆ।

ਇਸ ਕਾਰਜ ਦਾ ਮੁੱਢ ਤਾਂ ਸਿੰਘ ਸਭਾ ਲਾਹੌਰ ਦੇ ਅਰੰਭ ਕਰਨ ਲਗਿਆਂ ਹੀ ਇਸ ਤਰ੍ਹਾਂ ਹੋ ਗਿਆ ਸੀ ਜਦੋਂ:-

"ਇਸ ਤੋਂ ਪਿਛੋਂ ਸਿੱਖਾਂ ਵੱਲੋਂ ਦਰਖ਼ਾਸਤ ਕਰਨ ਤੇ ਪਹਿਲਾਂ ਸਰ ਰਾਬਰਟ ਈਜ਼ਰਟਨ ਲਾਟ ਸਾਹਿਬ ਪੰਜਾਬ ਤੇ ਫਿਰ ਸਰ ਚਾਰਲਸ ਐਚੀਸਨ ਸ੍ਰੀ ਗੁਰੂ ਸਿੰਘ ਸਭਾ ਦੇ ਸਰਪ੍ਰਸਤ ਬਣੇ।"-

-ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ-ਪੰਨਾ ੧੭੮

ਹਿੰਦੁਸਤਾਨ ਭਰ ਵਿਚ ਇਹ ਗੱਲ ਆਪਣੇ ਆਪ ਵਿਚ ਬੇਮਿਸਾਲ ਹੈ- ਕਿ ਇਕ ਪੂਰੀ ਦੀ ਪੂਰੀ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਪੂਰਨੇ ਪਾਉਣ ਵਾਲੀ ਸੰਸਥਾ ਨੇ ਆਪਣੇ ਸੂਬੇ ਦੇ ਅੰਗ੍ਰੇਜ਼ ਲਾਟ ਸਾਹਿਬ ਨੂੰ ਅਰਜ਼ ਕਰਕੇ ਆਪਣਾ ਸਰਪ੍ਰਸਤ ਬਣਾਇਆ।

ਦੂਜੀ ਗੱਲ- ਪੰਜਾਬ ਵਿਚ ਦੇਹ ਧਾਰੀ ਗੁਰੂਆਂ ਦੀ ਪਰੰਪਰਾ ਚੱਲਦੀ ਆ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਗੁਰੂ ਬਾਬਾ ਸਾਹਿਬ ਸਿੰਘ ਬੇਦੀ ਸਨ-ਜਿਨ੍ਹਾਂ ਨੇ ਰਣਜੀਤ ਸਿੰਘ ਨੂੰ ਛੋਟੇ ਹੁੰਦਿਆਂ ਉਸ ਦੇ ਦੁਸ਼ਮਣਾਂ ਤੋਂ ਬਚਾ ਕੇ ਆਪਣੀ ਸੁਰਖਸ਼ਾ ਵਿਚ ਰੱਖਿਆ ਸੀ ਤੇ ਫਿਰ ਰਾਜ ਗੱਦੀ ਦਾ ਤਿਲਕ ਵੀ ਲਗਾਇਆ ਸੀ। ਉਨ੍ਹਾਂ ਤੋਂ ਬਾਅਦ ਉਹਨਾਂ ਦੀ ਗੱਦੀ ਉਪਰ ਬਾਬਾ ਬੀਰ ਸਿੰਘ ਜੀ ਬੈਠੇ ਸਨ ਜਿਨ੍ਹਾਂ ਨੂੰ ਖ਼ਾਲਸਾ ਦਰਬਾਰ ਦੇ ਕਰਤਿਆਂ ਧਰਤਿਆਂ ਨੇ ਆਪਸੀ ਲੜਾਈ ਵਿਚ-ਤੋਪ ਨਾਲ ਉੜਾ ਦਿੱਤਾ ਸੀ।

ਬਾਬਾ ਖੇਮ ਸਿੰਘ ਬੇਦੀ ਅੱਗੋਂ ਫਿਰ ਓਸੇ ਗੁਰਗੱਦੀ ਦੇ ਵਾਰਿਸ ਬਣੇ ਸਨ-ਤੇ ਸਿੱਖਾਂ ਦੇ ਇਕ ਹਿੱਸੇ ਵਿਚ ਗੁਰੂ ਦੇ ਰੂਪ ਵਿਚ ਸਨਮਾਨੇ ਜਾਂਦੇ ਸਨ। ਸਿੰਘ ਸਭਾ ਲਾਹੌਰ ਦੇ ਮੁਖੀਆਂ ਦਾ ਬਾਬਾ ਖੇਮ ਸਿੰਘ ਨਾਲ ਵੱਡਾ ਝਗੜਾ ਏਸੇ ਗੱਲੋਂ ਹੀ ਹੋਇਆ ਕਿ ਉਹ ਇਕ ਤਾਂ ਕੂਕਿਆਂ ਦੇ ਗੁਰੂ ਰਾਮ ਸਿੰਘ ਜੀ ਨੂੰ ਸਿੱਖਾਂ ਦਾ ਬਾਰ੍ਹਵਾਂ ਗੁਰੂ ਆਖਦੇ ਸਨ। ਗੁਰੂ ਰਾਮ ਸਿੰਘ ਨੂੰ ਬਾਰ੍ਹਵਾਂ ਗੁਰੂ ਸਾਬਤ ਕਰਨ ਵਾਲੀ ਬਾਬਾ ਨਿਹਾਲ ਸਿੰਘ ਕਲਸੀਆ ਦੀ ਉਰਦੂ ਪੁਸਤਕ "ਖ਼ੁਰਸ਼ੀਦ ਖ਼ਾਲਸਾ" ਨੂੰ ਸਹੀ ਮੰਨਦੇ ਅਤੇ ਖੁਦ ਵੀ ਗੱਦੀ ਲਾਕੇ ਬੈਠਦੇ ਸਨ। ਇਸ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ-

"....ਇਹ ਪੁਸਤਕ ਬਾਵਾ ਨਿਹਾਲ ਸਿੰਘ ਕਲਸੀਆ (ਛਛਰੌਲੀ) ਨੇ ਲਿਖੀ ਸੀ ਤੇ ਇਸ ਵਿਚ ਨਾਮਧਾਰੀਆਂ ਦੇ ਪ੍ਰਸਿੱਧ ਆਗੂ ਬਾਬਾ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੱਦੀ ਨਸ਼ੀਨ ਕਲਪਿਆ ਸੀ। ਸਿੰਘ ਸਭਾ ਲਾਹੌਰ ਨੇ ਇਸ ਪੁਸਤਕ ਦੀ ਵਿਰੋਧਤਾ ਕੀਤੀ ਤੇ ਇਸ ਦੇ ਬਾਈਕਾਟ ਦਾ ਪ੍ਰਸਤਾਵ ਰੱਖਿਆ, ਪਰ ਬਾਬਾ ਖੇਮ ਸਿੰਘ ਬੇਦੀ ਅੱਗੋਂ ਇਸ ਪੁਸਤਕ ਦੀ ਹਮਾਇਤ ਵਿਚ ਤਣ ਗਏ। ਜਿਸ ਕਰਕੇ ਉਹ ਪ੍ਰਸਤਾਵ ਪਾਸ ਨਾ ਹੋ ਸਕਿਆ। ਬਸ ਇਹੋ ਇਸ ਇਕੱਠ ਦੇ ਦੋ ਬੁਨਿਆਦੀ ਝਗੜੇ ਸਨ ਜਿਨ੍ਹਾਂ ਨੇ ਦੋਹਾਂ ਧਿਰਾਂ ਨੂੰ ਇਕ ਦੂਜੇ ਨਾਲੋਂ ਹਮੇਸ਼ਾਂ ਲਈ ਵਿਛੋੜ ਦਿੱਤਾ।"

-ਪੰਜਾਬ ਦੀਆਂ ਲਹਿਰਾਂ-ਪੰਨਾ ੧੯੭

"..ਖ਼ਾਲਸਾ ਦੀਵਾਨ (ਸਿੰਘ ਸਭਾ) ਲਾਹੌਰ ਵੱਲੋਂ ਇਸ ਸਮੇ ਰਾਜ ਭਗਤੀ ਦੇ ਵੱਸ ਵਿਚ ਹੋ ਕੇ ਤਿੰਨ ਮਤੇ ਪਾਸ ਕੀਤੇ ਗਏ-ਜੋ ਮਹਾਰਾਜਾ ਦਲੀਪ ਸਿੰਘ ਤੋਂ ਵਿਰੁੱਧ ਤੇ ਸਰਕਾਰ ਅੰਗ੍ਰੇਜ਼ੀ ਦੇ ਹੱਕ ਵਿਚ ਸਨ। ਇਹ ਮਤੇ ਸਿੱਖਾਂ ਦੇ ਉਸ ਸਮੇ ਦੇ ਪਰਤੰਤਰ ਰਾਜਨੀਤਕ ਝੁਕਾਉ ਦਾ ਪਤਾ ਦੇਂਦੇ ਹਨ।

"ਇਕ ਪਾਸੇ ਤਾਂ ਇਹ ਗੁਰਮਤੇ ਸੋਧੇ ਗਏ, ਦੂਜੇ ਪਾਸੇ ਮੁੜ ਉਹੋ ਗੱਚ ਕੱਢਣ ਲਈ ਖਾਲਸਾ ਦੀਵਾਨ ਲਾਹੌਰ ਨੇ "ਖ਼ੁਰਸ਼ੀਦ ਖ਼ਾਲਸਾ" ਨਾਮੀ ਪੁਸਤਕ ਦਾ ਸਵਾਲ ਸਾਹਮਣੇ ਰੱਖਿਆ। ਉਸ ਦੇ ਲੇਖਕ ਬਾਵਾ ਨਿਹਾਲ ਸਿੰਘ ਨੂੰ ਇਹ ਜ਼ਾਹਰ ਕਰਕੇ ਕਿ ਉਸਨੇ ਇਸ ਪੁਸਤਕ ਵਿਚ ਦਸਾਂ ਪਾਤਸ਼ਾਹੀਆਂ ਤੋਂ ਬਾਅਦ ਗੁਰਮਤ ਤੋਂ ਵਿਰੁੱਧ ਦੇਹਧਾਰੀ ਗੁਰੂਆਂ ਦੀ ਹਮਾਇਤ ਕਰਕੇ ਬਾਬਾ ਰਾਮ ਸਿੰਘ ਨਾਮਧਾਰੀ ਨੂੰ ਬਾਰ੍ਹਵਾਂ ਗੁਰੂ ਮੰਨਿਆ ਹੈ ਅਤੇ ਮਹਾਰਾਜਾ ਦਲੀਪ ਸਿੰਘ (ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ) ਦੇ ਮੁੜ ਪੰਜਾਬ ਦਾ ਬਾਦਸ਼ਾਹ ਬਣਨ ਦੀ ਤਾਈਦ ਕੀਤੀ ਹੈ-ਖ਼ਾਲਸਾ ਪੰਥ ਵਿਚੋਂ ਛੇਕ ਦਿੱਤਾ। (ਯਾਦ ਰਹੇ ਕਿ ਇਸ ਉਪਰੋਕਤ 'ਖ਼ਾਲਸਾ ਪੰਥ' ਜਾਂ ਖ਼ਾਲਸਾ ਦੀਵਾਨ ਦਾ ਸਰਪ੍ਰਸਤ ਪੰਜਾਬ ਦਾ ਅੰਗ੍ਰੇਜ਼ ਲਾਟ ਸਾਹਿਬ ਸੀ।)

"ਖ਼ਾਲਸਾ ਦੀਵਾਨ ਅੰਮ੍ਰਿਤਸਰ ਨੇ "ਖ਼ੁਰਸ਼ੀਦ ਖ਼ਾਲਸਾ" ਦੇ ਲੇਖਕ ਦੀ ਚੂੰਕਿ ਐਲਾਨੀਆਂ ਮਦਦ ਕੀਤੀ ਸੀ ਤੇ ਮਹਾਰਾਜਾ ਦਲੀਪ ਸਿੰਘ ਬਾਰੇ ਐਜੀਟੇਸ਼ਨ ਵਿਚ ਵੀ ਕੁਝ ਭਾਗ ਲਿਆ ਸੀ ਇਸ ਲਈ ਉਸ ਦੇ ਕਰਮਚਾਰੀਆਂ ਉੱਤੇ ਸਰਕਾਰ ਦੀ ਕੁਝ ਓਪਰੀ ਨਿਗਾਹ ਹੋਣੀ ਇਕ ਕੁਦਰਤੀ ਗੱਲ ਸੀ। ਪਰ ਬਾਬਾ ਖੇਮ ਸਿੰਘ ਜੀ ਬੇਦੀ ਬੜੇ ਸਿਆਣੇ ਤੇ ਦੂਰ ਅੰਦੇਸ਼ ਸਨ, ਉਨ੍ਹਾਂ ਨੇ ਦੀਵਾਨ ਦੀ ਇਕ ਇਕੱਤ੍ਰਤਾ

Namdhari Elibrary NamdhariElibrary@gmail.com

ਬੁਲਾਈ ਜਿਸ ਵਿਚ ਬਾਵਾ ਨਿਹਾਲ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਸਰਕਾਰ ਅੰਗ੍ਰੇਜ਼ੀ ਪਾਸੋਂ ਇਸ ਸੰਬੰਧੀ ਮਾਫ਼ੀ ਮੰਗਣ ਲਈ ਮਜਬੂਰ ਕਰ ਦਿੱਤਾ।"

-ਪੰਜਾਬ ਦੀਆਂ ਲਹਿਰਾਂ-ਪੰਨਾ ੨੦੫-੬

ਇੰਜ ਬਾਵਾ ਨਿਹਾਲ ਸਿੰਘ ਕੋਲੋਂ ਅੰਗ੍ਰੇਜ਼ੀ ਸਰਕਾਰ ਪਾਸੋਂ ਮੁਆਫੀ ਮੰਗਵਾ ਕੇ ਉਸ ਖ਼ਾਲਸਾ ਨੇ ਗੁਰੂ ਨਾਨਕ ਸਿੱਧਾਂਤ ਦੇ ਗੁਰੂ ਕੋਲੋਂ ਛੁਟਕਾਰਾ ਹਾਸਿਲ ਕਰ ਲਿਆ।

ਸਿੰਘ ਸਭਾ ਦੇ ਮੋਹਰੀਆਂ ਉਪਰ ਅੰਗ੍ਰੇਜ਼ੀ ਸਰਕਾਰ ਦਾ ਵਰਦ ਹਸਤ ਹੋਣਾ ਸੁਭਾਵਕ ਹੀ ਸੀ। ਸੋ ਉਸ ਨੇ ਵਿਦਿਅਕ ਸੰਸਥਾਵਾਂ, ਸਕੂਲ ਕਾਲਜ ਬਣਾਉਣ ਵਿਚ ਉਹਨਾਂ ਦੀ ਹਰ ਇਛਿਆ ਪੂਰੀ ਕੀਤੀ ਜਿਸ ਨਾਲ ਪੰਜਾਬ ਅੰਦਰ ਅੰਗ੍ਰੇਜ਼ੀ ਤੇ ਪੰਜਾਬੀ ਵਿਦਿਆ ਦਾ ਤਗੜਾ ਪ੍ਰਸਾਰ ਹੋਇਆ। ਸਿੰਘ ਸਭਾ ਲਹਿਰ ਦੇ ਆਗੂ ਭਾਈ ਗੁਰਮੁਖ ਸਿੰਘ ਜੀ ਦੀ ਯੋਜਨਾ ਅਨੁਸਾਰ ਬਹੁਤ ਸਾਰੇ ਵਹਿਮਾਂ ਭਰਮਾਂ ਤੋਂ ਵੀ ਸਿਖਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਗਈ।

ਭਾਰਤ ਦੀ ਪੁਰਾਤਨ ਪਰੰਪਰਾ ਦੇ ਗ੍ਰੰਥਾਂ ਦੇ ਅਧਿਐਨ ਕਰਨ ਵੱਲੋਂ ਸਿੱਖ ਵਿਦਵਾਨਾਂ ਨੂੰ ਹੋੜਿਆ ਗਿਆ ਤੇ ਆਪਣੇ ਧਾਰਮਕ ਗ੍ਰੰਥਾਂ ਦੀ ਮਨਮਰਜ਼ੀ ਮੁਤਾਬਕ ਸਮੀਖਿਆ ਕੀਤੀ।

ਭਾਈ ਬਦਨ ਸਿੰਘ ਜੀ ਦੀ ਅਗਵਾਈ ਹੇਠ ਕੁਛ ਵਿਦਵਾਨਾ ਵੱਲੋਂ ਸ੍ਰੀ ਆਦਿ ਗ੍ਰੰਥ ਦੇ 'ਵੇਦਾਂਤ' ਦੀ ਦ੍ਰਿਸ਼ਟੀ ਤੋਂ ਕੀਤੇ ਗਏ ਟੀਕੇ ਨੂੰ ਨਾਮਨਜ਼ੂਰ ਕਰ ਕੇ, ਉਸ ਜ਼ਮਾਨੇ ਦੇ ਮਹਾਨ ਵਿਦਵਾਨ ਬਾਬਾ ਸੁਮੇਰ ਸਿੰਘ ਪਟਨਾ ਵਾਲਿਆਂ ਦੇ ਸਾਹਮਣੇ ਹੀ ਭਾਈ ਗੁਰਮੁਖ ਸਿੰਘ ਨੇ ਭਾਈ ਬਦਨ ਸਿੰਘ ਦੀ ਵਿਦਵਤਾ ਬਾਰੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ। ਇਸ ਟੀਕੇ ਬਾਰੇ ਸ਼ਮਸ਼ੇਰ ਸਿੰਘ ਜੀ ਅਸ਼ੋਕ ਲਿਖਦੇ ਹਨ:-

"ਇਸ ਸਮੇਂ ਦਰਬਾਰ ਫ਼ਰੀਦਕੋਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕਰਵਾਏ ਜਾਣ ਦਾ ਫੈਸਲਾ ਹੋਇਆ। ਬਹੁਤ ਸਾਰੇ ਵਿਦਵਾਨ ਤੇ ਗੁਣੀ ਗਿਆਨੀ ਇਸ ਕੰਮ ਲਈ ਇਕੱਠੇ ਕੀਤੇ ਗਏ। ਭਾਈ ਗੁਰਮੁਖ ਸਿੰਘ ਤੇ ਉਨ੍ਹਾਂ ਦੇ ਇਕ ਦੋ ਸਾਥੀ ਵੀ ਇਸ ਇਕੱਠ ਵਿਚ ਗਏ। ਉਨ੍ਹਾਂ ਵਿਦਵਾਨਾਂ ਤੇ ਗਿਆਨੀਆਂ ਦੇ, ਜਿਨ੍ਹਾਂ ਵਿਚ ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ ਵੀ ਸਨ, ਸਨਾਤਨੀ ਢੰਗ ਦੇ ਅਰਥ ਸੁਣ ਕੇ, ਭਾਈ ਗੁਰਮੁਖ ਸਿੰਘ ਨੇ ਰਾਜਾ ਬਿਕ੍ਰਮ ਸਿੰਘ ਨੂੰ ਸਾਫ਼ ਕਹਿ ਦਿਤਾ-ਆਪ ਦੇ ਗੁਣੀ ਗਿਆਨੀ ਤੇ ਟੀਕਾਕਾਰ ਏਨੀ ਸਮਝ ਨਹੀਂ ਰੱਖਦੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹੀ ਸਹੀ ਅਰਥ ਕਰ ਸਕਣ, ਕਿਉਂਕਿ ਇਨ੍ਹਾਂ ਵਿਚ ਖੋਜ ਭਰੀ ਵਿਦਿਆ, ਬੁੱਧੀ ਤੇ ਗੁਰਮਤ ਫਿਲਾਸਫੀ ਦੀ ਪੁਣ ਛਾਣ ਕਰਨ ਦੇ ਖ਼ਾਸ ਘਾਟੇ ਹਨ। ਇਸ ਕਰਕੇ ਟੀਕਾ ਕਰਨ ਦੇ ਕਦਾਚਿਤ ਯੋਗ ਨਹੀਂ ਹਨ।"

-ਪੰਜਾਬ ਦੀਆਂ ਲਹਿਰਾਂ-ਪੰਨਾ ੨੦੪

ਬਾਬਾ ਖੇਮ ਸਿੰਘ ਬੇਦੀ ਨੇ ਬਾਅਦ ਵਿਚ ਆਪਣਾ ਸਾਰਾ ਧਿਆਨ ਵਿੱਦਿਆ ਅਤੇ ਖਾਸ ਕਰਕੇ ਸਿੱਖ ਲੜਕੀਆਂ ਦੀ ਗੁਰਮੁਖੀ ਅੱਖਰਾਂ ਰਾਹੀ ਵਿਦਿਆ ਦੇ ਪਰਸਾਰ ਵੱਲ ਲਗਾ ਦਿੱਤਾ।

ਸਿੰਘ ਸਭਾ ਲਾਹੌਰ ਨੇ ਅੰਗ੍ਰੇਜ਼ੀ ਵਿੱਦਿਆ ਵਾਲੇ ਸਕੂਲਾਂ ਕਾਲਜਾਂ ਦੀ ਸਥਾਪਨਾ ਉਪਰ ਜ਼ੋਰ ਦਿੱਤਾ। ਪ੍ਰਾਚੀਨ ਸ਼ਾਸਤ੍ਰ ਗ੍ਰੰਥਾਂ ਨੂੰ ਸਿੱਖਾਂ ਦੀ ਸੋਚ ਤੋਂ ਦੂਰ ਕਰਨ ਦਾ ਜਤਨ ਕੀਤਾ। ਦਸਮ ਗ੍ਰੰਥ ਬਾਰੇ ਆਖਿਆ ਕਿ ਇਹ ਗੁਰਬਾਣੀ ਨਹੀਂ ਹੈ। ਖ਼ਾਸ ਕਰਕੇ ਬਚਿੱਤਰ ਨਾਟਕ -ਜੋ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਦਾ ਹਿੱਸਾ ਹੈ ਤੇ ਜਿਸ ਵਿਚ ਆਪ ਦੇ ਵੰਸ਼ ਦਾ ਸਿਲਸਿਲਾ ਸ੍ਰਿਸ਼ਟੀ ਦੇ ਅਰੰਭ ਨਾਲ ਜਾ ਜੁੜਦਾ ਹੈ।

• ਬੰਗਾਲ ਤੇ ਪੰਜਾਬ ਦੀਆਂ ਲਹਿਰਾਂ ਦੇ ਸਿੱਟੇ

ਉਨ੍ਹੀਵੀ ਸਦੀ ਦੇ ਬੰਗਾਲ ਦੀਆਂ ਲਹਿਰਾਂ ਚੱਲਣ ਤੋਂ ਪਹਿਲਾਂ ਦੀ ਸਥਿਤੀ ਤੇ ਉਨ੍ਹੀਂਵੀ ਸਦੀ ਦੇ ਪੰਜਾਬ ਦੀਆਂ ਲਹਿਰਾਂ ਦੀ ਸਥਿਤੀ ਵਿਚ ਇਕ ਬੁਨਿਆਦੀ ਫਰਕ ਰਿਹਾ ਹੈ।

ਬੰਗਾਲ ਦੀਆਂ ਇਹਨਾਂ ਲਹਿਰਾਂ ਤੋਂ ਪਹਿਲਾਂ ਜੋ ਵੀ ਧਰਮ-ਮਤ ਪ੍ਰਚੱਲਤ ਸੀ, ਉਸ ਦਾ ਆਧਾਰ ਵੇਦ-ਅਤੇ ਵੇਦਾਂਤ ਬਾਰੇ ਆਪਣਾ ਚਿੰਤਨ ਮਨਨ ਓਥੋਂ ਸ਼ੁਰੂ ਕੀਤਾ ਜਿੱਥੇ ਸਤਿਗੁਰੂ ਨਾਨਕ ਨੇ ਕੁਝ ਸਦੀਆਂ ਪਹਿਲਾਂ ਅਰੰਭ ਕੀਤਾ ਸੀ ਅਤੇ ਫਿਰ ਸਤਿਗੁਰੂ ਨਾਨਕ ਪਰੰਪਰਾ ਦੇ ਸਤਿਗੁਰੂ ਸਾਹਿਬਾਨ ਤੇ ਓਹਨਾਂ ਦੀ ਬਾਣੀ ਰਾਹੀਂ ਦਸਮ ਪਾਤਸ਼ਾਹ ਦੇ ਗ੍ਰੰਥ 'ਦਸਮ ਗ੍ਰੰਥ' ਤਕ ਪਹੁੰਚਿਆ ਸੀ। ਦਸਮ ਗੁਰੂ ਤੋਂ ਬਾਅਦ ਸਤਿਗੁਰੂ ਬਾਲਕ ਸਿੰਘ ਜੀ ਦੇ ਸਿਖਾਂ ਦੀ ਸੰਗਤ 'ਜਿਗਿਆਸੀ, ਅਭਿਆਸੀ' ਸੰਗਤ ਦੇ ਨਾਮ ਨਾਲ ਪ੍ਰਸਿੱਧ ਸੀ। ਜਿਗਿਆਸੀ ਦਾ ਅਰਥ ਸੀ - ਬ੍ਰਹਮ ਜਿਗਿਆਸੀ, ਤੇ ਫਿਰ ਬ੍ਰਹਮ ਦੀ ਜਿਗਿਆਸਾ ਵਿਚੋਂ ਉਸ ਬ੍ਰਹਮ ਨੂੰ ਪਾਉਣ ਲਈ- ਨਾਮ ਬਾਣੀ ਦਾ ਅਭਿਆਸ ਕਰਨ ਕਰਕੇ ਉਸ ਸੰਗਤ ਦਾ ਨਾਮ ਜਿਗਿਆਸੀ-ਅਭਿਆਸੀ ਪਰਚੱਲਤ ਹੋ ਗਿਆ ਸੀ। ਬ੍ਰਹਮ ਦੀ ਇਹ ਜਿਗਿਆਸਾ-ਗੁਰਬਾਣੀ ਉਪਰ ਆਧਾਰਿਤ ਸੀ ਤੇ ਬਾਣੀ ਵੇਦਾਂਤ ਉਪਰ।

ਬੰਗਾਲ ਦੀਆਂ ਇਹਨਾਂ ਲਹਿਰਾਂ ਤੋਂ ਪਹਿਲਾਂ ਜੋ ਵੀ ਧਰਮ-ਮਤ ਪ੍ਰਚੱਲਤ ਸੀ, ਉਸ ਦਾ ਆਧਾਰ ਵੇਦ-ਅਤੇ ਵੇਦਾਂਤ ਬਾਰੇ ਆਪਣਾ ਚਿੰਤਨ ਮਨਨ ਓਥੋਂ ਸ਼ੁਰੂ ਕੀਤਾ ਜਿੱਥੇ ਸਤਿਗੁਰੂ ਨਾਨਕ ਨੇ ਕੁਝ ਸਦੀਆਂ ਪਹਿਲਾਂ ਅਰੰਭ ਕੀਤਾ ਸੀ ਅਤੇ ਫਿਰ ਸਤਿਗੁਰੂ ਨਾਨਕ ਪਰੰਪਰਾ ਦੇ ਸਤਿਗੁਰੂ ਸਾਹਿਬਾਨ ਤੇ ਓਹਨਾਂ ਦੀ ਬਾਣੀ ਰਾਹੀਂ ਦਸਮ ਪਾਤਸ਼ਾਹ ਦੇ ਗ੍ਰੰਥ 'ਦਸਮ ਗ੍ਰੰਥ' ਤਕ ਪਹੁੰਚਿਆ ਸੀ। ਦਸਮ ਗੁਰੂ ਤੋਂ ਬਾਅਦ ਸਤਿਗੁਰੂ ਬਾਲਕ ਸਿੰਘ ਜੀ ਦੇ ਸਿਖਾਂ ਦੀ ਸੰਗਤ 'ਜਿਗਿਆਸੀ, ਅਭਿਆਸੀ' ਸੰਗਤ ਦੇ ਨਾਮ ਨਾਲ ਪ੍ਰਸਿੱਧ ਸੀ। ਜਿਗਿਆਸੀ ਦਾ ਅਰਥ ਸੀ – ਬ੍ਰਹਮ ਜਿਗਿਆਸੀ, ਤੇ ਫਿਰ ਬ੍ਰਹਮ ਦੀ ਜਿਗਿਆਸਾ ਵਿਚੋਂ ਉਸ ਬ੍ਰਹਮ ਨੂੰ ਪਾਉਣ ਲਈ- ਨਾਮ ਬਾਣੀ ਦਾ ਅਭਿਆਸ ਕਰਨ ਕਰਕੇ ਉਸ ਸੰਗਤ ਦਾ ਨਾਮ ਜਿਗਿਆਸੀ-ਅਭਿਆਸੀ ਪਰਚੱਲਤ ਹੋ ਗਿਆ ਸੀ। ਬ੍ਰਹਮ ਦੀ ਇਹ ਜਿਗਿਆਸਾ-ਗੁਰਬਾਣੀ ਉਪਰ ਆਧਾਰਿਤ ਸੀ ਤੇ ਬਾਣੀ ਵੇਦਾਂਤ ਉਪਰ।

ਬੰਗਾਲੀ ਚਿੰਤਕਾਂ ਨੇ ਉਹ ਚਿੰਤਨ ਉਨ੍ਹੀਂਵੀਂ ਸਦੀ ਵਿਚ ਸ਼ੁਰੂ ਕੀਤਾ ਜਿਸ ਨਾਲ ਬੰਗਾਲ ਵਿਚ ਵੇਦਾਂਤ ਤੇ ਅਦਵੈਤ ਮਤ ਬਾਰੇ ਗਿਆਨ ਚਰਚਾ ਦਾ ਪਰਸਾਰ ਹੋਇਆ। ਫਲ ਸਰੂਪ ਬੰਗਾਲੀ ਸਮਾਜ ਨੂੰ ਪੁਰਾਣੀ ਤੇ ਨਵੀਂ ਵਿਆਖਿਆ ਦੀ ਬਦੌਲਤ ਬਹੁਤ ਵੱਡੇ ਵਿਚਾਰ ਮੰਥਨ ਵਿਚੋਂ ਦੀ ਲੰਘਣਾ ਪਿਆ। ਇਹਨਾਂ ਸਾਰੀਆਂ ਲਹਿਰਾਂ ਵਿਚ ਪੱਛਮੀ ਸਾਹਿਤ ਤੇ ਵਿਚਾਰ ਦੇ ਪ੍ਰਤੀ ਵੀ ਇਕ ਦ੍ਰਿਸ਼ਟੀਕੋਨ ਤਾਂ ਵਿਕਸਿਤ ਹੋਇਆ, ਪਰ ਓਹਨਾਂ ਲਹਿਰਾਂ ਦੀ ਅੰਗ੍ਰੇਜ਼ਾਂ ਦੇ ਪ੍ਰਤੀ ਰਾਜ ਭਗਤੀ ਅਤੇ ਮੋਹ ਗ੍ਰਸਤਤਾ ਕਦੇ ਨਹੀਂ ਜਨਮੀ।

ਫਲ ਸਰੂਪ ਬੰਗਾਲ ਦੇ ਇਸ ਸਾਰੇ ਵਿਚਾਰ ਮੰਥਨ ਵਿਚੋਂ ਜਗਤ ਪ੍ਰਸਿੱਧ ਵਿਭੂਤੀਆਂ ਦਾ ਪ੍ਰਕਾਸ਼ ਹੋਇਆ।

ਬ੍ਰਹਮ ਸਮਾਜ ਵਿਚੋਂ ਰਾਜਾ ਰਾਮ ਮੋਹਨ ਰਾਏ -ਜਿਨ੍ਹਾਂ ਨੂੰ ਆਧੁਨਿਕ ਭਾਰਤ ਦਾ ਰਚਨਾਕਾਰ ਆਖਿਆ ਜਾਂਦਾ ਹੈ, ਤੇ ਗੁਰੂਦੇਵ ਰਵੀਂਦ੍ਰ ਨਾਥ ਠਾਕੁਰ ਵਰਗੀਆਂ ਸ਼ਖ਼ਸੀਅਤਾਂ ਦਾ ਪ੍ਰਕਾਸ਼ ਹੋਇਆ। ਸਵਾਮੀ ਰਾਮ

Namdhari Elibrary NamdhariElibrary@gmail.com

ਕ੍ਰਿਸ਼ਣ ਪਰਮ ਹੰਸ ਦੀ ਸਰਬ ਧਰਮ ਸਾਧਨਾ ਦੀ ਭਗਤੀ ਲਹਿਰ ਵਿਚੋਂ ਕੇਸ਼ਵ ਚੰਦਰ ਸੇਨ ਤੇ ਸਵਾਮੀ ਵਿਵੇਕਾ ਨੰਦ ਦਾ ਉਦੇ ਹੋਇਆ ਜਿਨਾਂ ਨੇ ਸਾਰੇ ਧਰਮਾਂ ਨੂੰ ਅਦਵੈਤ ਦੀ ਦ੍ਰਿਸ਼ਟੀ ਦਿੱਤੀ।

ਵੇਦ, ਉਪਨਿਸ਼ਦ ਤੇ ਆਗਮ ਦੇ ਵਿਚਾਰ ਮੰਥਨ ਵਿਚੋਂ ਸ੍ਰੀ ਅਰਵਿੰਦ ਘੋਸ਼ ਵਰਗੀ ਵਿਭੂਤੀ ਦਾ ਪ੍ਰਕਾਸ਼ ਹੋਇਆ। ਸ੍ਰੀ ਅਰਵਿੰਦ ਨੇ ਸੰਸਾਰ ਨੂੰ ਵੇਦ ਚਿੰਤਨ ਦੀ ਨਵੀਂ ਪ੍ਰਣਾਲੀ ਦਿੱਤੀ।

ਇਹਨਾਂ ਲਹਿਰਾਂ ਤੋਂ ਤੁਰੰਤ ਬਾਅਦ ਹੀ ਬੰਗਾਲ ਵਿਚ ਅੰਗ੍ਰੇਜ਼ੀ ਹਕੂਮਤ ਦੇ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਦੇਸ਼ ਭਗਤ ਮੈਦਾਨ ਵਿਚ ਨਿਤਰ ਆਏ। ਇਹਨਾਂ ਦੀ ਪ੍ਰੇਰਨਾ ਦੇ ਸ੍ਰੋਤ ਸਵਾਮੀ ਵਿਵੇਕਾ ਨੰਦ ਅਤੇ ਸ੍ਰੀ ਅਰਵਿੰਦ ਸਨ। ਇਹਨਾਂ ਦੇਸ਼ ਭਗਤਾਂ ਨੇ ਪਹਿਲਾਂ ਦਹਿਸ਼ਤ ਪਸੰਦੀ ਵਾਲੀ ਲਹਿਰ ਖੜੀ ਕੀਤੀ ਤੇ ਫਿਰ ਕਾਂਗਰਸ ਨੂੰ ਅਰਜ਼ੀਆਂ ਪਰਚੀਆਂ ਦੀ ਮਾਨਸਿਕਤਾ ਵਿਚੋਂ ਕੱਢ ਕੇ ਸਿੱਧੇ ਜਨਤਕ ਸੰਘਰਸ਼ ਵਿਚ ਲੈ ਆਂਦਾ। ਸੁਭਾਸ਼ ਚੰਦਰ ਬੋਸ, ਸੀ. ਆਰ. ਦਾਸ ਤੇ ਬਿਪਨ ਚੰਦਰ ਪਾਲ ਜਿਹੇ ਭਾਰਤ ਅਤੇ ਜਗਤ ਵਿਖਿਆਤ ਨੇਤਾ ਸਾਹਮਣੇ ਆਏ ਤੇ ਇਹਨਾਂ ਨੇ ਸੁਦੇਸ਼ੀ-ਆਂਦੋਲਣ ਵਿਚ ਭਰਪੂਰ ਹਿੱਸਾ ਪਾਇਆ।

• ਪੰਜਾਬ ਦੀਆਂ ਲਹਿਰਾਂ ਦੇ ਨਤੀਜੇ

ਕੂਕਾ ਲਹਿਰ ਉਨ੍ਹੀਂਵੀ ਸਦੀ ਵਿਚ ਸ਼ੁਰੂ ਹੋਈ। ਇਸ ਲਹਿਰ ਨੂੰ ਅੰਗ੍ਰੇਜ਼ਾਂ ਨੇ ਭਾਵੇਂ ਛੇਤੀ ਹੀ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਵੀ ਇਹ ਹਰ ਖੇਤਰ ਵਿਚ ਆਪਣੇ ਨਕਸ਼ ਉਕਰਨ ਵਿਚ ਸਫਲ ਰਹੀ।

ਗੁਲਾਮੀ ਵਿਰੁੱਧ ਆਜ਼ਾਦੀ ਦੇ ਸੰਘਰਸ਼ ਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਰੰਪਰਾ ਦਾ ਉਹ ਇਕ ਨਿਤ ਉਮ੍ਹਲਦਾ ਸੋਮਾ ਬਣ ਗਈ ਜਿਸ ਨੇ ਪੰਜਾਬ ਦੇ ਆਜ਼ਾਦੀ ਲਈ ਜੂਝਣ ਵਾਲੇ ਸੰਗ੍ਰਾਮੀਆਂ ਨੂੰ ਪ੍ਰੇਰਨਾ ਦਿੱਤੀ। ਬਾਬਾ ਸੋਹਨ ਸਿੰਘ ਭਕਨਾ ਤੇ ਓਹਨਾਂ ਦੇ ਸਾਥੀਆਂ ਦੀ ਗ਼ਦਰ ਲਹਿਰ ਨੇ, ਭਗਤ ਸਿੰਘ ਸ਼ਹੀਦ ਤੇ ਓਹਨਾਂ ਦੇ ਸਾਥੀਆਂ ਨੇ ਅਤੇ ਫਿਰ ਬੱਬਰ ਅਕਾਲੀਆਂ ਨੇ ਕੂਕਾ ਅੰਦੋਲਣ ਤੋਂ ਰੌਸ਼ਨੀ ਲਈ ਤੇ ਪ੍ਰੇਰਨਾ ਹਾਸਿਲ ਕੀਤੀ। ਇਹ ਔਖੀਆਂ ਘੜੀਆਂ ਵੇਲੇ ਨਾਮਧਾਰੀਆਂ ਦੇ ਘਰਾਂ ਅਤੇ ਸ੍ਰੀ ਭੈਣੀ ਸਾਹਿਬ ਵਿਚ ਆਸਰਾ ਲੈ ਕੇ ਸੁਰਖਸ਼ਤ ਹੁੰਦੇ ਰਹੇ। ਕਾਂਗਰਸ ਦੀ ਲਹਿਰ ਅਤੇ ਮਹਾਤਮਾ ਗਾਂਧੀ ਜੀ ਦੇ ਅਸਹਿਯੋਗ ਆਂਦੋਲਣ ਦੀ ਕੂਕਾ ਆਂਦੋਲਣ ਨੇ ਪੂਰਵ ਪੀਠਿਕਾ ਦਾ ਕੰਮ ਕੀਤਾ ਤੇ ਪੰਜਾਬ ਵਿਚ ਕਾਂਗਰਸ ਨੂੰ ਬਣੀ ਬਣਾਈ ਤਿਆਰ ਬਰ ਤਿਆਰ ਜ਼ਮੀਨ ਮਿਲੀ।

ਧਰਮ ਦੇ ਪੱਖ ਤੋਂ ਕੂਕਾ ਲਹਿਰ 'ਗੁਰੂ ਪਰੰਪਰਾ', ਗੁਰੂ ਅਤੇ ਪ੍ਰਭੂ ਭਗਤੀ ਦੀ ਲਹਿਰ ਦੇ ਰੂਪ ਵਿਚ ਕਾਇਮ ਰਹੀ। ਪੁਰਾਤਨ ਵੈਦਿਕ ਧਰਮ ਨਾਲ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਸਮਾਜ ਨੂੰ ਜੋੜੀ ਰੱਖਣ ਦਾ ਮਹੱਤਵ ਪੂਰਨ ਕੰਮ ਕੂਕਾ ਲਹਿਰ ਨੇ ਜਾਰੀ ਰੱਖਿਆ। ਗੁਰਬਾਣੀ ਪੜ੍ਹਣ ਪੜ੍ਹਾਣ ਅਤੇ ਨਾਮ ਜਪਣ ਜਪਾਣ ਦੇ ਪਵਿੱਤਰ ਕੰਮ ਵਿਚ ਪੰਜਾਬ ਅੰਦਰ ਜਿਹੜੇ ਸੰਤ ਮਹਾਤਮਾ ਅਤੇ ਗੁਰੂ ਹਮੇਸ਼ਾਂ ਲੱਗੇ ਰਹਿੰਦੇ ਹਨ ਓਹਨਾਂ ਦੇ ਕੰਮ ਲਈ ਪਰੰਪਰਾਗਤ ਇਤਿਹਾਸਕ ਸਥਾਪਤੀ ਦੀ ਧਾਰਨਾ ਦਾ ਕਵਚ ਕੂਕਾ ਆਂਦੋਲਣ ਹੀ ਬਣਿਆ।

'ਸਿੰਘ ਸਭਾ ਲਹਿਰ'-ਤੇ ਬੰਗਾਲ ਦੀ 'ਬ੍ਰਹਮ ਸਮਾਜ' ਅਤੇ ਸਵਾਮੀ ਰਾਮ ਕ੍ਰਿਸ਼ਣ ਪਰਮਹੰਸ ਦੀਆਂ ਲਹਿਰਾਂ ਉਨ੍ਹੀਂਵੀਂ ਸਦੀ ਦੀਆਂ ਹੁੰਦੀਆਂ ਹੋਈਆਂ ਵੀ ਆਪਣੇ ਅਤੀਤ ਦੇ ਵਿਰਸੇ ਬਾਰੇ ਪਹੁੰਚ ਵੱਲੋਂ ਫਰਕ ਵਾਲੀਆਂ ਰਹੀਆਂ।

ਜਿਵੇ ਕਿ ਪਿਛੇ ਦੱਸਿਆ ਜਾ ਚੁੱਕਾ ਹੈ ਬੰਗਾਲੀਆਂ ਦੀਆਂ ਉਨ੍ਹੀਂਵੀਂ ਸਦੀ ਦੀਆਂ ਲਹਿਰਾਂ ਦੇ ਅਤੀਤ ਵਿਚ ਵਿਚਾਰ ਵੇਦ, ਵੇਦਾਂਤ ਅਤੇ ਆਗਮ ਦੇ ਮੂਲ ਗ੍ਰੰਥਾਂ ਵਿਚ ਤਾਂ ਹੈ ਸੀ ਪਰ ਉਸ ਉਪਰ ਮੱਧ ਜੁਗ ਦੇ ਚਿੰਤਨ ਮਨਨ ਤੇ ਸਥਾਪਨਾਵਾਂ ਦਾ ਵਿਰਸਾ ਉਨਾਂ ਕੋਲ ਕੋਈ ਨਹੀਂ ਸੀ।

ਜਦੋ ਕਿ ਪੰਜਾਬ ਦੀ ਸਿੰਘ ਸਭਾ ਲਹਿਰ ਦੇ ਪਿਛੋਕੜ ਵਿਚ ਵੇਦ, ਵੇਦਾਂਤ ਅਤੇ ਆਗਮ ਦੇ ਚਿੰਤਨ, ਮਨਨ ਤੇ ਸਥਾਪਨਾਵਾਂ ਦਾ ਇਕ ਸੁਨਹਿਰਾ ਵਿਰਸਾ ਆਦਿ ਅਤੇ ਦਸਮ ਗੁਰੂ ਸਾਹਿਬਾਨ ਦੀ ਬਾਣੀ ਦੇ ਰੂਪ ਵਿਚ ਮੌਜੂਦ ਸੀ। ਬੰਗਾਲੀਆਂ ਨੇ ਉਹ ਚਿੰਤਨ ਮਨਨ ਉਨ੍ਹੀਂਵੀਂ ਸਦੀ ਵਿਚ ਕੀਤਾ ਤੇ ਉਸ ਦੌਰ ਨੂੰ 'ਪੁਨਰ ਜਾਗਰਨ' ਦਾ ਦੌਰ ਆਖਿਆ। ਪਰ ਸਿੰਘ ਸਭਾ ਲਹਿਰ ਨੇ ਵਿਰਸੇ ਵਿਚ ਮਿਲੇ ਚਿੰਤਨ ਮਨਨ ਨੂੰ ਆਪਣਾ ਮੰਨਣ ਤੋਂ ਇਨਕਾਰ ਕਰਕੇ ਉਸ ਸਾਰੀ ਖੋਜ ਸਾਧਨਾ ਉਪਰ ਹੀ ਦਰਵਾਜ਼ੇ ਬੰਦ ਕਰ ਦਿੱਤੇ।

ਕਠ ਓਪਨਿਸ਼ਦ' ਦੇ ਦੂਜੇ ਅਧਿਆਏ ਤੇ ਦੂਜੀ ਵੱਲੀ, ਅਤੇ ਭਗਵਤ ਗੀਤਾ ਦੇ ਪੰਦਰ੍ਹਵੇਂ ਅਧਿਆਏ ਤੇ ਪਹਿਲੇ ਸ਼ਲੋਕ ਵਿਚ ਜਿਸ ਉਰਧ ਮੂਲ ਅਤੇ ਹੇਠਾਂ ਵੱਲ ਨੂੰ ਸ਼ਾਖ਼ਾਵਾਂ ਵਾਲੇ ਵਿਸ਼ਵ ਬਿਰਖ ਦੀ ਗੱਲ ਕੀਤੀ ਗਈ ਹੈ ਉਸ ਦੀ ਵੇਦਾਂਤਕ ਵਿਆਖਿਆ ਵਿਚ ਸਤਿਗੁਰੂ ਨਾਨਕ ਦੀ ਬਾਣੀ ਹੈ।———

ਉਰਧ ਮੂਲ ਜਿਸ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ॥
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ॥
ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ॥
ਮਹਾਂ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ॥

ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ॥

'ਕਠ ਉਪਨਿਸ਼ਦ' ਅਤੇ 'ਗੀਤਾ' ਦੇ ਸ਼ਲੋਕ ਵਿਸਤ੍ਰਿਤ ਹਨ ਤੇ ਉਨ੍ਹਾਂ ਦੀ ਵਿਆਖਿਆ ਵੀ ਵਿਸਤ੍ਰਿਤ ਹੈ। ਉਸ ਸਭ ਦੀ ਪੂਰੀ ਚਰਚਾ ਇਸ ਲੇਖ ਵਿਚ ਸੰਭਵ ਨਹੀਂ। ਏਥੇ ਉਸ ਦਾ ਜ਼ਿਕਰ ਸਿਰਫ਼ ਇਹ ਦੱਸਣ ਲਈ ਕੀਤਾ ਹੈ ਕਿ ਸਤਿਗੁਰੂ ਨਾਨਕ ਨੇ 'ਬ੍ਰਹਮ' ਦੇ ਸੰਦਰਭ ਵਿਚ ਵੇਦਾਂਤ ਦੇ ਮੂਲ ਸਿਧਾਂਤ ਨੂੰ ਮੰਨ ਕੇ ਹੀ 'ਬ੍ਰਹਮ' ਬਾਰੇ ਆਪਣੀ ਧਾਰਨਾ ਪ੍ਰਗਟ ਕੀਤੀ ਹੈ ਤੇ ਇਹ ਧਾਰਨਾ ਬੰਗਾਲ ਦੇ ਬ੍ਰਹਮ ਸਮਾਜੀ ਮਹਾਂਪੁਰਸ਼ਾਂ ਤੋਂ ਕਈ ਸੌ ਸਾਲ ਪਹਿਲਾਂ ਵਿਅਕਤ ਕੀਤੀ ਜਾ ਚੁੱਕੀ ਸੀ।

ਜਦੋਂ ਬੰਗਾਲੀ ਵਿਦਵਾਨ ਸ਼ਾਸਤ੍ਰਾਂ ਨੂੰ ਮਥ ਕੇ ਇੱਕੋ ਇਕ ਸਰਬ ਵਿਆਪੀ ਅਨੰਤ ਅਵਿਨਾਸ਼ੀ ਬ੍ਰਹਮ ਲਈ ਆਪਣੇ ਚਿੰਤਨ ਦੇ ਦਰ ਖੋਹਲ ਰਹੇ ਸਨ ਓਦੋਂ ਪੰਜਾਬ ਵਿਚ ਸ੍ਰੀ ਗੁਰੂ ਸਿੰਘ ਸਭਾ ਲਹਿਰ ਗੁਰਬਾਣੀ ਦਵਾਰਾ ਸਥਾਪਤ ਸਰਬ ਵਿਆਪੀ ਅਨੰਤ ਬ੍ਰਹਮ ਦੀ ਭਾਵਨਾ ਵੱਲੋਂ ਕੰਡ ਵਲਾ ਕੇ ਦੂਜੇ ਧਰਮਾਂ ਤੇ ਸੰਪਰਦਾਵਾਂ ਦੇ ਪ੍ਰਤੀ

Namdhari Elibrary NamdhariElibrary@gmail.com

ਆਪਣੀ ਵਿਤ੍ਰਿਸ਼ਣਾ ਤੇ ਦਵੈਤ ਦੀ ਭਾਵਨਾ ਅਧੀਨ ਆਂਦੋਲਣ ਚਲਾ ਰਹੀ ਸੀ।

ਬੰਗਾਲੀਆਂ ਦੀਆਂ ਲਹਿਰਾਂ ਖੋਜ, ਚਿੰਤਨ ਤੇ ਜਾਗਰਨ ਦੀ ਭਾਵਨਾ ਨਾਲ ਉਠੀਆਂ ਤੇ ਉਹਨਾਂ ਨੇ ਧਰਮ, ਅਧਿਆਤਮ, ਸਮਾਜ, ਸੰਸਕ੍ਰਿਤੀ, ਰਾਜਨੀਤੀ, ਵਿਗਿਆਨ, ਕਲਾ ਤੇ ਸਾਹਿਤ ਦੇ ਖੇਤਰ ਵਿਚ ਜਗਤ ਪ੍ਰਸਿੱਧ ਮਹਾਨ ਵਿਭੂਤੀਆਂ ਨੂੰ ਜਨਮ ਦਿੱਤਾ।

ਏਧਰ ਸ੍ਰੀ ਗੁਰੂ ਸਿੰਘ ਸਭਾ ਲਹਿਰ ਤੇ ਉਸ ਦੀਆਂ ਵਾਰਿਸ ਲਹਿਰਾਂ ਨੇ ਆਪਣੇ ਹੀ ਮਹਾਨ ਵਿਰਸੇ ਨੂੰ ਆਪਣੇ ਨਾਲ ਜੋੜ ਕੇ ਵੇਖਣ ਦੀ ਥਾਂ ਸਿੱਧਾ ਅੰਗ੍ਰੇਜ਼ੀ ਹਕੂਮਤ ਦੇ ਲਾਭਾਂ ਅਤੇ ਉਸ ਹਕੂਮਤ ਤੋਂ ਆਪਣੇ ਨਿਗੂਣੇ ਪਦਾਰਥਕ ਸਵਾਰਥਾਂ ਪ੍ਰਤੀ ਆਪਣੇ ਆਪ ਨੂੰ ਪੂਰਨ ਰੂਪ ਵਿਚ ਸਮਰਪਤ ਕਰ ਕੇ ਹਰ ਸ਼ਾਨਦਾਰ ਪ੍ਰਾਪਤੀ ਤੋਂ ਪੰਜਾਬ ਨੂੰ ਵਿਰਵਿਆਂ ਰੱਖਿਆ।

ਸ੍ਰੀ ਗੁਰੂ ਸਿੰਘ ਸਭਾ ਲਹਿਰ ਤੇ ਉਸ ਦੀਆਂ ਵਾਰਿਸ ਲਹਿਰਾਂ ਨੇ ਆਪਣੇ ਪੈਰੋਕਾਰਾਂ ਅੰਦਰ ਚਿੰਤਨ ਦੇ ਖੇਤਰ ਵਿਚ ਸੀਮਿਤ ਚੌਖਟੇ ਖੜੇ ਕਰ ਦਿੱਤੇ ਜਿਨ੍ਹਾਂ ਵਿਚੋਂ ਵਿਚਾਰਾਂ ਦੇ ਝਾਉਲਿਆਂ, ਕਟੜਤਾ, ਅਰਾਜਕਤਾ ਤੇ ਸੌੜੀ ਅਹੰਬੁੱਧ ਦੀ ਸਿਰਜਨਾ ਤਾਂ ਹੋਈ ਪਰ ਕੋਈ ਸਾਰਵ ਭੌਮ ਵਿਭੂਤੀ ਪ੍ਰਕਾਸ਼ਮਾਨ ਨਾ ਹੋ ਸਕੀ। ਬੰਗਾਲੀ ਚਿੰਤਕ ਪਿਛੋਂ ਟੁਰ ਕੇ ਅੱਗੇ ਲੰਘ ਗਏ।

ਇਹ ਫਿਰੰਗੀ ਨਾਲ ਆਪਣੇ ਮਨ ਮਸਤਕ ਦੀ ਸਾਂਝ ਪਾਉਣ ਦਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਫਿਰੰਗੀਆਂ ਪ੍ਰਤੀ ਧਾਰਨਾ ਨੂੰ ਨਾ ਮੰਨਣ ਦਾ ਨਤੀਜਾ ਸੀ।

ਸੁਖ ਵਾਲੀ ਗੱਲ ਇਹ ਹੈ ਕਿ ਕੂਕਾ ਆਂਦੋਲਣ ਗੁਰੂ ਨਾਨਕ ਪਰੰਪਰਾ ਦੇ ਗੁਰੂਆਂ ਤੇ ਉਨ੍ਹਾਂ ਦੀ ਬਾਣੀ ਦੀ ਮਰਯਾਦਾ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਦੇਸ਼ ਉਸਾਰੀ ਵਿਚ ਯੋਗਦਾਨ ਰਾਹੀਂ ਯਥਾ ਸ਼ਕਤ ਸੰਭਾਲਦਾ ਚਲਿਆ ਆ ਰਿਹਾ ਹੈ।

• ਆਧਾਰ ਗ੍ਰੰਥ

੧. ਸ੍ਰੀ ਆਦਿ ਗ੍ਰੰਥ ਸਾਹਿਬ।
੨. ਸ੍ਰੀ ਦਸਮ ਗ੍ਰੰਥ ਸਾਹਿਬ।
੩. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼)-ਭਾਈ ਸੰਤੋਖ ਸਿੰਘ ਜੀ।
੪. ਪੰਜਾਬ ਦੀਆਂ ਲਹਿਰਾਂ-ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ।
੫. ਜੀਵਨ ਭਾਈ ਮੋਹਨ ਸਿੰਘ ਜੀ ਵੈਦ -ਮੁਨਸ਼ਾ ਸਿੰਘ ਦੁਖੀ।
੬. ਇਤਿਹਾਸਕ ਖੋਜ-ਸ੍ਰ: ਕਰਮ ਸਿੰਘ ਹਿਸਟੋਰੀਅਨ।
੭. ਗੁਲਸ਼ਨ-ਏ-ਪੰਜਾਬ- ਪੰਡਿਤ ਦੇਬੀ ਪ੍ਰਸਾਦ।
੮. ਭਾਰਤ ਮੇ ਅੰਗ੍ਰੇਜ਼ੀ ਰਾਜ-ਹਿੰਦੀ-ਪੰਡਿਤ ਸੁੰਦਰ ਲਾਲ।
੯. ਗੀਤਾ ਪ੍ਰਬੰਧ-ਬੰਗਲਾ-ਸ੍ਰੀ ਅਰਵਿੰਦ ਘੋਸ਼।
੧੦. ਉਪਨਿਸ਼ਦਾਵਲੀ-ਬੰਗਲਾ , ਸ੍ਰੀ ਅਰਵਿੰਦ ਘੋਸ਼।
੧੧. ਜੀਵਨ ਸਮ੍ਰਿਤੀ- ਬੰਗਲਾ ਸ੍ਰੀ, ਰਵੀਂਦ੍ਰ ਨਾਥ ਟੈਗੋਰ।
੧੨. ਰਾਮ ਮੋਹਨ ਰਾਏ ਤੇ ਤਤਕਾਲੀਨ ਸਮਾਜ-ਬੰਗਲਾ- ਸ੍ਰੀ ਪ੍ਰਭਾਤ ਕੁਮਾਰ ਮੁਖੋਪਾਧਿਆਇ।
੧੩. ਰਾਮ ਤਨੂ ਲਾਹਿੜੀ ਤੇ ਤਤਕਾਲੀਨ ਬੰਗ ਸਮਾਜ-ਬੰਗਲਾ, ਸ੍ਰੀ ਸ਼ਿਵ ਨਾਥ ਸ਼ਾਸਤ੍ਰੀ।
੧੪. ਭਾਰਤ ਦਾ ਜਾਤੀਯ (ਕੌਮੀ) ਆਂਦੋਲਣ-ਬੰਗਲਾ,-ਸ੍ਰੀ ਪ੍ਰਭਾਤ ਕੁਮਾਰ ਮਖੋਪਾਧਿਆਇ।
੧੫. ਵਿਵੇਕਾ ਨੰਦ ਚਰਿਤ- ਬੰਗਲਾ,- ਸ੍ਰੀ ਸਤਯੇਂਦ੍ਰ ਨਾਥ ਮੋਜ਼ੂਮਦਾਰ।
੧੬. ਆਨੰਦ ਮਠ, - ਬੰਗਲਾ, ਸ੍ਰੀ ਬੰਕਿਮ ਚੰਦ੍ਰ ਚਟੋਪਾਧਿਆਇ।

ਪਰਮਾਤਮਾ ਨਾਲ ਮਿਲਣ ਦੀ ਜੁਗਤ

ਇਕ ਰਾਜੇ ਨੇ ਕਿਸੇ ਦੇਸ ਉਪਰ ਚੜ੍ਹਾਈ ਕੀਤੀ। ਉਸ ਨੂੰ ਜਿੱਤ ਹਾਸਿਲ ਹੋਣ ਤੇ ਉਹਨੇ ਆਪਣੀਆਂ ਰਾਣੀਆਂ ਨੂੰ ਲਿਖ ਘੱਲਿਆ ਕਿ ਜਿੱਤ ਦੀ ਖੁਸ਼ੀ ਵਿਚ ਜਿਹੜੀ ਰਾਣੀ ਜੋ ਚਾਹੇਗੀ ਓਹੋ ਮਿਲੇਗਾ। ਸਾਰੀਆਂ ਰਾਣੀਆਂ ਆਪਣੀ ਆਪਣੀ ਇਛਿਆ ਲਿਖ ਭੇਜਣ।

ਜਵਾਬ ਵਿਚ ਰਾਣੀਆਂ ਨੇ ਆਪਣੀ ਆਪਣੀ ਪਸੰਦ ਦੀਆਂ ਚੀਜਾਂ ਦੀ ਲੰਮੀ ਸੂਚੀ ਲਿਖ ਭੇਜੀ। ਪਰ ਸਭ ਤੋਂ ਛੋਟੀ ਰਾਣੀ ਨੇ ਇਕ ਕਾਗਜ਼ ਉਪਰ ਕੇਵਲ 'ਇਕ' ਲਿਖ ਘੱਲਿਆ।

ਪੜ੍ਹ ਕੇ ਰਾਜੇ ਨੇ ਵਡੀਆਂ ਰਾਣੀਆਂ ਦੀ ਅਕਲ ਦੀ ਤਾਰੀਫ਼ ਕੀਤੀ ਅਤੇ ਛੋਟੀ ਰਾਣੀ ਦੀ ਮੂਰਖਤਾ ਉਤੇ ਖ਼ਫ਼ਾ ਹੋਇਆ।

ਵਜ਼ੀਰ ਸਿਆਣਾ ਸੀ। ਉਸ ਨੇ ਕਿਹਾ, "ਮਹਾਰਾਜ, ਛੋਟੀ ਰਾਣੀ ਸਭ ਤੋਂ ਸਿਆਣੀ ਹੈ। ਉਸ ਦੇ 'ਇਕ' ਲਿਖਣ ਦਾ ਮਤਲਬ ਹੈ ਕਿ ਉਸ ਨੂੰ ਹੋਰ ਕੁਝ ਨਹੀਂ ਚਾਹੀਦਾ, ਸਿਵਾਏ 'ਇਕ' ਦੇ, ਜੋ ਕਿ ਤੁਸੀਂ ਹੋ।"

ਰਾਜੇ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਉਹ ਬਹੁਤ ਪਰਸੰਨ ਹੋਇਆ।

'ਆਨੰਦ' ਨਾਮ ਦੇ ਇਕ ਸੰਤ ਹੋਏ ਨੇ-ਉਹਨਾਂ ਨੇ ਉਪਰਲੀ ਕਹਾਣੀ ਦੇ ਬਹਾਨੇ ਪਰਮਾਤਮਾ ਨੂੰ ਮਿਲਣ ਦੀ ਜੁਗਤ ਦੱਸਦਿਆਂ ਆਖਿਆ ਹੈ- "ਪਰਮਾਤਮਾ ਨਾਲ ਸੱਚਾ ਪ੍ਰੇਮ ਓਹੋ ਕਰਦਾ ਹੈ, ਜਿਹੜਾ ਪਰਮਾਤਮਾ ਕੋਲੋਂ ਧਨ, ਜਨ, ਜਾਇਦਾਦ, ਸੁਖ, ਸੰਪੱਤੀ ਕੁਛ ਨਹੀਂ ਮੰਗਦਾ। ਮੰਗਦਾ ਹੈ ਕੇਵਲ ਉਸੇ ਨੂੰ ਪਰਮਾਤਮਾ ਨੂੰ। ਸੰਤ ਆਨੰਦ ਨੇ ਦੱਸਿਆ ਹੈ ਕਿ ਜਿੱਤ ਕੇ ਮੁੜਣ ਤੇ ਰਾਜੇ ਰਾਣੀਆਂ ਵੱਲੋਂ ਮੰਗੀਆਂ ਸਭ ਚੀਜ਼ਾਂ ਭਿਜਵਾ ਦਿੱਤੀਆਂ ਪਰ ਛੋਟੀ ਰਾਣੀ ਕੋਲ ਉਹ ਖ਼ੁਦ ਗਿਆ।

—ਅਮਰ ਭਾਰਤੀ

Namdhari Elibrary NamdhariElibrary@gmail.com

ਇਕ ਮੁਲਾਕਾਤ

ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਤੇ ਸਾਬਕਾ ਮੈਂਬਰ ਰਾਜ-ਸਭਾ ਪੰਥ-ਭੂਸ਼ਨ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਅਤੇ ਭਾਰਤ ਸਰਕਾਰ ਦੇ ਘੱਟ-ਗਿਣਤੀਆਂ ਕਮਿਸ਼ਨ ਦੇ ਮੈਂਬਰ ਸ੍ਰੀ ਬਲਵੰਤ ਸਿੰਘ ਰਾਮੂਵਾਲੀਆ ਨਾਲ 'ਭਾਰਤ ਦਾ ਸੁਤੰਤਰਤਾ ਸੰਗਰਾਮ ਅਤੇ ਸਤਿਗੁਰੂ ਰਾਮ ਸਿੰਘ' ਵਿਸ਼ੇ ਉੱਤੇ ਇਕ ਵਿਸ਼ੇਸ਼ ਮੁਲਾਕਾਤ। ਮੁਲਾਕਾਤ ਕਰਨ ਵਾਲੇ ਹਨ ਸ੍ਰੀ ਜਗਦੀਸ਼ ਕੌਸ਼ਲ। -ਸੰਪਾਦਕ

ਜਗਦੀਸ਼ ਕੌਸ਼ਲ: ਰਾਮੂਵਾਲੀਆ ਜੀ, ਕੋਈ ਵੀ ਧਾਰਮਕ ਜਾਂ ਰਾਜਨੀਤਕ ਲਹਿਰ ਜਦੋਂ ਪੈਦਾ ਹੁੰਦੀ ਹੈ ਤਾਂ ਉਹਦੇ ਪਿੱਛੇ ਕੁਝ ਕਾਰਨ ਹੁੰਦੇ ਹਨ। ੧੮੫੦ਵਿਆਂ ਵਿਚ ਪੰਜਾਬ ਵਿਚ ਵੀ ਕੁਝ ਅਜਿਹੀਆਂ ਸਥਿਤੀਆਂ ਸਨ ਜਿਨ੍ਹਾਂ ਕਰਕੇ ਸਤਿਗੁਰੂ ਰਾਮ ਸਿੰਘ ਨੇ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਮੁਹਿੰਮ ਛੇੜੀ। ਤੁਹਾਡੇ ਵਿਚਾਰ ਅਨੁਸਾਰ ਉਹ ਰਾਜਨੀਤਕ ਸਥਿਤੀਆਂ ਕਿਹੜੀਆਂ ਸਨ?

ਬਲਵੰਤ ਸਿੰਘ ਰਾਮੂਵਾਲੀਆ: ਸਤਿਗੁਰੂ ਰਾਮ ਸਿੰਘ ਬੁਨਿਆਦੀ ਤੌਰ ਉੱਤੇ ਉਸੇ ਫੈਸਲੇ ਦੇ ਧਾਰਨੀ ਸਨ ਜਿਹੜਾ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਵੇਲੇ ਮੁਗਲ ਸਲਤਨਤ ਬਹੁਤ ਸ਼ਕਤੀਸ਼ਾਲੀ ਸੀ ਜੀਹਦੇ ਸਾਹਮਣੇ ਨਾ ਕੋਈ ਦਲੀਲ ਚਲਦੀ ਸੀ ਨਾ ਅਪੀਲ ਚਲਦੀ ਸੀ। ਗੁਰੂ ਨਾਨਕ ਦੇਵ ਨੇ ਉਸੇ ਹਕੂਮਤ ਦੇ ਵਿਰੁੱਧ ਅਵਾਜ਼ ਉਠਾਈ, ਉਸ ਨਾਲ ਟੱਕਰ ਲਈ ਤੇ ਕਿਹਾ- "ਰਾਜੇ ਸ਼ੀਂਹ ਮੁਕਦਮ ਕੁੱਤੇ ਜਾਇ ਜਗਾਇਨ ਬੈਠੇ ਸੁਤੇ"। ਉਹਨਾਂ ਦੇ ਸਾਹਮਣੇ ਹਿੰਦੁਸਤਾਨ ਦੀ ਸਰਦਾਰੀ, ਇਹਦੀ ਸੁਤੰਤਰਤਾ, ਇਹਦੀ ਪ੍ਰਭੁਸੱਤਾ, ਇਹਦੇ ਸਵੈਮਾਨ ਦੀ ਕਾਇਮੀ ਦੀ ਤੇ ਉਹਦੀ ਰੱਖਿਆ ਦੀ ਗੱਲ ਸੀ ਕਿਉਂਕਿ ਇਹਨਾਂ ਚੀਜ਼ਾਂ ਨੂੰ ਮੁਗਲਾਂ ਵੱਲੋਂ ਖ਼ਤਰਾ ਸੀ। ਇਸੇ ਤਰ੍ਹਾਂ ਦਾ ਖ਼ਤਰਾ ਸਤਿਗੁਰੂ ਰਾਮ ਸਿੰਘ ਨੂੰ ਅੰਗਰੇਜ਼ ਹਕੂਮਤ ਵੱਲੋਂ ਮਹਿਸੂਸ ਹੋਇਆ। ਇਹਨਾਂ ਦੇ ਸਾਹਮਣੇ ਵੀ ਭਾਰਤ ਦੀ ਸੁਤੰਤਰਤਾ, ਇਹਦੀ ਏਕਤਾ ਤੇ ਅਖੰਡਤਾ, ਇਹਦੇ ਮਹਾਨ ਸੱਭਿਆਚਾਰ ਅਤੇ ਇਹਦੇ ਲੋਕਾਂ ਦੇ ਵਡੱਪਣ ਨੂੰ ਬਹਾਲ ਕਰਨ ਦਾ ਸੁਆਲ ਸੀ। ਇਸ ਸਾਰੇ ਕੁਝ ਨੂੰ ਅੰਗਰੇਜ਼ਾਂ ਵੱਲੋਂ ਢਾਹ ਲੱਗ ਰਹੀ ਸੀ। ਸਤਿਗੁਰੂ ਰਾਮ ਸਿੰਘ ਇਸ ਸਥਿਤੀ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿਉਂਕਿ ਉਹ ਗੁਰੂ ਨਾਨਕ ਦੇਵ ਵਾਲੇ ਮਿਸ਼ਨ ਦੇ ਹੀ ਝੰਡਾ ਬਰਦਾਰ ਸਨ। ਇਸ ਲਈ ਮੈਂ ਸਮਝਦਾ ਹਾਂ, ਉਹਨਾਂ ਨੇ ਲੰਮਾ ਸੋਚ ਕੇ ਇਕ ਅੰਦੋਲਨ ਸ਼ੁਰੂ ਕਰਨ ਦਾ ਨਿਰਨਾ ਲਿਆ। ਉਸ ਨਿਰਨੇ ਨੇ ਦੁਨੀਆਂ ਹਲੂਣ ਕੇ ਰੱਖ ਦਿਤੀ।

ਜਗਦੀਸ਼ ਕੌਸ਼ਲ: ਇਹਦਾ ਮਤਲਬ ਇਹ ਕਿ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਲੋਕਾਂ ਨਾਲ ਹੁੰਦੀਆਂ ਬੇਇਨਸਾਫੀਆਂ ਤੇ ਵਧੀਕੀਆਂ ਦੇ ਵਿਰੁੱਧ ਜਿਹੜੀ ਅਵਾਜ਼ ਉਠਾਈ ਸੀ, ਜ਼ੁਲਮ ਨਾਲ ਟੱਕਰ ਲੈਣ ਦੀ ਜਿਹੜੀ ਪਿਰਤ ਪਾਈ ਸੀ, ਲੀਹ ਤੋਰੀ ਸੀ, ਸਤਿਗੁਰੂ ਰਾਮ ਸਿੰਘ ਨੇ ਉਸੇ ਨੂੰ ਅੱਗੇ ਤੋਰਿਆ?

ਬਲਵੰਤ ਸਿੰਘ ਰਾਮੂਵਾਲੀਆ: ਬਹੁਤ ਮਜ਼ਬੂਤੀ ਨਾਲ ਅੱਗੇ ਤੋਰਿਆ, ਬਹੁਤ ਹੀ ਸਿਆਣਪ ਨਾਲ ਤੋਰਿਆ। ਉਹਨਾਂ ਨੇ ਭਾਰਤ ਦੇ ਗਲੋਂ ਅੰਗਰੇਜ਼ ਦੀ ਗ਼ੁਲਾਮੀ ਦੀ ਜ਼ੰਜੀਰ ਲਾਹੁਣ ਲਈ ਬਹੁਤ ਹੀ ਕਠਨ ਰਾਹ ਚੁਣਿਆ। ਇਹ ਰਾਹ ਭਾਵੁਕ ਨਹੀਂ ਸੀ, ਆਰਜ਼ੀ ਨਹੀਂ। ਇਹਦੇ ਉੱਤੇ ਕਾਫ਼ੀ ਲੰਮਾ ਤੇ ਔਖਾ ਤੁਰਨਾ ਪੈਣਾ ਸੀ।

ਜਗਦੀਸ਼ ਕੌਸ਼ਲ: ਹੰਸਪਾਲ ਜੀ, ਜਿਸ ਰਾਹ ਵੱਲ ਰਾਮੂਵਾਲੀਆ ਜੀ ਸੰਕੇਤ ਕਰ ਰਹੇ ਹਨ, ਉਹ ਰਾਹ ਕਿਹੜਾ ਸੀ?

ਹਰਵਿੰਦਰ ਸਿੰਘ ਹੰਸਪਾਲ: ਉਹ ਰਾਹ ਨਾਮਿਲਵਰਤਣ ਦਾ ਰਾਹ ਸੀ। ਸਤਿਗੁਰੂ ਰਾਮ ਸਿੰਘ ਇਹ ਸੰਕਲਪ ਕਰਕੇ ਚੱਲੇ ਕਿ ਅੰਗਰੇਜ਼ ਸਰਕਾਰ ਦੇ ਕਿਸੇ ਵੀ ਕਾਰੋਬਾਰ ਵਿਚ, ਕਿਸੇ ਵੀ ਕਾਰ-ਵਿਹਾਰ ਵਿਚ ਮਿਲਵਰਤਣ ਨਹੀਂ ਕਰਨਾ।

ਜਗਦੀਸ਼ ਕੌਸ਼ਲ: ਰਾਮੂਵਾਲੀਆ ਜੀ, ਨਾਮਿਲਵਰਤਣ ਕਰਦਿਆਂ ਤਾਂ ਵਿਅਕਤੀ ਨੂੰ ਕਈ ਗੱਲਾਂ ਦਾ, ਕਈ ਚੀਜ਼ਾਂ ਦਾ ਕਈ ਸਹੂਲਤਾਂ

Namdhari Elibrary NamdhariElibrary@gmail.com

ਦਾ ਤਿਆਗ ਕਰਨਾ ਪੈਂਦਾ ਹੈ। ਜੇ ਉਹਨਾਂ ਚੀਜ਼ਾਂ ਦਾ ਬਦਲ ਪੇਸ਼ ਨਾ ਕੀਤਾ ਜਾਵੇ ਤਾਂ ਲੋਕ ਨਾਮਿਲਵਰਤਨ ਦੀ ਲਹਿਰ ਨਾਲ ਹੀ ਨਾਮਿਲਵਰਤਣ ਕਰਨ ਲਗ ਸਕਦੇ ਹਨ।

ਬਲਵੰਤ ਸਿੰਘ ਰਾਮੂਵਾਲੀਆ: ਬਦਲ ਵਜੋਂ ਉਹਨਾਂ ਨੇ 'ਸੁਦੇਸ਼ੀ' ਦਾ ਨਾਅਰਾ ਦਿੱਤਾ। ਮੈਂ ਹੁਣੇ ਕਿਹਾ ਸੀ ਨਾ ਕਿ ਸਤਿਗੁਰੂ ਰਾਮ ਸਿੰਘ ਨੇ ਬਹੁਤ ਲੰਮਾ ਸੋਚ ਕੇ ਅੰਦੋਲਨ ਸ਼ੁਰੂ ਕੀਤਾ ਸੀ।

ਹਰਵਿੰਦਰ ਸਿੰਘ ਹੰਸਪਾਲ: ਸੁਦੇਸ਼ੀ ਦੀ ਲਹਿਰ ਚਲਾ ਕੇ ਅਸਲ ਵਿਚ ਉਹਨਾਂ ਨੇ ਲੋਕਾਂ ਨੂੰ ਅੰਗਰੇਜ਼ਾਂ ਉੱਤੇ ਨਿਰਭਰ ਹੋਣੋ ਬਚਾਇਆ। ਲੋਕਾਂ ਨੇ ਆਪਣੀਆਂ ਨਿੱਤ ਦੀਆਂ ਲੋੜਾਂ ਤਾਂ ਪੂਰੀਆਂ ਕਰਨੀਆਂ ਹੀ ਹੁੰਦੀਆਂ ਹਨ। ਸਤਿਗੁਰੂ ਰਾਮ ਸਿੰਘ ਨੇ ਲੋਕਾਂ ਨੂੰ ਇਸ ਗੱਲ ਲਈ ਤਿਆਰ ਕੀਤਾ ਕਿ ਉਹ ਆਪਣੀਆਂ ਨਿੱਤ ਵਰਤੋਂ ਦੀਆਂ ਚੀਜ਼ਾਂ ਵਸਤਾਂ ਆਪਣੇ ਦੇਸ ਵਿਚ ਆਪ ਤਿਆਰ ਕਰਨ, ਆਤਮ-ਨਿਰਭਰ ਹੋ ਜਾਣ ਅਤੇ ਆਪਣੀਆਂ ਲੋੜਾਂ ਲਈ ਅੰਗਰੇਜ਼ਾਂ ਦੇ ਹੱਥਾਂ ਵੱਲ ਵੇਖਣ ਹੀ ਨਾ।

ਜਗਦੀਸ਼ ਕੌਸ਼ਲ: ਰਾਮੂਵਾਲੀਆ ਜੀ, ਨਾਮਿਲਵਰਤਣ ਦੀ ਇਸ ਲਹਿਰ ਨੂੰ ਠੀਕ ਢੰਗ ਨਾਲ ਚਲਾਉਣ ਲਈ ਅਤੇ ਅੱਗੇ ਵਧਾਉਣ ਲਈ ਸਤਿਗੁਰੂ ਰਾਮ ਸਿੰਘ ਨੇ ਹੋਰ ਕਿਹੜੇ ਕਿਹੜੇ ਢੰਗ-ਤਰੀਕੇ ਅਪਣਾਏ?

ਬਲਵੰਤ ਸਿੰਘ ਰਾਮੂਵਾਲੀਆ: ਇਹਦੇ ਲਈ ਉਹਨਾਂ ਨੇ ਇਕ ਤਾਂ ਆਪਣੇ ਸਿੱਖਾਂ ਨੂੰ ਅਹਿੰਸਕ ਰਹਿਣ ਦੀ ਪ੍ਰੇਰਨਾ ਦਿੱਤੀ। ਉਹਨਾਂ ਦਾ ਹੁਕਮ ਸੀ ਕਿ ਸਥਿਤੀ ਭਾਵੇਂ ਕਿੰਨੀ ਵੀ ਉਕਸਾਹਟ ਵਾਲੀ ਹੋਵੇ, ਕਿਸੇ ਵੀ ਕੀਮਤ ਉੱਤੇ ਹਿੰਸਕ ਨਹੀਂ ਹੋਣਾ, ਅਹਿੰਸਾ ਦਾ ਪੱਲਾ ਨਹੀਂ ਛੱਡਣਾ। ਦੂਜੀ ਗੱਲ ਜਿਹੜੀ ਉਹਨਾਂ ਨੇ ਕੀਤੀ, ਉਹ ਸੀ ਅਨੁਸ਼ਾਸਨ। ਕਿਸੇ ਵੀ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਲਈ ਅਨੁਸ਼ਾਸਨ ਬਹੁਤ ਜ਼ਰੂਰੀ ਹੁੰਦਾ ਹੈ। ਇਸ ਗੱਲ ਨੂੰ ਸਤਿਗੁਰੂ ਰਾਮ ਸਿੰਘ ਚੰਗੀ ਤਰ੍ਹਾਂ ਸਮਝਦੇ ਸਨ। ਉਹ ਜਾਣਦੇ ਸਨ ਕਿ ਹਰੇਕ ਦੇਸ਼-ਭਗਤ, ਹਰੇਕ ਲੋਕ-ਪ੍ਰਸਤ ਅਤੇ ਮਾਨਵਤਾ ਦੇ ਭਲੇ ਦੀ ਗੱਲ ਕਰਨ ਵਾਲੇ ਹਰੇਕ ਵਿਅਕਤੀ ਦਾ ਇਕ ਅਨੁਸ਼ਾਸਨ ਵਿਚ ਰਹਿਣਾ ਜ਼ਰੂਰੀ ਹੈ। ਇਸੇ ਲਈ ਉਹਨਾਂ ਨੇ ਅਹਿੰਸਾ ਅਤੇ ਅਨੁਸ਼ਾਸਨ ਉੱਤੇ ਖ਼ਾਸ ਜ਼ੋਰ ਦਿੱਤਾ।

ਜਗਦੀਸ਼ ਕੌਸ਼ਲ: ਹੰਸਪਾਲ ਜੀ, ਤੁਹਾਡੇ ਵਿਚਾਰ ਅਨੁਸਾਰ ਕਿਹੜੀਆਂ ਗੱਲਾਂ ਨੇ ਸਤਿਗੁਰੂ ਜੀ ਨੂੰ ਨਾਮਧਾਰੀ ਲਹਿਰ ਸ਼ੁਰੂ ਕਰਨ ਲਈ ਮਜ਼ਬੂਰ ਕੀਤਾ? ਇਹਦੇ ਪਿੱਛੇ ਕੀ ਕੋਈ ਧਾਰਮਕ ਕਾਰਨ ਵੀ ਸਨ?

ਹਰਵਿੰਦਰ ਸਿੰਘ ਹੰਸਪਾਲ: ਜਿਹੜੀਆਂ ਗੱਲਾਂ ਰਾਮੂਵਾਲੀਆ ਜੀ ਨੇ ਕੀਤੀਆਂ ਹਨ, ਇਹ ਮੇਰੇ ਵੀ ਧਿਆਨ ਵਿਚ ਨਹੀਂ ਸਨ। ਇਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਪਾਈ ਪਿਰਤ ਨੂੰ ਅੱਗੇ ਤੋਰਨ ਦੀ ਜਿਹੜੀ ਗੱਲ ਆਖੀ ਹੈ, ਉਹਦਾ ਇਕ ਧਾਰਮਕ ਪੱਖ ਵੀ ਸੀ ਜਿਹੜਾ ਸਤਿਗੁਰੂ ਰਾਮ ਸਿੰਘ ਦੇ ਸਾਹਮਣੇ ਸੀ। ਤੁਹਾਨੂੰ ਪਤਾ ਹੀ ਹੈ ਕਿ ਅੰਗਰੇਜ਼ਾਂ ਨੇ ਕਲਕੱਤੇ ਵੱਲੋਂ ਭਾਰਤ ਵਿਚ ਪ੍ਰਵੇਸ਼ ਕੀਤਾ ਅਤੇ ਹੌਲੀ-ਹੌਲੀ ਸਾਰੇ ਹਿੰਦੁਸਤਾਨ ਉੱਤੇ ਰਾਜ ਕਾਇਮ ਕਰ ਲਿਆ। ਪਰ ਉਹਨਾਂ ਦਾ ਰਾਜ ਪੱਕਾ ਉਦੋਂ ਹੋਇਆ ਜਦੋਂ ਉਹਨਾਂ ਨੇ ਆਪਣੀ ਕੂਟਲ ਨੀਤੀ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹਥਿਆ ਲਿਆ। ਉਹਨਾਂ ਨੇ ਮਹਾਰਾਜੇ ਦਾ ਨਾਲੇ ਰਾਜ ਖ਼ਤਮ ਕਰ ਦਿੱਤਾ ਨਾਲੇ ਪਰਵਾਰ ਖ਼ਤਮ ਕਰ ਦਿੱਤਾ। ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾ ਦਿੱਤਾ ਗਿਆ। ਸਤਿਗੁਰੂ ਰਾਮ ਸਿੰਘ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ। ਉਹਨਾਂ ਦੀ ਪਲਟਨ ਨੂੰ ਭਗਤਾਂ ਦੀ ਪਲਟਨ ਆਖਿਆ ਜਾਂਦਾ ਸੀ। ਉਹਨਾਂ ਨੇ ਰਾਜ ਵਿਚ ਤੇ ਫੌਜ ਵਿਚ ਆ ਗਈਆਂ ਬੁਰਾਈਆਂ ਨੂੰ ਅੱਖੀਂ ਵੇਖਿਆ, ਉਹਨਾਂ ਨੇ ਰਾਜ ਦਾ ਤੇ ਸਿੱਖੀ ਦਾ ਪਤਨ ਹੁੰਦਾ ਵੇਖਿਆ ਅਤੇ ਅੰਗਰੇਜ਼ਾਂ ਦੀਆਂ ਕੂਟਲਨੀਤੀਆਂ ਨੂੰ ਵੀ ਭਾਂਪ ਲਿਆ। ਉਹਨਾਂ ਨੇ ਜਦੋਂ ਮਹਿਸੂਸ ਕੀਤਾ ਕਿ ਮੌਜੂਦਾ ਸਥਿਤੀ ਵਿਚ ਅੰਗਰੇਜ਼ਾਂ ਦੀ ਚੜ੍ਹਤ ਨਹੀਂ ਰੋਕੀ ਜਾ ਸਕਦੀ ਤਾਂ ਉਹ ਆਪਣੀ ਬੰਦੂਕ ਸਤਲੁਜ ਵਿਚ ਸੁੱਟ ਕੇ ਆ ਗਏ ਅਤੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਨੂੰ ਬਹਾਲ ਕਰਨ ਵਿਚ ਲੱਗ ਗਏ। ੧੨ ਅਪਰੈਲ ੧੮੫੭ ਨੂੰ ਜਦੋਂ ਉਹਨਾਂ ਨੇ ਸਿੱਖੀ ਨੂੰ ਸੁਰਜੀਤ ਕੀਤਾ ਤਾਂ ਉਹਨਾਂ ਨੂੰ ਸਾਰੇ ਪੰਜਾਬ ਵਿੱਚੋਂ ਸਿਰਫ਼ ਢਾਈ ਸਿੱਖ ਲੱਭੇ। ਢਾਈ ਸਿੱਖ ਇਸ ਤਰ੍ਹਾਂ ਕਿ ਇਕ ਸਿੱਖ ਨੂੰ ਅੱਧਾ ਗਿਣਿਆ ਗਿਆ ਕਿਉਂਕਿ ਉਹ ਸੂਦ ਲੈ ਲੈਂਦਾ ਸੀ। ਉਹਨਾਂ ਨੇ ਭਾਈ ਰਾਏ ਸਿੰਘ ਜੀ ਨੂੰ ਹਜ਼ੂਰ ਸਾਹਿਬ ਭੇਜ ਕੇ ਲੰਗਰ ਦੀ ਮਰਿਆਦਾ ਮੰਗਵਾਈ ਅਤੇ ਨਾਮਧਾਰੀ ਸਿੱਖਾਂ ਵਿਚ ਪ੍ਰਚਲਿਤ ਕੀਤੀ। ਇਹ ਮਰਿਆਦਾ ਗੁਰੂ ਗੋਬਿੰਦ ਸਿੰਘ ਤੋਂ ਪਿੱਛੋਂ ਖ਼ਤਮ ਹੋ ਗਈ ਸੀ। ਅੰਗਰੇਜ਼ ਸਾਮਰਾਜ ਬਹੁਤ ਸ਼ਕਤੀਸ਼ਾਲੀ ਸੀ। ਅਜਿਹੇ ਸ਼ਕਤੀਸ਼ਾਲੀ ਸਾਮਰਾਜ ਨਾਲ ਪੱਕੇ ਪੈਰੀਂ ਹੋ ਕੇ ਹੀ ਟੱਕਰ ਲਈ ਜਾ ਸਕਦੀ ਸੀ। ਇਸ ਲਈ ਸਿੱਖੀ ਨੂੰ ਸੁਰਜੀਤ ਕਰਨਾ ਬਹੁਤ ਜ਼ਰੂਰੀ ਸੀ। ਸਿੱਖੀ ਅਨੁਸ਼ਾਸਨ ਸਿਖਾਉਂਦੀ ਹੈ। ਤੇ ਅਨੁਸ਼ਾਸਨ ਵਿਚ ਰਹਿ ਕੇ ਹੀ ਨਾਮਿਲਵਰਤਣ ਤੇ ਸੁਦੇਸ਼ੀ ਦੀ ਲਹਿਰ ਨੂੰ ਅਹਿੰਸਕ ਰਹਿ ਕੇ ਚਲਾਇਆ ਜਾ ਸਕਦਾ ਸੀ। ਏਨੇ ਵੱਡੇ ਸਾਮਰਾਜ ਨਾਲ ਬੰਦੂਕ ਦੀ ਲੜਾਈ ਲੜਨੀ ਤਾਂ ਸੰਭਵ ਨਹੀਂ ਸੀ। ਸਤਿਗੁਰੂ ਰਾਮ ਸਿੰਘ ਦੇ ਵਰਤੇ ਇਹਨਾਂ ਢੰਗ-ਤਰੀਕਿਆਂ ਨੂੰ ਹੀ ਪਿੱਛੋਂ ਮਹਾਤਮਾ ਗਾਂਧੀ ਨੇ ਅਪਣਾਇਆ।

ਜਗਦੀਸ਼ ਕੌਸ਼ਲ: ਨਾਮਿਲਵਰਤਣ ਦੇ ਬਹੁਤ ਸਾਰੇ ਅਜਿਹੇ ਢੰਗ ਵੀ ਸਨ ਜਿਹੜੇ ਸਤਿਗੁਰੂ ਰਾਮ ਸਿੰਘ ਨੇ ਵਰਤੇ ਪਰ ਮਹਾਤਮਾ ਗਾਂਧੀ ਵੇਲੇ ਨਹੀਂ ਅਪਣਾਏ ਗਏ ਜਿਵੇਂ ਅੰਗਰੇਜ਼ਾਂ ਦੀਆਂ ਬਣਾਈਆਂ ਸੜਕਾਂ ਉੱਤੇ ਨਾ ਚੱਲਣਾ, ਰੇਲ-ਗੱਡੀਆਂ ਉੱਤੇ ਨਾ ਚੜ੍ਹਨਾ, ਉਹਨਾਂ ਦੇ ਸਕੂਲਾਂ ਵਿਚ ਬੱਚਿਆਂ ਨੂੰ ਨਾ ਪੜ੍ਹਾਉਣਾ।

ਹਰਵਿੰਦਰ ਸਿੰਘ ਹੰਸਪਾਲ: ਬਿਲਕੁਲ ਇਹ ਗੱਲ ਇਸੇ ਤਰ੍ਹਾਂ ਹੀ ਸੀ। ਰੇਲ-ਗੱਡੀਆਂ ਸਕੂਲਾਂ ਤੇ ਕਚਹਿਰੀਆਂ ਦੀ ਤਾਂ ਗੱਲ ਹੀ ਛੱਡੋ ਨਾਮਧਾਰੀ ਸਿੰਘ ਤਾਂ ਅੰਗਰੇਜ਼ਾਂ ਦੇ ਪੁੱਟੇ ਖੂਹਾਂ ਦਾ ਪਾਣੀ ਨਹੀਂ ਸਨ ਪੀਂਦੇ, ਉਹਨਾਂ ਦੇ ਲਾਏ ਦਰਖ਼ਤਾਂ ਦੀ ਛਾਂ ਹੇਠ ਨਹੀਂ ਸਨ ਬੈਠਦੇ। ਡਾਕ ਦਾ ਪ੍ਰਬੰਧ ਉਹਨਾਂ ਨੇ ਆਪਣਾ ਚਲਾਇਆ।

ਜਗਦੀਸ਼ ਕੌਸ਼ਲ: ਰਾਮੂਵਾਲੀਆ ਜੀ, ਤੁਸੀਂ ਹੁਣੇ ਆਖਿਆ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਪਿਰਤ ਅੱਗੇ ਤੋਰੀ। ਗੁਰੂ ਨਾਨਕ ਦੇਵ ਜੀ ਦੇ ਜਤਨ ਮਨੁੱਖਜਾਤੀ ਦੇ ਸੁਧਾਰ ਵੱਲ, ਸਮਾਜ ਦੇ ਸੁਧਾਰ ਵੱਲ ਸੇਧੇ ਹੋਏ ਸਨ। ਇਸ ਪੱਖੋਂ ਸਤਿਗੁਰੂ ਰਾਮ ਸਿੰਘ ਨੇ ਕਿਹੜੇ ਜਤਨ ਕੀਤੇ ?

ਬਲਵੰਤ ਸਿੰਘ ਰਾਮੂਵਾਲੀਆ: ਕੌਸ਼ਲ ਜੀ, ਕਿਸੇ ਵੀ ਲਹਿਰ ਦੀ ਮਜ਼ਬੂਤੀ ਲਈ ਸਮਾਜਕ ਮਜ਼ਬੂਤੀ ਬਹੁਤ ਜ਼ਰੂਰੀ ਹੁੰਦੀ ਹੈ। ਜੇ ਸਾਡਾ ਘਰ ਠੀਕ ਨਹੀਂ ਤਾਂ ਅਸੀਂ ਬਾਹਰਲੀਆਂ ਸ਼ਕਤੀਆਂ ਦਾ ਟਾਕਰਾ ਕਿਵੇਂ ਕਰ ਸਕਾਂਗੇ ਤੇ ਬਾਹਰਲੀਆਂ ਸ਼ਕਤੀਆਂ ਵੀ ਜੇ ਬਰਤਾਨਵੀ ਸਾਮਰਾਜ ਵਰਗੀਆਂ ਹੋਣ। ਸਤਿਗੁਰੂ ਰਾਮ ਸਿੰਘ ਨੇ ਇਸ ਗੱਲ ਨੂੰ ਸਮਝਿਆ। ਉਹਨਾਂ ਨੇ ਨਸ਼ਿਆਂ-ਪੱਤਿਆਂ ਤੋਂ

Namdhari Elibrary NamdhariElibrary@gmail.com

ਦੂਰ ਰਹਿਣ ਅਤੇ ਤਨ-ਮਨ ਸ਼ੁੱਧ ਰੱਖਣ ਉੱਤੇ ਬਲ ਦਿੱਤਾ। ਸਾਡੇ ਸਮਾਜ ਵਿਚ ਪ੍ਰਚਲਿਤ ਦਾਜ-ਦਹੇਜ ਦੀ ਲਾਹਨਤ ਨੂੰ ਦੂਰ ਕਰਨ, ਵਿਆਹਾਂ-ਸ਼ਾਦੀਆਂ ਉੱਤੇ ਫਜ਼ੂਲ-ਖ਼ਰਚੀ ਕਰਕੇ ਕਰਜ਼ਾਈ ਹੋਣ ਤੋਂ ਲੋਕਾਂ ਨੂੰ ਬਚਾਉਣ ਲਈ ਉਹਨਾਂ ਨੇ ਸਮੂਹਿਕ ਅਨੰਦ-ਕਾਰਜ ਦਾ ਸਿਲਸਲਾ ਸ਼ੁਰੂ ਕੀਤਾ ਅਤੇ ਇੰਜ ਸਮਾਜ ਨੂੰ ਬਿਹਤਰ ਬਣਾਉਣ ਦੇ ਜਤਨ ਕੀਤੇ।

ਜਗਦੀਸ਼ ਕੌਸ਼ਲ: ਹੰਸਪਾਲ ਜੀ, ਸਤਿਗੁਰੂ ਰਾਮ ਸਿੰਘ ਨੇ ਇਸਤਰੀ ਜਾਤੀ ਦੀ ਦਸ਼ਾ ਸੁਧਾਰਨ ਲਈ ਅਤੇ ਉਹਦਾ ਆਦਰ-ਮਾਣ ਬਹਾਲ ਕਰਨ ਲਈ ਕਿਹੜੇ-ਕਿਹੜੇ ਜਤਨ ਕੀਤੇ?

ਹਰਵਿੰਦਰ ਸਿੰਘ ਹੰਸਪਾਲ: ਇਕ ਤਾਂ ਜਿਹੜੀ ਗੱਲ ਰਾਮੂਵਾਲੀਆ ਜੀ ਨੇ ਆਖੀ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਦਾਜ-ਦਹੇਜ ਲੈਣਾ-ਦੇਣਾ ਬੰਦ ਕੀਤਾ। ਇਸਦਾ ਸਿੱਧਾ ਸੰਬੰਧ ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਨਾਲ ਹੈ। ਉਹਨਾਂ ਦੇ ਇਸ ਹੁਕਮ ਦੀ ਅੱਜ ਵੀ ਸਾਰੇ ਨਾਮਧਾਰੀ ਸਿੱਖ ਦ੍ਰਿੜਤਾ ਨਾਲ ਪਾਲਣਾ ਕਰਦੇ ਹਨ। ਉਹਨਾਂ ਸਮਿਆਂ ਵਿਚ, ਤੁਸੀਂ ਜਾਣਦੇ ਹੋ, ਸਤੀ-ਪ੍ਰਥਾ ਦਾ ਬਹੁਤ ਜ਼ੋਰ ਸੀ। ਉਹਨਾਂ ਨੇ ਇਹ ਪ੍ਰਥਾ ਨਾ ਸਿਰਫ਼ ਬੰਦ ਕਰਵਾਈ ਸਗੋਂ ਵਿਧਵਾ-ਵਿਆਹ ਵੀ ਸ਼ੁਰੂ ਕਰਵਾਏ। ਬਾਲ-ਵਿਆਹਾਂ ਦਾ ਰਿਵਾਜ ਵੀ ਉਹਨਾਂ ਨੇ ਖ਼ਤਮ ਕਰਵਾਇਆ। ਇਸਤਰੀ ਜਾਤੀ ਉੱਤੇ ਸਭ ਤੋਂ ਵੱਡਾ ਜ਼ੁਲਮ ਇਹ ਕੀਤਾ ਜਾਂਦਾ ਸੀ ਕਿ ਲੜਕੀਆਂ ਨੂੰ ਜੰਮਦੀਆਂ ਨੂੰ ਹੀ ਗਲ ਘੁੱਟ ਕੇ ਮਾਰ ਦਿੱਤਾ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਨੇ ਇਸ ਜ਼ੁਲਮ ਦਾ ਖ਼ਾਤਮਾ ਕੀਤਾ। ਉਹਨਾਂ ਨੇ ਵੱਟੇ ਦੇ ਸਾਕ ਬੰਦ ਕਰਵਾਏ। ਉਹਨਾਂ ਨੇ ਧਾਰਮਕ ਤੌਰ ਉੱਤੇ ਇਕ ਹੋਰ ਗੱਲ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿਰਫ਼ ਸਿੰਘਾਂ ਨੂੰ ਹੀ ਅੰਮ੍ਰਿਤ ਛਕਾਇਆ ਸੀ, ਸਤਿਗੁਰੂ ਰਾਮ ਸਿੰਘ ਨੇ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ। ਇਹ ਰੀਤ ਉਹਨਾਂ ਨੇ ਲੁਧਿਆਣੇ ਦੇ ਇਕ ਪਿੰਡ ਸਿਆੜ੍ਹ ਤੋਂ ਸ਼ੁਰੂ ਕੀਤੀ ਤੇ ਇਸਤਰੀਆਂ ਨੂੰ ਕਛਹਿਰੇ ਪਾਉਣ ਦੀ ਵੀ ਆਗਿਆ ਦਿੱਤੀ।

ਜਗਦੀਸ਼ ਕੌਸ਼ਲ: ਉਹਨਾਂ ਨੇ ਇਕ ਇਸਤਰੀ ਨੂੰ ਸੂਬਾ ਵੀ ਤਾਂ ਥਾਪਿਆ ਸੀ?

ਹਰਵਿੰਦਰ ਸਿੰਘ ਹੰਸਪਾਲ: ਉਸ ਇਸਤਰੀ ਦਾ ਨਾਂ ਸੀ ਬੀਬੀ ਹੁਕਮੀ। ਇਹ ਸਾਰੇ ਜਤਨ ਉਹਨਾਂ ਨੇ ਏਸ ਕਰਕੇ ਕੀਤੇ ਕਿ ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਰਜਾ ਦੁਆਇਆ ਜਾ ਸਕੇ।

ਜਗਦੀਸ਼ ਕੌਸ਼ਲ: ਰਾਮੂਵਾਲੀਆ ਜੀ, ਨਾਮਧਾਰੀ ਲਹਿਰ ਨੂੰ ਚਲਾਉਣ ਦੇ ਸਤਿਗੁਰੂ ਰਾਮ ਸਿੰਘ ਦੇ ਇਹਨਾਂ ਜਤਨਾਂ ਦਾ ਲੇਖਾ-ਜੋਖਾ ਤੁਸੀਂ ਕਿਵੇਂ ਕਰਦੇ ਹੋ?

ਬਲਵੰਤ ਸਿੰਘ ਰਾਮੂਵਾਲੀਆ: ਮੈਂ ਸਮਝਦਾਂ, ਜਿਸ ਢੰਗ ਨਾਲ ਉਹਨਾਂ ਨੇ ਇਸ ਲਹਿਰ ਨੂੰ ਯੋਜਨਾਬੱਧ ਕੀਤਾ, ਉਹ ਵਿਲੱਖਣ ਸੀ। ਉਹਨਾਂ ਵੱਲੋਂ ਚੁੱਕਿਆ ਗਿਆ ਇੱਕ-ਇੱਕ ਕਦਮ, ਉਹਨਾਂ ਵੱਲੋਂ ਅਪਣਾਇਆ ਗਿਆ ਇੱਕ-ਇੱਕ ਢੰਗ ਹੈਰਾਨਕੁਨ ਹੈ। ਇਸ ਬਾਰੇ ਸੋਚ ਕੇ ਹੀ ਸਿਰ ਝੁਕ ਜਾਂਦੈ। ਧਰਮ ਦੇ ਪੱਖੋਂ, ਦੇਸ ਦੀ ਸੁਤੰਤਰਤਾ ਦੇ ਪੱਖੋਂ, ਮਨੁੱਖੀ ਅਜ਼ਾਦੀ ਦੇ ਪੱਖੋਂ, ਇਸਤਰੀ ਜਾਤੀ ਦਾ ਆਦਰ-ਮਾਣ ਬਹਾਲ ਕਰਨ ਦੇ ਪੱਖੋਂ, ਲੋਕਾਈ ਦੇ ਭਲੇ, ਭਾਵ ਸਰਬੱਤ ਦੇ ਭਲੇ ਦੇ ਪੱਖੋਂ ਸਤਿਗੁਰੂ ਰਾਮ ਸਿੰਘ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਨਾਨਕ ਨਾਮ-ਲੇਵਾ ਅਤੇ ਵਾਰਸ ਸਿੱਧ ਕੀਤਾ। ਸਿੱਖ-ਸੇਵਕਾਂ ਉੱਤੇ ਇਹਨਾਂ ਦਾ ਏਨਾ ਪ੍ਰਭਾਵ ਸੀ ਕਿ ਇਹ ਕਦੀ ਨਹੀਂ ਹੋਇਆ ਕਿ ਇਹਨਾਂ ਨੇ ਕੋਈ ਗੱਲ ਆਖੀ ਹੋਵੇ ਤੇ ਸਿੱਖ-ਸੇਵਕਾਂ ਨੇ ਨਾ ਮੰਨੀ ਹੋਵੇ। ਜੇ ਇਹਨਾਂ ਨੇ ਕਿਹਾ ਕਿ ਨਾਮਿਲਵਰਤਣ ਕਰਨਾ ਹੈ ਤਾਂ ਉਹਨਾਂ ਨੇ ਤਨੋਂ-ਮਨੋਂ ਕੀਤਾ। ਜੇ ਇਹਨਾਂ ਨੇ ਕਿਹਾ ਕਿ ਸੁਦੇਸ਼ੀ ਰਹਿਣਾ ਹੈ ਤਾਂ ਉਹਨਾਂ ਨੇ ਪੂਰੀ ਤਰ੍ਹਾਂ ਸੁਦੇਸ਼ੀ ਧਾਰਣ ਕੀਤਾ। ਜੇ ਸਤਿਗੁਰੂ ਜੀ ਨੇ ਕਿਹਾ ਕਿ ਅਹਿੰਸਕ ਰਹਿਣੈ ਤਾਂ ਨਾ ਸਿਰਫ਼ ਸਿੱਖ-ਸੇਵਕ ਅਹਿੰਸਕ ਰਹੇ ਸਗੋਂ ਦੂਜਿਆਂ ਦੇ ਵਾਰ ਨੂੰ ਵੀ ਹੱਸ-ਹੱਸ ਕੇ ਸਹਿ ਜਾਂਦੇ ਰਹੇ। ਇਸ ਸੰਬੰਧ ਵਿਚ ਸਭ ਤੋਂ ਵੱਡੀ ਮਿਸਾਲ ਮਲੇਰਕੋਟਲੇ ਦੀ ਹੈ ਜਿਥੇ ਅੰਗਰੇਜ਼ ਅਫ਼ਸਰਾਂ ਨੇ ਕੂਕੇ ਸਿੰਘਾਂ ਨੂੰ ਤੋਪਾਂ ਅੱਗੇ ਬੰਨ੍ਹ ਕੇ- - - -

ਹਰਵਿੰਦਰ ਸਿੰਘ ਹੰਸਪਾਲ: ਨਹੀਂ ਰਾਮੂਵਾਲੀਆ ਜੀ, ਬੰਨ੍ਹ ਕੇ ਨਹੀਂ। ਤੋਪਾਂ ਅੱਗੇ ਬੰਨ੍ਹ ਕੇ ਉਡਾਉਣ ਦੀ ਤਾਂ ਲੋੜ ਹੀ ਨਹੀਂ ਪਈ। ਸਿੰਘ ਤਾਂ ਆਪ ਤੋਪਾਂ ਦੇ ਸਾਹਮਣੇ ਖੜ੍ਹੇ ਹੁੰਦੇ ਗਏ ਤੇ ਤੋਪਾਂ ਚਲਦੀਆਂ ਰਹੀਆਂ। ਇਸ ਮੌਕੇ ਦੀ ਇਕ ਕਹਾਣੀ ਵੀ ਤੁਸੀਂ ਸੁਣੀ ਹੋਵੇਗੀ ਕਿ ਇਕ ਸਿੰਘ ਦਾ ਕੱਦ ਬਹੁਤ ਛੋਟਾ ਸੀ। ਅੰਗਰੇਜ਼ ਅਫ਼ਸਰ ਉਹਨੂੰ ਛੱਡਣਾ ਚਾਹੁੰਦੇ ਸਨ ਪਰ ਉਹ ਕਿਧਰੋਂ ਇੱਟਾਂ ਇਕੱਠੀਆਂ ਕਰ ਲਿਆਇਆ ਤੇ ਤੋਪ ਦੇ ਮੂਹਰੇ ਇੱਟਾਂ ਰੱਖ ਕੇ ਖੜਾ ਹੋ ਗਿਆ। ਜੇ ਬੰਨ੍ਹਣ ਵਾਲੀ ਗੱਲ ਹੁੰਦੀ ਤਾਂ ਉਹਨੂੰ ਇੱਟਾਂ ਲਿਆਉਣ ਦੀ ਲੋੜ ਨਾ ਪੈਂਦੀ।

ਬਲਵੰਤ ਸਿੰਘ ਰਾਮੂਵਾਲੀਆ: ਮਤਲਬ ਹੈ ਕਿ ਉਹਨਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਪਰ ਉਹਨਾਂ ਉਫ਼ ਤੱਕ ਨਹੀਂ ਕੀਤੀ। ਇਹ ਸਭ ਉਹਨਾਂ ਨੇ ਸਤਿਗੁਰੂ ਰਾਮ ਸਿੰਘ ਦੇ ਹੁਕਮ ਅਨੁਸਾਰ ਕੀਤਾ। ਏਨਾ ਵੱਡਾ ਜਿਗਰਾ ਉਹਨਾਂ ਵਿਚ ਸਤਿਗੁਰੂ ਰਾਮ ਸਿੰਘ ਦੇ ਪ੍ਰਤੀ ਸ਼ਰਧਾ ਅਤੇ ਪਿਆਰ ਸਦਕਾ ਹੀ ਪੈਦਾ ਹੋਇਆ ਜਿਸ ਕਰਕੇ ਉਹਨਾਂ ਨੇ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ।

ਜਗਦੀਸ਼ ਕੌਸ਼ਲ: ਹੁਣ ਤੱਕ ਦੀ ਆਪਣੀ ਇਸ ਗੱਲਬਾਤ ਤੋਂ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਇਹ ਲਹਿਰ ਪੂਰੀ ਤਰ੍ਹਾਂ ਅਹਿੰਸਕ ਸੀ। ਇਹ ਲੋਕ-ਭਲਾਈ ਅਤੇ ਸਮਾਜ- ਸੁਧਾਰ ਦੀ ਲਹਿਰ ਸੀ। ਕਿਸੇ ਨੂੰ ਹਥਿਆਰਾਂ ਨਾਲ ਮਾਰਨ ਵਾਲੀ ਇਸ ਵਿਚ ਕੋਈ ਗੱਲ ਨਹੀਂ ਸੀ। ਫੇਰ ਵੀ ਅੰਗਰੇਜ਼ ਸਤਿਗੁਰੂ ਰਾਮ ਸਿੰਘ ਤੋਂ ਏਨਾ ਡਰ ਕਿਉਂ ਗਏ ਸਨ ਕਿ ਪਹਿਲਾਂ ਉਹਨਾਂ ਨੂੰ ਨਜ਼ਰਬੰਦ ਕੀਤਾ ਗਿਆ ਤੇ ਪਿੱਛੋਂ ਜਲਾਵਤਨ ਕਰ ਦਿੱਤਾ ਗਿਆ? ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

ਬਲਵੰਤ ਸਿੰਘ ਰਾਮੂਵਾਲੀਆ: ਇਸ ਬਾਰੇ ਮੈਂ ਇਹ ਕਹਿਣਾ ਚਾਹਾਂਗਾ ਕਿ ਅਸਲ ਵਿਚ ਅੰਗਰੇਜ਼ਾਂ ਦੀ ਹਕੂਮਤ ਨੂੰ ਇਸ ਲਹਿਰ ਤੋਂ ਹੀ ਖ਼ਤਰਾ ਸੀ। ਉਹਨਾਂ ਨੂੰ ਆਪਣੀ ਹਕੂਮਤ ਜਾਂਦੀ ਨਜ਼ਰ ਆਉਂਦੀ ਸੀ। ਅੰਗਰੇਜ਼ਾਂ ਨੂੰ ਖ਼ੁਫ਼ੀਆ ਤੌਰ ਉੱਤੇ ਇਹ ਸੂਚਨਾ ਮਿਲ ਚੁੱਕੀ ਸੀ ਕਿ ਇਹ ਲਹਿਰ ਉਹਨਾਂ ਨੂੰ ਲੋਕਾਂ ਤੋਂ ਅਲਗ-ਥਲਗ ਕਰ ਦੇਵੇਗੀ। ਕੋਈ ਹਕੂਮਤ, ਕੋਈ ਸਾਮਰਾਜੀ ਤਾਕਤ ਜਾਂ ਬਾਦਸ਼ਾਹਤ ਜਦੋਂ ਲੋਕਾਂ ਤੋਂ ਅਲਗ-ਥਲਗ ਹੋਣ ਲਗਦੀ ਹੈ ਤਾਂ ਉਹਨੂੰ ਆਪਣੀ ਮੌਤ ਨਜ਼ਰ ਆਉਣ ਲਗ ਪੈਂਦੀ ਹੈ। ਅੰਗਰੇਜ਼ ਚਾਹੁੰਦੇ ਸਨ ਕਿ ਇਹ ਲਹਿਰ ਕਿਸੇ-ਨਾ-ਕਿਸੇ ਤਰ੍ਹਾਂ ਹਿੰਸਕ ਹੋ ਜਾਏ। ਏਸੇ ਕਰਕੇ ਉਹਨਾਂ ਨੇ ਬੁੱਚੜਖਾਨੇ ਖੁਲ੍ਹਵਾ ਕੇ ਸਿੱਖਾਂ ਨੂੰ ਗੁੱਸਾ ਦੁਆਉਣ ਅਤੇ ਚਿੜਾਉਣ ਦੀ ਕੋਸ਼ਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋਏ। ਜੇ ਲਹਿਰ ਹਿੰਸਕ ਹੋ ਜਾਂਦੀ ਤਾਂ ਅੰਗਰੇਜ਼ ਸਰਕਾਰ ਨੂੰ ਬਦਲੇ ਵਿਚ ਹਿੰਸਾ ਕਰਨ ਦਾ ਲਾਇਸੰਸ ਮਿਲ ਜਾਂਦਾ। ਇੰਜ ਉਹਨਾਂ ਲਈ ਲਹਿਰ ਨੂੰ ਹਿੰਸਾ ਨਾਲ ਦਬਾਉਣਾ ਸੌਖਾ ਹੋ ਜਾਂਦਾ। ਪਰ ਸਤਿਗੁਰੂ ਰਾਮ ਸਿੰਘ ਇਸ ਗੱਲੋਂ ਸੁਚੇਤ ਸਨ। ਉਹਨਾਂ ਨੇ ਅੰਗਰੇਜ਼ਾਂ ਦੀ ਚਾਲ

Namdhari Elibrary NamdhariElibrary@gmail.com

ਕਾਮਯਾਬ ਨਹੀਂ ਹੋਣ ਦਿੱਤੀ। ਲਹਿਰ ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਉਹਨਾਂ ਨੂੰ ਪਹਿਲਾਂ ਨਜ਼ਰਬੰਦ ਕੀਤਾ ਅਤੇ ਫੇਰ ਜਲਾਵਤਨ ਕਰ ਦਿੱਤਾ।

ਜਗਦੀਸ਼ ਕੌਸ਼ਲ: ਅੰਗਰੇਜ਼ਾਂ ਦੇ ਸਾਹਮਣੇ ਇਕ ਵੱਡਾ ਡਰ 'ਸੁਦੇਸ਼ੀ' ਦਾ ਵੀ ਤਾਂ ਸੀ ਨਾ। ਇਹਦੇ ਨਾਲ ਅੰਗਰੇਜ਼ ਦੇ ਵਾਪਾਰ ਨੂੰ ਧੱਕਾ ਪਹੁੰਚਦਾ ਸੀ, ਉਹਦੀ ਮੰਡੀ ਖ਼ਰਾਬ ਹੁੰਦੀ ਸੀ।

ਹਰਵਿੰਦਰ ਸਿੰਘ ਹੰਸਪਾਲ: ਲਹਿਰ ਦੇ ਸੁਦੇਸ਼ੀ ਵਾਲੇ ਪੱਖ ਦੀ ਇਹ ਗੱਲ ਤੁਸੀਂ ਬਹੁਤ ਢੁੱਕਵੀਂ ਉਠਾਈ ਹੈ। ਅੱਜ ਵੀ ਸਾਨੂੰ ਕਈ ਅੰਗਰੇਜ਼-ਭਗਤ ਬਜ਼ੁਰਗ ਮਿਲ ਜਾਂਦੇ ਹਨ ਜਿਹੜੇ ਕਹਿੰਦੇ ਹਨ ਕਿ ਦੇਖੋ ਜੀ, ਅੰਗਰੇਜਾਂ ਨੇ ਸਾਡੇ ਵਾਸਤੇ ਸੜਕਾਂ ਬਣਾਈਆਂ, ਰੇਲ-ਗੱਡੀਆਂ ਚਲਾਈਆਂ ਤੇ ਪਿਸ਼ੌਰ ਨੂੰ ਬੰਬਈ ਨਾਲ ਜੋੜ ਦਿੱਤਾ। ਪਰ ਉਹਨਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਉਹਨਾਂ ਨੇ ਇਹ ਸਹੂਲਤਾਂ ਸਾਡੇ ਵਾਸਤੇ, ਭਾਵ ਆਪਣੀ ਪਰਜਾ ਵਾਸਤੇ ਮੁਹੱਈਆ ਨਹੀਂ ਸਨ ਕੀਤੀਆਂ। ਉਹਨਾਂ ਨੇ ਤਾਂ ਭਾਰਤ ਤੋਂ ਸਸਤੇ ਭਾਅ ਕਪਾਹ ਲੈ ਕੇ ਬਾਹਰ ਭੇਜਣੀ ਹੁੰਦੀ ਸੀ ਤੇ ਬਾਹਰੋਂ ਕੱਪੜਾ ਬਣਵਾ ਕੇ ਮਹਿੰਗੇ ਭਾਅ ਸਾਨੂੰ ਵੇਚਣਾ ਹੁੰਦਾ ਸੀ। ਉਹ ਏਥੋਂ ਸਸਤਾ ਕੱਚਾ ਲੋਹਾ ਲਿਜਾ ਕੇ ਆਪਣੇ ਕਾਰਖਾਨੇ ਚਲਾਉਂਦੇ ਸਨ ਤੇ ਬਣੀਆਂ ਹੋਈਆਂ ਚੀਜ਼ਾਂ ਮਹਿੰਗੇ ਭਾਅ ਭਾਰਤ ਵਿਚ ਵੇਚਦੇ ਸਨ। ਸੜਕਾਂ ਤੇ ਰੇਲਾਂ ਤਾਂ ਉਹਨਾਂ ਨੇ ਆਪਣਾ ਵਪਾਰ ਵਧਾਉਣ ਵਾਸਤੇ ਬਣਾਈਆਂ ਸਨ। ਉਹ ਕਹਿੰਦੇ ਇਹ ਸਨ ਕਿ ਹਿੰਦੁਸਤਾਨ ਦਾ ਜਲਵਾਯੂ ਲੋਹੇ ਦੇ ਕਾਰਖਾਨੇ ਲਾਉਣ ਲਈ ਮੁਆਫ਼ਕ ਨਹੀਂ। ਅਸਲ ਵਿਚ ਅੰਗਰੇਜ਼ ਸਾਡੇ ਦੇਸ ਵਿਚ ਇਕ ਕੰਪਨੀ ਦੇ ਰੂਪ ਵਿਚ ਵਪਾਰ ਕਰਨ ਆਏ ਸਨ ਪਰ ਏਥੇ ਨਾਲ ਹਕੂਮਤ ਵੀ ਕਰਨ ਲੱਗ ਪਏ। ਸੁਦੇਸ਼ੀ ਦੀ ਲਹਿਰ ਨੇ ਉਹਨਾਂ ਦੇ ਵਪਾਰ ਲਈ ਖ਼ਤਰਾ ਪੈਦਾ ਕਰ ਦਿੱਤਾ ਸੀ।

ਬਲਵੰਤ ਸਿੰਘ ਰਾਮੂਵਾਲੀਆ: ਖ਼ਤਰਾ ਉਹਨਾਂ ਦੇ ਸਾਹਮਣੇ ਇਕ ਹੋਰ ਵੀ ਸੀ। ਉਹਨਾਂ ਨੂੰ ਸਹੇ ਦੀ ਚਿੰਤਾ ਵੀ ਸੀ ਤੇ ਪਹੇ ਦੀ ਵੀ ਸੀ। ਉਹਨਾਂ ਨੂੰ ਡਰ ਸੀ ਕਿ ਇਹੋ ਜਿਹੀ ਲਹਿਰ ਕਿਤੇ ਅਫ਼ਰੀਕਾ ਵਿਚ, ਮਲੇਸ਼ੀਆ ਵਿਚ ਤੇ ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਹੋਰਨਾਂ ਦੇਸਾਂ ਵਿਚ ਨਾ ਫੈਲ ਜਾਏ।

ਜਗਦੀਸ਼ ਕੌਸ਼ਲ: ਹੰਸਪਾਲ ਜੀ, ਜਿਹੜੇ ਮਿਸ਼ਨ ਨੂੰ ਲੈ ਕੇ ਸਤਿਗੁਰੂ ਰਾਮ ਸਿੰਘ ਚੱਲੇ ਤੇ ਜੀਹਨੂੰ ਅੱਜ ਸਤਿਗੁਰੂ ਜਗਜੀਤ ਸਿੰਘ ਤੇ ਨਾਮਧਾਰੀ ਦਰਬਾਰ ਨਾਲ ਨੇੜਿਓਂ ਜੁੜੇ ਤੁਹਾਡੇ ਵਰਗੇ ਸੱਜਣ ਲੈ ਕੇ ਚੱਲ ਰਹੇ ਹੋ, ਉਹਦੀ ਅਜੋਕੇ ਸਮੇਂ ਵਿਚ ਕੀ ਮਹੱਤਤਾ ਹੈ?

ਹਰਵਿੰਦਰ ਸਿੰਘ ਹੰਸਪਾਲ: ਗੱਲ ਇਹ ਹੈ ਕਿ ਅੰਗਰੇਜ਼ ਨੇ ਕੁਟਲ ਨੀਤੀ ਵਰਤ ਕੇ ਸਾਨੂੰ ਪਾੜਿਆ। ਆਪਾਂ ਹੁਣੇ ਗੱਲ ਕੀਤੀ ਹੈ ਕਿ ਅੰਗਰੇਜ਼ ਸਰਕਾਰ ਸਤਿਗੁਰੂ ਰਾਮ ਸਿੰਘ ਤੋਂ ਭੈਭੀਤ ਸੀ। ਭੈਭੀਤ ਹੋਣ ਦਾ ਇਕ ਵੱਡਾ ਕਾਰਨ ਇਹ ਸੀ ਕਿ ਲੋਕ ਸਤਿਗੁਰੂ ਰਾਮ ਸਿੰਘ ਪ੍ਰਤੀ ਅਥਾਹ ਸ਼ਰਧਾ ਰਖਦੇ ਸਨ, ਉਹਨਾਂ ਦੇ ਹਰ ਹੁਕਮ ਨੂੰ ਮੰਨਦੇ ਸਨ। ਇਕ ਵਾਰ ਸਤਿਗੁਰੂ ਰਾਮ ਸਿੰਘ ਹੋਲੇ ਦੇ ਮੌਕੇ ਅਨੰਦਪੁਰ ਸਾਹਿਬ ਜਾ ਰਹੇ ਸਨ। ਉਹ ਘੋੜੇ ਉੱਤੇ ਸਵਾਰ ਸਨ। ਉਹਨਾਂ ਦੇ ਪਿੱਛੇ ੨੨ ਹਜ਼ਾਰ ਸਿੰਘ ਚਲ ਰਹੇ ਸਨ-ਕਈ ਘੋੜਿਆਂ ਉੱਤੇ ਤੇ ਕਈ ਪੈਦਲ। ਜਦੋਂ ਸਤਿਗੁਰੂ ਜੀ ਨੇ ਰੁਕਣ ਲਈ ਬਾਂਹ ਉੱਚੀ ਕੀਤੀ ਤਾਂ ਬਾਈ ਹਜ਼ਾਰ ਦੇ ਬਾਈ ਹਜ਼ਾਰ ਸਿੰਘ ਇਕਦਮ ਰੁਕ ਗਏ। ਇਹਦਾ ਮਤਲਬ ਇਹ ਹੋਇਆ ਕਿ ਉਹ ਸਾਰੇ ਇੱਕੋ ਪਾਸੇ ਸਤਿਗੁਰੂ ਜੀ ਵੱਲ ਹੀ ਵੇਖ ਰਹੇ ਸਨ। ਇਹ ਇਕ ਅਨੁਸ਼ਾਸਨ ਸੀ ਜਿਹੜਾ ਨਾਮਧਾਰੀ ਲਹਿਰ ਨੇ ਲੋਕਾਂ ਵਿਚ ਪੈਦਾ ਕੀਤਾ ਸੀ। ਏਸੇ ਗੱਲ ਤੋਂ ਅੰਗਰੇਜ਼ ਭੈਭੀਤ ਸੀ। ਅੱਜ ਦੇ ਪ੍ਰਸੰਗ ਵਿਚ ਵੀ ਅਨੁਸ਼ਾਸਨ ਦਾ ਮਹੱਤਵ ਓਨਾ ਹੀ ਹੈ। ਇਕ ਗੱਲ ਦੇਖ ਕੇ ਅਫ਼ਸੋਸ ਹੁੰਦਾ ਹੈ ਕਿ ਲੋਕਾਂ ਨੂੰ ਪਾੜਨ ਦਾ ਜਿਹੜਾ ਕੰਮ ਅੰਗਰੇਜ਼ ਆਪਣੇ ਸਮੇਂ ਵਿਚ ਕਰ ਗਿਆ ਉਹਦਾ ਅਸਰ ਅਜੇ ਵੀ ਹੈ ਤੇ ਸ਼ਾਇਦ ਸਾਥੋਂ ਅਗਲੀ ਪੀੜ੍ਹੀ ਤੱਕ ਵੀ ਖ਼ਤਮ ਨਾ ਹੋਵੇ। ਰਾਮੂਵਾਲੀਆ ਜੀ, ਤੁਸੀਂ ਘੱਟ-ਗਿਣਤੀ ਕਮਿਸ਼ਨ ਦੇ ਮਾਣਯੋਗ ਮੈਂਬਰ ਹੋ। ਆਪਾਂ ਸੋਚੀਏ, ਬਈ ਇਸ ਕਮਿਸ਼ਨ ਦੀ ਲੋੜ ਕਿਉਂ ਪਈ? ਇਹ ਇਸ ਕਰਕੇ ਪਈ ਕਿ ਸਾਡੇ ਦੇਸ ਵਿਚ ਘੱਟ-ਗਿਣਤੀਆਂ ਰਹਿੰਦੀਆ ਹਨ। ਇਹ ਘੱਟ-ਗਿਣਤੀਆਂ ਅਤੇ ਵੱਧ-ਗਿਣਤੀਆਂ ਦੇ ਹੋਣ ਦਾ ਅਹਿਸਾਸ ਸਾਡੇ ਅੰਦਰ ਅੰਗਰੇਜ਼ਾਂ ਨੇ ਪੈਦਾ ਕੀਤਾ, ਵਧਾਇਆ ਅਤੇ ਇਸਤਰ੍ਹਾਂ ਸਾਨੂੰ ਪਾੜਿਆ। ਉਹਨਾਂ ਨੇ ਸਿੱਖਾਂ ਵਿਚ ਵੀ ਕਈ ਪਾੜ ਪਾਏ-ਚੀਫ਼ ਖ਼ਾਲਸਾ ਦੀਵਾਨ ਬਣਾ ਦਿੱਤਾ, ਉਦਾਸੀ ਅੱਡ ਕਰ ਦਿੱਤੇ, ਨਿਹੰਗ ਅੱਡ ਕਰ ਦਿੱਤੇ। ਉਹ ਸਮਝਦੇ ਸਨ ਕਿ ਸਿੱਖਾਂ ਨੂੰ ਜਿੰਨੇ ਟੁਕੜਿਆਂ ਵਿਚ ਵੰਡ ਦਿਆਂਗੇ ਉਨਾਂ ਹੀ ਸਾਨੂੰ ਸੁਖ ਰਹੇਗਾ।

ਬਲਵੰਤ ਸਿੰਘ ਰਾਮੂਵਾਲੀਆ: ਸੁਆਲ ਇਹ ਹੈ ਹੰਸਪਾਲ ਜੀ ਕਿ ਅੰਗਰੇਜ਼ ਤਾਂ ਆਪਣਾ ਕੰਮ ਕਰ ਗਿਆ, ਹੁਣ ਆਪਾਂ ਇਕ ਦੂਜੇ ਵਿਚ ਨੇੜਤਾ ਲਿਆਉਣ ਦੀ ਕਿੰਨੀ ਕੁ ਕੋਸ਼ਸ਼ ਕਰ ਰਹੇ ਹਾਂ?

ਜਗਦੀਸ਼ ਕੌਸ਼ਲ: ਹੰਸਪਾਲ ਜੀ, ਨਾਮਧਾਰੀ ਦਰਬਾਰ ਹੁਣ ਕਿਹੜੇ ਤੇ ਕਿਹੋ ਜਿਹੇ ਜਤਨ ਕਰ ਰਿਹਾ ਹੈ ਜਿਨ੍ਹਾਂ ਨਾਲ ਵੱਖ ਵੱਖ ਭਾਈਚਾਰਿਆਂ ਵਿਚ ਨੇੜਤਾ ਵਧੇ?

ਹਰਵਿੰਦਰ ਸਿੰਘ ਹੰਸਪਾਲ: ਨਾਮਧਾਰੀ ਦਰਬਾਰ ਵੱਲੋਂ ਜਤਨ ਹੁੰਦੇ ਰਹਿੰਦੇ ਹਨ। ਜਿਵੇਂ ਹੁਣੇ ਗੱਲਾਂ ਕਰਦਿਆਂ ਮੈਂ ਕਿਹਾ ਸੀ ਕਿ ਸਾਨੂੰ ਸਿਰਫ਼ ਨਾਮਧਾਰੀ ਨਾ ਕਹੋ, ਨਾਮਧਾਰੀ ਸਿੱਖ ਕਹੋ। ਮੈਂ ਪਹਿਲਾਂ ਵੀ ਤੇ ਰਾਜ ਸਭਾ ਦਾ ਮੈਂਬਰ ਹੁੰਦਿਆਂ ਵੀ ਇਸ ਗੱਲ ਉੱਤੇ ਜ਼ੋਰ ਦਿੰਦਾ ਰਿਹਾ ਹਾਂ ਤੇ ਹੁਣ ਵੀ ਹਮੇਸ਼ਾਂ ਕਹਿੰਦਾ ਹਾਂ ਕਿ ਸਿੱਖ ਅੱਡ-ਅੱਡ ਸ਼੍ਰੇਣੀਆਂ ਵਿਚ ਵੰਡੇ ਹੋਏ ਨਹੀਂ ਹਨ। ਸਾਰੇ ਗੁਰੂ ਨਾਨਕ ਦੇ ਸਿੱਖ ਸਨ ਅਤੇ ਸਾਰੇ ਸਤਿਗੁਰੂ ਰਾਮ ਸਿੰਘ ਦੇ ਸਿੱਖ ਸਨ। ਇਹਨਾਂ ਨੂੰ ਅੱਡ-ਅੱਡ ਅੰਗਰੇਜ਼ ਨੇ ਕੀਤਾ। ਅੰਗਰੇਜ਼ ਦਾ ਪ੍ਰਭਾਵ ਅੱਜ ਵੀ ਕਾਇਮ ਹੈ। ਅੱਜ ਵੀ ਅਸੀਂ ਇਤਿਹਾਸ ਮੇਕਾਲਿਫ਼ ਦਾ ਪੜ੍ਹਦੇ ਹਾਂ, ਕਨਿੰਘਮ ਦਾ ਪੜ੍ਹਦੇ ਹਾਂ। ਅੰਗਰੇਜ਼ਾਂ ਨੇ ਤਾਂ ਇਤਿਹਾਸ ਉਹ ਲਿਖਿਆ ਜਿਹੜਾ ਉਹਨਾਂ ਨੂੰ ਵਾਰਾ ਖਾਂਦਾ ਸੀ। ਅਸੀਂ ਆਪਣਾ ਕੋਈ ਇਤਿਹਾਸ ਨਹੀਂ ਲਿਖਿਆ ਜਿਹੜਾ ਸਾਨੂੰ ਸੱਚ ਦੱਸੇ, ਜਿਹੜਾ ਸਾਨੂੰ ਇਕ ਹੋਣ ਲਈ ਪ੍ਰੇਰੇ।

ਜਗਦੀਸ਼ ਕੌਸ਼ਲ: ਮੁਕਦੀ ਗੱਲ, ਅੱਜ ਸਾਨੂੰ ਆਪਣੇ ਪਿੱਛੇ ਵੱਲ ਨਜ਼ਰ ਮਾਰਨੀ ਚਾਹੀਦੀ ਹੈ। ਆਪਣੇ ਦੇਸ ਤੇ ਸਮਾਜ ਲਈ ਕੀਤੀਆਂ ਸਤਿਗੁਰੂ ਰਾਮ ਸਿੰਘ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਨਾ ਚਾਹੀਦਾ ਹੈ ਅਤੇ ਉਹਨਾਂ ਤੋਂ ਪ੍ਰੇਰਨਾ ਲੈ ਕੇ ਆਪਣਾ ਵਰਤਮਾਨ ਸੁਆਰਨ ਵੱਲ ਜਤਨਸ਼ੀਲ ਹੋਣਾ ਚਾਹੀਦਾ ਹੈ।

Namdhari Elibrary NamdhariElibrary@gmail.com



■ ਪ੍ਰੀਤਮ ਸਿੰਘ ਕਵੀ

ਕਲਿਜੁਗ ਵਿਚ 'ਸਤਿਜੁਗ'

ਸੁ ਜਦੋਂ 'ਸਤਿਜੁਗ' ਦਾ ਪਹਿਲਾ ਅੰਕ ੧੯੨੦ ਨੂੰ ਪ੍ਰਕਾਸ਼ਤ ਹੋਇਆ ਨਾਮਧਾਰੀ ਜਗਤ ਵਿਚ ਵੀ ਧੁੰਮਾਂ ਪਈਆਂ, ਸਮਕਾਲੀ ਅਖਬਾਰਾਂ ਵਿਚ ਹਿਤ ਜਾਂ ਅਹਿਤ ਵਿਚ ਚਰਚਾ ਹੋਈ। 'ਜੱਸ ਜੀਵਨ' ਵਿਚ ਲਿਖਿਆ ਮਿਲਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ 'ਸਤਿਜੁਗ' ਦਾ ਪ੍ਰਥਮ ਅੰਕ ਵਰਨਾਂ ਦੇ ਹੋਲੇ ਵਿਚ ਭੇਟ ਕੀਤਾ ਗਿਆ।

ਨਾਮਧਾਰੀ ਜਗਤ ਦਾ ਘਰੋਗਾ ਸਪਤਾਹਿਕ ਅਖ਼ਬਾਰ 'ਸਤਿਜੁਗ' ਪੰਝਤਰ ਵਰ੍ਹਿਆਂ ਦਾ ਹੋ ਗਿਆ ਏ। ਇਸ ਦੀ ਮੁਬਾਰਕਬਾਦ ਸਰਬ ਪ੍ਰਥਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ, ਫਿਰ ਸਮੁਚੇ ਸੰਤ ਖਾਲਸੇ ਅਤੇ ਪਾਠਕ ਵਰਗ ਨੂੰ, ਅੰਤ ਉਤੇ ਉਨ੍ਹਾਂ ਸਭ ਪ੍ਰਬੰਧਕਾਂ, ਸੰਪਾਦਕਾਂ, ਲੇਖਕਾਂ ਕਵੀਆਂ ਅਤੇ ਆਰਥਕ ਸਹਾਇਕਾਂ ਨੂੰ, ਜਿਨ੍ਹਾਂ ਦੇ ਸਹਿਯੋਗ ਅਤੇ ਸਿਰੜ ਨਾਲ ਉਨ੍ਹਾਂ ਦਾ ਇਹ ਹਫਤਾਵਾਰੀ ਪੱਤਰ ਪੌਣੀ ਸਦੀ ਚਲਦਾ ਰਹਿ ਸਕਿਆ ਹੈ। ਇਹ ਸਾਡੇ ਸਭ ਦੇ ਹੀ ਮਾਣ ਕਰਨ ਵਾਲੀ ਗੱਲ ਹੈ।

'ਸਤਿਜੁਗ' ਪੱਤਰ ਦੇ ਆਰੰਭ ਸਮੇਂ ਤੇ, ਪਿੱਛਲ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਉਹ ਸਮਾਂ ਘੋਰ ਵਿਦੇਸ਼ੀ ਗੁਲਾਮੀ ਦਾ ਸੀ। 'ਸਤਿਜੁਗ' ਦੀ ਸ਼ੁਰੂਆਤ ਵੀ ਤਾਂ ਹੀ ਹੋ ਸਕੀ ਜੇ ਸਤਿਗੁਰੂ ਰਾਮ ਸਿੰਘ ਜੀ ਦੇ ਜਾਰੀ ਕੀਤੇ ਹੋਏ ਸੁਤੰਤਰਤਾ ਪ੍ਰਾਪਤੀ ਦੇ ਅੰਦੋਲਨ ਨੂੰ, ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਕ ਜਥੇਬੰਦੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਅੱਗੇ ਤੋਰਿਆ ਅਤੇ ਮੋਹਨ ਦਾਸ ਕਰਮ ਚੰਦ ਗਾਂਧੀ ਜੀ ਪੂਰਵ ਆਗੂਆਂ ਤੋਂ ਪ੍ਰੇਰਨਾ ਲੈਂਦੇ ਹੋਏ ਅੱਗੇ ਆਏ। ਇਹ ਆਪਣੀ ਕਾਰਜ ਵਿਧੀ ਨਾਲ ਜਾਂ ਕਾਂਗਰਸ ਦੇ ਚਾਰ ਆਨੇ ਦੇ ਮੈਂਬਰ ਵੀ ਨਾ ਬਣ ਕੇ ਇਸਦੇ ਸਾਰੇ ਪ੍ਰੋਗਰਾਮਾਂ ਦੇ ਕਰਨਾਧਾਰ ਬਣ ਗਏ।

੧੯੧੯-੨੦ ਈ: ਦੇ ਸਾਲਾਂ ਵਿਚ ਕਾਂਗਰਸ ਨੇ ਦੇਸ਼ ਦੀ ਪੂਰਣ ਸੁਤੰਤਰਤਾ ਹਿਤ ਉਠਣ ਵਾਸਤੇ ਅੰਗੜਾਈ ਲਈ।

ਅੰਗਰੇਜ਼ ਬੜਾ ਚਤੁਰ ਸ਼ਾਸਕ ਸੀ। ਭਾਰਤੀ ਚਿੰਤਨ ਦੇ ਰਾਜਸੀ ਦਾਓ ਪੇਚ, ਸਾਮ, ਦਾਮ, ਦੰਡ, ਭੇਦ ਵਰਤ ਕੇ ਸਹਿਲੇ ਤੇ ਸਹਿਜੇ ਹੀ ਤੇਤੀ ਕਰੋੜ ਦੇਵਤਿਆਂ ਦੇ ਵਿਸ਼ਾਲ ਦੇਸ਼ ਨੂੰ ਹੜਪ ਕਰ ਗਿਆ ਸੀ। ਵਿਦੇਸ਼ੀ ਸ਼ਾਸਕ ਨੂੰ ਸਾਡੀਆਂ ਖ਼ੂਬੀਆਂ-ਖ਼ਾਮੀਆਂ ਦਾ ਸਾਡੇ ਨਾਲੋਂ ਵਧੇਰੇ ਪਤਾ ਸੀ, ਤਾਂ ਹੀ ਉਹ ਮਹਾਨ ਭਾਰਤ ਨੂੰ ਦੋ ਸੌ ਸਾਲ ਤਕ ਹਥਿਆਈ ਰੱਖਣ ਵਿਚ ਕਾਮਯਾਬ ਰਿਹਾ ਅਤੇ ਪੰਜ ਸੌ ਤੋਂ ਵਧ ਦੇਸੀ ਰਿਆਸਤਾਂ ਉਤੇ ਵੀ ਤਸੱਲਤ ਭਰੀ ਹਕੂਮਤ ਕਰ ਗਿਆ।

ਉਨ੍ਹਾਂ ਦਿਨਾਂ ਵਿਚ ਸਾਡੀ ਨਾਮਧਾਰੀਆਂ ਦੀ, ਦਸ਼ਾ ਕੀ ਸੀ?

ਸਤਿਗੁਰੂ ਪ੍ਰਤਾਪ ਸਿੰਘ, ਗੁਰੂ ਰਾਮ ਸਿੰਘ- ਗੁਰੂ ਹਰੀ ਸਿੰਘ ਜੀ ਦੇ ਤਖ਼ਤ ਤੇ ਵਿਰਾਜਮਾਨ ਸਨ। ਆਯੂ ਵਲੋਂ ੩੦-੩੧ ਸਾਲ ਦੇ ਭਰ ਜੁਆਨ। ਆਪ ਜੀ ਦੇ ਦੋਵੇਂ ਛੋਟੇ ਭਾਈ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਸਮਾਜ ਵਿਚ ਸਤਿਕਾਰ ਰਖਦੇ ਸਨ। ਸ੍ਰੀ ਮਾਤਾ ਜੀਉਣ ਕੌਰ ਜੀ ਦੀ ਤਿਆਗ ਤਪੱਸਿਆ ਵਾਲੀ ਛਾਂ ਤਿਹਾਂ ਨੂੰ ਹੀ ਪ੍ਰਾਪਤ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਤਾਂ ਸਰਵੋਪਰ ਸਤਿਕਾਰ ਯੋਗ ਸਨ। ਨਾਮਧਾਰੀ ਜਗਤ ਅਤੇ ਦੁਨੀਆਂ ਸਮਾਜੀ ਸਿਆਸੀ ਸੰਸਥਾਵਾਂ ਅਤੇ ਮੱਤਾਂ ਵਿਚ ਉਹਨਾਂ ਦੀ ਪਦਵੀ ਦਾ ਪੂਰਾ ਸਤਿਕਾਰ ਸੀ। ਪਹਿਲੇ ਤੋਂ ਬ੍ਰਿਟਿਸ਼ ਸਰਕਾਰ ਦੀਆਂ ਪਾਬੰਦੀਆਂ ਕੁਝ ਕਮਜ਼ੋਰ ਸਨ, ਪਰ ਗੁਰਦੁਆਰਾ ਭੈਣੀ ਸਾਹਿਬ ਦੇ ਦਰਾਂ ਮੂਹਰੇ ਪੁਲਿਸ ਚੌਕੀ ਅਜੇ ਮੌਜੂਦ ਸੀ। ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਸ਼ਹਿਰਾਂ ਵਿਚ ਉਭਾਸਰਨਾ ਪੈਰੋ ਪੈਰ ਵਧ ਰਿਹਾ ਸੀ, ਪਿੰਡਾਂ ਵਿਚ ਭਾਵੇਂ ਜਮੂਦ ਅਜੇ ਅਣਟੁੱਟ ਸੀ।

Namdhari Elibrary NamdhariElibrary@gmail.com

ਦੇਸ਼ ਵਿਚ ਗਤੀਮਾਨ ਸੁਤੰਤਰਤਾ ਅੰਦੋਲਨ ਨੂੰ ਨਵਾਂ ਜ਼ੋਰ ਤੇ ਪਹਿਲਾਂ ਤੋਂ ਕਰਾਰੇ ਬੋਲ ਮਿਲ ਗਏ ਸਨ ਅਤੇ ਜਿਨ੍ਹਾਂ ਵਿਚ ਜ਼ਰਾ ਮਾਸਾ ਵੀ ਆਜ਼ਾਦੀ ਲਈ ਤੜਪ ਸੀ, ਉਨ੍ਹਾਂ ਨੂੰ ਨਵੇਂ ਦਿਸਹੱਦੇ ਨਜ਼ਰ ਆ ਰਹੇ ਸਨ।

ਨਾਮਧਾਰੀਆਂ ਵਿਦੇਸ਼ੀ ਸ਼ਾਸਨ ਦੀ ਕਰਾਰੀ ਮਾਰ ਖਾਧੀ ਹੋਈ ਸੀ। ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਜਲਾਵਤਨ ਹੋਏ ਅਜੇ ਅੱਧੀ ਸਦੀ ਵੀ ਮੁਕੰਮਲ ਨਹੀਂ ਸੀ ਹੋਈ। ਅਨੇਕਾਂ ਨਾਮਧਾਰੀ ਘਰਾਣਿਆਂ ਦੀਆਂ ਜ਼ਮੀਨਾਂ ਜ਼ਬਤ ਅਤੇ ਲਗਭਗ ਸਭਨਾਂ ਨਾਮਧਾਰੀਆਂ ਵਲ ਸਰਕਾਰ ਦੀ ਨਜ਼ਰ ਕੈਰੀ ਸੀ। ਨਾਮਧਾਰੀਆਂ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦਾ ਪ੍ਰੋਗਰਾਮ ਆਪਣਾ ਆਪਣਾ ਲਗਾ, ਅਤੇ ਸਰਗਰਮ ਮਿਜਾਜ਼, ਰਾਜਸੀ ਸ਼ੌਕ ਰਖਣ ਵਾਲੇ ਨਾਮਧਾਰੀ ਕਾਂਗਰਸ ਦੇ ਅੰਦੋਲਨ ਵਲ ਰੁਚਿਤ ਹੋਏ। ਨਾਮਧਾਰੀਆਂ ਵਿਚ ਇਸ ਗਰੁਪ ਦੇ ਵਿਅਕਤੀਆਂ ਉਤੇ ਸਰਦਾਰੀ ਮਹਾਰਾਜ ਗੁਰਦਿਆਲ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਜੀ ਦੀ ਸੀ। ਮਹਾਰਾਜ ਜੀ ਰਾਜਨੀਤਕ ਵਿਅਕਤੀ ਸਨ। ਬਹੁਤ ਸਾਰੇ ਨਾਮਧਾਰੀ ਇਹਨਾਂ ਦੇ ਸੰਗ ਸਾਥ ਦੀ ਆੜ ਲੈਂਦੇ।

ਸੰਤ ਤਰਨ ਸਿੰਘ ਵਹਿਮੀ ਨੇ, ਨਾਮਧਾਰੀ ਇਤਿਹਾਸ ਨਾਲ ਸਬੰਧਤ ਆਪਣੀ ਪੁਸਤਕ 'ਜਸ ਜੀਵਨ' ਵਿਚ ਅਜਿਹੇ ਮੁਖੀ ਸਿੰਘਾਂ ਦੀ ਫਹਿਰਿਸਤ ਵਿਚ ਉਹ ਨਾਮ ਦਿਤੇ ਹਨ ਜੋ ਕਾਂਗਰਸ ਦੇ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਉਹ ਸਨ:- ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ', ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚਕ੍ਰਵਰਤੀ, ਸੰਤ ਅਣਖਾ ਸਿੰਘ ਦਾਤੇਵਾਲ, ਪੰ: ਬਸੰਤ ਸਿੰਘ ਪਧਾਣਾ, ਪੰ: ਮਨਸਾ ਸਿੰਘ ਕੌਮੀ, ਸੰਤ ਫੂਲਾ ਸਿੰਘ ਡਫਰਕੇ, ਸੰਤ ਊਧਮ ਸਿੰਘ ਮੱਖੀ, ਸੰਤ ਲਾਲ ਸਿੰਘ ਭਾਈ ਕੋਟ, ਸੰਤ ਟਹਿਲ ਸਿੰਘ ਸੱਦੋਵਾਲ, ਸੰਤ ਸੂਰਤ ਸਿੰਘ ਭਿਕਸ਼ੂ, ਸੰਤ ਜੱਸਾ ਸਿੰਘ ਸੂਫ਼ੀ, ਸੰਤ ਨਿਰੰਕਾਰ ਸਿੰਘ ਚੇਤਨ, ਸੰਤ ਰਤਨ ਸਿੰਘ ਕੂਕਾ, ਸ. ਸੋਹਣ ਸਿੰਘ ਭਕਨਾ, ਸੰਤ ਜੰਗ ਸਿੰਘ ਬਿਲਗਾ ਆਦਿ।

ਇਹਨਾਂ ਸਰੀਰਾਂ ਦੀ ਪਹੁੰਚ ਕਾਂਗਰਸੀ ਵਰਕਰਾਂ ਵਰਗੀ ਹੁੰਦੀ ਜਾਂਦੀ ਵੇਖ, ਕਈ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਖਲ ਦਿੰਦੇ: ਅਸੀਂ ਕਾਂਗਰਸ ਨਾਲ ਮਿਲ ਕੇ ਕੰਮ ਤਾਂ ਕਰਨਾ ਹੈ, ਪਰ ਕਾਂਗਰਸੀ ਬਣਨਾ ਨਹੀਂ। ਆਪਣੀ ਹੋਂਦ ਜਾਂ ਪਛਾਣ ਨਹੀਂ ਗਵਾਣੀ। ਸਾਡਾ ਰਸਤਾ ਗੁਰੂ ਰਾਮ ਸਿੰਘ ਜੀ ਦਾ ਮਾਰਗ ਹੈ। ਭਾਵ ਕਿ ਸਿਖੀ ਚਰਿੱਤਰ ਅਤੇ ਇਸ ਵਿਚ ਸਤਿਗੁਰੂ ਦੀ ਸਰਵੁੱਚਤਾ ਕਾਇਮ ਰਹਿਣੀ ਚਾਹੀਦੀ ਹੈ। ਮਹਾਰਾਜ ਗੁਰਦਿਆਲ ਸਿੰਘ ਸਾਤਵਿਕ ਸੁਭਾਵੀ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸੰਗਰਾਮ ਨੂੰ ਇਤਿਹਾਸਕ, ਸਰਕਾਰੀ ਦਸਤਾਵੇਜ਼ਾਂ ਦੁਆਰਾ, ਜਾਣਦੇ ਸਨ। ਉਹ 'ਸਤਿ ਬਚਨ' ਕਰਦੇ ਅਤੇ ਸਤਿਗੁਰਾਂ ਦੇ ਸੁਝਾਏ ਤਰੀਕੇ ਨਾਲ ਦੇਸ਼ ਤੇ ਸਮਾਜ ਦੇ ਭਲੇ ਹਿਤ ਕਾਂਗਰਸ ਨਾਲ ਕੰਮ ਕਰਦਿਆਂ, ਵਿਸ਼ੇਸ਼ ਵਖਰੇਵਾਂ ਦਰਸਾਂਦੇ। ਉਪਰਲਾ ਸਾਰਾ ਗਰੁਪ ਇਨ੍ਹਾਂ ਦੇ ਨਾਲ ਹੁੰਦਾ। ਇਹਨਾਂ ਚੋਂ ੩-੪ ਤਾਂ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਵੀ ਸਨ।

ਸਭ ਤਰਾਂ ਦੀਆਂ ਸਿਆਸੀ ਅਤੇ ਸਮਾਜੀ ਸਰਗਰਮੀਆਂ ਦਾ ਕੇਂਦਰ ਉਹਨੀਂ ਦਿਨੀਂ ਲਾਹੌਰ ਹੀ ਸੀ। ਦਿੱਲੀ ਦੀ ਕੋਈ ਪੁੱਛ ਗਿੱਛ ਜਾਂ ਦਖਲ ਨਹੀਂ ਸੀ। ਸਤਿਗੁਰੂ ਹਰੀ ਸਿੰਘ- ਮਾਤਾ ਜੀਉਣ ਕੌਰ ਜੀ ਦੇ ਦੋ ਛੋਟੇ ਫਰਜ਼ੰਦ ਲਾਹੌਰ ਵਿਖੇ ਹੀ, ਵਿਆਹੇ ਹੋਏ ਸਨ, ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ। ਤਦਵਕਤੀ ਨਾ ਗਿਨਾਉਣੇ ਨਾਮਧਾਰੀ ਧਨਾਢਾਂ ਵਿਚੋਂ ਬਾਬਾ ਧਿਆਨ ਸਿੰਘ ਜੀ ਅਜਿਹੇ ਸਰਦੇ ਪੁਜਦੇ ਅਤੇ ਸੁਹਿਰਦ ਸਨ ਕਿ ਉਨ੍ਹਾਂ ਆਪਣੀ ਖੁਲ੍ਹੀ ਚੌੜੀ ਹਵੇਲੀ ਦਾ ਅੱਧਾ ਹਿੱਸਾ ਨਾਮਧਾਰੀ ਧਰਮਸਾਲਾ ਦੇ ਤੌਰ ਤੇ ਸੰਤ ਖਾਲਸਾ ਨੂੰ ਅਰਪਣ ਕੀਤਾ ਹੋਇਆ ਸੀ। ਪਿਛੋਕੜ ਨਾਮਧਾਰੀ ਹੋਣ ਕਰਕੇ ਮਾਤਾ ਜੀਉਣ ਕੌਰ ਜੀ ਦੀਆਂ ਦੋਵੇਂ ਛੋਟੀਆਂ ਨੂੰਹਾਂ ਉਸ ਵੇਲੇ ਦੇ ਸਿਆਸੀ ਪ੍ਰਭਾਵ ਹੇਠ ਸਨ।

ਅੰਗਰੇਜ਼ਾਂ ਨੇ ਸਿੱਖਾਂ ਵਿਚ ਗ੍ਰੰਥ ਗੁਰਤਾ ਅਤੇ ਦੇਹਧਾਰੀ ਗੁਰਤਾ ਦਾ ਇੱਕ ਵਿਵਾਦ ਸਥਾਪਤ ਕਰ ਦਿਤਾ। ਅੰਗਰੇਜ਼ ਭਗਤਾਂ ਅਤੇ ਦੇਸ਼ ਭਗਤ ਕੂਕਿਆਂ (ਨਾਮਧਾਰੀਆਂ) ਦੇ ਵਿਰੋਧ ਦਾ ਉਭਾਰ ਏਨਾ ਵਧ ਗਿਆ ਕਿ ਅਨੇਕਾਂ ਥਾਵਾਂ ਤੇ ਡਾਂਗਾਂ ਸੋਟਿਆਂ ਤੇ ਕੁੱਟਮਾਰ ਦੀ ਨੌਬਤ ਆਈ। ੧੯੨੦-੨੧ ਵਿਚ ਉਠੀ ਅਕਾਲੀ ਲਹਿਰ ਨੇ ਨਾਮਧਾਰੀਆਂ ਦੇ ਦੀਵਾਨ ਨਾ ਲੱਗਣ ਦੇਣ ਲਈ ਕਈ ਥਾਈਂ ਜਤਨ ਕੀਤੇ। ਮੈਨੂੰ ਚੇਤੇ ਹੈ, ਪੱਤੋ ਕੀ (ਜਿਲ੍ਹਾ ਲਾਹੌਰ) ਵਿਖੇ, ਇਕ ਦੀਵਾਨ ਦੀ ਸਿੱਖਾਂ ਵਲੋਂ ਹੀ ਰੋਕਣ ਤੇ ਮੇਰੇ ਪਿੰਡ ਡਫਰਕੇ ਦੇ ਧੱਥਲੀ ਬੰਨ੍ਹ ਜੱਟ ਵੀ ਨਾਮਧਾਰੀਆਂ ਵਲੋਂ ਦੀਵਾਨ ਲਗਾਣ ਦੇ ਹਕ ਵਿਚ ਸਹਾਇਤਾ ਕਰਨ ਮੋਰਚੇ ਉਤੇ ਆ ਗਏ। ਅਤੇ ਪੱਤੋ ਕੀ ਵਿਚ ਭਰਪੂਰ ਦੀਵਾਨ ਸਜਿਆ, ਲੋਕ ਵਡੀ ਗਿਣਤੀ ਵਿਚ ਕੂਕੇ ਬਣੇ।

ਲਾਹੌਰ ਦੇ ਹੋਲੇ ਵਿਖੇ (੧੯੧੦) ਇਕ ਬੜੀ ਦਿਲ ਵਧੀ ਵਾਲੀ ਘਟਨਾ ਵਾਪਰ ਗਈ ਸੀ। ਨਾਮਧਾਰੀਆਂ ਵਲੋਂ ਉਸਦੇ ਵਿਰੁੱਧ ਤਦਵਕਤੀ ਅਖਬਾਰਾਂ ਨੂੰ ਬਿਆਨ ਛਾਪਣ ਹਿਤ ਦਿਤੇ। ਸਿਖ ਅਖਬਾਰਾਂ ਨੇ ਉਸ ਘਟਨਾਂ ਨੂੰ ਬੜਾ ਤੋੜ ਮਰੋੜ ਅਤੇ ਉਕਸਾਊ ਢੰਗ ਨਾਲ ਵਰਤਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਇਹ ਤਾਂ ਸਤਿਗੁਰੂ ਰਾਮ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਸਿੱਖਾਂ ਅਤੇ ਨਾਮਧਾਰੀਆਂ ਨੂੰ ਗੁਰਬਾਣੀ ਦਾ ਅਦਬ ਸਤਿਕਾਰ ਕਰਨਾ ਸਿਖਾਇਆ। ਪਰ ਇਹ ਤਾਂ ਨਾ ਕਿਸੇ ਸੁਣੀ ਸਮਝੀ, ਨਾਮਧਾਰੀਆਂ ਖਿਲਾਫ਼ ਵਾਵੇਲਾ ਖ਼ੂਬ ਮੱਚਿਆ।

ਇਸ ਵੇਲੇ ਨਾਮਧਾਰੀਆਂ ਦਾ ਕੋਈ ਅਖ਼ਬਾਰ ਨਹੀਂ ਸੀ। ਇਹ ਕਮੀ ਰੜਕੀ ਤਾਂ ਸਭ ਨੂੰ ਪਰ ਇਸਦਾ ਸਮਾਧਾਨ ੧੦ ਸਾਲ ਬਾਅਦ ਹੀ ਉਪਲਬਧ ਹੋ ਸਕਿਆ, ੧੯੨੦ ਈ. ਨੂੰ ਜਦੋਂ 'ਸਤਿਜੁਗ' ਸਪਤਾਹਿਕ ਦਾ ਪਹਿਲਾ ਅੰਕ ਪ੍ਰਕਾਸ਼ਤ ਹੋਇਆ।

ਸੰਨ ੧੯੨੦ ਨੇ ਨਾਮਧਾਰੀਆਂ ਨੂੰ ਦੋ ਬੜੇ ਮਹਤਵਪੂਰਣ ਤੁਹਫੇ ਦਿਤੇ। ਪਹਿਲਾ 'ਸਤਿਜੁਗ' ਦਾ ਜਾਰੀ ਹੋਣਾ ਲਾਹੌਰ ਤੋਂ। ਦੂਜਾ ਸੀ ਮਾਤ ਭੁਪਿੰਦਰ ਕੌਰ ਜੀ ਦੇ ਉਦਰ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਪੁੱਤਰ ਰਤਨ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਵਤਾਰ।

'ਸਤਿਜੁਗ' ਸਚਮੁਚ ਕੁਛ ਹੋਰ ਸਮਾਂ ਪ੍ਰਕਾਸ਼ਤ ਹੋਣ ਨੂੰ ਲੈ ਜਾਂਦਾ ਜੇ ਉਸ ਵੇਲੇ ਦੇ ਨਾਮਧਾਰੀਆਂ ਦਾ ਬੁਧੀਜੀਵੀ ਵਰਗ ਅਗੇ ਨ ਆਉਂਦਾ। ਇਸ ਵਰਗ ਦੀ ਅਗਵਾਈ ਮਹਾਰਾਜ ਗੁਰਦਿਆਲ ਸਿੰਘ ਕਰ ਰਹੇ ਸਨ। ਸਹਿਯੋਗੀ ਸ਼ਖਸੀਅਤਾਂ ਦੇ ਨਾਮ ਗਿਣਨੇ ਵੀ ਏਥੇ ਯੋਗ ਰਹਿਣਗੇ। ਇਹ ਸਨ ਸੰਤ ਮੰਗਲ ਸਿੰਘ ਮਸਤਾਨਾ (ਅਰਸ਼ੀ ਫਰਿਸ਼ਤਾ), ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚਕ੍ਰਵਰਤੀ, ਪੰ: ਬਸੰਤ ਸਿੰਘ, ਪੰ: ਮਨਸ਼ਾ ਸਿੰਘ ਕੌਮੀ, ਭਗਵਾਨ ਸਿੰਘ ਦਾਸ, ਸੰਤ ਰਤਨ ਸਿੰਘ 'ਕੂਕਾ'। ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬਿਨੈ ਕੀਤੀ ਗਈ: ਆਪਣੇ ਅਖਬਾਰ ਦੀ ਨਾਮਧਾਰੀਆਂ ਵਿਚ ਬੇਹਦ ਜ਼ਰੂਰਤ ਹੈ। ਪਰ ਅਖਬਾਰ ਤਾਂ ਚੱਲ ਸਕਦਾ ਹੈ ਜੇ ਆਪ ਜੀ ਦੀ ਪੁਸ਼ਤ ਪਨਾਹ ਹੋਵੇ। ਦੂਜੇ ਅਖ਼ਬਾਰਾਂ ਵਿਚ ਸਾਡੇ ਵਿਚਾਰ ਸਾਡੇ ਵਾਂਗੂੰ ਪੇਸ਼ ਨਹੀਂ ਕੀਤੇ ਜਾਂਦੇ। ਦੂਜੇ ਅਖਬਾਰ ਜੀ ਕਰੇ ਸਾਡੀਆਂ ਖਬਰਾਂ ਲਾਉਣ, ਨਾ ਲਾਉਣ ਜਾਂ ਤੋੜ ਮਰੋੜ ਕੇ ਲਗਾਉਣ।

ਅਤੇ ਸਤਿਗੁਰੂ ਜੀ ਵਲੋਂ ਆਗਿਆ ਮਿਲ ਗਈ।

Namdhari Elibrary NamdhariElibrary@gmail.com

ਸਵਾਲ ਪੈਦਾ ਹੁੰਦਾ ਹੈ 'ਸਤਿਜੁਗ' ਦਾ ਨਾਮਕਰਣ ਕਿਸ ਕੀਤਾ? ਇਸ ਬਾਰੇ ਕਿਸੇ ਸਮਕਾਲੀ ਕੁਛ ਨਹੀਂ ਲਿਖਿਆ ਜੋ 'ਸਤਿਜੁਗ' ਦੇ ਪ੍ਰਥਮ ਅੰਕ ਉਤੇ ਜਾਣਕਾਰੀ ਦਿਤੀ ਹੋਵੇ ਤਾਂ ਉਹ ਉਪਲਬਧ ਨਹੀ। ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸੁਪਨਿਆਂ ਅਤੇ ਸੰਕਲਪ ਨੂੰ ਇਕੋ ਸ਼ਬਦ ਵਿਚ ਸੰਜੋਣ ਵਾਲੇ ਜਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋ ਸਕਦੇ ਹਨ ਜਾਂ ਮਹਾਰਾਜ ਗੁਰਦਿਆਲ ਸਿੰਘ ਏਨੇ ਕੁਸ਼ਾਗਰ ਬੁੱਧ ਸਨ। ਮੈਨੂੰ ਪਤਾ ਹੈ ਜਦੋਂ ਪਹਿਲੇ ਨਾਮਧਾਰੀ ਪਬਲਿਕ ਸਕੂਲ ਮਾਨਸਰੋਵਰ (ਦਿੱਲੀ) ਦੇ ਨਾਮ ਰਖਣ ਦਾ ਸਵਾਲ ਪੈਦਾ ਹੋਇਆ ਤਾਂ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣਾ ਕਿਸ਼ੋਰ ਸ਼ਹੀਦ ਬਿਸ਼ਨ ਸਿੰਘ ਤੁਰਤ ਯਾਦ ਆਇਆ ਅਤੇ ਸਕੂਲ ਦਾ ਨਾਮ ਹੋ ਗਿਆ, ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ।

'ਸਤਿਜੁਗ' ਨਾਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਦੇ ਚਿਤਵੇ ਅਤੇ ਉਸਾਰੇ ਸਮਾਜ ਦਾ ਸੰਕਲਪ ਹੈ। ਗੁਰਿੰਡਨਾਮਾ ਪਾ: ੧੦ ਦੀਆਂ ਇਹ ਤੁਕਾਂ ਇਸ ਨਾਮ ਵਿਚ ਰੂਪਮਾਨ ਹੁੰਦੀਆਂ ਹਨ:

ਕਲਜੁਗ ਮੈ ਸਤਿਜੁਗ ਵਰਤਾਊਂ।
ਤਬੀ ਬਾਰ੍ਹਵਾਂ ਬਪ ਕਹਿਲਾਊਂ।
... ...
ਕਲਿਜੁਗ ਤੇ ਸਤਿਜੁਗ ਕਰਿ ਠਾਨੋ।
ਤਬੀ ਬਾਰ੍ਹਵਾਂ ਬਪ ਪਹਿਚਾਨੋ।

ਸਾਡੇ ਪਰਾਚੀਨ ਧਰਮ ਗ੍ਰੰਥਾਂ ਵਿਚ ਸਤਿਜੁਗ ਦਾ ਸੰਕਲਪ ਐਸੇ ਸਮਾਜ ਬਾਰੇ ਹੈ ਜਿਸ ਵਿਚ ਸ਼ੁਭ ਕਰਮਾਂ ਦਾ ਪਸਾਰ ਹੋਵੇ, ਸੁਤੇ ਸਿਧ ਹੀ ਸਮਾਜ ਮੈਂਬਰ ਸਰਬ ਸੁਖਾਵੇ ਕਾਰਜ ਕਰਨ. ਨਿਆਇ ਪ੍ਰਿਯਤਾ, ਸੇਵਾ, ਸਤਿਕਾਰ, ਸਨੇਹ, ਅਹਿੰਸਾ ਆਦਿ ਸ਼ੁਭ ਗੁਣ ਲੋਕਾਂ ਵਿਚ ਸੁਭਾਵਿਕ ਤੌਰ ਤੇ ਹੋਣ। ਸਮੁਚੀ ਮਾਨਵਤਾ ਹੀ ਨਹੀਂ ਪ੍ਰਾਣੀ ਮਾਤਰ ਦਾ ਭਲਾ ਸੋਚਿਆ ਤੇ ਕੀਤਾ ਜਾਵੇ।

ਲਿਖਿਆ ਤਾਂ ਇੰਜ ਮਿਲਦਾ ਹੈ ਕਿ 'ਸਤਿਜੁਗ' ਦਾ ਸਮਾ ਅਰਥਾਤ ਸੱਚ ਦਾ ਜੁਗ ਬੀਤ ਗਿਆ ਹੈ ਅਤੇ ਇਸ ਦਾ ਸੰਸਾਰ ਤੇ ੧੭,੨੮੦੦੦ ਮਨੁਖੀ ਵਰ੍ਹਾ ਰਾਜ ਅਥਵਾ ਪ੍ਰਭਾਵ ਰਿਹਾ। ਇਸ ਤੋਂ ਪਿਛੋਂ ਤ੍ਰੇਤਾ ਅਤੇ ਫਿਰ ਦਵਾਪਰ ਯੁਗ ਆਇਆ ਜਿਸ ਵਿਚ ਪੈਰੋ ਪੈਰ ਧਰਮ-ਕਲਾ ਘਟਦੀ ਗਈ ਤੇ ਇਨ੍ਹਾਂ ਦਾ ਪ੍ਰਭਾਵ ਕਾਲ ਵੀ ਘਟਦਾ ਗਿਆ। ਹੁਣ ਅਸੀਂ ਕਲਿਜੁਗ ਦੇ ਵਾਰੇ ਪਹਿਰੇ ਵਿਚ ਉਮਰਾਂ ਬਤੀਤ ਕਰ ਰਹੇ ਹਾਂ। ਪਰ ਜੇ ਵਿਗਿਆਨ ਮੁਖੀ ਹੋ ਸੋਚੀਏ ਤਾਂ ਇਸ ਸੁਨਹਿਰੀ ਸਮੇਂ 'ਸਤਿਜੁਗ' ਦੀ ਮਨੁਖਤਾ ਕਲਪਣਾ ਕਰ ਰਹੀ ਹੈ ਅਤੇ ਕੁਝ ਸਮਾ ਪਾ ਕੇ ਅਜਿਹਾ ਸਮਾਜ ਉਸਰੇਗਾ ਹੀ। ਦੁਨੀਆਂ ਭਰ ਵਿਚ 'ਸਤਿਜੁਗ' ਵਰਤੇਗਾ। ਸਾਰੀ ਦੁਨੀਆਂ ਦਾ ਇਕੋ ਪ੍ਰਬੰਧਕ ਤੇ ਸੁਝਾਉ ਕੇਂਦਰ ਹੋਵੇਗਾ। ਇਹ ਵਿਸ਼ਵ ਕੇਂਦਰ ਸਮੁਚੀ ਜਿੰਦਗੀ ਦਾ ਹਿਤਕਾਰੀ ਹੋਵੇਗਾ।

ਸਤਿਗੁਰੂ ਰਾਮ ਸਿੰਘ ਜੀ ਨੇ 'ਕਲਿਜੁਗ' ਦੇ ਰਾਜ ਵਿਚ ਹੀ 'ਸਤਿਜੁਗ' ਸਥਾਪਤ ਕਰਨ ਦਾ ਬਿਗਲ ਵਜਾਇਆ ਅਤੇ 'ਸਤਿਜੁਗ' ਲਗਾ ਕੇ ਵਖਾਇਆ। ਐਵੇਂ ਨਹੀਂ ਸੀ ਪੁਰਾਤਨ ਨਾਮਧਾਰੀ ਗੰਵਿਆਂ ਕਰਦੇ: ਕਲਿਜੁਗ ਵਿਚ ਝੰਡਾ ਝੂਲ ਰਿਆ ਗੁਰੂ ਰਾਮ ਸਿੰਘ ਤੇਰਾ, ਕਲਿਜੁਗ ਵਿਚ ਝੰਡਾ ਝੂਲ ਗਿਆ !! ਇਸ ਝੰਡੇ ਦਾ ਰੰਗ ਸਫੇਦ ਹੈ। ਸਤਿਜੁਗ ਦਾ ਪਹਿਰਾਵਾ ਵੀ ਸਫੇਦ ਮੰਨਿਆ ਜਾਂਦਾ ਹੈ। ਨਾਮਧਾਰੀਆਂ ਦੇ ਬਸਤਰ ਏਸੇ ਕਾਰਨ ਚਿੱਟੇ ਹੁੰਦੇ ਹਨ। ਧਰਮ ਦੇ ਚਾਰੇ ਪੈਰ ਸਤਿਗੁਰਾਂ ਨੇ ਕਲਿਜੁਗ ਵਿਚ ਸਥਾਪਤ ਕਰ ਦਿਤੇ: ਸੰਤੋਖ, ਜਪ, ਤਪ ਤੇ ਨਾਮ ਸਿਮਰਨ। ਇਹਨਾਂ ਨੂੰ ਵੀ ਧਰਮ ਅੰਗ ਮੰਨਿਆ ਜਾਂਦਾ ਹੈ: ਸੱਚ, ਤਪ, ਦਇਆ ਅਤੇ ਦਾਨ। ਸਤਿਗੁਰੂਆਂ ਨੇ ਸਿਖਾਂ ਨੂੰ ਇਹ ਤਿੰਨ ਦ੍ਰਿੜ ਕਰਵਾਏ: ਗੁਰਮੁਖਿ ਨਾਮੁ, ਦਾਨੁ ਇਸਨਾਨੁ।। ਸਤਿਗੁਰੂ ਰਾਮ ਸਿੰਘ ਜੀ ਦੇ ਸਤਿਜੁਗੀ ਸਮਾਜ ਦੀ ਗਵਾਹੀ ਦੇਣ ਹਿਤ ਪ੍ਰਸਿਧ ਸਿਖ ਤਾਰੀਖਦਾਨ ਗਿਆਨੀ ਗਿਆਨ ਸਿੰਘ ਕੁਝ ਸਮਾ ਨਾਮਧਾਰੀ ਸਾਧ ਸੰਗਤ ਵਿਚ ਵਿਚਰੇ। ਅਤੇ ਉਨ੍ਹਾਂ ਇੰਜ ਲਿਖਿਆ:-

ਪਾਇ ਇਹ ਹੁਕਮ, ਪ੍ਰਮੇਸ਼ ਨਾ ਵਿਸ਼ੇਸ਼,
ਫਿਰ ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ।
ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕ, ਥਾਏ ਸਿਖ, ਭਾਗ ਜਿਨ੍ਹੈ ਜਾਗਿਓ।
ਫੈਲਿਓ ਜਸ ਭਾਰੀ, ਸਿਖ ਥੀਏ ਤਾਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਨੋ ਨਾਮ ਰਸ ਪਾਗਿਓ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆਗਿਓ।

ਇਹ ਅਵਸਥਾ ਚਾਹੀ ਗਈ ਅਤੇ ਫਿਰ ਪੈਦਾ ਕੀਤੀ ਗਈ। ਇਹੋ ਗੁਰਸਿਖੀ ਦਾ ਮਨੋਰਥ ਸੀ। ਸੋ, ਸਤਿਗੁਰੂ ਪ੍ਰਤਾਪ ਸਿੰਘ ਜੀ ਜਾਂ ਆਪ ਜੀ ਦੇ ਆਗਿਆਕਾਰ, ਪ੍ਰੇਮੀ ਅਤੇ ਵਿਦਵਾਨ ਛੋਟੇ ਭਾਈ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਨਾਮਧਾਰੀ ਜਗਤ ਦਾ ਤਰਜਮਾਨ ਤੇ ਪਹਿਰੇ ਦੇ ਮਾਲਿਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਵਿਚ ਰਹਿ ਕੇ ਚਲਣ ਵਾਲੇ ਅਖਬਾਰ 'ਸਤਿਜੁਗ' ਦੀ ਪ੍ਰਕਾਸ਼ਨਾ ਲਈ ਹਰੀ ਝੰਡੀ ਹੋ ਗਈ।

ਮੇਰਾ 'ਸਤਿਜੁਗ' ਦੇ ਜਨਮ ਕਾਲ ਤੋਂ ਹੀ ਇਸ ਨਾਲ ਵਾਸਤਾ ਰਿਹਾ ਹੈ। ਨਾਮਧਾਰੀਆਂ ਵਿਚ ੧੯੨੦ ਦੇ ਏਧਰ ਓਧਰ ਜਿਹੜਾ ਗਰੁਪ ਸਿਆਸਤ ਨਾਲ ਸਿਧਾ ਸੰਬੰਧਤ ਸੀ, ਉਹ ਨਾਮਧਾਰੀਆਂ ਵਿਚ ਵਿੱਦਿਆ ਦਾ ਅਭਿਲਾਖੀ ਵੀ ਸੀ। ਇਸ ਵਿਚ ਮੇਰੇ ਪਿਤਾ ਸੰਤ ਫੁਲਾ ਸਿੰਘ ਜੀ ਵੀ ਸਨ ਜੋ ਪਿਛੋਂ ਜਾ ਕੇ ਸੂਬਾ ਵੀ ਬਣੇ। ਉਨ੍ਹਾਂ ਹੀ ਦਿਨਾਂ ਵਿਚ, ਬਹੁ ਸੰਖਿਆ ਨਾਮਧਾਰੀ ਹੋਣ ਕਰਕੇ, ਸਾਡੇ ਪਿੰਡ ਡਫਰ ਕੇ, ਨਾਮਧਾਰੀ ਪੰਜਾਬੀ ਸਕੂਲ ਹੋਂਦ ਵਿਚ ਆਇਆ। ਤਦੋਂ ਮੈਂ ਉਰਦੂ ਦੀਆਂ ੩-੪ ਜਮਾਤਾਂ ਪੜ੍ਹ ਚੁਕਾ ਸਾਂ ਅਤੇ ਤਦ ਉਪਰੰਤ ਆਪਣੇ ਸਕੂਲ ਦਾ ਵਿਦਿਆਰਥੀ ਬਣਿਆ। ਗੁਰਮੁਖੀ ਅਖਰਾਂ ਦੀ ਪਛਾਣ ਏਥੇ ਹੀ ਹਾਸਲ ਕੀਤੀ। ਇਸ ਸਕੂਲ ਦੇ ਪ੍ਰਥਮ ਅਧਿਆਪਕ ਉਹੋ ਸ੍ਰੀ ਨਿਰੰਕਾਰ ਸਿੰਘ 'ਚੇਤਨ' ਸਨ ਜਿਨ੍ਹਾਂ ਨੂੰ 'ਸਤਿਜੁਗ' ਦਾ ਪਹਿਲਾ ਸੰਪਾਦਕ ਹੋਣ ਦਾ ਮਾਣ ਮਿਲਿਆ। ਇਹ ਵਿਦਵਾਨ ਪੁਰਸ਼ ਲਾਹੌਰ ਦੇ ਸਨ। ਇਨ੍ਹਾਂ ਦੇ ਮੁਖੋਂ ਹੀ 'ਸਤਿਜੁਗ' ਦੇ ਪਹਿਲੇ ਅੰਕ ਦੇ ਮੁਖ ਪੰਨੇ ਤੇ ਛਪੀ ਇਹ ਕਵਿਤਾ ਸੁਣੀ:

'ਸਤਿਜੁਗ' ਅਖਬਾਰ ਹੈ ਨਾਮ ਇਹਦਾ,
ਇਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਨਿਜ ਦੇਸ਼ ਤੇ ਧਰਮ ਦੀ ਸੇਵ ਲਈ,
ਬੀੜਾ ਚੁਕਿਆ ਸੰਗਤਾਂ ਪਿਆਰੀਆਂ ਨੇ।
ਦੇਸ਼ ਕੌਮ ਨੂੰ ਤੋੜ ਨਿਭਾਉਣੇ ਲਈ,
ਕਰ ਲੀਤੀਆਂ ਖੂਬ ਤਿਆਰੀਆਂ ਨੇ।
ਜਿਸ ਮੋਰਚੇ ਤੇ ਡਟ ਜਾਣ 'ਚੇਤਨ',
ਫੌਜਾਂ ਗੁਰੂ ਦੀਆਂ ਕਦੇ ਨਾ ਹਾਰੀਆਂ ਨੇ।

ਨਿਰੰਕਾਰ ਸਿੰਘ ਜੀ ਇਸਦੇ ਲੇਖਕ-ਸੰਪਾਦਕ ਸਨ ਅਤੇ ਸ. ਭਗਵਾਨ ਸਿੰਘ ਦਾਸ ਕਾਨੂੰਨੀ ਤੌਰ ਤੇ ਐਡੀਟਰ। ਮਹਾਰਾਜ ਗੁਰਦਿਆਲ

Namdhari Elibrary NamdhariElibrary@gmail.com

ਸਿੰਘ ਜੀ ਇਸਦੇ ਸੰਚਾਲਕ ਤੇ ਨਾਮਧਾਰੀ ਇਤਿਹਾਸ ਨਾਲ ਸੰਬੰਧਤ, ਸਰਕਾਰੀ ਦਫਤਰਾਂ ਵਿਚੋਂ ਟੋਲ ਟੋਲ ਦਸਤਾਵੇਜ਼ੀ ਸਮਗਰੀ ਦੇ ਪ੍ਰਸਤੂਤ ਕਰਤਾ। ਸੰਤ ਮੰਗਲ ਸਿੰਘ ਮਸਤਾਨਾ, ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਤਦ ਵਕਤੀ ਹਾਲਾਤ ਤੇ ਸਿਆਸੀ ਤੇ ਸਮਾਜਕ ਲੇਖ ਲਿਖਣ ਵਾਲੇ ਸਨ। ਅਖਬਾਰ ਵਿਚ, ਨਾਮਧਾਰੀਆਂ ਨਾਲ ਸਰਕਾਰ ਵਲੋਂ ਹੋਈਆਂ ਜ਼ਿਆਦਤੀਆਂ ਨੂੰ ਟੁੰਬਵੇਂ ਸ਼ਬਦਾਂ ਵਿਚ ਪ੍ਰਸਤੂਤ ਕੀਤਾ ਜਾਂਦਾ।

ਕਾਫ਼ੀ ਕਠਿਨ ਕੰਮ ਸੀ। ਸ਼ਾਸਨ ਕਰਨ ਵਾਲੀ ਵਿਦੇਸ਼ੀ ਹਕੂਮਤ ਕੂਕਿਆਂ ਨੂੰ ਨਾ ਪਸੰਦ ਕਰਦੀ ਸੀ ਅਤੇ ਉਸੇ ਨੂੰ 'ਹਜ਼ੂਰ ਮਾਈ ਬਾਪ' ਸਮਝਣ ਵਾਲੀਆਂ ਸਿਖ ਸੰਸਥਾਵਾਂ ਅਤੇ ਗੁਰਦੁਆਰਿਆਂ ਤੇ ਕਾਬਜ਼ ਗੁੱਟ ਵੀ ਨਾਮਧਾਰੀਆਂ ਦੇ ਵਿਰੋਧ ਦਾ ਡੰਗਿਆ ਹੋਇਆ ਸੀ। ਸੁ ਜਦੋਂ 'ਸਤਿਜੁਗ' ਦਾ ਪਹਿਲਾ ਅੰਕ ੧੯੨੦ ਨੂੰ ਪ੍ਰਕਾਸ਼ਤ ਹੋਇਆ ਨਾਮਧਾਰੀ ਜਗਤ ਵਿਚ ਵੀ ਧੁੰਮਾਂ ਪਈਆਂ, ਸਮਕਾਲੀ ਅਖਬਾਰਾਂ ਵਿਚ ਹਿਤ ਜਾਂ ਅਹਿਤ ਵਿਚ, ਚਰਚਾ ਹੋਈ। 'ਜੱਸ ਜੀਵਨ' ਵਿਚ ਲਿਖਿਆ ਮਿਲਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ 'ਸਤਿਜੁਗ' ਦਾ ਪ੍ਰਥਮ ਅੰਕ ਵਰਨਾਂ ਦੇ ਹੋਲੇ ਵਿਚ ਭੇਟ ਕੀਤਾ ਗਿਆ।

'ਸਤਿਜੁਗ' ਦੇ ਆਪਣੇ ਘਰ ਵਿਚ ਵੀ ਉਹਦੀਆਂ ਫਾਈਲਾਂ ਉਪਲਬਧ ਨ ਹੋਣ ਕਰਕੇ, ਜਿਸ ਸਮਗਰੀ ਤੋਂ ਅਸੀਂ ਠੀਕ ਤਰਾਂ ਲਾਭਵੰਤ ਹੋ ਸਕਦੇ ਸਾਂ, ਅਧੂਰੇ ਰਹਿ ਗਏ ਹਾਂ।

'ਸਤਿਜੁਗ' ਦਾ ਹੈਡ ਕੁਆਰਟਰ ਦਿੱਲੀ ਆ ਜਾਣ ਕਰਕੇ, ਪ੍ਰਬੰਧਕਾਂ ਅਤੇ ਨਾਮਧਾਰੀ ਦਰਬਾਰ ਦੇ ਕਰਣਧਾਰਾਂ ਨੂੰ ਸੁਝਾਓ ਹੈ ਕਿ ਨੈਸ਼ਨਲ ਲਾਇਬ੍ਰੇਰੀਆਂ ਚੋਂ ਅਨ-ਉਪਲਬਧ ਅੰਕਾਂ ਦੀ ਫੋਟੋ ਸਟੈਟ ਕਾਪੀਆਂ ਬਣਵਾ ਕੇ 'ਸਤਿਜੁਗ' ਦੀ ਅਪਨੀ ਲਾਇਬ੍ਰੇਰੀ ਸਥਾਪਤ ਕੀਤੀ ਜਾਵੇ, ਤਾਕਿ ਲੋੜ ਵੇਲੇ ਉਸ ਦੀ ਵਰਤੋਂ ਕੀਤੀ ਜਾ ਸਕੇ।

ਇਸ ਵੇਲੇ ਸਾਡੇ ਕੋਲ ਸਥਾਈ ਸ੍ਰੋਤ ਸੰਤ ਤਰਨ ਸਿੰਘ ਵਹਿਮੀ ਦਾ 'ਜੱਸ ਜੀਵਨ' ਪੁਸਤਕ ਹੀ ਹੈ। ਉਸ ਵਿਚ ਲਿਖਿਆ ਮਿਲਦਾ ਹੈ ਕਿ ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਦਾ ਅਖਬਾਰ ਦੀ ਮੁਢਲੀ ਤਿਆਰੀ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਕਾਫੀ ਯੋਗਦਾਨ ਰਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਖਬਾਰ ਦੀ ਤਿਆਰੀ ਹਿਤ ਨਾਮਧਾਰੀ ਦਰਬਾਰ ਨੂੰ ੧੦,੦੦੦-੦੦ ਰੁਪੈਆ ਦਿਤਾ। ਹੋਲੇ ਅਤੇ ਮੇਲਿਆਂ ਦੇ ਇਕੱਠ ਵਿਚੋਂ 'ਸਤਿਜੁਗ' ਦੀ ਸਹਾਇਤਾ ਤੇ ਬਿਹਤਰੀ ਲਈ ਉਗਰਾਹੀਆਂ ਵੀ ਹੁੰਦੀਆਂ ਰਹੀਆਂ। ਉਪਰ ਲਿਖਤ ਗਰੁਪ 'ਸਤਿਜੁਗ' ਦੀ ਸਥਾਪਤੀ ਹਿਤ ਲਿਖਦਾ ਵੀ ਤੇ ਤਕਰੀਰਾਂ ਵੀ ਕਰਦਾ।

ਅਖ਼ਬਾਰ ਦਾ ਅਸਤਰ ਪ੍ਰਾਪਤ ਕਰਕੇ ਨਾਮਧਾਰੀਆਂ ਨੂੰ ਉਤਸਾਹ ਅਤੇ ਸ਼ਕਤੀ ਹੋਰ ਮਿਲ ਗਈ। ਸਰਕਾਰ ਅਤੇ ਸਿਧਾਂਤ ਵਿਰੋਧੀਆਂ ਤੇ ਚੋਟ ਤੇ ਚੋਟ ਲਗਣ ਲਗੀ। 'ਸਤਿਜੁਗ' ਵਿਚ ਇਕ ਪੂਰੇ ਪੇਜ ਦਾ ਮੇਰੇ ਪਿਤਾ, ਸੰਤ ਫੂਲਾ ਸਿੰਘ ਹੁਰਾਂ ਵਲੋਂ ਇਸ਼ਤਹਾਰ ਸੀ ਜਿਸ ਵਿਚ ਹਰ ਕਿਸੇ ਨੂੰ ਵੰਗਾਰ ਸੀ ਜੁ ਦੇਹਧਾਰੀ ਗੁਰੂ ਦੇ ਵਿਰੋਧ ਵਿਚ ਗੱਲ ਕਰਨਾ ਚਾਹੇ ਇਹ ਗੁਰਬਾਣੀ ਤੇ ਗੁਰਮਤ ਅਨੁਸਾਰ ਉਤਰ ਦੇਣਗੇ। ਅਖ਼ਬਾਰੀ ਅਸਤਰਾਂ ਦੇ ਪ੍ਰਭਾਵ ਨਾਲ ੧੯੨੩ ਈ. ਵਿਚ ਹੀ ਸ੍ਰੀ ਭੈਣੀ ਸਾਹਿਬ ਵਿਚੋਂ ਪੁਲਿਸ ਚੌਕੀ ਉਠਾਈ ਗਈ। ਨਾਮਧਾਰੀ ਆਗੂਆਂ ਦੇ ਸੰਬੰਧ ਕਾਂਗਰਸ ਅੰਦਰ ਵੀ ਉਪਰਲੀ ਸਿਖਰ ਦੇ ਵਿਅਕਤੀਆਂ ਨਾਲ ਗੂੜ੍ਹੇ ਹੋ ਗਏ। ਉਨ੍ਹਾਂ ਦੀ ਭੈਣੀ ਸਾਹਿਬ, ਜੁ ਸ਼ਾਸਨ ਦੀਆਂ ਸਖਤੀਆਂ ਕਰਕੇ ਹੁਣ ਤਕ ਅਛੂਤ ਅਤੇ ਅਛੂਹ ਬਣਿਆ ਪਿਆ ਸੀ, ਦੇਸ਼ ਭਗਤਾਂ ਦੀ ਰੋਜ਼ੀ ਰੋਟੀ ਤੇ ਪਨਾਹਗਾਹ ਬਣ ਗਿਆ।

ਅਖ਼ਬਾਰ ਦੇ ਜਾਰੀ ਹੋਣ ਤੋਂ ਅਗਲੇ ਸਾਲ ਨਾਮਧਾਰੀ ਦਰਬਾਰ ਦੀ ਸਥਾਪਨਾ ਹੋ ਗਈ। ਇਹ ਸੰਸਥਾ ਸਤਿਗੁਰੂ ਜੀ ਦੇ ਹੁਕਮਾਂ ਅਧੀਨ ਚਲਣ ਵਾਲੀ ਸਮਾਜ ਦੀ ਸਭ ਤੋ ਵਧੇਰੇ ਜ਼ਿਮੇਵਾਰ ਦੇ ਤੌਰ ਤੇ ਅਗੇ ਆਈ। ਇਹ ਧਾਰਨਾ ਨਿਸਚਿਤ ਕੀਤੀ ਗਈ ਕਿ ਨਾਮਧਾਰੀ ਪੰਥ ਵਿਚ ਸ੍ਰੀ ਸਤਿਗੁਰੂ ਜੀ ਹੀ ਸਰਵੋਪਰਿ ਹਨ, ਬਾਕੀ ਸਭ ਉਨ੍ਹਾਂ ਦੇ ਅਧੀਨ ਹੈ। ਇਹ ਧਾਰਨਾ ਗੁਰਬਾਣੀ ਦੀ ਸਮੁਚੀ ਸਿਖਿਆ ਦਾ ਤੱਤ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਉਪਦੇਸ਼ਾਂ ਤੇ ਸਾਧ ਸੰਗਤ ਨਾਲ ਵਿਵਹਾਰ ਵਿਚ ਏਸੇ ਤੱਥ ਨੂੰ ਰੂਪਮਾਨ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਧਰਮਧੁਜ ਹੋਣ ਕਰਕੇ ਤਪ ਤਪੱਸਿਆ ਅਤੇ ਸਰੀਰ ਸਾਧਨਾ ਵਲ ਵਧੇਰੇ ਰੁਚਿਤ ਸਨ। ਨਾਲ ਹੀ ਸਮਾਜ ਦੇ ਮੁਖੀ ਹੋਣ ਕਾਰਨ 'ਸਤਿਜੁਗ' ਨੂੰ ਸਮਾਈ ਅਤੇ ਸਹਿਜ ਨਾਲ ਚਲਣ ਲਈ, ਨੀਤੀ ਪ੍ਰੇਰਿਤ ਨਾਮਧਾਰੀਆਂ ਨੂੰ ਆਗ੍ਰਹਿ ਕਰਦੇ ਰਹਿੰਦੇ। ਤਾਂ ਵੀ, ਜੋ ਕੁਝ ਦੇਸ਼ ਦੁਨੀਆਂ ਵਿਚ ਵਾਪਰ ਰਿਹਾ ਸੀ, ਉਸ ਦੀਆਂ ਗਰਮਾ ਗਰਮ .ਖਬਰਾਂ ਅਤੇ ਟਿੱਪਣੀਆਂ ਸਤਿਜੁਗ ਵਿਚ ਛਪ ਹੀ ਜਾਂਦੀਆਂ। ਨਾਮਧਾਰੀਆਂ ਦੀ ਆਪਣੀ ਰਾਮ ਕਥਾ ਪ੍ਰਕਾਸ਼ਤ ਹੋਣੀ ਵੀ ਅੰਗਰੇਜ਼ੀ ਸਰਕਾਰ ਦੇ ਵਿਰੋਧ ਵਿਚ ਜਾਂਦੀ ਸੀ। ਇਹੋ ਕਾਰਨ ਸੀ ਕਿ ੧੯੨੪ ਦੇ ਬਸੰਤ ਅੰਕ ਨੂੰ ਵਿਕਰੀ ਵਾਸਤੇ ਹਾਕਰਾਂ ਪਾਸ ਜਾਂਦਿਆਂ ਹੀ ਜ਼ਬਤ ਕਰ ਲਿਆ ਗਿਆ ਅਤੇ ੨੦੦੦-੦੦ ਦੀ ਪਹਿਲੀ ਜ਼ਮਾਨਤ ਜ਼ਬਤ ਕਰਕੇ ਨਵੀਂ ਦੀ ਮੰਗ ਕੀਤੀ ਗਈ।

ਅੰਗਰੇਜ਼ ਸਮਝਦਾ ਸੀ ਕਿ ਉਸ ਨੇ 'ਸਤਿਜੁਗ' ਦੀ ਜ਼ਬਤੀ ਕਰਕੇ ਕੂਕਿਆਂ ਦੀ ਜ਼ਬਾਨ ਖਿੱਚ ਲਈ ਹੈ। ਪਰ 'ਸਤਿਜੁਗ' ਸਪਤਾਹਿਕ ਦੀ ਥਾਂ, ਉਪ੍ਰੋਕਤ ਸਿਆਸੀ ਗਰੁਪ ਨੇ ਰੋਜ਼ਾਨਾ 'ਕੂਕਾ' ਜਾਰੀ ਕਰ ਦਿਤਾ। ਇਸ ਵਾਰ, ਸੰਤ ਨਿਧਾਨ ਸਿੰਘ ਆਲਿਮ ਦੇ ਪ੍ਰਯਤਨ ਦੁਆਰਾ ਸੀ। ਇਹ ਬੜਾ ਤਕੜਾ ਮੋਰਚਾ ਸੀ ਜੁ ਕੁਸ਼ਾਸਨ ਦੇ ਖ਼ਿਲਾਫ਼ ਖੋਲ੍ਹਿਆ ਗਿਆ। ਪਰ ਡੇਢ ਸਾਲ ਪਿਛੋਂ ਇਸ ਨੂੰ ਬੰਦ ਹੋਣਾ ਪਿਆ ਜਦੋਂ ਸ੍ਰੀ ਆਲਿਮ ਜੀ ਨੂੰ ਜੇਲ੍ਹ ਵਿਚ ਭੇਜ ਦਿਤਾ ਗਿਆ।

ਕੁਝ ਉਹ ਦੇਸ਼ ਭਗਤ ਧਰਮ ਸ਼ਿਸ਼ਠ ਨਾਮਧਾਰੀ ਸਨ ਜਿਨ੍ਹਾਂ ਨੇ ਨਿਡਰ ਹੋ ਕੇ ਅੰਮ੍ਰਿਤਸਰ ਹਰਿਮੰਦਰ ਅਤੇ ਤਰਨ ਤਾਰਨ ਗੁਰਦੁਆਰਿਆਂ ਦੀਆਂ ਪਰਕਰਮਾਂ ਵਿਚ ਆਪਣੇ ਅਖਬਾਰ ਹਾਕਾਂ ਮਾਰ ਮਾਰ ਵੇਚੇ। ਇਸ ਲਈ ਇਨ੍ਹਾਂ ਕੁੱਟ ਮਾਰ ਤੋ ਲੈ ਜੇਲ ਜਾਣ ਤਕ ਦੀਆਂ ਯਾਤਨਾਵਾਂ ਝੱਲੀਆਂ। ਅੱਜ ਉਨ੍ਹਾਂ ਜੋਧਾ ਰੂਹਾਂ ਨੂੰ ਵੀ ਨਮਸਕਾਰ ਕਰਨ ਦਾ ਦਿਨ ਹੈ। ਇਹਨਾਂ ਦੇ ਫ਼ਖ਼ਰ ਯੋਗ ਨਾਮ ਹਨ: ਸੰਤ ਝੰਡਾ ਸਿੰਘ ਪਿੰਡ ਕਿਲਾ ਸੂਬਾ ਸਿੰਘ, ਸੰਤ ਕਿਰਪਾ ਸਿੰਘ ਪਿੰਡ ਵਰਨ, ਸੁਰੈਣ ਸਿੰਘ ਅਤੇ ਕਾਲੋਕਿਆਂ ਦੇ ਸੰਤ ਨਿਹਾਲ ਸਿੰਘ, ਭਾਈ ਕੋਟੀਏ ਸੰਤ ਲਾਲ ਸਿੰਘ ਆਦਿ। ਪਹਿਲਾਂ 'ਸਤਿਜੁਗ' ਫਿਰ 'ਕੂਕਾ' ਲਾਹੌਰ, ਅੰਮ੍ਰਿਤਸਰ, ਤਰਨ ਤਾਰਨ, ਗੁਜਰਾਂਵਾਲਾ, ਸ਼ੇਖੂਪੁਰ ਜ਼ਿਲਿਆਂ ਵਿਚ ਇਹ ਸਿੰਘ ਨਿਰਭੈ ਹੋ ਕੇ ਆਪਣੇ ਅਖਬਾਰ ਵੇਚਦੇ। ਏਥੇ ਸੂਬਾ ਹਰੀ ਸਿੰਘ ਜੀ ਪਿੰਡ ਮੱਲੇ ਕੇ (ਜ਼ਿਲਾ ਸਿਆਲਕੋਟ) ਵਾਲਿਆਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਇਹ ਭਾਵੇਂ ਆਪ ਅਨਪੜ੍ਹ ਸਨ ਪਰ ਗ੍ਰਾਹਕ ਸੰਖਿਆ ਵਧਾਣ ਤੇ ਸਤਿਜੁਗ ਲਈ ਹੋਰ ਸਹਾਇਤਾ ਕਰਨ ਵਿਚ ਸਹਾਇਕ ਹੋਏ।

ਸਾਡੇ ਅਖਬਾਰਾਂ ਦੀ ਇਹ ਖ਼ੂਬੀ ਰਹੀ ਕਿ ਇਹ ਧਰਮ ਵਿਰੋਧੀ ਕੋਈ ਗੱਲ ਨਹੀਂ ਸਨ ਛਾਪਦੇ। ਦੇਸ਼ ਭਗਤੀ ਪ੍ਰਧਾਨ ਲੇਖ, ਨਾਮਧਾਰੀ ਮੇਲਿਆਂ ਹੋਲਿਆਂ ਦੀ ਸੂਚਨਾ ਅਤੇ ਹੋ ਚੁਕੇ ਮੇਲਿਆਂ ਦੀ ਰੀਪੋਰਟਿੰਗ

Namdhari Elibrary NamdhariElibrary@gmail.com

ਤਾਂ ਰਹਿੰਦੀ ਹੀ, ਹੋਰ ਜੋ ਸਮਗਰੀ ਹੁੰਦੀ ਅਖ਼ਬਾਰ ਨੂੰ ਉਚੇਰਾ ਚੁੱਕਣ ਲਈ ਹੀ ਹੁੰਦੀ। ਨਾ ਚੰਗੇ ਮੰਦੇ ਇਸ਼ਤਹਾਰ ਨਾ ਉਕਸਾਊ ਖ਼ਬਰਾਂ। ਉਸ ਵੇਲੇ ਦੇ ਹੋਰ ਪੰਜਾਬੀ ਅਖ਼ਬਾਰ ਸਨ: ਅਕਾਲੀ, ਅਕਾਲੀ ਤੇ ਪ੍ਰਦੇਸੀ, ਅਕਾਲੀ ਪਤ੍ਰਿਕਾ ਆਦਿ। ਹਫਤਾਵਾਰੀਆਂ ਵਿਚੋਂ 'ਖਾਲਸਾ ਸਮਾਚਾਰ' ਹਮੇਸ਼ਾਂ ਦੇਹਧਾਰੀ ਗੁਰੂ ਦਾ ਵਿਰੋਧੀ ਅਤੇ ਸਿੱਖਾਂ ਦੇ ਉਪਰਲੇ ਗਰੁਪ ਵਿਚੋਂ ਹੋਣ ਕਰਕੇ ਨਾਮਧਾਰੀਆਂ ਖਿਲਾਫ਼ ਭੰਡੀ ਪਰਚਾਰ ਤੇ ਵਿਰੋਧੀ ਲੇਖ ਦਿੰਦਾ ਰਿਹਾ।

ਅੱਜ ਪੌਣੀ ਸਦੀ ਦੇ 'ਸਤਿਜੁਗ' ਦੀ ਗੱਲ ਕਰਦਿਆਂ ਸਤਿਕਾਰ ਯੋਗ ਮੁਸੱਵਰ ਵਰਿਆਮ ਸਿੰਘ ਜੀ ਨੂੰ ਵੀ ਯਾਦ ਕਰਨਾ ਤੇ ਸਿਰ ਨਿਵਾਉਣਾ ਬਣਦਾ ਹੈ ਜਿਨ੍ਹਾਂ ਦੇ ਬ੍ਰੱਸ ਦੇ ਕਮਾਲ ਨੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਝਾਵਾਂ ਤੇ ਪ੍ਰੇਰਨਾ ਨਾਲ, ਬੁਨਿਆਦੀ ਨਾਮਧਾਰੀ ਇਤਿਹਾਸ ਲਗਭਗ ਚਿਤਰ ਦਿਤਾ ਹੈ। ਇਹਨਾਂ ਦੇ ਚਿਤਰਾਂ ਨੇ ਬਸੰਤ ਅੰਕਾਂ ਤੇ ਹੋਰ ਅੰਕਾਂ ਦੀ ਸਦਾ ਹੀ ਸਾਨ ਚਮਕਾਈ। ਜਦ ਤਕ ਮੁਸੱਵਰ ਜੀ ਜੀਵਤ ਰਹੇ ਬੇ-ਮੁਆਵਜ਼ਾ 'ਸਤਿਜੁਗ' ਦੇ ਸਹਾਇਕ ਰਹੇ।

'ਸਤਿਜੁਗ' ਦੇ ਆਰਥਕ ਤੇ ਹੋਰ ਕਾਰਨਾਂ ਕਰਕੇ ਕਦੇ ਕਦੇ ਛਪਣ, ਅਤੇ ਰੋਜ਼ਾਨਾ 'ਕੂਕਾ' ਦੇ ਬੰਦ ਹੋ ਜਾਣ ਨਾਲ ਇਕ ਹੋਰ ਨਾਮਧਾਰੀ ਅਖ਼ਬਾਰ ਵਜੂਦ ਵਿਚ ਆਇਆ। ਇਹ ਸੀ 'ਮਸਤਾਨਾ'। ਸੰਤ ਮੰਗਲ ਸਿੰਘ ਜੀ ਹੀ ਇਸਦੇ ਸਰਵੇ ਸਰਵਾ ਸਨ। ਇਹ ਵੀ ਥੋੜੇ ਹਫ਼ਤੇ ਦੀਦਾਰੇ ਦੇ ਕੇ ਠੱਪ ਹੋ ਗਿਆ। 'ਸਤਿਜੁਗ' ਦੀ ਦਸ਼ਾ ਉਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ।

'ਸਤਿਜੁਗ' ਦਾ ਪਹਿਲਾ ਪ੍ਰਕਾਸ਼ਨ ਤਾਂ ਲਾਹੌਰ ਦੀ ਗੰਗਾ ਬਿਲਡਿੰਗ ਤੋਂ ਹੋਇਆ, ਜ਼ਬਤੀ ਉਪਰੰਤ ਜਾਰੀ ਕਰਨ ਹਿਤ ਰਾਵੀ ਰੋਡ ਤੇ ਫਜ਼ਲ ਬਿਲਡਿੰਗ ਵਿਚ ਲੈ ਆਂਦਾ ਗਿਆ। 'ਸਤਿਜੁਗ' ਦੇ ਪ੍ਰੈਸ ਦਾ ਨਾਮ 'ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ' ਸੀ, ਜਿਸ ਦੀ ਪਹਿਲੀ ਤਿਆਰੀ ਤਾਂ ਜਨਤਕ ਉਗਰਾਹੀ ਉਤੇ ਨਿਰਭਰ ਸੀ। ਸ੍ਰੀ ਸਤਿਗੁਰੂ ਜੀ ਵੀ ਪ੍ਰਬੰਧਕਾਂ ਦੀ ਅਰਜ਼ ਕਰਨ ਉਤੇ ਸਹਾਇਕ ਹੁੰਦੇ। ਪਰ ੧੯੨੯ ਵਿਚ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਨੂੰ ਲਾਹੌਰੋਂ ਉਠਾ ਭੈਣੀ ਸਾਹਿਬ ਲੈ ਆਂਦਾ ਗਿਆ, ਜਿਥੋਂ 'ਸਤਿਜੁਗ' ਦੀ ਨਿਰੰਤਰਤਾ ਬਣੀ ਰਹੀ।

ਸਤਿਗੁਰੂ ਜੀ ਨੇ 'ਸਤਿਜੁਗ' ਦੇ ਭੈਣੀ ਸਾਹਿਬ ਆਇਆਂ ਇਸ ਦਾ ਸਿਆਸੀ ਪੱਖ ਬਹੁਤ ਘਟਾ ਕੇ ਧਰਮ ਮੁਖੀ ਕਰ ਦਿਤਾ। ਤਾਂ ਵੀ 'ਅਪੂਰਵ ਬਲੀਦਾਨ' ਸੰਤ ਚਕਰਵਰਤੀ ਜੀ ਦੇ ਲੇਖ ਵਾਲਾ ਸਤਿਜੁਗ ਦਾ ਬਸੰਤ ਅੰਕ ਏਨਾ ਜੋਰਦਾਰ ਸੀ ਕਿ ਵਿਦੇਸ਼ੀ ਸਰਕਾਰ ਨੇ ਉਸਨੂੰ ਜ਼ਬਤ ਕੀਤਾ, ਇਸ ਦੀ ੪੦੦੦-੦੦ ਦੀ ਜਮਾਨਤ ਜ਼ਬਤ ਕੀਤੀ ਅਤੇ ੪੦੦੦-੦੦ ਦੀ ਜਮਾਨਤ ਹੋਰ ਮੰਗ ਲਈ। ਲੇਖ 'ਅਪੂਰਵ ਬਲੀਦਾਨ' ਉਕਸਾਊ ਭਾਵੇਂ ਨਹੀ ਸੀ ਪਰ ਹਿਰਦਿਆਂ ਵਿਚ ਉਤਰ ਜਾਣ ਵਾਲਾ ਅਤੇ ਅੰਗਰੇਜ਼ ਸਰਕਾਰ ਦੀ ਨਿਆਇ ਪ੍ਰਣਾਲੀ ਦਾ ਭਾਂਡਾ ਚੁਰਾਹੇ ਵਿਚ ਭੰਨਦਾ ਸੀ।

ਅੱਜ ਪੌਣੀ ਸਦੀ ਦੇ 'ਸਤਿਜੁਗ' ਦੀ ਗੱਲ ਕਰਦਿਆਂ ਸਤਿਕਾਰ ਯੋਗ ਮੁਸੱਵਰ ਵਰਿਆਮ ਸਿੰਘ ਜੀ ਨੂੰ ਵੀ ਯਾਦ ਕਰਨਾ ਤੇ ਸਿਰ ਨਿਵਾਉਣਾ ਬਣਦਾ ਹੈ ਜਿਨ੍ਹਾਂ ਦੇ ਬ੍ਰੱਸ਼ ਦੇ ਕਮਾਲ ਨੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਝਾਵਾਂ ਤੇ ਪ੍ਰੇਰਨਾ ਨਾਲ, ਬੁਨਿਆਦੀ ਨਾਮਧਾਰੀ ਇਤਿਹਾਸ ਲਗਭਗ ਚਿਤਰ ਦਿਤਾ ਹੈ। ਇਹਨਾਂ ਦੇ ਚਿਤਰਾਂ ਨੇ ਬਸੰਤ ਅੰਕਾਂ ਤੇ ਹੋਰ ਅੰਕਾਂ ਦੀ ਸਦਾ ਹੀ ਸ਼ਾਨ ਚਮਕਾਈ। ਜਦ ਤਕ ਮੁਸੱਵਰ ਜੀ ਜੀਵਤ ਰਹੇ ਬੇ-ਮੁਆਵਜ਼ਾ 'ਸਤਿਜੁਗ' ਦੇ ਸਹਾਇਕ ਰਹੇ।

ਚੇਤੇ ਰਹੇ ਵਿਦੇਸ਼ੀ ਸ਼ਾਸਨ ਸਮੇਂ 'ਸਤਿਜੁਗ' ਫੌਜਾਂ ਵਿਚ ਪੜ੍ਹਨ ਲਈ ਵਰਜਿਤ ਸੀ ਅਤੇ ਸਰਕਾਰੀ ਸੰਸਥਾਨਾਂ ਲਈ ਵੀ ਪਰਵਾਨਤ ਨਹੀਂ ਸੀ।

'ਸਤਿਜੁਗ' ਦੇ ਬਸੰਤ ਅੰਕਾਂ ਅਤੇ ਹੋਰ ਵਿਸ਼ੇਸ਼ ਅੰਕਾਂ ਵਿਚ ਪਾਠ ਸਮਗਰੀ ਉੱਤਮ ਰਹੀ। ਨਾਮਧਾਰੀ ਅਤੇ ਗੈਰ ਨਾਮਧਾਰੀ ਵਿਦਵਾਨਾਂ, ਰਾਜਨੀਤਕ ਤੇ ਸਮਾਜਕ ਹਸਤੀਆਂ ਦੇ ਵਿਚਾਰਾਂ ਦੁਆਰਾ ਵਿਭੂਸ਼ਿਤ ਹੁੰਦੀ ਰਹੀ।

ਮੈਂ ਉਸ ਵੇਲੇ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦਾ ਵਿਦਿਆਰਥੀ ਸਾਂ ਜਦੋਂ ਸਤਿਗੁਰੂ ਰਾਮ ਹਰੀ ਪ੍ਰੈਸ ਦਾ ਟਾਈਪ ਤੇ ਛਾਪਣ ਵਾਲੀ ਮਸ਼ੀਨ, ਸ੍ਰੀ ਭੈਣੀ ਸਾਹਿਬ ਗੁਰਦੁਆਰਾ ਦੀ ਡਿਉਢੀ ਦੇ ਸਾਹਵੇਂ, ਪੁਲਿਸ ਚੌਕੀ ਵਾਲੀ ਥਾਂ, ਲਿਆਂਦੇ ਗਏ। ਕੁਛ ਸਮੇਂ ਬਾਅਦ ਇਹ ਸਾਰੀ ਸਮਗਰੀ ਹਰੀ ਮੰਦਰ ਵਿਚ ਰੱਖੀ 'ਸਤਿਜੁਗ' ਦੇ ਕੰਮ ਆਈ ਅਤੇ ਫਿਰ ਇਸਨੂੰ ਵਿਦਿਆਰਥੀਆਂ ਨੂੰ ਗੜਵੇ, ਪਊਏ, ਆਦਿ ਸਿਖਾਣ ਲਈ ਬਣਾਈ ਵਰਕਸ਼ਾਪ ਵਿਚ ਫਿਟ ਕਰ ਦਿਤਾ ਗਿਆ।

ਸਾਡਾ ਵਿਦਿਆਰਥੀਆਂ ਦਾ ਇਕ ਸਾਹਿਤਕ ਜੁੱਟ ਸੀ, ਜਿਸ ਵਿਚ ਉਮਰੋਂ ਵੱਡਾ ਹੋਣ ਕਾਰਨ ਅਗਵਾਈ ਮੇਰੀ ਹੀ ਸੀ। ਪ੍ਰੀਤਮ ਸਿੰਘ ਪੰਛੀ, ਗੁਰਦਿਆਲ ਸਿੰਘ, ਪਿਛੋਂ ਜਾ ਕੇ ਕਾਗਜ਼ੀ (ਸੰਪਾਦਕ ਸਤਿਜੁਗ), ਬਲਵੰਤ ਸਿੰਘ ਗਿਆਨੀ, ਬਲਵੰਤ ਸਿੰਘ-ਗੁਰਬਖਸ਼ ਸਿੰਘ ਰਾਵਲਪਿੰਡੀਏ ਆਦਿ ਇਸ ਦੇ ਹੋਰ ਮੈਂਬਰ ਸਨ। ਅਸੀਂ ਵਿਦਿਆਲੇ ਵਿਚ ਕਲਮ ਦੁਆਤ ਨਾਲ ਲਿਖ ਕੇ ਮਾਸਿਕ ਪੱਤਰ 'ਪਿਆਰਾ' ਤਿਆਰ ਕਰਦੇ ਸਾਂ। ਦੂਜਾ ਸਪਤਾਹਿਕ ਪੱਤਰ ਸੀ 'ਗੁਪਤ' ਜਿਸ ਵਿਚ ਜ਼ਿਆਦਾ ਤਰ ਅਧਿਆਪਕਾਂ ਦੀ ਆਲੋਚਨਾ ਹੁੰਦੀ ਸੀ। ਇਕ ਵਾਰ ਅਸੀਂ ਮੁਖ ਅਧਿਆਪਕ ਬਾਰੇ ਕੁਛ ਲਿਖ ਬੈਠੇ। ਸਬਬ ਨਾਲ ਉਹੋ ਪਰਚਾ ਮੁਖ ਅਧਿਆਪਕ ਦੇ ਹੱਥ ਲਗ ਗਿਆ। ਸ਼ਕਾਇਤ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਲਗ ਗਈ। ਸਾਡਾ ਮਾਸਿਕ ਤੇ ਸਪਤਾਹਿਕ ਪੱਤਰ ਦੇਖ ਸਤਿਗੁਰੂ ਜੀ ਨੇ ਸਾਡੀ ਲਿਖਣ ਪ੍ਰਤਿਭਾ ਦਾ ਅੰਦਾਜ਼ਾ ਕਰ ਲਿਆ। ਅਤੇ ਇਸ ਤਾੜਨਾ ਨਾਲ ਕਿ 'ਅਗੇ ਤੋਂ ਆਪਣੀਆਂ ਕਰਤੂਤਾਂ ਵੀ ਲਿਖਿਆ ਕਰੋ', ਮੁਖ ਅਧਿਆਪਕ ਨੂੰ ਚਾਰ ਦਸਤੇ ਕਾਗਜ਼ ਅਤੇ ਅੱਧੀ ਦਰਜਨ ਪੈਨਸਿਲਾਂ ਹਰ ਮਹੀਨੇ ਸਾਨੂੰ ਦੇਣ ਦਾ ਹੁਕਮ ਕੀਤਾ ਗਿਆ। ਕੁੱਬੇ ਨੂੰ ਲੱਤ ਰਾਸ ਆਈ।

ਸਤਿਗੁਰੂ ਜੀ ਵਲੋਂ ਮੈਨੂੰ ਅਤੇ ਪੰਛੀ ਨੂੰ ਵਕਤਨ ਫ਼ਵਕਤਨ ਸਤਿਜੁਗ ਦੀ ਸੰਪਾਦਕੀ ਸੌਂਪੀ ਜਾਂਦੀ ਰਹੀ। ੧੯੩੮-੩੯ ਵਿਚ ਮੇਰੀ ਸੰਪਾਦਕੀ ਹੇਠ ਸਤਿਜੁਗ ਛਪਿਆ। ਫਿਰ ਮੇਰਾ ੧੯੫੭ ਤੋਂ ੧੯੬੬ ਈ: ਤਕ 'ਸਤਿਜੁਗ' ਨਾਲ ਸੰਪਾਦਕੀ ਪੱਖੋਂ ਵਾਹ ਰਿਹਾ।

'ਸਤਿਜੁਗ' ਦੇ ਜੀਵਨ ਨਗਰ (੧੯੪੭ ਈ.) ਪਹੁੰਚਣ ਸਮੇਂ ਤੱਕ ਇਸਦੇ ਸਰਕਾਰੀ ਕਾਗਜਾਂ ਵਿਚ ਸੰਪਾਦਕ ਹੋਰ ਤੇ ਇਸਨੂੰ ਸਚਮੁਚ ਸੰਪਾਦਨ ਕਰਨ ਵਾਲੇ ਵਿਅਕਤੀ ਹੋਰ ਹੁੰਦੇ ਰਹੇ। ਇਹੋ ਅਮਲ ਹੁਣ ਤਕ ਜਾਰੀ ਹੈ। ਲਾਹੌਰ ਵਿਚ ਸਤਿਜੁਗ ਨਾਲ ਵਾਪਰਦੇ ਹਾਲਾਤ ਨੂੰ ਮੁਖ ਰਖ, ਉਪ੍ਰੋਕਤ ਪ੍ਰਬੰਧ ਕੀਤਾ ਗਿਆ।

ਇਕ ਵਾਰ ਮੈਨੂੰ ਸੰਤ ਨਗਰੋਂ ਜੀਵਨ ਨਗਰ ਵਲ ਆਉਂਦਿਆਂ

Namdhari Elibrary NamdhariElibrary@gmail.com

ਨਹਿਰ ਕੰਢੇ ਇਕ ਠਾਣੇਦਾਰ ਜੀ ਨਾਲ ਵਾਸਤਾ ਪਿਆ। ਉਹ 'ਸਤਿਜੁਗ' ਦੇ ਸੰਪਾਦਕ ਨੂੰ ਹੀ ਕੁਛ ਹਦਾਇਤਾਂ ਦੇਣ ਆਏ ਸਨ। ਜੀਵਨ ਨਗਰ ਆ ਕੇ ਸਤਿਜੁਗ ਸੰਪਾਦਕ ਨੂੰ ਬੁਲਾਇਆ ਗਿਆ ਤਾਂ ਮੈਂ ਹਾਜ਼ਰ ਹੋਇਆ:

"ਹੁਕਮ ਕਰੋ!"

"ਤੁਸੀਂ 'ਸਤਿਜੁਗ' ਦੇ ਐਡੀਟਰ ਹੋ।"

"ਜੀ ਹਾਂ, ਪਰ, ਤੁਹਾਨੂੰ ਕਿਹੜਾ ਐਡੀਟਰ ਚਾਹੀਦੈ।"

"ਕੀ ਮਤਲਬ?"

"ਜੀ, ਮੈ ਤਾਂ ਜੇਲ ਵਿਚ ਘੱਲਣ ਵਾਲਾ ਐਡੀਟਰ ਹਾਂ। ਜੇਲ ਜਾਣ ਵਾਲਾ ਐਡੀਟਰ ਜੇਲ ਦੇ ਕੋਲ ਹੀ ਰਖਿਆ ਹੋਇਐ, ਸਰਸੇ, ਗਿਆਨੀ ਗੁਰਦਿਆਲ ਸਿੰਘ" ਠਾਣੇਦਾਰ ਜੀ ਉਤਰ ਸੁਣ ਕੇ ਹੱਸ ਪਏ, ਹੋਰ ਕੀ ਕਰਦੇ !

ਇੰਜ ਜਦੋਂ ਸਤਿਜੁਗ ਲਾਹੌਰੋਂ ਛਪਦਾ ਸੀ ਪ੍ਰਬੰਧਕ ਐਡੀਟਰ ਸ. ਭਗਵਾਨ ਸਿੰਘ ਦਾਸ ਹੋਇਆ ਕਰਦਾ ਸੀ। ਇਸ ਦੇ ਕਲਮੀ ਸੰਪਾਦਕ ਸਨ: ਸੰਤ ਨਿਰੰਕਾਰ ਸਿੰਘ ਚੇਤਨ, ਸੰਤ ਮੰਗਲ ਸਿੰਘ ਮਸਤਾਨਾ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚਕਰਵਰਤੀ। 'ਸਤਿਜੁਗ' ਦੇ ਭੈਣੀ ਸਾਹਿਬ ਆਇਆਂ ਪਹਿਲਾਂ ਸ. ਸੂਰਤ ਸਿੰਘ ਭਿਕਸ਼ੂ ਅਤੇ ਫਿਰ ਮਾ: ਬਲਵੰਤ ਸਿੰਘ ਬੁੰਡਾਲੀਏ ਪ੍ਰਬੰਧਕ ਐਡੀਟਰ ਬਣੇ। ਜਦੋਂ ਕਿ ਲਿਖਣ ਵਾਲੇ ਸੰਪਾਦਕ ਸਨ, ਸੰਤ ਇੰਦਰ ਸਿੰਘ ਚਕਰਵਰਤੀ, ਸੰਤ ਜੱਸਾ ਸਿੰਘ ਸੂਫ਼ੀ, ਸਵਾਮੀ ਸ਼ਰਧਾ ਨੰਦ, ਸੰਤ ਮਸਤਾਨ ਸਿੰਘ ਕਿਆਮਪੁਰੀਏ, ਸ. ਅਵਤਾਰ ਸਿੰਘ ਆਜ਼ਾਦ, ਸ. ਬੂਟਾ ਸਿੰਘ ਰਾਇਪੁਰੀ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਆਦਿ।

ਜੀਵਨ ਨਗਰ ਪ੍ਰੈਸ ਦੇ ਆ ਜਾਣ ਕਾਰਨ (ਪਹਿਲਾਂ ਥੋੜਾ ਹੀ ਸਮਾ ਸੰਤ ਨਗਰ) ਇਸਦੇ ਕਾਗਜ਼ੀ ਐਡੀਟਰ ਸੰਤ ਗੁਰਦਿਆਲ ਸਿੰਘ ਗਿਆਨੀ, ਲੇਖਕ ਸੰਪਾਦਕ ਪੰ: ਰਾਜਿੰਦਰ ਸਿੰਘ ਗੱਦਾਂ ਡੋਬ ਉਪ੍ਰੰਤ ਸੰਤ ਮੰਗਲ ਸਿੰਘ ਲਾਇਲਪੁਰੀ ਰਹੇ, ਤਦੋਂ ਇਹ ਹੈ ਵੀ ਮਾਸਿਕ ਪੱਤਰ ਸੀ।

ਬਾਰਾਂ ਸਾਲਾਂ ਦੇ ਵਕਫ਼ੇ ਪਿਛੋਂ ਮੈਂ ਜਦ ਮੁੜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਆਇਆ ਤਾਂ ੧੯੫੭ ਵਿਚ ਸਤਿਗੁਰੂ ਜੀ ਨੇ ਮੁੜ ਮੈਨੂੰ 'ਸਤਿਜੁਗ' ਦੀ ਸੰਪਾਦਕੀ ਦਾ ਮਾਣ ਬਖ਼ਸ਼ਿਆ ਅਤੇ ਮੇਰੀ ਸੰਪਾਦਕੀ ਦੇ ਨਾਲ ਹੀ ਇਹ ਹਫ਼ਤਾਵਾਰੀ ਹੋ ਗਿਆ। ਉਹ ਦਿਨ ਬੜੇ ਹੰਗਾਮੀ ਸਨ। ਕੈਰੋਂ ਸਰਕਾਰ ਦੀ ਨਾਰਾਜ਼ਗੀ ਚਲ ਰਹੀ ਸੀ। ਸਤਿਗੁਰੂ ਜੀ ਵਲੋਂ ਨਾਮਧਾਰੀਆਂ ਵਾਸਤੇ ਖਰੀਦੀ ੫੦੦ ਮੁਰੱਬੇ ਜ਼ਮੀਨ ਦੀ ਵੰਡ ਅਤੇ ਪਾਕਿਸਤਾਨ ਵਿਚ ਰਹਿ ਗਈਆਂ ਸ਼ਰਨਾਰਥੀਆਂ ਦੀਆਂ ਜ਼ਮੀਨਾਂ ਦੇ ਇਵਜ਼ ਵਿਚ ਵੰਡੀ ਗਈ ਜੀਵਨ ਨਗਰ ਨੇੜੇ ਦੇ ਪਿੰਡਾਂ ਦੀ ਜ਼ਮੀਨ ਦੇ ਮਸਲੇ ਨੂੰ ਲੈ ਕੇ ਕੁਛ ਆਪਣਿਆਂ ਵਲੋਂ ਹੀ ਦੋਬਾਰਾ ਤੇ ਸਰਕਾਰੀ ਤੌਰ ਤੇ ਵੰਡ ਕਰਨ ਦਾ ਵਾ ਵੇਲਾ ਬੜਾ ਉਗਰ ਰੂਪ ਲੈ ਗਿਆ ਸੀ। ਮੇਰੀ ਸੰਪਾਦਕੀ ਹੇਠ ਔਖੀਂ ਡਿਠੇ ਅਤੇ ਹੰਢੇ ਵਰਤੇ ਹਾਲਾਤ ਲਿਖੇ ਜਾਂਦੇ ਰਹੇ।

'ਸਤਿਜੁਗ' ਦਾ ਪ੍ਰਕਾਸ਼ਤ ਹੋਣਾ ਤਾਂ ਮੇਰੇ ਜੀਵਨ ਕਾਲ ਦਾ ਇਕ ਖ਼ਾਸ ਵਾਕਿਆ ਸ੍ਰੀ ਹੀ, ਦੂਜੀ ਮਹੱਤਵਪੂਰਣ ਘਟਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕੈਰੋਂ ਸਰਕਾਰ ਦੇ ਵਿਰੋਧ ਵਿਚ ਸਰੀਰ ਤਿਆਗਣਾ ਸੀ। ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਗੱਦੀ ਆਸੀਨ ਹੋਣਾ ਤੀਜਾ ਪਰਮ ਇਤਿਹਾਸਕ ਵਾਕਿਆ ਸੀ। ਇਹਨਾਂ ਘਟਨਾਵਾਂ ਦੀ ਮੌਕੇ ਦੀ ਗੁਵਾਹੀ 'ਸਤਿਜੁਗ' ਦਾ ਸ਼ਰਧਾਂਜਲੀ ਅੰਕ ਹੈ। ਜਿਨ੍ਹਾਂ ਇਹ ਅੰਕ ਪੜ੍ਹਿਆ ਹੋਵੇਗਾ ਜਾਣਦੇ ਹੋਣਗੇ ਕਿ ਘਟਨਾਵਾਂ ਦੇ ਆਕਲਣ ਵਿਚ ਕੋਈ ਕੋਰ ਕਸਰ ਨਹੀਂ ਛੱਡੀ ਗਈ ਸੀ।

ਜੀਵਨ ਨਗਰ ਵਿਚ 'ਸਤਿਜੁਗ' ਦੇ ਪ੍ਰਕਾਸ਼ਤ ਹੁੰਦਿਆਂ ਗਿਆਨੀ ਗੁਰਦਿਆਲ ਸਿੰਘ ਦੀ ਮਿਰਤੂ ਪਿਛੋਂ ਕਾਗਜ਼ੀ ਸੰਪਾਦਕੀ ਸੰਤ ਹਰਬੰਸ ਸਿੰਘ ਨੂੰ ਮਿਲ ਗਈ ਤੇ ਲੇਖਕ ਸੰਪਾਦਕ ਸਨ: ਸੰਤ ਗੁਰਭਜਨ ਸਿੰਘ, ਸੰਤ ਸੰਤੋਖ ਸਿੰਘ ਸਾਜਨ, ਮਹੰਤ ਆਤਮਾ ਸਿੰਘ ਸਨਖਤਰਵੀ, ਸੰਤ ਗੁਰਦੀਪ ਸਿੰਘ ਸੰਤ ਨਗਰ ਤੇ ਸੰਤ ਆਤਮਾ ਸਿੰਘ ਜੌਹਲ।

ਅਤੇ ਹੁਣ 'ਸਤਿਜੁਗ' ਦਿੱਲੀ ਵਿਚ ਹੈ। ਸਿੱਧਾ ਹੀ ਨਾਮਧਾਰੀ ਦਰਬਾਰ ਦੇ ਅਧੀਨ ਹੈ। ਨਾਮਧਾਰੀ ਦਰਬਾਰ ਦੇ ਪ੍ਰਧਾਨ ਪੰਥ ਰਤਨ ਮਾ: ਨਿਹਾਲ ਸਿੰਘ ਜੀ ਇਸਦੇ ਕਾਨੂੰਨੀ ਤੇ ਲੇਖਕ ਸੰਪਾਦਕ ਹਨ। ਨਾਮਧਾਰੀ ਦਰਬਾਰ ਦੇ ਸਕੱਤਰ ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੇ 'ਸਤਿਜੁਗ' ਦਾ ਆਫ਼ਿਸ ਸੰਭਾਲਿਆ ਹੋਇਆ ਹੈ। ਪ੍ਰੋ: ਤਾਰਾ ਸਿੰਘ ਅਨਜਾਣ ਇਸ ਦੇ ਸੰਪਾਦਕੀ ਲੇਖਕ ਹਨ, ਸੰਤ ਗੁਰਦੀਪ ਸਿੰਘ ਸੰਤ ਨਗਰ ਸਹਾਇਕ ਹਨ।

'ਸਤਿਜੁਗ' ਨੂੰ ਦਿੱਲੀ ਵਿਚ ਆਇਆਂ ਤੀਜਾ ਸਾਲ ਹੈ। ਭਾਵੇਂ ਦਿੱਲੀ ਵਿਚ ਛਪਣ ਸਮੇਂ ਤੋਂ ਕਾਨੂਨੀ ਨੁਕਤਿਆਂ ਤੋਂ ਨੰ: ੧. ਲਗਾ ਕੇ ਛਾਪਣਾ ਸ਼ੁਰੂ ਹੋਇਆ ਹੈ ਪਰ ਇਹ ਉਹੋ 'ਸਤਿਜੁਗ' ਹੈ ਜਿਸਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਸ਼ੀਰਵਾਦ ਅਤੇ ਸਹਾਇਤਾ ਨਾਲ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਤਦਵਕਤੀ ਦੇਸ਼ ਦੀ ਰਾਜਧਾਨੀ ਲਾਹੌਰ ਤੋਂ ਆਰੰਭ ਕੀਤਾ ਸੀ। ਪੰਝਤਰ ਸਾਲਾਂ ਦੇ ਸਫ਼ਰ ਨੇ 'ਸਤਿਜੁਗ' ਦਾ ਮੂੰਹ ਮੱਥਾ ਵੀ ਸਮੇਂ ਦੇ ਹਾਣ ਦਾ ਕਰ ਦਿਤਾ ਹੈ ਅਤੇ ਇਸ ਨੇ ਸ੍ਰੀ ਭੈਣੀ ਸਾਹਿਬ ਤੇ ਸ੍ਰੀ ਜੀਵਨ ਨਗਰ ਦੀਆਂ ਖੁਲ੍ਹੀਆਂ ਡੁਲ੍ਹੀਆਂ ਹਵਾਵਾਂ ਮਾਣ ਵਰਤਮਾਨ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਆਣ ਡੇਰਾ ਜਮਾਇਆ ਹੈ।

ਇਸ ਦੀ ਅਜੋਕੀ ਦਿਖ ਵੇਖ ਕੇ, ੨੫-੩੦ ਸਾਲ ਪਹਿਲਾਂ ਦੀ ਨਾਮਧਾਰੀ ਦਰਬਾਰ ਦੀ, ਭੈਣੀ ਸਾਹਿਬ ਵਿਚ ਹੋਈ ਇਕ ਮੀਟਿੰਗ ਯਾਦ ਆ ਰਹੀ ਹੈ। ਦੋਵੇਂ ਹੰਸਪਾਲ ਭਰਾ, ਸ. ਗਿਆਨ ਸਿੰਘ ਅਤੇ ਸ. ਗੁਰਦਿਆਲ ਸਿੰਘ, ਤਦਵਕਤੀ 'ਸਤਿਜੁਗ' ਦੀ ਦਸ਼ਾ ਤੇ ਕਿੜ੍ਹ ਕਰ ਰਹੇ ਸਨ। ਉਹ ਚਾਹੁੰਦੇ ਸਨ ਉਹਨਾਂ ਦੇ ਸਮਾਜ ਦਾ ਪਰਚਾ ਹਿੰਦੀ 'ਧਰਮਯੁਗ' ਦੇ ਮਿਆਰ ਦਾ ਹੋਣਾ ਚਾਹੀਦਾ ਹੈ। ਅਤੇ ਅੱਜ 'ਸਤਿਜੁਗ' ਦੀ ਪ੍ਰਮੁਖ ਜ਼ਿੰਮੇਵਾਰੀ ਉਨ੍ਹਾਂ ਦੇ ਹੀ ਲਾਡਲੇ ਪੁੱਤ-ਭਤੀਜੇ ਦੇ ਹੱਥਾਂ ਵਿਚ ਹੈ। ਸੁੰਦਰ, ਸਫ਼ੇਦ ਆਰਟ ਪੇਪਰ ਉਤੇ ਪੜ੍ਹਨ ਸਮਗਰੀ ਅਤੇ ਸ੍ਰੀ ਸਤਿਗੁਰੂ ਜੀ ਲੇਖਕਾਂ ਦੇ ਚਿਤਰ ਦਰਸ਼ਨ ਤੇ ਤਾਜ਼ੇ ਵਾਕਿਆਤ ਦੀ ਰੀਪੋਰਟਿੰਗ ਸਮੇਤ ਫੋਟੋ। ਖ਼ੂਬਸੂਰਤ ਪੋਸ਼ਕਾਰੀ, ਵਧੀਆ ਕੰਪਿਊਟਰੀ ਟਾਈਪ, 'ਸਤਿਜੁਗ' ਦੇ ਦਰਸ਼ਨ ਕਰਦਿਆਂ ਭੁਖ ਲਹਿੰਦੀ ਹੈ।

ਸਾਨੂੰ ਤਸੱਲੀ ਹੈ ਕਿ 'ਸਤਿਜੁਗ' ਸਤਿਗੁਰੂ ਜੀ ਦੀ ਇੱਛਾ ਪੂਰਤੀ ਹਿਤ ਡਟ ਗਿਆ ਹੈ। ਇਸ ਦੀ ਦਿੱਖ, ਇਸ ਦੀ ਸਮਗਰੀ ਸਿਆਣੀ ਤਰਾਂ ਸੰਜੋਈ ਜਾਂਦੀ ਹੈ ਅਤੇ ਸਭ ਤੋਂ ਵੱਡੀ ਗੱਲ, ਇਹ ਸਿਆਣੇ ਹੱਥਾਂ ਵਿਚ ਹੈ। ਅਸੀਂ ਆਸ ਰਖਦੇ ਹਾਂ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਨੂੰ ਦੂਜੀ ਸਦੀ ਵਿਚ ਸ਼ਾਨਾਂ ਨਾਲ ਪਰਵੇਸ਼ ਕਰਦਿਆਂ ਵੇਖੀਏ! ਅਤੇ ਇੰਜ ਹੀ ਆਪਣੇ ਪਿਆਰੇ ਤੇ ਸਤਿਕਾਰ ਯੋਗ ਸਤਿਗੁਰਾਂ ਨੂੰ।

Namdhari Elibrary NamdhariElibrary@gmail.com



■ ਗੁਰਬਚਨ ਸਿੰਘ ਭੁੱਲਰ

ਉੱਤਰ-ਕਾਲੀ ਅੰਗਰੇਜ਼-ਵਿਰੋਧੀ ਲਹਿਰਾਂ ਉੱਤੇ ਗੁਰੂ ਰਾਮ ਸਿੰਘ ਜੀ ਦਾ ਪ੍ਰਭਾਵ

ਗੁਰੂ ਰਾਮ ਸਿੰਘ ਜੀ ਦਾ ਨਾਮਿਲਵਰਤਨੀ ਘੇਰਾ ਕਾਂਗਰਸ ਵਲੋਂ ਅਪਣਾਏ ਗਏ ਨਾਮਿਲਵਰਤਨੀ ਪ੍ਰੋਗਰਾਮ ਤੋਂ ਕਿਤੇ ਵੱਧ ਵਿਸ਼ਾਲ ਸੀ। ਉਸ ਵਿਚ ਅੰਗਰੇਜ਼ੀ ਸਿੱਖਿਆ ਤੇ ਸਕੂਲਾਂ ਦਾ, ਅਦਾਲਤਾਂ ਦਾ, ਕੱਪੜੇ ਤੇ ਹੋਰ ਵਸਤਾਂ ਦਾ, ਨੌਕਰੀਆਂ ਦਾ, ਇਥੋਂ ਤੱਕ ਕਿ ਡਾਕਖਾਨਿਆਂ ਦਾ ਬਾਈਕਾਟ ਵੀ ਸ਼ਾਮਲ ਸੀ।

ਭਾਰਤ ਦੇ ਇਤਿਹਾਸ ਵਿਚ, ਹੋਰ ਸਭ ਦੇਸਾਂ ਵਾਂਗ ਹੀ, ਅਨੇਕ ਬਾਹਰਲੇ ਧਾੜਵੀ ਅਤੇ ਹਮਲਾਵਰ ਆਉਂਦੇ ਰਹੇ। ਇਹਨਾਂ ਵਿਚੋਂ ਬਹੁਤੇ ਹਨੇਰੀ ਵਾਂਗ ਆ ਕੇ ਅਤੇ ਲੁੱਟ-ਮਾਰ ਕਰ ਕੇ ਤੂਫਾਨ ਵਾਂਗ ਆਪਣੇ ਮੂਲ ਦੇਸ ਵੱਲ ਪਰਤ ਜਾਂਦੇ ਰਹੇ। ਪਰ ਕੁਝ ਹਮਲਾਵਰ ਇਥੇ ਹੀ ਵਸ ਕੇ ਇਥੋਂ ਦੇ ਹੋ ਜਾਂਦੇ ਰਹੇ ਅਤੇ ਉਹਨਾਂ ਦਾ ਘਰਾਣਾ ਉਸ ਸਮੇਂ ਤੱਕ ਰਾਜ ਕਰਦਾ ਰਿਹਾ, ਜਦੋਂ ਤੱਕ ਉਹਨੂੰ ਕੋਈ ਹੋਰ ਜਰਵਾਣਾ ਉਖੇੜ ਨਾ ਦਿੰਦਾ ਰਿਹਾ।

ਅੰਗਰੇਜ਼ ਇਹਨਾਂ ਨਾਲੋਂ ਵੱਖਰੀ ਕਿਸਮ ਦੇ ਹਮਲਾਵਰ ਅਤੇ ਲੁਟੇਰੇ ਸਨ। ਉਹ ਲੰਮੇ ਸਮੇਂ ਤੱਕ ਭਾਰਤ ਉੱਤੇ ਰਾਜ ਤਾਂ ਕਰਦੇ ਰਹੇ, ਪਰ ਉਹਨਾਂ ਨੇ ਉਦਾਹਰਨ ਵਜੋਂ ਆਪਣੇ ਤੋਂ ਪਹਿਲਾਂ ਦੇ ਹਾਕਮਾਂ, ਮੁਗਲਾਂ ਵਾਂਗ ਕਦੀ ਵੀ ਇਹਨੂੰ ਅਪਣਾਇਆ ਨਾ। ਉਹ ਇਸ ਦੇਸ ਨੂੰ ਲੁੱਟ ਕੇ, ਇਹਦੀ ਧਨ-ਦੌਲਤ ਚੂਸ ਕੇ ਸਮੁੰਦਰੋਂ ਪਾਰ ਭੇਜਦੇ ਰਹੇ ਅਤੇ ਉਹਨਾਂ ਦੇ ਵੱਡੇ-ਛੋਟੇ ਅਧਿਕਾਰੀ ਆਪਣਾ ਸੀਮਤ ਕਾਰਜ-ਕਾਲ ਇਥੇ ਬਿਤਾ ਕੇ ਆਪਣੇ ਦੇਸ ਪਰਤਦੇ ਰਹੇ ਅਤੇ ਉਹਨਾਂ ਦੀ ਥਾਂ ਨਵੇਂ ਅਧਿਕਾਰੀ ਆਉਂਦੇ ਰਹੇ।

ਅੰਗਰੇਜ਼ਾ ਦੀ ਹਮਲਾਵਰੀ, ਉਹਨਾਂ ਦੀ ਯੁੱਧ-ਚਾਲ ਅਤੇ ਭਾਰਤ ਨੂੰ ਫਤਿਹ ਕਰਨ ਦੀ ਨੀਤੀ ਵੀ ਪਹਿਲੇ ਧਾੜਵੀਆਂ ਨਾਲੋਂ ਵੱਖਰੀ ਸੀ। ਪਹਿਲੇ ਹਮਲਾਵਰ ਭਾਰਤ ਦੀ ਧਰਤੀ ਦੇ ਇਕ ਕਿਨਾਰੇ ਉੱਤੇ ਪੈਰ ਰੱਖਣ ਮਗਰੋਂ ਤਲਵਾਰ ਅਤੇ ਅੱਗ ਨਾਲ ਆਪਣਾ ਰਾਹ ਬਣਾਉਂਦੇ ਜਾਂਦੇ ਸਨ। ਉਹ ਜ਼ੁਲਮ, ਲੁੱਟ, ਤਬਾਹੀ ਤੇ ਮੌਤ ਦੀਆਂ ਪੈੜਾਂ ਅਤੇ ਸਥਾਨਕ ਲੋਕਾਂ ਦੇ ਇਸ ਵਿਰੋਧ, ਕਰੋਧ ਤੇ ਨਫ਼ਰਤ ਪਿਛੇ ਛਡਦਿਆਂ ਅੱਗੇ ਵਧਦੇ ਜਾਂਦੇ ਸਨ। ਉਹਨਾਂ ਦੀ ਇਹ ਵਿਨਾਸ ਯਾਤਰਾ ਉਥੇ ਹੀ ਰੁਕਦੀ ਸੀ ਜਿਥੇ ਜਾਂ ਤਾਂ ਕੋਈ ਤਕੜਾ ਦੇਸੀ ਹਾਕਮ ਡਟਵਾਂ ਟਾਕਰਾ ਕਰਦਾ ਸੀ, ਜਾਂ ਫੇਰ ਭੂਗੋਲ ਜਾਂ ਮੌਸਮ ਕੋਈ ਪੇਸ਼ ਨਹੀਂ ਸੀ ਜਾਣ ਦਿੰਦਾ। ਇਹਦੇ ਉਲਟ ਅੰਗਰੇਜ਼ਾਂ ਨੇ ਭਾਰਤ ਨੂੰ ਚੂਹੇ ਵਾਂਗ ਇਕ ਪਾਸਿਉਂ ਕੁਤਰ ਕੁਤਰ ਕੇ ਨਿਗਲਣਾ ਸ਼ੁਰੂ ਕੀਤਾ। ਇਸ ਵਿਚ ਹਮਲਾਵਰ ਅਤੇ ਅੱਗ ਦੀ ਥਾਂ ਚਲਾਕੀ, ਫ਼ਰੇਬ, ਕਪਟ, ਆਦਿ ਉਹਨਾਂ ਦੇ ਮੁੱਖ ਹਥਿਆਰ ਸਨ। ਰੋਟੀ ਦੀ ਵੰਡ ਕਰਾਉਣ ਲਈ ਬਾਂਦਰ ਦੇ ਵੱਸ ਪਈਆਂ ਬਿੱਲੀਆਂ ਵਾਂਗ ਭਾਰਤ ਦੇ ਭੋਲੇ-ਭਾਲੇ ਆਮ ਲੋਕਾਂ ਨੂੰ ਤਾਂ ਅੰਗਰੇਜ਼ ਦੀਆਂ ਚਾਲਾਂ ਦੀ ਸਮਝ ਹੀ ਨਹੀਂ ਸੀ ਆਉਂਦੀ। ਉਹ ਭਾਰਤ ਦੀ ਪੈਰੋ-ਪੈਰ ਗ਼ੁਲਾਮੀ ਨੂੰ ਦੇਸੀ ਹਾਕਮਾਂ ਦੀ ਫੁੱਟ ਅਤੇ ਨਾਲਾਇਕੀ ਸਿਰ ਮੜ੍ਹ ਕੇ ਅੰਗਰੇਜ਼ ਨੂੰ ਬੇਦੋਸਾ ਮੰਨ ਬੈਠਦੇ ਸਨ। ਇਹ ਇਸੇ ਕਾਰਨ ਸੀ ਕਿ ਪੰਜਾਬੋਂ ਬਾਹਰ ਪਸਰਦੇ ਰਹੇ ਅੰਗਰੇਜ਼ ਦਾ ਵਿਰੋਧ ਮੁੱਖ ਤੌਰ ਉੱਤੇ ਗੱਦੀਆਂ ਖੁਹਾ ਬੈਠੇ ਹਾਕਮਾਂ ਵੱਲੋਂ ਸੱਤਾ ਦੀ ਮੁੜ-ਪ੍ਰਾਪਤੀ ਲਈ ਹੀ ਕੀਤਾ ਗਿਆ। ਆਮ ਹਿੰਦੁਸਤਾਨੀ ਲੋਕ ਜਿਵੇਂ ਤਨਖਾਹਦਾਰ ਸਿਪਾਹੀ ਜਾਂ ਲੁੱਟ ਦੇ ਮਾਲ ਦੇ ਭਾਈਵਾਲ ਬਣ ਕੇ ਦੇਸੀ ਹਾਕਮਾਂ, ਰਾਜਿਆਂ, ਨਵਾਬਾਂ ਲਈ ਲੜਦੇ ਸਨ, ਉਸੇ ਤਰ੍ਹਾਂ ਅੰਗਰੇਜ਼ਾਂ ਲਈ ਲੜਦੇ ਸਨ।

ਇਸ ਤਸਵੀਰ ਵਿਚ ਜੋ ਪਰਤੱਖ ਤਬਦੀਲੀ ਹੋਈ ਤਾਂ ਉਹ ਪੰਜਾਬ ਵਿਚ ਹੀ ਹੋਈ। ਇਕ ਤਾਂ ਅੰਗਰੇਜ਼ ਨੂੰ ਬਾਂਦਰ ਵੰਡ ਦਾ ਰਾਹ ਛੱਡ ਕੇ ਸਿੱਧੀਆਂ ਲੜਾਈਆਂ ਲੜਨੀਆਂ ਪਈਆਂ, ਭਾਵੇਂ ਕਿ ਛਲ-ਕਪਟ ਅਤੇ ਧੋਖਾ-ਧੜੀ ਨੂੰ ਉਹਨੇ ਇਹਨਾਂ ਲੜਾਈਆਂ ਵਿਚ ਵੀ ਇਕ ਵੱਡੇ ਹਥਿਆਰ ਵਜੋਂ ਵਰਤਿਆ। ਇਹ ਗੱਲ ਵੀ ਪੰਜਾਬੀਆਂ ਨੂੰ ਵਡਿਆਈ ਦੇ ਭਾਗੀ ਬਣਾਉਂਦੀ ਹੈ ਕਿ ਹੋਰ ਭਾਰਤੀ ਇਲਾਕਿਆਂ ਵਾਂਗ ਅੰਗਰੇਜ਼ ਨੂੰ ਪੰਜਾਬ ਵਿਚੋਂ ਲੋੜੀਂਦੀ ਭਰਤੀ ਨਾ ਮਿਲੀ। ਉਹ ਸਿੱਖ ਫੌਜਾਂ ਵਿਰੁੱਧ ਪੰਜਾਬੀ ਲੜਾਕੇ ਇੱਛਤ ਗਿਣਤੀ ਵਿਚ ਇਕੱਤਰ ਕਰਨ ਵਿਚ ਅਸਫਲ ਰਿਹਾ, ਜਿਸ ਕਰਕੇ ਉਹਨੂੰ ਸਿੱਖਾਂ ਵਿਰੁਧ ਲੜਦਿਆਂ ਮੁੱਖ ਟੇਕ ਪੰਜਾਬ ਤੋਂ ਬਾਹਰੋਂ ਭਰਤੀ ਕੀਤੇ ਭਾੜੇ ਦੇ ਸਿਪਾਹੀਆਂ

Namdhari Elibrary NamdhariElibrary@gmail.com

ਉੱਤੇ ਰੱਖਣੀ ਪਈ। ਦੂਜੀ ਗੱਲ ਅੰਗਰੇਜ਼ ਦੀ ਜਿੱਤ ਮਗਰੋਂ ਉਹਨੂੰ ਜਿਸ ਵਿਰੋਧ ਦਾ ਸਾਹਮਣਾ ਕਰਨਾ ਪਿਆ, ਉਹ ਵੀ ਬਾਕੀ ਭਾਰਤ ਨਾਲੋਂ ਵੱਖਰਾ ਸੀ। ਇਥੇ ਉਸ ਦੀ ਨਵੀਂ-ਨਵੀਂ ਸਥਾਪਤ ਹੋਈ ਹਕੂਮਤ ਵਿਰੁੱਧ ਮਹਾਰਾਜ ਰਣਜੀਤ ਸਿੰਘ ਦੀ ਸਰਕਾਰ ਦੇ ਵਾਰਿਸ ਹੀ ਗੱਦੀ ਦੀ ਵਾਪਸੀ ਲਈ ਹੱਕੀ ਲੜਾਈ ਨਹੀਂ ਸਨ ਲੜ ਰਹੇ, ਸਗੋਂ ਲੋਕ ਵੀ ਕਰਮ-ਭੂਮੀ ਵਿਚ ਨਿੱਤਰ ਪਏ ਸਨ ਜੋ ਨਾ ਗੱਦੀ ਦੇ ਦਾਅਵੇਦਾਰ ਸਨ ਅਤੇ ਨਾ ਹੀ ਚਾਹਵਾਨ। ਉਹਨਾਂ ਦਾ ਨਿਸ਼ਾਨਾ ਕੇਵਲ ਅੰਗਰੇਜ਼ ਰਾਜ ਦਾ ਖ਼ਾਤਮਾ ਸੀ। ਇਹਨਾਂ ਵਿਚ ਮੁੱਢਲਾ ਅਤੇ ਪ੍ਰਮੁੱਖ ਨਾਂ ਗੁਰੂ ਰਾਮ ਸਿੰਘ ਜੀ ਦਾ ਹੈ।

ਇਸ ਪ੍ਰਸੰਗ ਗੁਰੂ ਰਾਮ ਸਿੰਘ ਜੀ ਦੀ ਦੇਣ ਅਤੇ ਕਰਨੀ ਤਿੰਨ-ਮੁਖੀ ਹੈ।

ਪਹਿਲੀ ਗੱਲ, ਉਹ ਇਸ ਧਾਰਨਾ ਦੇ ਪ੍ਰਤੀਕ ਹੋ ਨਿੱਬੜੇ ਕਿ ਦੇਸ ਉੱਤੇ ਦਾਅਵਾ ਕੇਵਲ ਗੱਦੀਉਂ ਲੱਥੇ ਹਾਕਮਾਂ ਦਾ ਨਹੀਂ ਹੁੰਦਾ, ਸਗੋਂ ਦੇਸ ਦੇ ਅਸਲ ਮਾਲਕ ਅਤੇ ਦਾਅਵੇਦਾਰ ਆਮ ਲੋਕ ਹੁੰਦੇ ਹਨ। ਤੇ ਉਹਨਾਂ ਨੇ ਅੰਗਰੇਜ਼-ਵਿਰੋਧ ਦੇ ਪਿੜ ਵਿਚ ਇਹਨਾਂ ਆਮ ਲੋਕਾਂ ਦੀ ਹੀ ਪ੍ਰਤੀਨਿਧਤਾ ਕੀਤੀ।

ਦੂਜੀ ਗੱਲ, ਉਹਨਾਂ ਨੇ ਅੰਨ੍ਹੇ ਜੋਸ਼ ਵਿਚ ਆ ਕੇ ਜ਼ੋਰਾਵਰ ਵੈਰੀ ਨਾਲ ਟੱਕਰ ਲੈਣ ਅਤੇ ਭਾਰੀ ਨੁਕਸਾਨ ਖਾ ਕੇ ਨਿਸਚਿਤ ਅਸਫਲਤਾ ਪੱਲੇ ਪੁਆ ਲੈਣ ਦਾ ਘਾਤਕ ਰਾਹ ਨਾ ਅਪਣਾਇਆ। ਇਹਦੀ ਥਾਂ ਉਹਨਾਂ ਨੇ ਡੂੰਘਾ ਅਤੇ ਗੰਭੀਰ ਚਿੰਤਨ-ਮੰਥਨ ਕਰ ਕੇ ਨਿਸੱਤੇ ਹੋਏ ਬੈਠੇ ਪੰਜਾਬੀਆਂ ਨੂੰ ਉਭਾਰਨ ਦਾ, ਉਹਨਾਂ ਦੀ ਬਿਖਰੀ ਸ਼ਕਤੀ ਨੂੰ ਜਥੇਬੰਦ ਕਰਨ ਦਾ ਅਤੇ ਕੇਵਲ ਇਸ ਪਿਛੋਂ ਹੀ ਉਹਨਾਂ ਨੂੰ ਸੰਘਰਸ਼ ਦੇ ਪਿੜ ਵਿਚ ਉਤਾਰਨ ਦਾ ਮਾਰਗ ਅਪਣਾਇਆ।

ਤੀਜੀ ਗੱਲ, ਉਹ ਉਪਰੋਕਤ ਦੋਵਾਂ ਗੱਲਾਂ ਕਾਰਨ ਭਵਿੱਖੀ ਅੰਗਰੇਜ਼-ਵਿਰੋਧੀ ਲਹਿਰਾਂ ਦੇ ਪਥ-ਪ੍ਰਦਰਸ਼ਕ ਅਤੇ ਪ੍ਰੇਰਕ ਬਣੇ।

ਅੱਗੇ ਚੱਲ ਕੇ ਅੰਗਰੇਜ਼-ਵਿਰੋਧ ਦੀ ਸਭ ਤੋਂ ਵਿਆਪਕ ਲਹਿਰ ਬਣ ਜਾਣ ਵਾਲੀ ਕਾਂਗਰਸ ਪਾਰਟੀ ਉੱਤੇ ਤਾਂ ਗੁਰੂ ਰਾਮ ਸਿੰਘ ਜੀ ਦਾ ਪ੍ਰਭਾਵ ਏਨਾਂ ਪ੍ਰਤੱਖ ਹੈ ਕਿ ਉਹ ਕਿਸੇ ਬਹੁਤੀ ਵਿਆਖਿਆ ਦਾ ਮੁਥਾਜ ਨਹੀਂ। ਇਥੇ ਇਹ ਗੱਲ ਵਰਨਣਯੋਗ ਹੈ ਕਿ ਉਹਨਾਂ ਨੂੰ ੧੮੭੨ ਵਿਚ ਦੇਸ-ਨਿਕਾਲਾ ਦਿੱਤਾ ਗਿਆ ਸੀ ਜਦੋਂ ਕਿ ਕਾਂਗਰਸ ਇਸ ਤੋਂ ਬਹੁਤ ਮਗਰੋਂ, ੧੮੮੫ ਵਿਚ ਸਥਾਪਤ ਹੋ ਕੇ ਕਾਫੀ ਸਮੇਂ ਤਕ ਸੁਧਾਰਾਂ ਦੀ ਮੰਗ ਕਰਨ ਵਾਲੇ ਮਤੇ ਪਾਸ ਕਰਨ ਤੱਕ ਸੀਮਤ ਰਹੀ ਸੀ। ਇਹ ਸੁਧਾਰਵਾਦੀ ਪਾਰਟੀ ਅੰਗਰੇਜ਼-ਵਿਰੋਧ ਦਾ ਇਕ ਕਾਰਗਰ ਹਥਿਆਰ ਮਹਾਤਮਾ ਗਾਂਧੀ ਦੇ ਰਾਜਨੀਤਕ ਪਿੜ ਵਿਚ ਆਉਣ ਨਾਲ ਬਣੀ।

ਮਹਾਤਮਾ ਗਾਂਧੀ ਨੇ ਰਾਜਨੀਤਕ ਪਿੜ ਵਿਚ ਕੁੱਦਣ ਤੋਂ ਪਹਿਲਾਂ ਭਾਰਤ ਦੀ ਸਥਿਤੀ ਦਾ, ਭਾਰਤ ਦੇ ਲੋਕਾਂ ਦਾ, ਉਹਨਾਂ ਦੀ ਮਾਨਸਿਕਤਾ ਦਾ ਬੜੀ ਬਰੀਕੀ ਨਾਲ ਅਧਿਐਨ ਕੀਤਾ। ਇਹ ਇਸੇ ਅਧਿਐਨ-ਪ੍ਰਕਿਰਿਆ ਸਮੇਂ ਸੀ ਕਿ ਗੁਰੂ ਰਾਮ ਸਿੰਘ ਦਾ ਨਾਮਿਲਵਰਤਨੀ ਮਾਰਗ ਉਹਨਾਂ ਦੀਆਂ ਤਿਖੀਆਂ ਨਜ਼ਰਾਂ ਤੋਂ ਓਹਲੇ ਨਾ ਰਿਹਾ ਇਸ ਮਾਰਗ ਦੇ ਅਦੁੱਤੀਪੁਣੇ ਨੇ ਮਹਾਤਮਾ ਗਾਂਧੀ ਨੂੰ ਅਤੇ ਕਾਂਗਰਸ ਪਾਰਟੀ ਨੂੰ ਇਕ ਨਵੀਂ ਸੇਧ ਦਿਖਾਈ। ਸਗੋਂ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਗੁਰੂ ਰਾਮ ਸਿੰਘ ਜੀ ਦਾ ਨਾਮਿਲਵਰਤਨੀ ਘੇਰਾ ਕਾਂਗਰਸ ਵਲੋਂ ਅਪਣਾਏ ਗਏ ਨਾਮਿਲਵਰਤਨੀ ਪ੍ਰੋਗਰਾਮ ਤੋਂ ਕਿਤੇ ਵੱਧ ਵਿਸ਼ਾਲ ਸੀ। ਉਸ ਵਿਚ ਅੰਗਰੇਜ਼ੀ ਸਿੱਖਿਆ ਤੇ ਸਕੂਲਾਂ ਦਾ, ਅਦਾਲਤਾਂ ਦਾ, ਕੱਪੜੇ ਤੇ ਹੋਰ ਵਸਤਾਂ ਦਾ, ਨੌਕਰੀਆਂ ਦਾ, ਇਥੋਂ ਤੱਕ ਕਿ ਡਾਕਖਾਨਿਆਂ ਦਾ ਬਾਈਕਾਟ ਵੀ ਸ਼ਾਮਲ ਸੀ। ਕਾਂਗਰਸ ਇਸ ਨਾਮਿਲਵਰਤਨੀ ਪ੍ਰੋਗਰਾਮ ਨੂੰ ਕੇਵਲ ਅੰਸ਼ਿਕ ਰੂਪ ਵਿਚ ਹੀ ਲਾਗੂ ਕਰ ਸਕੀ। ਇਹ ਗੱਲ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਜੇ ਮਹਾਤਮਾ ਗਾਂਧੀ ਨੇ ਗੁਰੂ ਰਾਮ ਸਿੰਘ ਜੀ ਦਾ ਨਾਮਿਲਵਰਤਨੀ ਪ੍ਰੋਗਰਾਮ ਉਹਦੀ ਸਮੁੱਚਤਾ ਅਤੇ ਸਰਬੰਗਤਾ ਵਿਚ ਅਪਣਾ ਲਿਆ ਹੁੰਦਾ ਤਾਂ ਭਾਰਤ ਦੀ ਸੁਤੰਤਰਤਾ ਦਾ ਅਮਲ ਬਹੁਤ ਤਿਖੇਰਾ ਹੋ ਗਿਆ ਹੁੰਦਾ ਅਤੇ ਭਾਰਤ ਬਹੁਤ ਪਹਿਲਾਂ ਸੁਤੰਤਰ ਹੋ ਗਿਆ ਹੁੰਦਾ।

ਗਾਂਧੀ ਜੀ ਲਈ ਪ੍ਰੇਰਕ ਬਣਨ ਵਾਲਾ ਇਕ ਹੋਰ ਨੁਕਤਾ ਗੁਰੂ ਰਾਮ ਸਿੰਘ ਜੀ ਵੱਲੋਂ ਸੰਘਰਸ਼ ਦੇ ਇਕ ਥੰਮ੍ਹ ਵਜੋਂ ਚਰਿੱਤਰ ਉੱਤੇ, ਸਦਾਚਾਰ ਉੱਤੇ ਜ਼ੋਰ ਸੀ। ਉਹਨਾਂ ਦਾ ਮੱਤ ਸੀ ਕਿ ਨੇਕ ਟੀਚਾ ਭੈੜੇ ਸਾਧਨਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਮਗਰੋਂ ਗਾਂਧੀ ਜੀ ਨੇ ਵੀ ਕਾਂਗਰਸੀ ਅੰਦੋਲਨ ਨੂੰ ਇਸੇ ਲੀਹ ਉੱਤੇ ਤੋਰਨ ਦਾ ਜਤਨ ਕੀਤਾ।

ਭਾਵੇਂ ਕਾਂਗਰਸ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਮਗਰੋਂ ਹੋਂਦ ਵਿਚ ਆਈ ਸੀ, ਪਰ ਉਹਨਾਂ ਮਗਰੋਂ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਅਨੇਕ ਮੁਸ਼ਕਲਾਂ ਦੇ ਬਾਵਜੂਦ ਜਾਰੀ ਰੱਖੀ ਗਈ ਉਹਨਾਂ ਦੀ ਨੀਤੀ ਸਮਾਨੰਤਰ ਵਿਚਰ ਰਹੀ ਕਾਂਗਰਸ ਨੂੰ ਇਸ ਮਾਰਗ ਦਾ ਚੇਤਾ ਕਰਵਾਉਂਦੀ ਰਹੀ।

ਇਹੋ ਕਾਰਨ ਸੀ ਕਿ ਲੁਧਿਆਣਾ ਜ਼ਿਲੇ ਦੇ ਇਕ ਛੋਟੇ ਜਿਹੇ ਪਿੰਡ, ਭੈਣੀ ਸਾਹਿਬ, ਜਿਥੋਂ ਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦਾ ਸੱਦਾ ਦਿੱਤਾ ਸੀ, ਨੂੰ ਸ਼ਰਧਾ ਭੇਟ ਕਰਨ ਲਈ ਵੱਡੇ-ਵੱਡੇ ਕਾਂਗਰਸੀ ਆਗੂ ਪੁੱਜਦੇ ਰਹੇ। ਡਾ. ਰਾਜਿੰਦਰ ਪ੍ਰਸਾਦਿ, ਜੋ ਮਗਰੋਂ ਭਾਰਤ ਦੇ ਰਾਸ਼ਟਰਪਤੀ ਬਣੇ, ਭੈਣੀ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਸਨ। ਮਗਰੋਂ ਉਹਨਾਂ ਨੇ ਨਾਮਧਾਰੀਆਂ ਸੰਬੰਧੀ ਆਪਣੇ ਵਿਚਾਰ ਇਹਨਾਂ ਸ਼ਬਦਾਂ ਵਿਚ ਪਰਗਟ ਕੀਤੇ:

"ਸ੍ਰੀ ਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਆਵਸ਼ਿਅਕ ਅੰਗ ਸਮਝਤੇ ਥੇ। ਨਾਮਧਾਰੀਓਂ ਕਾ ਸੰਗਠਨ ਬਹੁਤ ਸ਼ਕਤੀਸ਼ਾਲੀ ਹੋ ਗਯਾ ਥਾ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਉਸ ਕੋ ਗੁਰੂ ਰਾਮ ਸਿੰਘ ਜੀ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰਿਤ ਕੀਆ ਥਾ।"

ਭਾਰਤ ਦੇ ਭਵਿੱਖੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਦੇ ਮੰਨੇ-ਪ੍ਰਮੰਨੇ ਆਗੂ ਸੀਤਾਰਮਈਆ ਵੀ ਉਥੇ ਪਧਾਰੇ। ਪ੍ਰਸਿੱਧ ਵਿਦਵਾਨ ਅਤੇ ਕਾਂਗਰਸੀ ਆਗੂ ਕੇ. ਐਮ. ਮੁਣਸੀ ਨੇ ਵੀ ਭੈਣੀ ਸਾਹਿਬ ਦੀ ਯਾਤਰਾ ਕੀਤੀ ਅਤੇ ਆਪਣੇ ਪ੍ਰਭਾਵ ਇਉਂ ਬਿਆਨ ਕੀਤੇ: "ਅਸੀਂ ਵੈਦਿਕ ਕਾਲ ਦੇ ਆਸ਼ਰਮਾਂ ਬਾਰੇ ਪੜ੍ਹਦੇ-ਸੁਣਦੇ ਆਏ ਹਾਂ। ਪਰ ਉਹਨਾਂ ਨੂੰ ਅੱਖੀਂ ਦੇਖਣ ਦਾ ਸੁਭਾਗ ਸਾਨੂੰ ਪ੍ਰਾਪਤ ਨਹੀਂ ਸੀ ਹੋ ਸਕਦਾ। ਸਾਡੀ ਇਹ ਰੀਝ ਸ੍ਰੀ ਭੈਣੀ ਸਾਹਿਬ ਆ ਕੇ ਪੂਰੀ ਹੋਈ ਹੈ। ਇਥੋਂ ਦੇ ਕੱਚੇ ਮਕਾਨ ਅਤੇ ਕੱਖਾਂ-ਕਾਨਿਆਂ ਦੇ ਛੱਪਰ ਅੱਜ ਦੇ ਪਦਾਰਥਵਾਦੀ ਦੌਰ ਵਿਚ ਇਕ ਅਨੂਠੀ ਸ਼ਾਨ ਦੇ ਮਾਲਕ ਹਨ ਜਿਨ੍ਹਾਂ ਸਾਹਮਣੇ ਠਾਠਦਾਰ ਮਹੱਲ ਸ਼ਰਮਿੰਦੇ ਹੋ ਜਾਂਦੇ ਹਨ।"

ਤੇ ਇਸ ਤੋਂ ਵੀ ਵੱਡੀ ਗੱਲ, ਜਦੋਂ ੧੯੨੯ ਵਿਚ ਕਾਂਗਰਸ ਦਾ ਸਮਾਗਮ ਪੰਜਾਬ ਵਿਚ ਲਾਹੌਰ ਵਿਖੇ ਹੋਇਆ, ਉਹਨੇ ਨਾਮਧਾਰੀਆਂ ਵੱਲੋਂ ਦੇਸ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਨੂੰ ਵਿਸ਼ੇਸ਼ ਸ਼ਰਧਾ ਭੇਟ ਕੀਤੀ।

ਨਾਮਿਲਵਰਤਨ ਵਾਂਗ ਹੀ ਕਾਂਗਰਸ ਦੇ ਨਾਂ ਨਾਲ ਜੁੜਿਆ ਹੋਇਆ ਅਹਿੰਸਾ ਦਾ ਸਿਧਾਂਤ ਵੀ ਬਹੁਤ ਪਹਿਲਾਂ ਗੁਰੂ ਰਾਮ ਸਿੰਘ

Namdhari Elibrary NamdhariElibrary@gmail.com

ਪਰ ਇਸ ਸਦੀ ਦੀਆਂ ਪਹਿਲੀਆਂ ਦਹਾਈਆਂ ਵਿਚ ਪੰਜਾਬੀਆਂ ਦੀਆਂ ਕੁਝ ਅਜਿਹੀਆਂ ਲਹਿਰਾਂ ਉੱਠੀਆਂ ਜਿਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਧਾਰਾ ਅਤੇ ਸੇਧ ਉੱਤੇ ਭਾਰੀ ਅਸਰ ਪਾਇਆ ਅਤੇ ਤੇਜ਼ੀ ਲਿਆਂਦੀ। ਇਹਨਾਂ ਵਿਚ ਮੁੱਖ ਤੌਰ ਉਤੇ ਬਬਰ ਲਹਿਰ, ਗਦਰ ਲਹਿਰ ਅਤੇ ਭਗਤ ਸਿੰਘ ਤੇ ਉਹਦੇ ਸਾਥੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹਨਾਂ ਲਹਿਰਾਂ ਉੱਤੇ ਨਾਮਧਾਰੀ ਲਹਿਰ ਦੇ ਪ੍ਰਭਾਵ ਦੀਆਂ ਕੁਝ ਉਦਾਹਰਨਾਂ ਲਿਖਤੀ ਰੂਪ ਵਿਚ ਮਿਲਦੀਆਂ ਹਨ, ਜਿਵੇਂ ਗਦਰ ਲਹਿਰ ਦੇ ਮੋਢੀ ਬਾਬਾ ਸੋਹਨ ਸਿੰਘ ਭਕਨਾ ਦੀ ਅਤੇ ਸ਼ਹੀਦ ਭਗਤ ਸਿੰਘ ਦੀ ਲਿਖਤ ਵਿਚ।

ਜੀ ਨੇ ਅਮਲ ਵਿਚ ਲਿਆਂਦਾ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਇਸ ਸਦੀ ਦੇ ਅਹਿੰਸਾ ਦੇ ਸਭ ਤੋਂ ਵੱਡੇ ਪੁਜਾਰੀ ਮੰਨੇ ਜਾਂਦੇ ਮਹਾਤਮਾ ਗਾਂਧੀ ਵੀ ਇਹਨੂੰ ਪਰਮਪੂਰਨ ਨਹੀਂ ਸਨ ਮੰਨਦੇ। ਜਬਰ ਅਤੇ ਜ਼ਾਲਮ ਵਿਰੁੱਧ ਹਿੰਸਾ ਨੂੰ ਉਹ ਵੀ ਪੂਰੀ ਤਰ੍ਹਾਂ ਰੱਦ ਨਹੀਂ ਸਨ ਕਰਦੇ। ਗੁਰੂ ਰਾਮ ਸਿੰਘ ਜੀ ਪੂਰੀ ਸੰਗਠਨਾਤਮਕ ਤਿਆਰੀ ਹੋਣ ਤੱਕ ਅਹਿੰਸਾ ਨੂੰ ਹੀ ਉਚਿਤ ਮਾਰਗ ਸਮਝਦੇ ਸਨ। ਚੜ੍ਹਦੀ ਜਵਾਨੀ ਵਿਚ ਹੀ ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ ਸਨ। ਉਸ ਸਮੇ ਸਿੱਖ ਰਾਜ ਪੂਰੇ ਜਲੌਅ ਵਿਚ ਸੀ। ਅੰਗਰੇਜ਼ ਦੀ ਅੱਖ ਪੰਜਾਬ ਉੱਤੇ ਟਿਕਣ ਨਾਲ ਪੈਦਾ ਹੋਈ ਹਾਲਤ ਵਿਚ ਉਹਨਾਂ ਨੇ ਇਕ ਪਾਸੇ ਪੰਜਾਬੀ ਹਾਕਮ ਤਬਕੇ ਦੀ ਫੁੱਟ, ਬੇਵਸਾਹੀ ਤੇ ਆਪਾਧਾਪੀ ਦੇਖੀ ਹੋਈ ਸੀ ਅਤੇ ਦੂਜੇ ਪਾਸੇ ਅੰਗਰੇਜ਼ ਦੀ ਸ਼ਕਤੀ ਵੀ ਤੇ ਧੋਖਾ-ਧੜੀ ਵੀ।

ਅੰਗਰੇਜ਼ ਦੀ ਜਿੱਤ ਤੋਂ ਮਗਰੋਂ ਸਿੱਖ ਫੌਜ ਦੇ ਬਿਖਰਾਉ ਸਮੇਂ ਗੁਰੂ ਰਾਮ ਸਿੰਘ ਜੀ ਗੋਰਿਆਂ ਦੀ ਅਧੀਨਗੀ ਜਾਂ ਨੌਕਰੀ ਪਰਵਾਨ ਕਰਨ ਦੀ ਥਾਂ ਭੈਣੀ ਸਾਹਿਬ ਆ ਕੇ ਭਜਨ-ਬੰਦਗੀ ਵਿਚ ਤਾਂ ਲੀਨ ਹੋਏ ਹੀ, ਨਾਲ ਹੀ ਦੇਸ ਅਤੇ ਸਮਾਜ ਦੀ ਹਾਲਤ ਬਾਰੇ ਡੂੰਘੀ ਸੋਚ-ਵਿਚਾਰ ਵਿਚ ਡੁੱਬ ਗਏ।

੧੮੫੭ ਦੀ ਵਿਸਾਖੀ ਨੂੰ ਉਹਨਾਂ ਨੇ ਭੈਣੀ ਸਾਹਿਬ ਵਿਖੇ ਚਰਿਤਰ-ਨਿਰਮਾਣ ਦਾ ਅਤੇ ਸਦਾਚਾਰਕ ਸਵੱਛਤਾ ਦਾ ਆਪਣਾ ਮਿਸ਼ਨ ਪੇਸ਼ ਕੀਤਾ। ਕੁਝ ਸਮੇਂ ਤੱਕ ਅੰਗਰੇਜ਼ ਹਾਕਮ ਉਹਨਾਂ ਨੂੰ ਇਕ ਸਮਾਜ-ਸੁਧਾਰਕ ਦੇ ਰੂਪ ਵਿਚ ਦੇਖਦੇ-ਚਿਤਵਦੇ ਰਹੇ। ਪਰ ਜੂਨ ੧੮੬੩ ਵਿਚ ਜਦੋਂ ਉਹਨਾਂ ਨੇ ਫੀਰੋਜ਼ਪੁਰ ਜ਼ਿਲੇ ਦੇ ਪਿੰਡ ਖੋਟੇ ਵਿਖੇ ਜਾਤ-ਗੋਤ ਦੇ ਬੰਧਨ ਤੋੜ ਕੇ ਸਮੂਹਿਕ ਅਨੰਦ ਕਾਰਜ ਕਰਵਾਏ, ਅੰਗਰੇਜ਼ ਨੇ ਉਹਨਾਂ ਦੇ ਮਿਸ਼ਨ ਵਿਚੋਂ ਆਪਣੇ ਲਈ ਖ਼ਤਰਾ ਚੰਗੀ ਤਰ੍ਹਾਂ ਸਮਝ ਲਿਆ। ਅੰਗਰੇਜ਼ ਦੀ ਮੁੱਖ ਟੇਕ ਧਰਮ ਅਤੇ ਜਾਤ ਦੇ ਅਧਾਰ ਉੱਤੇ ਪੰਜਾਬੀਆਂ ਦੀ ਫੁੱਟ ਵਧਾ ਕੇ ਆਪਣੇ ਰਾਜ ਦੀ ਪਕਿਆਈ ਸੀ। ਇਸ ਕਰਕੇ ਲੋਕਾਂ ਨੂੰ ਜੋੜਨ ਦੇ ਗੁਰੂ ਰਾਮ ਸਿੰਘ ਜੀ ਦੇ ਕਦਮ ਉਹਦੇ ਲਈ ਸਹਿਣਯੋਗ ਨਹੀਂ ਸਨ। ਗੁਰੂ ਜੀ ਨੂੰ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ।

ਮਗਰੋਂ ਪੰਜਾਬੀਆਂ ਵਿਚ ਫੁੱਟ ਦੇ ਪੱਕੇ ਬੀ ਬੀਜਣ ਦੇ ਉਦੇਸ਼ ਨਾਲ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਵਿਚ ਬੁੱਚੜਖਾਨੇ ਖੁਲ੍ਹਵਾ ਦਿੱਤੇ ਗਏ। ਕਰੋਧ ਵਿਚ ਆਏ ਹੋਏ ਨਾਮਧਾਰੀ ਇਹਨਾਂ ਬੁੱਚੜਾਂ ਉਤੇ ਧਾਵਿਆਂ ਲਈ ਗੁਰੂ ਜੀ ਦੀ ਆਗਿਆ ਚਾਹੁੰਦੇ ਸਨ। ਪਰ ਉਹਨਾਂ ਦੇ ਉੱਤਰ ਤੋਂ ਅੰਗਰੇਜ਼ ਵਿਰੁੱਧ ਸੰਘਰਸ਼ ਵਿਚ ਉਹਨਾਂ ਦੀ ਸੂਝ ਅਤੇ ਦੀਰਘਕਾਲੀ ਵਿਉਂਤ ਨਜ਼ਰ ਆਉਂਦੀ ਹੈ। ਉਹਨਾਂ ਦਾ ਉੱਤਰ ਸੀ, ਅਜੇ ਵੇਲਾ ਨਹੀਂ ਆਇਆ। ਇਹਤੋਂ ਜ਼ਾਲਮ ਅਤੇ ਅਨਿਆਈਂ ਹਕੂਮਤ ਵਿਰੁੱਧ ਅਹਿੰਸਾ ਅਤੇ ਨਿਆਂਈਂ ਹਿੰਸਾ ਸੰਬੰਧੀ ਉਹਨਾਂ ਦਾ ਦ੍ਰਿਸ਼ਟੀਕੋਣ ਵੀ ਸਾਹਮਣੇ ਆਉਂਦਾ ਹੈ। ਪਰ ਗੁਰਧਾਮਾਂ ਤੇ ਗਊ ਦੀ ਘੋਰ ਨਿਰਾਦਰੀ ਨਾ ਸਹਿੰਦਿਆ ਤਿੰਨੇ ਥਾਵਾਂ ਉੱਤੇ ਨਾਮਧਾਰੀ ਧਾਵਿਆਂ ਦੇ ਫਲਸਰੂਪ ੭੫ ਸੂਰਬੀਰਾਂ ਨੇ ਜਾਨਾਂ ਤਾਂ ਵਾਰੀਆਂ ਹੀ, ਅੰਗਰੇਜ਼ ਨੂੰ ਇਹ ਮੌਕਾ ਵੀ ਮਿਲ ਗਿਆ ਕਿ ਉਹ ਗੁਰੂ ਜੀ ਨੂੰ ਜਲਾਵਤਨ ਕਰ ਦੇਣ। ਇਉਂ ਬਦੇਸੀ ਹਾਕਮਾਂ ਨੇ ਪੰਜਾਬੀਆਂ ਨਾਲੋਂ ਗੁਰੂ ਰਾਮ ਸਿੰਘ ਜੀ ਦਾ ਸਿੱਧਾ ਸੰਪਰਕ ਤੋੜ ਦਿੱਤਾ, ਭਾਵੇਂ ਕਿ ਕੁਝ ਸਿਰੜੀ ਨਾਮਧਾਰੀ ਮੁਸ਼ਕਲਾਂ ਝਾਗ ਕੇ ਉਹਨਾਂ ਦੇ ਦਰਸ਼ਨਾਂ ਦੇ ਜਤਨ ਕਰਦੇ ਰਹੇ।

ਗੁਰੂ ਰਾਮ ਸਿੰਘ ਜੀ ਪੰਜਾਬ ਦੇ ਸਰਗਰਮ ਰਾਜਨੀਤਕ ਜੀਵਨ ਤੋਂ ਤਾਂ ਦੂਰ ਭੇਜ ਦਿੱਤੇ ਗਏ, ਪਰ ਉਹਨਾਂ ਦੀ ਘਾਲਨਾ ਅਤੇ ਕੁਰਬਾਨੀ ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਰੂਪ ਵਿਚ ਪੰਜਾਬੀਆਂ ਨੂੰ ਪ੍ਰੇਰਦੀ ਅਤੇ ਉਤਸ਼ਾਹਿਤ ਕਰਦੀ ਰਹੀ। ਕਾਂਗਰਸ ਦੀਆਂ ਸਰਬ-ਭਾਰਤੀ ਨੀਤੀਆਂ ਉੱਤੇ ਉਹਨਾਂ ਦੇ ਪ੍ਰਭਾਵ ਦਾ ਜ਼ਿਕਰ ਤਾਂ ਅਸੀਂ ਪਹਿਲਾਂ ਕਰ ਚੁੱਕੇ ਹਾਂ। ਪਰ ਇਸ ਸਦੀ ਦੀਆਂ ਪਹਿਲੀਆਂ ਦਹਾਈਆਂ ਵਿਚ ਪੰਜਾਬੀਆਂ ਦੀਆਂ ਕੁਝ ਅਜਿਹੀਆਂ ਲਹਿਰਾਂ ਉੱਠੀਆਂ ਜਿਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਧਾਰਾ ਅਤੇ ਸੇਧ ਉੱਤੇ ਭਾਰੀ ਅਸਰ ਪਾਇਆ ਅਤੇ ਤੇਜ਼ੀ ਲਿਆਂਦੀ। ਇਹਨਾਂ ਵਿਚ ਮੁੱਖ ਤੌਰ ਉਤੇ ਬਬਰ ਲਹਿਰ, ਗਦਰ ਲਹਿਰ ਅਤੇ ਭਗਤ ਸਿੰਘ ਤੇ ਉਹਦੇ ਸਾਥੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹਨਾਂ ਲਹਿਰਾਂ ਉੱਤੇ ਨਾਮਧਾਰੀ ਲਹਿਰ ਦੇ ਪ੍ਰਭਾਵ ਦੀਆਂ ਕੁਝ ਉਦਾਹਰਨਾਂ ਲਿਖਤੀ ਰੂਪ ਵਿਚ ਮਿਲਦੀਆਂ ਹਨ, ਜਿਵੇਂ ਗਦਰ ਲਹਿਰ ਦੇ ਮੋਢੀ ਬਾਬਾ ਸੋਹਨ ਸਿੰਘ ਭਕਨਾ ਦੀ ਅਤੇ ਸ਼ਹੀਦ ਭਗਤ ਸਿੰਘ ਦੀ ਲਿਖਤ ਵਿਚ। ਪਰ ਇਹਤੋਂ ਬਿਨਾਂ ਵੀ ਕੁਝ ਗੱਲਾਂ ਤੋਂ ਇਸ ਪ੍ਰਭਾਵ ਦਾ ਲੱਖਣ ਲਾਇਆ ਜਾ ਸਕਦਾ ਹੈ।

ਉਦਾਹਰਨ ਵਜੋਂ ਨਾਮਧਾਰੀ ਲਹਿਰ ਵਾਂਗ ਇਹਨਾਂ ਸਭ ਲਹਿਰਾਂ ਦਾ ਇਕ ਸਾਂਝਾ ਲੱਛਣ ਆਮ ਜਨਤਾ ਦਾ ਆਪਣੇ ਆਪ ਨੂੰ ਦੇਸ ਦੇ ਅਸਲੀ ਵਾਰਸ ਸਮਝਣਾ ਸੀ। ਇਹ ਸਭ ਲਹਿਰਾਂ ਕਿਸੇ ਖੁੱਸੀ ਹੋਈ ਗੱਦੀ ਦੀ ਮੁੜ-ਪ੍ਰਾਪਤੀ ਲਈ ਨਹੀਂ ਸਨ, ਸਗੋਂ ਦੇਸ ਉੱਤੇ ਬਿਗਾਨਿਆਂ ਦੀ ਥਾਂ ਅਸਲ ਮਾਲਕਾਂ, ਆਮ ਲੋਕਾਂ ਦਾ ਅਧਿਕਾਰ ਸਥਾਪਤ ਕਰਨ ਲਈ ਸੰਘਰਸ਼ਸ਼ੀਲ ਸਨ। ਭਾਵੇਂ ਆਮ ਕਰਕੇ ਇਹਨਾਂ ਨੂੰ ਹਥਿਆਰਬੰਦ ਟਕਰਾਉ ਦੇ ਮੱਤ ਦੀਆਂ ਧਾਰਨੀ ਲਹਿਰਾਂ ਵਜੋਂ ਚਿਤਰਿਆ ਜਾਂਦਾ ਹੈ, ਪਰ ਨਾਮਧਾਰੀ ਲਹਿਰ ਵਾਂਗ ਹੀ ਇਹਨਾਂ ਵਲੋਂ ਹਥਿਆਰ ਅਨਿਆਂ ਦੇ ਟਾਕਰੇ ਲਈ ਹੀ ਚੁੱਕੇ ਜਾਂਦੇ ਸਨ। ਨਾਮਧਾਰੀ ਲਹਿਰ ਸਮੇਤ ਇਹਨਾਂ ਸਭ ਲਹਿਰਾਂ ਦਾ ਇਕ ਹੋਰ ਸਾਂਝਾ ਲੱਛਣ ਦੇਸ ਦੇ ਅੰਦਰ ਅੰਗਰੇਜ਼ ਦਾ ਟਾਕਰਾ ਕਰਨ ਲਈ ਬਦੇਸਾਂ ਸਮੇਤ ਹਰ ਪ੍ਰਕਾਰ ਦੀ ਮਦਦ ਪ੍ਰਾਪਤ ਕਰਨਾ ਸੀ।

ਨਾਮਧਾਰੀ ਲਹਿਰ ਅਤੇ ਉਹਦੀਆਂ ਸਮਕਾਲੀ ਲਹਿਰਾਂ ਦੇ ਪ੍ਰਸਪਰ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲੋੜ ਇਸ ਗੱਲ ਦੀ ਹੈ ਕਿ ਇਸ ਪ੍ਰਭਾਵ ਦੀ ਘੋਖ ਇਤਿਹਾਸ ਦੇ ਆਧਾਰ ਉੱਤੇ ਵਧੇਰੇ ਬਰੀਕੀ ਨਾਲ ਕੀਤੀ ਜਾਵੇ ਅਤੇ ਇਹ ਵੇਰਵਾ ਆਮ ਲੋਕਾਂ ਸਾਹਮਣੇ ਉਜਾਗਰ ਕੀਤਾ ਜਾਵੇ।

■

Namdhari Elibrary NamdhariElibrary@gmail.com



■ ਡਾ. ਕਰਨਜੀਤ ਸਿੰਘ

ਨਾਮਧਾਰੀ ਸਮਾਜ ਅਤੇ ਸਮਕਾਲੀ ਸੰਸਾਰ

ਆਪ ਜੀ ਭਾਈਚਾਰੇ ਦੀ ਇਖਲਾਕੀ ਗਿਰਾਵਟ ਅਤੇ ਆਤਮਕ ਮਲੀਨਤਾ ਨੂੰ ਹੀ ਦੇਸ ਦੇ ਰਾਜਨੀਤਕ ਤੇ ਸਮਾਜਕ ਪਤਨ ਦਾ ਕਾਰਨ ਸਮਝਦੇ ਸਨ। ਇਸ ਲਈ ਉਹਨਾਂ ਨੇ ਸਮਾਜਕ ਤੇ ਧਾਰਮਿਕ ਪੁਨਰ-ਜਾਗ੍ਰਤੀ ਨੂੰ ਆਪਣੇ ਮਿਸ਼ਨ ਦਾ ਪਹਿਲਾ ਨਿਸ਼ਾਨਾ ਬਣਾਇਆ।

ਕੋਈ ਵੀ ਧਾਰਮਿਕ, ਰਾਜਨੀਤਕ ਜਾਂ ਸਮਾਜਕ ਲਹਿਰ ਓਦੋਂ ਜਨਮ ਲੈਂਦੀ ਹੈ ਜਦੋਂ ਉਸ ਨਾਲ ਸਬੰਧਤ ਸਮਾਜ ਵਿਚ ਇਕ ਖ਼ਲਾਅ ਜਿਹਾ ਆ ਜਾਂਦਾ ਹੈ। ਲਹਿਰ ਦੇ ਸਨਮੁਖ ਉਦੇਸ਼ ਤਾਂ ਵਰਤਮਾਨ ਦੀਆਂ ਵੰਗਾਰਾਂ ਨਾਲ ਨਜਿਠਣਾ ਹੁੰਦਾ ਹੈ ਪਰ ਉਸ ਦੀ ਪ੍ਰੇਰਨਾ ਦੀਆਂ ਜੜਾਂ ਅਤੀਤ ਦੇ ਇਤਿਹਾਸ ਵਿੱਚ ਹੁੰਦੀਆਂ ਹਨ। ਨਰੋਲ ਰਾਜਨੀਤਕ ਜਾਂ ਸਮਾਜਕ ਲਹਿਰਾਂ ਤਾਂ ਇਤਿਹਾਸ ਵਿਚ ਆਪਣਾ ਰੋਲ ਨਿਭਾ ਕੇ ਇਤਿਹਾਸ ਦਾ ਅੰਗ ਬਣ ਜਾਂਦੀਆਂ ਹਨ ਪਰ ਆਤਮਕ ਤੇ ਧਾਰਮਿਕ ਉਦੇਸ਼ਾਂ ਨਾਲ ਸਰੋਕਾਰ ਰਖਦੀ ਕੋਈ ਸਦੀਵੀ ਰੂਪ ਧਾਰਨ ਕਰ ਲੈਂਦੀ ਹੈ ਅਤੇ ਅਸੀਮ ਭਵਿਖ ਵਿਚ ਉਹਦੀ ਸਾਰਥਕਤਾ ਬਣੀ ਰਹਿੰਦੀ ਹੈ। ਨਾਮਧਾਰੀ ਲਹਿਰ ਅਜਿਹੀਆਂ ਲਹਿਰਾਂ ਵਿਚੋਂ ਇਕ ਹੈ।

ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਸ ਲਹਿਰ ਦੇ ਮੋਢੀ ਗੁਰੂ ਰਾਮ ਸਿੰਘ ਦੀ ਮੁਢਲੀ ਪ੍ਰੇਰਨਾ ਦਾ ਸਰੋਤ ਗੁਰੂ ਸਾਹਿਬਾਨ ਦਾ ਜੀਵਨ ਅਤੇ ਉਹਨਾਂ ਦੀ ਵਿਚਾਰਧਾਰਾ ਹੀ ਸੀ। ਗੁਰਬਾਣੀ ਦੀ ਸਿਖਿਆ ਅਤੇ ਸੋਝੀ ਉਹਨਾਂ ਨੂੰ ਆਪਣੀ ਮਾਤਾ ਪਾਸੋਂ ਗੁੜ੍ਹਤੀ ਵਿਚ ਹੀ ਮਿਲੀ ਸੀ। ਬਚਪਨ ਵਿਚ ਹੀ ਉਹਨਾਂ ਨੂੰ ਬਹੁਤ ਸਾਰੀ ਬਾਣੀ ਕੰਠ ਹੋ ਗਈ ਸੀ। ਸਰੀਰਕ, ਮਾਨਸਿਕ ਤੇ ਆਤਮਕ ਰੂਪ ਵਿਚ ਗੁਰੂ ਸਾਹਿਬਾਨ ਦੇ ਪੂਰਨਿਆਂ ਉੱਤੇ ਚਲਦਿਆਂ ਉਹ ਆਪਣੀ ਭਰ ਜਵਾਨੀ ਵਿਚ ੨੦ ਸਾਲ ਦੀ ਉਮਰੇ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫ਼ੌਜ ਵਿਚ ਭਰਤੀ ਹੋ ਗਏ ਤਾਂ ਗੁਰਬਾਣੀ ਦੀ ਲਗਨ, ਨਿਰਮਲ ਸਵੱਛ ਜੀਵਨ ਅਤੇ ਅੰਤਰ ਆਤਮਾ ਵਿਚ ਲਟ ਲਟ ਬਲਦੀ ਪ੍ਰਭੂ ਪ੍ਰੇਮ ਦੀ ਜੋਤ ਦਾ ਪ੍ਰਭਾਵ ਏਨਾ ਕਿ ਉਹਨਾਂ ਦੇ ਸੰਗੀ ਸਾਥੀ ਗੁਰੂ ਘਰ ਦੀ ਪਰੰਪਰਾ ਅਨੁਸਾਰ ਉਹਨਾਂ ਨੂੰ 'ਭਗਤ' ਆਖ ਕੇ ਸੱਦਣ ਬੁਲਾਉਣ ਲੱਗ ਪਏ ਸਨ। ਸੈਨਿਕ ਜੀਵਨ ਵਿਚ ਆ ਕੇ ਤੇ ਰਾਜ ਦਰਬਾਰ ਵਿਚ ਆਦਰ ਸਤਿਕਾਰ ਸਦਕਾ ਇਕ ਤਾਂ ਉਹਨਾਂ ਨੂੰ ਰਾਜਨੀਤਕ ਦਾਅ ਪੇਚਾਂ ਦੀ ਸਿਖਿਆ ਪ੍ਰਾਪਤ ਹੋਈ ਅਤੇ ਦੂਜੇ ਸਿਖ ਹਾਕਮਾਂ ਅਤੇ ਉਤਲੇ ਤਬਕੇ ਦੇ ਲੋਕਾਂ ਵਿਚ ਖਾਸ ਕਰਕੇ ਅਤੇ ਸਿਖ ਸੈਨਾ ਤੇ ਭਾਈਚਾਰੇ ਵਿਚ ਆਮ ਕਰਕੇ ਜੋ ਅੰਦਰਲੀਆਂ ਕਮਜ਼ੋਰੀਆਂ ਆ ਗਈਆਂ ਸਨ। ਉਹਨਾਂ ਦਾ ਅਤੇ ਸਿਖ ਸਭਿਆਚਾਰ ਨੂੰ ਸਾਮਰਾਜੀ ਖਤਰੇ ਦਾ ਡੂੰਘਾ ਅਹਿਸਾਸ ਹੋਇਆ।

ਆਪ ਜੀ ਭਾਈਚਾਰੇ ਦੀ ਇਖਲਾਕੀ ਗਿਰਾਵਟ ਅਤੇ ਆਤਮਕ ਮਲੀਨਤਾ ਨੂੰ ਹੀ ਦੇਸ ਦੇ ਰਾਜਨੀਤਕ ਤੇ ਸਮਾਜਕ ਪਤਨ ਦਾ ਕਾਰਨ ਸਮਝਦੇ ਸਨ। ਇਸ ਲਈ ਉਹਨਾਂ ਨੇ ਸਮਾਜਕ ਤੇ ਧਾਰਮਿਕ ਪੁਨਰ-ਜਾਗ੍ਰਤੀ ਨੂੰ ਆਪਣੇ ਮਿਸ਼ਨ ਦਾ ਪਹਿਲਾ ਨਿਸ਼ਾਨਾ ਬਣਾਇਆ। ੧੮੫੭ ਦੀ ਵਸਾਖੀ ਦੇ ਦਿਨ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਵਾਂਗ ਹੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਇਸ ਪੁਨਰ-ਜਾਗ੍ਰਤੀ ਦੀ ਲਹਿਰ ਦੀ ਬੁਨਿਆਦ ਰੱਖੀ। ਗੁਰੂ ਗੋਬਿੰਦ ਸਿੰਘ ਨੇ ਆਪਣੇ ਖਾਲਸੇ ਨੂੰ ਪੰਜ ਕਕਾਰਾਂ ਦਾ ਧਾਰਨੀ ਬਣਾ ਕੇ ਐਸਾ ਨਿਆਰਾ ਤੇ ਨਿਵੇਕਲਾ ਸਰੂਪ ਪ੍ਰਦਾਨ ਕੀਤਾ ਸੀ ਕਿ ਜਿਹੜਾ ਲੱਖਾਂ ਕਰੋੜਾਂ ਵਿਚ ਵੀ ਆਪਣੀ ਅਲੱਗ ਪਹਿਚਾਨ ਰਖਦਾ ਸੀ। ਗੁਰੂ ਰਾਮ ਸਿੰਘ ਨੇ ਆਪਣੇ ਨਵ-ਸਿਰਜਤ ਖਾਲਸੇ ਨੂੰ ਸਫੈਦ ਬਾਣਾ ਪਹਿਨਣ ਦਾ ਹੁਕਮ ਕਰਕੇ ਅਤੇ ਪੁਰਾਤਨ ਸਿਖ ਰਵਾਇਤ ਅਨੁਸਾਰ ਦਸਤਾਰ ਸਜਾਉਣ ਦਾ ਢੰਗ ਮੁੜ ਚਾਲੂ ਕਰਕੇ ਨਵੇਕਲੀ ਪਛਾਣ ਦੇ ਦਿੱਤੀ। ਇਹ ਚਿੱਟਾ ਬਾਣਾ ਗੁਰੂ ਰਾਮ ਸਿੰਘ ਦੇ ਖਾਲਸੇ, ਨਾਮਧਾਰੀ ਸਿਖ ਦੀ ਬੇਦਾਗ ਪਵਿਤਰ ਸ਼ਖਸੀਅਤ ਦਾ ਪ੍ਰਤੀਕ ਹੈ।

ਮੂਲ ਪ੍ਰੇਰਨਾ ਗੁਰੂ ਸਾਹਿਬਾਨ ਤੇ ਗੁਰਬਾਣੀ ਹੋਣ ਦੇ ਬਾਵਜੂਦ ਨਾਮਧਾਰੀ ਸਿਖਾਂ ਦਾ ਮੁਖਧਾਰਾ ਦੇ ਸਿੱਖਾਂ ਨਾਲੋਂ ਤਿੰਨ ਚਾਰ ਗੱਲਾਂ ਵਿਚ ਫਰਕ ਪ੍ਰਤੱਖ ਦੇਖਿਆ ਜਾ ਸਕਦਾ ਹੈ। ਦਸਤਾਰ ਦੀ ਸ਼ੈਲੀ ਅਤੇ ਸਫੈਦ ਬਾਣੇ ਦਾ ਜ਼ਿਕਰ ਉੱਤੇ ਅਸੀਂ ਕਰ ਚੁੱਕੇ ਹਾਂ। ਦੂਜਾ ਵੱਡਾ ਵਖਰੇਵਾਂ ਦੇਹਧਾਰੀ ਗੁਰੂ ਦੀ ਮਾਨਤਾ ਦਾ ਹੈ। ਤੀਜਾ ਫ਼ਰਕ ਇਸ ਗੱਲ ਵਿਚ ਲਗਦਾ ਹੈ ਕਿ ਨਾਮਧਾਰੀ ਸਮਾਜ ਹਵਨ ਆਦਿ ਵਰਗੇ ਕੁਝ ਕਰਮ ਕਾਂਡ ਐਸੇ ਵੀ ਕਰਦਾ ਹੈ ਜਿਨ੍ਹਾਂ ਵਿਚ ਵੈਦਿਕ ਸਭਿਆਚਾਰ ਦੇ ਆਸ਼ੇ ਦੇਖੇ ਜਾ ਸਕਦੇ ਹਨ। ਚੌਥੇ ਨਾਮਧਾਰੀ ਸਮਾਜ ਗੁਰੂ ਗੋਬਿੰਦ ਸਿੰਘ ਦੇ ਆਦੇਸ਼ ਅਨੁਸਾਰ ਪੰਜ ਕਕਾਰ ਤਾਂ ਧਾਰਨ ਕਰਦਾ ਹੈ ਪਰ ਕਿਰਪਾਨ ਕੇਵਲ ਚਿੰਨ੍ਹ ਮਾਤਰ ਹੀ ਕੰਘੇ ਵਿਚ ਜੜੀ ਰਹਿੰਦੀ ਹੈ। ਇਸ ਦਾ ਕਾਰਨ ਤਾਂ ਇਹ ਦਸਿਆ ਜਾਂਦਾ ਹੈ

Namdhari Elibrary NamdhariElibrary@gmail.com

ਕਿ ਪੰਜਾਬ ਉੱਤੇ ਅੰਗ੍ਰੇਜ਼ ਦੇ ਕਬਜ਼ੇ ਤੋਂ ਮਗਰੋਂ ਸਾਮਰਾਜੀ ਹਾਕਮਾਂ ਨੇ ਖਾਲਸੇ ਨੂੰ ਸ਼ਸਤਰਹੀਨ ਕਰ ਦਿੱਤਾ ਸੀ ਤਾਂ ਜੋ ਹਾਰਿਆ ਹੋਇਆ ਸਿੰਘ ਮੁੜ ਛੇਤੀ ਨਾ ਉਠ ਸਕੇ। ਪਰ ਕਿਰਪਾਨ ਨੂੰ ਸਦਾ ਲਈ ਤਿਆਗ ਦੇਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਵਾਸਤੇ ਅੰਗ੍ਰੇਜ਼ ਨਾਲ ਮੱਥਾ ਲਾਉਣ ਦਾ ਨਿਰਣਾ ਲੈਣ ਮਗਰੋਂ ਇਸ ਸੰਗਰਾਮ ਨੂੰ ਅਹਿੰਸਕ ਰੂਪ ਵਿਚ ਚਲਾਉਣਾ ਚਾਹੁੰਦੇ ਸਨ। ਉਹ ਆਪਣੀ ਦੂਰ ਅੰਦੇਸ਼ੀ ਤੋਂ ਜਾਣਦੇ ਸਨ ਕਿ ਇਕ ਵੱਡੀ ਆਧੁਨਿਕ ਸੈਨਿਕ ਸ਼ਕਤੀ ਨਾਲ ਸਾਧਾਰਨ ਜਨਤਾ ਸਾਧਾਰਨ ਹਥਿਆਰਾਂ ਨਾਲ ਟੱਕਰ ਨਹੀਂ ਲੈ ਸਕਦੀ। ਇਹੋ ਗੱਲ ਮਗਰੋਂ ਵੀਹਵੀਂ ਸਦੀ ਦੀ ਪਹਿਲੀ ਚੁਥਾਈ ਵਿਚ ਮਹਾਤਮਾ ਗਾਂਧੀ ਨੇ ਅਨੁਭਵ ਕੀਤੀ ਅਤੇ ਅਹਿੰਸਾ ਦਾ ਰਾਹ ਅਪਣਾਇਆ।

ਨਾਮਧਾਰੀ ਸਿਖਾਂ ਅਤੇ ਮੁਖਧਾਰਾ ਦੇ ਸਿਖਾਂ ਵਿਚਲੇ ਇਸ ਬਾਹਰੀ ਵਖਰੇਵੇਂ ਦੇ ਬਾਵਜੂਦ ਜਿਥੋਂ ਤੱਕ ਉਦੇਸ਼ ਤੇ ਟੀਚਿਆਂ ਦਾ ਸਵਾਲ ਹੈ ਦੋਹਾਂ ਵਿਚ ਕੋਈ ਅੰਤਰ ਨਹੀਂ ਹੈ। ਮੋਟੇ ਤੌਰ 'ਤੇ ਨਾਮਧਾਰੀ ਲਹਿਰ ਦੇ ਦੋ ਮੁਖ ਨਿਸ਼ਾਨੇ ਸਨ ਜਿਹੜੇ ਅੱਜ ਵੀ ਪ੍ਰਸੰਗਿਕ ਹਨ। ਪਹਿਲਾ ਨਿਸ਼ਾਨਾ ਸੀ ਮਨੁਖੀ ਅਧਿਕਾਰਾਂ ਦਾ ਸਤਿਕਾਰ ਕਰਨਾ ਤੇ ਕਰਾਉਣਾ। ਆਜ਼ਾਦੀ ਦੇ ਅਧਿਕਾਰ ਨੂੰ ਵੀ ਮਨੁਖੀ ਅਧਿਕਾਰਾਂ ਵਿਚ ਹੀ ਗਿਣਿਆ ਜਾ ਸਕਦਾ ਹੈ ਜਿਸ ਨੂੰ ਅਗੋਂ ਚਲ ਕੇ ਬਾਲ ਗੰਗਾਧਰ ਤਿਲਕ ਨੇ ਮਨੁਖ ਦਾ ਜਨਮ ਸਿਧ ਅਧਿਕਾਰ ਆਖਿਆ ਸੀ। ਗੁਰਬਾਣੀ ਵਿਚ ਵੀ ਇਕ ਵਖਰੇ ਪ੍ਰਸੰਗ ਵਿਚ ਇਸ ਹੱਕ ਦੀ ਗੱਲ ਕੀਤੀ ਲਭਦੀ ਹੈ ਜਦੋਂ ਅਸੀਂ ਪੜਦੇ ਹਾਂ,

"ਹਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ।।
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ।।"

ਤੋਂ ਇਹ ਸੰਕੇਤ ਮਿਲਦਾ ਹੈ ਕਿ ਗੱਲ ਆਰਥਕ ਅਧਿਕਾਰ ਦੀ ਹੈ ਪਰ ਬਦਲੇ ਹੋਏ ਸਮਾਜਕ ਢਾਂਚੇ ਤੇ ਅਰਥਚਾਰੇ ਵਿਚ ਸਮੇਂ ਦੀ ਮੰਗ ਅਨੁਸਾਰ ਰਾਜਸੀ ਆਜ਼ਾਦੀ ਦਾ ਅਧਿਕਾਰ ਪ੍ਰਾਥਮਿਕਤਾ ਪ੍ਰਾਪਤ ਕਰ ਲੈਂਦਾ ਹੈ। ਆਜ਼ਾਦੀ ਦੀ ਇਸ ਲਗਨ ਅਤੇ ਤੜਪ ਦਾ ਮੂਲ ਸਰੋਤ ਵੀ ਗੁਰਬਾਣੀ ਹੀ ਹੈ। ਪੰਜਾਬੀ ਸਾਹਿਤ ਦੇ ਪਿਤਾਮਾ ਤੇ ਸੂਫੀ ਫਕੀਰ ਬਾਬਾ ਫਰੀਦ ਜਦੋਂ **"ਬਾਰਿ ਪਰਾਇਐ ਬੈਸਣਾ ਸਾਈਂ ਮੁਝੈ ਨਾ ਦੇਹ।।"** ਕਹਿੰਦੇ ਹਨ ਤਾਂ ਉਹ ਮਨੁਖ ਦੀ ਆਜ਼ਾਦੀ ਦੀ ਗਲ ਹੀ ਕਰਦੇ ਹਨ।

ਭਾਰਤ ਨੂੰ ਅੰਗ੍ਰੇਜ਼ ਦੇ ਜੂਲੇ ਤੋਂ ਮੁਕਤ ਕਰਨ ਲਈ ਲੋਕਾਂ ਦੀ ਪੱਧਰ ਉਤੇ ਝੰਡਾ ਬੁਲੰਦ ਕਰਨ ਵਾਲੀ ਪਹਿਲੀ ਮਹਾਨ ਸ਼ਖਸੀਅਤ ਗੁਰੂ ਰਾਮ ਸਿੰਘ ਹੀ ਸਨ। ਇਹਦੇ ਵਾਸਤੇ ਉਹਨਾਂ ਨੇ ਇਕ ਪਾਸੇ ਬੜੇ ਵਿਲੱਖਣ ਢੰਗ ਨਾਲ ਅੰਗ੍ਰੇਜ਼ਾਂ ਨਾਲ ਜੁੜੀ ਹਰ ਚੀਜ਼ ਦਾ ਬਾਈਕਾਟ ਕਰਨ ਦਾ ਅਤੇ ਅਹਿੰਸਾ ਦਾ ਰਾਹ ਅਪਣਾਇਆ ਅਤੇ ਦੂਜੇ ਪਾਸੇ ਆਪਣੀ ਜ਼ਬਰਦਸਤ ਜਥੇਬੰਦੀ ਸਦਕਾ ਪੰਜਾਬ ਵਿਚ ਹੀ ਨਹੀਂ ਸਗੋਂ ਬਦੇਸਾਂ ਤੱਕ ਸੰਚਾਰ ਤੇ ਸੰਪਰਕ ਪ੍ਰਣਾਲੀ ਖੜੀ ਕੀਤੀ ਅਤੇ ਸੂਖਮ ਤੇ ਸਫਲ ਕੂਟਨੀਤੀ ਨਾਲ ਰੂਸ ਤੇ ਅਫ਼ਗਾਨਿਸਤਾਨ ਜਿਹੀਆਂ ਉਹਨਾਂ ਤਾਕਤਾਂ ਨਾਲ ਸਬੰਧ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜੋ ਬਰਤਾਨਵੀ ਸਾਮਰਾਜ ਤੇ ਇਸ ਦੀ ਪਸਾਰਵਾਦੀ ਨੀਤੀ ਦਾ ਵਿਰੋਧ ਕਰਦੀਆਂ ਸਨ। ਕਈ ਇਤਿਹਾਸਕਾਰਾਂ ਤੇ ਨੀਤੀਵਾਨਾਂ ਨੂੰ ਆਜ਼ਾਦ ਭਾਰਤ ਦੀ ਬਦੇਸ਼ ਨੀਤੀ ਦੇ ਬੀਜ ਗੁਰੂ ਰਾਮ ਸਿੰਘ ਜੀ ਦੀ ਇਸ ਪਹੁੰਚ ਵਿਚ ਹੀ ਦਿਖਾਈ ਦਿੱਤੇ ਹਨ।

ਅਜ਼ਾਦੀ ਪ੍ਰਾਪਤ ਕਰ ਲੈਣ ਮਗਰੋਂ ਜਦੋਂ ਦੇਸ ਆਰਥਕ ਵਿਕਾਸ ਦੇ ਰਾਹ ਪੈਂਦਾ ਹੈ ਤਾਂ ਕੁਲੀ, ਗੁਲੀ ਤੇ ਜੁਲੀ ਦੇ ਰੂਪ ਵਿਚ ਆਰਥਕ ਅਧਿਕਾਰ ਫੇਰ ਅਗਰਭੂਮੀ ਵਿਚ ਆ ਜਾਂਦਾ ਹੈ। ਦੇਸ ਵਿਚ ਲੋਕ-ਰਾਜ ਦੀ ਸਥਾਪਤੀ ਹੁੰਦੀ ਹੈ ਅਤੇ ਭਾਰਤ ਬਹੁਤ ਸਾਰੀਆਂ ਭਾਸ਼ਾਈ, ਧਾਰਮਿਕ ਤੇ ਸਭਿਆਚਾਰਕ ਘਟ ਗਿਣਤੀਆਂ ਦਾ ਦੇਸ ਹੋਣ ਕਾਰਨ ਮਨੁਖੀ ਅਧਿਕਾਰਾਂ ਦੇ ਕਈ ਹੋਰ ਆਯਾਮ ਸਾਹਮਣੇ ਆਉਂਦੇ ਹਨ। ਨਾਮਧਾਰੀ ਸਮਾਜ ਸਭ ਪ੍ਰਕਾਰ ਦੇ ਮਨੁਖੀ ਅਧਿਕਾਰਾਂ ਦਾ ਮੁਦਈ ਹੀ ਨਹੀਂ ਸਗੋਂ ਕਈ ਤਰੀਕਿਆਂ ਨਾਲ ਇਹਨਾਂ ਦੀ ਜ਼ਾਮਨੀ ਵਾਸਤੇ ਕਾਰਜਸ਼ੀਲ ਵੀ ਹੈ।

ਜਿਸ ਪ੍ਰਕਾਰ ਆਪਣੇ ਹੱਥੀਂ ਕਿਰਤ ਕਰਨ ਵਾਲੇ ਮਿਹਨਤੀ, ਮਜ਼ਦੂਰ, ਕਿਸਾਨ, ਦਸਤਕਾਰ ਤੇ ਹੋਰ ਛੋਟੇ ਮੋਟੇ ਕੰਮ ਧੰਦੇ ਕਰਨ ਵਾਲੇ ਛੋਟੀਆ ਜਾਤਾਂ ਦੇ ਲੋਕ ਮਧ-ਕਾਲ ਵਿਚ ਗੁਰੂ ਘਰ ਵੱਲ ਖਿਚੇ ਗਏ ਸਨ, ਉਸੇ ਹੀ ਤਰਾਂ, ਉਪਰੋਕਤ ਭਾਂਤ ਦੇ ਲੋਕ ਗੁਰੂ ਰਾਮ ਸਿੰਘ ਦੀ ਮਿਕਨਾਤੀਸੀ ਅਧਿਆਤਮਕ ਸ਼ਖਸੀਅਤ ਅਤੇ ਉਹਨਾਂ ਦੇ ਮਨੁਖ-ਹਿਤੈਸ਼ੀ ਆਸ਼ਿਆਂ ਵੱਲ ਖਿੱਚੇ ਗਏ ਸਨ। "ਮਾਨਸ ਕੀ **ਜਾਤਿ ਸਭੈ ਏਕੈ ਪਹਿਚਾਨਬੋ।।"** ਗੁਰੂ ਸਾਹਿਬਾਨ ਦਾ ਮਹਿਜ਼ ਨਾਅਰਾ ਨਹੀਂ ਸੀ ਸਗੋਂ ਇਕ ਐਸੇ ਸਮਾਜ ਦੀ ਸਥਾਪਨਾ ਕਰਨਾ ਉਹਨਾਂ ਦਾ ਨਿਸ਼ਾਨਾ ਸੀ ਜਿਸ ਵਿਚ ਇਹ ਉਦੇਸ਼ ਸਾਕਾਰ ਹੋ ਸਕੇ। ਨਾਮਧਾਰੀ ਸਮਾਜ ਨੇ ਵੀ ਉਹਨਾਂ ਦੇ ਝੰਡੇ ਹੇਠਾਂ ਅਤੇ ਸਮੇਂ ਸਮੇਂ ਉਹਨਾਂ ਦੀ ਗੱਦੀ ਉਤੇ ਬਰਾਜਮਾਨ ਨਾਮਧਾਰੀ ਗੁਰੂ ਵਿਅਕਤੀਆਂ ਦੀ ਅਗਵਾਈ ਵਿਚ ਮਨੁਖਾਂ ਦੀ ਬਰਾਬਰੀ ਲਈ ਸੰਸਾਰ ਵਿਆਪੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾਇਆ ਹੈ।

ਦੇਸ਼ ਦੀ ਆਜ਼ਾਦੀ ਦਾ ਸਵਾਲ ਹੋਵੇ, ਮਨੁਖੀ ਅਧਿਕਾਰਾਂ ਦਾ ਮਸਲਾ ਹੋਂਵੇ, ਮਨੁਖਾਂ ਦੀ ਬਰਾਬਰੀ ਦੀ ਗੱਲ ਹੋਵੇ ਇਹਨਾਂ ਸਭਨਾਂ ਉਦੇਸ਼ਾਂ ਦੀ ਪੂਰਤੀ ਲਈ, ਇਹਨਾਂ ਦੀ ਪ੍ਰਾਪਤੀ ਤੋਂ ਮਿਲਣ ਵਾਲੇ ਸੁਖ ਆਰਾਮ ਲਈ ਜਾਂ ਮਨੁਖ ਦੇ ਆਤਮਕ ਗੌਰਵ ਲਈ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਤੇ ਜ਼ਰੂਰੀ ਮੰਗ ਇਹ ਹੈ ਕਿ ਮਨੁਖੀ ਸਭਿਅਤਾ ਤੇ ਸਭਿਆਚਾਰ ਨੂੰ ਸਰਵਨਾਸ਼ ਦੀਆਂ ਪ੍ਰਮਾਣੂ ਸ਼ਕਤੀਆਂ ਅਤੇ ਗਲਾਘੋਟੂ ਪ੍ਰਦੂਸ਼ਤ ਵਾਤਾਵਰਣ ਅਤੇ ਨਸ਼ਿਆਂ ਦੀ ਮਾਰ ਤੋਂ ਬਚਾਇਆ ਜਾਵੇ। ਇਸ ਸਬੰਧ ਵਿਚ ਨਾਮਧਾਰੀ ਗੁਰੂ ਮਹਾਰਾਜ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਗੁਰੂ ਮਹਾਰਾਜ ਜਗਜੀਤ ਸਿੰਘ ਜੀ ਦੀ ਦੇਣ ਅਦੁਤੀ ਵੀ ਹੈ ਤੇ ਵਡਮੁਲੀ ਵੀ। ਪਿਛਲੇ ਦਹਾਕਿਆਂ ਵਿਚ ਮਹਾਰਾਜ ਜਗਜੀਤ ਸਿੰਘ ਜੀ ਨੇ ਸੰਸਾਰ ਵਿਚ ਅਮਨ ਦੀ ਕਾਇਮੀ ਦੇ ਉਪਰਾਲਿਆਂ ਵਿਚ ਉਹਨਾਂ ਸ਼ਕਤੀਆਂ ਤੇ ਲੋਕਾਂ ਦਾ ਤਨੋ, ਮਨੋ ਤੇ ਧਨੋ ਸਾਥ ਦਿੱਤਾ ਜਿਨ੍ਹਾਂ ਨੂੰ ਨਾਸਤਕ ਆਖਿਆ ਜਾਂਦਾ ਹੈ। ਗੁਰੂ ਜਗਜੀਤ ਸਿੰਘ ਜੀ ਨੇ ਇਕ ਵਾਰ ਪ੍ਰਵਚਨ ਦੇਂਦਿਆਂ ਆਪ ਦਸਿਆ ਸੀ ਕਿ ਉਹਨਾਂ ਦੇ ਇਸ ਵਿਹਾਰ ਉਤੇ ਕਿਸੇ ਦੇ ਕਿੰਤੂ ਦੇ ਜਵਾਬ ਵਿਚ ਉਹਨਾਂ ਆਖਿਆ ਸੀ ਕਿ ਜਦੋਂ ਕਿਸੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਉਸ ਨੂੰ ਬੁਝਾਉਣ ਲਈ ਜਿਹੜੇ ਵੀ ਲੋਕ ਜਤਨ ਕਰਨਗੇ ਉਹ ਭਾਵੇਂ ਆਸਤਕ ਹੋਣ ਤੇ ਭਾਵੇਂ ਨਾਸਤਕ, ਨਾਮਧਾਰੀ ਉਹਨਾਂ ਦਾ ਸਾਥ ਜ਼ਰੂਰ ਦੇਣਗੇ।

ਅਤੇ ਅੱਜ ਜਦੋਂ ਸਾਰੀ ਦੁਨੀਆਂ ਵਿਚ ਲੋਕ, ਖਾਸ ਕਰ ਗਭਰੂ ਤੇ ਮੁਟਿਆਰਾਂ, ਨਸ਼ਿਆਂ ਦੇ ਗੁਲਾਮ ਬਣ ਕੇ ਕਈ ਪ੍ਰਕਾਰ ਦੇ ਮਾਰੂ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ, ਨਾਮਧਾਰੀ ਸਮਾਜ ਦਾ ਨਸ਼ਿਆਂ ਦੀ ਵਰਤੋਂ ਨਾ ਕਰਨ ਦਾ ਸੰਦੇਸ ਇਸ ਮਤ ਦੇ ਧਾਰਨੀਆਂ ਦੀ ਜੀਵਨ-ਜਾਚ ਦਾ ਹੀ ਕੇਵਲ ਥੰਮ ਨਹੀ ਸਗੋਂ ਸਮੂਹ ਮਨੁਖ ਜਾਤੀ ਲਈ ਪ੍ਰੇਰਨਾ ਬਣ ਕੇ ਸਰਬਤ ਦੇ ਭਲੇ ਦਾ ਰਾਹ ਦਿਖਾਉਂਦਾ ਹੈ।

■

Namdhari Elibrary NamdhariElibrary@gmail.com

■ ਪਿਆਰਾ ਸਿੰਘ ਦਾਤਾ

ਮਹਾਨ ਦੇਸ ਭਗਤ

ਉਸ ਸਮੇਂ ਸਿਖ ਭਰਮਾਂ ਵਹਿਮਾਂ ਤੇ ਹਾਨੀਕਾਰਕ ਰਸਮਾਂ ਰਿਵਾਜਾਂ ਵਿਚ ਬੁਰੀ ਤਰ੍ਹਾਂ ਫਸ ਚੁਕੇ ਸਨ। ਉਨੀਂ ਦਿਨੀਂ ਬਚਪਨ ਵਿਚ ਹੀ ਕੁੜੀਆਂ ਮਾਰਣ ਜਾਂ ਵੇਚਣ, ਤੇ ਵੱਟੇ ਸੱਟੇ ਦੇ ਵਿਆਹਾਂ ਦਾ ਰਿਵਾਜ ਸੀ। ਬਾਲ ਉਮਰਾਂ ਵਿਚ ਹੀ ਬੱਚੇ ਬੱਚੀ ਦੀ ਸ਼ਾਦੀ ਕਰ ਦਿੱਤੀ ਜਾਂਦੀ ਸੀ। ਲੋਕਾਂ ਵਿਚ ਛੂਤ ਛਾਤ ਬੜੀ ਆਮ ਸੀ। ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲੇ ਜਾਣ ਕਰਕੇ, ਫਰੰਗੀ ਹਕੂਮਤ ਦੇ ਅਫ਼ਸਰਾਂ ਨੂੰ ਖੁਸ਼ਾਮਦੀ ਟੋਡੀ ਤੇ ਗ਼ਦਾਰ ਲੋਕ ਘੇਰੀ ਰਖਦੇ ਸਨ। ਪੰਜਾਬੀਆਂ ਵਿਚ ਆਪਣਾ ਰਾਜ ਖੋਹੇ ਜਾਣ ਮਗਰੋਂ ਇਕ ਮੁਰਦਨੀ ਜਿਹੀ ਛਾ ਗਈ ਸੀ। ਉਹ ਆਪਣੇ ਆਪ ਨੂੰ ਬਿਲਕੁਲ ਬੇਬਸ ਤੇ ਲਾਚਾਰ ਸਮਝਦੇ ਸਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰਖ ਕੇ ਸਤਿਗੁਰੂ ਰਾਮ ਸਿੰਘ ਨੇ ਸਮੁਚੇ ਪੰਜਾਬੀਆਂ ਤੇ ਖਾਸ ਕਰ ਸਿੱਖਾਂ ਵਿਚ ਉਹੀ ਸਪਿਰਟ ਭਰਨ ਦਾ ਫੈਸਲਾ ਕੀਤਾ, ਜੋ ਇਕੇਰਾਂ ਅਨੰਦ ਪੁਰ ਦੇ ਵਾਸੀ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਭਰੀ ਸੀ।

ਮਹਾਰਾਜ ਰਣਜੀਤ ਸਿੰਘ ਦੀ ਮੌਤ ਤੋਂ ਕੇਵਲ ਦਸ ਸਾਲ ਬਾਦ ਸਿੱਖ ਰਾਜ ਖੇਰੂ ਖੇਰੂ ਹੋ ਗਿਆ। ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਇਸ ਤਾੜ ਵਿਚ ਸਨ ਕਿ ਪੰਜਾਬ ਕਿਵੇਂ ਹਥਿਆਇਆ ਜਾਵੇ। ਮਹਾਰਾਜਾ ਰਣਜੀਤ ਸਿੰਘ ਬੜਾ ਸ਼ਕਤੀਸ਼ਾਲੀ ਹੁਕਮਰਾਨ ਸੀ, ਉਸ ਦੇ ਰਾਜ ਦੀ ਧਾਕ ਕਾਬਲ ਕੰਧਾਰ ਤੀਕ ਜਾ ਪੁੱਜੀ ਸੀ ਪਰ ਉਸ ਦੇ ਅੱਖਾਂ ਮੀਟਦਿਆਂ ਹੀ ਸਿੱਖ ਰਾਜ ਨਾਲ ਦੋਸਤੀ ਦੇ ਦਾਹਵੇਦਾਰ ਅੰਗਰੇਜ਼ਾਂ ਨੇ ਪੰਜਾਬ ਤੇ ਅੱਖਾਂ ਲਾ ਦਿੱਤੀਆਂ। ਸਿੱਖਾਂ ਤੇ ਅੰਗਰੇਜ਼ਾਂ ਦੀਆਂ ਕਈ ਲੜਾਈਆਂ ਹੋਈਆਂ। ਆਖ਼ਰੀ ਲੜਾਈ ਵਿਚ ਜਿਥੇ ਸਿੱਖ ਫ਼ੌਜੀ ਬੜੀ ਬਹਾਦਰੀ ਨਾਲ ਲੜੇ, ਉਥੇ ਸਿੱਖ ਕਮਾਂਡਰ ਸਿੱਖਾਂ ਨਾਲ ਗਦਾਰੀ ਕਰ ਗਏ, ਜਿਸ ਕਾਰਣ ਸਿੱਖਾਂ ਨੂੰ ਹਾਰ ਹੋਈ। ਇਸ ਲੜਾਈ ਮਗਰੋਂ ਸਿੱਖਾਂ ਤੋਂ ਹਥਿਆਰ ਰਖਾ ਲਏ ਗਏ ਤੇ ਸਮੁਚੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ। ਗੁਰੂ ਰਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸਨ। ਆਪਣੀ ਫ਼ੌਜੀ ਨੌਕਰੀ ਸਮੇਂ ਵੀ ਆਪ ਸਵੇਰੇ ਅੰਮ੍ਰਿਤ ਵੇਲੇ ਉਠਦੇ। ਇਸ਼ਨਾਨ ਪਾਣੀ ਮਗਰੋਂ ਨਿਤਨੇਮ ਕਰਦੇ ਤੇ ਪ੍ਰਭੂ ਭਗਤੀ ਵਿਚ ਜੁਟ ਜਾਂਦੇ। ਉਨ੍ਹਾਂ ਦੀ ਵੇਖਾ ਵੇਖੀ ਬਹੁਤ ਸਾਰੇ ਫ਼ੌਜੀ ਵੀ ਉਨ੍ਹਾਂ ਦੇ ਉਪ੍ਰੋਕਤ ਪ੍ਰੋਗਰਾਮ ਵਿਚ ਸ਼ਾਮਲ ਹੋ ਗਏ। ਇਸ ਤਰ੍ਹਾਂ ਉਹਨਾਂ ਵਾਲੇ ਫ਼ੌਜੀ ਦਸਤੇ ਦਾ ਨਾਂ ਹੀ ਭਗਤਾਂ ਵਾਲੀ ਪਲਟਨ ਪੈ ਗਿਆ।

ਸਿੱਖ ਰਾਜ ਸਮੇਂ ਉਨ੍ਹਾਂ ਕਈ ਲੜਾਈਆਂ ਵਿਚ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਪਰ ਜਦੋਂ ਅੰਗਰੇਜ਼ ਨੇ ਧੋਖੇ ਨਾਲ ਸਿੱਖ ਰਾਜ ਹੜਪ ਕਰ ਲਿਆ ਤਾਂ ਉਹ ਨੌਕਰੀ ਛਡ ਆਪਣੇ ਪਿੰਡ ਆ ਗਏ। ਜਦੋਂ ਉਹ ਸਿਖ ਫ਼ੌਜ ਵਿਚ ਨੌਕਰ ਸਨ ਉਦੋਂ ਉਹ ਹਜ਼ਰੋਂ-ਹਰੀਪੁਰ ਹਜ਼ਾਰਾ (ਪਾਕਿਸਤਾਨ) ਵਿਚ ਰਹਿ ਰਹੇ ਗੁਰੂ ਬਾਲਕ ਸਿੰਘ. ਦੇ ਦਰਸ਼ਨਾਂ ਲਈ ਸੰਨ ੧੮੪੧ ਈ. ਵਿਚ ਗਏ।

ਉਹ ਭਜਨੀਕ ਮਹਾਂ ਪੁਰਸ਼ ਸਨ। ਉਹ ਸਿੱਖਾਂ ਵਿਚ ਫੈਲੀਆਂ ਕੁਰੀਤੀਆਂ ਤੇ ਬਹੁਤ ਸਾਰੀਆਂ ਫ਼ਜ਼ੂਲ ਰਸਮਾਂ ਨੂੰ ਦੂਰ ਕਰਨ ਦਾ ਪ੍ਰਚਾਰ ਕਰਦੇ ਸਨ। ਉਹਨਾਂ ਨੇ ੧੮੪੧ ਈ ਵਿਚ ਹੀ ਸਤਿਗੁਰੂ ਰਾਮ ਸਿੰਘ ਨੂੰ ਗੁਰਗੱਦੀ ਸੌਂਪੀ।

ਗੁਰੂ ਰਾਮ ਸਿੰਘ ਸ੍ਰ: ਜੱਸਾ ਸਿੰਘ ਰਾਮਗੜੀਆ ਦੇ ਸਪੁਤਰ ਸਨ। ਉਹਨਾਂ ਦੇ ਮਾਤਾ ਬੀਬੀ ਸਦਾ ਕੌਰ ਧਾਰਮਕ ਵਿਚਾਰਾਂ ਦੇ ਮਾਲਕ ਸਨ। ਬਚਪਨ ਵਿਚ ਹੀ ਉਨ੍ਹਾਂ ਨੂੰ ਪਿਤਾ ਤੇ ਮਾਤਾ ਨੇ ਸਿੱਖ ਇਤਿਹਾਸ, ਗੁਰਬਾਣੀ ਤੇ ਦੇਸ਼ ਦੇ ਇਤਿਹਾਸ ਦੀ ਭਰਪੂਰ ਵਾਕਫ਼ੀ ਦਿੱਤੀ। ਉਸ ਵੇਲੇ ਦੇ ਰਿਵਾਜ ਅਨੁਸਾਰ ਉਹਨਾਂ ਦੀ ਸ਼ਾਦੀ ਕੇਵਲ ਸਤ ਸਾਲ ਦੀ ਉਮਰ ਵਿਚ ਪਿੰਡ ਧਰੇੜਾਂ ਦੇ ਸਾਹਬੂ ਦੀ ਸਪੁਤਰੀ ਬੀਬੀ ਜਸਾਂ ਨਾਲ ਹੋ ਗਈ।

ਬਚਪਨ ਵਿਚ ਘਰੋਂ ਤੇ ਧਰਮਸਾਲਾ ਤੋਂ ਮਿਲੀ ਸਿਖਿਆ ਅਨੁਸਾਰ ਆਪ ਖੇਡ ਕੁਦ ਨਾਲੋਂ ਭਜਨ ਬੰਦਗੀ ਵਲ ਵਧੇਰੇ ਸਮਾਂ ਦੇਂਦੇ ਸਨ. ਤੇ ਪਿਤਾ ਜੀ ਦਾ ਖੇਤੀਬਾੜੀ ਤੇ ਤਰਖਾਣੇ ਕੰਮ ਵਿਚ ਹਥ ਵਟਾਇਆ ਕਰਦੇ ਸਨ।

ਫ਼ੌਜ ਵਿਚੋਂ ਵਾਪਸ ਆ ਕੇ ਉਹਨਾਂ ਨੇ ਪਿੰਡ ਵਿਚ ਆਪਣੇ ਘਰ ਨੂੰ ਭਜਨ ਬੰਦਗੀ ਦਾ ਕੇਂਦਰ ਬਣਾਇਆ ਅਤੇ ਕਿਰਤ ਕਰਨ ਲਈ ਖੇਤੀਬਾੜੀ, ਲੌਹਾਰਾ, ਤਰਖਾਣਾ ਕੰਮ ਤੇ ਦੁਕਾਨਦਾਰੀ ਕੀਤੀ। ਮਗਰੋਂ ਉਨ੍ਹਾਂ ਠੇਕੇਦਾਰੀ ਦਾ ਕਿੱਤਾ ਚੁਣਿਆ ਤੇ ਕਈ ਇਮਾਰਤਾਂ

Namdhari Elibrary NamdhariElibrary@gmail.com

ਦੇ ਠੇਕੇ ਲਏ। ਅੰਤ ਉਨ੍ਹਾਂ ਇਨ੍ਹਾਂ ਕੰਮਾਂ ਨੂੰ ਅਲਵਿਦਾ ਕਹੀ ਤੇ ਨਿਰੋਲ ਸਤਿਸੰਗ, ਭਜਨ ਬੰਦਗੀ ਤੇ ਕੀਰਤਨ ਦਰਬਾਰ ਲਗਦੇ ਰਹਿੰਦੇ। ਇਸ ਸਮੇਂ ਤੀਕ ਆਪ ਦੀ ਕੀਰਤੀ ਚੁਕੁੰਟੀ ਫੈਲ ਚੁਕੀ ਸੀ।

ਆਪ ਦੇ ਦਿਲ ਵਿਚ ਮੁਢ ਤੋਂ ਹੀ ਅੰਗਰੇਜ਼ਾਂ ਪ੍ਰਤੀ ਨਫਰਤ ਸੀ ਜਿਨਾਂ ਨੇ ਧੋਖੇ ਫਰੇਬ ਤੇ ਦੰਭ ਤੇ ਚਲਾਕੀ ਨਾਲ ਹੌਲੀ ਹੌਲੀ ਸਾਰਾ ਭਾਰਤ ਹੀ ਆਪਣੇ ਕਬਜ਼ੇ ਵਿਚ ਕਰ ਲਿਆ ਸੀ, ਤੇ ਅੰਤ ਉਹੀ ਹਥਿਆਰ ਵਰਤ ਕੇ ਉਨ੍ਹਾਂ ਪੰਜਾਬੀਆਂ ਦੀ ਸਰਬ ਸਾਂਝੀ ਹਕੂਮਤ ਖਾਲਸਾ ਰਾਜ ਵੀ ਹੜਪ ਕਰ ਲਈ ਸੀ।

ਉਸ ਸਮੇਂ ਸਿਖ ਭਰਮਾਂ ਵਹਿਮਾਂ ਤੇ ਹਾਨੀਕਾਰਕ ਰਸਮਾਂ ਰਿਵਾਜਾਂ ਵਿਚ ਬੁਰੀ ਤਰ੍ਹਾਂ ਫਸ ਚੁਕੇ ਸਨ। ਉਨੀਂ ਦਿਨੀਂ ਬਚਪਨ ਵਿਚ ਹੀ ਕੁੜੀਆਂ ਮਾਰਣ ਜਾਂ ਵੇਚਣ, ਤੇ ਵੱਟੇ ਸੱਟੇ ਦੇ ਵਿਆਹਾਂ ਦਾ ਰਿਵਾਜ ਸੀ। ਬਾਲ ਉਮਰਾਂ ਵਿਚ ਹੀ ਬੱਚੇ ਬੱਚੀ ਦੀ ਸ਼ਾਦੀ ਕਰ ਦਿੱਤੀ ਜਾਂਦੀ ਸੀ। ਲੋਕਾਂ ਵਿਚ ਛੂਤ ਛਾਤ ਬੜੀ ਆਮ ਸੀ। ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲੇ ਜਾਣ ਕਰਕੇ, ਫਰੰਗੀ ਹਕੂਮਤ ਦੇ ਅਫ਼ਸਰਾਂ ਨੂੰ ਖੁਸ਼ਾਮਦੀ ਟੋਡੀ ਤੇ ਗ਼ਦਾਰ ਲੋਕ ਘੇਰੀ ਰਖਦੇ ਸਨ। ਪੰਜਾਬੀਆਂ ਵਿਚ ਆਪਣਾ ਰਾਜ ਖੋਹੇ ਜਾਣ ਮਗਰੋਂ ਇਕ ਮੁਰਦਨੀ ਜਿਹੀ ਛਾ ਗਈ ਸੀ। ਉਹ ਆਪਣੇ ਆਪ ਨੂੰ ਬਿਲਕੁਲ ਬੇਬਸ ਤੇ ਲਾਚਾਰ ਸਮਝਦੇ ਸਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰਖ ਕੇ ਸਤਿਗੁਰੂ ਰਾਮ ਸਿੰਘ ਨੇ ਸਮੁਚੇ ਪੰਜਾਬੀਆਂ ਤੇ ਖਾਸ ਕਰ ਸਿੱਖਾਂ ਵਿਚ ਉਹੀ ਸਪਿਰਟ ਭਰਨ ਦਾ ਫੈਸਲਾ ਕੀਤਾ, ਜੋ ਇਕੇਰਾਂ ਅਨੰਦ ਪੁਰ ਦੇ ਵਾਸੀ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਭਰੀ ਸੀ। ਇਸ ਕਾਰਜ ਲਈ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ ਤੇ ਚਲਦਿਆਂ ਹੋਇਆਂ ਵਸਾਖੀ ਵਾਲਾ ਸ਼ੁਭ ਦਿਨ ਹੀ ਚੁਣਿਆ ਜਿਸ ਦਿਨ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਸੋ ਸੰਨ ੧੮੫੭ ਨੂੰ ਵਸਾਖੀ ਵਾਲੇ ਦਿਨ ਭੈਣੀ ਸਾਹਿਬ ਵਿਖੇ ਦੀਵਾਨ ਸਜਾ ਕੇ ਉਨ੍ਹਾਂ "ਸੰਤ ਖਾਲਸਾ" ਦੀ ਸਥਾਪਨਾ ਕਰ ਦਿੱਤੀ ਤੇ ਆਈਆਂ ਸੰਗਤਾਂ ਨੂੰ ਆਪਣੇ ਇਨਕਲਾਬੀ ਵਿਚਾਰਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ:-

"ਦੇਸ਼ ਵਾਸੀਓ! ਕਮਜ਼ੋਰ ਤੇ ਮੁਰਦਾ ਦਿਲ ਭਾਰਤੀਆਂ ਨੂੰ ਹੁਣ ਬਲਵਾਨ ਆਤਮਾ ਦੇ ਨਾਲ ਬਲਵਾਨ ਸਰੀਰ ਦੀ ਵੀ ਲੋੜ ਹੈ। ਬਲਵਾਨ ਸਰੀਰ ਹੀ ਆਪਣੀ ਤੇ ਆਪਣੇ ਦੇਸ਼ ਵਾਸੀਆਂ ਦੀ ਰਖਿਆ ਕਰ ਸਕਦਾ ਹੈ। ਸਮਾਜ ਵਿਚੋਂ ਕੁਰੀਤੀਆਂ ਦੂਰ ਕਰਨੀਆਂ ਤੇ ਹਾਨੀਂ ਕਾਰਕ ਰਸਮਾਂ ਨੂੰ ਤਲਾਂਜਲੀ ਦੇਣੀ ਸਾਡਾ ਸਭ ਦਾ ਧਰਮ ਹੈ। ਇਸ ਦੇ ਨਾਲ ਹੀ ਅੰਗਰੇਜ਼ੀ ਹਕੂਮਤ ਦਾ ਮੁਕੰਮਲ ਬਾਈਕਾਟ ਕਰਨਾ ਜ਼ਰੂਰੀ ਹੈ। ਉਨ੍ਹਾਂ ਦੀਆਂ ਬਣਾਈਆਂ ਰੇਲ ਗੱਡੀਆਂ, ਸਕੂਲ ਕਾਲਜ ਤੇ ਡਾਕਖਾਨੇ ਆਦਿ ਦੀਆਂ ਸਹੂਲਤਾਂ ਉਨ੍ਹਾਂ ਨੂੰ ਮੁਬਾਰਕ। ਅਸੀਂ ਅੰਗਰੇਜ਼ਾਂ ਦੇ ਮੁਤਵਾਜ਼ੀ ਆਪਣੀ ਹਕੂਮਤ ਕਾਇਮ ਕਰਨੀ ਹੈ। ਚਿੱਠੀ ਪੱਤਰ ਲਈ ਸਾਡਾ ਆਪਣਾ ਪਰਬੰਧ ਜ਼ਰੂਰੀ ਹੈ। ਤਾਂ ਜੋ ਸਾਡੀਆਂ ਚਿੱਠੀਆਂ ਹਕੂਮਤ ਹਥੀਂ ਸੈਂਸਰ ਤੋਂ ਬਚ ਸਕਣ। ਅੰਗਰੇਜ਼ਾਂ ਦੇ ਖੋਹਲੇ ਸਕੂਲਾਂ ਦੀ ਥਾਂ ਆਪਣੇ ਬੱਚਿਆਂ ਨੂੰ ਧਰਮਸਾਲਾਂ, ਮੰਦਰਾਂ ਤੇ ਮਸਜਦਾਂ ਵਿਚ ਵਿਦਿਆ ਹਾਸਲ ਕਰਨ ਲਈ ਘੱਲੋ।

ਇਸ ਉਪਦੇਸ਼ ਮਗਰੋਂ ਜਦ ਦੂਰੋਂ ਨੇੜਿਉਂ ਆਈਆਂ ਸੰਗਤਾਂ ਘਰੀਂ ਵਾਪਸ ਪਰਤ ਰਹੀਆਂ ਸਨ, ਤਾਂ ਉਨ੍ਹਾਂ ਦੇ ਚਿਹਰਿਆਂ ਤੇ ਜਲਾਲ ਸੀ। ਐਸਾ ਜਾਪਦਾ ਸੀ ਜਿਵੇਂ ਬਹਾਦਰ ਪੰਜਾਬੀ ਪੰਜਾਬ ਦਾ ਖੋਇਆ ਗੌਰਵ ਅੰਗਰੇਜ਼ਾਂ ਨੂੰ ਪੰਜਾਬੋ ਕਢ ਕੇ ਫਿਰ ਪ੍ਰਾਪਤ ਕਰਨਗੇ। ਸਚ ਮੁਚ ਉਨ੍ਹਾਂ ਦੀ ਸੌਂਣੀ ਪਣੇ ਅਣਖ ਨੂੰ ਆਪ ਨੇ ਮੁੜ ਵੰਗਾਰਿਆ ਸੀ।

ਭੈਣੀ ਸਾਹਿਬ ਹੁਣ ਭਜਨ ਬੰਦਗੀ ਨਾਲ ਹੀ ਰਾਜਸੀ ਸਰਗਰਮੀਆਂ ਦਾ ਕੇਂਦਰ ਵੀ ਬਣ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੋਂ ਜ਼ਬਰੀ ਇੰਗਲੈਂਡ ਲੈ ਜਾਏ ਗਏ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਪੈਦਾ ਕਰਨ ਦਾ ਯਤਨ ਕੀਤਾ। ਉਨ੍ਹਾਂ ਰੂਸ ਤੇ ਕਾਬਲ ਦੀਆਂ ਸਰਕਾਰਾਂ ਨਾਲ ਵੀ ਚਿੱਠੀ ਪੱਤਰ ਕੀਤਾ। ਇਨ੍ਹੀਂ ਦਿਨੀਂ ਹੀ ਕਾਬਲ ਤੋਂ ਦੋ ਰਾਜ ਕੁਮਾਰ ਖੁਫੀਆ ਤੌਰ ਤੇ ਭੇਸ ਬਦਲ ਕੇ ਭੈਣੀ ਸਾਹਿਬ ਪਹੁੰਚੇ ਤੇ ਆਪ ਜੀ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ।

੧੮੫੭ ਦੇ ਗਦਰੀ ਸੂਰਬੀਰ ਵੀ ਲੁਕਛਿਪ ਕੇ ਭੈਣੀ ਸਾਹਿਬ ਪਹੁੰਚ ਜਾਇਆ ਕਰਦੇ ਸਨ। ਇਹ ਸਾਰੀਆਂ ਗੱਲਾਂ ਅੰਗਰੇਜ਼ੀ ਹਕੂਮਤ ਤੀਕ ਪਹੁੰਚ ਰਹੀਆਂ ਸਨ ਜਿਸ ਕਾਰਣ ਹਕੂਮਤ ਬੜੀ ਪ੍ਰੇਸ਼ਾਨ ਸੀ ਪਰ ਉਸ ਪਾਸ ਕੋਈ ਪੱਕਾ ਸਬੂਤ ਨਹੀਂ ਸੀ ਜਿਸ ਕਾਰਣ ਉਹ ਭੈਣੀ ਸਾਹਿਬ ਦੇ ਮਹਾਂਪੁਰਸ਼ਾਂ ਨੂੰ ਹਥ ਪਾ ਸਕੇ।

ਅਰੰਭ ਤੋਂ ਹੀ ਵਿਆਹ ਸ਼ਾਦੀ ਦੀਆਂ ਬੇਲੋੜੀਆਂ ਰਸਮਾਂ ਦੀ ਸਤਿਗੁਰੂ ਜੀ ਡਟ ਕੇ ਵਿਰੋਧਤਾ ਕਰਦੇ ਸਨ, ਪਰ ੩-੪ ਜੂਨ ੧੮੬੩ ਨੂੰ ਉਨ੍ਹਾਂ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਇਨ੍ਹੀਂ ਦਿਨੀਂ ਉਹਨਾਂ ਨੇ ਪਿੰਡ ਖੋਟੇ ਜ਼ਿਲਾ ਫੀਰੋਜ਼ਪੁਰ ਵਿਚ ਇਕ ਦੀਵਾਨ ਲਗਾਇਆ, ਉਸ ਵਿਚ ਜਾਤ ਪਾਤ ਦੇ ਬੰਧਨ ਤੋੜ ਕੇ ਤੇ ਪੁਰਾਣੀਆਂ ਰੀਤਾਂ ਨੂੰ ਤਿਲਾਂਜਲੀ ਦੇ ਕੇ ਛੇ ਨੌਜਵਾਨ ਸਿੰਘਾਂ ਸਿੰਘਣੀਆਂ ਦੇ ਅਨੰਦ ਕਾਰਜ ਕਰਵਾਏ। ਇਹ ਬਿਲਕੁਲ ਸਾਧਾਰਨ ਅਨੰਦ ਕਾਰਜ ਵੇਖ ਪੁਰਾਣੇ ਰਸਮਾਂ ਰਿਵਾਜਾਂ ਵਿਚ ਫਸੇ ਲੋਕਾਂ ਦੇ ਪੇਟ ਵਿਚ ਸੂਲ ਪੈ ਗਿਆ। ਉਨ੍ਹਾਂ ਥਾਣੇ ਰਪੋਟ ਕਰ ਦਿੱਤੀ ਕਿ ਇਸ ਤਰ੍ਹਾਂ ਅਨੰਦ ਕਾਰਜ ਕਰਕੇ ਸਤਿਗੁਰੂ ਰਾਮ ਸਿੰਘ ਉਨ੍ਹਾਂ ਦੇ ਧਰਮ ਨੂੰ ਹਾਨੀ ਪੁਚਾ ਰਿਹਾ ਹੈ। ਬਸ ਫਿਰ ਕੀ ਸੀ ਹਕੂਮਤ ਨੇ ਆਪ ਜੀ ਨੂੰ ਭੈਣੀ ਸਾਹਿਬ ਵਿਖੇ ਨਜ਼ਰ ਬੰਦ ਕਰ ਦਿੱਤਾ ਤੇ ਉਨ੍ਹਾਂ ਦੇ ਪਰਚਾਰ ਤੇ ਪਾਬੰਦੀ ਲਗਾ ਦਿੱਤੀ। ਇਹ ਪਾਬੰਦੀ ਪੂਰੇ ਚਾਰ ਸਾਲ ਲਗੀ ਰਹੀ। ਇਨ੍ਹਾਂ ਚੌਹਾਂ ਸਾਲਾਂ ਵਿਚ ਅੰਗਰੇਜ਼ੀ ਸੂਹੀਆਂ ਨੇ ਭੈਣੀ ਸਾਹਿਬ ਨੂੰ ਘੇਰੀ ਰਖਿਆ। ਉਧਰ ਸਤਿਗੁਰੂ ਰਾਮ ਸਿੰਘ ਜੀ ਨੇ ਬੜੀ ਸਾਵਧਾਨੀ ਨਾਲ ਆਪਣਾ ਪ੍ਰਚਾਰ ਜਾਰੀ ਰਖਿਆ। ਉਨ੍ਹਾਂ ਸਾਰੇ ਪੰਜਾਬ ਵਿਚ ਆਪਣੇ ਪ੍ਰਚਾਰ ਕੇਂਦਰ ਕਾਇਮ ਕੀਤੇ। ਇਨ੍ਹਾਂ ਪ੍ਰਚਾਰ ਕੇਂਦਰਾਂ ਦੇ ਮੁਖੀਆਂ ਨੂੰ ਉਨ੍ਹਾਂ ਸੂਬੇ ਦਾ ਨਾਂ ਦਿੱਤਾ ਜੋ ਇਨ੍ਹਾਂ ਕੇਂਦਰਾਂ ਦੇ ਬਾਈ ਨਿਗਰਾਨ ਸਨ। ਜਿਨਾਂ ਦਾ ਆਪਣੇ ਢੰਗ ਨਾਲ ਕੇਂਦਰ ਭੈਣੀ ਸਾਹਿਬ ਨਾਲ ਸੰਪਰਕ ਕਾਇਮ ਸੀ।

ਸਤਿਗੁਰੂ ਜੀ ਨੇ ੧੮੬੭ ਈ. ਵਿਚ ਅਨੰਦਪੁਰ ਦੇ ਹੋਲੇ ਤੇ ਜਾਣ ਲਈ ਨਜ਼ਰਬੰਦੀ ਦੇ ਬੰਧਨਾਂ ਨੂੰ ਤੋੜਿਆਂ ਅਤੇ ਗੁਰਸਿੱਖੀ ਤੇ ਦੇਸ ਭਗਤੀ ਦੇ ਪ੍ਰਚਾਰ ਨੂੰ ਅਗੇ ਤੋਰਿਆ। ਹੁਣ ਭੈਣੀ ਸਾਹਿਬ ਆਣ ਜਾਣ ਵਾਲਿਆਂ ਤੇ ਕੋਈ ਪਾਬੰਦੀ ਨਹੀਂ ਸੀ। ਬਾਹਰੋਂ ਆਈਆਂ ਸੰਗਤਾਂ ਪ੍ਰਭੂ ਭਗਤੀ ਵਿਚ ਸਰਸਾਰ ਰਹਿੰਦੀਆਂ ਇਸ ਦੇ ਨਾਲ ਹਕੂਮਤ ਵਿਰੁਧ ਪ੍ਰਚਾਰ ਵੀ ਬੜੇ ਜ਼ੋਰਾਂ ਤੇ ਚਾਲੂ ਸੀ। ਸਤਿਗੁਰੂ ਜੀ ਨੇ ਕਸ਼ਮੀਰ ਦੀ ਡੋਗਰਾ ਹਕੂਮਤ ਨੂੰ ਮਸ਼ਵਰਾ ਦਿੱਤਾ, ਕਿ ਉਹ ਆਪਣੀ ਰਿਆਸਤ ਵਿਚ ਇਕ ਕੂਕਾ ਰਜਮੰਟ ਖੜੀ ਕਰੇ। ਰਿਆਸਤੀ ਸਰਕਾਰ ਨੇ ਉਨ੍ਹਾਂ ਦਾ ਸੁਝਾ ਮੰਨ ਲਿਆ ਤੇ ਸੰਨ ੧੮੬੯ ਵਿਚ ਉਹ ਰਜਮੰਟ ਖੜੀ ਕਰ ਦਿੱਤੀ ਜੋ ਕੁਝ ਸਾਲ ਮਗਰੋਂ ਅੰਗਰੇਜ਼ਾਂ ਦੇ ਡਰ ਕਾਰਣ ਤੋੜ ਦਿੱਤੀ ਗਈ। ਸੰਨ ੧੮੭੦ ਵਿਚ ਆਪ ਜੀ ਵਲੋਂ ਇਕ ਮਿਸ਼ਨ ਨੇਪਾਲ ਭੇਜਿਆ ਗਿਆ। ਇਹ ਇਸ ਲਈ, ਕਿ ਜਦੋਂ ਅੰਗਰੇਜ਼ਾਂ ਵਿਰੁਧ

Namdhari Elibrary NamdhariElibrary@gmail.com

ਜਹਾਦ ਖੜਾ ਕੀਤਾ ਜਾਵੇ ਉਦੋਂ ਕਾਬਲ, ਰੂਸ ਤੇ ਨੇਪਾਲ ਆਦਿ ਦੇਸ਼ਾਂ ਤੋਂ ਫ਼ੌਜੀ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ।

ਇਨ੍ਹੀਂ ਦਿਨੀਂ ਸੁਆਮੀ ਰਾਮ ਦਾਸ ਨਾਂ ਦਾ ਦੇਸ਼ ਭਗਤ ਖੁਫੀਆ ਤੌਰ ਤੇ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੂੰ ਆ ਕੇ ਮਿਲਿਆ। ਕਾਫੀ ਦੇਰ ਇਨ੍ਹਾਂ ਦੋਹਾਂ ਦੇਸ਼ ਭਗਤਾਂ ਦਾ ਦੇਸ਼ ਦੀ ਮੌਜੂਦਾ ਹਾਲਾਤ ਬਾਰੇ ਵਿਚਾਰ ਵਟਾਂਦਰਾ ਹੁੰਦਾ ਰਿਹਾ। ਸਵਾਮੀ ਜੀ ਨੇ ਗੁਰੂ ਜੀ ਨੂੰ ਆਪਣੇ ਮਿਸ਼ਨ ਵਿਚ ਪੂਰੀ ਤਰ੍ਹਾਂ ਜੁਝਣ ਦਾ ਸੁਝਾ ਦਿੱਤਾ ਤੇ ਨਾਲ ਹੀ ਦਸਿਆ, ਕਿ ਉਹ ਆਪ ਇਸੇ ਕਾਰਜ ਲਈ ਰੂਸ ਜਾ ਰਿਹਾ ਹੈ, ਉਥੋਂ ਦੀ ਸਰਕਾਰ ਨਾਲ ਸੰਪਰਕ ਪੈਦਾ ਕਰਕੇ ਅੰਗਰੇਜ਼ਾਂ ਨੂੰ ਸਦਾ ਲਈ ਭਾਰਤ ਚੋਂ ਕਢ ਦੇਣ ਲਈ ਆਖਰੀ ਲੜਾਈ ਲੜੀ ਜਾਵੇਗੀ। ਗੁਰੂ ਜੀ ਨੇ ਸਵਾਮੀ ਜੀ ਨੂੰ ਆਪਣੇ ਮਿਸ਼ਨ ਵਿਚ ਸਫਲ ਹੋਣ ਲਈ ਅਸ਼ੀਰਵਾਦ ਦਿੱਤੀ। ਇਸ ਪਿਛੋਂ ਸਵਾਮੀ ਜੀ ਉਥੋ ਅਲੋਪ ਹੋ ਗਏ।

ਇਸ ਲਹਿਰ ਵਿਚ ਹਿੰਦੂ ਸਿੱਖ ਮੁਸਲਮਾਨ ਸਭ ਫਿਰਕਿਆਂ ਦੇ ਲੋਕ ਸ਼ਾਮਲ ਹੋ ਸਕਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਬੜੇ ਉਤਮ ਅਸੂਲ ਅਪਨਾਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਅਸੂਲਾਂ ਅਨੁਸਾਰ "ਇਕ ਰਬ ਨੂੰ ਮੰਨਣਾ ਕਿਸੇ ਫਿਰਕੇ ਵਿਚ ਭਿੰਨ ਭੇਦ ਨਹੀਂ ਸਮਝਣਾ, ਬੁਤ ਪੂਜਾ ਦੀ ਮਨਾਹੀ। ਝੂਠ ਬੋਲਣਾ, ਚੋਰੀ ਕਰਨੀ, ਪਰਾਈ ਇਸਤਰੀ ਵਲ ਬੁਰੀ ਨਜ਼ਰ ਨਾਲ ਵੇਖਣਾ ਮਹਾਂ ਪਾਪ ਹੈ। ਧੀਆਂ ਵੇਂਚਣੀਆਂ ਤੇ ਨਸ਼ਿਆਂ ਦਾ ਸੇਵਨ ਕਰਨ ਤੋ ਉਨ੍ਹਾਂ ਨੇ ਮਨ੍ਹਾ ਕੀਤਾ। ਉਨ੍ਹਾਂ ਕਿਹਾ, "ਦਾਨ ਤੇ ਗੁਜ਼ਾਰਾ ਕਰਨਾ ਬਿਲਕੁਲ ਅਯੋਗ ਹੈ, 'ਕਿਰਤ ਕਮਾਈ ਕਰੋ ਤੇ ਵੰਡ ਕੇ ਛਕੋ। ਸਵੇਰੇ ਪਹਿਰ ਰਾਤ ਰਹਿੰਦੀ ਉਠੋ। ਇਸ਼ਨਾਨ ਕਰੋ, ਤੇ ਪ੍ਰਭੂ ਭਗਤੀ ਵਿਚ ਮਗਨ ਹੋ ਜਾਉ।' ਇਨ੍ਹਾਂ ਉਤਮ ਨਿਯਮਾਂ ਤੇ ਚਲਣ ਲਈ ਸਤਿਗੁਰੂ ਰਾਮ ਸਿੰਘ ਨੇ ਆਪਣਾ ਪੂਰਾ ਜ਼ੋਰ ਲਗਾਇਆ ਤੇ ਅੰਤ ਉਹ ਆਪਣੇ ਮੰਤਵ ਵਿਚ ਸਫਲ ਹੋ ਕੇ ਰਹੇ।

ਇਸ ਲਹਿਰ ਵਿਚ ਹਿੰਦੂ ਸਿੱਖ ਮੁਸਲਮਾਨ ਸਭ ਫਿਰਕਿਆਂ ਦੇ ਲੋਕ ਸ਼ਾਮਲ ਹੋ ਸਕਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਬੜੇ ਉਤਮ ਅਸੂਲ ਅਪਨਾਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਅਸੂਲਾਂ ਅਨੁਸਾਰ "ਇਕ ਰਬ ਨੂੰ ਮੰਨਣਾ ਕਿਸੇ ਫਿਰਕੇ ਵਿਚ ਭਿੰਨ ਭੇਦ ਨਹੀਂ ਸਮਝਣਾ, ਬੁਤ ਪੂਜਾ ਦੀ ਮਨਾਹੀ। ਝੂਠ ਬੋਲਣਾ, ਚੋਰੀ ਕਰਨੀ, ਪਰਾਈ ਇਸਤਰੀ ਵਲ ਬੁਰੀ ਨਜ਼ਰ ਨਾਲ ਵੇਖਣਾ ਮਹਾਂ ਪਾਪ ਹੈ।

ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਹਥਿਆਣ ਮਗਰੋਂ ਗਊ ਕਸ਼ੀ ਨੂੰ ਖੂਬ ਸ਼ਹਿ ਦਿੱਤੀ। ਹਿੰਦੂ ਸਿੱਖ, ਗਊ ਦਾ ਬੜਾ ਸਤਿਕਾਰ ਕਰਦੇ ਸਨ, ਤੇ ਗਊ ਰਖਿਆ ਦੇ ਕਟੜ ਹਾਮੀ ਸਨ ਪਰ ਅਗਰੇਜ਼ਾਂ ਨੇ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਨੇੜੇ ਹੀ ਗਊ ਕਸ਼ੀ ਲਈ ਬੁਚੜਖਾਨੇ ਖੁਲਾ ਦਿੱਤੇ ਸਨ, ਜੋ ਹਿੰਦੂ ਸਿੱਖਾਂ ਨੂੰ ਬੁਰੀ ਤਰ੍ਹਾਂ ਰੜਕਦੇ ਸਨ। ਇਨ੍ਹੀ ਦਿਨੀ ਕੁਝ ਨਾਮਧਾਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਮਗਰੋਂ ਸਮਝ ਸਕੇ ਕਿ ਬੁਚੜ ਲੋਕ ਖੁਲੀ ਡੁਲੀ ਗਊ ਹਤਿਆ ਕਰਦੇ ਹਨ। ਬਜ਼ਾਰਾਂ ਵਿਚ ਹੋਕਾ ਦੇ ਕੇ ਗਊ ਮਾਸ ਵੇਚਦੇ ਹਨ ਤੇ ਇਥੋਂ ਦੇ ਹਿੰਦੂਆਂ ਦੇ ਧਾਰਮਕ ਜਜ਼ਬਿਆਂ ਨਾਲ ਖੇਡਦੇ ਹਨ। ਨਾਮਧਾਰੀ ਗਊ ਰਖਯਕ ਸਨ। ਉਨ੍ਹਾਂ ਨੇ ਇੱਕ ਰਾਤੀਂ ਬੁਚੜਾਂ ਨਾਲ ਦੋ ਦੋ ਹੱਥ ਕੀਤੇ ਗਊਆਂ ਦੇ ਰੱਸੇ ਵੱਢੇ ਤੇ ਆਪ ਪੱਤਰਾ ਵਾਚ ਗਏ।

ਇਸ ਸਬੰਧ ਵਿਚ ਅੰਮ੍ਰਿਤਸਰ ਦੇ ਕਈ ਹਿੰਦੂ ਫੜੇ ਗਏ। ਜਦੋਂ ਇਸ ਗੱਲ ਦਾ ਸਤਿਗੁਰੂ ਜੀ ਨੂੰ ਪਤਾ ਲਗਾ, ਤਾਂ ਆਪ ਜੀ ਨੇ ਉਨ੍ਹਾਂ ਨਾਮਧਾਰੀਆਂ ਨੂੰ ਹੁਕਮ ਦਿੱਤਾ, ਕਿ ਉਹ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦੇਣ। ਨਾਮਧਾਰੀਆਂ ਨੇ ਸਤਿਗੁਰੂ ਜੀ ਦੇ ਹੁਕਮ ਤੇ ਫੁਲ ਚੜ੍ਹਾਂਦਿਆਂ ਹੋਇਆਂ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਬੁਚੜਾਂ ਦੇ ਕਤਲ ਦਾ ਇਕਬਾਲ ਕਰ ਲਿਆ। ਸੋ ਬੁੱਚੜਾਂ ਦੇ ਕਤਲ ਦੇ ਸਬੰਧ ਵਿਚ ਗਰਿਫਤਾਰ ਕੀਤੇ ਲੋਕ ਰਿਹਾ ਕਰ ਦਿੱਤੇ ਗਏ। ਨਾਮਧਾਰੀਆਂ ਵਿਰੁਧ ਮੁਕਦਮਾ ਚਲਿਆ ਤੇ ਉਹ ੧੫ ਸਤੰਬਰ ੧੮੭੧ ਵਿਚ ਅੰਮ੍ਰਿਤਸਰ ਵਿਚ ਹੀ ਫਾਂਸੀ ਚੜ ਗਏ। ਇਸੇ ਤਰ੍ਹਾਂ ਦਾ ਵਾਕਿਆ ਰਾਏਕੋਟ ਵੀ ਹੋਇਆ। ਉਥੇ ਤੇ ਲੁਧਿਆਣੇ ਕਈ ਨਾਮਧਾਰੀ ਸਿੱਖਾਂ ਨੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆਂ। ਇਨ੍ਹਾਂ ਫਾਂਸੀਆਂ ਨਾਲ ਲੋਕੀਂ ਹੋਰ ਵੀ ਭੜਕ ਉਠੇ ਤੇ ਉਹ ਆਪਣੇ ਸ਼ਹੀਦਾਂ ਦਾ ਬਦਲਾ ਲੈਣ ਲਈ ਤਿਆਰ ਹੋ ਗਏ।

ਜਨਵਰੀ ੧੮੭੨ ਈ: ਦੇ ਮਾਘੀ ਦੇ ਮੇਲੇ ਪੁਰ ਭੈਣੀ ਸਾਹਿਬ ਵਿਚ ਇਕ ਬੜਾ ਭਾਰੀ ਦੀਵਾਨ ਸਜਿਆ। ਉਥੇ ਇਕ ਨਾਮਧਾਰੀ ਸਿੰਘ ਗੁਰਮੁਖ ਸਿੰਘ ਨੰਬਰਦਾਰ ਫਰਵਾਹੀ ਨੇ ਦੱਸਿਆ ਕਿ ਉਸਨੇ ਇਕ ਮੁਸਲਮਾਨ ਨੂੰ ਮਾੜੇ ਬਲਦ ਉਤੇ ਭਾਰ ਨਾਲ ਆਪ ਬਹਿਣ ਤੇ ਰੋਕਿਆ ਤਾਂ ਮਾਮਲਾ ਮਲੇਰਕੋਟਲੇ ਦੇ ਕੋਤਵਾਲ ਕੋਲ ਗਿਆ। ਉਹਦੇ ਹੁਕਮ ਨਾਲ ਸਿੱਖ ਦੇ ਸਾਹਮਣੇ ਬਲਦ ਕਤਲ ਕੀਤਾ ਗਿਆ। ਉਸਦੀ ਦਰਦ ਭਿੰਨੀ ਆਵਾਜ਼ ਵਿਚ ਵਾਰਤਾ ਸੁਣ ਕੇ ਕਈ ਸਿੱਖ ਇਕ ਦਮ ਭੜਕ ਉਠੇ, ਉਹ ਉਸੇ ਵਕਤ ਇਸ ਬੇਇਜ਼ਤੀ ਦਾ ਬਦਲਾ ਲੈਣਾ ਚਾਹੁੰਦੇ ਸਨ। ਸੋ ੧੫੦ ਕੁ ਨਾਮਧਾਰੀ ਗੁਰਮਤਾ ਸੋਧ ਮਰਨ ਮਾਰਨ ਲਈ ਤਿਆਰ ਹੋ ਗਏ। ਉਹ ਮਲੇਰਕੋਟਲੇ ਤੇ ਹਮਲਾ ਕਰ ਕੇ ਉਥੋਂ ਦੇ ਖਜ਼ਾਨੇ ਅਤੇ ਹਥਿਆਰਾਂ ਨੂੰ ਕਾਬੂ ਕਰ, ਆਪਣੀ ਤਾਕਤ ਨੂੰ ਪਕਿਆਂ ਕਰ ਕੇ ਅੰਗਰੇਜ਼ਾਂ ਨਾਲ ਟੱਕਰ ਵੀ ਲੈਣਾ ਚਾਹੁੰਦੇ ਸਨ।

ਦੂਜੇ ਪਾਸੇ ਸਤਿਗੁਰੂ ਰਾਮ ਸਿੰਘ ਜੀ ਪੂਰੀ ਤਰ੍ਹਾਂ ਤਿਆਰ ਹੋ ਕੇ ਆਪਣੀ ਸਾਰੀ ਤਾਕਤ ਅੰਗਰੇਜ਼ਾਂ ਵਿਰੁਧ ਵਰਤਣਾ ਚਾਹੁੰਦੇ ਸਨ, ਸੋ ਉਨ੍ਹਾਂ ਨੇ ਨਾਮਧਾਰੀਆਂ ਨੂੰ ਰੋਕਣ ਦਾ ਯਤਨ ਕੀਤਾ। ਫਿਰ ਵੀ ਸਤਿਗੁਰੂ ਜੀ ਹਥੀਂ ਪ੍ਰਸਾਦ ਛਕ ਕੇ ਇਹ ਜਥਾ ਮਲੇਰਕੋਟਲੇ ਵਲ ਰਵਾਨਾ ਹੋ ਗਿਆ।

ਇਸ ਤਰ੍ਹਾਂ ੧੩ ਜਨਵਰੀ ਨੂੰ ਇਸ ਜਥੇ ਨੇ ਭੈਣੀ ਸਾਹਿਬ ਤੋ ਰਵਾਨਾ ਹੋ ਕੇ ਰਾਤ ਰੱਬੋਂ ਪਿੰਡ ਜਾ ਮਕਾਮ ਕੀਤਾ। ੧੪ ਜਨਵਰੀ ਦੀ ਸ਼ਾਮ ਨੂੰ ਜਥੇ ਨੇ ਮਲੋਟ ਦੇ ਕਿਲੇ ਤੇ ਹੱਲਾ ਬੋਲ ਦਿੱਤਾ। ਜਥੇ ਦਾ ਵਿਚਾਰ ਸੀ ਕਿ ਮਲੋਟ ਦੇ ਸਰਦਾਰਾਂ ਨੂੰ ਨਾਲ ਲੈ ਕੇ ਤੇ ਕਿਲ੍ਹੇ ਦਾ ਹਥਿਆਰ ਅਰ ਸਿਕਾ ਬਰੂਦ ਕਾਬੂ ਕਰ ਉਹ ਅਗੇ ਵਧਣਗੇ, ਪਰ ਸਰਦਾਰਾਂ ਨੇ ਉਨ੍ਹਾਂ ਦਾ ਸਾਥ ਦੇਣੋ ਇਨਕਾਰ ਕਰ ਦਿੱਤਾ।

ਇਸ ਜਥੇ ਦਾ ਆਗੂ ਸ੍ਰ: ਹੀਰਾ ਸਿੰਘ ਸਕਰੌਦੀ (ਪਟਿਆਲਾ) ਸੀ ਉਸ ਨੇ ਜਥੇ ਦੇ ਮੈਂਬਰਾਂ ਨੂੰ ਆਪਣੀ ਵਿਉਂਤ ਤੋਂ ਜਾਣੂ ਕਰਾਇਆ

Namdhari Elibrary NamdhariElibrary@gmail.com

ਤਾਂ ਜਥਾ ਕਿਲੇ ਤੇ ਇਕ ਦਮ ਟੁਟ ਪਿਆ। ਉਥੋਂ ਕੁਝ ਘੋੜੇ, ਕੁਝ ਹਥਿਆਰ ਕਾਬੂ ਕਰ ਕੇ ਜਥਾ ਅਗੇ ਵਧਿਆ। ਇਥੇ ਲੜਾਈ ਹੋਈ, ਇਸ ਵਿਚ ਦੋ ਨਾਮਧਾਰੀ ਤੇ ਦੋ ਮਲੌਟ ਵਾਸੀ ਮਾਰੇ ਗਏ। ੧੫ ਜਨਵਰੀ ਸਵੇਰੇ ਸਤ ਵਜੇ ਜਥਾ ਮਲੇਰਕੋਟਲੇ ਜਾ ਪੁਜਾ। ਜਥਾ ਬਿਨਾਂ ਰੁਕਾਵਟ ਦੇ ਚਿੜੀ ਮਾਰਾਂ ਦੇ ਮਹਲੇ ਤੀਕ ਜਾ ਪੁੱਜਾ। ਉਥੇ ਕਤਲ ਕਰਨ ਲਈ ਬੰਨ੍ਹੀਆਂ ਗਊਆਂ ਦੇ ਰੱਸੇ ਵੱਢੇ। ਸਿੰਘ ਕੋਤਵਾਲੀ ਵਲ ਗਏ ਉਥੇ ਸਿਪਾਹੀ ਆ ਗਏ ਤੇ ਡਟ ਕੇ ਲੜਾਈ ਹੋਈ।

ਇਸ ਲੜਾਈ ਵਿਚ ਸਤ ਨਾਮਧਾਰੀ ਮਾਰੇ ਗਏ ਤੇ ਇਨੇ ਕੁ ਹੀ ਰਿਆਸਤੀ ਫੌਜ ਦੇ ਸਿਪਾਹੀ ਤੇ ਕੋਤਵਾਲ ਮੌਤ ਦੇ ਘਾਟ ਉਤਰੇ। ਨਾਮਧਾਰੀ ਕੁਝ ਹਥਿਆਰ ਤੇ ਘੋੜੇ ਕਾਬੂ ਕਰ ਸ਼ਹਿਰੋਂ ਨਿਕਲ ਤੁਰੇ। ਉਹ ਆਪਣੇ ਜ਼ਖਮੀ ਵੀ ਚੁਕੀ ਜਾ ਰਹੇ ਸਨ।

ਜਥਾ ਰੜ ਪਿੰਡ ਦੇ ਬਾਹਰ ਟਿੱਬੇ ਤੇ ਆ ਬੈਠਾ। ਅਗਲੇ ਦਿਨ ਜਥੇ ਨੇ ਕਾਰਜ ਪੂਰਾ ਹੋਇਆ ਜਾਣ ਸ਼ੇਰ ਪੁਰ ਦੇ ਥਾਣੇ ਜਾ ਆਤਮਸਮਰਪਨ ਕੀਤਾ। ਏਥੇ ਪਟਿਆਲੇ ਦੇ ਨਾਜ਼ਮ ਨੇ ਉਹਨਾਂ ਨੂੰ ਉਮੇਰ ਗੜ੍ਹ ਦੇ ਕਿਲੇ ਵਿਚ ਕੈਦ ਕਰ ਲਿਆ ਅਤੇ ਲੁਧਿਆਣੇ ਦੇ ਡੀ. ਸੀ. ਨੂੰ ਦੱਸ ਦਿੱਤਾ। ਇਸ ਜਥੇ ਵਿਚ ਇਕ ਤੇਰਾਂ ਕੁ ਸਾਲ ਦਾ ਬੜਾ ਖੂਬਸੂਰਤ ਨਾਮਧਾਰੀ ਬੱਚਾ, ਦੋ ਬੀਬੀਆਂ ਅਤੇ ੬੫ ਦੇ ਲਗਭਗ ਨਾਮਧਾਰੀ ਮਰਦ ਸਨ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ੧੭ ਜਨਵਰੀ ੧੮੭੨ ਨੂੰ ਮਲੇਰਕੋਟਲੇ ਪਹੁੰਚ ਗਿਆ ਇਕ ਮੈਦਾਨ (ਜਮਾਲ ਪੁਰ ਦਾ ਰਕੜ) ਵਿਚ ੯ ਤੋਪਾਂ ਗੱਡ ਦਿੱਤੀਆਂ ਗਈਆਂ। ਦੋ ਤੋਪਾਂ ਇਹਤਿਆਤ ਵਾਸਤੇ ਰਖੀਆਂ ਅਤੇ ੭ ਤੋਪਾਂ ਬੀੜ ਹਰ ਤੋਪ ਅਗੇ ਇਕ ਇਕ ਨਾਮਧਾਰੀ ਸਿੱਖ ਸਤਿ ਸ੍ਰੀ ਅਕਾਲ ਦਾ ਨਾਹਰਾ ਮਾਰ ਕੇ ਉਡ ਜਾਂਦਾ। ਜਦ ਉਸ ੧੩ ਸਾਲ ਦੇ ਬਾਲ ਨਾਮਧਾਰੀ ਦੀ ਵਾਰੀ ਆਈ, ਤਾਂ ਡਿਪਟੀ ਕਮਿਸ਼ਨਰ ਨੂੰ ਉਸ ਦੀ ਮੇਮ ਦੇ ਕਹਿਣ ਉੱਤੇ ਉਸ ਪੁਰ ਤਰਸ ਆ ਗਿਆ। ਉਸ ਨੇ ਨਾਮਧਾਰੀ ਬੱਚੇ ਨੂੰ ਪਾਸ ਬੁਲਾ ਕੇ ਆਖਿਆ, "ਬੇਟੇ! ਤੂੰ ਇਨ੍ਹਾਂ ਬਾਗੀਆਂ ਦਾ ਸਾਥ ਛਡ ਦੇ, ਕਹਿ ਦੇ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਤਾਂ ਤੇਰੀ ਜਾਨ ਬਖਸ਼ੀ ਕਰ ਦਿਆਂਗਾ।"

ਉਹ ਬਾਲਕ ਕਾਵਨ ਦੀ ਇਹ ਗੱਲ ਨਾ ਸਹਾਰ ਸਕਿਆ ਤੇ ਉਛਲ ਕੇ ਉਸ ਦੀ ਦਾਹੜੀ ਫੜ੍ਹ ਲਈ। ਉਹ ਉਦੋਂ ਤੀਕ ਦਾਹੜੀ ਫੜ ਕੇ ਲਟਕਦਾ ਰਿਹਾ, ਜਦ ਤੀਕ ਉਸ ਦੇ ਹਥ ਨਾ ਵਢ ਦਿਤੇ ਗਏ। ਉਸ ਦਿਨ ੪੯ ਨਾਮਧਾਰੀ ਤੋਪਾਂ ਨਾਲ ਉਡਾਏ ਗਏ, ਤੇ ਬਾਕੀ ਦੇ ਸੋਲਾਂ ਦੂਜੇ ਦਿਨ ਤੋਪਾਂ ਨਾਲ ਉਡਾ ਦਿਤੇ ਗਏ।

ਅੰਗਰੇਜ਼ੀ ਹਕੂਮਤ ਇਸ ਝਗੜੇ ਨੂੰ "ਕੂਕਿਆਂ ਦੀ ਬਗਾਵਤ" ਦਾ ਨਾਂ ਦੇ ਕੇ ਸਾਰੀ ਸੰਸਥਾ ਨੂੰ ਕੁਚਲ ਦੇਣਾ ਚਾਹੁੰਦੀ ਸੀ। ਸੋ ਉਸ ਨੇ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਕਈ ਸੂਬਿਆਂ ਨੂੰ ਸੰਨ ੧੮੧੮ ਦੇ ਰੈਗੂਲੇਸ਼ਨ ਅਨੁਸਾਰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਪਹਿਲਾਂ ਅਲਾਹਬਾਦ ਤੇ ਫਿਰ ੧੯ ਮਾਰਚ ੧੮੭੨ ਈ. ਨੂੰ ਰੰਗੂਨ ਜਲਾਵਤਨ ਕਰ ਦਿਤਾ ਗਿਆ। ਨਾਮਧਾਰੀਆਂ ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ, ਤੇ ਉਨ੍ਹਾਂ ਦੀ ਪਿੰਡ ਪਿੰਡ ਨਿਗਰਾਨੀ ਹੋਣ ਲਗੀ। ਭੈਣੀ ਸਾਹਿਬ ਆਮ ਲੋਕਾਂ ਦਾ ਆਣਾ ਜਾਣਾ ਬੰਦ ਕਰ ਦਿੱਤਾ ਗਿਆ।

ਰੰਗੂਨ ਵਿਖੇ ਸਤਿਗੁਰੂ ਜੀ ਨੂੰ ਉਸ ਬੰਗਲੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ, ਜਿਥੇ ਸੰਨ ੧੮੫੭ ਦੇ ਗਦਰ ਮਗਰੋਂ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਕੈਦ ਰਖਿਆ ਗਿਆ ਸੀ। ਇਧਰ ਨਾਮਧਾਰੀਆਂ ਨੂੰ ਸਤਿਗੁਰਾਂ ਬਾਰੇ ਇਹ ਵੀ ਪਤਾ ਨਹੀਂ ਸੀ, ਕਿ ਉਹ ਦੇਸ ਵਿਚ ਹਨ, ਜਾਂ ਦੇਸੋਂ ਬਾਹਿਰ? ਪਰ ਹੌਲੀ ਹੌਲੀ ਉਨ੍ਹਾਂ ਨੂੰ ਉਨ੍ਹਾਂ ਦੇ ਰੰਗੂਨ ਵਾਸ ਦਾ ਪਤਾ ਚਲ ਗਿਆ। ਅੰਗਰੇਜ਼ੀ ਹਕੂਮਤ ਦੀ ਸਖਤ ਨਿਗਰਾਨੀ ਦੇ ਬਾਵਜੂਦ ਕੁਝ ਨਾਮਧਾਰੀ ਸੈਂਕੜੇ ਮੁਸ਼ਕਲਾਂ ਝਾਗ ਕੇ ਬਰਮਾ ਪੁੱਜੇ। ਸੋ ਇਸ ਤਰ੍ਹਾਂ ਖੁਫੀਆ ਤੌਰ ਤੇ ਸਤਿਗੁਰੂ ਜੀ ਦਾ ਪੰਜਾਬ ਦੇ ਨਾਮਧਾਰੀਆਂ ਤੇ ਦੇਸ਼ ਭਗਤਾਂ ਨਾਲ ਸੰਪਰਕ ਕਾਇਮ ਹੋ ਗਿਆ। ਚਿੱਠੀ ਪੱਤਰ ਵੀ ਜਾਰੀ ਰਿਹਾ।

ਸਰਕਾਰ ਨੂੰ ਜਦੋਂ ਇਸ ਗੱਲ ਦੀ ਸੂਹ ਮਿਲੀ ਤਾਂ ਉਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ੧੮ ਸਤੰਬਰ ੧੮੮੦ ਵਿਚ ਤਬਦੀਲ ਕਰ ਦਿੱਤਾ। ਫਿਰ ਵੀ ਰੂਸ ਤੇ ਨੈਪਾਲ ਆਦਿ ਮੁਲਕਾਂ ਨਾਲ ਨਾਮਧਾਰੀ ਨੇਤਾਵਾਂ ਦੀ ਗਲਬਾਤ ਦੀ ਖਬਰ ਆਪ ਨੂੰ ਬਾਕਾਇਦਾ ਪਹੁੰਚਦੀ ਰਹੀ।

ਸਤਿਗੁਰੂ ਰਾਮ ਸਿੰਘ ਜੀ ਮਹਾਨ ਦੇਸ਼ ਭਗਤ ਸਨ। ਜੰਗੇ ਅਜ਼ਾਦੀ ਵਿਚ ਉਨ੍ਹਾਂ ਦੀ ਦੇਣ ਵੀ ਮਹਾਨ ਹੈ। ਅਜ ਸਾਰਾ ਭਾਰਤ ਗੁਰੂ ਜੀ ਤੇ ਉਨ੍ਹਾਂ ਦੇ ਬਹਾਦਰ ਦੇਸ਼ ਭਗਤ ਨਾਮਧਾਰੀਆਂ ਨੂੰ ਬੜੇ ਮਾਣ ਤੇ ਸਤਿਕਾਰ ਨਾਲ ਵੇਖਦਾ ਹੈ।

ਹੁਣ ਵੀ ਨਾਮਧਾਰੀਆਂ ਦਾ ਮੁਖ ਕੇਂਦਰ ਭੈਣੀ ਸਾਹਿਬ ਵਿਖੇ ਹੀ ਹੈ, ਤੇ ਉਹਨਾਂ ਦੇ ਉਤਰ ਅਧਿਕਾਰੀ, ਮੌਜੂਦਾ ਗਦੀ ਨਸ਼ੀਨ, ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨਿਵਾਸ ਰਖਦੇ ਹਨ। ਅਜ ਵੀ ਸਾਰਾ ਨਾਮਧਾਰੀ ਜਗਤ, ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਬੜੀ ਦ੍ਰਿੜਤਾ ਨਾਲ ਚਲ ਰਿਹਾ ਹੈ।

■

ਭਜਨ ਬੰਦਗੀ

ਖੇਤੀ ਕਰਨ ਸਮੇਂ ਆਪ ਨੇ ਭਜਨ ਬੰਦਗੀ ਵਲ ਵੀ ਬਹੁਤ ਧਿਆਨ ਦਿੱਤਾ। ਹੱਥ ਕਾਰ ਵਲ ਦਿਲ ਯਾਰ ਵਲ ਵਾਲੀ ਅਖਾਣ ਸੱਚ ਕਰ ਵਿਖਾਈ। ਖੇਤੀ ਦੇ ਕੰਮ ਤੋਂ ਵਿਹਲੇ ਹੋ ਕੇ ਬਾਕੀ ਦੇ ਸਮੇਂ ਭਜਨ ਕਰਨਾ। ਨੀਂਦ ਬਹੁਤ ਥੋੜ੍ਹੀ ਕਰ ਦਿਤੀ ਅਤੇ ਇਸ ਤੇ ਕਾਬੂ ਪਾ ਲਿਆ। ਕਿਸੇ ਦੀ ਪੈਲੀ ਦਾ ਇਕ ਸਿੱਟਾ, ਜਾਂ ਇਕ ਪੱਤਾ ਭੀ ਆਪਣੇ ਘਰ ਨਹੀਂ ਆਉਣ ਦਿੰਦੇ ਸਨ। ਇਕ ਦਿਨ ਆਪ ਦੀ ਬੀਬੀ ਚੜ੍ਹਤ ਸਿੰਘ ਦੇ ਖੇਤ ਵਿਚੋਂ ਸਾਗ ਤੋੜ ਲਿਆਈ ਉਹ ਮੁੜਵਾ ਦਿਤਾ। ਤਾਏ ਦਾ ਪੁਤ ਭਰਾ ਕਿਸੇ ਦੇ ਖੇਤ ਵਿਚੋਂ ਸਿਟੇ ਤੋੜ ਲਿਆਇਆ। ਉਸੀ ਵਕਤ ਸਿਟੇ ਮੁੜਵਾ ਦਿਤਾ।

–ਨਾਮਧਾਰੀ ਇਤਿਹਾਸ ਸ: ਨਾਹਰ ਸਿੰਘ

Namdhari Elibrary NamdhariElibrary@gmail.com



■ ਪੰਥ ਰਤਨ ਮਾਸਟਰ ਨਿਹਾਲ ਸਿੰਘ

ਸਿੱਖ ਤੇ ਸਿੱਖੀ

ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ ਕਰਨਾ।
ਗੁਰੂ ਜੀ ਦਾ ਇਹ ਫਾਰਮੂਲਾ ਇਕ ਲਾ ਜਵਾਬ ਨੁਸਖਾ ਹੈ।
ਇਸ ਨੂੰ ਅਮਲ ਵਿਚ ਲਿਆਉਣਾ ਸੰਸਾਰ ਦੇ ਸਭ ਰੋਗਾਂ,
ਆਧੀ ਬਿਆਧੀ ਤੇ ਉਪਾਧੀ ਤੋਂ ਛੁਟਕਾਰਾ ਮਿਲਦਾ ਹੈ।
ਪ੍ਰਾਣੀ ਹੌਲਾ ਫੂਲ ਹੋ ਸਾਥ ਦਾ ਮੋਹਰੀ ਰਹਿੰਦਾ ਹੈ।

ਸਿੱਖੀ ਉਹ ਨਿਰਮਲ ਜਲ ਦਾ ਸ੍ਰੋਤ ਹੈ, ਜਿਸ ਦਾ ਪਵਿੱਤਰ ਜਲ ਸੁੱਕੇ ਸੜੇ ਬਾਗਾਂ ਨੂੰ ਗੁਲਜ਼ਾਰਾਂ ਵਿਚ ਬਦਲਦਿਆ ਵਿਛੜੇ ਮਾਹੀ ਦੇ ਗਲ ਨਾਲ ਜਾ ਗਲਵਕੜੀ ਪਾਂਦਾ ਹੈ। ਇਹ ਉਹ ਬ੍ਰਿਛ ਹੈ, ਜਿਹੜਾ ਵੱਟੇ ਖਾ ਮਿੱਠੇ ਫਲ ਦੇਂਦਾ ਹੈ। ਇਹ ਚੰਦਨ ਰੁੱਖੜਾ ਹੈ, ਜਿਹੜਾ ਗਲ ਕੱਟੇ ਕੁਹਾੜੇ ਨੂੰ ਸੁਗੰਧਿਤ ਕਰਦਾ ਅਤੇ ਆਲੇ ਦੁਆਲੇ ਵਿਚ ਮਹਿਕਾਂ ਖਲਾਰਦਾ ਹੈ, ਇਹ ਉਹ ਮਸ਼ਾਲ ਹੈ, ਜਿਹੜੀ ਆਪ ਜਲਦੀ ਹੈ, ਪਰ ਗਲੀ ਗੁਆਂਢ ਨੂੰ ਪ੍ਰਕਾਸ਼ਮਾਨ ਕਰਦੀ ਹੈ। ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਤਾਹੀਏ ਤਾਂ ਗੁਰ ਸਿਖ ਦੇ ਪੈਰ ਧੋ ਧੋ ਪੀਂਦਾ ਹੈ। ਉਹ ਕਹਿੰਦੇ ਹਨ:-

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨ੍ਹਾਇ,
ਤੈਸਾ ਪੁੰਨ ਏਕ ਗੁਰਸਿੱਖ ਕਉ ਨਵਾਏ ਕਾ।
ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ
ਅਸੁਮੇਧ ਜਗ ਫਲ ਸਿਖ ਕਉ ਜਿਵਾਏ ਕਾ।
ਜੈਸ ਸਤ ਸੁੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ,
ਕਾਹੂ ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ।

ਗੁਰ ਸਿਖ ਨੂੰ ਹਰ ਪ੍ਰਾਣੀ ਵਿਚ ਇਲਾਹੀ ਨੂਰ ਦੇ ਝਲਕਾਰੇ ਪੈਂਦੇ ਹਨ। ਉਹ ਹਿੰਦੂ ਮੁਸਲਮਾਨ, ਈਸਾਈ ਮੂਸਾਈ ਆਦਿ ਵਿਚ ਅਰਸ਼ੀ ਜਲਵਾ ਤਕਦਾ ਹੈ, ਤੇ

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।।
ਮ: ੫, ਪੰਨਾ ੬੧੧-੧੨

ਗੁਰੂ ਕਾ ਲਾਲ ਥ੍ਰਿੰਦ, ਪ੍ਰਿੰਦ, ਦ੍ਰਿੰਦ ਅੰਦਰ ਓਸੇ ਜੋਤੀ ਦਾ ਪ੍ਰਕਾਸ ਦੇ ਝਲਕਾਰੇ ਤਕਦਾ ਹੈ।

• ਗੁਰੂ ਪ੍ਰੰਪਰਾ

ਸਿਖ ਦਾ ਬਾਪੂ ਮਹਾਂ ਨੂਰ ਦੇ ਮਾਨੁਖੀ ਰੂਪ ਸ੍ਰੀ ਗੁਰੂ ਨਾਨਕ ਹੈ, ਜਿਸਨੂੰ ਤ੍ਰੇਤੇ ਵਿਚ ਰਾਮ ਤੇ ਦੁਆਪਰ ਵਿਚ ਭਗਵਾਨ ਕ੍ਰਿਸ਼ਨ ਕਰਕੇ ਪੂਜਿਆਂ ਜਾਂਦਾ ਸੀ ਤੇ ਜਿਸ ਨੇ ਕਲਿਜੁਗੀ ਜੀਅ ਦੇ ਉਦਾਰ ਖਾਤਰ, ਅਰਸ਼ਾਂ ਤੋਂ ਉਤਰ ਫਰਸ਼ਾਂ ਤੇ ਆਇਆ ਸੀ। ਬਾਪੂ ਨੇ ਪੁਤਰਾਂ ਨੂੰ ਸੁਨਹਿਰੀ ਗੁਰ ਸਮਝਾਇਆ ਕਿ ਕਲਿਜੁਗ ਵਿਚ ਜੀਵਨ ਜੁਗਤੀ ਦਾ ਇਹ ਸੁਖਾਲਾ ਰਾਹ ਹੈ।

ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ ਕਰਨਾ। ਗੁਰੂ ਜੀ ਦਾ ਇਹ ਫਾਰਮੂਲਾ ਇਕ ਲਾ ਜਵਾਬ ਨੁਸਖਾ ਹੈ। ਇਸ ਨੂੰ ਅਮਲ ਵਿਚ ਲਿਆਉਣਾ ਸੰਸਾਰ ਦੇ ਸਭ ਰੋਗਾਂ, ਆਧੀ ਬਿਆਧੀ ਤੇ ਉਪਾਧੀ ਤੋਂ ਛੁਟਕਾਰਾ ਮਿਲਦਾ ਹੈ। ਪ੍ਰਾਣੀ ਹੌਲਾ ਫੂਲ ਹੋ ਸਾਥ ਦਾ ਮੋਹਰੀ ਰਹਿੰਦਾ ਹੈ।

• ਸਿਖੀ ਜੀਵਨ

ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਸਿਖ ਵਾਸਤੇ ਰੋਜ਼ ਦਾ ਕਾਰ-ਕ੍ਰਮ ਇਉਂ ਉਲੀਕਿਆ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।।
ਜੋ ਸਾਸਿ ਗਿਰਾਸ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ।।
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ,
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। -ਪੰਨਾ ੩੦੫

ਗੁਰ ਸਿਖ ਨੇ ਇਸ ਉਪਦੇਸ਼ ਅਗੇ ਸਿਰ ਝੁਕਾਇਆ ਤੇ ਕਿਹਾ ਸਤਿ ਬਚਨ। ਏਵੇ ਹੀ ਜੋ ਬਾਰਵੇਂ ਨਾਨਕ, ਸਤਿਗੁਰੂ ਰਾਮ ਸਿੰਘ ਜੀ ਸੰਗਤ ਪ੍ਰਤੀ ਹੁਕਮਨਾਮਾ ਜਾਰੀ ਕੀਤਾ:

Namdhari Elibrary NamdhariElibrary@gmail.com

ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨੇ ਹੋਇ ਆਉਣਾ। ਦੋ ਵਾਰੀ ਗੜਵਾ ਮਾਜਨਾ, ਮਦਾਨ ਬਸਤਰ ਲਾਹਿ ਕੇ ਜਾਨਾ, ਦਾਤਨ ਕਰਨੀ, ਫੇਰ ਇਸ਼ਨਾਨ ਕਰਨਾ, ਬਾਣੀ ਪੜਨੀ, ਜੇ ਕੰਠ ਨ ਹੋਵੇ ਤਾਂ ਕੰਠੇ ਕਰ ਲੈਣੀ ਸਰਬ ਮਾਈ ਬੀਬੀ ਨੇ - - - ਭਜਨ ਅਠੇ ਪਹਿਰ ਕਰਨਾ ਗੁਰੂ ਸੱਚੇ ਦਾ, ਹੋਰ ਪਰਾਈ ਧੀ ਭੈਣ ਆਪਣੀ ਜਾਨਣੀ, ਪਰਾਇਆ ਧਨ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ:

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਏ।।"

ਜੇ ਕੋਈ ਭਜਨ ਪੁਛ ਕੇ ਨ ਕਰੂਗਾ, ਉਸਦਾ ਮੂੰਹ ਦੂਹੀ ਜਹਾਨੀ ਕਾਲਾ ਹਊਗਾ।

ਸਿਖ ਨੇ ਇਸ ਹੁਕਮ ਅਗੇ ਵੀ ਸਿਰ ਨਵਾਇਆ ਤੇ ਗੜਵਾ ਫੜ ਅਮਲ ਕਰਨਾ ਅਰੰਭਿਆ ਤੇ ਕਾਰ ਵਿਹਾਰ ਕਰਦਿਆਂ ਗੁਰ ਚਰਨਾਂ ਨਾਲ ਜੁੜਿਆ ਰਹਿੰਦਾ ਹੈ।

ਗੁਰ ਸਿਖ ਦਾ ਅਹਾਰ ਨਾਮ ਹੈ। ਨਾਮ ਉਹ ਰਾਮ ਬਾਣ ਹੈ, ਜਿਹੜਾ ਕਦੇ ਖਾਲੀ ਨਹੀਂ ਜਾਂਦਾ ਤੇ ਗੁਰੂ ਸਿਖ ਦੀ ਹਰ ਸਮੇਂ ਇਸ ਸੰਸਾਰ ਤੇ ਅਗਲੇ ਸੰਸਾਰ ਵਿਚ ਵੀ ਸਹਾਇਤਾ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਉਦਾਹਰਣ ਦੇ ਕੇ ਚੰਗੀ ਤਰ੍ਹਾਂ ਸਮਝਾਇਆ ਹੈ:

ਐਸੋ ਸਹਾਈ ਹਰਿ ਕੋ ਨਾਮ।।
ਸਾਧ ਸੰਗਤਿ ਭਜੁ ਪੂਰਨ ਕਾਮ।। ਰਹਾਉ।।
ਬੂਡਤ ਕਉ ਜੈਸੇ ਬੇੜੀ ਮਿਲਤ।।
ਬੂਝਤ ਦੀਪਕ ਮਿਲਤ ਤਿਲਤ।।
ਜਲਤ ਅਗਨੀ ਮਿਲਤ ਨੀਰ।।
ਜੈਸੇ ਬਾਰਕ ਮੁਖਹਿ ਖੀਰ।।
ਜੈਸੇ ਰਣ ਮਹਿ ਸਖਾ ਭ੍ਰਾਤ।।
ਜੈਸੇ ਭੂਖੇ ਭੋਜਨ ਮਾਤ।।
ਜੈਸੇ ਕਿਰਖਹਿ ਬਰਸ ਮੇਘ।।
ਜੈਸੇ ਪਾਲਨਿ ਸਰਨਿ ਸੇਘ।।
ਗਰੜ ਮੁਖਿ ਨਹੀ ਸਰਪ ਤ੍ਰਾਸ।।
ਸੂਆ ਪਿੰਜਰਿ ਨਹੀ ਖਾਇ ਬਿਗਾਸੁ।।
ਜੈਸੋ ਆਂਡੋ ਹਿਰਦੇ ਮਾਹਿ।।
ਜੈਸੋ ਦਾਨੋ ਚਕੀ ਦਰਾਹਿ।।
ਬਹੁਤੁ ਓਪਮਾ ਥੋਰ ਕਹੀ।।
ਹਰਿ ਅਗਮ ਅਗਮ ਅਗਾਧਿ ਤੂਹੀ।। *-ਪੰਨਾ ੯੯੬-੯੭*

ਇਤਨੀ ਸ਼ਕਤੀ ਵਾਲੇ ਨਾਮ ਦੀ ਪ੍ਰਾਪਤੀ ਗੁਰੂ ਪਾਸੋਂ ਹੁੰਦੀ ਹੈ, ਤੇ ਗੁਰੂ-ਦੁਲਾਰਾ ਇਸ ਨਾਮ ਦਾ ਅਭਿਆਸ ਕਰਕੇ ਖੁਸ਼ੀਆਂ ਮਾਣਦਾ ਤੇ ਖੇੜਾ ਪਸਾਰਦਾ ਹੈ।

ਜਿਹੜੇ ਪ੍ਰਾਣੀ ਨਾਮ ਤੋਂ ਵਾਂਝੇ ਹੁੰਦੇ ਹਨ, ਉਨ੍ਹਾਂ ਬਦਨਸੀਬਾਂ ਨੂੰ ਗੁਰਬਾਣੀ ਨੇ ਫਿਟਕਾਰਾਂ ਪਾਈਆਂ ਹਨ:

ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।।
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹਿ ਤੁਲਿ ਖਲਹ।।
ਮ: ੫ ਪੰਨਾ ੧੩੫੯

ਇਹ ਗੁਰ ਮੰਤਰ ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। ਬਿਨਾ ਗੁਰੂ ਧਾਰੇ, ਨਾਮ ਜਪਿਆ, ਸਿਮਰਨ ਸੇਵਾ ਨਿਸਫਲ ਜਾਂਦੀ ਹੈ। ਜੇ ਗੁਰੂ ਦੀ ਮੁਹਰ ਲਗ ਜਾਵੇ ਤਾਂ ਦਮੜੀ ਦਾ ਕਾਗ਼ਜ਼ ਹਜ਼ਾਰਾਂ ਦਾ ਮੁਲ ਪਾਂਦਾ ਹੈ। ਦਇਆ, ਅਹਿੰਸਾ, ਖਿਮਾਂ ਸਿੱਖ ਦੇ ਗਹਿਣੇ ਹਨ, ਇਸਦੇ ਮੁਖ ਵਿਚ ਸ਼ਹਿਦ ਦੇ ਕਟੋਰੇ ਹਨ, ਜਦ ਬੋਲਦਾ ਹੈ, ਤਾਂ ਫੁਲ ਝੜਦੇ ਹਨ, ਸਤਿ ਤੇ ਸੰਤੋਖ ਇਸਦੀਆਂ ਢਾਲਾਂ ਹਨ; ਈਰਖਾ, ਨਿੰਦਾ, ਚੁਗਲੀ, ਬਖੀਲੀ, ਇਸਦੇ ਆਸਣ ਹੇਠਾਂ ਦੱਬੇ ਰਹਿੰਦੇ ਹਨ। ਉਨ੍ਹਾਂ ਨੂੰ ਸਿਰ ਚੁਕਣ ਦੀ ਹਿੰਮਤ ਨਹੀਂ ਪੈਂਦੀ। ਫਿਕਾ ਬੋਲਣਾ ਇਸਦੇ ਕੋਸ਼ ਵਿਚ ਨਹੀਂ। ਬਾਬੇ ਫਰੀਦ ਦਾ ਇਹ ਸੂਫੀਆਨਾਂ ਕਲਾਮ ਇਸ ਦੇ ਕੰਨਾਂ ਨੂੰ ਵਜਦ ਵਿਚ ਰਖਦਾ ਹੈ:

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।।

● ਰਜ਼ਾ ਵਿਚ ਰਾਜ਼ੀ ਰਹਿਣਾ

ਗੁਰੂ ਦੁਲਾਰੇ ਅਕਾਲ ਪੁਰਖ ਦੇ ਭਾਣੇ ਤੇ ਸ਼ਾਕਰ ਰਹਿੰਦੇ ਹਨ। ਦੁਖ ਵਿਚ ਸੁਖ ਤੇ ਸੁਖ ਵਿਚ ਬਖਸ਼ਿਸ ਪ੍ਰਤੀਤ ਕਰਦੇ ਹਨ। ਅਗਿਆਨੀਆਂ ਵਾਂਗੂ ਖੁਸ਼ੀਆਂ ਸਮੇਂ ਵਹਿਣ ਵਿਚ ਨਹੀਂ ਰੁੜਦੇ ਤੇ ਨ ਹੀ ਗ਼ਮੀ ਸਮੇਂ ਸੋਗੀਆਂ ਨਿਆਈ ਕੁਰਲਾਂਦੇ ਹਨ।

● ਸ਼ਾਕਾਹਾਰੀ

ਇਹ ਲੋਕ ਮਾਸ, ਕਬਾਬ, ਸ਼ਰਾਬ, ਆਂਡੇ, ਮੱਛੀ ਆਦਿ ਨੂੰ ਬਿਛੂ ਜਾਂ ਅਠੂਹੇਂ ਜਾਣ, ਇਹ ਤੋਂ ਬਚਦੇ ਹਨ ਤੇ ਆਪਣੇ ਮਨ ਦੇ ਮੰਦਰ ਨੂੰ ਸਾਫ ਸੁਥਰਾ ਰਖਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਜੀਆਂ ਤੇ ਦਇਆ ਕਰਨ ਵਾਲੇ ਨੂੰ ਅਠਾਹਠ ਤੀਰਥਾਂ ਦਾ ਪੁੰਨ ਦਰਸਾਇਆ ਹੈ:

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।।
ਪੰਨਾ ੧੩੬

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਗਤ ਪ੍ਰਤੀ ਤਾਕੀਦ ਕੀਤੀ। ਭਾਈ ਸੱਪ ਤਕ ਨਾ ਮਾਰਿਆ ਜਾਵੇ। ਨਗੁਣੀ ਜੂੰ ਦੀ ਵੀ ਹਤਿਆ ਨਾ ਕੀਤੀ ਜਾਵੇ, ਮਗਰ ਜਿਹੜੇ ਜੀਭ ਦੇ ਰਸੀਏ, ਜੀਅ ਘਾਤ ਕਰਦੇ ਹਨ, ਗੁਰਬਾਣੀ ਨੇ ਉਨ੍ਹਾਂ ਨੂੰ ਕਸਾਈ ਨਾਲ ਤੁਲਣਾ ਦਿਤੀ ਹੈ:-

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮ ਕਹੁਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾਕਉ ਕਹਹੁ ਕਸਾਈ।।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜੇਹੇ ਸ਼ਰਾਬੀਆਂ ਕਬਾਬੀਆਂ ਨੂੰ ਚੰਡਾਲ ਦਾ ਫਤਵਾ ਲਾਇਆ ਹੈ: ਭਾਈ ਸੰਤੋਖ ਸਿੰਘ ਜੀ ਉਨ੍ਹਾਂ ਦੇ ਸ਼ਬਦਾਂ ਨੂੰ ਇਉ ਉਲੀਕਿਆ ਹੈ:-

ਭਖ ਅਭਖ ਸਮਝਹਿ ਨਹੀਂ, ਮਧ, ਮਾਸ, ਪਰ ਨਾਰ।।
ਸੁ ਚੰਡਾਲ ਤਿਹ ਤਿਆਗ ਕਰ, ਮੇਰਾ ਸਿਖ ਨ ਨਿਹਾਰ।।

ਗੁਰੂ ਚਰਨਾਂ ਦੇ ਭੌਰੇ ਅਸ਼ਲੀਲ ਸਾਹਿਤ, ਫਿਲਮੀ ਤਸਵੀਰਾਂ, ਲਚਰ ਗਾਣੇ ਆਦਿ ਦੀ ਕੰਨ ਵਿਚ ਭਿਣਖ ਨਹੀਂ ਪੈਣ ਦੇਂਦੇ। ਉਹ ਤਾਂ ਇਨਾਂ ਫਾਹਿਸ਼ੀ ਰਚਨਾਵਾਂ ਨੂੰ ਖੰਡ ਲਪੇਟੀਆਂ ਗੋਲੀਆਂ ਸਮਝਦੇ ਹਨ। ਪੱਛਮੀ ਹਨੇਰੀ ਪੂਰਬ ਦੀ ਸਭਿਅਤਾ ਤੇ ਪੋਚਾ ਮਾਰਨ ਵਲੋਂ ਕੋਈ ਕਸਰ ਨਹੀਂ ਛੱਡੀ, ਪਰ ਗੁਰੂ ਦੀਆਂ ਫੌਜਾਂ ਉਸ ਤੂਫਾਨ ਸਾਹਮਣੇ ਸੁਮੇਰ ਵਾਂਗੂ ਅਡੋਲ ਤੇ ਅਹਿਲ ਖੜੀਆਂ ਹਨ। ਆਮ ਭਾਰਤੀ ਯੂਰਪੀਨਾਂ ਨਿਆਈ ਹੱਥ ਮਿਲਾਉਣ ਨੂੰ ਮਾਣ ਸਮਝਦੇ ਹਨ, ਪਰ ਗੁਰੂ ਕੇ ਲਾਲ ਚਰਨੀ ਹੱਥ ਲਾਉਣ ਨੂੰ ਤਰਜੀਹ ਦੇਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਰਾਹ ਹੈ:-

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।।
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾਂ ਪੀਲਾਯਾ।।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ।।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਯਾ।।

Namdhari Elibrary NamdhariElibrary@gmail.com

ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗ ਵਰਤਾਯਾ॥ ੭॥ ੨੩॥

ਸਿਖ ਸੰਸਾਰ ਵਿਚ ਹਵਨ ਪ੍ਰਵਾਣ ਹੈ, ਕਿਉਂਕਿ ਹਵਨ ਸਦਕਾ ਅਣਦਿਸਦੀਆਂ ਗੈਬੀ ਸ਼ਕਤੀਆਂ ਨਾਲ ਸਾਂਝ ਪੈਂਦੀ ਹੈ। ਇਸ ਨਾਲ ਸ਼ੁਭ ਕਾਰਜ ਸ਼ੋਭਾ ਪਾਂਦੇ ਹਨ:

ਤਿਤ-ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥

ਸ੍ਰੀ ਗੁਰੂ ਨਾਨਕ ਦੇਵ ਜੀ

• ਸੁੱਚਾ ਚਰਿਤਰ

ਸਿਖੀ ਜੀਵਨ ਦੀ ਰਹਿਣੀ ਬਹਿਣੀ ਨੂੰ ਭਾਈ ਗੁਰਦਾਸ ਜੀ ਜਲ ਜੈਸਾ ਪਰਉਪਕਾਰੀ ਦਰਸਾਇਆ ਹੈ:-

ਧਰਤੀ ਪੈਰਾਂ ਹੇਠ ਹੈ, ਧਰਤੀ ਹੇਠ ਵਸੰਦਾ ਪਾਣੀ।
ਪਾਣੀ ਚਲੈ ਨੀਵਾਣ ਨੋ ਨਿਰਮਲ ਸੀਤਲ ਸੁਧ ਧਗਾਣੀ।
ਬਹੁ ਰੰਗੀ ਇਕ ਰੰਗ ਹੈ ਸਭਨਾਂ ਅੰਦਰ ਇਕੋ ਜਾਣੀ।
ਤਤਾ ਹੋਵੈ ਧੁਪ ਵਿਚ ਛਾਵੈਂ ਠੰਡਾ ਵਿਰਤੀ ਹਾਣੀ।
ਤਪਦਾ ਪਰ ਉਪਕਾਰ ਨੋਂ ਠੰਡੇ ਪਰਉਪਕਾਰ ਵਿਹਾਣੀ।
ਅਗਨਿ ਬੁਝਾਏ ਤਪਤ ਵਿਚ ਠੰਡਾ ਹੋਵੇ ਬਿਲਮ ਨ ਆਣੀ।
ਗੁਰ ਸਿਖੀ ਦੀ ਇਹ ਨੀਸਾਣੀ॥ ੧੨॥੨੮॥

ਭਾਵ ਗੁਰੂ ਕੀਆਂ ਫੌਜਾਂ ਗਰਮੀ ਸਰਦੀ ਸਹਾਰਦਿਆਂ ਪਰਉਪਕਾਰ ਕਰਨ ਵਿਚ ਮਗਨ ਰਹਿੰਦੀਆਂ ਹਨ।

ਧਰਤੀ ਜ਼ਰ, ਜੋਰੂ, ਜ਼ਮੀਨ ਬਾਰੇ ਲੜਾਈ ਸਦਕਾ ਲਹੂ ਲੁਹਾਨ ਹੁੰਦੀ ਰਹਿੰਦੀ ਹੈ, ਮਗਰ ਕਲਗੀਵਾਲੇ ਦੇ ਦੁਲਾਰੇ ਸੁਨਹਿਰੀ ਅਸੂਲਾਂ ਦੇ ਕਾਰਬੰਦ ਹਨ:

ਪਰ ਧਨ ਪਰ ਦਾਰਾ ਪਰ ਹਰੀ
ਤਾਕੈ ਨਿਕਟਿ ਵਸੈ ਨਰ ਹਰੀ॥

ਅਥਵਾ

ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ॥
ਉਸ ਸੂਅਰ ਉਸ ਗਾਇਕੋ ਪਰ ਧਨ ਹਿੰਦੂ ਮੁਸਲਮਾਣੈ॥

ਗੁਰੂ ਕੇ ਲਾਡਲੇ ਇਸਤਰੀ ਬ੍ਰਤ ਤੇ ਪਤੀ-ਬ੍ਰਤ ਧਰਮ ਦੇ ਧਾਰਨੀ ਹਨ। ਇਹ ਜਤੀ ਹਨ। ਹਰ ਇਸਤਰੀ ਨੂੰ ਮਾਂ, ਭੈਣ, ਧੀ ਜਾਣ ਸਤਿਕਾਰ ਕਰਦੇ ਹਨ। ਗੁਰੂ ਜੀ ਦੇ ਹੁਕਮਾਂ ਕਾਰਨ ਇਨ੍ਹਾਂ ਦੀ ਬਿਰਤੀ ਵਿਚਲਦੀ ਨਹੀਂ।

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥
ਪੂਤ ਇਹੈ ਪ੍ਰਣਿ ਤੋਹਿ ਪ੍ਰਾਨ ਜਬ ਲਗ ਘਟਿ ਥਾਰੇ॥
ਨਿਜ ਨਾਰੀ ਕੇ ਸੰਗ ਨਿਹੁ ਤੁਮ ਨਿਤ ਬਢੈਯਹੋ॥
ਪਰ ਨਾਰੀ ਕੀ ਸੇਜ ਭੂਲ ਸੁਪਨੈ ਹੂ ਨ ਜੈਯਹੋ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਕਾਲ ਦੀ ਇਕ ਸੁਨਹਿਰੀ ਯਾਦ ਇਉਂ ਦਰਸਾਈ ਹੈ ਕਿ ਆਜਾਨ ਬਾਹੂ ਸਵੇਰ ਸਾਰ, ਮਦਾਨ ਮਾਰਨ ਖਾਤਰ ਗਲੀ ਵਿਚੋਂ ਲੰਘ ਰਹੇ ਸਨ ਜਦ ਆਪ ਜੀ ਦੀ ਨਿਗਾਹ ਇੱਕ ਅਧਕੱਜੀ ਸੁਤੀ ਪਈ ਇਸਤਰੀ ਤੇ ਪਈ, ਤਾਂ ਆਪ ਜੀ ਨੇ ਅਗਾਂਹ ਪੈਰ ਨਹੀਂ ਪੁਟਿਆ। ਉਨ੍ਹੀਂ ਪੈਰੀਂ ਪਰਤ ਆਏ ਤੇ ਉਸੇ ਦਿਨ ਤੋਂ ਮਾਈਆਂ ਨੂੰ ਕਛਹਿਰੇ ਪਵਾਉਣ ਦੀ ਯੋਜਨਾ ਧਾਰ ਲਈ ਅਤੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕਛਹਿਰੇ ਪਵਾ, ਪੁਰਸ਼ਾਂ ਦੀ ਬ੍ਰਾਬਰੀ ਦਾ ਦਰਜਾ ਬਖਸ਼ਿਆ।

ਸ਼ਾਸਤਰ ਨੇ ਪਤਨੀ ਨੂੰ ਪਤੀ ਦੀ ਆਗਿਆ ਵਿਚ ਰਹਿਣਾ ਜ਼ਰੂਰੀ ਦਰਸਾਇਆ ਹੈ, ਤੇ ਪਤੀ ਨੂੰ ਪਤਨੀ ਦੀ ਇਜ਼ਤ ਆਬਰੂ ਦੀ ਰਾਖੀ ਲਾਜ਼ਮੀ ਹੈ।

ਭਰਤਾ ਕਹੈ ਸੁ ਮਾਨੀਐ ਇਹ ਸੀਗਾਰ ਬਨਾਇ ਰੀ॥
ਦੂਜਾ ਭਾਉ ਵਿਸਾਰੀਐ ਇਹੋ ਤੰਬੋਲਾ ਖਾਇ ਰੀ॥

ਸ਼ਿੰਗਾਰ ਵੀ ਕੇਵਲ ਵਿਵਾਹਤ ਇਸਤਰੀ ਵਾਸਤੇ ਪ੍ਰਵਾਨਿਆ ਹੈ, ਕਵਾਰੀ ਜਾਂ ਵਿਧਵਾ ਨੂੰ ਸ਼ਿੰਗਾਰ ਨਹੀਂ ਸ਼ੋਭਦਾ। ਸਿਖ ਦੇਵੀਆਂ ਇਨ੍ਹਾਂ ਪਵਿਤਰ ਅਸੂਲਾਂ ਦੀਆਂ ਧਾਰਨੀ ਹਨ:-

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥
ਜੇ ਘਰਿ ਆਵੈ ਕੰਤੁ ਤ ਸਭ ਕਿਛ ਪਾਈਐ॥
ਹਰਿਹਾਂ ਕੰਤੈ ਬਾਝੈ ਸੀਗਾਰ ਸਭ ਬਿਰਥਾ ਜਾਈਐ॥

ਮ:੫, ਪੰਨਾ ੧੩੬੧

ਅਜ ਕਲ ਇਨਾਂ ਸ਼ਿੰਗਾਰੀ ਵਸਤੂਆਂ ਦੀ ਵਰਤੋਂ ਵੀ ਮਨ੍ਹਾਂ ਹੈ, ਕਿਉਂਕਿ ਲਿਪਸਟਿਕ, ਨੇਲ ਪਾਲਿਸ਼, ਸੈਂਟ ਆਦਿ ਤੇ ਫਰ ਆਦਿ ਦੀਆਂ ਵਸਤਾਂ ਵਿਚ ਇਸ ਤਰ੍ਹਾਂ ਦੇ ਹਿੰਸਾ ਦੇ ਅੰਸ਼ ਹਨ, ਤੇ ਹਿੰਸਾ ਵਰਤੀ ਜਾਂਦੀ ਹੈ, ਜਿਸਨੂੰ ਪੜ੍ਹ ਸੁਣ ਲੂ ਕੰਡੇ ਹੁੰਦੇ ਹਨ।

ਇਸ ਘਰ ਵਿਚ ਬਸਤਰ ਵੀ ਸਾਦੇ ਤੇ ਚਿੱਟੇ ਪ੍ਰਵਾਨ ਹਨ। ਚਿੱਟਾ ਰੰਗ ਅਮਨ ਤੇ ਸ਼ਾਂਤੀ ਦਾ ਪ੍ਰਤੀਕ ਹੈ ਸ੍ਰੀ ਆਸਾ ਦੀ ਵਾਰ ਵਿਚ ਗੁਰੂ ਜੀ ਸਤਿਜੁਗੀ ਰੰਗ ਦਰਸਾਇਆ ਹੈ:-

• ਨੀਲ ਵਿਵਰਜਤ

ਸਾਮ ਕਹੈ ਸੇਤੰਬਰ ਸੁਆਮੀ ਸਚੁ ਮਹਿ ਆਛੈ ਸਾਚਿ ਰਹੇ॥
ਸਭੁ ਕੁ ਸਚਿ ਸਮਾਵੈ॥

ਅਜ ਕਲ ਆਮ ਚਿਤਰਕਾਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਨੀਲੇ ਅਥਵਾ ਕੇਸਰੀ ਬਸਤਰਾਂ ਨਾਲ ਦਰਸਾਇਆ ਜਾਂਦਾ ਹੈ, ਹਾਲਾਂ ਕਿ ਆਪ ਸਦੈਵ ਚਿੱਟੇ ਬਸਤਰ ਪਾਂਦੇ ਸਨ। ਕੇਵਲ ਆਪ ਜੀ ਨੇ ਬਿਪਤ ਕਾਲ ਸਮੇ ਸੁਰਮਈ ਰੰਗ ਦੇ ਬਸਤਰ ਪਹਿਨੇ ਸਨ ਤੇ ਉਹ ਵੀ ਢਿਲਵੀਂ ਜਾ ਲੀਰ ਲੀਰ ਕਰ ਫੂਕ ਸੁਟੇ ਸਨ। ਜਿਉਂ ਜਿਉਂ ਕਪੜਿਆਂ ਨੂੰ ਸਾੜ ਰਹੇ ਸਨ ਤਾਂ ਇਹ ਪਾਠ ਕਰਦੇ ਸਨ:-

ਨੀਲ ਬਸਤਰ ਲੈ ਕਪਰੇ ਫਾੜੇ
ਤੁਰਕ ਪਠਾਣੀ ਅਮਲ ਗਵਾਇਆ।

ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਇਸ ਘਟਨਾ ਨੂੰ ਇਉਂ ਵਰਨਿਆਂ ਹੈ:-

"ਨੀਲਾ ਪਾੜ ਚਿੱਟਾ ਪਹਿਨ ਗੁਰ ਜੀ ਗੁਰੂ ਗ੍ਰੰਥ ਦੀ ਤੁਕ ਉਲਟਾਈ ਓਥੇ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਹੁਕਮਨਾਮੇ ਰਾਹੀਂ ਸਿਖਾਂ ਪ੍ਰਤੀ ਤਾਕੀਦੀ ਹੁਕਮਨਾਮਾ ਲਿਖ ਭੇਜਿਆ ਸੀ - - - -ਨੀਲਾ ਨਹੀਂ ਪਾਣਾ ਨੀਲਾ ਪਾਣ ਨਾਲ ਮੱਤ ਮਾਰੀ ਜਾਂਦੀ ਹੈ। - - - ਸੱਚ ਤੇ ਸੁੱਚ ਲਾਜ਼ਮ ਮਲਜ਼ੂਮ ਹਨ। ਸੱਚ ਤੇ ਸੁਚਮਤਾਈ ਉਹ ਗੁਣ ਹਨ, ਜਿਹੜੇ ਮਨੁਖ ਨੂੰ ਪਰਮ ਮਨੁਖ ਵਿਚ ਬਦਲ ਦੇਂਦੇ ਹਨ: ਜਿਹੜੇ ਰਾਖਸ਼ਾਂ ਨੂੰ ਦੇਵਤੇ ਬਣਾ ਦੇਂਦੇ ਹਨ: ਸ੍ਰੀ ਗੁਰੂ ਨਾਨਕ ਦੇਵ ਜੀ ਇਸਦੀ ਸ਼ਾਹਦੀ ਇਉਂ ਭਰੀ ਹੈ:

• ਰਹਿਤ ਮਰਯਾਦਾ

ਕਹੁ ਨਾਨਕ ਸਚੁ ਧਿਆਈਐ॥
ਸੁਚਿ ਹੋਵੈ ਤਾ ਸਚ ਪਾਈਐ॥

ਆਮਦਨ ਬਰ ਸੇਰੇ ਮਤਲਬ, ਕਿ ਜਗਿਆਸੂ ਨੂੰ ਹੀਰਿਆਂ ਦੀ ਖਾਣ ਤਕ ਪੁਜਣ ਹਿਤ ਸੁਚਮਤਾ ਦੀ ਸੀੜ੍ਹੀ ਤੇ ਚੜ੍ਹਨਾ ਪੈਂਦਾ ਹੈ।

Namdhari Elibrary NamdhariElibrary@gmail.com

ਪੁਰਾਣੇ ਸਮਿਆਂ ਸਮੇਂ ਗੁਰੂ ਸਾਹਿਬਾਨ ਦੇ ਲਾਂਗਰੀ ਸੁੱਚ ਪਵਿਤਰਤਾ ਦਾ ਧਿਆਨ ਰਖਦੇ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਣ ਹੈ:

ਜਹਾ ਤਹਾ ਕਾ ਛਕੈ ਪਰਸਾਦਿ॥
ਸਿਖ ਨਹੀਂ ਮੇਰਾ ਆਦਿ ਜੁਗਾਦਿ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸੋਂ ਇਕ ਹੁਕਮਨਾਮੇ ਰਾਹੀਂ ਸੰਗਤਾਂ ਪ੍ਰਤੀ ਲਿਖ ਭੇਜਿਆ ਸੀ:- - -

ਭਾਈ ਜਲ ਪਰਸਾਦ ਸੁਚ ਮਰਜਾਦਾ ਦਾ ਛਕਣਾ। ਇਹ ਨ ਸਮਝਣਾ, ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕਢੀ ਜਾਂਦਾ ਹੈ। ਅਜ ਸਾਰੇ ਸੰਸਾਰ ਤੇ ਰਾਮ ਰੌਲਾ ਹੈ, ਇਹ ਸਭ ਅਸ਼ੁਧ ਅਹਾਰ ਕਾਰਨ ਹੈ:

ਜੇਹਾ ਅੰਨ ਤੇਹਾ ਮਨ।
ਜੇਹਾ ਆਹਾਰ ਤੇਹਾ ਵਿਚਾਰ।
ਜੇਹਾ ਦੁਧ ਤੇਹੀ ਬੁਧ।
ਜੇਹਾ ਪਾਣੀ ਤੇਹੀ ਬਾਣੀ।

• ਕਲਿਜੁਗ ਦਾ ਪ੍ਰਭਾਵ

ਇਹ ਸਮਾਂ ਕਲਿਜੁਗ ਦਾ ਹੈ ਤੇ ਕਲਿਜੁਗ ਆਪਣਾ ਰੰਗ ਵਖਾ ਰਿਹਾ ਹੈ।

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਛਣ ਏਈ॥

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿਚ ਵਰਨਨ ਕਰਦਿਆਂ ਕਲਿਜੁਗ ਦੀਆਂ ਕਰਤੂਤਾਂ ਨੂੰ ਦਰਸਾਇਆ ਹੈ:-

ਕਹੂੰ ਨ ਹੋਮੰ॥ ਕਹੂੰ ਨ ਦਾਨੰ॥
ਕਹੂੰ ਨ ਸੰਜਮ ਕਹੂ ਨ ਇਸਨਾਨੰ॥ -੧੨੭
ਕਹੂ ਨ ਚਰਚਾ ਕਹੂ ਨ ਬੇਦੰ॥
ਕਹੂੰ ਨਿਵਾਜ ਨ ਕਹੂੰ ਕਤੇਬੰ॥
ਕਹੂ ਨ ਤਸਬੀ ਕਹੂੰ ਨ ਮਾਲਾ।
ਕਹੂੰ ਨ ਹੋਮੰ ਕਹੂੰ ਨ ਜਾਲਾ॥ -੧੨੮
ਭਾਂਤਿ ਭਾਂਤਿ ਤਨ ਹੋਤ ਉਤਪਾਤਾ।
ਪੁਤ੍ਰਹਿ ਸੇਜਿ ਸੋਵਤ ਹੈ ਮਾਤਾ॥
ਸੁਤਾ ਪਿਤਾ ਤਨ ਰਮਤ ਨਿਸੰਕਾ॥
ਭਗਨੀ ਭਰਤ ਭਗਤ ਕਹੋ ਅੰਕਾ॥
ਭ੍ਰਾਤ ਬਹਨ ਤਨ ਕਰਤ ਬਿਹਾਰਾ॥
ਇਸਤ੍ਰੀ ਤਜੀ ਸਕਲ ਸੰਸਾਰਾ।।੩॥

ਕਲਿਜੁਗ ਪਖੀਆ ਦੀ ਰੀਤ ਹੈ:

ਬਾਬਰ ਬਾ ਐਸ਼ ਕੋਸ਼
ਕਿ ਆਲਮ ਦੁਬਾਰਾ ਨੇਸਤ।

ਭਾਵ ਇਹ ਜਗ ਮਿੱਠਾ ਅਗਲਾ ਕਿੰਨੇ ਡਿੱਠਾ। ਖਾਓ, ਪੀਓ ਮੌਜ ਮਾਣੋ। ਧਰਮ ਪਾਖੰਡ ਹੈ। ਗੁਰੂ ਦੀ ਲੋੜ ਨਹੀਂ, ਭਜਨ, ਸਿਮਰਨ, ਨਮਾਜ਼, ਸੰਧਿਆ, ਵਿਹਲੜਾਂ ਦੇ ਕੰਮ ਹਨ, ਮਨ ਸ਼ੁਧ ਹੋਣਾ ਚਾਹੀਦਾ ਹੈ ਪਰ ਉਨ੍ਹਾਂ ਨੂੰ ਗਿਆਨ ਨਹੀਂ ਕਿ ਸਾਰੇ ਪੁਆੜੇ ਮਨ ਦੇ ਹਨ। ਮਨ ਨੂੰ ਸੋਧ ਮਿਲਦੀ ਹੈ ਗਿਆਨ ਤੋਂ ਤੇ ਗਿਆਨ ਪ੍ਰਾਪਤ ਹੁੰਦਾ ਹੈ ਗੁਰੂ ਤੋਂ। ਆਮ ਪ੍ਰਸਿਧ ਹੈ:

ਗੁਰੂ ਬਿਨਾ ਗਤ ਨਹੀਂ, ਸ਼ਾਹ ਬਿਨਾ ਪਤ ਨਹੀਂ।
ਸਿਆਣੇ ਬਿਨਾ ਮਤ ਨਹੀਂ।

• ਗੁਰੂ ਦੀ ਲੋੜ

ਇਕ ਕਵੀ ਦਾ ਕਥਨ ਹੈ:-

ਰਾਹੇ ਰੌ ਕੇ ਵਾਸਤੇ ਰਾਹਬਰ ਕਾ ਹੋਨਾ ਹੈ ਜ਼ਰੂਰ।
ਗ਼ਰਕ ਹੈ ਵੁਹ ਕਿਸ਼ਤੀ, ਜਿਸਕਾ ਨਾ ਖੁਦਾ ਹੋਤਾ ਨਹੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਸੰਸਾਰ ਦੇ ਪ੍ਰਸਿਧ ਰਿਸ਼ੀ ਮੁਨੀ ਬੜੇ ਜੋਰ ਨਾਲ ਕਹਿੰਦੇ ਹਨ ਕਿ ਜੇ ਗਿਆਨ ਪ੍ਰਾਪਤ ਕਰਨਾ ਹੈ ਤਾਂ ਗੁਰੂ ਦੀ ਸ਼ਰਨ ਲਵੋ:-

ਭਾਈ ਰੇ ਗੁਰ ਬਿਨ ਗਿਆਨ ਨ ਹੋਇ॥
ਪੂਛਹੁ ਬ੍ਰਹਮੇ ਨਾਰਦੇ ਬੇਦ ਬਿਆਸੈ ਕੋਇ॥

ਮਨੁਸ਼ ਦੇ ਮਨ ਦੁਆਲੇ ਹਉਮੈਂ ਦਾ ਕੋਟ ਉਸਰਿਆ ਪਿਆ ਹੈ, ਉਸ ਨੂੰ ਮਣ ਮਣ ਦੇ ਜੰਦਰੇ ਵਜੇ ਪਏ ਹਨ ਉਨ੍ਹਾਂ ਜੰਦਰਿਆਂ ਦੀ ਕੁੰਜੀ ਗੁਰੂ ਕੋਲ ਹੈ:-

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ
ਅਵਰ ਨ ਕੁੰਜੀ ਹਥਿ॥

• ਗੁਰੂ ਅਕਾਲ ਪੁਰਖ

ਗੁਰੂ ਦੇ ਦੁਲਾਰੇ ਨੂੰ ਸਤਿਗੁਰ ਦੀ ਦੇਹ ਵਿਚ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ। ਗੁਰੂ ਦੀ ਦੇਹ ਸ਼ਬਦ ਦੀ ਦੇਹ ਹੁੰਦੀ ਹੈ, ਉਸਦੀ ਰਸਨਾ ਵਿਚ ਅੰਮ੍ਰਿਤ, ਨੇਤ੍ਰਾਂ ਵਿਚ ਅੰਮ੍ਰਿਤ, ਚਰਨਾਂ ਵਿਚ ਅਠਾਹਠ ਤੀਰਥਾਂ ਵੇਦਾਂ ਸ਼ਾਸਤਰਾਂ ਨੇ ਸਪਸ਼ਟ ਕੀਤਾ ਹੈ ਕਿ ਉਹ ਖੰਡਾਂ ਬ੍ਰਹਮੰਡਾਂ ਦਾ ਮਾਲਿਕ ਜਿਸਦੇ ਰੋਮ ਰੋਮ ਵਿਚ ਖੰਡ ਬ੍ਰਹਮੰਡ ਹੁੰਦੇ ਹਨ, ਉਹ ਮਾਨਸ ਰੂਪ ਧਾਰ ਸੰਸਾਰ ਤੇ ਵਿਚਰਦਾ ਹੈ, ਤਾਂ ਮਨੁੱਖਾਂ ਵਾਂਗੂ ਹੀ ਖੇਡਾਂ ਕਰਦਾ ਹੈ। ਇਹ ਗਿਆਨ ਵੀ ਹੱਕ ਦੇ ਮੁਤਲਾਸ਼ੀਆਂ ਨੂੰ ਹੁੰਦਾ ਹੈ:

ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸ,
ਮਾਨਸ ਅਉਤਾਰ ਧਾਰਿ ਦਰਸ ਦਿਖਾਏ ਹੈਂ।
ਜਾ ਕੇ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ
ਸ੍ਰੀ ਮੁਖ ਸ਼ਬਦ ਗੁਰ ਸਿਖਨ ਸੁਣਾਏ ਹੈਂ।
ਜਗ ਭੋਗ ਨਈ ਵੇਦ ਜਗਤ ਭਗਤ
ਅਸਨ ਬਸਨ ਗੁਰ ਸਿਖਨ ਲਡਾਏ ਹੈਂ।
ਨਿਗਮ ਸੇਖਾਦਿਕ ਕਥਤ ਨੇਤਿ ਨੇਤਿ ਕਰਿ
ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈਂ। -ਕਬਿਤ ਸਵੱਯੇ - ੩੫

• ਸਿਖ ਦਾ ਕਰਤਵ

ਉਹ ਮਹਾਂ ਨੂਰ ਸਿਖ ਸੇਵਕਾਂ ਨਾਲ ਹਾਸ ਬਲਾਸ ਕਰਦਾ ਹੈ ਅਤੇ ਪ੍ਰੇਮੀਆਂ ਦੀ ਮਾਤਾ, ਪਿਤਾ ਵਾਂਗ ਪਾਲਣ ਪੋਸਣ ਕਰਦਾ ਹੈ। ਤੇ ਕਈ ਵੇਰ ਉਨ੍ਹਾਂ ਦੀ ਰਖ ਰਖਾਈ ਕਰਦਾ ਦੁਖ ਵੀ ਸਹੇੜ ਲੈਂਦਾ ਹੈ ਤੇ ਮਸੀਹਾ ਹੋ ਵਰਤਦਾ ਹੈ। ਇਹੋ ਕਾਰਨ ਹੈ ਕਿ ਗੁਰ ਸਿਖ ਸਦੈਵ ਆਗਿਆ ਵਿਚ ਰਹਿੰਦਾ ਹੈ। ਇਸ ਹੁਕਮ ਦੀ ਗੁਰਬਾਣੀ ਵਿਚ ਵੀ ਤਾਕੀਦ ਹੈ:-

ਜੁ ਗੁਰ ਦਸੈ ਵਾਟੁ ਮੁਰੀਦਾ ਜੋਲੀਐ॥

ਗੁਰੂ ਦਾ ਲਾਡਲਾ ਗੁਰਦੇਵ ਦੀ ਤਨ, ਮਨ, ਧਨ ਨਾਲ ਸੇਵਾ ਕਰਦਾ ਹੈ ਜੋ ਵੀ ਆਗਿਆ ਹੋਵੇ, ਉਸ ਨੂੰ ਮਾਨਣ ਵਿਚ ਮਾਣ ਸਮਝਦਾ ਹੈ। ਓਥੇ ਹੀਲ ਹੁਜਤ ਦੀ ਗੁੰਜਾਇਸ਼ ਨਹੀਂ।

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।

Namdhari Elibrary NamdhariElibrary@gmail.com

ਸਬਰ ਸਿਦਕ ਸ਼ਹੀਦ ਭਰਮ ਭੌ ਖੋਵਣਾ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਅਰਸ਼ਾਦ ਹੈ, ਕਿ ਜਿਹੜਾ ਸਿਖ ਮੇਰੀ ਦਸੀ ਰੀਤੀ ਅਨੁਸਾਰ ਚਲਦਾ ਹੈ, ਮੈਂ ਉਸਦਾ ਸੇਵਕ ਹੋ ਵਰਤਦਾ ਹਾਂ:

ਰਹਿਣੀ ਰਹੈ ਸੋਈ ਸਿਖ ਮੇਰਾ।
ਉਹ ਸਾਹਿਬ ਮੈਂ ਉਸਦਾ ਚੇਰਾ।
ਅਥਵਾ
ਰਹਿਤ ਬਿਨਾਂ ਨ ਸਿਖ ਕਹਾਵੈ।
ਰਹਿਤ ਬਿਨਾ ਉਹ ਚੋਟਾ ਖਾਵੈ।
ਰਹਿਤ ਬਿਨਾ ਸੁਖ ਕਬਹੂ ਨ ਲੇਵੈ।

ਪਰ ਜਿਹੜਾ ਸਿਖ ਰਹਿਤ ਮਰਯਾਦਾ ਰਖਦਾ ਅਮਲ ਨਹੀਂ ਕਰਦਾ ਉਹ ਰੇਤੇ ਉਪਰ ਪਾਣੀ ਦੇ ਤ੍ਰੁਪਕਿਆਂ ਤੁਲ ਹੈ। ਮੁਲ ਓਸੇ ਦਾ ਹੈ, ਜਿਹੜਾ ਬਚਨਾਂ ਤੇ ਖੁਸ਼ੀ ਖੁਸ਼ੀ ਫੁਲ ਚਾੜ੍ਹਦਾ ਹੈ:-

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ।।
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।।

ਜਿਹੜੇ ਅਭਾਗਿਆਂ ਤੇ ਗੁਰੂ ਦੀ ਮਿਹਰ ਦ੍ਰਿਸ਼ਟੀ ਨਹੀਂ ਹੁੰਦੀ ਜਿਹੜੇ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ, ਉਹ ਬੇ-ਪੈਂਦੇ ਲੋਟਿਆਂ ਵਾਂਗੂ ਰਿੜ੍ਹਦੇ ਫਿਰਦੇ ਹਨ। ਉਹਨਾਂ ਦੀ ਬੁਰੀ ਦੁਰਦਸ਼ਾ ਹੁੰਦੀ ਹੈ।

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨ ਟਿਕੰਨਿ।।
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।।
ਮ: ੩, ਪੰਨਾ ੨੩੩

ਗੁਰ ਸਿਖੀ ਕੋਈ ਫਿਲਾਸਫੀ ਨਹੀਂ, ਸਿਖੀ ਅਮਲੀ ਜੀਵਨ ਹੈ, ਆਤਮਿਕ ਬਲ ਹੈ, ਸਹੋਦਰਤਾ ਦਾ ਪ੍ਰਤੀਕ ਹੈ। ਸੁਖ ਸ਼ਾਂਤੀ ਦਾ ਅਲਮਬਰਦਾਰ ਹੈ। ਸਿੱਖ ਸੇਵਕ ਹੈ, ਬੀਰ ਹੈ, ਧਰਮਾਤਮਾ ਹੈ, ਯੋਧਾ ਹੈ, ਪਰਉਪਕਾਰੀ ਹੈ, ਸੰਤ ਹੈ, ਜਤੀ ਹੈ, ਸਤੀ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਸਿਖ ਨੂੰ ਸਿਰੀ ਸਾਹਿਬ ਬਖਸ਼ੀ, ਪਰ ਇਹ ਤਲਵਾਰ ਜਾਬਰਾਂ ਖਾਤਰ ਹੈ। ਨਿਰਦਈਆਂ ਵਾਸਤੇ ਹੈ, ਗ਼ਰੀਬਾਂ ਦੀ ਰਖਿਆ ਖਾਤਰ ਹੈ। ਇਸਦਾ ਪ੍ਰਯੋਗ ਕਰਨ ਦਾ ਢੰਗ ਵੀ ਸਾਹਿਬਾਂ ਦਰਸਾਇਆ ਹੈ, ਜਦ ਸਾਰੇ ਹੀਲੇ ਨਾਕਾਮ ਰਹਿਣ, ਉਸ ਸਮੇਂ ਮਿਆਨ ਤੋਂ ਕਢਣੀ ਲਾਜ਼ਮੀ ਹੈ। ਸਾਹਿਬਾਂ ਦਾ ਫੁਰਮਾਨ ਹੈ:-

ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।।

• ਚੋਣਵੇਂ ਸਿੱਖ

ਗੁਰਸਿੱਖੀ ਦੇ ਲਾਲਾਂ ਦੇ ਢੇਰ ਵਿਚ ਕੁਝ ਨਮੂਨੇ ਪੇਸ਼ ਹਨ:

ਭਾਈ ਮੰਜ ਗੁਰ ਸੇਵਾ ਕਰ ਗੁਰੂ ਜੀ ਪਾਸੋਂ "ਗੁਰੂ ਕਾ ਬੋਹਿਥਾ" ਦਾ ਮਾਣ ਪ੍ਰਾਪਤ ਕੀਤਾ। ਭਾਈ ਘਨਈਆ ਮੈਦਾਨੇ ਜੰਗ ਵਿਚ ਦੋਸਤ ਦੁਸ਼ਮਣ ਵਿਚ ਤਮੀਜ਼ ਨ ਕਰਦਿਆਂ, ਜਖਮੀਆਂ ਦੀ ਜਲ ਨਾਲ ਸੇਵਾ ਕਰਦਿਆਂ ਸਾਹਿਬਾਂ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਸਰਦਾਰ ਕਪੂਰ ਸਿੰਘ ਜੀ ਉਹ ਨਿਸ਼ਕਾਮ ਸੇਵਕ ਸਨ, ਜਿਨਾਂ ਨਵਾਬੀ ਨੂੰ ਠੁਕਰਾ, ਸੰਗਤ ਦੀ ਸੇਵਾ ਨੂੰ ਤਰਜੀਹ ਦਿੱਤੀ ਸੀ। ਸ੍ਰ:ਜੱਸਾ ਸਿੰਘ ਰਾਮਗੜੀਆ ਉਹ ਯੋਧਾ ਸੀ, ਜਿਸਨੇ ਹਿਸਾਰ ਦੇ ਨਵਾਬ ਦੇ ਚੁੰਗਲ ਵਿਚੋਂ ਗ਼ਰੀਬ ਬ੍ਰਹਮਣੀ ਨੂੰ ਛੁਡਾ, ਆਪਣੀ ਧੀ ਸਮਾਨ ਸਮਝਦਿਆਂ ਬ੍ਰਹਮਣ ਦੇ ਘਰ ਤੋਰਿਆ ਸੀ। ਇਹ ਉਹ ਬਹਾਦਰ ਹਨ, ਜਿਨਾਂ ਨਾਦਰ ਦੀ ਕੈਦ ਵਿਚ ਬੇਪਰ ਘੁੱਗੀਆਂ ਦੀ ਬੰਦ ਖਲਾਸ ਕਰਵਾ ਬਾਇਜ਼ਤ ਘਰਾਂ ਨੂੰ ਤੋਰਿਆ ਸੀ। ਕੂਕੇ ਉਹ ਬੀਰ ਹਨ, ਜਿਨ੍ਹਾਂ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਨ ਸਹਾਰਦਿਆਂ, ਗਊਆਂ ਨੂੰ ਆਜ਼ਾਦ ਕਰਾਇਆ। ਮੁੜ ਨਿਰਦੋਸ਼ ਫਾਂਸੀ ਲਗ ਰਹੇ ਨਿਹੰਗਾਂ ਪੁਜਾਰੀਆਂ ਤੇ ਹੋਰ ਪਤਵੰਤਿਆਂ ਨੂੰ ਛੁਡਾ, ਆਪਣਾ ਜੁਰਮ ਇਕਬਾਲ ਕਰ, ਸ਼ਬਦ ਪੜ੍ਹਦਿਆਂ ਫਾਂਸੀ ਤੇ ਝੂਟੇ ਲਏ ਸਨ। ਸ੍ਰ: ਆਤਮਾ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਘੜੇ ਜੋੜਾ ਮੋਤੀ ਸੀ, ਜਿਸ ਗੈਰਨਾਮਧਾਰੀ ਟ੍ਰਕ-ਮਾਲਿਕ ਨੂੰ ਸੜ ਰਹੇ ਟ੍ਰਕ ਵਿਚੋਂ ਛਾਲ ਮਾਰ ਰਹੇ ਨੂੰ ਜਫਾ ਪਾ ਕੇ ਬਚਾ ਕਿਹਾ, ਭਲਿਆ ਲੋਕਾ ਇਹ ਟ੍ਰਕ ਤੇਰਾ ਨਹੀਂ ਸੜਿਆ, ਤੈਨੂੰ ਟ੍ਰਕ ਮਿਲ ਜਾਵੇਗਾ। ਕੀ ਕਹਿਣਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਲਾਲ ਹਰਭਜਨ ਸਿੰਘ ਠੇਕੇਦਾਰ ਔਰੰਗਾਬਾਦੀਏ ਦਾ, ਜਿਹੜੇ ਕੰਮ ਦੇ ਸਮੇਂ ਵਿਚ ਕਾਰਿੰਦਿਆਂ ਨੂੰ ਨਾਮ-ਸਿਮਰਨ ਹਿਤ ਇਕ ਘੰਟਾ ਦੇਂਦੇ ਹਨ ਤੇ ਗੁਰੂ ਕੇ ਲੰਗਰ ਵਾਸਤੇ ਆਮਦਨੀ ਵਿਚੋਂ ਨੌ ਹਿੱਸੇ ਦੇ, ਦਸਵਾਂ ਹਿੱਸਾ ਨਿਜੀ ਲੋੜਾਂ ਵਾਸਤੇ ਰਖਦੇ ਹਨ। ਤਾਹੀਏਂ ਤਾਂ ਪੁਰਾਣੇ ਸਿਖਾਂ ਜਿਹੜੇ ਜੰਗਲਾਂ ਵਿਚ ਰਹਿੰਦੇ, ਸਾਗਪਾਤ ਤੇ ਗੁਜ਼ਾਰਾ ਕਰਦੇ ਚੜ੍ਹਦੀਆਂ ਕਲਾਂ ਵਿਚ ਜੈਕਾਰੇ ਛਡਦੇ ਸਨ। ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਉਨ੍ਹਾਂ ਦੇ ਜੀਵਨ ਦਾ ਇਉਂ ਨਕਸ਼ਾ ਉਲੀਕਿਆ ਹੈ:

ਭਾਰੀ ਉਪਕਾਰੀ ਤੇ ਉਦਾਰੀ ਕੀਰਤੀ ਪਯਾਰੀ
ਸਤਿਸੰਗ ਰਾਮ ਰੰਗ ਮਾਹਿ ਰਤੇ ਰਹਿਤੇ।
ਪਰ ਤ੍ਰੀਯਾ, ਮਾਤ ਧੀਯਾ, ਭਗਨੀ ਲਖਾਤ ਜੀਯਾ
ਪਾਰਤੇ ਪ੍ਰਣ ਸੂਣਾ ਏਕ ਕੌ ਜੋ ਕਹਿਤੇ। -੯-੧੩੦੯
ਸੁਧੇ ਦਾੜੇ ਮੁਛ ਅਛ ਦਸਤਾਰੇ ਸ੍ਵੇਤ ਸੁਛ,
ਕਟਿ ਪ੍ਰਤੱਛ ਪਛ ਦਿਢ ਪਾਰਤੇ। -੯-੧੩੦੯
ਸੂਰਮੇ ਅਪਾਰ ਥੇ, ਉਦਾਰ ਤਬ ਸਿੰਘ ਸਾਰੇ
ਰਾਜ ਸਾਜ ਪਾਏ ਕੇ ਨ ਹੋਇ ਅਭਿਮਾਨੀ ਥੇ।
ਹੋਮ ਜਗ ਕਰਵਾਤੇ ਪ੍ਰਸਾਦ ਬਟਵਾਤੇ
ਰੌਣਕ ਰਖਾਤੇ ਗਾਵਤ ਸਬਦ ਜ਼ਬਾਨੀ ਥੇ।
ਨਾਮ ਕੇ ਜਪਯਾ ਦੇਗ ਤੇਗ ਕੇ ਚਲਯਾ,
ਹਰਿ, ਗਯਾਨ, ਦਾਨ, ਦਯਾ, ਸਿੰਘ ਨ ਯਾਨੇ ਨ ਪੁਰਾਨੇ ਥੇ।

ਜਿਹੜੇ ਭਾਗਵਾਨ ਸਿਖੀ ਦਾ ਰੁਤਬਾ ਪਾ ਲੈਂਦੇ ਹਨ, ਉਹਨਾਂ ਤੋਂ ਭਾਈ ਗੁਰਦਾਸ ਜੀ ਸੈ ਸੈ ਵਾਰੀ ਸਦਕੜੇ ਜਾਂਦੇ ਹਨ:-

ਹਉ ਤਿਸ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।।
ਹਉ ਤਿਸ ਘੋਲਿ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ।।
ਹਉ ਤਿਸ ਘੋਲ ਘੁਮਾਇਆ ਪਰ ਦਰਬੇ ਨੂੰ ਹੱਥ ਨ ਲਾਵੈ।।
ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣਿ ਆਪ ਹਟਾਵੈ।।
ਹਉ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ।।
ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।।
ਗੁਰਮੁਖ ਸੋਈ ਸਹਿਜ ਸਮਾਵੈ।।

ਸੌ ਹੱਥ ਰੱਸਾ ਤੇ ਸਿਰੇ ਗੰਢ, ਸਿਖ ਨੂੰ ਇਹ ਮਾਣ ਉਸ ਸਮੇਂ ਪ੍ਰਾਪਤ ਹੁੰਦਾ ਹੈ, ਜੇ ਸਤਿਗੁਰ ਦਿਨ ਨੂੰ ਰਾਤ ਕਹੇ ਤਾਂ ਸਿਖ ਕਹੇ ਜੀ ਰਾਤ, ਜੇ ਰਾਤ ਨੂੰ ਦਿਨ ਕਹੇ ਤਾਂ ਸਿਖ ਕਹੇ ਦਿਨ, ਜੇ ਚੋਰ ਨੂੰ ਕਹੇ ਸੰਤ ਤਾਂ ਸਿੱਖ ਕਹੇ ਜੀ ਹਾਂ ਸੰਤ। ਮੁਕਦੀ ਗਲ ਸਿਖ ਕਾਰ ਵਿਹਾਰ ਕਰਦਿਆਂ, ਹਰ ਸਮੇ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਸਵੇਰ ਸ਼ਾਮ ਅਰਦਾਸਾ ਕਰਦਾ ਹੈ:

ਨਾਨਮ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ। ■

Namdhari Elibrary NamdhariElibrary@gmail.com

■ ਰਾਜਿੰਦਰ ਕੌਰ

ਲੋੜ ਹੈ ਅੱਜ ਵੀ

ਪਿਛਲੇ ਕੁਝ ਸਾਲਾਂ ਤੋਂ ਮੇਰੇ ਸੰਪਰਕ 'ਚ ਇਕ ਨਾਮਧਾਰੀ ਪਰਿਵਾਰ ਆਇਆ। ਉਹਨਾਂ ਦੀ ਬੇਟੀ ਦੀ ਸ਼ਾਦੀ ਸੀ। ਉਸ ਸਿਲਸਿਲੇ ਵਿਚ ਸਵੇਰੇ ਸਵੇਰੇ ਇਕ ਨਾਮਧਾਰੀ ਗੁਰਦਵਾਰੇ 'ਚ ਜਾਣ ਦਾ ਮੌਕਾ ਮਿਲਿਆ। ਨਾ ਕੋਈ ਵਾਜਾ ਗਾਜਾ, ਨਾ ਜੰਞ, ਨਾ ਦਾਜ ਦਹੇਜ, ਨਾ ਚਾਹ ਪਾਰਟੀ,..... ਸਿੱਧਾ ਸਾਦਾ ਵਿਆਹ। ਕੋਈ ਸ਼ੋ ਸ਼ਾ ਨਹੀਂ, ਕੋਈ ਫੂੰ ਫਾਂ ਨਹੀਂ। ਵੇਖਕੇ ਸਭ ਬੜਾ ਚੰਗਾ ਲਗਾ।

ਉਸ ਪਰਿਵਾਰ ਕੋਲੋਂ ਹੀ ਮੈਨੂੰ ਗੁਰੂ ਰਾਮ ਸਿੰਘ ਜੀ ਦੀ ਜੀਵਨੀ ਬਾਰੇ ਪੜ੍ਹਨ ਨੂੰ ਇਕ ਪੁਸਤਕ "ਸਭਹਨ ਕੇ ਸਿਰਮੌਰ" ਮਿਲੀ। ਸਤਿਗੁਰੂ ਜੀ ਦੀ ਬਹੁਪੱਖੀ ਸ਼ਖਸੀਅਤ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ।

ਮੈਂ ਕਈ ਸਾਲਾਂ ਤੋ ਬਾਰ੍ਹਵੀ ਜਮਾਤ ਨੂੰ ਇਤਿਹਾਸ ਪੜ੍ਹਾ ਰਹੀ ਹਾਂ। ਉਸ ਕਿਤਾਬ ਵਿੱਚ ਸਾਡੇ ਸਾਮਾਜਕ, ਧਾਰਮਕ, ਸੁਧਾਰਵਾਦੀ ਵਿਅਕਤੀਆਂ ਦੇ ਬੜੇ ਨਾਮ ਹਨ, ਉਹਨਾਂ ਦਾ ਜੀਵਨ ਵੇਰਵਾ ਹੈ। ਉਹਨਾਂ ਦੀਆਂ ਸਿਖਿਆਵਾਂ ਹਨ, ਉਹਨਾਂ ਦਾ ਸਮਾਜ ਅਤੇ ਦੇਸ਼ ਉੱਤੇ ਬੜਾ ਪ੍ਰਭਾਵ ਪਿਆ ਹੈ। ਜਿਵੇਂ ਕਿ ਰਾਜਾ ਰਾਮ ਮੋਹਨ ਰਾਏ, ਈਸ਼ਵਰ ਚੰਦਰ ਵਿਦਿਆ ਸਾਗਰ, ਸਵਾਮੀ ਦਯਾਨੰਦ ਸਰਸਵਤੀ, ਵਿਵੇਕਾਨੰਦ, ਸਰ ਸੈਯਦ ਅਹਿਮਦ ਖਾਂ ਆਦਿ। ਸੁਤੰਤਰਤਾ ਸੰਗਰਾਮ ਬਾਰੇ ਵੀ ਦੋ ਲੰਬੇ ਅਧਿਆਏ ਹਨ- ਅਲੱਗ ਅਲੱਗ ਅੰਦੋਲਨਾਂ ਦਾ ਵੇਰਵਾ ਹੈ-ਸਵਦੇਸ਼ੀ ਲਹਿਰ, ਨਾਮਿਲਵਰਤਨ, ਅਹਿੰਸਾ, ਮਹਾਤਮਾ ਗਾਂਧੀ ਦੀ ਦੇਣ ਆਦਿ।

ਮੈ ਬੜੇ ਉਤਸ਼ਾਹ ਅਤੇ ਜੋਸ਼ ਨਾਲ ਇਹ ਸਾਰੇ ਅਧਿਆਇ ਪੜ੍ਹਾਂਦੀ ਹਾਂ। ਵਿਦਿਆਰਥੀਆਂ ਨੂੰ ਆਜ਼ਾਦੀ ਦੀ ਕੀਮਤ ਸਮਝਣ, ਉਹਦੇ ਮਹੱਤਵ ਦਾ ਅਹਿਸਾਸ ਕਰਨ ਤੇ ਜ਼ੋਰ ਦਿੰਦੀ ਹਾਂ। ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਦੇਸ਼ ਭਗਤੀ, ਤਿਆਗ, ਕਰਤੱਵ ਸੇਵਾ ਭਾਵ, ਉੱਚੇ ਚਰਿਤਰ ਤੇ ਚਲਣ ਲਈ ਕਹਿੰਦੀ ਹਾਂ।

ਪਰ ਆਪਣੇ ਆਸ ਪਾਸ, ਅਖਬਾਰ ਵਿਚ, ਵੇਖਦੀ ਹਾਂ, ਪੜ੍ਹਦੀ ਹਾਂ ਦੋਸ਼ ਹਨ, ਫੋਕੇ ਭ੍ਰਿਸ਼ਟਾਚਾਰ, ਗੁੰਡਾਗਰਦੀ, ਮਾਰਧਾੜ, ਲੁੱਟਘਸੁਟ, ਬਲਾਤਕਾਰ, ਚੋਰੀ ਚਕਾਰੀ, ਤਾਂ ਮਨ ਦੁੱਖ ਨਾਲ ਭਰ ਜਾਂਦਾ ਹੈ।

ਟੀ. ਵੀ. ਖੋਲ੍ਹੋ, ਤਾਂ ਉਕਸਾਊ ਗਾਣੇ, ਨੰਗੇਜ਼, ਕਾਮੁਕ ਦ੍ਰਿਸ਼ ਵੇਖ ਕੇ ਤਾਂ ਦਿਮਾਗ ਚਕਰਾ ਜਾਂਦਾ ਹੈ।

ਸਕੂਲ 'ਚ ਵਿਦਿਆਰਥੀਆਂ ਨੂੰ ਜੋ ਕੁਝ ਸਮਝਾਈਦਾ ਹੈ, ਪੜ੍ਹਾਈਦਾ ਹੈ ਅਤੇ ਆਪਣੇ ਆਸ ਪਾਸ ਜੋ ਵਾਪਰ ਰਿਹਾ ਹੈ ਉਹਦੇ 'ਚ ਕੋਈ ਤਾਲ ਮੇਲ ਨਜ਼ਰ ਨਹੀਂ ਆਉਂਦਾ। ਮਨ ਮਸੋਸ ਕੇ ਰਹਿ ਜਾਈਦਾ ਹੈ।

ਆਜ਼ਾਦੀ ਤੋਂ ਪਹਿਲਾਂ ਤਾਂ ਅਸੀਂ ਦੇਸ਼ ਦੀ ਹਰ ਬੁਰਾਈ ਦਾ ਦੋਸ਼ ਅੰਗਰੇਜ਼ਾਂ ਦੇ ਮੱਥੇ ਮੜ੍ਹ ਦਿੰਦੇ ਸਾਂ। ਸਮਾਜ ਦੀ ਹਰ ਕੁਰੀਤੀ ਦਾ ਕਾਰਨ ਅਸੀ ਬ੍ਰਾਹਮਣਵਾਦ, ਰੂੜੀਵਾਦ ਆਦਿ ਵਿਚ ਢੂੰਡਦੇ ਸਾਂ ਪਰ ਹੁਣ ਇਹਨਾਂ ਸਾਰੀਆਂ ਕੁਰੀਤੀਆਂ, ਬੁਰਾਈਆਂ ਅਤੇ ਗਿਰਾਵਟ ਦਾ ਜ਼ਿੰਮੇਵਾਰ ਕਿਹਨੂੰ ਠਹਿਰਾਈਏ। ਕਿਹਦੇ ਤੇ ਉਂਗਲ ਰਖੀਏ।

ਸਾਡੀ ਪੀੜ੍ਹੀ ਜੰਮੀ ਗੁਲਾਮੀ ਵਿਚ, ਜਵਾਨ ਹੋਈ ਆਜ਼ਾਦੀ ਵਿਚ। ਸਾਡੀਆਂ ਅੱਖਾਂ ਅਗੇ ਇਕ ਸੁਫਨਾ ਸੀ। ਇਕ ਆਦਰਸ਼ ਸੀ। ਅਸੀਂ ਉਸ ਆਦਰਸ਼ ਨੂੰ ਲੈ ਕੇ ਅਗੇ ਵਧੇ ਆਜ਼ਾਦੀ ਤੋਂ ਬਾਦ ਦੇਸ਼ ਖ਼ੁਸ਼ਹਾਲ ਹੋਵੇਗਾ, ਅਨਪੜ੍ਹਤਾ, ਗਰੀਬੀ, ਬੇਕਾਰੀ, ਭਿਖਮੰਗੀ ਦਾ ਨਾਮੋਨਿਸ਼ਾਨ ਨਹੀਂ ਰਹੇਗਾ। ਅਜ਼ਾਦੀ ਦੇ ੪੮ ਸਾਲਾਂ ਬਾਦ ਇਹ ਸਮਸਿਆਵਾਂ ਤਾਂ ਉਂਜ ਦੀਆਂ ਉਂਜ ਹੀ ਹਨ ਪਰ ਨਾਲ ਨਵੀਆਂ ਕੁਰੀਤੀਆਂ ਨੇ ਸਾਡੀ ਧਰਤੀ ਤੇ ਆ ਵਾਸ ਕੀਤਾ ਹੈ।

ਅਸੀਂ ਭਾਰਤਵਾਸੀ ਦੋਹਰੇ ਮਾਪਦੰਡ ਰਖਦੇ ਹਾਂ। ਬੜੇ ਆਦਰਸ਼ਵਾਦੀ, ਬੜੇ ਉਚ ਵਿਚਾਰਾਂ ਵਾਲੇ, ਸੁੱਧ ਚਾਲ ਚਲਣ ਵਾਲੇ ਹੋਣ ਦਾ ਦਾਵਾ ਕਰਦੇ ਹਾਂ ਪਰ ਅਸੀਂ ਕਿੰਨੇ ਹਿਪੋਕ੍ਰੇਟਸ ਹਾਂ। ਕਹਿੰਦੇ ਕੁਝ ਹਾਂ, ਕਰਦੇ ਕੁਝ ਹਾਂ।

ਪਿਛਲੇ ਕੁਝ ਸਾਲਾਂ ਤੋ ਮੇਰੇ ਸੰਪਰਕ 'ਚ ਇਕ ਨਾਮਧਾਰੀ ਪਰਿਵਾਰ ਆਇਆ। ਉਹਨਾਂ ਦੀ ਬੇਟੀ ਦੀ ਸ਼ਾਦੀ ਸੀ। ਉਸ ਸਿਲਸਿਲੇ ਵਿਚ ਸਵੇਰੇ ਸਵੇਰੇ ਇਕ ਨਾਮਧਾਰੀ ਗੁਰਦਵਾਰੇ 'ਚ ਜਾਣ ਦਾ ਮੌਕਾ ਮਿਲਿਆ। ਨਾ ਕੋਈ ਵਾਜਾ ਗਾਜਾ, ਨਾ ਜੰਞ, ਨਾ ਦਾਜ ਦਹੇਜ, ਨਾ ਚਾਹ ਪਾਰਟੀ,..... ਸਿੱਧਾ ਸਾਦਾ ਵਿਆਹ। ਕੋਈ ਸ਼ੋ ਸ਼ਾ ਨਹੀਂ, ਕੋਈ ਫੂੰ ਫਾਂ ਨਹੀਂ। ਵੇਖਕੇ ਸਭ ਬੜਾ ਚੰਗਾ ਲਗਾ।

ਉਸ ਪਰਿਵਾਰ ਕੋਲੋਂ ਹੀ ਮੈਨੂੰ ਗੁਰੂ ਰਾਮ ਸਿੰਘ ਜੀ ਦੀ ਜੀਵਨੀ

Namdhari Elibrary NamdhariElibrary@gmail.com

ਬਾਰੇ ਪੜ੍ਹਨ ਨੂੰ ਇਕ ਪੁਸਤਕ "ਸਭਹਨ ਕੇ ਸਿਰਮੌਰ" ਮਿਲੀ। ਸਤਿਗੁਰੂ ਜੀ ਦੀ ਬਹੁਪੱਖੀ ਸ਼ਖਸੀਅਤ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ।

ਹਿੰਦੁਸਤਾਨ ਵਿਚ ਹੋਰ ਸਭ ਸੁਧਾਰਕ ਜ਼ਿਆਦਾਤਰ ਸ਼ਹਿਰੀ ਜੰਮ ਪਲ ਸਨ ਅਤੇ ਉਹਨਾਂ ਆਪਣਾ ਕਾਰਜ ਖੇਤਰ ਵੀ ਸ਼ਹਿਰਾਂ ਨੂੰ ਹੀ ਬਣਾਇਆ ਸੀ। ਪਰ ਗੁਰੂ ਰਾਮ ਸਿੰਘ ਜੀ ਦਾ ਜਨਮ ਇਕ ਸਧਾਰਨ ਕਿਰਤੀ ਪਰਿਵਾਰ ਵਿਚ ਹੋਇਆ ਸੀ। ਬਚਪਨ ਵੀ ਪਿੰਡ ਵਿਚ ਹੀ ਬੀਤਿਆ ਸੀ ਮਹਾਨ ਸ਼ਖਸੀਅਤਾਂ ਦੇ ਬਨਾਣ ਵਿਚ ਮਾਂ ਦਾ ਬੜਾ ਹੱਥ ਹੁੰਦਾ ਹੈ। ਜਿਵੇਂ ਕਿ ਸ਼ਿਵਾ ਜੀ ਦੀ ਸ਼ਖਸੀਅਤ ਨੂੰ ਉਭਾਰਨ ਵਿਚ ਉਹਨਾਂ ਦੀ ਮਾਤਾ ਦਾ ਬੜਾ ਹੱਥ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਮਾਤਾ ਜੀ ਨੇ ਹੀ ਉਹਨਾਂ ਅੰਦਰ ਸ਼ਰਧਾ ਭਗਤੀ, ਪ੍ਰੇਮ ਭਾਵ, ਪੂਜਾ ਪਾਠ, ਨਾਮ ਸਿਮਰਨ ਦੀ ਲਗਨ ਪੈਦਾ ਕੀਤੀ। ਗੁਰਮੁਖੀ ਅੱਖਰਾਂ ਦਾ ਗਿਆਨ ਆਪ ਦੀ ਮਾਤਾ ਜੀ ਨੇ ਦਿੱਤਾ। ਉਹਨਾਂ ਨੇ ਕਥਾਵਾਂ ਅਤੇ ਗਾਥਾਵਾਂ ਸੁਣਾਕੇ ਸਤਿਗੁਰੂ ਜੀ ਦੇ ਗਿਆਨ ਵਿਚ ਵਾਧਾ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਕਾਰੀਗਰੀ ਦਾ ਕੰਮ ਆਪਣੇ ਪਿਤਾ ਜੀ ਤੋਂ ਸਿਖਿਆ। ਮੰਜੀ ਪੀੜੀ ਠੋਕਣਾ, ਰੰਬੇ ਦਾਤੀਆਂ, ਫਾਲੇ ਠੀਕ ਕਰਨੇ। ਡੰਗਰ ਚਾਰਨ ਵਾਗੀ ਮੁੰਡਿਆਂ ਨਾਲ ਬਾਹਰ ਜਾਣਾ। ਕਸਰਤ ਕਰਨੀ, ਕਬੱਡੀ ਖੇਡਣੀ।

ਇਸ ਸਾਰੀ ਮਿਹਨਤ, ਮੁਸ਼ੱਕਤ, ਖੇਡਾਂ ਅਤੇ ਪਿੰਡ ਦੀ ਖੁਲ੍ਹੀ ਹਵਾ ਵਿਚ ਵਿਚਰਨ ਕਰਕੇ ਆਪ ਦੀ ਸ਼ਖਸੀਅਤ ਵਿਚ ਬੜਾ ਨਿਖਾਰ ਆ ਗਿਆ। ਹਰ ਇਕ ਦਾ ਧਿਆਨ ਉਹਨਾਂ ਵਲ ਖਿਚਿਆ ਜਾਂਦਾ।

ਆਪ ਦੇ ਘਰ ਪਰਿਵਾਰ ਦਾ, ਪਿੰਡ ਦਾ ਮਾਹੌਲ ਬੜਾ ਸਿੱਧਾ ਸਾਦਾ, ਛਲ ਕਪਟ ਰਹਿਤ ਸੀ। ਸਤਿਗੁਰੂ ਜੀ ਦੇ ਸੁਭਾ ਤੇ ਇਸ ਵਾਤਾਵਰਨ ਦਾ ਬੜਾ ਪ੍ਰਭਾਵ ਪਿਆ। ਉਹ ਬਹੁਤ ਮਿੱਠਬੋਲੜੇ ਸੁਭਾ ਦੇ ਸਨ। ਪਿੰਡ ਦੇ ਵਡੇ ਛੋਟੇ, ਗਭਰੂ, ਬਜ਼ੁਰਗ, ਔਰਤਾਂ-ਮਰਦ, ਅਮੀਰ-ਗ਼ਰੀਬ ਸਭ ਦਾ ਦੁੱਖ ਸੁੱਖ ਵੰਡਦੇ। ਸਭ ਦੇ ਕੰਮ ਆਉਣ ਦੀ ਕੋਸ਼ਿਸ਼ ਕਰਦੇ।

੧੮੩੬ ਵਿਚ ਉਹ ਕੰਵਰ ਨੌਂ ਨਿਹਾਲ ਸਿੰਘ ਦੀ ਪਲਟਨ ਵਿਚ ਭਰਤੀ ਹੋ ਗਏ। ਇਥੇ ਉਹਨਾਂ ਦਾ ਸੰਪਰਕ ਬਹੁਤ ਤਰ੍ਹਾਂ ਦੇ ਲੋਕਾਂ ਨਾਲ ਹੋਇਆ, ਗੱਲਾਂ ਦਾ ਆਦਾਨ ਪ੍ਰਦਾਨ ਹੁੰਦਾ। ਪਰ ਆਪ ਆਪਣਾ ਬਹੁਤਾ ਧਿਆਨ ਭਜਨ ਬੰਦਗੀ ਵਲ ਲਗਾਂਦੇ। ਆਪ ਹਰ ਇਕ ਨੂੰ ਸੱਚ, ਸੇਵਾ, ਸੰਜਮ, ਭਜਨ-ਬੰਦਗੀ ਵਲ ਪ੍ਰੇਰਦੇ। ਸਾਧ ਬਿਰਤੀ ਕਰਕੇ ਸਾਰੇ ਆਪ ਜੀ ਨੂੰ ਸੰਤ ਜੀ ਜਾਂ ਮਸਤਾਨਾ ਕਹਿੰਦੇ। ਇਹਨਾਂ ਦੀ ਰਜਮੈਂਟ ਦਾ ਨਾਂ ਵੀ ਭਗਤਾਂ ਵਾਲੀ ਰਜਮੈਂਟ ਕਰਕੇ ਮਸ਼ਹੂਰ ਹੋ ਗਿਆ।

ਇਸ ਫੌਜ ਵਿਚ ਰਹਿ ਕੇ ਆਪ ਨੂੰ ਇਸ ਗੱਲ ਦਾ ਪੱਕਾ ਅਹਿਸਾਸ ਹੋ ਗਿਆ ਸੀ ਕਿ ਪੰਜਾਬ ਵਿਚ ਵੀ ਜਲਦੀ ਹੀ ਅੰਗ੍ਰੇਜ਼ਾਂ ਦਾ ਅਧਿਕਾਰ ਹੋ ਜਾਵੇਗਾ ਕਿਉਂਕਿ ਲਾਹੌਰ ਦਰਬਾਰ 'ਚ ਅਰਾਜਕਤਾ ਦਿਨ ਪ੍ਰਤੀਦਿਨ ਵਧਦੀ ਜਾ ਰਹੀ ਸੀ। ਫੌਜ ਛਡ ਕੇ ਆਪ ਘੁੰਮਦੇ ਘੁੰਮਾਂਦੇ ਭੈਣੀ ਸਾਹਿਬ ਆ ਕੇ ਫਿਰ ਆਪਣੇ ਕੰਮ ਕਾਰ ਵਿਚ ਰੁਝ ਗਏ। ਆਪ ਨੇ ਘਰ ਵਿਚ ਇਕ ਛੋਟੀ ਜਹੀ ਹੱਟੀ ਵੀ ਪਾ ਲਈ। ਗ਼ਰੀਬ ਗ਼ੁਰਬੇ ਨੂੰ ਇਸ ਹੱਟੀ ਤੋਂ ਮੁਫ਼ਤ ਸੌਦਾ ਮਿਲਦਾ।

ਉਧਰ ਪੰਜਾਬ ਤੇ ਈਸਟ ਇੰਡੀਆ ਕੰਪਨੀ ਨੇ ਕਬਜ਼ਾ ਕਰ ਲਿਆ ਸੀ। ਪੰਜਾਬੀਆਂ ਤੇ ਜ਼ੁਲਮ ਵਧ ਗਏ ਸਨ। ਅੰਗ੍ਰੇਜ਼ਾਂ ਨੇ ਫਿਰੋਜ਼ਪੁਰ ਵਿਚ ਛਾਉਣੀ ਦੀ ਉਸਾਰੂ ਸ਼ੁਰੂ ਕਰ ਦਿੱਤੀ ਸੀ। ਗੁਰੂ ਰਾਮ ਸਿੰਘ ਜੀ ਨੇ ਉਥੇ ਕੰਮ ਕੀਤਾ। ਉਥੇ ਵੀ ਉਹਨਾਂ ਦੇ ਪੂਜਾ ਪਾਠ, ਸੁੱਚੀ ਕਿਰਤ, ਮਿੱਠੇ ਬੋਲ, ਚੰਗੇ ਵਰਤਾ, ਨੂਰਾਨੀ ਸ਼ਖਸੀਅਤ ਤੋਂ ਲੋਕ ਬੜੇ ਪ੍ਰਭਾਵਿਤ ਹੋਏ। ਅੰਗ੍ਰੇਜ਼ਾਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਛੁਟਕਾਰਾ ਪਾਣ ਲਈ ਵੀ ਉਹ ਤਰੀਕੇ ਸੋਚਦੇ ਰਹਿੰਦੇ। ਉਹ ਸੋਚਦੇ ਕਿ ਲੋਕਾਂ ਅੰਦਰ ਨਵੀਂ ਰੂਹ ਫੂਕੀ ਜਾਵੇ। ਉਹਨਾਂ ਅੰਦਰ ਦੇਸ਼ ਪਿਆਰ ਦਾ ਜਜ਼ਬਾ ਸੁਰਜੀਤ ਕੀਤਾ ਜਾਵੇ। ਲੋਕਾਂ ਨੂੰ ਅੰਧ ਵਿਸ਼ਵਾਸ਼, ਵਹਿਮਾਂ ਭਰਮਾਂ, ਲੋਭ ਲਾਲਚ ਤੋਂ ਕਢਿਆ ਜਾਵੇ। ਲੋਕਾਂ ਅੰਦਰ ਦੇਸ਼ ਕੌਮ ਅਤੇ ਧਰਮ ਲਈ ਆਪਾ ਕੁਰਬਾਨ ਕਰਨ ਦੀ ਭਾਵਨਾ ਪੈਦਾ ਕੀਤੀ ਜਾਵੇ।

ਸਤਿਗੁਰੂ ਰਾਮ ਸਿੰਘ ਜੀ ਸੋਚਦੇ ਸਨ ਕਿ ਜਦ ਤਕ ਸਾਮਾਜਿਕ ਬੁਰਾਈਆਂ ਦੂਰ ਨਹੀਂ ਹੁੰਦੀਆਂ ਰਾਜਨੀਤਕ ਜਾਗ੍ਰਤੀ ਆਉਣਾ ਮੁਸ਼ਕਲ ਹੈ। ਉਹ ਸਮਾਜ, ਰਾਜਨੀਤੀ ਅਤੇ ਧਰਮ ਦੇ ਆਪਸੀ ਸੰਬੰਧ ਨੂੰ ਸਮਝਦੇ ਸਨ।

ਵਰਤਮਾਨ ਕਾਲ ਵਿਚ ਵੀ ਧਰਮ ਦੇਸ਼ ਵਿਚ ਆਈ ਗਿਰਾਵਟ ਨੂੰ ਦੂਰ ਕਰਨ 'ਚ ਬਹੁਤ ਵਡੀ ਭੂਮਿਕਾ ਅਦਾ ਕਰ ਸਕਦਾ ਹੈ ਪਰ ਅਜ ਧਰਮ ਦਾ ਇਸਤੇਮਾਲ ਗਲਤ ਕੰਮਾਂ ਲਈ ਹੋ ਰਿਹਾ ਹੈ। ਧਰਮ ਵਿਚ ਮੂਲਵਾਦੀ ਤੱਤਾਂ ਨੇ ਆਕੇ ਲੋਕਾਂ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ ਹੈ।

ਸਤਿਗੁਰੂ ਜੀ ਨੇ ਲੋਕਾਂ 'ਚੋਂ ਅੰਧ-ਵਿਸ਼ਵਾਸ ਦੂਰ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਲੋਕ ਮੜ੍ਹੀਆਂ ਦੀ ਪੂਜਾ ਕਰਦੇ ਸਨ, ਜਾਦੂ ਟੋਨਾ, ਤੰਤਰ ਮੰਤਰ, ਤਵੀਤ ਟੋਟਕੇ ਵਿਚ ਉਹਨਾਂ ਦਾ ਬੜਾ ਵਿਸ਼ਵਾਸ਼ ਸੀ। ਸਤਿਗੁਰੂ ਜੀ ਨੇ ਇਹਨਾਂ ਅੰਧ ਵਿਸ਼ਵਾਸ਼ਾਂ ਨੂੰ ਦੂਰ ਕਰਨ ਦਾ ਪੂਰਾ ਯਤਨ ਕੀਤਾ।

ਜੰਮਦੀ ਕੁੜੀ ਨੂੰ ਮਾਰਨਾ ਭਾਰਤ ਵਿਚ ਆਮ ਰਿਵਾਜ ਸੀ। ਸਤਿਗੁਰੂ ਜੀ ਦਾ ਹੁਕਮ ਸੀ ਕਿ ਜੀਵ ਹੱਤਿਆ ਨਹੀਂ ਕਰਨੀ।

ਅਜ ਵੀ ਕੁੜੀਆਂ ਨੂੰ ਮਾਰਨਾ ਬੰਦ ਤਾਂ ਨਹੀਂ ਹੋਇਆ। ਹਾਂ ਤਰੀਕੇ ਬਦਲ ਗਏ ਹਨ। ਅਜ ਵੀ ਲੋੜ ਹੈ ਇਕ ਮਹਾਨ ਹਸਤੀ ਦੀ ਜੋ ਮਜ਼ਲੂਮ ਔਰਤਾਂ ਨੂੰ ਜੀਣ ਦਾ ਹੱਕ ਦਿਲਵਾ ਸਕੇ। ਸਤਿਗੁਰੂ ਜੀ ਨੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਤੇ ਜ਼ੋਰ ਦਿੱਤਾ। ਉਹਨਾਂ ਬਾਲ ਵਿਆਹ ਦਾ ਸਖਤ ਵਿਰੋਧ ਕੀਤਾ।

ਰਾਜਸਥਾਨ ਵਿਚ ਅਜ ਵੀ ਬਾਲ ਵਿਆਹ ਆਮ ਹੁੰਦੇ ਹਨ। ਹਾਲਾਂ ਕਿ ਸਾਡੀ ਸਰਕਾਰ ਨੇ ਬਾਲ ਵਿਆਹ ਰੋਕਣ ਲਈ ਕਾਨੂੰਨ ਵੀ ਬਣਾਇਆ ਹੈ। ਵਿਧਵਾ ਵਿਆਹ ਦੀ ਸਤਿਗੁਰੂ ਜੀ ਨੇ ਆਗਿਆ ਦੇ ਦਿੱਤੀ।

ਰਾਜਾ ਰਾਮ ਮੋਹਨ ਰਾਏ ਅਤੇ ਹੋਰਾਂ ਸੁਧਾਰਕਾਂ ਨੇ ਵੀ ਇਹਨਾਂ ਸੁਧਾਰਾਂ ਤੇ ਬੜਾ ਜ਼ੋਰ ਦਿੱਤਾ ਸੀ ਪਰ ਇਹ ਸੁਧਾਰ ਸ਼ਹਿਰਾਂ ਤਕ ਹੀ ਸੀਮਤ ਸਨ। ਸਤਿਗੁਰੂ ਜੀ ਨੇ ਪੇਂਡੂ ਲੋਕਾਂ ਵਿਚ ਇਹ ਤਬਦੀਲੀਆਂ ਲਿਆਣ ਦਾ ਪੂਰਾ ਯਤਨ ਕੀਤਾ।

ਸਤਿਗੁਰੂ ਜੀ ਨੇ ਵਿਆਹ ਦੀ ਰਸਮ ਦੀ ਸਾਦਗੀ ਤੇ ਬੜਾ ਜ਼ੋਰ ਦਿੱਤਾ ਅਤੇ ਜ਼ਿਆਦਾਤਰ ਨਾਮਧਾਰੀ ਇਸ ਨੂੰ ਅਪੋਣਾਂਦੇ ਹਨ। ਦਾਜ ਦੀ ਪ੍ਰਥਾ ਦਾ ਉਹਨਾਂ ਬਹੁਤ ਖੰਡਨ ਕੀਤਾ।

ਅਜ ਤੱਕ ਅਸੀਂ ਇਤਿਹਾਸ ਦੀਆਂ ਕਿਤਾਬਾਂ 'ਚ ਪੜ੍ਹਦੇ ਆਏ ਹਾਂ ਕਿ ਸੁਦੇਸ਼ੀ ਅਤੇ ਨਾਮਿਲਵਰਤਨ ਦੀਆਂ ਲਹਿਰਾਂ ਮਹਾਤਮਾਂ ਗਾਂਧੀ ਨੇ ਚਲਾਈਆਂ। ਮੈਨੂੰ ਬੜਾ ਅਫਸੋਸ ਹੈ ਕਿ ਸਾਡੀਆਂ ਸਕੂਲ ਦੀਆਂ ਇਤਿਹਾਸ ਦੀਆਂ ਪੁਸਤਕਾਂ ਵਿਚ ਇਸ ਦੀ ਗੱਲ ਨਹੀਂ ਕੀਤੀ ਜਾਂਦੀ ਕਿ ਸਤਿਗੁਰੂ ਰਾਮ ਸਿੰਘ ਵਲੋਂ ੧੯ਵੀਂ ਸਦੀ ਵਿਚ ਹੀ ਇਹ ਲਹਿਰਾਂ ਸ਼ੁਰੂ ਕੀਤੀਆਂ ਗਈਆਂ ਸਨ। ਸਤਿਗੁਰੂ ਜੀ ਨੇ ਭਾਰਤ ਦੀਆਂ ਮੰਡੀਆਂ

Namdhari Elibrary NamdhariElibrary@gmail.com

ਵਿਚੋਂ ਅੰਗਰੇਜ਼ੀ ਵਸਤਾਂ ਦੀ ਖਪਤ ਬੰਦ ਕਰਨ ਲਈ ਨੇਮਬਧ ਪ੍ਰੋਗਰਾਮ ਬਣਾਇਆ। ਉਹਨਾਂ ਨੇ ਨਾਮਧਾਰੀਆਂ ਨੂੰ ਸਰਕਾਰੀ ਨੌਕਰੀ ਕਰਨ ਦੀ ਸਖਤ ਮਨਾਹੀ ਕੀਤੀ। ਆਪ ਨੇ ਅੰਗਰੇਜ਼ ਅਦਾਲਤਾਂ ਵਿਚ ਆਪਣੇ ਮੁਕਦਮੇਂ ਲੈ ਜਾਣ ਤੋਂ ਰੋਕਿਆ। ਉਹਨਾਂ ਕਿਹਾ ਆਪਸੀ ਝਗੜੇ ਪੰਚਾਇਤਾਂ ਵਿਚ ਹੀ ਨਿਪਟਾਣੇ ਚਾਹੀਦੇ ਹਨ।

ਆਪ ਨੇ ਘੁੰਡ ਪ੍ਰਥਾ, ਰੰਗ ਬਿਰੰਗੇ ਕਪੜੇ ਪਾਉਣ, ਕੰਨ੍ਹ ਵਿੰਨ੍ਹਣ, ਮੁਕਾਣ ਜਾ ਕੇ ਵੈਣ ਪਾਣ ਅਤੇ ਪਿੱਟ ਸਿਆਪਾ ਕਰਨ ਦੀ ਮਨਾਹੀ ਕੀਤੀ।

ਸਤਿਗੁਰੂ ਜੀ ਸਾਰੇ ਪੰਜਾਬ ਵਿਚ ਘੁੰਮ ਘੁੰਮ ਕੇ ਪ੍ਰਚਾਰ ਕਰਦੇ। ਸੱਚੇ ਸੁੱਚੇ ਦੇਸ਼ ਭਗਤਾਂ ਦੀ ਸੰਖਿਆ ਵਿਚ ਨਿਰੰਤਰ ਵਾਧਾ ਹੁੰਦਾ ਗਿਆ। ਅੰਗਰੇਜ਼ ਸਤਿਗੁਰੂ ਜੀ ਦੀ ਲੋਕ ਪ੍ਰਿਯਤਾ ਵੇਖ ਕੇ ਡਰ ਜਹੇ ਗਏ ਸਨ।

ਅੰਗਰੇਜ਼ਾਂ ਨੇ ਹਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਹਿਦਾਇਤ ਦਿੱਤੀ ਕਿ ਉਹ ਨਾਮਧਾਰੀਆਂ ਦੀਆਂ ਕਾਰਵਾਈਆਂ ਤੇ ਨਿਗਰਾਨੀ ਰੱਖਣ। ਸਤਿਗੁਰੂ ਰਾਮ ਸਿੰਘ ਬਾਰੇ ਤਾਂ ਉਚੇਚੀ ਗੁਪਤ ਜਾਣਕਾਰੀ ਰਖੀ ਜਾਵੇ।

ਅੰਗਰੇਜ਼ ੧੮੫੭ ਈਸਵੀ ਦੇ ਗਦਰ ਦੇ ਕਾਰਨ ਡਰੇ ਹੋਏ ਸਨ। ਉਹ ਪੰਜਾਬ ਵਿਚ ਇਸ ਨਵੀਂ ਜਥੇਬੰਦੀ ਨੂੰ ਵਧਣ ਫੁਲਣ ਨਹੀਂ ਸਨ ਦੇਣਾ ਚਾਹੁੰਦੇ। ਉਹ ਇਸ ਧਾਰਮਕ, ਸੁਧਾਰਵਾਦੀ ਲਹਿਰ ਨੂੰ ਦਬਾ ਦੇਣਾ ਚਾਹੁੰਦੇ ਸਨ।

ਅੰਗਰੇਜ਼ਾਂ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਇਕ ਪਿੰਡ ਦੇ ਸਾਧਾਰਨ ਤਰਖਾਣ ਦੇ ਬੇਟੇ ਨੇ ਐਨੀ ਮਜ਼ਬੂਤ ਜੱਥੇਬੰਦੀ ਕਾਇਮ ਕਰ ਲਈ ਹੈ। ੧੮੬੩ ਵਿਚ ਖੋਟੇ ਅਨੰਦ ਮਰਯਾਦਾ ਸ਼ੁਰੂ ਕਰਨ ਦੇ ਮੌਕੇ ਉੱਤੇ ਨਾਮਧਾਰੀਆਂ ਦੇ ਇਕੱਠ, ਉਹਨਾਂ ਦੇ ਜੋਸ਼, ਉਹਨਾਂ ਦੇ ਅਨੁਸਾਸ਼ਨ ਨੂੰ ਵੇਖ ਕੇ ਅੰਗਰੇਜ਼ ਬਹੁਤ ਹੀ ਡਰ ਗਏ ਸਨ। ਉਹਨਾਂ ਨੂੰ ਇਸ ਇਕੱਠ ਵਿਚ 'ਗਦਰ' ਦੇ ਆਸਾਰ ਨਜ਼ਰ ਆ ਰਹੇ ਸਨ। ਉਹਨਾਂ ਨੇ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ। ਨਜ਼ਰਬੰਦੀ ਵਿਚ ਰਹਿ ਕੇ ਸਤਿਗੁਰੂ ਜੀ ਨੇ ਆਪਣਾ ਪ੍ਰਚਾਰ ਦਾ ਕੰਮ ਜਾਰੀ ਰਖਿਆ। ਨਜ਼ਰਬੰਦੀ ਦੇ ਬਾਵਜੂਦ ੧੮੬੭ ਈ. ਵਿਚ ਸਤਿਗੁਰੂ ਜੀ ਹੋਲਾ ਮੱਹਲਾ ਮਨਾਉਣ ਲਈ ਆਨੰਦਪੁਰ ਸਾਹਿਬ ਪਹੁੰਚੇ।

ਸਰਕਾਰੀ ਹੁਕਮ ਦੀ ਉਲੰਘਣਾ ਕਰਕੇ ਸਤਿਆਗ੍ਰਹਿ ਕਰਦੇ ਹੋਏ ਦਿਵਾਲੀ ਉੱਤੇ ਅੰਮ੍ਰਿਤਸਰ ਪਹੁੰਚੇ। ਆਸ ਪਾਸ ਦੇ ਲੋਕ ਆਪ ਦੀ ਸਿਖਿਆ ਤੋਂ ਪ੍ਰਭਾਵਿਤ ਹੋ ਕੇ ਹੁੰਮ ਹੁਮਾ ਕੇ ਇਹਨਾਂ ਮੇਲਿਆਂ ਵਿਚ ਪਹੁੰਚਦੇ। ਉਹਨਾਂ ਦੇ ਹਜ਼ਾਰਾਂ ਸ਼ਰਧਾਲੂਆਂ ਦੀ ਗਿਣਤੀ ਵੇਖ ਕੇ ਅੰਗਰੇਜ਼ਾਂ ਨੂੰ ਪਿੱਸੂ ਪੈਣੇ ਸ਼ੁਰੂ ਹੋ ਗਏ।

ਸਤਿਗੁਰੂ ਜੀ ਆਪਣੇ ਅੰਦੋਲਨ ਨੂੰ ਸ਼ਾਂਤਮਈ ਅਤੇ ਅਹਿੰਸਾਵਾਦੀ ਰਖਣ ਤੇ ਜ਼ੋਰ ਦਿੰਦੇ ਸਨ। ਤਾਂ ਵੀ ਇਸ ਲਹਿਰ ਨੇ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਸੀ। ਅੰਗਰੇਜ਼ ਸਤਿਗੁਰੂ ਜੀ ਉੱਤੇ ਅਤੇ ਉਹਨਾਂ ਦੇ ਮਿਸ਼ਨ ਤੇ ਕਰੜੀ ਨਿਗਰਾਨੀ ਰਖ ਰਹੇ ਸਨ। ਦਸਮ ਗ੍ਰੰਥ ਦੀਆਂ ਕੁਝ ਜੋਸ਼ੀਲੀਆਂ ਅਤੇ ਦਲੇਰੀ ਭਰੀਆਂ ਬਾਣੀਆਂ ਨਾਮਧਾਰੀਆਂ ਦੇ ਨਿਤਨੇਮ ਦਾ ਹਿੱਸਾ ਬਣ ਚੁੱਕੀਆਂ ਸਨ। ਇਹਨਾਂ ਬਾਣੀਆਂ ਨੇ ਨਾਮਧਾਰੀਆਂ ਵਿਚ ਨਵਾਂ ਉਤਸ਼ਾਹ ਭਰ ਦਿੱਤਾ ਸੀ। ਅੰਗਰੇਜ਼ ਬੌਖਲਾ ਗਏ ਸਨ ਸੋ ਉਹਨਾਂ ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦੇਣ ਦਾ ਫੈਸਲਾ ਕੀਤਾ।

੧੭ ਜਨਵਰੀ ੧੮੭੨ ਈ. ਨੂੰ ਸਤਿਗੁਰੂ ਜੀ ਨੂੰ ਗਰਿਫ਼ਤਾਰ ਕਰਨ ਦਾ ਹੁਕਮ ਜਾਰੀ ਹੋ ਗਿਆ। ਮਾਰਚ ੧੮੭੨ ਨੂੰ ਸਤਿਗੁਰੂ ਜੀ ਨੂੰ ਹਾਵੜਾ ਪਹੁੰਚਾਇਆ ਗਿਆ। ਫਿਰ ਕਲਕੱਤਾ ਤੋਂ ਸਮੁੰਦਰੀ ਜਹਾਜ਼ ਰਾਹੀਂ ਆਪ ਨੂੰ ਰੰਗੂਨ ਭੇਜਿਆ ਗਿਆ। ਉਥੇ ਇਕ ਰਾਜਸੀ ਕੈਦੀ ਦੇ ਰੂਪ ਵਿਚ ਰਹੇ। ਉਥੇ ਬੈਠੇ ਵੀ ਉਹ ਖਤੋ ਕਿਤਾਬਤ ਰਾਹੀਂ ਆਪਣੇ ਵਿਚਾਰ ਹਿੰਦੁਸਤਾਨ ਵਿਚ ਭੇਜਦੇ ਰਹੇ। ਮੌਕਾ ਮਿਲਣ ਤੇ ਕੁਝ ਨਾਮਧਾਰੀ ਸਿੱਖ ਵੀ ਉਹਨਾਂ ਨੂੰ ਮਿਲਣ ਜਾਂਦੇ ਰਹੇ। ਅੰਗਰੇਜ਼ਾਂ ਨੇ ਉਹਨਾਂ ਤੇ ਹੋਰ ਬੰਦਸ਼ਾਂ ਲਗਾ ਦਿੱਤੀਆਂ। ਪਰ ਉਹਨਾਂ ਦੇ ਸ਼ਰਧਾਲੂ ਇਹਨਾਂ ਬੰਦਸ਼ਾਂ ਨੂੰ ਤੋੜ ਕੇ ਵੀ ਉਥੇ ਪੁਜਦੇ ਰਹੇ।

ਅੰਗਰੇਜ਼ਾਂ ਨੇ ਡਰ ਕੇ ੧੮੮੦ ਵਿਚ ਉਹਨਾਂ ਨੂੰ ਮਰਗੋਈ ਜ਼ੇਲ੍ਹ ਵਿਚ ਪਹੁੰਚਾ ਦਿੱਤਾ। ਮਰਗੋਈ ਭੇਜਣ ਦਾ ਭੇਦ ਕਿਸੇ ਨੂੰ ਪਤਾ ਨਾ ਲਗਣ ਦਿਤਾ। ਉਹਨਾਂ ਨੂੰ ਮਿਲਣ ਤੇ ਬੜੀ ਪਾਬੰਦੀ ਲਗਾ ਦਿੱਤੀ ਗਈ। ਪਰ ਉਹਨਾਂ ਦੇ ਸ਼ਰਧਾਲੂਆਂ ਨੇ ਮਿਲਣ ਦੇ ਨਵੇਂ ਰਾਹ ਲਭ ਹੀ ਲਏ।

ਅਜ ਅਸੀ ਲੋਕਤੰਤਰ ਦੇਸ਼ ਵਿਚ ਰਹਿੰਦੇ ਹਾਂ। ਅਜ ਸਾਨੂੰ ਲੋੜ ਹੈ ਇਹੋ ਜਹੀ ਰੂਹਾਨੀ ਸ਼ਖਸੀਅਤ ਦੀ ਜੋ ਦੇਸ਼ ਦੀ ਸਹੀ ਰਾਹਨੁਮਾਈ ਕਰ ਸਕੇ। ■

ਮਰਣਾ ਕਬੂਲ ਕਰੋ

'ਨਾਨਕ ਸ਼ਾਹ ਕੀ ਤਰਹ ਰਾਮ ਸਿੰਘ ਭੀ ਹਰ ਕੌਮ ਔਰ ਹਰ ਜ਼ਾਤ ਕੇ ਆਦਮੀ ਕੋ ਅਪਣੇ ਮਜ਼ਬ ਵ ਫਿਰਕੇ ਮੇਂ ਮਿਲਾ ਲੇਤਾ ਰਹਾ, ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਇਨ ਕੂਕੇ ਮੇਂ ਅਕਸਰ ਨੀਚ ਜ਼ਾਤ ਕੇ ਲੋਗ ਮਿਸਾਲ ਪੰਜਾਬੀ ਜਾਟ ਔਰ ਚਮਾਰ ਵਗੈਰਾ ਹੈਂ। ਅਕਾਇਦ ਉਨਕੇ ਸਾਫ ਔਰ ਆਸਾਨ ਹੈਂ। ਯਾਨੀ ਬੁਤਪ੍ਰਸਤੀ ਕਿਸੀ ਤਰ੍ਹਾਂ ਜਾਇਜ਼ ਨਹੀਂ। ਕਿਸੀ ਜ਼ਾਤ ਕੀ ਕੈਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਕੋ ਅਪਨਾ ਦੇਵਤਾ ਮਾਨਤੇ ਹੈਂ। ਚੋਰੀ ਜ਼ਿਨ੍ਹਾਕਰੀ, ਸ਼ਰਾਬਖੋਰੀ ਔਰ ਕੁਲ ਮਸਕਰਾਤੇ ਫਸਾਦ ਗੋਸ਼ਤ ਔਰ ਝੂਠ ਉਨਕੇ ਕਤਈ ਮਨ੍ਹਾ ਹੈ। ਜੋ ਕੋਈ ਕੂਕਾ ਹੋਤਾ ਹੈ ਔਰ ਯਿਹ ਮਜ਼ਬ ਇਖਤਿਆਰ ਕਰਤਾ ਹੈ ਉਸ ਕੇ ਊਪਰ ਅਤਾਇਤ ਗੁਰੂ ਕੀ ਔਰ ਪਾਬੰਦੀ ਅਕਾਇਦ ਕੀ ਔਰ ਜਫ਼ਾਕਸ਼ੀ ਔਰ ਜਾਨ ਫਸ਼ਾਨੀ ਜਬਰਨ ਲਾਜ਼ਮ ਕਰਤੇ ਹੈਂ। ਬੜਾ ਮਾਕੂਲਾ ਉਨ ਕਾ ਯਹ ਹੈ, 'ਮਰਨਾ ਕਬੂਲ ਕਰੋ, ਆਪਣੇ ਤੀਂ ਖਾਕ ਸਮਝੋ ਤਬ ਕੂਕਾ ਬਨੋ।"

ਕੂਕੋਂ ਕਾ ਰੋਜ਼ ਰਾਤ ਕੋ ਤੀਨ ਬਜੇ ਉੱਠ ਕਰ ਨਹਾਨਾ ਹੋਤਾ ਹੈ ਔਰ ਨਹਾ ਧੋ ਕਰ ਗ੍ਰੰਥ ਕੇ ਅਸ਼ਲੋਕ ਪੜ੍ਹਤੇ ਹੈਂ। ਉਨ ਕੋ ਤਮਾਮ ਉਮਰ ਨੇਕੀ ਔਰ ਨੇਕ ਚਲਨੀ ਕੀ ਤਾਕੀਦ ਕੀ ਜਾਤੀ ਹੈ।...ਕੂਕਾ ਕੇ ਫਿਰਕੇ ਮੇਂ ਕਿਸੀ ਨੇ ਮੱਕਾਰ ਔਰ ਬਦ-ਇਖਲਾਕ ਕਮ ਦੇਖਾ ਹੋਗਾ। ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕਰ ਮਾਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ। ਗਾਓਂ ਕੇ ਗਾਓਂ ਔਰ ਮੌਜ਼ਿਆ ਕੇ ਮੌਜ਼ਿਆ ਕੂਕੇ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ ਜੋ ਮੂਜਦ ਥੇ, ਨੇ ਸਿਲਸਿਲਾ ਅਰਸ਼ਾਦ ਕੀਆ, ਉਨਕੋ ਯਹ ਨਸੀਬ ਨਾ ਹੂਆ ਕਿ ਦਸ ਬਰਸ ਮੇਂ ਏਕ ਹਜ਼ਾਰ ਆਦਮੀ ਉਨਕੇ ਚੇਲੋਂ ਮੇਂ ਹੋਤਾ। ਉਸਕੇ ਮਜ਼ਬ ਕਾ ਆਰੂਜ਼ ਪਿਛਲੇ ਮਸਨਦ ਨਸ਼ੀਨੋਂ ਕੇ ਵਕਤ ਮੇਂ ਹੂਆ ਥਾ। ਇਸ ਮੂਜਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।

ਮੌਲਵੀ ਗੁਲਾਮ ਭੀਖ
(-ਤਾਰੀਖ-ਵਾਕਰੀ ਚੋਂ)

Namdhari Elibrary NamdhariElibrary@gmail.com



■ ਜਸਵਿੰਦਰ ਸਿੰਘ

ਬਰਮਾ ਵਿੱਚ ਇਤਿਹਾਸਕ ਅਸਥਾਨਾਂ ਦੀ ਭਾਲ

'ਰੰਗੂਨ' ਦਾ ਨਾਂ ਸੁਣਦਿਆਂ ਹੀ ਮੈਂ ਇੱਕ ਦੱਮ ਸੁਚੇਤ ਹੋ ਗਿਆ। ਯਾਦ ਆ ਗਏ ਪ੍ਰਦੇਸ ਗਏ ਹੋਏ ਚੀਨੀ ਅਸਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੂੰ ਅੰਗ੍ਰੇਜ਼ਾਂ ਨੇ ਪੰਜਾਬ ਤੋਂ ਗਿਰਫ਼ਤਾਰ ਕਰਕੇ ਮਾਰਚ ੧੮੭੨ ਈ. ਵਿਚ ਰੰਗੂਨ ਸਹਿਰ ਵਿਖੇ ਭੇਜ ਦਿੱਤਾ ਸੀ। ਉਦੋਂ ਤੋਂ 'ਰੰਗੂਨ' ਸ਼ਬਦ ਨਾਮਧਾਰੀ ਸਮਾਜ ਲਈ ਓਪਰਾ ਨਹੀਂ ਸੀ ਰਹਿ ਗਿਆ ਅਤੇ ਅੱਜ ਤੱਕ ਵੀ ਸਭ ਉਹਨਾਂ ਦੇ ਵਤਨ ਵਾਪਸ ਆਉਣ ਦੀਆਂ ਉਮੀਦਾਂ ਲਗਾਈ ਬੈਠੇ ਹਨ। ਭਾਵਨਾਤਮਕ ਜਿਹਾ ਰਿਸ਼ਤਾ ਬਣ ਗਿਆ ਹੋਇਆ ਹੈ ਨਾਮਧਾਰੀਆਂ ਦਾ ਬਰਮਾਂ ਦੇਸ਼ ਨਾਲ ਅਤੇ ਰੰਗੂਨ ਦੀ ਯਾਤਰਾ ਇਕ ਤਰ੍ਹਾਂ ਨਾਲ 'ਮੱਕੇ ਦੀ ਯਾਤਰਾ' ਹੀ ਬਣ ਗਈ ਸੀ ਦਰਸ਼ਨ ਪ੍ਰੇਮੀ ਸਿੰਘਾਂ ਵਾਸਤੇ।

ਕਈ ਸਾਲ ਪਹਿਲਾਂ ਦੀ ਗੱਲ ਹੈ, ਦਿੱਲੀ ਤੋਂ ਬੰਕੌਕ ਜਾਂਦਿਆਂ ਹੋਇਆਂ ਲਗਭਗ ਤਿੰਨ ਕੁ ਘੰਟਿਆਂ ਦੀ ਹਵਾਈ ਉਡਾਣ ਤੋਂ ਬਾਦ ਜਹਾਜ਼ ਦੇ ਕਪਤਾਨ ਵੱਲੋਂ ਦਸਿਆ ਗਿਆ-'ਹੁਣ ਅਸੀਂ ਬਰਮਾ ਦੀ ਰਾਜਧਾਨੀ ਰੰਗੂਨ ਦੇ ਉਪਰੋਂ ਲੰਘ ਰਹੇ ਹਾਂ'। 'ਰੰਗੂਨ' ਦਾ ਨਾਂ ਸੁਣਦਿਆਂ ਹੀ ਮੈਂ ਇੱਕ ਦੱਮ ਸੁਚੇਤ ਹੋ ਗਿਆ। ਯਾਦ ਆ ਗਏ ਪ੍ਰਦੇਸ ਗਏ ਹੋਏ ਚੀਨੀ ਅਸਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੂੰ ਅੰਗ੍ਰੇਜ਼ਾਂ ਨੇ ਪੰਜਾਬ ਤੋਂ ਗਿਰਫ਼ਤਾਰ ਕਰਕੇ ਮਾਰਚ ੧੮੭੨ ਈ. ਵਿਚ ਰੰਗੂਨ ਸ਼ਹਿਰ ਵਿਖੇ ਭੇਜ ਦਿੱਤਾ ਸੀ। ਉਦੋਂ ਤੋਂ 'ਰੰਗੂਨ' ਸ਼ਬਦ ਨਾਮਧਾਰੀ ਸਮਾਜ ਲਈ ਓਪਰਾ ਨਹੀਂ ਸੀ ਰਹਿ ਗਿਆ ਅਤੇ ਅੱਜ ਤੱਕ ਵੀ ਸਭ ਉਹਨਾਂ ਦੇ ਵਤਨ ਵਾਪਸ ਆਉਣ ਦੀਆਂ ਉਮੀਦਾਂ ਲਗਾਈ ਬੈਠੇ ਹਨ। ਭਾਵਨਾਤਮਕ ਜਿਹਾ ਰਿਸ਼ਤਾ ਬਣ ਗਿਆ ਹੋਇਆ ਹੈ ਨਾਮਧਾਰੀਆਂ ਦਾ ਬਰਮਾਂ ਦੇਸ਼ ਨਾਲ ਅਤੇ ਰੰਗੂਨ ਦੀ ਯਾਤਰਾ ਇਕ ਤਰ੍ਹਾਂ ਨਾਲ ਮੱਕੇ ਦੀ ਯਾਤਰਾ' ਹੀ ਬਣ ਗਈ ਸੀ ਦਰਸ਼ਨ ਪ੍ਰੇਮੀ ਸਿੰਘਾਂ ਵਾਸਤੇ। ਜਦੋਂ ਪੰਜਾਬ ਵਿਚ ਰਹਿੰਦੇ ਨਾਮਧਾਰੀਆਂ ਨੂੰ ਪਤਾ ਲਗ ਗਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਸ਼ਹਿਰ ਵਿੱਚ ਰੱਖਿਆ ਗਿਆ ਹੋਇਆ ਹੈ, ਤਾਂ ਦਰਸ਼ਨ ਅਭਿਲਾਸ਼ੀ ਸਿੱਖਾਂ ਦੇ ਕਦਮ ਤੁਰ ਪਏ ਸਨ ਇਸ ਸ਼ਹਿਰ ਵੱਲ ਅਤੇ ਔਕੜਾਂ ਸਹਾਰਦੇ, ਸਰਕਾਰੀ ਪਾਬੰਦੀਆਂ ਤੋਂ ਬਚਦੇ-ਬਚਾਂਦੇ ਲਗਭਗ ਸੌ ਕੁ ਨਾਮਧਾਰੀ ਸਿੱਖਾਂ ਨੇ ਬਰਮਾ ਦੇ ਇਸ ਸ਼ਹਿਰ ਵਿਚ ਪਹੁੰਚ ਕੇ ਗੁਪਤ ਰੂਪ ਵਿਚ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਅਰਦਾਸਾਂ ਦਿਤੀਆਂ ਅਤੇ ਹੁਕਮਨਾਮੇਂ ਪ੍ਰਾਪਤ ਕੀਤੇ। ਉਸੇ ਸ਼ਹਿਰ ਦੇ ਉਪਰੋਂ ਦੀ ਸਾਡਾ ਹਵਾਈ ਜਹਾਜ਼ ਲੰਘ ਰਿਹਾ ਸੀ।

ਮੈਂ ਵੀ ਗੁਰੂ ਰਾਮ ਸਿੰਘ ਦਾ 'ਸ਼ੈਦਾਈ' ਹਾਂ, ਆਸ਼ਕ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਮੈਨੂੰ ਨਾਮਧਾਰੀ ਇਤਿਹਾਸ ਦੀ ਖ਼ੋਜ ਦੇ ਕੰਮ ਵਿੱਚ ਲਗਾਇਆ ਹੋਇਆ ਹੈ। ਰੰਗੂਨ ਸ਼ਹਿਰ ਦੇ ਉਪਰੋਂ ਦੀ ਲੰਘੇ ਜਾਣ ਦੀ ਜਾਣਕਾਰੀ ਮਿਲਦਿਆਂ ਹੀ ਮੈਂ ਝੱਟ ਜਹਾਜ਼ ਦੀ ਖਿੜਕੀ ਦੇ ਸ਼ੀਸ਼ੇ ਵਿੱਚੋਂ ਦੀ ਥੱਲੇ ਨੂੰ ਝਾਕਿਆ। ਹਵਾਈ ਜਹਾਜ਼ ਰੰਗੂਨ ਸ਼ਹਿਰ ਦੇ ਥੋੜਾ ਜਿਹਾ ਦੱਖਣ ਵਲੋਂ ਦੀ ਲੰਘ ਰਿਹਾ ਸੀ। ਖਿੜਕੀ ਵਿਚੋਂ ਸਾਰਾ ਸ਼ਹਿਰ ਬਿਜਲੀ ਦੀ ਰੌਸ਼ਨੀ ਵਿੱਚ ਜਗਮਗਾਉਂਦਾ ਦਿਸ ਰਿਹਾ ਸੀ। ਬਰਮਾ ਦੇਸ਼ ਦੇ ਹਿਸਾਬ ਨਾਲ ਲਗਭਗ ਰਾਤ ਦੇ ਨੌਂ ਕੁ ਵੱਜੇ ਦਾ ਸਮਾਂ ਹੋਵੇਗਾ। ਕਤਾਰ ਵਿਚ ਜਗਦੀਆਂ ਲਾਈਟਾਂ ਤੋਂ ਸੜਕਾਂ ਅਤੇ ਸੰਘਣੀਆਂ ਬੱਤੀਆਂ ਤੋਂ ਅਬਾਦੀ ਦਾ ਅਨੁਮਾਨ ਲਗਾ ਲੈਣਾ ਕੋਈ ਮੁਸ਼ਕਲ ਨਹੀਂ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਆਉਂਦਿਆਂ ਹੀ ਅੱਖਾਂ ਵਿਚ ਜਲ ਭਰ ਆਇਆ-

"ਆਤੇ ਹੀ ਖ਼ਿਆਲ ਉਨ ਕਾ ਆਂਸੂ ਨਿਕਲ ਗਏ।
ਆਂਸੂ ਉਨ ਕੀ ਯਾਦ ਕੇ ਇਤਨੇ ਕਰੀਬ ਥੇ।"

ਮੈਂ ਸੋਚਣ ਲੱਗ ਪਿਆ ਕਿ ਇਸੇ ਸ਼ਹਿਰ ਦੇ ਕਿਸੇ ਬੰਗਲੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੱਖਿਆ ਗਿਆ ਸੀ, ਕਿਥੇ ਹੋਵੇਗਾ ਉਹ ਬੰਗਲਾ? ਸਾਡੇ ਲਈ ਤਾਂ ਉਹ ਬੰਗਲਾ, ਉਹ ਥਾਂ, ਉਹ ਸੜਕ 'ਪਵਿਤ੍ਰ' ਅਤੇ 'ਸੁਹਾਵੀ' ਹੈ ਜਿਥੇ ਸਤਿਗੁਰੂ ਜੀ ਨੇ ਚਰਨ ਪਾਏ ਸਨ। ਉਸ ਧਰਤੀ ਦੇ ਧੰਨ ਭਾਗ ਹਨ ਜਿਸ ਨੇ ਉਹਨਾਂ ਦੇ ਪਵਿਤ੍ਰ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਹੈ। ਗੁਰਬਾਣੀ ਸਾਖੀ ਭਰਦੀ ਹੈ:-

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।।"

ਅਤੇ

Namdhari Elibrary NamdhariElibrary@gmail.com

'ਸਾ ਧਰਤੀ ਪਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ।।"

ਐਸੇ ਪਵਿਤ੍ਰ ਅਤੇ ਇਤਿਹਾਸਕ ਥਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਦਰਸ਼ਨ ਕੀਤੇ ਜਾਣੇ ਚਾਹੀਦੇ ਹਨ। ਇੰਝ ਰੰਗੂਨ ਵਿਖੇ ਸਤਿਗੁਰੂ ਜੀ ਨਾਲ ਸੰਬੰਧਤ ਥਾਵਾਂ ਨੂੰ ਦੇਖਣ ਦੀ ਤੀਬਰ ਇੱਛਾ ਮੇਰੇ ਮਨ ਵਿੱਚ ਜਾਗ੍ਰਿਤ ਹੋ ਗਈ।

ਨਾਂਮਧਾਰੀ ਇਤਿਹਾਸ ਨਾਲ ਸੰਬੰਧਤ ਹੋਣ ਕਰਕੇ ਮੈਂ ਪਿਛਲੇ ਪੰਦਰ੍ਹਾਂ ਸਾਲਾਂ ਤੋ ਲਾਇਬ੍ਰੇਰੀਆਂ ਅਤੇ ਰਿਕਾਰਡ ਆਫਸਾਂ ਵਿੱਚ ਜਾ ਕੇ ਖੋਜ਼ ਦਾ ਕੰਮ ਕੀਤਾ ਹੈ। ਕਈਆਂ ਥਾਵਾਂ ਤੇ ਮੈਨੂੰ ਜਾਣ ਦਾ ਅਵਸਰ ਵੀ ਮਿਲਿਆ ਹੈ। ਰਿਕਾਰਡ ਦਫਤਰਾਂ ਵਿਚ ਪਈਆਂ ਹੋਈਆਂ ਨਾਮਧਾਰੀ ਸਮਾਜ ਨਾਲ ਸੰਬੰਧਤ ਮੈਂ ਲਗਭਗ ਸਾਰੀਆਂ ਹੀ ਉਪਲੱਬਧ ਫਾਈਲਾਂ ਪੜ੍ਹ ਚੁੱਕਾ ਹਾਂ। ਇਹਨਾਂ ਰਿਕਾਰਡਾਂ ਵਿਚ ਅ-ਸਿੱਧੇ ਤੌਰ ਤੇ ਥੋੜਾ ਥੋੜਾ ਜ਼ਿਕਰ ਉਹਨਾਂ ਥਾਵਾਂ ਬਾਰੇ ਲਿਖਿਆ ਮਿਲਦਾ ਹੈ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਲੈ ਜਾ ਕੇ ਅੰਗ੍ਰੇਜ਼ਾਂ ਨੇ ਰੱਖਿਆ ਸੀ। ਇਸ ਲਈ ੩੧,੦੦੦ ਫੁਟ ਦੀ ਉਚਾਈ ਤੋਂ ਰੰਗੂਨ ਸ਼ਹਿਰ ਦੇ ਦਰਸ਼ਨ ਕਰਕੇ ਮੇਰੀ ਤਸੱਲੀ ਹੋਣ ਦੀ ਬਜਾਏ, ਸ਼ਹਿਰ ਦੇਖਣ ਦੀ 'ਪਿਆਸ' ਵੱਧਦੀ ਜਾਣ ਲੱਗ ਪਈ। ਰੰਗੂਨ ਸ਼ਹਿਰ ਪਿਛੇ ਰਹਿ ਗਿਆ ਅਤੇ ਸ਼ਹਿਰ ਦੀਆਂ ਬੱਤੀਆਂ ਹੌਲੀ ਹੌਲੀ ਮੱਧਮ ਹੋਣ ਲਗ ਪਈਆਂ।

ਸਭ ਜਾਣਦੇ ਹਨ ਕਿ ਸਤਿਗੁਰੂ ਜਾਣੀ ਜਾਣ ਹੁੰਦਾ ਹੈ ਅਤੇ ਉਹ ਸਾਡੇ ਦਿਲਾਂ ਦੀਆਂ ਜਾਣ ਕੇ ਸਮੇਂ ਅਨੁਸਾਰ ਕਿਰਪਾ ਕਰਦਾ ਹੈ। ਮੇਰੇ ਦਿਲ ਵਿਚ ਰੰਗੂਨ ਸ਼ਹਿਰ ਦੇਖਣ ਦੀ 'ਪ੍ਰਬਲ ਇੱਛਾ' ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਛੇਤੀ ਹੀ ਪੂਰਿਆਂ ਕਰ ਦਿੱਤਾ ਅਤੇ ਇੰਝ ਜਿਸ ਸ਼ਹਿਰ ਨੂੰ ਮੈਂ ਹਸਰਤ ਨਾਲ ਹਵਾਈ ਜਹਾਜ਼ ਦੀ ਖਿੜਕੀ ਵਿਚੋਂ ਦੀ ਦੇਖਿਆ ਸੀ, ਸਾਲ ੧੯੯੪ ਵਿੱਚ ਉਸ ਸ਼ਹਿਰ ਨੂੰ ਇੱਕ ਨਹੀਂ, ਦੋ ਨਹੀਂ, ਤਿੰਨ ਵਾਰੀਂ ਜਾ ਕੇ ਦੇਖਣ ਦਾ ਅਵਸਰ ਮਿਲਿਆ। ਪ੍ਰੇਰਣਾ ਦਿੱਤੀ ਸ੍ਰ. ਹਰਵਿੰਦਰ ਸਿੰਘ 'ਹੰਸਪਾਲ' ਜੀ ਨੇ। ਉਹਨਾਂ ਨੇ ਹੀ ਮੈਨੂੰ ਬਰਮਾ ਦਾ ਵੀਜ਼ਾ ਲੈਣ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕਰਨ ਲਈ ਹੌਸਲਾ ਦਿੱਤਾ, ਆਪ ਨਾਲ ਹੋ ਕੇ, ਇਸ ਕੰਮ ਨੂੰ ਸੁਖੇਨ ਬਣਾਇਆ।

ਰੰਗੂਨ ਕਿਸੇ ਸਮੇਂ ਬਹੁਤ ਹੀ ਖ਼ੂਬਸੂਰਤ ਸ਼ਹਿਰ ਸੀ। ਬੜੀ ਚਰਚਾ ਸੀ ਦੁਨੀਆਂ ਵਿਚ ਇਸ ਦੀ। ਰੰਗੂਨ ਦੀ 'ਚਾਈਨਾ ਸਟਰੀਟ' ਤਾਂ ਸਭ ਪਾਸੇ ਪ੍ਰਸਿੱਧ ਸੀ। ਬੜੇ ਹੀ ਸੁਚੱਜੇ ਢੰਗ ਨਾਲ ਅੰਗ੍ਰੇਜ਼ਾਂ ਨੇ ਇਸ ਸ਼ਹਿਰ ਨੂੰ ਵਸਾਇਆ ਸੀ। ਕਹਿੰਦੇ ਹੁੰਦੇ ਸਨ-ਜਿਸਨੇ ਰੰਗੂਨ ਨਹੀਂ ਦੇਖਿਆ, ਉਸ ਨੇ ਕੁਝ ਨਹੀਂ ਦੇਖਿਆ।' ਸ਼ਹਿਰ ਅੱਜ ਵੀ ਖੁਲ੍ਹਾ ਅਤੇ ਸਾਫ਼ ਸੁਥਰਾ ਹੈ ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਹੈ। ਦੁਨੀਆਂ ਦੇ ਅਨੇਕ ਸ਼ਹਿਰ ਪ੍ਰਸਿੱਧੀ ਵਿੱਚ ਇਸ ਤੋਂ ਅੱਗੇ ਲੰਘ ਚੁੱਕੇ ਹਨ।

ਅੰਗ੍ਰੇਜ਼ਾਂ ਨੇ ਇਸ ਸ਼ਹਿਰ ਤੇ ਕਬਜ਼ਾ ੧੮੫੨ ਈ. ਵਿਚ ਕੀਤਾ ਸੀ। ਇਸ ਤੋਂ ਪਹਿਲਾਂ ਉਹਨਾਂ ਨੇ 'ਲੋਅਰ ਬਰਮਾ', ਜਿਸ ਵਿਚ ਮੌਲਮੀਨ ਅਤੇ ਮਰਗੋਈ ਸ਼ਹਿਰ ਆਉਂਦੇ ਹਨ, ੧੮੨੪-੨੬ ਈ. ਵਿੱਚ ਉਤੇ ਕਬਜ਼ਾ ਜਮਾਇਆ ਸੀ। ਅਜ ਕਲ ਬਰਮਾ ਦੇਸ਼ ਦਾ ਨਾਂ ਬਦਲ ਕੇ 'ਮਯਾਮਾਰ' ਕਰ ਦਿੱਤਾ ਗਿਆ ਹੈ ਅਤੇ ਰੰਗੂਨ ਸ਼ਹਿਰ ਨੂੰ 'ਯੇਗੂਨ' ਕਹਿੰਦੇ ਹਨ। ਬਰਮਾ ਦੀ ਸਭ ਤੋਂ ਪਵਿਤ੍ਰ ਨਦੀ ਇਰਾਵਤੀ ਦੇ ਉੱਤਰੀ ਕੰਢੇ ਤੇ ਵੱਸਿਆ ਹੋਇਆ ਰੰਗੂਨ ਸ਼ਹਿਰ, ਸਵਾ ਕੁ ਸੌ ਸਾਲ ਪਹਿਲਾਂ ਲਗਭਗ ਦੋ ਕੁ ਮੀਲ ਦੇ ਇਲਾਕੇ ਵਿੱਚ ਵੱਸਿਆ ਹੋਇਆ ਸੀ। ਪੰਜਾਬ ਤੋਂ ਲੈ ਜਾ ਕੇ ਅੰਗ੍ਰੇਜ਼ਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਪਹਿਲਾਂ ਰੰਗੂਨ ਦੀ ਸੈਂਟਰਲ ਜੇਲ੍ਹ ਵਿਚ ਕੁਛ ਸਮਾਂ ਰੱਖਿਆ ਸੀ। ਜੋ ਕਿ ਸੰਨ ੧੮੧੮ ਦੇ ਬੰਗਾਲ ਰੈਗੂਲੇਸ਼ਨ ਦੇ ਵਿਰੁਧ ਸੀ। ਇਸ ਲਈ ਜਦੋਂ ਦੋ ਕੁ ਹਫ਼ਤਿਆਂ ਦੇ ਬਾਦ ਬਰਮਾ ਦਾ ਚੀਫ ਕਮਿਸ਼ਨਰ ਸ੍ਰੀ ਸਤਿਗੁਰੂ ਜੀ ਨੂੰ ਮਿਲਣ ਲਈ ਜੇਲ੍ਹ ਵਿੱਚ ਆਇਆ ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਜੇਲ੍ਹ ਅੰਦਰ ਰੱਖੇ ਜਾਣ ਤੇ ਨਰਾਜ਼ਗੀ ਪ੍ਰਗਟ ਕੀਤੀ। ਚੀਫ ਕਮਿਸ਼ਨਰ ਨੇ ਭਾਰਤ ਦੇ ਗਵਰਨਰ ਜਨਰਲ ਨਾਲ ਵਿਚਾਰ ਕਰਕੇ ਸਤਿਗੁਰੂ ਜੀ ਨੂੰ ਫ਼ੌਜੀ ਛਾਵਨੀ ਦੇ ਇਲਾਕੇ ਵਿੱਚ ਉਸ ਬੰਗਲੇ ਵਿੱਚ ਭੇਜ ਦੇਣ ਦੀ ਇਜਾਜ਼ਤ ਦੇ ਦਿੱਤੀ ਜਿਸ ਵਿਚ ਲਗਭਗ ੧੨ ਸਾਲ ਪਹਿਲਾਂ ਦਿੱਲੀ ਦੇ ਆਖਰੀ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ 'ਜ਼ਫਰ' ਨੂੰ ਰੱਖਿਆ ਗਿਆ ਸੀ। ਬਾਦਸ਼ਾਹ ਦੇ ਗੁਜ਼ਰ ਜਾਣ ਤੋਂ ਕੁਛ ਸਮੇਂ ਬਾਦ ਉਪਰੋਕਤ ਬੰਗਲੇ ਨੂੰ ਸਰਕਾਰ ਨੇ ਛਾਵਨੀ ਇਲਾਕੇ ਦੇ ਡਾਕਘਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਸੀ। ਡਾਕਘਰ ਵਾਲਿਆਂ ਪਾਸੋਂ ਖਾਲੀ ਕਰਵਾ ਕੇ ਅਤੇ ਠੀਕ ਠਾਕ ਕਰਵਾ ਕੇ ਸਰਕਾਰ ਨੇ ਸਤਿਗੁਰੂ ਜੀ ਨੂੰ ਉਥੇ ਭੇਜ ਦਿੱਤਾ ਸੀ।

ਇਸ ਘਟਨਾ ਦੇ ਲਗਭਗ ੧੨੨ ਸਾਲ ਲੰਘ ਗਏ ਹੋਏ ਸਨ ਜਦੋਂ ਕਿ ਮੈਂ ਜਨਵਰੀ, ਮਾਰਚ ਅਤੇ ਫੇਰ ਤੀਸਰੀ ਵਾਰ ਨਵੰਬਰ ੧੯੯੪ ਵਿਚ ਬਰਮਾ ਦੇਸ਼ ਦੀ ਯਾਤਰਾ ਤੇ ਗਿਆ ਸਾਂ। ਜਨਵਰੀ ਵਿਚ ਮੇਰੇ ਨਾਲ ਬੰਕੋਕ ਤੋ ਪੰਜ ਉਤਸ਼ਾਹੀ ਅਤੇ ਸਤਿਗੁਰੂ ਜੀ ਦੇ ਪ੍ਰੇਮੀ ਨੌ-ਜਵਾਨ ਰਾਜਾ ਸੇਠੀ, ਗੁਰਮੁਖ ਸਿੰਘ ਸਚਦੇਵ, ਹਰਪਾਲ ਸਿੰਘ, ਤਰਲੋਕ ਸਿੰਘ ਅਤੇ ਬਲਵੰਤ ਸਿੰਘ ਪੂਰੇ ਨਾਮਧਾਰੀ ਪਹਿਰਾਵੇ ਵਿਚ ਮੇਰੇ ਨਾਲ ਸਨ। ਸਾਡੇ ਵਾਪਸ ਆਉਣ ਵਾਲੇ ਦਿਨ ਹੀ ਬੰਕੋਕ ਤੋਂ ਕੁਝ ਹੋਰ ਨੌ ਜਵਾਨ ਵੀ ਪਹੁੰਚ ਗਏ ਸਨ। ਉਹ ਤਾਂ ਮੌਲਮੀਨ ਵੀ ਹੋ ਆਏ ਸਨ। ਦੂਸਰੀ ਵਾਰ ਪੰਜਾਬ ਤੋ ਸ੍ਰ: ਭਗਵੰਤ ਸਿੰਘ ਅਤੇ ਉਸਦੀ ਪਤਨੀ ਸੁਰਿੰਦਰ ਕੌਰ ਖਰਲ ਮੇਰੇ ਸਹਿਯੋਗੀ ਸਨ। ਇਹਨਾਂ ਯਾਤਰਾਵਾਂ ਦੇ ਦੌਰਾਨ ਮੈਂ ਪਹਿਲੇ ਤੋਂ ਦਸਤਾਵੇਜ਼ੀ ਤੌਰ ਤੇ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਉਹਨਾਂ ਥਾਵਾਂ ਦੀ ਭਾਲ ਕੀਤੀ ਜਿਥੇ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੱਖਿਆ ਗਿਆ ਸੀ। ਇਸ ਕੋਸ਼ਿਸ਼ ਵਿਚ ਦੋ ਵਾਰ ਮੈਂ ਮਰਗੋਈ ਵੀ ਪਹੁੰਚਿਆ। ਥਾਂ ਥਾਂ ਤੋਂ ਪੁਛ-ਪੜਤਾਲ ਕੀਤੀ, ਬਜ਼ੁਰਗਾਂ ਨਾਲ ਗਲਬਾਤ ਕੀਤੀ ਅਤੇ ਬਹਾਦਰ ਸ਼ਾਹ ਦੇ ਬੰਗਲੇ ਬਾਰੇ ਵੀ ਜਾਣਕਾਰੀ ਲੈਣ ਲਈ ਉਸਦੀ ਮਜਾਰ 'ਰੈਡ ਫੋਰਟ' ਵਿਖੇ ਵੀ ਗਿਆ। ਸੌ ਸਾਲ ਤੋ ਵੱਧ ਸਮਾਂ ਬੀਤ ਜਾਣ ਕਰਕੇ ਕੋਈ ਠੋਸ ਜਾਣਕਾਰੀ ਨਾ ਮਿਲ ਸਕੀ। ਹੋਰ-ਤੇ-ਹੋਰ 'ਜਫ਼ਰ' ਸਾਹਿਬ ਦੀ ਮਜ਼ਾਰ ਵਾਲਿਆਂ ਨੂੰ ਵੀ ਇਸ ਗਲ ਦੀ ਜਾਣਕਾਰੀ ਨਹੀਂ ਹੈ ਕਿ ਉਹਨਾਂ ਦੇ ਬਾਦਸ਼ਾਹ ਨੂੰ ਕਿਥੇ ਰੱਖਿਆ ਗਿਆ ਸੀ।

ਇਸ ਦੇ ਨਾਲ ਹੀ ਮੈਂ ਉਹਨਾਂ ਥਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਿਥੇ ਜਿਥੇ ਪੰਜਾਬ ਤੋਂ ਆ ਕੇ ਨਾਮਧਾਰੀ ਗੁਪਤ ਰੂਪ ਵਿਚ ਰੁਕਦੇ ਹੁੰਦੇ ਸਨ। ਇਸ ਬਾਬਤ ਕੁਝ ਸੰਕੇਤ ਡਾਕੂਮੈਂਟਾਂ ਵਿਚ ਦਰਜ ਹਨ। ਉਹਨਾਂ ਦੇ ਆਧਾਰ ਤੇ ਮੈਂ ਪੁਛ ਪੜਤਾਲ ਕਰਦਾ ਹੋਇਆ ਆਪਣੇ ਕੰਮ ਵਿਚ ਸਫਲ ਹੋਇਆ। ਫੇਰੀ ਸਟਰੀਟ, ਰੰਗੂਨ ਤੇ ਇਕ 'ਸ਼ਿਵ ਮੰਦ੍ਰ' ਅਤੇ ਇਸ ਦੇ ਨੇੜਲੇ ਬਜ਼ਾਰ ਦੇ ਕੰਢੇ ਤੇ ਇਕ ਹੋਰ ਮੰਦਰ ਹੈ 'ਕਾਲੀ ਬਾੜੀ'। ਏਥੇ ਆਕੇ ਸਿੰਘ ਠਹਿਰਿਆ ਕਰਦੇ ਸਨ। ਕਾਲੀ ਬਾੜੀ ਦੇ ਨੇੜੇ ਕਾਫੀ ਸਿੱਖ ਪ੍ਰਵਾਰ ਰਹਿੰਦੇ ਸਨ, ਉਹਨਾਂ ਪਾਸ ਸਿੰਘ ਗੁਪਤ ਰੂਪ ਵਿੱਚ ਸਮਾਂ ਕੱਟਦੇ ਸਨ। ਜੁਲਾਈ ੧੮੮੦ ਵਿਚ ਨਥਾਣੇ ਪਿੰਡ ਦਾ ਹਰਨਾਮ ਸਿੰਘ, ਗੁਮਟੀਆਂ ਦਾ ਧੰਨਾ ਸਿੰਘ ਅਤੇ ਇਹਨਾਂ ਦੇ ਚਾਰ ਹੋਰ ਸਾਥੀ ਫੇਰੀ ਸਟਰੀਟ ਵਿਖੇ ਠਹਿਰੇ ਸਨ। ਸਰਕਾਰੀ ਦਸਤਾਵੇਜਾਂ ਵਿਚ ਦਰਜ ਇਹ ਜਾਣਕਾਰੀਆਂ ਸਾਨੂੰ

Namdhari Elibrary NamdhariElibrary@gmail.com



ਰੰਗੂਨ ਵਿਚ 'ਫੈਰੀ ਸਟਰੀਟ' ਤੇ ਬਣਿਆ ਹੋਇਆ ਸ਼ਿਵ ਮੰਦਰ। ਇਹਨਾਂ ਥਾਵਾਂ ਤੇ ਪੰਜਾਬ ਤੋਂ ਆ ਕੇ ਨਾਮਧਾਰੀ ਸਿੰਘ ਠਹਿਰਦੇ ਹੁੰਦੇ ਸਨ।

ਜਾਣਕਾਰੀ ਹਾਸਲ ਕਰਨ ਵਿਚ ਬੜੀ ਸਹਾਇਕ ਸਨ। ਸ੍ਰੀ ਭੈਣੀ ਸਾਹਿਬ ਡੇਰੇ ਦੇ ਖਰਾਸ ਤੇ ਕੰਮ ਕਰਨ ਵਾਲੇ ਸ਼ੇਰ ਸਿੰਘ ਦਾ ਸਕਾ ਭਰਾ ਸ਼ਾਮ ਸਿੰਘ ਰੰਗੂਨ ਰੇਲਵੇ ਸਟੇਸ਼ਨ ਤੇ ਕੰਮ ਕਰਦਾ ਸੀ, ਉਸ ਕੋਲ ਵੀ ਨਾਮਧਾਰੀ ਸਿੰਘ ਆ ਕੇ ਸਮਾਂ ਕੱਟ ਲੈਂਦੇ ਸਨ।

ਜਿਸ ਬੰਗਲੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੱਤ ਸਾਲ ਦੇ ਲਗਭਗ ਰਹੇ ਸਨ ਉਸ ਬਾਰੇ ਰੰਗੂਨ ਨਿਵਾਸੀਆਂ ਪਾਸੋਂ ਕੋਈ ਜਾਣਕਾਰੀ ਨਾ ਮਿਲ ਸਕੀ। ਪੁਰਾਣੀ ਜੇਲ੍ਹ ਕਾਫੀ ਸਮਾਂ ਪਹਿਲਾਂ ਤੋੜ ਦਿੱਤੀ ਗਈ ਸੀ। ਸਤਿਗੁਰੂ ਜੀ ਨੇ ਕਿਰਪਾ ਕੀਤੀ, ਪੁਰਾਣੀ ਜੇਲ੍ਹ ਵਾਲੀ ਉਹ ਥਾਂ ਲੱਭ ਗਈ ਜਿਥੇ ਕੁਝ ਸਮਾਂ ਸਤਿਗੁਰੂ ਜੀ ਪਹਿਲਾਂ ਰਹੇ ਸਨ। ਏਥੇ ਦੋ ਮੰਜਲੇ ਬੰਗਲੇ ਦੇ ਨਾਲ ਇਕ ਖੂਹ ਵੀ ਸੀ। ਅਜਕਲ ਉਸ ਥਾਂ ਤੇ ੬੦੦ ਬਿਸਤਰਿਆਂ ਦਾ ਹਸਪਤਾਲ ਬਣ ਰਿਹਾ ਹੈ ਅਤੇ ਜਨਵਰੀ ੧੯੯੪ ਵਿਚ ਖੂਹ ਵੀ ਲਗਭਗ ਪੂਰ ਦਿੱਤਾ ਗਿਆ ਸੀ। ਉਸ ਖੂਹ ਨੂੰ, ਮਿੱਟੀ ਨੂੰ ਸਤਿਗੁਰਾਂ ਦੀ ਚਰਨ ਛੂਹ ਪ੍ਰਾਪਤ ਹੋਈ ਸੀ, ਇਸ ਲਈ ਸ਼ਰਧਾ ਦੇ ਤੌਰ ਤੇ ਅਸੀਂ ਖੂਹ ਦੀਆਂ ਦੋ ਇੱਟਾਂ ਅਤੇ ਕੁਝ 'ਧੂੜੀ' ਨਾਲ ਲੈ ਆਏ ਸਾਂ।

ਰੰਗੂਨ ਦੀ ਛਾਉਣੀ ਇਲਾਕੇ ਵਾਲੇ ਬੰਗਲੇ ਨੂੰ ਲੱਭਣ ਵਿਚ ਵੀ ਦਸਤਾਵੇਜਾਂ ਨੇ ਮੇਰੀ ਮਦਦ ਕੀਤੀ। ੧੮੭੮ ਈ. ਦੀ ਇਕ ਫਾਈਲ ਵਿਚੋਂ, ਜੋ ਕਿ ਨਵੀਂ ਦਿੱਲੀ ਦੇ ਨੈਸ਼ਨਲ ਆਰਕਾਈਵਜ਼ ਵਿੱਚ ਪਈ ਹੋਈ ਹੈ, ਮੈਨੂੰ ਉਸ ਬੰਗਲੇ ਦਾ ਨਕਸ਼ਾ ਲੱਭ ਗਿਆ ਹੋਇਆ ਸੀ, ਜਿਸ ਵਿੱਚ ਸ੍ਰੀ ਸਤਿਗੁਰੂ ਜੀ ਨੂੰ ਰੱਖਿਆ ਗਿਆ ਸੀ। ਇਹ ਬੰਗਲਾ Voyles Road ਤੇ ਸੀ। ੧੨੦ ਸਾਲ ਬਾਦ, ਹਾਲਾਤ ਬਦਲ ਗਏ ਹੋਏ ਹਨ। ਸੜਕਾਂ ਦੇ ਨਾਂ ਬਦਲ ਗਏ ਹਨ, ਬਿਲਡਿੰਗਾਂ ਨਵੀਆਂ ਬਣ ਗਈਆਂ ਹਨ ਅਤੇ ਪੁਰਾਣੀ ਸਥਿਤੀ ਅਜ ਹੈ ਨਹੀਂ, ਇਸ ਲਈ ਕੋਲ ਨਕਸ਼ਾ ਹੁੰਦਿਆਂ ਹੋਇਆਂ ਵੀ ਸਾਨੂੰ ਕਾਫੀ ਮੁਸ਼ਕਲ ਪੇਸ਼ ਆਈ 'ਵਾਇਲਜ਼ ਰੋਡ' ਦਾ ਨਾਂ ੧੯੩੫ ਈ. ਵਿਚ ਹੀ ਬਦਲ ਕੇ ਊਜ਼ਵੇਅਰਾ ਰੋਡ ਰੱਖ ਦਿੱਤਾ ਸੀ। ਸਤਿਗੁਰੂ ਜੀ ਦੇ ਬੰਗਲੇ ਵਾਲੀ ਥਾਂ ਤੇ ਅਜ ਕਲ ਪੁਲਿਸ ਸਟੇਸ਼ਨ ਬਣਿਆ ਹੋਇਆ ਹੈ ਅਤੇ ਇਹ ਥਾਂ ਬਹਾਦੁਰ ਸ਼ਾਹ ਦੀ ਮਜਾਰ ਦੇ ਨੇੜੇ ਹੀ ਹੈ। ਆਰਕਾਈਵਜ਼ ਤੋਂ ਪ੍ਰਾਪਤ ਨਕਸ਼ਾ ਪਾਠਕਾਂ ਦੀ ਜਾਣਕਾਰੀ ਹਿਤ ਛਾਪ ਰਹੇ ਹਾਂ। ਪਾਠਕ ਦੇਖ ਸਕਦੇ ਹਨ ਕਿ ਬੰਗਲਾ ੪੪ x ੪੪ ਫੁਟ ਦਾ ਬਣਿਆ ਹੋਇਆ ਸੀ ਅਤੇ ਇਸਦੇ ਚਾਰ ਚੁਫੇਰੇ ੮ਫੁਟ ੯ ਇੰਚ ਉੱਚਾ ਜੰਗਲਾ ਅਤੇ ਜੰਗਲੇ ਤੋਂ ਅਗੇ ੫ ਫੁਟ ਚੌੜੀ ਖਾਈ ਸੀ। ਵਾਇਲਜ਼ ਰੋਡ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬੱਘੀ ਤੇ ਚੜ੍ਹਕੇ ਸੈਰ ਕਰਨ ਜਾਇਆ ਕਰਦੇ ਸਨ। ਓਥੇ ਤੁਰਦਿਆਂ ਫਿਰਦਿਆਂ ਸਾਨੂੰ ਕਈ ਵਾਰ ਇਸਤਰ੍ਹਾਂ ਜਾਪੇ, ਹੁਣ ਵੀ ਸ੍ਰੀ ਸਤਿਗੁਰੂ ਜੀ ਬੱਘੀ ਤੇ ਚੜੇ ਸੈਰ ਕਰਦੇ ਸਾਨੂੰ ਦਰਸ਼ਨ ਦੇ ਦੇਣਗੇ।

ਮਰਗੋਈ ਵਿਚ ਵੀ ਪੁਰਾਣੀ ਜੇਲ੍ਹ ਤੋੜ ਦਿੱਤੀ ਗਈ ਹੈ ਅਤੇ ਉਸ ਥਾਂ ਤੇ ਪੁਲਿਸ ਸਟੇਸ਼ਨ ਬਣਿਆ ਹੋਇਆ ਹੈ। ਸ੍ਰੀ ਸਤਿਗੁਰੂ ਜੀ ਨੂੰ ਸਤੰਬਰ ੧੮੮੦ ਵਿਚ ਮਰਗੋਈ ਜਿਸ ਬੰਗਲੇ ਵਿਚ ਰੱਖਿਆ ਗਿਆ ਸੀ, ਉਹ ਜੇਲ੍ਹ ਦੀ ਦੀਵਾਰ ਤੋਂ ਬਾਹਰ, ਜੇਲ ਗਾਰਡਨ ਵਿਚ ੩੦ ਫੁਟ ਲੰਮਾ ਅਤੇ ੧੫ ਫੁਟ ਚੌੜਾ ਸੀ। ਇਸੇ ਬੰਗਲੇ ਵਿਚੋਂ ਸ੍ਰ. ਮੀਹਾਂ ਸਿੰਘ ਫੜਿਆ ਗਿਆ ਸੀ। ਅਜਕਲ ਸਥਿਤੀ ਬਦਲ ਗਈ ਹੋਈ ਹੈ, ਬੰਗਲੇ ਦਾ ਕੋਈ ਨਿਸ਼ਾਨ ਨਹੀਂ ਮਿਲਦਾ। ਉਸ ਜਗ੍ਹਾ ਤੇ ਪੁਲਿਸ ਵਾਲਿਆਂ ਦੇ ਕੁਆਟਰ ਬਣੇ ਹੋਏ ਹਨ।

Namdhari Elibrary NamdhariElibrary@gmail.com

ਮੌਲਮੀਨ ਬਰਮਾ ਦਾ ਤੀਸਰਾ ਵੱਡਾ ਸ਼ਹਿਰ ਹੈ। ਇਸ ਸ਼ਹਿਰ ਦੀ ਜੇਲ ਦੇ ਨਾਲ ਲਗਦੇ ਬਗੀਚੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਤਿੰਨ ਸੂਬੇ, ਸੂਬਾ ਜਵਾਹਰ ਸਿੰਘ, ਸੂਬਾ ਲੱਖਾ ਸਿੰਘ ਅਤੇ ਸੂਬਾ ਬ੍ਰਹਮਾ ਸਿੰਘ, ਦਸੰਬਰ ੧੮੭੨ ਵਿਚ ਨਜ਼ਰ ਬੰਦ ਕਰਕੇ ਰਖੇ ਗਏ ਸਨ। ਸੂਬਾ ਜਵਾਹਰ ਸਿੰਘ ਜੀ ੨੯ ਨਵੰਬਰ ੧੮੮੨ ਨੂੰ ਚੜ੍ਹਾਈ ਕਰ ਗਏ ਸਨ, ਸੂਬਾ ਬ੍ਰਹਮਾ ਸਿੰਘ ਨੂੰ ਕੁਝ ਪਾਬੰਦੀਆਂ ਹੇਠ ੧੮੮੭ ਵਿਚ ਪੰਜਾਬ ਵਾਪਸ ਭੇਜ ਦਿਤਾ ਗਿਆ ਸੀ। ਤੀਸਰੇ ਸੂਬਾ ਲੱਖਾ ਸਿੰਘ ਮੌਲਮੀਨ ਸ਼ਹਿਰ ਵਿਚ ਹੀ ੫ ਫਰਵਰੀ ੧੯੦੩ ਨੂੰ ਚੜ੍ਹਾਈ ਕਰ ਗਏ। ਬਗੀਚੇ ਵਿਚ ਜਿਥੇ ਸੂਬਿਆਂ ਦਾ ਬੰਗਲਾ ਸੀ, ਅਜਕਲ ਸੜਕ ਕੱਢ ਦਿੱਤੀ ਗਈ ਹੈ ਅਤੇ ਬਗੀਚੇ ਅਥਵਾ ਬੰਗਲੇ ਦਾ ਕੋਈ ਨਿਸ਼ਾਨ ਬਾਕੀ ਨਹੀਂ ਹੈ।

ਬਰਮਾ ਦੇਸ਼ ਨਾਲ ਨਾਮਧਾਰੀ ਸਮਾਜ ਦਾ ਭਾਵਨਾਤਮਕ ਨਾਤਾ ਬਣ ਗਿਆ ਹੋਇਆ ਹੈ। 'ਰੰਗੂਨ' ਦਾ ਨਾਂ ਸੁਣਦਿਆਂ ਹੀ ਇਕ ਹੌਕਾ ਜਿਹਾ ਨਿਕਲ ਜਾਂਦਾ ਹੈ ਦਰਸ਼ਨ ਪ੍ਰੇਮੀ ਨਾਮਧਾਰੀ ਸਿੰਘਾਂ ਦੇ ਦਿਲਾਂ ਵਿੱਚੋਂ। ਅਜੇ ਵੀ ਉਡੀਕ ਲਗੀ ਹੋਈ ਹੈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਨਾਮਧਾਰੀਆਂ ਨੂੰ। ਬਰਮਾ ਦੀਆਂ ਯਾਤਰਾਵਾਂ ਦੌਰਾਨ ਮੇਰੇ ਨਾਲ ਕੁਝ 'ਅਲੌਕਕ' ਘਟਨਾਵਾਂ ਵਾਪਰੀਆਂ ਜਿਨ੍ਹਾਂ ਬਾਰੇ ਜ਼ਿਕਰ ਫੇਰ ਕਦੀ ਕਰਾਂਗਾ ਪਰ ਏਥੇ ਮੈਂ ਏਨਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਇਹਨਾਂ ਘਟਨਾਵਾਂ ਤੋਂ ਮੈਨੂੰ ਹੋਰ ਵੀ ਭਰੋਸਾ ਹੋਇਆ ਸੀ ਕਿ ਪਰਦੇਸ ਗਏ ਹੋਏ ਚੀਨੀ ਵਾਲੇ ਪਾਤਸ਼ਾਹ ਕਿਤੇ ਦੂਰ ਨਹੀਂ ਹਨ, ਸਗੋਂ ਯਾਤਰਾ ਦੌਰਾਨ ਮੇਰੇ ਨਾਲ ਨਾਲ ਹੀ ਰਹੇ ਸਨ।

ਬਰਮਾ ਦੀ ਯਾਤਰਾ ਦੇ ਦੌਰਾਨ ਰੰਗੂਨ ਰਹਿੰਦੇ ਸ੍ਰ: ਤੇਜਾ ਸਿੰਘ ਅਤੇ ਉਹਨਾਂ ਦੀ ਪਤਨੀ ਡਾ. ਇੰਦਰਜੀਤ ਕੌਰ ਨੇ ਸਾਡੀ ਬਹੁਤ ਮਦਦ ਕੀਤੀ। ਡਾ. ਇੰਦਰਜੀਤ ਕੌਰ ਦਾ ਭਰਾ ਸੁਰਿੰਦਰ ਸਿੰਘ ਮੌਲਮੀਨ ਰਹਿੰਦਾ ਹੈ ਅਤੇ ਉਹਨਾਂ ਨੇ ਵੀ ਸਾਡੀ ਬੜੀ ਮਦਦ ਅਤੇ ਸੇਵਾ ਕੀਤੀ। ਇਹ ਸਾਰੇ ਹੀ ਧੰਨਵਾਦ ਦੇ ਪਾਤਰ ਹਨ। ਏਥੇ ਮੈਂ ਪਾਠਕਾਂ ਨੂੰ ਦਸ ਦੇਣਾਂ ਚਾਹੁੰਦਾ ਹਾਂ ਕਿ ਡਾ. ਇੰਦਰਜੀਤ ਕੌਰ ਅਤੇ ਸੁਰਿੰਦਰ ਸਿੰਘ, ਰੋਪੜ ਰਹਿੰਦੇ ਡਾਕਟਰ ਗਾਂਧੀ ਜੀ ਦੇ ਪੁੱਤਰੀ ਅਤੇ ਪੁੱਤਰ ਹਨ। ਸ੍ਰ: ਤੇਜਾ ਸਿੰਘ ਨੇ ਜੋ ਕਾਰ ਸਾਡੀ ਸੇਵਾ ਵਿਚ ਦਿੱਤੀ ਹੋਈ ਸੀ, ਉਸ ਵਿਚ ਲਿਖਿਆ ਹੋਇਆ ਸੀ- 'ਇਸ ਕਾਰ ਦੇ ਮਾਲਕ ਗੁਰੂ ਨਾਨਕ ਆਪ ਹਨ। ਇਸ ਤਰ੍ਹਾਂ ਦੀ ਨਿਮਾਣੀ ਭਾਵਨਾ ਰੱਖਦੇ ਹਨ ਸ੍ਰ: ਤੇਜਾ ਸਿੰਘ ਅਤੇ ਡਾ. ਇੰਦਰਜੀਤ ਕੌਰ। ਬੰਕੌਕ ਨਿਵਾਸੀ ਸੰਤ ਸਤਪਾਲ ਸਿੰਘ ਸੇਠੀ ਦੇ ਸਪੁਤਰ ਰਾਜਾ ਸੇਠੀ ਸਤਿਗੁਰੂ ਜੀ ਦੇ ਹੁਕਮਾਨੁਸਾਰ ਸਾਡੀ ਹਰ ਤਰ੍ਹਾਂ ਨਾਲ ਸਹਾਇਤਾ ਕਰਦੇ ਰਹੇ ਹਨ। ਇਹਨਾਂ ਨੇ ਸਾਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਣ ਦਿੱਤੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਚੀਨੀ ਅਸਵਾਰ ਸਤਿਗੁਰੂ ਰਾਮ ਸਿੰਘ ਜੀ ਬਾਰੇ ਜਿਨਾਂ ਕੰਮ ਕਰਵਾਇਆ ਹੈ ਉਹ ਆਪਣੀ ਮਿਸਾਲ ਆਪ ਹੈ। ਮਲੇਰਕੋਟਲੇ ਅਤੇ ਲੁਧਿਆਣਾ ਦੇ ਸ਼ਹੀਦੀ ਅਸਥਾਨਾਂ ਦੀ ਪ੍ਰਾਪਤੀ ਅਤੇ ਉਸਾਰੀ, ਰਾਮਸਰ ਨੂੰ ਪੱਕਿਆਂ ਕਰਵਾਉਣਾ ਅਤੇ ਸ੍ਰੀ ਭੈਣੀ ਸਾਹਿਬ ਦਾ ਕਾਇਆ ਕਲਪ ਕਰਨਾ, ਅੰਮ੍ਰਿਤਸਰ ਦੇ ਸ਼ਹੀਦੀ ਅਸਥਾਨ ਦੀ ਸਫਲਤਾ ਪੂਰਵਕ ਪੈਰਵੀ ਕਰਕੇ ਥਾਂ ਪ੍ਰਾਪਤ ਕਰਨੀ ਆਦਿ ਕੰਮ ਕਿਸਤਰ੍ਹਾਂ ਭੁਲਾਏ ਜਾ ਸਕਦੇ ਹਨ? ਖੁਦ ਮੈਨੂੰ ਖੋਜ



ਰੰਗੂਨ ਦੀ ਪੁਰਾਣੀ ਸੈਂਟਰਲ ਜੇਲ ਤੋੜ ਦਿੱਤੀ ਗਈ ਹੈ। ਜੇਲ੍ਹ ਵਿੱਚ ਜਿਸ ਪਾਸੇ ਸਤਿਗੁਰੂ ਰਾਮ ਸਿੰਘ ਜੀ ਨੂੰ ਰਹਿਣ ਲਈ ਬੰਗਲਾ ਦਿੱਤਾ ਹੋਇਆ ਸੀ, ਉਸ ਪਾਸੇ ਅਜ ਕਲ ੬੦੦ ਬਿਸਤਰਿਆਂ ਦਾ ਹਸਪਤਾਲ ਬਣ ਰਿਹਾ ਹੈ। ਜਨਵਰੀ ੧੯੯੪ ਵਿਚ ਲਈ ਗਈ ਉਸ ਥਾਂ ਦੀ ਫੋਟੋ।

Namdhari Elibrary NamdhariElibrary@gmail.com

No. 46

To

THE CHIEF COMMISSIONER OF BRITISH BURMAH.

Whereas the Governor General in Council, for good and sufficient reasons, has seen fit to determine that Ram Singh

shall be placed under personal restraint in British Burmah, you are hereby required and commanded, in pursuance of that determination, to receive the person abovenamed into your custody, and to deal with him in conformity to the orders of the Governor General in Council, and the provisions of Regulation III. of 1818.

By Order of the Governor General in Council,

9/3/72

Secy. to the Govt. of India, in the Home Dept.

Fort William;
The 9 March 1872.

ਵਾਰੰਟ ਸ੍ਰੀ ਸਤਿਗੁਰੂ ਰਾਮ ਸਿੰਘ ਜੀ

(ਨੈਸ਼ਨਲ ਆਰਕਾਈਵਜ਼, ਨਵੀਂ ਦਿੱਲੀ ਤੋਂ ਧੰਨਵਾਦ ਸਹਿਤ ਪ੍ਰਾਪਤ)

ਲਈ ਰਿਕਾਰਡ ਆਫਸਾਂ ਵਿਚ ਕੰਮ ਕਰਨ ਲਈ ਲਗਾਇਆ ਹੋਇਆ ਹੈ। ਕਲਕਤੇ ਜਾ ਕੇ ਨਾਮਧਾਰੀ ਸਿੰਘਾਂ ਦੇ ਰੰਗੂਨ ਜਾਂਦਿਆਂ ਠਹਿਰਨ ਵਾਲੇ ਥਾਵਾਂ ਨੂੰ ਮੈਂ ਲੱਭਿਆ-ਦੇਖਿਆ ਹੈ ਅਤੇ ਪਿਛਲੇ ਸਾਲ ਬਰਮਾ ਬਾਰੇ ਜੋ ਜਾਣਕਾਰੀ ਪ੍ਰਾਪਤ ਕਰਨ ਲਈ ਸਤਿਗੁਰੂ ਜੀ ਨੇ ਭੇਜਿਆ, ਉਸ ਬਾਰੇ ਪਿਛੇ ਦਸ ਹੀ ਆਇਆ ਹਾਂ। ਕੀ ਇਹ ਕੰਮ ਕੁਝ ਘਟ ਹਨ? ਸਤਿਗੁਰੂ ਜੀ ਨੇ ਸੰਤ ਸੰਤੋਖ ਸਿੰਘ ਦੇ ਗ੍ਰੰਥ 'ਸਤਿਗੁਰੂ ਬਿਲਾਸ' ਨੂੰ ਛਾਪਣ ਯੋਗ ਕਰਵਾਇਆ ਹੈ ਅਤੇ ਨਾਮਧਾਰੀ ਇਤਿਹਾਸ ਲਿਖਣ-ਲਿਖਾਉਣ ਦੇ ਉਪਰਾਲੇ ਕਰਵਾਏ ਹਨ।


ਉਪਰੋਕਤ ਸਾਰੇ ਕੰਮ ਅਤਿ ਮਹੱਤਵ ਪੂਰਨ ਹਨ ਨਾਮਧਾਰੀ ਸਮਾਜ ਲਈ। ਇਹ ਸਭ ਔਖੇ ਕੰਮ ਸਤਿਗੁਰੂ ਜੀ ਦੀ ਕਿਰਪਾ ਨਾਲ ਹੀ ਸੌਖੇ ਢੰਗ ਨਾਲ ਪੂਰੇ ਹੋ ਰਹੇ ਹਨ।

ਧੰਨ ਸਤਿਗੁਰੂ ਰਾਮ ਸਿੰਘ ਜੀ।

ਧੰਨ ਸਤਿਗੁਰੂ ਜਗਜੀਤ ਸਿੰਘ ਜੀ।

■

Namdhari Elibrary NamdhariElibrary@gmail.com



ਇਹ ਨਕਸ਼ਾ ਹੈ ਉਸ ਬੰਗਲੇ ਦਾ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੱਤ ਸਾਲ ਤੋਂ ਵੱਧ ਸਮਾਂ ਰਹੇ ਸਨ। ਚਾਰ ਚੁਫੇਰੇ ਪੰਜ ਫੁੱਟ ਚੌੜੀ ਖਾਈ (Ditch) ਨਜ਼ਰ ਪੈ ਰਹੀ ਹੈ ਅਤੇ ਖੱਬੇ ਪਾਸੇ ਖੂਹੀ ਬਣੀ ਹੋਈ ਹੈ।
(ਨੈਸ਼ਨਲ ਆਰਕਾਈਵਜ਼, ਨਵੀਂ ਦਿੱਲੀ ਤੋਂ ਧੰਨਵਾਦ ਸਹਿਤ ਪ੍ਰਾਪਤ)

Namdhari Elibrary NamdhariElibrary@gmail.com



■ (ਸੂਬਾ) ਸੁਰਿੰਦਰ ਕੌਰ ਖਰਲ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ਼ਹੀਦ ਭਗਤ ਸਿੰਘ ਦੇ ਪ੍ਰੇਰਨਾਦਾਤਾ

ਸਤਿਗੁਰੂ ਰਾਮ ਸਿੰਘ ਜੀ ਸੇਧ ਦੇ ਕੇ ਪ੍ਰਦੇਸ ਚਲੇ ਗਏ ਸਨ। ਸਤਿਗੁਰੂ ਜੀ ਦੀ ਸਖਸੀਅਤ ਤੇ ਅਸੂਲਾਂ ਤੋਂ ਪ੍ਰਭਾਵਿਤ ਸਾਡੇ ਚਾਚਾ ਸ੍ਰ: ਅਜੀਤ ਸਿੰਘ ਵੀ ਪ੍ਰਭਾਵਿਤ ਹੋਏ। ਉਹਨਾਂ ਨੇ ਸਤਿਗੁਰੂ ਜੀ ਦੇ ਦਿਤੇ ਨਾਮਿਲਵਰਤਣ ਨਾਅਰੇ ਨੂੰ ਕਬੂਲ ਕੀਤਾ ਅਤੇ ਆਪਣਾ ਗੀਤ "ਪਗੜੀ ਸੰਭਾਲ ਜੱਟਾ" ਇਸੇ ਪ੍ਰਭਾਵ ਅਧੀਨ ਲਿਖਿਆ। ਮਹਾਤਮਾ ਗਾਂਧੀ ਨੇ ਵੀ ਇਹੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸਾਇਆ ਨਾਮਿਲਵਰਤਣ ਦਾ ਅਸੂਲ ਪ੍ਰਯੋਗ ਵਿਚ ਲਿਆਂਦਾ।

੧੭ ਜਨਵਰੀ ੧੯੯੪ ਨੂੰ ਮਲੇਰਕੋਟਲੇ ਵਿਖੇ ਹੋਏ ਸ਼ਹੀਦੀ ਸਮਾਗਮ ਸਮੇਂ ਸ਼ਹੀਦ ਭਗਤ ਸਿੰਘ ਦੇ ਛੋਟੇ ਭਰਾ ਸ੍ਰ. ਰਾਜਿੰਦਰ ਸਿੰਘ ਜ਼ਿਲਾ ਨੈਨੀਤਾਲ ਯੂ.ਪੀ. ਤੋਂ ਆਏ। ਉਨ੍ਹਾਂ ਨਾਲ ਗਲਬਾਤ ਕਰ ਕੇ ਹਾਸਲ ਕੀਤੀ ਜਾਣਕਾਰੀ ਤੋ ਉਹਨਾਂ ਦੇ ਪਰਵਾਰ ਤੇ ਖਾਸ ਕਰਕੇ ਸ਼ਹੀਦ ਭਗਤ ਸਿੰਘ ਦੇ ਪ੍ਰੇਰਨਾਦਾਤਾ ਬਾਰੇ ਕੁਝ ਤਥ ਸਾਹਮਣੇ ਆਏ। ਗਲਬਾਤ ਦਾ ਕੁਝ ਅੰਸ਼ ਇਸ ਪ੍ਰਕਾਰ ਹੈ:

ਪ੍ਰ: ਆਪ ਕਿੰਨੇ ਭਰਾ ਹੋ?

ਉ: ਅਸੀਂ ਪੰਜ ਭਰਾ ਸਾਂ। ਸਭ ਤੋ ਵੱਡੇ ਸ਼ਹੀਦ ਭਗਤ ਸਿੰਘ, ਉਨ੍ਹਾਂ ਤੋ ਛੋਟੀ ਸਾਡੀ ਭੈਣ ਅਮਰ ਕੌਰ ਸੀ। ਉਨ੍ਹਾਂ ਤੋ ਛੋਟੇ ਅਸੀਂ ਚਾਰ ਭਰਾ, ਸਵਰਗੀ ਸ੍ਰ: ਕੁਲਬੀਰ ਸਿੰਘ, ਕੁਲਤਾਰ ਸਿੰਘ, ਸਵਰਗੀ ਰਣਧੀਰ ਸਿੰਘ ਤੇ ਉਸ ਤੋ ਛੋਟਾ ਮੈ. ਰਾਜਿੰਦਰ ਸਿੰਘ।

ਪ੍ਰ: ਆਪ ਦਸਦੇ ਹੋ ਕਿ ਸ਼ਹੀਦ ਭਗਤ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਪ੍ਰੇਰਨਾ ਲਈ ਇਸ ਬਾਰੇ ਕੁਝ ਹੋਰ ਜਾਣਕਾਰੀ ਦਿਓ?

ਉ: ਹਾਂ ਸ਼ਹੀਦ ਭਗਤ ਸਿੰਘ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਤੋ ਪ੍ਰੇਰਨਾ ਮਿਲੀ। ਸਤਿਗੁਰੂ ਰਾਮ ਸਿੰਘ ਜੀ ਸੇਧ ਦੇ ਕੇ ਪ੍ਰਦੇਸ ਚਲੇ ਗਏ ਸਨ। ਸਤਿਗੁਰੂ ਜੀ ਦੀ ਸ਼ਖਸੀਅਤ ਤੇ ਅਸੂਲਾਂ ਤੋਂ ਪ੍ਰਭਾਵਿਤ ਸਾਡੇ ਚਾਚਾ ਸ੍ਰ: ਅਜੀਤ ਸਿੰਘ ਵੀ ਪ੍ਰਭਾਵਿਤ ਹੋਏ। ਉਹਨਾਂ ਨੇ ਸਤਿਗੁਰੂ ਜੀ ਦੇ ਦਿਤੇ ਨਾਮਿਲਵਰਤਣ ਨਾਅਰੇ ਨੂੰ ਕਬੂਲ ਕੀਤਾ ਅਤੇ ਆਪਣਾ ਗੀਤ "ਪਗੜੀ ਸੰਭਾਲ ਜੱਟਾ" ਇਸੇ ਪ੍ਰਭਾਵ ਅਧੀਨ ਲਿਖਿਆ। ਮਹਾਤਮਾ ਗਾਂਧੀ ਨੇ ਵੀ ਇਹੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸਾਇਆ ਨਾਮਿਲਵਰਤਣ ਦਾ ਅਸੂਲ ਪ੍ਰਯੋਗ ਵਿਚ ਲਿਆਂਦਾ।

ਪ੍ਰ: ਸ਼ਹੀਦ ਭਗਤ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਕੋਈ ਲੇਖ ਲਿਖ ਕੇ ਉਦੋਂ ਨਿਕਲਦੇ ਅਖਬਾਰਾਂ ਤੇ ਰਿਸਾਲਿਆ ਵਿਚ ਛਪਵਾਏ?

ਉ: ਹਾਂ ਉਨ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਕਈ ਲੇਖ ਲਿਖ ਕੇ ਛਪਵਾਏ। ਸ਼ਹੀਦ ਭਗਤ ਸਿੰਘ ਦੀਆਂ ਲਿਖੀਆਂ ਚਿੱਠੀਆਂ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਨ ਲਈ ਲਿਆਇਆ ਹਾਂ। ਐਹ ਇਕ ਚਿੱਠੀ ਹਿੰਦੀ ਵਿਚ ਉਨ੍ਹਾਂ ਦੀ, ਅਖਬਾਰ 'ਮਹਾਂਰਥੀ' ਚਲਾਉਣ ਵਾਲੇ, ਪ੍ਰੈਸ ਵਾਲੇ ਨੂੰ ਲਿਖੀ ਹੋਈ ਹੈ, ਸ਼ਹਿਨਸ਼ਾਹ ਕੁਟੀਆ, ਸੂਤਰ ਮੰਡੀ ਲਾਹੌਰ ਤੋਂ, ਇਸ ਵਿਚ ਲਿਖਿਆ ਹੈ ਬਈ "ਤੁਸੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਮੇਰੇ ਲਿਖੇ ਲੇਖ ਨੂੰ ਛਾਪਿਆ ਪਰ ਫੋਟੋ ਨਾਲ ਕਿਉਂ ਨਹੀਂ ਛਾਪੀ? ਤਿਰੰਗੇ ਬਲਾਕ ਬਣਵਾਓ, ਮੈਂ ਫੋਟੋ ਭੇਜਾਂਗਾ। ਏਨੀ ਸ਼ਰਧਾ ਸੀ ਉਨ੍ਹਾਂ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਤੀ।

ਪ੍ਰ: ਸ਼ਹੀਦ ਭਗਤ ਸਿੰਘ ਬਾਰੇ ਕੁਝ ਹੋਰ ਦੱਸੋ?

ਉ: ਇਹ ਸਾਰਾ ਕੁਰਬਾਨੀ ਦਾ ਸਿਲਸਿਲਾ ਹੈ। ਸ੍ਰ: ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਹੋਈ ਸੀ ਤੇ ਬਾਕੀ ਸੱਤ ਜਣਿਆਂ, ਵਿਜੈ ਕੁਮਾਰ, ਕਮਲ ਨਾਥ ਤਿਵਾੜੀ, ਡਾ. ਗਯਾ ਪ੍ਰਸਾਦ, ਮਹਾਂਵੀਰ ਸਿੰਘ, ਪੰ. ਕਿਸ਼ੋਰੀ ਲਾਲ ਆਦਿ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ। ਅੰਗ੍ਰੇਜ਼ਾਂ ਨੇ ਇਨ੍ਹਾਂ ਸੀਨੀਅਰ ਲੀਡਰਾਂ ਨੂੰ ਇਕੱਠੇ ਕਰ ਕੇ ਕਿਹਾ ਸੀ ਕਿ ਤੁਸੀ ਆਖ ਦਿਓ ਬਈ ਪਿਛੇ ਜੋ ਕੁਝ ਅਸਾਂ ਕੀਤਾ, ਗਲਤ ਕੀਤਾ ਅਗਾਂਹ ਨੂੰ ਨਹੀਂ ਕਰਾਂਗੇ। ਉਹ ਕਹਿੰਦੇ ਅਸੀਂ ਜ਼ੇਲ੍ਹਾਂ ਕੱਟ ਲਵਾਂਗੇ ਪਰ ਇਹ ਨਹੀਂ ਆਖਾਂਗੇ। ਨਾਲੇ ਅਸੀਂ ਉਨ੍ਹਾਂ ਦੀ ਨਿੰਦਿਆ ਕਿਵੇਂ ਕਰ ਦੇਈਏ ਜਿਹੜੇ ਦੇਸ਼ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਗਏ ਨੇ।

Namdhari Elibrary NamdhariElibrary@gmail.com

ਜੇਲ ਵਿਚ ਭਾਰਤੀ ਦੇਸ਼ ਭਗਤਾਂ ਨੂੰ ਡੰਗਰਾਂ ਵਾਂਗ ਰਖਿਆ ਜਾਂਦਾ ਸੀ। ਟਾਟ ਦੇ ਕੱਪੜੇ ਹੁੰਦੇ, ਘਟੀਆ ਖਾਣਾ ਹੁੰਦਾ, ਰਾਤ ਨੂੰ ਸੌਣ ਵੀ ਨਹੀਂ ਸਨ ਦਿੰਦੇ, ਜਦ ਪਹਿਰਾ ਬਦਲਣਾ ਠੋਕਰ ਮਾਰ ਕੇ ਜਗਾ ਦਿੰਦੇ ਸਨ। ਸ੍ਰ. ਭਗਤ ਸਿੰਘ ਨੇ ਜ਼ੇਲ ਵਿਚ ਏ. ਬੀ. ਕਲਾਸਾਂ ਬਣਵਾਈਆਂ, ਉਨ੍ਹਾਂ ਦੇ ਇਕ ਸਾਥੀ ਨੇ ਇਸ ਪਿਛੇ ਸ਼ਹੀਦੀ ਦਿੱਤੀ। ਆਪ ਦੇ ਸਾਥੀ ਜਤਿੰਦਰ ਨਾਥ ਨੇ ੬੬ ਦਿਨ ਭੁੱਖ ਹੜਤਾਲ ਕੀਤੀ, ਪੈਰ ਸੌਂ ਗਏ, ਕੰਨ ਬੰਦ ਹੋ ਗਏ, ਬੁੱਲ ਸੁੱਕ ਗਏ, ਇਨ੍ਹਾਂ ਕੁਰਬਾਨੀਆਂ ਸਦਕਾ ਜ਼ੇਲ ਵਿਚ ਏ. ਬੀ. ਕਲਾਸਾਂ ਬਣੀਆਂ। ਨੌਜਵਾਨ ਭਾਰਤ ਸਭਾ ਬਣੀ, ਬੱਚਿਆਂ ਵਿਚ ਮੁਲਕੀ ਪਿਆਰ ਪੈਦਾ ਕਰਨ ਲਈ ਬਾਲ ਭਾਰਤ ਸਭਾ ਬਣੀ।

ਪ੍ਰ: ਆਪ ਜੀ ਦੇ ਪਰਿਵਾਰ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਬੰਧ ਕਿਸ ਤਰ੍ਹਾਂ ਦੇ ਸਨ?

ਉ: ਸਾਨੂੰ ਮਾਣ ਹੈ ਇਸ ਗੱਲ 'ਤੇ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਰਿਵਾਰ ਦਾ ਬਹੁਤ ਧਿਆਨ ਰੱਖਿਆ। ਸ੍ਰ: ਭਗਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਿਤਾ ਜੀ ਕੋਲ ਆਪਣਾ ਇਕ ਸਿੱਖ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਭੇਜਿਆ, ਚਾਹੇ ਸੇਵਕ ਦੇ ਤੌਰ 'ਤੇ ਸਮਝ ਲਵੋ, ਚਾਹੇ ਬਾਡੀਗਾਰਡ ਜਾਂ ਸੈਕਟਰੀ ਆਖ ਲਵੋ, ਸੰਤ ਮੰਗਲ ਸਿੰਘ ਹਰ ਵੇਲੇ ਸਾਡੇ ਪਿਤਾ ਜੀ ਨਾਲ ਰਹਿੰਦੇ ਸਨ, ਬੜੇ ਜ਼ਿੰਦਾਦਿਲ ਸਨ, ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਬੜਾ ਤਾਲੁੱਕ ਰਿਹਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੰਤ ਮੰਗਲ ਸਿੰਘ ਨੂੰ ਸਾਡੇ ਪਿਤਾ ਜੀ ਕੋਲ ਭੇਜਣ ਦਾ ਮਕਸਦ ਸੀ ਕਿ ਨੌਜਵਾਨ ਪੁੱਤਰ ਦੀ ਕੁਰਬਾਨੀ ਨਾਲ ਕਿਤੇ ਉਹ ਡੋਲ ਨਾ ਜਾਣ। ਆਪ ਸਾਡੇ ਪਿਤਾ ਜੀ ਨੂੰ ਧੀਰਜ ਦਿੰਦੇ ਤੇ ਸਮਝਾਉਂਦੇ ਰਹੇ। ਜਿਥੇ ਕਿਧਰੇ ਨਾਲ ਜਾਣਾਂ ਉਨ੍ਹਾਂ ਨੇ ਲੋਕਾਂ ਨੂੰ ਦਸਣਾ ਕਿ ਇਹ ਸ਼ਹੀਦ ਭਗਤ ਸਿੰਘ ਦੇ ਪਿਤਾ ਜੀ ਹਨ, ਇਨ੍ਹਾਂ ਨੂੰ ਥਾਂ ਦਿਓ। ਰਸਤੇ ਵਿਚ ਲੰਘਦਿਆਂ ਦੁਕਾਨਾਂ ਤੋਂ ਉਠ ਉਠ ਕੇ ਲੋਕ ਸਾਡੇ ਪਿਤਾ ਜੀ ਨੂੰ ਵੇਖਦੇ ਸਨ।

ਉਸ ਵੇਲੇ ਅੰਗ੍ਰੇਜ਼ਾਂ ਵਲੋਂ ਬੜੀ ਸਖਤੀ ਦਾ ਦੌਰ ਚਲ ਰਿਹਾ ਸੀ। ਜਿਥੇ ਕਿਧਰੇ ਕੋਈ ਵਿਸਫੋਟ ਹੁੰਦਾ, ਸਾਡੇ ਘਰ ਦੀ ਤਲਾਸ਼ੀ ਜ਼ਰੂਰ ਹੁੰਦੀ ਸੀ। ਸੰਤ ਮੰਗਲ ਸਿੰਘ ਸਾਡੇ ਪਿਤਾ ਜੀ ਨਾਲ ਢਾਈ ਸਾਲ ਰਹੇ। ਫਿਰ ਪਿਤਾ ਜੀ ਨੇ ਸੰਤਾਂ ਨੂੰ ਵਾਪਸ ਸ੍ਰੀ ਸਤਿਗੁਰੂ ਜੀ ਕੋਲ ਭੇਜ ਦਿੱਤਾ।

ਪ੍ਰ: 'ਮੇਰਾ ਰੰਗ ਦੇ ਬਸੰਤੀ ਚੋਲਾ' ਸ਼ਹੀਦ ਭਗਤ ਸਿੰਘ ਦਾ ਜ਼ੇਲ 'ਚ ਇਹ ਆਖਿਰੀ ਗੀਤ ਬੜਾ ਪ੍ਰਚਲਿਤ ਹੋਇਆ। ਭਲਾ ਕਿਉਂ?

ਉ: ਵੇਖੋ ਜੀ ਚੜ੍ਹਦੀ ਉਮਰ ਸੀ, ਉਹ ਛੋਟੀ ਛੋਟੀ ਇਤਨਾ ਕੰਮ ਕਰ ਗਏ ਜਿਨਾਂ ਕੋਈ ਸੌ ਸਾਲ ਵਿਚ ਨਹੀਂ ਕਰ ਸਕਦਾ। ਉਨ੍ਹਾਂ ਨੇ ਹਿੰਦੁਸਤਾਨ ਦੀਆਂ ਯੁਗਾਂਤਰ ਆਦਿ ਛੋਟੀਆਂ ਛੋਟੀਆਂ ਇਨਕਲਾਬੀ ਪਾਰਟੀਆਂ ਨੂੰ ਇਕੱਠੇ ਕੀਤਾ ਅਤੇ ਕਿਹਾ ਕਿ ਆਪਣੇ ਸ਼ਹੀਦ ਸਾਂਝੇ ਹਨ, ਆਪਾਂ ਰਲ ਕੇ ਕਿਉਂ ਨਾ ਕਾਰਵਾਈ ਕਰੀਏ। ਜਿਸ ਵੇਲੇ ਪਾਰਲੀਮੈਂਟ ਵਿਚ ਬੰਬ ਸੁਟਿਆ ਬਰਦਵਾਨ ਦੇ ਬੰਦੇ ਬੀ. ਕੇ. ਦੱਤ ਨੂੰ ਨਾਲ ਲਿਆ। ਉਹ ਹੀ ਨਹੀਂ ਉਨ੍ਹਾਂ ਭਾਰਤ ਦੇ ਸਾਰੇ ਇਲਾਕਿਆਂ ਤੋਂ ਸਾਰੇ ਧਰਮਾਂ ਦੇ ਦੇਸ਼ ਭਗਤ ਆਪਣੇ ਨਾਲ ਲਏ।

ਇਸੇ ਤਰ੍ਹਾਂ ਲਾਲਾ ਲਾਜਪਤ ਰਾਏ ਵਾਸਤੇ ਸਾਰਿਆਂ ਵਲੋਂ ਇਕੱਠੇ ਹੋ ਕੇ ਕਿਹਾ ਗਿਆ ਕਿ ਉਹ ਬਹੁਤ ਬਜ਼ੁਰਗ ਆਦਮੀ ਸੀ, ਉਸ ਨੇ ਕੋਈ ਲਾਠੀ ਨਹੀਂ ਮਾਰੀ, ਕੋਈ ਗਾਲ ਨਹੀਂ ਕੱਢੀ, ਉਸ ਨੂੰ

ਸਾਨੂੰ ਮਾਣ ਹੈ ਇਸ ਗੱਲ 'ਤੇ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਰਿਵਾਰ ਦਾ ਬਹੁਤ ਧਿਆਨ ਰੱਖਿਆ। ਸ੍ਰ: ਭਗਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਿਤਾ ਜੀ ਕੋਲ ਆਪਣਾ ਇਕ ਸਿੱਖ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਭੇਜਿਆ, ਚਾਹੇ ਸੇਵਕ ਦੇ ਤੌਰ 'ਤੇ ਸਮਝ ਲਵੋ, ਚਾਹੇ ਬਾਡੀਗਾਰਡ ਜਾਂ ਸੈਕਟਰੀ ਆਖ ਲਵੋ, ਸੰਤ ਮੰਗਲ ਸਿੰਘ ਹਰ ਵੇਲੇ ਸਾਡੇ ਪਿਤਾ ਜੀ ਨਾਲ ਰਹਿੰਦੇ ਸਨ, ਬੜੇ ਜ਼ਿੰਦਾਦਿਲ ਸਨ, ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਬੜਾ ਤਾਲੁੱਕ ਰਿਹਾ।

ਕਿਉਂ ਲਾਠੀਆਂ ਮਾਰ ਕੇ ਮਾਰ ਦਿੱਤਾ ਗਿਆ, ਇਸ ਦੀ ਪੁਣ ਛਾਣ ਕਰਵਾਈ ਜਾਵੇ। ਉਸ ਵੇਲੇ ਸਰਕਾਰ ਨਹੀਂ ਸੀ ਤਿਆਰ ਜਾਂਚ ਪੜਤਾਲ ਕਰਵਾਉਣ ਲਈ। ਉਨ੍ਹਾਂ ਨੇ ਕਿਹਾ ਕਰਾਉਣ ਨੂੰ ਤਾਂ ਇਹ ਅਸੀਂ ਇਕੱਲੇ ਵੀ ਕਰ ਸਕਦੇ ਹਾਂ ਪਰ ਅੰਗ੍ਰੇਜ਼ ਦੀ ਸੀ. ਆਈ. ਡੀ. ਨੂੰ ਪਤਾ ਲੱਗ ਜਾਵੇ ਤੇ ਇਸ ਦੇ ਵਿਚ ਇਹ ਨਜ਼ਰ ਆ ਜਾਵੇ ਕਿ ਸਾਰਾ ਹਿੰਦੁਸਤਾਨ ਇਕੱਠਾ ਹੈ। ਮਹਾਂਰਾਸ਼ਟਰ ਤੋਂ ਰਾਜਗੁਰੂ ਆਇਆ, ਚੰਦਰ ਸ਼ੇਖਰ ਅਜ਼ਾਦ ਆਇਆ ਤਾਂ ਕਿ ਇਹ ਨਾ ਜਾਪੇ ਕਿ ਲਾਜਪਤ ਰਾਏ ਇਕੱਲੇ ਪੰਜਾਬੀਆਂ ਦਾ ਸੀ ਯਾਨੀ ਉਸ ਵੇਲੇ ਇਜ਼ਤ ਦਾ ਸਵਾਲ ਬਣਿਆ ਸੀ, ਇਹ ਸਾਬਤ ਕੀਤਾ ਗਿਆ ਕਿ ਸਾਰੇ ਹਿੰਦੁਸਤਾਨ ਦੀ ਬੇਇੱਜ਼ਤੀ ਹੋਈ ਹੈ।

ਪ੍ਰ: ਉਹਨਾਂ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦਿੱਤੀ। ਹੁਣ ਦੇਸ ਅਜ਼ਾਦ ਹੈ, ਵਿਕਾਸ ਕਰ ਰਿਹਾ ਹੈ, ਇਸ ਵਿਚ ਤੁਸੀਂ ਕੀ ਹਿੱਸਾ ਪਾ ਰਹੇ ਹੋ?

ਉ: ਅਸੀਂ ਖੇਤੀ ਬਾੜੀ ਦਾ ਕੰਮ ਕਰਦੇ ਹਾਂ। ਅਸੀਂ ਆਪੋ ਆਪਣੇ ਫਾਰਮਾਂ ਵਿਚ ਰਹਿੰਦੇ ਹਾਂ। ਐਸ ਵੇਲੇ ਅਸੀਂ ਦੋ ਭਰਾ ਜਿਉਂਦੇ ਹਾਂ, ਕੁਲਬੀਰ ਸਿੰਘ ਤੇ ਮੈਂ ਰਜਿੰਦਰ ਸਿੰਘ। ਮੇਰੇ ਭਰਾ ਸਵਰਗੀ ਰਣਬੀਰ ਸਿੰਘ ਦਾ ਪੁਤਰ ਕਰਨਲ ਹੈ, ਉਸ ਨੂੰ ਲੰਕਾ ਵਿਚ ਵੀਰ ਚੱਕਰ ਮਿਲਿਆ ਸੀ। ਸਾਡੀ ਵੱਡੀ ਭੈਣ ਅਮਰ ਕੌਰ ਜੀ ਵੀ ਰਾਜਨੀਤੀ ਵਿਚ ਹਿੱਸਾ ਲੈਂਦੇ ਰਹੇ, ਇਨ੍ਹਾਂ ਦਾ ਪੁਤਰ ਜਗਮੋਹਨ ਸਿੰਘ ਅਜ ਕਲ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਪ੍ਰੋਫੈਸਰ ਲਗਾ ਹੋਇਆ ਹੈ ਅਤੇ ਉਸ ਦੀ ਪਤਨੀ ਅਮਰਜੀਤ ਕੌਰ ਡਾਕਟਰ ਹੈ।

ਭੈਣ ਜੀ ਦੇਸ਼ ਭਗਤੀ ਦੀ ਲਹਿਰ ਵਿਚ ਬੜੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। ਇਕ ਵਾਰ ਉਨ੍ਹਾਂ ਨੇ ਬੜੇ ਜੋਸ਼ ਵਿਚ ਤਕਰੀਰ ਕੀਤੀ ਕਿ ਇਹ ਲਾਲ ਮੂੰਹ ਵਾਲੇ (ਅੰਗ੍ਰੇਜ਼) ਤਾਂ ਬਹੁਤ ਥੋੜ੍ਹੇ ਹਨ ਅਸੀਂ ਭਾਰਤੀ ਕਰੋੜਾਂ ਦੀ ਗਿਣਤੀ ਵਿਚ ਹਾਂ। ਇਨ੍ਹਾਂ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਲਾਇਆ ਹੈ ਜੇ ਹੁਣ ਇਨ੍ਹਾਂ ਨੇ ਹੋਰ ਨੌਜਵਾਨਾਂ ਗੁਰਬਖਸ਼ ਸਿੰਘ ਢਿੱਲੋਂ ਪ੍ਰੇਮ ਸਹਿਗਲ ਜਾਂ ਸ਼ਾਹਨਵਾਜ਼ ਆਦਿ ਨੂੰ ਫਾਂਸੀ ਲਾਇਆ ਤਾਂ ਤੁਸੀਂ ਉਸੇ ਵੇਲੇ ਜੋ ਹੱਥ ਆਉਂਦਾ ਕੁਹਾੜੀ ਚੁਕ ਲਵੋ, ਕਹੀ ਲੈ ਲਵੋ, ਇੱਟ ਵੱਟਾ ਲੱਭਦਾ ਹੈ ਉਹ ਚੁਕ ਲਵੋ ਤੇ, ਪੈ ਜਾਵੋ ਇਨ੍ਹਾਂ ਤੇ......

ਅਜਿਹੀ ਤਕਰੀਰ ਕਰਨ ਤੇ ਭੈਣ ਅਮਰ ਕੌਰ ਨੂੰ ਸਜ਼ਾ ਹੋਈ। ਫਿਰ ਹੜਤਾਲ ਹੋਈ। ਉਸ ਵੇਲੇ ਭੈਣ ਜੀ ਦਾ ਪੁਤਰ ਜਗਮੋਹਨ ਸਿੰਘ ਗੋਦੀ ਵਿਚ ਸੀ। ਫਿਰ ਸਰਕਾਰ ਨੇ ਕਿਹਾ ਕਿ 'ਗਰਮੀ ਦਾ ਮੌਸਮ ਹੈ। ਅਸੀਂ ਬੱਚੇ 'ਤੇ ਤਰਸ ਕਰ ਕੇ ਇਸ ਨੂੰ ਛੱਡ ਰਹੇ ਹਾਂ, ਤੇ ਉਮੀਦ ਕਰਦੇ ਹਾਂ ਕਿ ਬੀਬੀ ਅਮਰ ਕੌਰ ਅਗੇ ਨੂੰ ਅਜਿਹੇ

Namdhari Elibrary NamdhariElibrary@gmail.com

ਲੈਕਚਰ ਨਹੀਂ ਕਰਨਗੇ।' ਬੀਬੀ ਅਮਰ ਕੌਰ ਨੇ ਆਖਿਆ ਕਿ 'ਤੁਸੀਂ ਮੇਰੇ ਪੁਤਰ 'ਤੇ ਤਰਸ ਨਾ ਖਾਵੋ। ਜ਼ੇਲ੍ਹ ਤਾਂ ਮੈਂ ਕੱਟ ਬੈਠੀ ਹਾਂ। ਗਰਮੀ ਤਾਂ ਹੁਣ ਨਿਕਲ ਗਈ ਹੈ, ਬਾਕੀ ਜੋ ਮੇਰੇ ਦੇਸ਼ ਦੇ ਹਿਤ ਵਿਚ ਹੋਵੇਗਾ, ਮੈਂ ਕਰਾਂਗੀ, ਮੇਰੇ 'ਤੇ ਕੋਈ ਪਾਬੰਦੀ ਨਹੀਂ।' ਇਹ ਆਖ ਕੇ ਉਨ੍ਹਾਂ ਉਸੇ ਵੇਲੇ ਸਰਕਾਰੀ ਬਿਆਨ ਦਾ ਖੰਡਨ ਕੀਤਾ।

ਪ੍ਰ: ਬੀਬੀ ਅਮਰ ਕੌਰ ਜੀ ਨੂੰ ਕੋਈ ਅਵਾਰਡ ਵੀ ਮਿਲਿਆ ਸੀ?

ਉ: ਹਾਂ, ਉਨ੍ਹਾਂ ਨੂੰ ਰਾਸ਼ਟਰਪਤੀ ਅਵਾਰਡ ਮਿਲਿਆ। ਜਦੋਂ ਦੇਸ਼ ਦੀ ਵੰਡ ਹੋਈ, ਕੈਂਪ ਬਣੇ ਹੋਏ ਸਨ। ਸਾਡੀਆਂ ਕੁਝ ਬੱਚੀਆਂ ਉਧਰ ਪਾਕਿਸਤਾਨ ਵਿਚ ਰਹਿ ਗਈਆਂ ਸਨ, ਮੁਸਲਮਾਨ ਖੋਹ ਕੇ ਲੈ ਗਏ ਸਨ। ਭੈਣ ਅਮਰ ਕੌਰ ਜੀ ਕਹਿੰਦੇ ਸਨ ਕਿ ਨਾਰੀ ਜਾਤੀ ਇਕੋ ਹੈ, ਚਾਹੇ ਉਹ ਮੁਸਲਮਾਨ ਹੈ ਜਾਂ ਹਿੰਦੂ-ਸਿੱਖ ਜਾਂ ਕੋਈ ਵੀ। ਉਨ੍ਹਾਂ ਨੇ ਕੁੜੀਆਂ ਉਧਰੋਂ ਇਧਰ ਮੰਗਵਾਈਆਂ ਅਤੇ ਇਧਰੋਂ ਉਧਰ ਭਿਜਵਾਈਆਂ ਸਨ। ਇਹੋ ਜਹਿ ਕਾਰਜਾਂ ਕਰਕੇ ਉਹਨਾਂ ਨੂੰ ਰਾਸ਼ਟਰਪਤੀ ਅਵਾਰਡ ਮਿਲਿਆ।

ਇਸ ਪ੍ਰਵਾਰਿਕ ਜਾਣਕਾਰੀ ਦੇ ਨਾਲ ਨਾਲ ਸ਼ਹੀਦ ਭਗਤ ਸਿੰਘ ਦੇ ਵੀਰ ਤੋਂ ਪੱਤਾ ਲਗਾ ਕਿ ਉਨ੍ਹਾਂ ਦੇ ਇਕ ਸਾਥੀ ਨੇ ਇਕ ਕਿਤਾਬ ਵਿਚ ਲਿਖਿਆ ਹੈ ਬਈ ਕਿਹੜੀ ਕਿਹੜੀ ਅਖਬਾਰ ਵਿਚ ਉਨ੍ਹਾਂ ਦੇ ਲੇਖ 'ਨਾਮਧਾਰੀ ਮੂਵਮੈਂਟ', 'ਨਾਮਿਲਵਰਤਣ' ਅਤੇ ਸ੍ਰੀ ਸਤਿਗੁਰੂ ਰਾਮ ਸਿੰਘ' ਆਦਿ ਛਪੇ ਸਨ। ਬਹੁਤ ਸਾਰੇ ਅਖਬਾਰਾਂ ਵਿਚ ਉਹ ਆਪਣੇ ਲੇਖ ਦਿੰਦੇ ਸਨ। 'ਕਿਰਤੀ' ਨਾਂ ਦਾ ਅਖਬਾਰ ਕਮਿਊਨਿਸਟ ਕੱਢਦੇ ਸੀ, ਉਨ੍ਹਾਂ ਵਿਚ ਵੀ ਉਹ ਆਪਣੇ ਲੇਖ ਦਿੰਦੇ ਸਨ।

ਉਦੋਂ ਅਰਜਨ ਸਿੰਘ ਗੜਗਜ ਦਾ ਨਾਂ ਹੁੰਦਾ ਸੀ ਅਤੇ ਅਖਬਾਰ ਇਹ ਚਲਾਉਂਦੇ ਸਨ। ਇਕ 'ਚਾਂਦ' ਨਾਂ ਦਾ ਰਿਸਾਲਾ ਸੀ, ਉਸ ਵਿਚ ਵੀ ਇਨ੍ਹਾਂ ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲੇਖ ਛਪਿਆ, ਉਹ ਅੰਗ੍ਰੇਜ਼ਾਂ ਨੇ ਜਬਤ ਕਰ ਲਿਆ ਸੀ। ਹੁਣ ਪਤਾ ਲਗਾ ਹੈ ਕਿ ਕਿਸੇ ਕੋਲ ਇਸ ਦੀ ਪੁਰਾਣੀ ਕਾਪੀ ਪਈ ਸੀ, ਉਹ ਫਿਰ ਛਪਿਆ ਹੈ, ਅਸੀਂ ਲੱਭ ਰਹੇ ਹਾਂ ਤਾਂ ਕਿ ਉਨ੍ਹਾਂ ਦੇ ਆਪਣੇ ਲੇਖ ਦਾ ਪਤਾ ਲੱਗ ਸਕੇ ਕਿ ਉਨ੍ਹਾਂ ਦੇ ਕੀ ਸ਼ਬਦ ਸਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ।

ਸ਼ਹੀਦ ਭਗਤ ਸਿੰਘ ਦੇ ਸ਼ਹੀਦ ਊਧਮ ਸਿੰਘ ਨਾਲ ਵੀ ਤਾਲੁੱਕ ਰਹੇ। ਜਦੋਂ ਸ੍ਰ: ਊਧਮ ਸਿੰਘ ਵਿਦੇਸ਼ ਵਿਚ ਸਨ, ਸ੍ਰ: ਭਗਤ ਸਿੰਘ ਨੇ ਉਨ੍ਹਾ ਨੂੰ ਮਸ਼ਵਰਾ ਦਿੱਤਾ ਸੀ ਕਿ ਉਹ ਵੀਰ ਸਾਵਰਕਰ ਦੀ ੧੮੫੭ ਦੇ ਗਦਰ 'ਤੇ ਲਿਖੀ ਗਈ ਕਿਤਾਬ ਜਿਹੜੀ ਇਥੇ ਜਬਤ ਹੋ ਗਈ ਸੀ ਤੇ ਜਿਸ ਕੋਲੋਂ ਸ੍ਰ. ਊਧਮ ਸਿੰਘ ਨੂੰ ਦੇਸ਼-ਭਗਤੀ ਦੀ ਪ੍ਰੇਰਨਾ ਮਿਲੀ, ਉਸ ਨੂੰ ਛਪਵਾਉਣ। ਉਨ੍ਹਾਂ ਉਤਰ ਦਿੱਤਾ ਸੀ ਕਿ ਇਥੇ ਹਿੰਦੀ ਦੀ ਪ੍ਰੈਸ ਤਾਂ ਹੈ ਨਹੀਂ, ਫਰਾਂਸ ਵਿਚ ਕੋਸ਼ਿਸ਼ ਹੋ ਸਕਦੀ ਹੈ।

ਸ੍ਰ: ਰਾਜਿੰਦਰ ਸਿੰਘ ਨੇ ਸਾਨੂੰ ਸ਼ਹੀਦ ਭਗਤ ਸਿੰਘ ਦੀ ਚਿਠੀ ਦੀ ਫੋਟੋਸਟੇਟ ਕਾਪੀ ਜੋ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਨ ਲਈ ਲਿਆਏ ਸਨ ਵਿਖਾਈ। ਇਸ ਤਰ੍ਹਾਂ ਸਾਡੇ ਗਿਆਨ ਵਿਚ ਵਾਧਾ ਹੋਇਆ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਸ਼ਹੀਦ ਕਿਵੇਂ ਪ੍ਰੇਰਨਾ ਲੈਂਦੇ ਰਹੇ ਅਤੇ ਸ਼ਹੀਦ ਭਗਤ ਸਿੰਘ ਦਾ ਸਮੁਚਾ ਪਰਵਾਰ ਕਿਸ ਤਰ੍ਹਾਂ ਦੀ ਭਾਵਨਾ ਰਖਦਾ ਸੀ। ■

■ ਸੰਤ ਖਜ਼ਾਨ ਸਿੰਘ 'ਇਨਸਾਫ਼'

'ਬਸੰਤ ਸਾਨੂੰ ਭਾਵੇ ਨਾ'

ਜਿਸ ਤੀਆ ਪੀਆ ਪ੍ਰਦੇਸ ਨਿਵਾਸ ਕੀਆ,
ਧ੍ਰਿਗ ਜਾਨੋਂ ਜੀਆ ਜਿਚਰ ਪੀਆ ਘਰ ਆਵੇ ਨਾ।
ਹਾਰ ਤੇ ਸ਼ਿੰਗਾਰ ਓਹਨੂੰ ਦਿਸਦੇ ਕਟਾਰ ਸਮ,
ਨੀਂਦ ਭਰ ਸੌਣ 'ਕੀ' ਰੱਜ ਅੰਨ ਖਾਵੇ ਨਾ।
ਛੱਤੀ ਪਰਕਾਰ ਦੇ ਪਦਾਰਥ ਵੀ ਹੋਣ ਭਾਵੇਂ,
ਐਪਰ ਬਾਝ ਪੀਆ ਕਦੀ ਚਿਤ ਤ੍ਰਿਪਤਾਵੇ ਨਾ।
ਰਾਗ ਰੰਗ ਖੁਸ਼ੀਆਂ ਤੇ ਰੌਣਕਾਂ ਵੀ ਹੋਣ ਪਈਆਂ,
ਐਪਰ ਬਾਝ ਮਾਹੀ ਕਦੀ ਚਿਤ ਹਰਖਾਵੇ ਨਾ।

ਏਸੇ ਤਰ੍ਹਾਂ ਸਾਡਾ ਚੀਨੀ ਵਾਲੜਾ ਮਹਾਨ ਗੁਰੂ,
ਗਿਆ ਪ੍ਰਦੇਸ ਹਾਏ ਪਰਤ ਫੇਰਾ ਪਾਵੇ ਨਾ।
ਬਿਰਹੋਂ ਦੇ ਤਰ੍ਹਾਂ ਸਾਡਾ ਤਨ ਮਨ ਵਿੰਨਿਆ ਜੇ,
ਮੰਦਾ ਵੇਖ ਹਾਲ ਸਾਡਾ ਰਤੀ ਤਰਸ ਖਾਵੇ ਨਾ।
ਚਿਰਾਂ ਦੇ ਵਿਛੋੜੇ ਸਾਡੇ ਜਿਗਰ ਵਿਚ ਘਾਓ ਕੀਤਾ,
ਹਾਏ ਚੀਨੀ ਵਾਲਾ ਆਨ ਮਰਹਮ ਪੱਟੀ ਲਾਵੇ ਨਾ।
ਇਕ ਇਕ ਦਿਨ ਸਾਨੂੰ ਵਰ੍ਹੇ ਦਾ ਬਤੀਤ ਹੋਵੇ,
ਸੌਣਾ ਹਰਾਮ ਸਾਨੂੰ ਨੀਂਦ ਰਾਤੀਂ ਆਵੇ ਨਾ।

ਗਮਾਂ ਦੇ ਪਹਾੜ ਸਾਡੇ ਸਿਰਾਂ ਉਤੇ ਝੁਲ ਰਹੇ,
ਸਾਡਾ ਗ਼ਮ ਖ਼ਾਰ ਆਣ ਦੁਖੜੇ ਵੰਡਾਵੇ ਨਾ।
ਝੋਲੀ ਅੱਡ ਖੜੇ ਪਏ ਮੰਗਦੇ ਹਾਂ ਦਾਨ ਏਹੋ,
ਚਿਰਾਂ ਦੇ ਸਵਾਲੀਆਂ ਨੂੰ ਦਰਸ ਖੈਰ ਪਾਵੇ ਨਾ।
ਭੁਲੇ ਹੋਏ ਜੀਵ ਅਸੀਂ ਮੁਢ ਤੋਂ ਹੀ ਚਲੇ ਆਏ,
ਬਖਸ਼ ਤਕਸੀਰ ਸਾਡੀ ਆਨ ਗਲੀ ਲਾਵੇ ਨਾ।
ਕਾਹਨੂੰ ਡੇਰ ਲਾਈ ਸਾਡੇ ਸੋਹਣੇ ਸਰਦਾਰ ਗੁਰੂ,
ਤੇਰੇ ਦਰਸ ਬਾਝੋਂ ਸਾਡੇ ਮਨ ਧੀਰ ਆਵੇ ਨਾ।

ਵਰ੍ਹੇ ਗੰਢ ਤੇਰੀ ਦਿਨ ਪੰਚਮੀ ਸੁਭਾਗੜੇ ਨੂੰ,
ਹੋਣਗੇ ਦੀਵਾਨ ਤੇ ਸ਼ੁਮਾਰ ਕੋਈ ਆਵੇ ਨਾ।
ਹੋਣਗੇ ਇਕੱਠ ਭਾਰੀ ਮਿਲ ਸਭ ਨਰ ਨਾਰੀ,
ਚਲਣਗੇ ਲੰਗਰ ਕੋਈ ਜੀਵ ਭੁੱਖਾ ਜਾਵੇ ਨਾ।
ਐਪਰ ਬਸੰਤ ਦਾ ਸੁਆਦ ਪੂਰਾ ਆਂਵਣਾਂ ਕੀ,
ਜਿਚਰ ਚੀਨੀ ਵਾਲਾ ਵਿਚ ਸੰਗਤਾਂ ਸੁਹਾਵੇ ਨਾ।
ਸੱਚ ਪੁੱਛੋ ਬਾਬਾ 'ਇਨਸਾਫ਼' ਦੀ ਏ ਗੱਲ ਏਹੋ,
ਚੀਨੀ ਵਾਲੇ ਬਾਝੋਂ ਏਹ ਬਸੰਤ ਸਾਨੂੰ ਭਾਵੇ ਨਾ।

Namdhari Elibrary NamdhariElibrary@gmail.com



■ ਸੁਰਜੀਤ ਸਿੰਘ ਜੀਤ ਲੰਡਨ

ਨਾਮਧਾਰੀ ਵਿਰਸੇ ਦਾ ਪਿਛੋਕੜ

ਸਧਾਰਨ ਜੀਵ ਦੇ ਦ੍ਰਿਸ਼ਟੀਕੋਨ ਤੋਂ ਵੀ ਸਭਿਆਚਾਰਕ ਵਿਰਸਾ ਸਦੀਵੀ ਇਤਿਹਾਸ ਹੁੰਦਾ ਹੈ ਜਿਸ ਵਿਚ ਸਮੇਂ ਸਮੇਂ ਬਾਣੀ ਰਚੇਤਾ ਮਨੁੱਖ ਨੂੰ ਆਤਮਿਕ ਅਤੇ ਮਾਨਸਿਕ ਤੌਰ ਤੇ ਵਿਕਸਿਤ ਕਰਨ ਪ੍ਰਤੀ ਹੀ ਰੁਚਿਤ ਨਹੀਂ ਸਗੋਂ ਉਹਨਾਂ ਦੇ ਆਪਣੇ ਸਭਿਆਚਾਰਕ ਪਿਛੋਕੜ ਨਾਲ ਉਸ ਨੂੰ ਅੰਤਰ ਸੰਬੰਧਿਤ ਕਰਕੇ ਸਮਝਾਉਣ ਬੁਝਾਉਣ ਲਈ ਵੀ ਜਤਨਸ਼ੀਲ ਰਹਿੰਦੇ ਹਨ।

ਕਿਸੇ ਕੌਮ ਅਤੇ ਧਰਮ ਦਾ 'ਇਤਿਹਾਸ' ਉਸਦੀ ਸਭਿਅਤਾ ਦਾ ਚਿਤਰ ਹੁੰਦਾ ਹੈ ਅਤੇ ਉਸਦੇ ਉਪਰ ਉਸਾਰੂ ਵਿਰਸੇ ਦੀ ਚਿੰਨ ਮਾਤਰ ਤਸਵੀਰ ਵੀ ਹੁੰਦੀ ਹੈ। ਪੜ੍ਹੇ ਲਿਖੇ ਸ਼ਰਧਾ ਪੂਰਵਕ ਲਿਖੇ ਸਾਹਿਤ ਨੂੰ ਮਨੋਕਲਪਿਤ ਕਹਿ ਕੇ ਇਕ ਪਾਸੇ ਕਰ ਦੇਂਦੇ ਹਨ। ਪ੍ਰੰਤੂ ਅੱਜ ਮਿਥਿਆਸਕ ਸਮਝੇ ਜਾ ਰਹੇ, ਕਰਾਮਾਤੀ ਘਟਨਾਵਾਂ ਦੇ ਆਧਾਰ ਤੇ ਲਿਖੇ ਸਾਹਿਤ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ; ਅਤੇ ਨਾਂ ਹੀ (ਸ਼ਿੱਸ਼) ਸ਼ਰਧਾਲੂ ਦੀ ਬੁਨਿਆਦੀ ਸ਼ਰਧਾ ਨੂੰ ਅਣਗੌਲਿਆ ਜਾ ਸਕਦਾ ਹੈ, ਕਿਉਂਕਿ ਸ਼ਰਧਾ ਇਤਿਹਾਸ ਵਿਚ ਕਾਫੀ ਵਜਨ ਰਖਦੀ ਹੈ। ਉਹ ਇਸ ਨੂੰ ਅਣਗੌਲਿਆਂ ਕਰਕੇ ਸਾਹਿਤ ਵਿਚੋਂ ਕਾਵਿਕ ਰੱਸ ਕੱਢ ਦਿੰਦੇ ਹਨ। ਪ੍ਰਾਚੀਨ ਆਰੀਆ ਸਭਿਅਤਾ ਦੀ ਇਕ ਧਾਰਾ ਯੂਰਪ ਵਿਚ ਤੇ ਦੂਜੀ ਭਾਰਤ ਵਿਚ ਵਹਿ ਤੁਰੀ, ਯੂੱਰਪੀ ਤੇ ਭਾਰਤੀ ਧਾਰਾਵਾਂ ਨੇ ਦੋ, ਦੋ ਮਹਾਂ ਕਾਵਾਂ ਵਿਚ ਆਪਣੇ ਅਣਮੁੱਲੇ ਵਿਰਸੇ ਨੂੰ ਸੰਭਾਲ ਰਖਿਆ ਹੈ। ਅਸੀਂ ਪਰਾਏ ਦੇਸ਼ ਦੇ ਲੋਕ ਨਿਸਚੇ ਨਾਲ ਨਹੀਂ ਕਹਿ ਸਕਦੇ ਕਿ ਯੂਨਾਨ ਆਪਣੇ ਦੋ ਮਹਾਂ ਕਾਵਾਂ ਵਿਚ ਆਪਣੀ ਸਾਰੀ ਵਿਸ਼ੇਸ਼ਤਾ ਤੇ ਪ੍ਰੰਪਰਾ ਨੂੰ ਸਹੀ ਪ੍ਰਗਟ ਕਰ ਸਕਿਆ ਹੈ ਜਾਂ ਨਹੀਂ, ਪਰ ਭਾਰਤ ਵਰਸ਼ ਵਿਚ ਰਮਾਇਣ ਤੇ ਮਹਾਂਭਾਰਤ ਦੇ ਸੋਮੇ ਲੇਸ ਮਾਤਰ ਵੀ ਨਹੀਂ ਸੁੱਕੇ।......। ਅਜਿਹੀ ਅਵਸਥਾ ਵਿਚ ਰਮਾਇਣ ਤੇ ਮਹਾਂ-ਭਾਰਤ ਨੂੰ ਕੇਵਲ ਮਹਾਂਕਾਵਿ ਕਹਿਣਾ ਕਾਫੀ ਨਹੀਂ ਹੋਵੇਗਾ, ਇਹ ਇਤਿਹਾਸ ਵੀ ਹਨ ਅਤੇ ਵਿਰਸਾ ਵੀ। ਇਹ ਕੇਵਲ ਘਟਨਾਵਾਂ ਦਾ ਇਤਿਹਾਸ ਨਹੀਂ ਕਿਉਂਕਿ ਉਹ ਇਤਿਹਾਸ ਕਿਸੇ ਖਾਸ ਸਮੇਂ ਨਾਲ ਸਬੰਧਤ ਹੁੰਦਾ ਹੈ, ਇਹ ਤਾਂ ਭਾਰਤ ਦਾ ਚਿਰਕਾਲ ਇਤਿਹਾਸ ਹੈ। ਸਮੇਂ ਦੇ ਬੀਤਣ ਨਾਲ ਘਟਨਾਵਾਂ ਅਧਾਰਿਤ ਇਤਿਹਾਸ ਭਾਵੇਂ ਬਦਲ ਗਿਆ, ਪ੍ਰੰਤੂ ਇਸ ਵਿਚ ਤਬਦੀਲੀ ਨਹੀਂ ਆਈ। ਭਾਰਤ ਦੀ ਜੋ ਸਾਧਨਾ, ਅਰਾਧਨਾ ਤੇ ਸੰਕਲਪ ਹੈ, ਉਹ ਇਨਾਂ ਦੋ ਮਹਾਂਕਾਵਾਂ ਵਿਚ ਸਦੀਵੀ ਸਿੰਘਾਸਨ ਉਤੇ ਬਿਰਾਜਮਾਨ ਹੈ।

ਆਪਣੇ ਵਿਰਸੇ ਦੀ ਖੋਜ ਤੇ ਸੰਭਾਲ ਕਰਦਿਆਂ ਪੰਜਾਬੀ ਯੂਨੀਵਰਸਿਟੀ ਨੇ ਬੁਧ ਧਰਮ ਦੇ ਗ੍ਰੰਥ 'ਧੰਮਪਦ' ਦਾ ਪੰਜਾਬੀ ਅਨੁਵਾਦ ਛਾਪਿਆ। ਇਹ ਸਾਡਾ ਬਹੁਤ ਪੁਰਾਣਾ ਧਾਰਮਿਕ ਗ੍ਰੰਥ ਹੈ। ਇਸ ਵਿਰਸੇ ਨੂੰ ਸੰਭਾਲਣ ਲਈ ਯਤਨ ਅਤੇ ਪੜ੍ਹਨ ਦੀ ਪ੍ਰੇਰਣਾ ਹਿੱਤ ਸ੍ਰ: ਕ੍ਰਿਪਾਲ ਸਿੰਘ ਨਾਰੰਗ ਜੀ ਨੇ ਦੋ ਸ਼ਬਦ ਲਿਖਦਿਆਂ ਕਿਹਾ ਹੈ ਕਿ, "ਮਹਾਤਮਾ ਬੁੱਧ ਜੀ ਨੇ ਇਸ ਗ੍ਰੰਥ ਵਿਚ ਅਹਿੰਸਾ, ਸਹਿਨਸ਼ੀਲਤਾ, ਮੈਤ੍ਰੀ ਭਾਵ, ਸੰਜਮ, ਸੰਮਤ੍ਰਲਤਾ, ਧਿਆਨ, ਦਾਨ ਬੁਧੀ, ਵਿਵੇਕ, ਧਾਰਮਿਕ ਰਹਿਣੀ ਬਹਿਣੀ ਵਿਚ (ਸ਼ੁਧ ਆਚਰਣ) ਤੇ ਇਸ ਤਰ੍ਹਾਂ ਦੇ ਹੋਰ ਧਾਰਮਿਕ ਅਤੇ ਅਧਿਆਤਮਕ ਜੀਵਨ ਦੀਆਂ ਕੀਮਤਾਂ ਦੀ ਪ੍ਰਤਿਸ਼ਠਾ ਤੇ ਉਨ੍ਹਾਂ ਨੂੰ ਜੀਵਨ ਵਿਚ ਧਾਰਨ ਕਰਨ ਦੀ ਪ੍ਰੇਰਨਾ ਦਿਤੀ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ 'ਧੱਮਪਦ' ਦਾ ਇਹ ਪੰਜਾਬੀ ਰੁਪਾਂਤਰ ਪੰਜਾਬੀ ਪਾਠਕਾਂ ਤੇ ਖਾਸ ਕਰਕੇ ਯੁਵਕਾਂ ਵਾਸਤੇ ਲਾਭਦਾਇਕ ਸਿੱਧ ਹੋਵੇਗਾ।" ਇਸ ਮਹਾਨ ਵਿਰਸੇ ਨੂੰ ਸੰਭਾਲਣ ਲਈ ਪ੍ਰੇਰਨਾ ਅਤੇ ਯਤਨ ਬਹੁਤ ਸ਼ਲਾਗਾ ਯੋਗ ਹਨ। 'ਧੰਮਪਦ' ਗ੍ਰੰਥ ਆਪਣੇ ਆਪ ਵਿਚ ਇਕ ਸਭਿਆਚਾਰਕ ਉੱਚਤਾ ਦਾ ਮਹਾਨ ਪ੍ਰਤੀਕ ਹੈ ਜਿਸ ਨੂੰ ਅਗੇ ਤੋਰਨ ਲਈ ਮਹਾਤਮਾ ਬੁੱਧ ਜੀ ਨੇ ਇਕ ਵੱਡੀ ਸਚਾਈ ਦਾ ਜ਼ਿਕਰ ਕੀਤਾ ਹੈ। 'ਧੱਮਪਦ' ਵਿਚ ਇਕ ਜਗ੍ਹਾ ਮਹਾਤਮਾ ਜੀ ਫੁਰਮਾਉਂਦੇ ਹਨ।

ਸੁਜੀਵੰ ਅਹਿਰਕੇਨ ਕਕਸਰੇਨ ਧੰਸਿਨਾ।

Namdhari Elibrary NamdhariElibrary@gmail.com

ਪਕਖੰਦਿਨਾ ਪਰਾਬਤੇਨ,
ਸੰਕਲਿਟਠੇਨ ਜੀਵਿਤੰ।੨੪੪।

ਜੋ ਬੇਸ਼ਰਮ ਹੈ ਕਾਂ ਵਾਂਗ ਚਲਾਕ ਹੈ, ਵਿਨਾਸ਼ਕਾਰੀ ਹੈ, ਦੂਜਿਆਂ ਦੀ ਚੁਗਲੀ ਕਰਨ ਵਾਲਾ ਹੈ, ਬੜਬੋਲਾ ਅਤੇ ਨੀਚ ਹੈ, ਇਸ ਜਗ ਵਿਚ ਉਸ ਲਈ ਜੀਉਣਾ ਸੌਖਾ ਹੈ।

ਹਿਰੀਮਤਾ ਚ ਦੁੱਜੀਵੰ ਨਿੱਚੰ ਸੁਚਿਗਵੇਸਨਾ।
ਅਲੀਨੇ ਨਹਪਗਬਭੇਨ, ਸੁਦਧਾਜੀਵੇਨ।੨੪੫।

ਪਰੰਤੂ ਜੋ ਨਿੱਤ ਪਵਿਤਰਤਾ ਦੀ ਖੋਜ ਕਰਦਾ ਹੈ, ਸ਼ਰਮਸਾਰ ਹੈ, ਨਿਰਲੇਪ ਹੈ, ਨਿਮਰ ਹੈ, ਬੇਦਾਗ ਅਤੇ ਬੁਧੀਮਾਨ ਹੈ, ਇਸ ਜੱਗ ਵਿਚ ਉਸਦਾ ਜੀਉਣਾ ਔਖਾ ਹੈ।

ਸੋ ਮਹਾਤਮਾ ਬੁੱਧ ਜੀ ਨੇ ਕਿੰਨੇ ਸਾਲ ਪਹਿਲਾਂ ਕਿਡੀ ਵੱਡੀ ਸਚਾਈ ਆਉਣ ਵਾਲੇ ਸਮੇਂ ਬਾਰੇ ਲਿਖ ਦਿੱਤੀ ਸੀ। ਅੱਜ ਸਾਡੇ ਸਾਹਮਣੇ ਹੈ, ਜੋ ਬੇਸ਼ਰਮੀ ਦੀ ਹੱਦ ਤੱਕ ਅੰਗਰੇਜ਼ ਸਰਕਾਰ ਦੀ ਜੀ ਹਜ਼ੂਰੀ ਕਰਦੇ ਰਹੇ ਅਤੇ ਸਰਕਾਰ ਦੇ ਕਹਿਣ ਅਨੁਸਾਰ ਚਲਦੇ ਰਹੇ, ਉਨ੍ਹਾਂ ਲਈ ਇਸ ਜੱਗ ਵਿਚ ਜੀਉਣਾ ਕਿੰਨਾ ਸੌਖਾ ਤੇ ਆਸਾਨ ਰਿਹਾ ਹੈ। ਦੂਸਰੇ ਪਾਸੇ ਜੋ ੧੯ਵੀਂ ਸਦੀ ਅਤੇ ੨੦ਵੀਂ ਸਦੀ ਵਿਚ ਦੇਸ਼ ਭਗਤੀ ਧਰਮ ਮਰਯਾਦਾ ਦੇ ਧਾਰਨੀ ਰਹੇ, ਉਨ੍ਹਾਂ ਦੀ ਪਵਿੱਤਰਤਾ ਲਈ ਖੋਜ, ਬੇਦਾਗ਼ ਦੇਸ਼ ਭਗਤੀ, ਨਿਰਲੇਪ, ਨਿਰਪੱਖ, ਗੁਰਸਿੱਖੀ ਜੀਵਨ ਕਿੰਨਾ ਔਖਾ ਅਤੇ ਕਠਨ ਰਿਹਾ ਹੈ। ਅਜ ਉਨ੍ਹਾਂ ਸੂਰਮਿਆਂ ਜੋਧਿਆਂ ਦਾ ਇਤਿਹਾਸ ਵਿਚ ਤਾਂ ਜ਼ਿਕਰ ਨਹੀਂ ਆਉਂਦਾ ਜੇ ਆਉਂਦਾ ਹੈ ਤਦ ਚੰਦ ਸ਼ਬਦਾਂ ਵਿਚ ਫਿਹਲ ਹੋਏ ਅੰਦੋਲਨਾਂ ਦੇ ਰੂਪ ਵਿਚ। ਵਿਰਸੇ ਬਾਰੇ ਜਦੋਂ ਤਕ ਖੋਜ-ਸੋਚ ਆਧਾਰ ਇਸ ਤਰ੍ਹਾਂ ਦਾ ਬਣਿਆ ਰਹੇਗਾ ਤਦ ਤਕ ਅੱਜ ਦਾ ਨੌਜਵਾਨ ਕਿਵੇਂ ਆਪਣੇ ਵਿਰਸੇ ਅਤੇ ਇਤਿਹਾਸ ਉਪਰ ਗੌਰਵ ਕਰ ਸਕੇਗਾ ਅਤੇ ਕਿਸ ਮਾਣ, ਗੌਰਵ ਨਾਲ ਦੇਸ ਦੇ ਕੀਮਤੀ ਅਣਮੁਲੇ ਵਿਰਸੇ ਨੂੰ ਜੀਵਨ ਵਿਚ ਢਾਲ ਅਗਲੀਆਂ ਪੀੜ੍ਹੀਆਂ ਲਈ ਇਤਿਹਾਸ ਸਿਰਜਨ ਦੀ ਹਿੰਮਤ ਕਰੇਗਾ? ਕੌਮ ਦਾ ਇਤਿਹਾਸ ਉਸ ਦੇ ਅਮਰ ਸੁੱਚੇ ਸੱਚੇ ਵਿਰਸੇ ਦੇ ਆਧਾਰ ਤੇ ਖੜਾ ਹੁੰਦਾ ਹੈ, ਇਤਿਹਾਸ ਉਸਦੀ ਸਭਿਅਤਾ ਦਾ ਚਿੰਨ੍ਹ ਹੁੰਦਾ ਹੈ ਜੋ ਕਿ ਸਦੀਆਂ ਤੋਂ ਵਿਰਸੇ ਰੂਪੀ ਜੋੜੀ ਪੂੰਜੀ ਦੇ ਆਧਾਰ ਤੇ ਅਮੀਰ ਨਿਸ਼ਾਨੀਆਂ ਹੁੰਦੀਆਂ ਹਨ। ਜਿਸ ਤਰ੍ਹਾਂ ਦਾ ਇਤਿਹਾਸ ਹੋਵੇਗਾ ਉਹੋ ਜਹੀਆਂ ਉਸ ਕੌਮ ਦੀਆਂ ਪ੍ਰਾਪਤੀਆਂ ਹੁੰਦੀਆਂ ਹਨ। ਇਤਿਹਾਸ ਵਿਚਲੀਆਂ ਪ੍ਰਾਪਤੀਆਂ ਕੌਮ, ਲਈ ਮਾਣ ਦੇ ਚਿੰਨ੍ਹ ਹੁੰਦੇ ਹਨ, ਕੌਮ ਦਾ ਸਿਰ ਉੱਚਾ ਕਰ ਦਿੰਦੇ ਹਨ। ਪ੍ਰੰਤੂ ਇਸ ਦੀ ਸਹੀ 'ਸੱਚੀ, ਪਵਿੱਤਰ ਖੋਜ' (ਇੰਝ ਹੋਏ ਦੀ ਸਹੀ ਪੜਤਾਲ) ਸਮਾਜਿਕ ਸਭਿਅਕ ਇਤਿਹਾਸ ਦੀ ਜਿੰਦ ਜਾਨ ਹੁੰਦੀ ਹੈ।

ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਇਕ ਮਹਾਨ ਦਾਰਸ਼ਨਿਕ 'ਧਰਮ' ਗ੍ਰੰਥ ਹੈ, ਜਿਸ ਵਿਚਲੀ ਅਭਿਵਿਅਕਤੀ ਅਨੁਭੂਤ ਅਭਿਵਿਅਕਤੀ ਹੈ। ਇਸ ਵਿਚਲੇ ਸਾਰੇ ਦੇ ਸਾਰੇ ਪਰਮ ਪੁਰਖ ਮਹਾਨ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦਾ ਪ੍ਰਮਾਤਮਾ ਮਿੱਠੇ ਬੋਲੜੇ ਸੱਜਣ ਵਾਂਗ ਹੈ, ਸੁਹਣੇ ਨੱਕ ਅਤੇ ਲੰਬੜੇ ਵਾਲਾਂ ਵਾਲਾ ਹੈ, ਉਸ ਨਾਲ ਗੁਸੇ ਰਾਜੀ ਹੋਣ ਕਰਕੇ ਹੀ 'ਕਾਰਨ ਕਵਨ ਅਬੋਲ' ਦਾ ਪ੍ਰਸ਼ਨ ਕਰਨ ਦੀ ਜੁਰਅਤ ਵੀ ਉਸ ਦੇ ਭਗਤਾਂ ਵਿਚ ਹੀ ਹੈ,

ਸਧਾਰਨ ਜੀਵ ਦੇ ਦ੍ਰਿਸ਼ਟੀਕੋਨ ਤੋਂ ਵੀ ਸਭਿਆਚਾਰਕ ਵਿਰਸਾ ਸਦੀਵੀ ਇਤਿਹਾਸ ਹੁੰਦਾ ਹੈ ਜਿਸ ਵਿਚ ਸਮੇਂ ਸਮੇਂ ਬਾਣੀ ਰਚੇਤਾ ਮਨੁੱਖ ਨੂੰ ਆਤਮਿਕ ਅਤੇ ਮਾਨਸਿਕ ਤੌਰ ਤੇ ਵਿਕਸਿਤ ਕਰਨ ਪ੍ਰਤੀ ਹੀ ਰੁਚਿਤ ਨਹੀਂ ਸਗੋਂ ਉਹਨਾਂ ਦੇ ਆਪਣੇ ਸਭਿਆਚਾਰਕ ਪਿਛੋਕੜ ਨਾਲ ਉਸ ਨੂੰ ਅੰਤਰ ਸੰਬੰਧਿਤ ਕਰਕੇ ਸਮਝਾਉਣ ਬੁਝਾਉਣ ਲਈ ਵੀ ਜਤਨਸ਼ੀਲ ਰਹਿੰਦੇ ਹਨ। ਗੁਰਬਾਣੀ ਨਿਰਸੰਦੇਹ ਬਾਣੀ ਰਚੇਤਿਆਂ ਦੇ ਅਨੁਭਵ ਵਿਚ ਆਪਣੇ ਵਿਚਾਰਾਂ ਦੀ ਸਰਲ ਪ੍ਰਸਤੁਤੀ ਹੈ ਪ੍ਰੰਤੂ ਇਸ ਅਨੁਭੂਤੀ ਦੀ ਅਭਿਵਿਅੰਜਨਾ ਸਮਕਾਲੀ ਸਮਾਜਿਕ ਪਰਿਪੇਖ ਅਤੇ ਤਤਕਾਲੀਨ ਸਭਿਆਚਾਰਕ ਰੂੜੀਆਂ ਦੇ ਪ੍ਰਸੰਗ ਵਿਚ ਕਰਨ ਦਾ ਵਿਸ਼ੇਸ਼ ਉਪਰਾਲਾ ਦ੍ਰਿਸ਼ਟੀਗੋਚਰ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਮੌਜੂਦਾ ਸਰੂਪ ਵਿਚ ਸੰਮਲਿਤ ਅਤੇ ਸੰਕਲਿਤ ਕੀਤੀ ਜਾ ਚੁੱਕੀ ਗੁਰਬਾਣੀ ਸਮੁੱਚੇ ਸੰਸਾਰ ਦੇ ਅਧਿਆਤਮਕ ਸਾਹਿਤ ਅਤੇ ਧਾਰਮਿਕ ਇਤਿਹਾਸ ਵਿਚ ਇਕ ਵਿਲੱਖਣ ਅਤੇ ਨਿਵੇਕਲੀ ਉਦਾਹਰਨ ਹੈ।

ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਇਕ ਮਹਾਨ ਦਾਰਸ਼ਨਿਕ 'ਧਰਮ' ਗ੍ਰੰਥ ਹੈ, ਜਿਸ ਵਿਚਲੀ ਅਭਿਵਿਅਕਤੀ ਅਨੁਭੂਤ ਅਭਿਵਿਅਕਤੀ ਹੈ। ਇਸ ਵਿਚਲੇ ਸਾਰੇ ਦੇ ਸਾਰੇ ਪਰਮ ਪੁਰਖ ਮਹਾਨ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦਾ ਪ੍ਰਮਾਤਮਾ ਮਿੱਠੇ ਬੋਲੜੇ ਸੱਜਣ' ਵਾਂਗ ਹੈ, ਸੁਹਣੇ ਨੱਕ ਅਤੇ ਲੰਬੜੇ ਵਾਲਾਂ ਵਾਲਾ ਹੈ, ਉਸ ਨਾਲ ਗੁਸੇ ਰਾਜੀ ਹੋਣ ਕਰਕੇ ਹੀ 'ਕਾਰਨ ਕਵਨ ਅਬੋਲ' ਦਾ ਪ੍ਰਸ਼ਨ ਕਰਨ ਦੀ ਜੁਰਅਤ ਵੀ ਉਸ ਦੇ ਭਗਤਾਂ ਵਿਚ ਹੀ ਹੈ, ਧੰਨੇ ਵਰਗੀ ਜਿੱਦ ਵੀ ਹੈ ਉਸ ਦੇ ਆਸ਼ਕਾਂ ਵਿਚ, 'ਜਬ ਤੁਮ ਹੋਤੇ ਤਬ ਹਮ ਨਾਹੀ ਅਬ ਤੂੰ ਹੀ ਮੈ ਨਾਹੀ' ਵਰਗੀ ਅਭੇਦਤਾ, ਨੇੜਤਾ, ਨਿਰੰਤਰਤਾ ਅਤੇ ਨਿਝੱਕਤਾ ਹੈ, ਮਹਾਨ ਕੁਰਬਾਨੀਆਂ ਦਾ ਜਜ਼ਬਾ ਹੈ, ਉਸ ਦੇ ਪਿਆਰਿਆਂ ਵਿਚ, ਭਗਤ ਕਬੀਰ ਜੀ ਦੇ ਸ਼ਬਦਾਂ ਵਿਚ:

ਲੋਗੁ ਜਾਣੈ ਇਹ ਗੀਤੁ ਹੈ
ਇਹ ਤਉ ਬ੍ਰਹਮ ਬੀਚਾਰ॥

'ਬ੍ਰਹਮ ਬੀਚਾਰ' ਨੂੰ ਗੀਤਾਤਮਕ ਸ਼ੈਲੀ (ਰਾਗਾਂ ਵਿਚ) ਅਤੇ ਸਭਿਆਚਾਰਕ ਰੂੜੀਆਂ ਦੇ ਪਰਿਪੇਖ ਵਿਚ ਸੈਂਕੜੇ ਸਾਲਾਂ ਤਕ ਲਗਾਤਾਰ ਪ੍ਰਵਾਹਮਾਨ ਰਖਣ ਅਤੇ ਕਈ ਸਦੀਆਂ ਤਕ ਨਿਰੰਤਰ ਜਨ-ਮਾਨਸ ਨੂੰ ਝੰਜੋੜਨ ਦਾ ਉਪਰਾਲਾ ਸਾਡੇ ਰਹਿਬਰਾਂ ਨੇ ਕੀਤਾ।

ਸਮੇਂ ਸਮੇਂ ਦੇਸ਼, ਕੌਮ ਅਤੇ ਸਮਾਜ ਘਿਣਾਉਣੀ, ਵਿਕਰਿਤ, ਰੋਗੀ ਧੁਆਂਖੀ ਅਤੇ ਸੜਾਂਦ ਮਾਰਦੀ ਅਵਸਥਾ ਨੂੰ ਸੁਚਾਰੂ, ਨਿਰੋਗ, ਉਸਾਰੂ ਅਤੇ ਚੜ੍ਹਦੀ ਕਲਾ ਵਲ ਲਿਜਾਣ ਲਈ ਪੂਰਨ ਪੁਰਖ, ਸਤਿਗੁਰੂ ਇਸ ਸੰਸਾਰ ਵਿਚ ਆਉਂਦੇ ਹਨ। ਉਹ ਬੇਦੀਆਂ ਤੇ ਜਰਜ਼ਰ ਹੋ ਚੁਕੀਆਂ ਕਦਰਾਂ-ਕੀਮਤਾਂ ਅਤੇ ਮਾਨਵੀ ਮੁੱਲਾਂ ਨੂੰ ਫਿਰ ਤੋਂ ਉਚਿਆਉਂਦੇ ਹੋਏ ਸਮੁਚੀ ਮਨੁਖ ਜਾਤੀ ਲਈ ਸਾਂਝਾ ਸੰਦੇਸ਼ਾ ਦ੍ਰਿੜਾਉਂਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਜਿਥੋਂ ਤਕ ਆਪ ਜੀ ਦੀ ਸਾਹਿਤਕ ਅਤੇ ਇਤਿਹਾਸਕ ਵਿਰਸੇ ਦੀ ਸੰਭਾਲ ਦੀ ਕਦਰ-

Namdhari Elibrary NamdhariElibrary@gmail.com

ਦਾਨੀ ਦਾ ਸੁਆਲ ਹੈ ਉਹ ਕਿਸੇ ਪ੍ਰਮਾਣ ਦੀ ਮੁਥਾਜ ਨਹੀਂ। ਗੁਰਗੱਦੀ ਤੇ ਬੈਠਣ ਤੋਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਨੇ ਸਿਖਾਂ ਵੱਲ ਇਸ ਭਾਵ ਦੇ ਹੁਕਮਨਾਮੇ ਲਿਖ ਭੇਜੇ ਕਿ ਕਿਸੇ ਇਲਾਕੇ ਵਿਚ ਜੋ ਲਿਖਾਰੀ ਸਿਖ ਹੋਵੇ ਉਸ ਨੂੰ ਅਨੰਦਪੁਰ ਭੇਜ ਦਿਤਾ ਜਾਵੇ। ਹੋਰ ਵਿਦਵਾਨ ਸਾਹਿਤਕਾਰਾਂ ਨੂੰ ਵੀ ਚੰਗੇ ਚੋਖੇ ਪੈਸੇ ਖਰਚ ਕੇ ਮੰਗਵਾਉਣ ਦਾ ਪ੍ਰਬੰਧ ਕੀਤਾ ਗਿਆ। ਕੇਸਰ ਸਿੰਘ ਛਿਬਰ ਲਿਖਦਾ ਹੈ:

ਜੋ ਬ੍ਰਹਮਣ ਵਿਦਵਾਨ ਹੈ ਚੰਗਾ, ਸੋ ਭਿਜਵਾਣਾ,
ਜੋ ਖਰਚ ਲਗੇ ਸੋ ਗੁਰੂ ਕੇ ਘਰੂੰ ਲਾਣਾ।।੫੬।।

(ਬੰਸਾਵਲੀ ਨਾਮਾ ਦਸਵਾਂ ਚਰਣ)

ਹੁਕਮਨਾਮੇ ਸਿਖਾਂ ਵਲ ਲਿਖੇ
ਜੋ ਲਿਖਾਰੀ ਸਿਖ ਹੋਵੇ ਸੋ ਹਜੂਰਿ ਆਵੇ।।੭੪।।

(ਰਹਿਤਨਾਮਾ ਭਾਈ ਚੌਪਾ ਸਿੰਘ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਭਾਰਤ ਦੇ ਮਹਾਂ-ਪੁਰਖਾਂ ਦੇ ਜੀਵਨ ਦਾ ਬਚਿਤ੍ਰ ਨਾਟਕ ਲਿਖ ਕੇ ਇਥੋਂ ਦੇ ਲੋਕਾਂ ਨੂੰ ਧਰਮ ਯੁੱਧ ਲੜਨ ਲਈ ਤਿਆਰ ਬਰ ਤਿਆਰ ਕਰਨ ਦਾ ਉਦਮ ਕੀਤਾ ਤਾ ਕਿ ਉਹਨਾਂ ਦੇ ਸ਼ਰਧਾਲੂ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਤੇ ਮਾਤਾ ਦੁਰਗਾ ਦੇ ਕਾਰਨਾਮਿਆਂ ਤੋਂ ਪ੍ਰੇਰਨਾ ਲੈ ਸਕਣ। ਸ੍ਰੀ ਸਤਿਗੁਰੂ ਜੀ ਆਦ੍ਵੈਤਵਾਦੀ ਸਨ, ਤੌਹੀਦ ਪ੍ਰਸਤ ਸਨ, ਤੇ ਰੱਬੀ ਏਕਤਾ ਦੇ ਨਾਲ ਨਾਲ ਮਨੁਖੀ ਏਕਤਾ ਵਿਚ ਵਿਸ਼ਵਾਸ ਰਖਦੇ ਸਨ। ਸੋ ਜਿਹੜੀਆਂ ਰਚਨਾਵਾਂ ਭਿੰਨ ਭਿੰਨ ਮੱਤਾਂ ਦੀਆਂ ਪਗਡੰਡੀਆਂ ਵਲ ਲਿਜਾਂਦੀਆਂ ਸਨ ਅਤੇ ਕੌਮੀ ਸ਼ਾਹਰਾਹ ਤੇ ਨਹੀਂ ਸੀ ਤੁਰਦੀਆਂ ਉਨ੍ਹਾਂ ਨੂੰ ਛੱਡ ਕੇ ਉਹਨਾਂ ਨੇ ਅਨੁਵਾਦ ਕਰਨ ਲਈ ਉਪਨਿਸ਼ਦ ਚੁਣੇ ਜੋ ਕਿ ਆਤਮ-ਗਿਆਨ ਦਾ ਭੰਡਾਰ ਸਨ। ਉਹਨਾਂ ਗ੍ਰੰਥਾਂ ਵਿਚੋਂ ਸ਼੍ਰੋਮਣੀ ਗ੍ਰੰਥ ਮਹਾਂਭਾਰਤ ਚੁਣਿਆ ਜੋ ਕਿ ਭਾਰਤੀ ਸੰਸਕ੍ਰਿਤੀ ਦਾ ਖਜ਼ਾਨਾ ਸੀ। ਸੋ ਉਨ੍ਹਾਂ ਦੇ ਇਸ ਬਿਬੇਕ ਦੀ ਵੀ ਪ੍ਰਸ਼ੰਸਾ ਕਰਨੀ ਬਣਦੀ ਹੈ ਜਿਨ੍ਹਾਂ ਇਸ ਤਰਾਂ ਦੇ ਅਮੀਰ ਵਿਰਸੇ-ਸਾਹਿਤ ਰਚਨਾਂ ਨੂੰ ਪਛਾਣਿਆਂ ਤੇ ਉਨਾਂ ਦੇ ਭਾਖਾ-ਨੁਵਾਦ ਕਰਵਾ ਕੇ ਆਪਣੀ ਕ੍ਰਾਂਤੀਕਾਰੀ ਸਿਖ ਪੰਥਕ ਲਹਿਰ ਨੂੰ ਬਲਵਾਨ ਕਰਕੇ ਅਗੇ ਤੋਰਿਆ। ਹੈਰਾਨੀ ਦੀ ਗਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋ ਕਿ ਫੁਰਮਾਉਂਦੇ ਹਨ:-

ਜੋ ਜੀਅ ਹੋਤ ਦੇਤ ਕਛੁ ਤੁਹਿ ਕਰ ਮਨ ਬਚ ਕਰਮ ਬਿਚਾਰ।।
ਕੇਵਲ ਏਕ ਸਰਣਿ ਸੁਆਮੀ ਬਿਨੁ ਯੌਨਿ ਕਤਹਿ ਉਧਾਰ।।੪।।

(ਸ਼ਬਦ ਹਜਾਰੇ ਪਾ: ੧੦)

ਨਾਮਧਾਰੀ ਸਿਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਰਪੋਕਤ-ਫ਼ੁਰਮਾਨ ਮੰਨ ਕੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਜਾਰੀ ਰਖਦੇ ਹਨ।

ਸਤਿਗੁਰਾਂ ਦੀਆਂ ਪੀੜੀਆਂ ਤਕ ਨਾਮ ਧਾਰਾ ਦਾ ਨਿਰੰਤਰ ਪਰਵਾਹ ਕਈ ਸਦੀਆਂ ਤਕ ਆਤਮਾ ਪ੍ਰਮਾਤਮਾ ਦੀ ਵਾਸਤਵਿਕਤਾ ਸੰਬੰਧੀ ਲੋਕਾਈ ਨੂੰ ਸੁਮਾਰਗ (ਗੁਰਮੱਤ) ਦੀ ਸੋਝੀ ਕਰਵਾਉਣੀ ਅਤੇ ਇਕ ਅਕਾਲ ਪੁਰਖ ਦੀ ਨਾਮ ਜੋਤ ਨੂੰ ਜਗਾਈ ਰਖਣ ਵਿਚ ਜਤਨਸ਼ੀਲ, ਕਾਰਜਸ਼ੀਲ ਅਤੇ ਸੰਘਰਸ਼ਸ਼ੀਲ ਰਹਿਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਸੁਨਿਸਚਤ ਯੋਜਨਾ ਦਾ ਸਿੱਟਾ ਹੀ ਹੈ:

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ।।
ਜੁਗਿ ਜੁਗਿ ਪੀੜੀ ਚਲੈ ਸਤਿਗੁਰੂ ਕੀ
ਜਿਨੀ ਗੁਰਮੁਖ ਨਾਮ ਧਿਆਇਆ।।

(ਸਿਰੀ ਰਾਗ ਮਹਲਾ ੪।।)

ਇਹ ਜੁਗਾਂ ਜੁਗਾਂਤਰਾਂ ਲਈ ਚਲਾਈ ਪ੍ਰੰਪਰਾ ਅਨੁਸਾਰ ਸਿਖ ਹਮੇਸ਼ਾਂ ਹੀ 'ਗੁਰੂ ਗੁਰੂ ਗੁਰ ਕਰਿ ਮਨ ਮੋਰ।। ਗੁਰੂ ਬਿਨਾ ਮੈ ਨਾਹੀ ਹੋਰ।।' ਸਿਧਾਂਤ ਨਾਲ, ਪੁਰਾਤਨ ਸਭਿਆਚਾਰਕ ਧਾਰਮਿਕ ਵਿਰਸੇ ਨਾਲ ਅਟੁੱਟ ਰੂਪ ਵਿਚ ਬੱਝ ਚੁੱਕਾ ਹੈ, ਇਸ ਵਿਚ ਖਤੇਤ ਨਹੀਂ ਆਉਂਦੀ, ਜੇ ਗੁਰੂ ਨਹੀਂ ਤਾਂ ਸਿਖ ਕਿਸ ਦੇ ਲੜ ਲਗੇਗਾ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਤਿਹਾਸ ਵਾਚਿਆ ਸਭਿਆਚਾਰਕ ਅਤੇ ਧਾਰਮਿਕ ਗ੍ਰੰਥਾਂ ਦਾ ਡੂੰਘਾ ਅਧਿਅਨ ਕੀਤਾ ਅਤੇ ਉਨਾਂ ਨੇ ਨਾਲ ਹੀ ਢੇਰ ਸਾਰੀ ਅਪਨੀ ਰਚਨਾ ਵੀ ਰੱਚ ਕੇ ਸਿਖ ਪੰਥ ਵਿਚ ਵਿਲੱਖਣਤਾ ਲਿਆਂਦੀ।

ਸਾਡਾ ਵਿਰਸਾ, ਸਾਡਾ ਵਿਸ਼ਵਾਸ ਅਤੇ ਧਰਮ ਨਾਮ ਪਖੋਂ ਵੀ ਅਤੇ ਕਰਮ ਪਖੋਂ ਵੀ 'ਗੁਰੂ' ਸ਼ਬਦ ਨਾਲ ਅਟੁੱਟ ਰੂਪ ਵਿਚ ਜੁੜ ਚੁਕਾ ਹੈ:

"ਗੁਰ ਕੀ ਟੇਕ ਰਹਹੁ ਦਿਨੁ ਰਾਤਿ।।
ਜਾ ਕੀ ਕੋਇ ਨ ਮੇਟੈ ਦਾਤਿ।।"

ਤੇ ਬਿਨਾਂ ਸਾਡੀ ਪਹਿਚਾਨ ਹੀ ਖ਼ਤਮ ਹੋ ਜਾਂਦੀ ਹੈ, 'ਗੁਰ ਪਰਮੇਸਰ ਏਕੋ ਜਾਣ।।' ਗੁਰੂ ਤੋਂ ਬੇਮੁਖ ਹੋ ਕੇ ਸਿਖੀ ਸਿਧਾਂਤਾਂ ਦਾ ਵਿਰੋਧ ਕਰਕੇ ਵਿਅਕਤੀ ਆਪ ਹੀ ਸਿਖੀ ਤੋਂ ਖਾਰਜ ਹੋ ਜਾਂਦਾ ਹੈ। ਇਹ ਭਾਸ਼ਾ ਦੀ ਵਿਆਕਰਣਾਤਮਕ ਸਚਾਈ ਵੀ ਹੈ ਕਿ ਜਿਥੇ ਸ਼ਬਦ 'ਗੁਰੂ' ਹੋਵੇਗਾ ਉਥੇ 'ਸਿੱਖ' ਸ਼ਬਦ ਜਰੂਰ ਆ ਜਾਵੇਗਾ-ਜੇ ਗੁਰੂ ਹੈ ਤਾਂ ਉਸ ਦਾ ਸਿੱਖ ਜ਼ਰੂਰ ਹੋਵੇਗਾ ਜੇ ਸਿੱਖ ਹੈ ਤਾਂ ਉਸ ਦਾ ਗੁਰੂ ਜ਼ਰੂਰ ਹੋਵੇਗਾ। ਗੁਰੂ-ਸਿੱਖ ਜੁੜ ਕੇ ਹੀ ਗੁਰਸਿਖ ਬਣਦਾ ਹੈ। ਗੁਰਸਿਖਾਂ ਦੀ ਸੰਗਤ ਹੀ ਸਾਧ ਸੰਗਤ ਬਣਦੀ ਹੈ। ਸਿੱਖੀ ਗੁਰੂ ਦੀ ਸੰਗਤ ਹੈ, ਸੰਗਤ ਗੁਰੂ ਨਹੀਂ ਬਣਾ ਸਕਦੀ ਪਰ ਜਿਥੇ ਗੁਰੂ ਹੁੰਦਾ ਹੈ ਉਥੇ ਉਹ ਆਪਣੀ ਸੰਗਤ ਬਣਾ ਲੈਂਦਾ ਹੈ। ਜੇ ਦੇਹਧਾਰੀ ਗੁਰੂ ਦੀ ਜ਼ਰੂਰਤ ਨਾ ਹੁੰਦੀ ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਜਾ-ਨਸ਼ੀਨ ਥਾਪਣ ਦੀ ਜਰੂਰਤ ਨਹੀਂ ਸੀ ਕਿਉਂਕਿ ਹਿੰਦੂ ਤੇ ਮੁਸਲਮਾਨ ਪਹਿਲਾਂ ਹੀ ਨਿਰਗੁਣ ਦੀ ਪੂਜਾ ਕਰੀ ਜਾ ਰਹੇ ਸਨ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੁਆਲ ਕੀਤਾ ਕਿ ਤੁਸੀਂ ਹਿੰਦੂ ਨੂੰ ਵੱਡਾ ਜਾਣਦੇ ਹੋ ਜਾਂ ਮੁਸਲਮਾਨ ਨੂੰ ਤਾਂ ਉਨਾਂ ਦਾ ਸਪਸ਼ਟ ਉਤਰ ਸੀ:-

ਸੁਭ ਅਮਲਾਂ ਬਾਝੋਂ ਦੋਵੇਂ ਰੋਈ।।

ਅਤੇ ਵੇਈਂ ਕਿਨਾਰੇ ਵੀ ਇਹੋ ਫੁਰਮਾਇਆ ਸੀ ਕਿ ਨਾਂ ਮੈਂ ਹਿੰਦੂ ਨਾ ਮੁਸਲਮਾਨ। ਸਗੋਂ ਦੇਹਧਾਰੀ ਗੁਰੂ ਦੀ ਪ੍ਰੰਪਰਾ ਤੋਰ ਕੇ ਸਿਖਾਂ ਨੂੰ ਇਕ ਸੁਨਿਹਰੀ ਵਿਰਸਾ ਦਿਤਾ ਸੀ ਜਿਸ ਅਨੁਸਾਰ ਪ੍ਰਚਲਤ (ਪਖੰਡ) ਭੇਖ ਨੂੰ ਧਾਰਨ ਕਰਨ ਨਾਲ ਕੋਈ ਚੰਗਾ ਜਾਂ ਮਾੜਾ ਨਹੀਂ ਬਣ ਸਕਦਾ ਸੋ ਉਸ ਨੂੰ ਖੰਡਤ ਕਰਕੇ ਸ਼ੁਭ ਅਮਲਾਂ, 'ਗੁਰਪ੍ਰਸਾਦਿ' ਅਤੇ ਕਰਮ, ਗੁਰੂ ਦੀ ਕ੍ਰਿਪਾ ਨਾਲ ਕਰਕੇ ਗੁਰੂ ਦਾ ਭਾਣਾ ਮੰਨ ਕੇ ਗੁਰੂ ਦੇ ਪਵਿਤਰ ਚਰਨਾਂ ਨਾਲ-ਜੁੜ ਕੇ ਪ੍ਰਭੂ ਪ੍ਰੀਤਮ ਦੀ ਪ੍ਰਾਪਤੀ ਹੀ ਸਿਖੀ ਹੈ।

ਸਿਖ ਧਰਮ ਵਿਚ ਸਜ਼ਾ ਦਾ ਸੰਕਲਪ ਨਹੀਂ ਸਗੋਂ ਖਿਮਾਂ, ਦਿਆਲਤਾ ਅਤੇ ਬਖਸ਼ਿਸ਼ ਦੀ ਰਹਿਮਤ ਦੇ ਝਰਨੇ ਦੇਹਧਾਰੀ ਗੁਰੂ ਦੇ ਰੂਪ ਵਿਚ ਖਿਦਰਾਣੇ ਦੀ ਢਾਬ ਤੇ ਮੁਕਤ ਕੀਤੇ ਸਿਖਾਂ ਦੇ ਰੂਪ ਵਿਚ ਅਜ ਵੀ ਪ੍ਰਚਾਰੇ ਜਾਂਦੇ ਹਨ। ਸਿਖ ਧਰਮ ਵਿਚ ਮੁਕਤੀ ਮੌਤ ਪਿਛੋਂ ਨਹੀਂ ਸਗੋਂ ਜੀਵਨ ਮੁਕਤਿ ਹੈ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਵਿਚਾਰਾਂ ਅਮਲਾਂ ਦੀ ਗੋਸ਼ਟੀ ਹੈ, ਸਿਖੀ ਵਿਰਸਾ ਕੁਝ ਕਹਿਣ ਅਤੇ ਸੁਨਣ ਦੇ ਸਿਧਾਂਤ ਤੇ ਨਿਰਭਰ ਕਰਦਾ ਹੈ। ਸਿਖੀ ਦੇ ਮੁਢਲੇ ਨੇਮਾਂ-ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਨਾ ਨੇ ਸਿੱਖਾਂ ਨੂੰ ਅਜਿਹਾ ਕਿਰਦਾਰ ਬਖਸ਼ਿਆ ਹੈ ਕਿ ਸਾਰੀ ਦੁਨੀਆਂ ਵਿਚ ਸਿਖ ਮਨੁਖਤਾ

Namdhari Elibrary NamdhariElibrary@gmail.com

ਦਾ ਇਕ ਵਧੀਆ ਨਮੂਨਾ ਬਣ ਗਏ ਸਨ। ਸਿਖੀ ਦਾ ਵਿਰਸਾ 'ਨਾ ਕੋ ਬੈਰੀ ਨਹੀ ਬਿਗਾਨਾ' ਦੀ ਦਸ ਪਾਉਂਦਾ ਹੈ, 'ਬੈਰੀ ਮੀਤ ਸਮਾਨਿ' ਦਾ ਹੋਕਾ ਦਿੰਦਾ ਹੈ, ਸਿਖੀ ਵਿਚ ਕਿਸੇ ਨਾਲ ਸ਼ਰਧਾ ਪਖੋਂ ਵਿਤਕਰਾ ਨਹੀਂ ਬਣਦਾ। ਨਾਮਧਾਰੀ ਸਿਖ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਆਂ ਦਾ ਗ੍ਰੰਥ ਮੰਨ ਕੇ ਮੱਥਾ ਟੇਕਦੇ ਹਨ, ਇਸ ਦੀ ਪਵਿੱਤਰ ਬਾਣੀ ਦਾ ਪਾਠ ਕਰਕੇ ਧੰਨ ਹੁੰਦੇ ਹਨ। ਪਰ ਨਾਮਧਾਰੀ ਸਿਖ ਗੁਰਬਾਣੀ ਦੇ ਡੂੰਘੇ ਅਰਥਾਂ ਨੂੰ ਸਮਝਣ ਲਈ ਇਸ ਮਨ ਦੇ ਜਿੰਦਰੇ ਨੂੰ ਖੋਹਲਣ ਲਈ ਸਦਾ ਗੁਰੂ ਰੂਪੀ ਕੁੰਜੀ ਦੀ ਲੋੜ ਸਮਝਦੇ ਹਨ। ਗੁਰਬਾਣੀ ਵਿਚ ਕਿਧਰੇ ਵੀ ਗੁਰੂ ਧਾਰਨ ਕਰਨ ਦੀ ਮਨਾਹੀ ਨਹੀਂ। ਸਗੋਂ ਗੁਰਬਾਣੀ ਦਾ ਤਾਂ ਸੰਦੇਸ਼ ਹੈ:

ਗੁਰ ਕੁੰਜੀ ਪਾਹੂ ਨਿਵਲੁ ਮਨ ਕੋਠਾ ਤਨੁ ਛਤ।।
ਨਾਨਕ ਗੁਰ ਬਿਨ ਮਨ ਕਾ ਤਾਕ ਨਾ ਉਘੜੇ
ਅਵਰ ਨ ਕੁੰਜੀ ਹਥ।।

– – – –

(ਮਹਲਾ ੨ ਪੰਨਾ ੧੨੩੭)

ਗੁਰ ਜਹਾਜ ਖੇਵਟ ਗੁਰੂ ਗੁਰ ਬਿਨ ਤਰਿਆ ਨਾ ਕੋਇ।।
ਗੁਰ ਪ੍ਰਸਾਦਿ ਪ੍ਰਭੁ ਪਾਈਏ ਗੁਰ ਬਿਨ ਮੁਕਤਿ ਨ ਹੋਇ।।

– – – –

ਗੁਰਸਿਖੀ ਦੀ ਪ੍ਰੀਭਾਸ਼ਾ ਸਪਸ਼ਟ ਹੈ:-

ਗੁਰ ਚਰਣੀ ਜਾ ਕਾ ਮਨੁ ਲਾਗੈ।।
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ।।
ਗੁਰ ਕੀ ਸੇਵਾ ਪਾਏ ਮਾਨੁ।।
ਗੁਰ ਊਪਰਿ ਸਦਾ ਕੁਰਬਾਨੁ।। ੨।।
ਗੁਰ ਕਾ ਦਰਸਨੁ ਦੇਖਿ ਨਿਹਾਲ।।
ਗੁਰ ਕੇ ਸੇਵਕ ਕੀ ਪੂਰਨ ਘਾਲ।।
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ।।
ਗੁਰ ਕਾ ਸੇਵਕੁ ਦਹਦਿਸਿ ਜਾਪੈ।। ੩।।
ਗੁਰ ਕੀ ਮਹਿਮਾ ਕਥਨੁ ਨ ਜਾਇ।।
ਪਾਰਬ੍ਰਹਮੁ ਗੁਰੁ ਰਹਿਆ ਸਮਾਇ।।
ਕਹੁ ਨਾਨਕ ਜਾ ਕੇ ਪੂਰੇ ਭਾਗ।।
ਗੁਰ ਚਰਣੀ ਤਾ ਕਾ ਮਨੁ ਲਾਗ।। ੪।। ੬।। ੮।।

(ਗੋਂਡ ਮਹਲਾ ੫ ਪੰਨਾ ੮੬੪)

– – – –

ਗੁਰ ਹਜੂਰੀ ਬਾ ਖੁਦਾ ਬਾਯਦ ਬ ਤੂ।।
ਦਰ ਹਜੂਰੇ ਮੁਰਸ਼ਿਦੇ ਕਾਮਿਲ ਬਿਰੂ।। ੪੩੬।।
ਸੂਰਤੇ ਹਕ ਮੁਰਸ਼ਿਦੇ ਕਾਮਿਲ ਬਵਦ।।
ਦੀਦਨਸ਼ ਆਰਾਮਿ ਜਾਨੋ ਦਿਲ ਬਵਦ।। ੪੩੭।।

ਗੁਰਸਿੱਖ ਨੂੰ 'ਚਰਨ ਸਰਨ' ਸਹਿਤ ਸਰਗੁਣ ਸਰੂਪ ਸਤਿਗੁਰੂ (ਕਾਮਲ ਮੁਰਸ਼ਦ) ਵਿਚ ਪਾਰਬ੍ਰਹਮ ਦੇ ਦਰਸ਼ਨ ਹੁੰਦੇ ਹਨ।

ਸੂਰਤੇ ਹਕ ਮੁਰਸ਼ਿਦੇ ਕਾਮਲ ਬਵਦ।।
ਨਕਸ਼ ਊ ਦਾਯਮ ਦਰੂਨੇ ਦਿਲ ਬਵਦ।।੪੮੯।।

(ਰਬ ਦੀ ਮੂਰਤ, ਪੂਰਾ ਸਤਿਗੁਰੂ ਹੈ। ਉਹਦੀ ਸੂਰਤ ਨੂੰ ਆਪਣੇ ਹਿਰਦੇ ਵਿਚ ਵਸਾ ਲੈ)।

'ਗੁਰ ਪਰਮੇਸਰ ਏਕੋ ਜਾਣੁ।।' ਅਤੇ 'ਪਾਰਬ੍ਰਹਮ ਪੂਰਨ ਗੁਰਦੇਵ।।' ਦਾ ਧਿਆਨ ਨਾ ਧਰਦਾ ਹੋਇਆ ਸਿਖ ਨਿਰਗੁਣ ਸਰੂਪ ਦੀ ਅਰਾਧਨਾ ਕਰ ਕੇ ਕਿਥੇ ਪਹੁੰਚ ਸਕਦਾ ਹੈ? ਇਹ ਗੁਰਸਿਖੀ ਦੇ ਵਿਰਸੇ ਨਾਲੋਂ ਟੁੱਟ ਕੇ ਭਟਕਣ ਵਾਲੀ ਕ੍ਰਿਆ ਹੈ ਜਦ ਕਿ ਗੁਰਬਾਣੀ ਦਾ ਫੁਰਮਾਨ ਹੈ:

"ਦੇਹੀ ਅੰਦਰ ਨਾਮ ਨਿਵਾਸੀ।।
ਆਪੇ ਕਰਤਾ ਹੈ ਅਬਿਨਾਸੀ।।"

ਭਾਈ ਗੁਰਦਾਸ ਜੀ ਦਾ ਫੁਰਮਾਨ ਹੈ:-

ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।।
ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਗੁਰ ਅਵਤਾਰਾ।।

ਗੁਰਮੱਤ ਵਿਚ ਦ੍ਰਿੜਾਇਆ 'ਧਰਮ' ਆਪਣੇ ਆਪ ਵਿਚ ਇਕ ਸਭਿਆਚਾਰਕ ਸੰਸਥਾ ਸਾਡਾ ਵਿਰਸਾ ਹੈ, ਜਿਹੜੀ ਜੀਵਨ ਦੇ ਹਰ ਖੇਤਰ ਵਿਚ ਕ੍ਰਿਆਸ਼ੀਲ ਹੈ। 'ਗੁਰੂ' ਸਾਡੀ ਜੀਵਨ ਧੜਕਣ ਹੈ:

ਗੁਰ ਬਿਨੁ ਘੋਰੁ ਅੰਧਾਰ ਗੁਰੂ ਬਿਨੁ ਸਮਝ ਨ ਆਵੈ।।
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ।।
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ।।
ਗੁਰੁ ਕਰ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ।।
ਗੁਰ ਨਯਣਿ ਬਯਣਿ ਗੁਰੁ ਗੁਰੁ ਕਰਹੁ
ਸਤਿ ਕਵਿ ਨਲ ਕਹਿ।।
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ
ਤੇ ਅਕਯਥ ਸੰਸਾਰ ਮਹਿ।।

(ਮਹਲਾ ੪ ਪੰਨਾ ੧੩੯੯)

ਸਭਿਅਤਾ ਦੇ ਵਿਕਾਸ ਦੇ ਨਾਲ ਨਾਲ ਹੀ ਧਰਮ ਤੇ ਈਸ਼ਵਰ ਬਾਰੇ ਸੰਕਲਪਾਂ ਅਤੇ ਸਿਧਾਂਤਾਂ ਦਾ ਵੀ ਵਿਕਾਸ ਹੋਇਆ। ਸ੍ਰੀ ਆਦਿ ਗ੍ਰੰਥ ਵਿਚ ਚਾਰ ਯੁਗਾਂ ਵਿਚ ਦੇਹ ਧਾਰ ਕੇ ਆਏ ਗੁਰੂਆਂ ਅਤੇ ਪੈਗੰਬਰਾਂ ਦੀ ਚਰਚਾ ਕੀਤੀ ਗਈ ਹੈ:

ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।।
ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸ ਕਹਾਇਓ।।
ਦੁਆਪੁਰਿ ਕ੍ਰਿਸਣ ਮੁਰਾਰਿ ਕੰਸ ਕਿਰਤਾਰਥ ਕੀਓ।।
ਉਗ੍ਰਸੈਣ ਕਉ ਰਾਜ ਅਭੈ ਭਗਤਹ ਜਨ ਦੀਓ।।
ਕਲਜੁਗ ਪ੍ਰਮਾਣਿ ਨਾਨਕ ਗੁਰੁ ਅੰਗਦੁ ਅਮਰ ਕਹਾਇਓ।।
ਸ੍ਰੀ ਗੁਰੂ ਰਾਜ ਅਬਿਚਲ ਅਟਲੁ ਆਦਿ ਪੁਰਖ ਫੁਰਮਾਇਓ।।

(ਸਵਯੇ ਭੱਟਾਂ ਕੇ ਪੰਨਾ ੧੩੯੦)

ਇਹ ਆਦਿ ਪੁਰਖ ਦਾ ਅਬਿਚਲੁ ਅਟਲੁ ਰਾਜ ਮਨੁਖਤਾ ਦੀ ਸਭਿਆਚਾਰ ਦਾ ਅਨਿਖੜਵਾਂ ਅੰਗ ਸਹੈ। ਸਭਿਅਕ ਮਨੁਖ ਦੀ ਇਹੋ ਨਿਸ਼ਾਨੀ ਹੈ ਕਿ ਉਸ ਦਾ ਕੋਈ 'ਗੁਰੂ' ਹੈ ਅਤੇ ਉਹ ਹਮੇਸ਼ਾਂ ਹੀ ਸਿਖਿਆਰਥੀ ਦੇ ਰੂਪ ਵਿਚ ਵਿਚਰਦਾ ਅਗਾਂਹ ਕੋਉ ਤਰਾਂਗ ਰਖਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਬਾਬਤ ਇਤਿਹਾਸ ਗਵਾਹ ਹੈ ਕਿ ਉਨਾਂ ਨੇ ਗੁਰਮਤ ਤੇ ਗੁਰਸਿਖੀ ਦੇ ਉਲਟ ਕੋਈ ਵੀ ਕਰਮ ਨਹੀਂ ਕੀਤਾ ਸਗੋਂ ਸਿਖੀ ਦੀ ਸੰਭਾਲ ਸੇਵਾ ਕਿਸੇ ਵੀ ਪਾਤਸ਼ਾਹੀ ਨਾਲੋਂ ਘਟ ਨਹੀਂ ਕੀਤੀ। ੧੮੫੭ ਈ: ਵੈਸਾਖੀ ਵਾਲੇ ਦਿਨ ਖੰਡੇ ਦਾ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਨੀਂਹ ਰਖੀ ਪੰਜ ਪਿਆਰਿਆਂ ਦੀ ਰੀਤ ਨੂੰ ਮੁੜ ਸੁਰਜੀਤ ਕੀਤਾ। ੧੮੬੩ ਈ. ਵਿਚ ਇਤਿਹਾਸ ਵਿਚ ਪਹਿਲੀ ਵਾਰ ਬੀਬੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਕਛਹਿਰੇ ਪੁਆਏ ਅਤੇ 'ਸੋ ਕਿਉ ਮੰਦਾ ਆਖੀਐ' ਉਪਰ ਸਹੀ ਪਾਈ। ੧੮੬੩ ਈ: ਵਿਚ ਹੀ ਸਿਖ ਸਮਾਜ ਵਿਚ ਪਹਿਲੀ ਵਾਰ ਸ੍ਰੀ ਆਦਿ ਗ੍ਰੰਥ ਸਾਹਿਬ ਉਪਰੋਂ ਲਾਵਾਂ ਦਾ ਪਾਠ ਕਰ ਗੁਰਮਤਿ ਅਨੁਸਾਰ ਅਨੰਦ ਕਾਰਜ ਦੀ ਰਸਮ ਸਚਲਾਈ। ਲਾਵਾਂ ਦਾ ਪਾਠ ਕਰਨ ਲਈ ਸ੍ਰੀ

Namdhari Elibrary NamdhariElibrary@gmail.com

ਆਦਿ ਗ੍ਰੰਥ ਜੀ ਦੀ ਬੀੜ ਪ੍ਰਾਪਤ ਕਰਨ ਦੀ ਤੰਗੀ ਆਈ ਆਪ ਜੀ ਨੇ ੧੮੬੪ ਈ: ਵਿਚ ਦੀਵਾਨ ਬੂਟਾ ਮਲ ਨੂੰ ਅੰਮ੍ਰਿਤ ਛਕਾ ਸਿੰਘ ਸਜਾਇਆ ਉਸੇ ਦੇ ਪ੍ਰਬੰਧ ਅਧੀਨ ਇਤਿਹਾਸ ਵਿਚ ਪਹਿਲੀ ਵਾਰ ਪੱਥਰ ਦੇ ਛਾਪੇਖਾਨੇ ਤੋਂ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਛਪਵਾਈ ਕਰਵਾਈ। ਜਲਾਵਤਨ ਹੋਣ ਤੋਂ ਪਹਿਲਾਂ ਦੋ ਵਾਰ ਬੀੜਾਂ ਦੀ ਛਪਵਾਈ ਕਰਵਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਹਰਵੀਂ ਜੋਤ ਨੇ ਆਪਣਾ ਅਧੂਰਾ ਕਰਮ 'ਘਰ ਘਰ ਧਰਮਸਾਲ' ਬਣਾ ਕੇ ਪੂਰਾ ਕੀਤਾ। ਇਸ ਤੋਂ ਬਾਅਦ ਸ੍ਰੀ ਗੁਰੂ ਹਰੀ ਸਿੰਘ ਜੀਨੇ ੧੮੮੧ ਈ: ਵਿਚ ਸਤਿਗੁਰੂ ਜੀ ਦੇ ਹੁਕਮ ਨਾਲ ਬੀੜ ਦੀ ਛਪਵਾਈ ਕਰਵਾ ਕੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਤੇ ਕਾਰਜ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭੀ ਸੀ ਉਸ ਨੂੰ ਅਗੇ ਤੋਰਿਆ। ਅਜ ਦਾ ਦੁਖਾਂਤ ਇਹ ਹੈ ਕਿ ਅਸੀਂ ਵਿਰਸੇ ਤੋਂ ਮੁਨਕਰ ਹੋ ਕੇ ਆਪਣੇ ਗੁਰਸਿਖੀ ਗੁਰਮੱਤ ਭਰਪੂਰ ਪਿਛੋਕੜ ਤੋਂ ਟੁੱਟ ਕੇ 'ਵਿਸਰੇ ਗੋਬਿੰਦ ਤਿਲੋ ਤਿਲ ਕਟੀਏ।।' ਵਾਲੀ ਹਾਲਤ ਵਿਚੋਂ ਗੁਜਰ ਰਹੇ ਹਾਂ।

ਇਤਿਹਾਸ ਵਗਦਾ ਦਰਿਆ ਹੈ, ਇਹ ਪਾਣੀ ਦੇ ਵਹਿਣ (ਸਮਾਂ) ਵਾਂਗ ਸਦਾ ਹੀ ਆਪਣੀ ਚਾਲ ਚਲਦਾ, ਇਤਿਹਾਸ ਸਦਾ ਤੁਰਿਆ ਰਹਿੰਦਾ ਹੈ। ਇਸ ਦੇ ਵਹਿਣ ਵਿਚ ਕਦੇ ਵੀ ਖੜੋਤ ਨਹੀਂ ਆਉਂਦੀ। ਹਾਂ, ਖੋਜ ਕਰਨ ਵਿਚ ਲਿਖਣ ਛਾਪਣ ਵਿਚ ਖੜੋਤ ਆ ਜਾਂਦੀ ਹੈ ਜਿਵੇਂ ਕਿ ਅੱਜ ਕੱਲ ਆਈ ਹੋਈ ਹੈ। ਪ੍ਰੰਤੂ ਇਤਿਹਾਸ ਸਮੇਂ ਦੀ ਚਾਲ ਨਾਲ ਸਦਾ ਹੀ ਚਲਦਾ ਰਹਿੰਦਾ ਹੈ ਅਤੇ ਵਿਰਸੇ ਨੂੰ ਅਮੀਰ ਕਰ੍ਦਾ ਰਹਿੰਦਾ ਹੈ। ਨਿਰਸੰਦੇਹ ਸਾਨੂੰ ਆਪਣੇ ਕੌਮੀ ਵਿਰਸੇ ਦੀ ਖੋਜ ਦੀ ਲੋੜ ਹੈ। ਸਾਡੇ ਵਡੇ ਵਡੇਰਿਆਂ ਨੇ ਅਜਿਹੇ ਸ਼ਾਨਦਾਰ ਕੰਮ ਕੀਤੇ ਹਨ ਕਿ ਅਸੀਂ ਮਾਣ ਕਰ ਸਕਦੇ ਹਾਂ। ਪ੍ਰੰਤੂ ਕੁਝ ਕੁ ਇਤਿਹਾਸਕਾਰਾਂ ਨੇ ਇਤਿਹਾਸ ਕੁਝ ਹੋਰ ਢੰਗ ਨਾਲ ਹੀ ਪੇਸ਼ ਕੀਤਾ ਹੈ। ਮਿਸਾਲ ਵਜੋ ੧੮੫੭ ਈ. ਦੇ ਕੌਮੀ ਗਦਰ ਦੇ ਕਾਰਕੁਨਾਂ ਨੂੰ ਤੋਪਾਂ ਨਾਲ ਬੰਨ ਕੇ ਉਡਾਇਆ ਗਿਆ ਦੀ ਤਸਵੀਰ ਨਾਮਧਾਰੀ ਸ਼ਹੀਦਾਂ ਦੇ ਨਾਮ ਥੱਲੇ ਕਿਤਾਬਾਂ ਵਿਚ ਛਾਪ ਦਿੱਤੀ ਗਈ। ਉਨ੍ਹਾਂ ਲਿਖਾਰੀਆਂ ਨੂੰ ਮਾਲੂਮ ਸੀ ਕਿ ਨਾਮਧਾਰੀ ਸਿੱਖ ਅੰਗਰੇਜ਼ ਸਰਕਾਰ ਦਾ ਸੰਪੂਰਨ ਬਾਈਕਾਟ ਕਰਦੇ ਹਨ, ਇਹ ਅੰਗਰੇਜ਼ੀ ਸਕੂਲਾਂ ਵਿਚ ਨਹੀਂ ਪੜ੍ਹਦੇ, ਤਾਂ ਇਹ ਇੰਗਲੈਂਡ ਜਾ ਕੇ ਕਿਵੇਂ ਸੱਚ-ਝੂੱਠ ਦਾ ਨਿਤਾਰਾ ਕਰ ਸਕਣਗੇ? ਸੋ ਜੋ ਉਨਾਂ ਦੇ ਸਾਜਸੀ ਦਿਮਾਗਾਂ ਵਿਚ ਆਇਆ ਉਸੇ ਨੂੰ ਇਤਿਹਾਸ ਬਣਾ ਕੇ ਪੇਸ਼ ਕਰ ਦਿਤਾ।

ਮੈਂ ਇਸੇ ਵਿਸ਼ੇ ਤੇ ਹੀ ਨੈਸ਼ਨਲ ਆਰਕਾਈਵਜ਼ ਦਿਲੀ ਵਿਚ ਇਤਿਹਾਸ ਵਿਭਾਗ ਦੇ ਇਕ ਇੰਚਾਰਜ ਨਾਲ ਗਲ ਕਰ ਰਿਹਾ ਸਾਂ। ਉਹ ਕਹਿਣ ਲਗੇ ਕਿ ਅੰਗਰੇਜ਼ ਤੇ ਅਮਰੀਕੀ ਲੋਕ ਲੱਖਾਂ ਰੁਪਏ ਖਰਚ ਕੇ ਸਾਡੀ ਆਜ਼ਾਦੀ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਲਿਖਵਾ ਰਹੇ ਹਨ।ਇਸ ਲਈ ਅਜ ਵੀ ਸਾਨੂੰ ਵਿਰਾਸਤ ਵਿਚ ਮਿਲੀ ਪਰੰਪਰਾ ਨਾਲ ਆਪਣੇ ਆਪ ਨੂੰ ਜੋੜਨ ਲਈ ਆਪਣੇ ਅਮੀਰ ਵਿਰਸੇ ਦੀ ਸਹੀ ਪਹਿਚਾਣ ਕਰਨੀ ਬਣਦੀ ਹੈ ਅਤੇ ਉਸ ਨੂੰ ਉਸਾਰੂ ਪ੍ਰਵਿਰਤੀਆਂ ਲਈ ਸਹੀ ਇਮਾਨਦਾਰੀ ਨਾਲ ਪ੍ਰਚਾਰ ਦੀ ਜਰੂਰਤ ਹੈ।

■ ਪ੍ਰੋ: ਜੋਗਿੰਦਰ ਸਿੰਘ

ਨਾਮਧਾਰੀ ਲਹਿਰ ਦਾ ਸਰਬ ਭਾਵੀ ਭਾਗ

'ਨਾਮਧਾਰੀ ਲਹਿਰ ਅਚੇਤ ਤੌਰ ਤੇ ਭਾਰਤੀ ਸੁਤੰਤਰਤਾ ਦਾ ਮੁਢ ਸੀ। ਭਾਵੇਂ ਭਾਰਤ ਦੀ ਸੁਤੰਤਰਤਾ ਦਾ ਸੁਪਨਾ "ਗੁਰਦੁਆਰਾ ਸੁਧਾਰ ਲਹਿਰ" ਦੇ ਨਾਲ ਹੀ ਸਾਡੀ ਅਜੋਕੀ ਕਾਂਗਰਸ ਦੇ ਪਹਿਲੇ ਮੋਢੀਆਂ ਨੇ ਲੈਣਾ ਸ਼ੁਰੂ ਕਰ ਦਿਤਾ। ਪਰ ਗੁਰਦੁਆਰਾ ਸੁਧਾਰ ਲਈ ਪੰਜਾਬ ਵਾਸੀ ਜਨਤਾ ਵਿਚ ਜਿਹੜਾ ਇਨਕਲਾਬੀ ਜਜ਼ਬਾ ਪੈਦਾ ਹੋਇਆ, ਉਹ ਨਾਮਧਾਰੀ ਲਹਿਰ ਦੇ ਇਨਕਲਾਬੀ ਜਜ਼ਬੇ ਦਾ ਹੀ ਇਕ ਸਰਬ-ਭਾਵੀ ਭਾਗ ਸੀ। ਜੇ ਭਾਰਤੀ ਸੁਤੰਤਰਤਾ ਦਾ "ਸੁਪਨਾ" ਗੁਰਦੁਆਰਾ ਸੁਧਾਰ ਲਹਿਰ ਤੋਂ ਪ੍ਰਬਲ ਰੂਪ ਧਾਰਨ ਕਰਦਾ ਹੈ ਤਾਂ ਇਸ ਵਿਚ ਕਿਸੇ ਤਰ੍ਹਾਂ ਦੀ ਤੱਥ-ਹੀਣਤਾ ਨਹੀਂ, ਕਿ ਗੁਰਦੁਆਰਾ ਸੁਧਾਰ ਲਹਿਰ, ਜਿਸ ਨੂੰ ਨਵ-ਜਾਗ੍ਰਿਤੀ ਦਾ ਕਾਲ ਵੀ ਕਿਹਾ ਜਾਂਦਾ ਹੈ ਦਾ ਮੋਢੀ ਬਾਬਾ ਰਾਮ ਸਿੰਘ ਪ੍ਰਸਿਧ ਤੇ ਨਾਮਧਾਰੀ ਆਗੂ ਸੀ। ਇਸ ਆਗੂ ਦੀ ਤੇਜ਼ਧਾਰੀ ਤੇ ਅੰਗਰੇਜ਼ਾਂ ਨਾਲ ਨਾ-ਮਿਲਵਰਤਣੀ ਸ਼ਖਸੀਅਤ ਦੇ ਪ੍ਰਚਾਰ ਦਾ ਸਿਟਾ ਹੀ ਸੀ ਕਿ ਸਮੁਚੇ ਪੰਜਾਬ ਵਿਚ ਅੰਗਰੇਜ਼ੀ ਨੀਤੀ ਵਿਰੁਧ ਰੋਸ ਦੇ ਭਾਂਬੜ ਬਲਣ ਲਗਾ ਤੇ ਦੇਸ਼-ਆਜ਼ਾਦੀ ਦਾ ਜਜ਼ਬਾ ਪ੍ਰਬਲ ਰੂਪ ਵਿਚ ਦੇਸ਼-ਵਾਸੀਆਂ ਨੂੰ ਜਗਾਣ ਲਗਾ..... ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਨਾਮਧਾਰੀ ਲਹਿਰ ਦੇ ਆਗੂ ਹੀ ਪਹਿਲੇ ਪੰਜਾਬੀ ਸਨ, ਜਿਨ੍ਹਾਂ ਨੇ ਅ-ਸੁਆਰਥ ਹੋ ਕੇ, ਤੇ ਆਪਣੇ ਸਰੀਰ ਨੂੰ ਅਸਥਿਰ ਸਮਝ ਕੇ ਸੁਦੇਸ਼ੀ ਵਾਤਾਵਰਣ ਨੂੰ ਉਚਾਇਆ ਤੇ ਬਦੇਸ਼ੀ ਵਾਤਾਵਰਣ ਦਾ ਹਰ ਖੇਤਰ ਵਿਚ ਡਟ ਕੇ ਵਿਰੋਧ ਕੀਤਾ ਹੈ। ਅੰਗਰੇਜ਼ਾਂ ਵਿਰੁਧ ਪ੍ਰਚਲਣ ਹੋਈ ਨਾ-ਮਿਲਵਰਤਣ ਲਹਿਰ ਦੇ ਮੋਢੀ ਵੀ ਇਹ ਨਾਮਧਾਰੀ ਆਗੂ ਸਨ......ਉਹਨਾਂ ਨੇ ਸਿਖ ਸਮਾਜ ਵਿਚ ਆ ਚੁਕੀ ਅੰਧ ਮਰਯਾਦਾ ਦਾ ਪੂਰੀ ਤਰ੍ਹਾਂ ਵਿਰੋਧ ਕੀਤਾ। ਸਿਖਾਂ ਨੂੰ ਬ੍ਰਾਹਮਣੀ ਜਾਲ ਤੋਂ ਬਚਾਇਆ, ਵਿਧਵਾ ਵਿਆਹ ਦੀ ਸੁਤੰਤਰਤਾ ਦਿਤੀ, ਇਸਤ੍ਰੀ ਮਰਦ ਦੀ ਸਮਾਨਤਾ ਦਾ ਪ੍ਰਚਾਰ ਕੀਤਾ, ਸ਼ਰਾਬ ਆਦਿ ਨਸ਼ਿਆਂ ਦਾ ਨਿਖੇਧ ਕੀਤਾ, ਵਿਭਚਾਰੀ ਕਰਤਵਾਂ ਦਾ ਵਿਰੋਧ ਕੀਤਾ, ਲੜਕੀਆਂ ਮਾਰਨ ਜਾਂ ਵੇਚਣ ਦੀ ਰਸਮ ਨੂੰ ਸਖਤੀ ਨਾਲ ਦਬਾਇਆ, ਗਊ-ਗਰੀਬ ਦੀ ਰਖਿਆ ਹਿਤ ਅਨੇਕਾਂ ਕੁਰਬਾਨੀਆਂ ਦਿਤੀਆਂ। ਇਸ ਤਰ੍ਹਾਂ ਜੀਵਨ ਨੂੰ ਸਮਾਜਕ ਤੌਰ ਤੇ ਸਵਛ ਬਨਾਣ ਦਾ ਉਹਨਾਂ ਨੇ ਬੜਾ ਨਿਗਰ ਯਤਨ ਕੀਤਾ।.....ਭਾਵੇਂ ਸਖਤੀਆਂ ਕਾਰਨ ਨਾਮਧਾਰੀ ਲਹਿਰ ਦੀ ਜੋਤਿ ਮਧਮ ਪੈ ਗਈ, ਪਰ ਪੂਰੀ ਤਰ੍ਹਾਂ ਬੁਝੀ ਨਾ। ਇਹ ਅਬੁੱਝ-ਜੋਤਿ ਤੋਂ ਹੀ ਪਿਛੋਂ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਭਾਂਬੜ ਰੂਪ ਵਿਚ ਬਲੀਆਂ ਲਹਿਰਾਂ ਸਨ।"

ਸਿੱਖ ਧਰਮ ਤੇ ਸਿਖ ਪੰਥ,
ਪੰਨਾ ੧੨੭-੨੮

■

Namdhari Elibrary NamdhariElibrary@gmail.com



■ ਹਰਵਿੰਦਰ ਸਿੰਘ ਹੰਸਪਾਲ

ਤਬੀ ਬਾਰੁਵਾਂ ਬਪ ਕਹਾਊਂ

ਸਮਾ ਬੜਾ ਕਰੜਾ ਹੈ, ਤਕੜੇ ਹੋ ਕੇ ਚੁਗਲੀ, ਨਿੰਦਾ, ਈਰਖਾ, ਬਖੀਲੀ, ਝੂਠ, ਫਰੇਬ ਤੋਂ ਬਚੋ, ਲੋਭ ਮੋਹ ਦੇ ਚਿੱਕੜ ਚੋਂ ਨਿਕਲੋ ਅਤੇ ਨਾਮ ਜਪੋ, ਬਾਣੀ ਪੜ੍ਹੋ ਤਾਂ ਜੋ ਸੁਰਖਰੂ ਹੋ ਕੇ ਇਸ ਸੰਸਾਰ ਤੋਂ ਜਾਈਏ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਗੁਰਬਾਣੀ ਅਨੁਸਾਰ:

ਸਤਿਜੁਗ, ਤ੍ਰੇਤਾ ਅਤੇ ਦੁਆਪੁਰ ਤ੍ਰੈ ਯੁਗ ਬੀਤ ਚੁੱਕੇ ਹਨ। ਵਰਤਮਾਨ ਸਮਾਂ ਕਲਯੁਗ ਦਾ ਚਲ ਰਿਹਾ ਹੈ। ਕਿਸੇ ਵਿਚਾਰਵਾਨ ਨੇ ਗਿਆਨਵਾਨ ਨੂੰ ਪੁੱਛਿਆ, "ਯੁਗ ਕਦੋਂ ਬਣੇ? ਅਤੇ ਇਹਨਾਂ ਚਾਰਾਂ ਯੁਗਾਂ ਦਾ ਫ਼ਰਕ ਕੀਹ ਹੈ? ਕੀਹ ਸਤਿਜੁਗ, ਤ੍ਰੇਤੇ ਅਤੇ ਦੁਆਪੁਰ ਵਿਚ ਧੁਪ ਦਾ ਰੰਗ ਕਲਯੁਗ ਨਾਲੋਂ ਵੱਖਰਾ ਸੀ? ਕੀਹ ਉਦੋਂ ਪੇੜ ਪੌਦੇ ਹਰੇ ਰੰਗ ਤੋਂ ਇਲਾਵਾ ਕਿਸੇ ਹੋਰ ਰੰਗ ਦੇ ਹੁੰਦੇ ਸਨ? ਜਾਂ ਨਦੀਆਂ, ਪਹਾੜ ਸਮੁੰਦਰ ਵਾਯੂ ਅਜ ਨਾਲੋਂ ਭਿੰਨ ਸਨ?" ਉੱਤਰ ਮਿਲਿਆ ਨਹੀਂ:- "ਇਹ ਸਭ ਕੁਝ ਤੇ ਐਸਾ ਹੀ ਹੁੰਦਾ ਸੀ।"

"ਫਿਰ ਵੱਖਰੇ ਵੱਖਰੇ ਯੁਗਾਂ ਦਾ ਫ਼ਰਕ ਕੀਹ ਹੋਇਆ?"

ਗਿਆਨਵਾਨ ਜੀ ਦਸਦੇ ਹਨ:

"ਸਤਿਯੁਗ ਨੂੰ ਕ੍ਰਿਤਯੁਗ ਭੀ ਆਖਦੇ ਹਨ। ਉਦੋਂ ਲੋਕ ਭਲੇ ਕਰਮ ਕਰਦੇ ਸਨ। ਨਾ ਧਰਮ ਦੀ ਅਤੇ ਨਾਂ ਹੀ ਲੋਕਾਂ ਦੀ ਹਾਨੀ ਹੁੰਦੀ ਸੀ। ਲੋਕਾਂ ਨੂੰ ਬਹੁਤਾ ਪੁਰਸ਼ਾਰਥ ਭੀ ਨਹੀਂ ਸੀ ਕਰਨਾ ਪੈਂਦਾ, ਜੋ ਕੁਝ ਉਹਨਾਂ ਦੀ ਚਿੱਤ ਦੀ ਇੱਛਾ ਹੁੰਦੀ ਆਪੇ ਪੂਰੀ ਹੋ ਜਾਂਦੀ ਸੀ। ਕਿਸੇ ਵਿਚ ਅਭਿਮਾਨ ਨਹੀਂ ਸੀ ਅਤੇ ਨਾ ਹੀ ਕੋਈ ਕਿਸੇ ਨੂੰ ਧੋਖਾ ਦੇਂਦਾ ਸੀ। ਨਾ ਕੋਈ ਝਗੜਦਾ ਸੀ, ਨਾ ਈਰਖਾ ਕਰਦਾ ਸੀ, ਨਾ ਕੋਈ ਸਖ਼ਤੀ ਕਰਦਾ ਤੇ ਨਾ ਹੀ ਕੋਈ ਡਰਦਾ ਸੀ। ਹਰ ਜਾਤ ਦੇ ਆਦਮੀ ਆਪੋ ਆਪਣੇ ਨੇਮ ਅਤੇ ਕਰਮ ਨਿਬਾਹੀ ਚਲੇ ਜਾਂਦੇ ਸੀ।

"ਜਦੋਂ ਧਰਮ ਦਾ ਚੌਥਾ ਹਿੱਸਾ ਘਟ ਗਿਆ ਅਤੇ ਧਰਮ ਦੇ ਤ੍ਰੈ ਹਿੱਸੇ ਰਹਿ ਗਏ, ਉਸ ਸਮੇਂ ਨੂੰ ਤ੍ਰੇਤਾ ਯੁਗ ਆਖਿਆ ਜਾਂਦਾ ਹੈ। ਗੁਰਬਾਣੀ ਅਨੁਸਾਰ ਭੀ: "**ਤ੍ਰੇਤੈ ਇਕ ਕਲ ਕੀਨੀ ਦੂਰਿ।**"(ਮ:੩) ਤ੍ਰੇਤੇ ਵਿਚ ਲੋਕ ਸੱਚ ਤਾਂ ਬੋਲਦੇ ਪਰ ਆਪਣੇ ਹਿਤ ਦੇ ਨਿਯਮਾਂ ਅਨੁਸਾਰ। ਬਲਿਦਾਨ ਅਤੇ ਹੋਮ ਪੂਜਨ ਆਦਿ ਕਰਮਾਂ ਦਾ ਪ੍ਰਚਾਰ ਸ਼ੁਰੂ ਹੋ ਗਿਆ। ਲੋਕ ਚਿੱਤ ਵਿਚ ਕਾਮਨਾ ਰੱਖ ਕੇ ਭਗਤੀ ਕਰਦੇ ਸਨ।

ਦੁਆਪੁਰ ਯੁਗ ਜਿਸ ਸਮੇਂ ਨੂੰ ਆਖਿਆ ਜਾਂਦਾ ਹੈ ਉਦੋਂ ਨੇਕੀ ਅੱਧੀ ਰਹਿ ਗਈ। "**ਦੁਆਪੁਰਿ ਧਰਮ ਦੋਇ ਪੈਰ ਰਖਾਏ॥**" (ਮ:੩) ਧਰਮ ਦੇ ਦੋ ਪੈਰ ਰਹਿ ਗਏ। ਰਸਮਾਂ ਕਈ ਯੁਕਤੀਆਂ ਅਨੁਸਾਰ ਹੋਣ ਲਗ ਪਈਆਂ, ਤੇ ਝੂਠ ਭੀ ਕਈ ਬੋਲਣ ਲਗ ਪਏ। ਲੋਕ ਸਚਾਈ ਦੇ ਰਸਤੇ ਤੋਂ ਪਰ੍ਹੇ ਹੋ ਗਏ ਤਾਂ ਵਿਆਧੀਆਂ ਤੇ ਉਪਾਧੀਆਂ ਕਰਮਾਂ ਅਨੁਸਾਰ ਆ ਗਈਆਂ। ਨਾਲ ਜਦੋਂ ਲੋਕਾਂ ਨੂੰ ਸੰਤਾਪ ਹੋਣਾ ਸ਼ੁਰੂ ਹੋ ਗਿਆ ਤਾਂ ਤਪ ਆਦਿ ਕਰਨ ਲਗ ਪਏ। ਪਰ ਬੁਧੀ ਮਲੀਨ ਹੀ ਹੁੰਦੀ ਚਲੀ ਗਈ।

ਜਦੋਂ ਭਲਾਈ ਕੇਵਲ ਚੌਥਾ ਹਿੱਸਾ ਹੀ ਰਹਿ ਗਈ।

ਵੇਦ ਸ਼ਾਸਤ੍ਰਾਂ ਦੇ ਨੇਮ, ਨੇਕੀ ਦੇ ਕੰਮ ਅਤੇ ਯਗ ਹੋਮ ਆਦਿਕ ਸਭ ਬੰਦ ਹੋ ਗਏ ਉਸ ਸਮੇਂ ਤੋ ਕਲਯੁਗ ਦਾ ਪ੍ਰਾਰੰਭ ਹੋ ਗਿਆ। ਮੁਸੀਬਤਾਂ, ਰੋਗ, ਕ੍ਰੋਧ, ਈਰਖਾ, ਚੁਗਲੀ, ਸੰਤਾਪ, ਭੁਖ ਅਤੇ ਡਰ ਨੇ ਲੋਕਾਂ ਨੂੰ ਗ੍ਰਸ ਲਿਆ। ਗੁਰਬਾਣੀ ਅਨੁਸਾਰ ਕਲਯੁਗ ਵਿਚ:

"ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥"
(ਮ:੧)

ਭਾਵ ਇਹ ਕਿ ਜਦੋ ਲੋਕਾਂ ਵਿੱਚੋਂ ਧਰਮ ਪੰਖ ਲਗਾ ਕੇ ਉੜ ਗਿਆ। ਲੋਕ ਉਹੋ ਜਿਹੇ ਨਾ ਰਹੇ ਜਿਹੇ ਜਿਹੇ ਸਤਿਯੁਗ ਵਿਚ

Namdhari Elibrary NamdhariElibrary@gmail.com

ਧਰਮੀ ਸਨ। ਮਾੜੇ ਕੰਮਾਂ ਵਿਚ ਗ੍ਰਸੇ ਗਏ, ਲੋਕਾਂ ਦੀ ਬਿਰਤੀ ਮਾੜੀ ਹੋ ਗਈ ਜਾਂ ਆਖ ਲਿਆ ਜਾਵੇ, ਲੋਕ ਮਾੜੇ ਹੋ ਗਏ। ਚਰਿਤਰਹੀਨ ਹੋ ਗਏ। ਧੁਪ, ਨਦੀਆਂ ਪਹਾੜ ਵਾਯੂਮੰਡਲ ਜੈਸਾ ਕਾ ਤੈਸਾ ਸੀ ਪਰ ਇਨਸਾਨ ਉਹੋ ਜਿਹੇ ਉੱਚ ਆਚਾਰ ਵਿਹਾਰ ਵਾਲੇ ਨਾ ਰਹੇ। ਜੈਸਾ ਇਨਸਾਨੀ ਵਤੀਰਾ ਸੀ ਉਹੋ ਜਿਹੇ ਸਮੇਂ ਨੂੰ ਉਹੋ ਜਿਹੇ ਯੁਗ ਨਾਲ ਸੰਬੋਧਨ ਕੀਤਾ ਗਿਆ ਹੈ। ਧਰਮ ਦਾ ਜਦੋਂ ਇਕ ਪੈਰ ਰਹਿ ਗਿਆ ਤਾਂ ਕਲਿਯੁਗ ਦੀ ਸ਼ੁਰੂਆਤ ਹੋਈ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਏ ਉਸ ਸਮੇਂ ਬਾਬਤ ਗੁਰੂ ਗੋਬਿੰਦ ਸਿੰਘ ਜੀ ਦੇ ਭਵਿਖਤ ਵਾਕ ਹਨ:

ਕਲਿਯੁਗ ਮੇਂ ਸਤਿਜੁਗ ਵਰਤਾਊਂ।।
ਤਬੀ ਬਾਰ੍ਹਵਾਂ ਬਪ ਕਹਾਊਂ।।

ਭਾਵ ਸਮਾਂ ਤਾਂ ਕਲਯੁਗ ਦਾ ਹੀ ਰਹੇਗਾ ਪਰ ਸਤਿਗੁਰੂ ਜੀ ਸਿੱਖ ਐਸੇ ਬਲਵਾਨ ਆਚਰਨ ਵਾਲੇ ਸਜਾ ਦੇਣਗੇ ਜੋ ਸਤਿਜੁਗੀ ਹੋਣਗੇ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ, ਜਿਸ ਦਾ ਪਤਨ ਪੂਰੀ ਤਰ੍ਹਾਂ ਹੋ ਚੁੱਕਾ ਸੀ,- ਨੂੰ ਸੁਰਜੀਤ ਕੀਤਾ। ਉਸ ਸਮੇਂ ਸਿੱਖਾਂ ਵਿਚ ਮਾਸ, ਸ਼ਰਾਬ ਚੋਰੀ, ਯਾਰੀ, ਹੁਕੇ ਪੀਣਾ, ਕੇਸਾਂ ਦੀ ਬੇਅਦਬੀ ਅਤੇ ਹਰ ਤਰ੍ਹਾਂ ਦੀਆਂ ਕੁਰਹਿਤਾਂ ਪ੍ਰਵਿਰਤ ਹੋ ਚੁੱਕੀਆਂ ਸਨ। ਗਿਆਨੀ ਗਿਆਨ ਸਿੰਘ ਜੀ ਨੇ ਇਕ ਕਬਿਤ ਵਿਚ ਵਰਣਨ ਕੀਤਾ ਹੈ, ਕਿਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਸਭ ਕੁਝ ਛੁਡਵਾਇਆ ਤੇ ਸਿੰਘਾਂ ਨੂੰ ਸੰਤ ਬਿਰਤੀ ਵਾਲੇ ਬਣਾ ਕੇ ਸਤਿਜੁਗੀ ਵਾਤਾਵਰਨ ਬਣਾ ਦਿਤਾ।

ਹੁਕੇ ਛਡਵਾਏ ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।

– – –

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ।

ਇਸ ਕਬਿਤ ਤੋਂ ਦੋ ਗੱਲਾਂ ਸਪਸ਼ਟ ਹੁੰਦੀਆਂ ਹਨ। ਇਕ ਇਹ ਕਿ ਉਸ ਸਮੇਂ ਤਕ ਸਿੱਖਾਂ ਅੰਦਰ ਕਿਤਨੀ ਗਿਰਾਵਟ ਆ ਚੁੱਕੀ ਸੀ। ਅਤੇ ਦੂਸਰਾ ਸਤਿਗੁਰੂ ਰਾਮ ਸਿੰਘ ਜੀ ਨੇ ਕੁਕਰਮ ਛਡਵਾ ਕੇ ਸ਼ੁਭ ਕਰਮਾਂ ਵਲ ਸਿੱਖਾਂ ਨੂੰ ਲਾਇਆ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਦੇ ਜੀਵਨ ਦੇ ਹਰ ਪਹਿਲੂ ਨੂੰ ਸਤਿਜੁਗੀ ਬਣਾ ਦਿੱਤਾ। ਪ੍ਰਦੇਸ ਗਵਨ ਤੋਂ ਬਾਦ ਭੀ ਆਪਣੇ ਹੁਕਮਨਾਮਿਆਂ ਰਾਹੀਂ ਸਿੱਖਾਂ ਦੇ ਚਰਿੱਤਰ ਨੂੰ ਉੱਚੇ ਰੱਖਨ ਵਾਸਤੇ ਬਾਰ ਬਾਰ ਤਾਕੀਦ ਕਰਦੇ ਰਹੇ। ਸਭ ਨੇ ਬਾਣੀ ਪੜ੍ਹਨੀ, ਸੀਲ ਸੰਤੋਖ ਰਖਨਾ, ਭਜਨ ਅਠੋ ਪਹਿਰ ਕਰਨਾ। ਬਾਣੀ ਕੰਠ ਕਰਨ ਦੀਆਂ ਹਿਦਾਇਤਾਂ ਆਪਨੇ ਹੁਕਮਨਾਮਿਆਂ ਵਿੱਚ ਲਿਖ ਕੇ ਭੇਜੀਆਂ।

"ਇਸ਼ਨਾਨੁ ਕਰਨਾ ਬਾਣੀ ਪੜ੍ਹਨੀ, ਜੋ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ ਸਰਬ ਨੇ। ਜਪੁ ਜਾਪੁ ਦੁਹਾਂ ਦੇ ਹਜਾਰੇ ਕੰਠ ਕਰਨੇ। ਰਹਿਰਾਸ ਆਰਤੀ ਸੋਹਿਲਾ ਏਤਨੀ ਤਾਂ ਜਰੂਰ ਹੀ ਕੰਠ ਕਰਨੀ – — –ਸੀਲ ਸੰਤੋਖ ਸਭ ਨੇ ਰਖਨਾ। ਭਜਨ ਅੱਠੇ ਪਹਿਰ ਕਰਨਾ ਗੁਰੂ ਸਚੇ ਦਾ।"

ਪਰਾਏ ਹਕ, ਪਰਾਈ ਧੀ ਭੈਣ ਬਾਰੇ ਭੀ ਸਪਸ਼ਟ ਰੂਪ ਵਿਚ ਹੁਕਮ ਭੇਜੇ ਤਾਂ ਜੋ ਸਿੱਖਾਂ ਨੂੰ ਕਲਯੁਗ ਵਿਚ ਸਹੀ ਦਿਸ਼ਾ ਮਿਲਦੀ ਰਹੇ, ਸਿੱਖ ਭਟਕਨ ਨਾ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਮਾਰਗ ਤੇ ਹੀ ਚਲ ਕੇ ਉੱਚਾ ਸੁੱਚਾ ਜੀਵਨ ਬਤੀਤ ਕਰਨ ਸਿੱਖ ਚਰਿਤਵਾਨ ਹੋਨ।

"ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛੱਡਿਆ ਹੈ 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।'"

ਮੰਦਾ ਫਿਕਾ ਬੋਲਣ ਤੋਂ ਵਿਰਜਿਆ। ਖਿਮਾ ਧੀਰਜ ਵਾਲੇ ਵਲ ਗੁਰੂ ਹੁੰਦਾ ਹੈ, ਹੁਕਮ ਨਾਮਿਆਂ ਵਿਚ ਚੇਤੇ ਕਰਵਾਉਂਦੇ ਰਹੇ। ਆਪਨੀ ਭਲਾਈ ਦਾ ਬਖਿਆਨ ਨਹੀਂ ਕਰਨਾ, ਰੋਜ਼ ਸ਼ਬਦ ਕੀਰਤਨ ਕਰਨਾਂ ਸਤਿਗੁਰੂ ਰਾਮ ਸਿੰਘ ਜੀ ਦਾ ਆਦੇਸ਼ ਸੀ।

"ਖਿਮਾ ਕਰਨੀ ਬੋਲੁ ਕੁਬੋਲੁ ਸਹਿ ਜਾਣਾ ਸਭਦਾ। ਜੇ ਕੋਈ ਮਾਰੇ ਕੁਛੁ ਤਾ ਭੀ ਖਿਮਾ ਕਰਨੀ ਤੁਸਾਂ ਦਾ ਰਛਕ ਗੁਰੂ ਹੈ। ਹਰ ਬਖਤ ਤੁਸੀਂ ਬਹੁਤ ਅਪਣੀ ਭਲਾਈ ਛਪਾਉਣ ਦੀ ਕਰਨੀ। ਹਰਿ ਬਖਤ ਧਿਆਨੁ ਲਾਉਣਾ ਹਰ ਦਿਨ ਸਬਦੁ ਕੀਰਤਨੁ ਕਰਨਾ।"

ਸਿੱਖਾਂ ਦੇ ਆਲੇ ਦੁਆਲੇ ਸਤਿਜੁਗੀ ਵਾਤਾਵਰਣ ਬਣਿਆ ਰਹੇ ਇਸ ਵਾਸਤੇ ਹੁਕਮ ਹੋਇਆ, **"ਸਭ ਨੇ ਹਥ ਜੋੜ ਕੇ ਪਰਮੇਸਰੁ ਅਗੇ ਏਹੁ ਅਰਦਾਸ ਕਰਨੀ, ਜੋ ਹੇ ਮਹਾਰਾਜ! ਸਾਡਾ ਧਰਮੁ ਬਣਿਆ ਰਹੇ ਜੀ। – – –ਦਾਰੂ ਮਾਸ ਨਹੀਂ ਖਾਣਾ ਪੀਣਾ ਖੌਫ ਰਖਣਾ ਗੁਰੂ ਦਾ   ਹਰਿ ਦਮ।"**

ਅੱਠੇ ਪਹਿਰ ਸਿੱਖ ਨਾਮ ਸਿਮਰਨ ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਕਰਦੇ, ਇਸੇ ਕਰ ਕੇ ਇਹਨਾਂ ਸਿੱਖਾਂ ਨੂੰ, ਜਿਨ੍ਹਾਂ ਦਾ ਆਧਾਰ ਨਾਮ ਸਿਮਰਨ ਸੀ, ਨਾਮ-ਆਧਾਰੀ ਜਾਂ ਨਾਮਧਾਰੀ ਸਿੱਖ ਆਖਿਆ ਜਾਨ ਲਗ ਪਿਆ। ਲੱਖਾਂ ਦੀ ਗਿਣਤੀ ਵਿਚ ਨਾਮਧਾਰੀ ਸਿੱਖ ਸਜੇ। ਸਤਿਗੁਰੂ ਜੀ ਨੇ ਲੰਗਰ ਦੀ ਸੁਚ ਸੋਧ ਵਾਲੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਯਾਦਾ ਹਜ਼ੂਰ ਸਾਹਿਬ ਤੋਂ ਮੰਗਵਾ ਕੇ ਸਿੱਖਾਂ ਵਿਚ ਪ੍ਰਚਲਿਤ ਕੀਤੀ। ਸਚ ਬੋਲਨ ਵਾਲੇ, ਸੁਚ ਦੇ ਧਾਰਨੀ ਅਤੇ ਉੱਚੇ ਆਚਰਣ ਵਾਲੇ ਸਿੱਖਾਂ ਵਾਸਤੇ ਗੁਰੂ ਕਾ ਹੁਕਮ ਹੀ ਸਰਵੋਤਮ ਸੀ। ਜੇ ਦੇਸ਼ ਪ੍ਰੇਮ ਵਿਚ ਦੇਸ਼ ਸੇਵਾ ਵਾਸਤੇ ਬਲਿਦਾਨ ਦੇਨਾ ਪਿਆ ਤਾਂ ਹੱਸ ਹੱਸ ਕੇ ਦੌੜ ਦੌੜ ਕੇ ਜਾਨਾਂ ਵਾਰੀਆਂ। ਜੇ ਕਰ ਵਿਦੇਸ਼ੀ ਵਸਤਾਂ ਦਾ ਤਿਆਗ ਕਰਨ ਦਾ ਹੁਕਮ ਹੋਇਆ ਤਾਂ ਲੱਖਾਂ ਸਿੱਖਾਂ ਨੇ ਏਤਨੀ ਦ੍ਰਿੜ੍ਹਤਾ ਨਾਲ ਹੁਕਮ ਮੰਨਿਆਂ ਅਤੇ ਅੰਗਰੇਜ਼ ਵਿਰੁਧ ਬਗਾਵਤ ਕੀਤੀ ਕਿ ਅੰਗਰੇਜ਼ੀ ਸਾਮਰਾਜ ਦੀਆਂ ਲੰਡਨ ਤੱਕ ਦੀਆਂ ਕੰਧਾਂ ਹਿੱਲ ਗਈਆਂ। ਭਾਵੇਂ ਸਕੂਲੀ ਪੜ੍ਹਾਈ ਦਾ ਬਾਈਕਾਟ ਸੀ ਜਾਂ ਅੰਗਰੇਜ਼ ਦੀਆਂ ਰੇਲਾਂ ਕਚਹਿਰੀਆਂ ਦਾ, ਸਿੰਘਾਂ ਨੇ ਸੰਪੂਰਨ ਬਾਈਕਾਟ ਕੀਤਾ। ਅੰਗਰੇਜ਼ ਨੂੰ ਆਖਣਾ ਪਿਆ "ਨਾਮਧਾਰੀ ਸਿੱਖ ਕਦੇ ਵੀ ਅੰਗਰੇਜ਼ੀ ਹਕੂਮਤ ਦੇ ਵਫਾਦਾਰ ਨਹੀਂ ਹੋ ਸਕਦੇ।"

ਸਤਿਗੁਰੂ ਰਾਮ ਸਿੰਘ ਜੀ ਨੇ ਲੱਖਾਂ ਸਿੱਖਾਂ ਨੂੰ ਬਲਵਾਨ ਚਰਿਤਰ ਅਤੇ ਉੱਚੇ ਆਚਰਨ ਵਾਲਾ ਬਣਾ ਦਿੱਤਾ। ਉਹਨਾਂ ਦੇ ਮਨਾਂ ਤੇ ਕਾਬੂ ਪਾ ਲਿਆ। ਉਹਨਾਂ ਲਈ ਸੁਖ ਦੁਖ ਸਮਾਨ ਸੀ ਅਤੇ ਗੁਰੂ ਕਾ ਹੁਕਮ ਸਰਵੋਚ। ਸਿੰਘ ਸਤਿਜੁਗੀ ਹੋ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਦਸਦੇ ਹਨ, ਸਿਰ ਦੇਣਾ ਸੌਖਾ ਹੈ ਪਰ ਮਨ ਦੇਣਾ ਬੜਾ ਔਖਾ ਹੈ। ਸਿਰ ਦੇ ਦਿੱਤਾ ਕੰਮ ਮੁੱਕ ਗਿਆ। ਪਰੰਤੂ ਮਨ ਸਤਿਗੁਰੂ ਨੂੰ ਦੇ ਕੇ ਜਿਉਂਦੇ ਰਹਿਣਾ ਅਤੇ ਉਹ ਕਰਨਾ ਜੋ ਸਤਿਗੁਰੂ ਦਾ ਹੁਕਮ ਹੋਵੇ, ਉਹ ਨਹੀਂ ਕਰਨਾਂ ਜੋ ਮਨ ਆਖੇ, ਇਹ ਅਤੀ ਕਠਿਨ ਹੈ। ਕਿਉਂਕਿ ਇਹ ਸਰਲ ਹੈ ਪਰ ਮਨ ਨੂੰ ਸਰਲਤਾ ਵਾਲਾ ਮਾਰਗ ਔਖਾ ਲਗਦਾ ਹੈ।

ਇੱਕ ਸੱਜਨ ਕਿਸੇ ਸੋਝੀਵਾਨ ਗਿਆਨੀ ਪੁਰਸ਼ ਪਾਸ ਗਏ ਅਤੇ

Namdhari Elibrary NamdhariElibrary@gmail.com

ਆਖਣ ਲੱਗੇ "ਮਨ ਬੜਾ ਬੇਚੈਨ ਹੈ ਅਤੇ ਇਕ ਦਮ ਸ਼ਾਂਤੀ ਚਾਹੀਦੀ ਹੈ ਵਰਨਾ ਮੈਂ ਜ਼ਿੰਦਾ ਨਹੀਂ ਰਹਿ ਸੱਕਾਂਗਾ, ਮੈਂ ਖੁਦਕੁਸ਼ੀ ਕਰ ਲਵਾਂਗਾ।" ਆਦਮੀ ਧਨੀ ਭੀ ਸੀ ਅਤੇ ਘਰ ਵਿਚ ਐਸ਼ੋ-ਇਸ਼ਰਤ ਦੇ ਸਭ ਸਾਧਨ ਵੀ ਸਨ। ਗਿਆਨੀ ਪੁਰਸ਼ ਨੇ ਆਖਿਆ, "ਫਿਰ ਮਨ ਦੀ ਸ਼ਾਂਤੀ ਲਈ ਪ੍ਰਾਰਥਨਾ ਕਰੋ।" ਕਹਿਣ ਲਗੇ ਕਿ "ਪ੍ਰਾਰਥਨਾ ਵਿਚ ਮਨ ਨਹੀਂ ਲਗਦਾ।" ਆਖਿਆ, "ਚੰਗਾ ਧਿਆਨ ਕਰੋ" ਤਾਂ ਕਹਿੰਦੇ, "ਧਿਆਨ ਦੀ ਬਿਲਕੁਲ ਇੱਛਾ ਨਹੀਂ।" ਮਨ ਵਿਆਕੁਲ ਹੈ ਫਿਰ ਵੀ ਗੱਲ ਮਨ ਦੀ ਹੀ ਸੁਣਨੀ ਹੈ। ਮਨ ਨੇ ਖੁਦਕੁਸ਼ੀ ਦੇ ਕੰਢੇ ਤੇ ਲਿਆ ਖੜਾ ਕੀਤਾ ਹੈ ਪਰ ਆਖੇ ਮਨ ਦੇ ਹੀ ਲਗਣਾ ਹੈ। ਜਿਹੜਾ ਨਾ ਪ੍ਰਾਰਥਨਾ ਕਰਨ ਦੇਂਦਾ ਹੈ ਅਤੇ ਨ ਧਿਆਨ ਵਿੱਚ ਜੁੜਨ ਦੇਂਦਾ ਹੈ। ਮਨ ਪੂਰੀ ਤਰ੍ਹਾਂ ਅਸ਼ਾਂਤ ਹੈ ਪਰ ਸ਼ਰਧਾ ਅਜੇ ਭੀ ਮਨ ਤੇ ਹੀ ਹੈ ਜਿਸਨੇ ਇਤਨਾ ਵਿਆਕੁਲ ਕੀਤਾ ਹੋਇਆ ਹੈ। ਸੋਝੀਵਾਨ ਕਹਿੰਦਾ ਹੈ ਸ੍ਰੀ ਮਾਨ ਜੀ ਮਨ ਦੇ ਆਖੇ ਲਗਣਾ ਬੰਦ ਕਰੋ, ਇਸ ਨੂੰ ਛੱਡੋ। ਮਨ ਦੀ ਗੱਲ ਸੁਣਨੀ ਬੰਦ ਕਰੋ। ਉਹ ਸੱਜਨ ਆਖਦੇ ਹਨ ਮੈਂ ਮਨ ਤੋਂ ਉੱਪਰ ਉੱਠਨ ਵਾਸਤੇ ਤੁਹਾਡੇ ਕੋਲ ਨਹੀਂ ਆਇਆ। ਮੈਂ ਤਾਂ ਸਿਰਫ ਮਨ ਦੀ ਸ਼ਾਂਤੀ ਚਾਹੁੰਦਾ ਹਾਂ। ਮਨ ਦੇ ਤਰਕ ਇਨਸਾਨ ਨੂੰ ਉਲਝਾਈ ਰਖਦੇ ਹਨ। ਮਨ ਤੂਫਾਨ ਹੈ। ਮਨ ਦਾ ਹੀ ਸਾਰਾ ਉਪੱਦਰ ਹੈ। ਅਤੇ ਇਨਸਾਨ ਪੁਛਦਾ ਹੈ ਉਪੱਦਰ ਕਿਵੇਂ ਦੂਰ ਹੋਵੇ? ਉਪੱਦਰ ਦੂਰ ਹੋਣ ਦਾ ਇਕ ਹੀ ਉਪਾਅ ਹੈ ਕਿ ਉਪੱਦਰ ਹੋਵੇ ਹੀ ਨਾ।

ਦਰ ਅਸਲ ਮਨ ਸਿੱਧਾ ਚੱਲ ਹੀ ਨਹੀਂ ਸਕਦਾ। ਜਾਂ ਇਉਂ ਕਹਿ ਲਈਏ ਟੇਢੀ ਚਾਲ ਦਾ ਨਾਉਂ ਮਨ ਹੈ। ਜਿਉਂ ਹੀ ਚਾਲ ਸਿੱਧੀ ਹੋਈ ਗੁਰੂ ਦੇ ਆਖੇ ਵਿਚ ਹੋਈ, ਮਨ ਸਿੱਧਾ ਹੋ ਗਿਆ। ਸਰਲਤਾ ਤੋਂ ਮਨ ਪਰ੍ਹਾਂ ਭਜਦਾ ਹੈ ਅਤੇ ਜਟਲਤਾ ਨੂੰ ਪਕੜਦਾ ਹੈ।

ਗੁਰਬਾਣੀ ਦੱਸਦੀ ਹੈ ਕਿ ਸੁਖ ਦੁਖ ਦੋਨੋ ਸੰਯੁਕਤ ਭਾਵ ਜੁੜੇ ਹੋਏ ਹਨ। ਉਹਨਾਂ ਵਿਚ ਜ਼ਰਾ ਵੀ ਫਰਕ ਨਹੀਂ। ਭੇਦ ਮਨ ਦੇ ਭਰਮ ਦਾ ਹੈ। ਮਨ ਦੀ ਟੇਢੀ ਵਿੰਗੀ ਚਾਲ ਕਰਕੇ ਭੇਦ ਦਿਖਾਈ ਦੇਂਦਾ ਹੈ। ਮਨ ਦੇ ਕਾਰਨ ਹੀ ਦਵੈਤ ਪੈਦਾ ਹੁੰਦੀ ਹੈ। ਦੋਨਾਂ ਨੂੰ ਇਕ ਸਾਰ ਨਹੀਂ ਵੇਖ ਸਕਦਾ। ਫਿਰ ਦੋਵਾਂ ਨੂੰ ਇਕ ਨਹੀਂ ਮੰਨਿਆ ਜਾਂਦਾ। ਇਸ ਲਈ ਮਨ ਜਿਥੇ ਇੱਕ ਹੈ ਉਥੇ ਦੋ ਦੇ ਦੇਖਦਾ ਹੈ। ਕਿਸੇ ਨੂੰ ਦੋਸਤ ਤੇ ਕਿਸੇ ਨੂੰ ਦੁਸ਼ਮਨ। ਇਸੇ ਤਰ੍ਹਾਂ ਪ੍ਰੇਮ ਤੇ ਘਿਰਨਾ ਦੋ ਜਾਪਦੀਆਂ ਹਨ। ਮਨ ਘਿਰਨਾ ਨੂੰ ਅਲਗ ਤੇ ਪ੍ਰੇਮ ਨੂੰ ਅਲੱਗ ਵੇਖਦਾ ਹੈ। ਸੁਖ ਨੂੰ ਅਲੱਗ ਅਤੇ ਦੁਖ ਨੂੰ ਅਲੱਗ। ਅਸਲ ਵਿਚ ਦਿਨ ਤੇ ਰਾਤ ਵਖਰੇ ਨਹੀਂ, ਦੋ ਨਹੀਂ, ਪਰੰਤੂ ਮਨ ਦਿਨ ਨੂੰ ਅਲੱਗ ਤੇ ਰਾਤ ਨੂੰ ਅਲੱਗ ਵੇਖਨ ਲਈ ਮਜਬੂਰ ਕਰਦਾ ਹੈ। ਜਦੋਂ ਇਕ ਨੂੰ ਦੋ ਕਰ ਕੇ ਵੇਖਣਾ ਸ਼ੁਰੂ ਕਰਦੇ ਹਾਂ, ਮਨ ਦੇ ਆਖੇ ਲਗ ਕੇ ਫਿਰ ਗ਼ਲਤੀ ਤੇ ਗ਼ਲਤੀ ਹੋਈ ਜਾਂਦੀ ਹੈ। ਮੁਢ ਗ਼ਲਤੀ ਦਾ ਬੱਝ ਜਾਂਦਾ ਹੈ।

ਇਕ ਸ਼ਰਾਬੀ ਇਕ ਦਿਨ ਸ਼ਰਾਬ ਪੀ ਕੇ ਘਰ ਪਰਤਿਆ। ਸ਼ਰਾਬੀ ਨੂੰ ਜਾਂ ਨਸ਼ਈ ਨੂੰ ਨਸ਼ੇ ਦੇ ਲੋਰ ਵਿਚ ਇਕ ਦੇ ਥਾਂ ਕਈ ਕਈ ਚੀਜ਼ਾਂ ਨਜ਼ਰ ਆਉਂਦੀਆਂ ਹਨ। ਚੀਜ਼ਾਂ ਇਕ ਤੋਂ ਅਨੇਕ ਨਹੀਂ ਹੁੰਦੀਆਂ। ਨਸ਼ੇ ਕਾਰਨ ਮਨ ਕੰਬ ਗਿਆ ਹੁੰਦਾ ਹੈ। ਸੋ ਸਥਿਰਤਾ ਡੋਲ ਜਾਂਦੀ ਹੈ। ਨਸ਼ਈ ਕੋਲੋਂ ਨਸ਼ੇ ਕਾਰਨ ਘਰ ਨੂੰ ਲੱਗੇ ਜੰਦਰੇ ਵਿਚ ਚਾਬੀ ਨਹੀਂ ਸੀ ਪੈ ਰਹੀ। ਕੋਲੋਂ ਲੰਘ ਰਹੇ ਮਿੱਤਰ ਨੇ ਆਖਿਆ, ਲਿਆਓ ਮੈਂ ਜੰਦਰੇ ਵਿਚ ਚਾਬੀ ਪਾ ਕੇ ਜੰਦਰਾ ਖੋਲ੍ਹ ਦਿੰਦਾ ਹਾਂ। ਤਾਂ ਨਸ਼ਈ ਆਖਨ ਲੱਗਾ, ਤੁਸੀ ਜੇ ਮੇਰੀ ਮਦਦ ਕਰਨੀ ਹੀ ਹੈ ਤਾਂ ਮਕਾਨ ਨੂੰ ਫੜ ਕੇ ਰੱਖੋ। ਐਵੇਂ ਕੰਬੀ ਜਾ ਰਿਹ ਹੈ।

ਕੰਬ ਅਸਲ ਵਿਚ ਮਨ ਰਿਹਾ ਹੈ, ਡੋਲਦਾ ਮਨ ਹੈ ਪਰ ਮਨ ਆਖਦਾ ਹੈ ਜ਼ਰਾ ਮਕਾਨ ਨੂੰ ਸੰਭਾਲਨਾ, ਮੈਂ ਜੰਦਰੇ ਵਿਚ ਚਾਬੀ ਫਸਾ ਲਵਾਂ। ਗਿਆਨੀ ਮਕਾਨ ਦੀ ਚਿੰਤਾ ਨਹੀਂ ਕਰਦੇ, ਉਹ ਆਪਣੇ ਆਪ ਨੂੰ ਸਥਿਰ ਕਰ ਲੈਂਦੇ ਹਨ ਤਾਂ ਸਭ ਕੁਝ ਸਥਿਰ ਹੋ ਜਾਂਦਾ ਹੈ। ਜ਼ਰੂਰਤ ਹੈ, ਨਸ਼ਾਂ ਉਤਰ ਜਾਵੇ। ਮਕਾਨ ਤੇ ਸਥਿਰ ਹੀ ਹੈ।

ਗੁਰਬਾਣੀ ਆਖਦੀ ਹੈ "ਮਨੁ ਬੇਚੈ ਸਤਿਗੁਰ ਕੈ ਪਾਸਿ।। ਤਿਸੁ ਸੇਵਕ ਕੇ ਕਾਰਜ ਰਾਸਿ।।" ਸਿੱਖ ਗੁਰੂ ਵਾਲਾ ਹੋ ਜਾਵੇ ਭਾਵ ਗੁਰੂ ਕੇ ਹੁਕਮ ਵਿਚ ਹੋ ਜਾਵੇ। ਗੁਰੂ ਤੇ ਸ਼ਰਧਾ ਅਤੇ ਵਿਸ਼ਵਾਸ ਤਰਕ ਨਾਲ ਨਹੀਂ ਹੋ ਸਕਦਾ। ਮਨ ਤਰਕ ਕਰਦਾ ਹੈ। ਜਦੋਂ ਤਕ ਮਨ ਤਰਕ ਕਰੇਗਾ ਕੁਝ ਪ੍ਰਾਪਤੀ ਨਹੀਂ ਹੋ ਸਕਦੀ।

ਗੁਰਬਾਣੀ ਆਖਦੀ ਹੈ "ਮਨੁ ਬੇਚੈ ਸਤਿਗੁਰ ਕੈ ਪਾਸਿ।। ਤਿਸੁ ਸੇਵਕ ਕੇ ਕਾਰਜ ਰਾਸਿ।।" ਸਿੱਖ ਗੁਰੂ ਵਾਲਾ ਹੋ ਜਾਵੇ ਭਾਵ ਗੁਰੂ ਕੇ ਹੁਕਮ ਵਿਚ ਹੋ ਜਾਵੇ। ਗੁਰੂ ਤੇ ਸ਼ਰਧਾ ਅਤੇ ਵਿਸ਼ਵਾਸ ਤਰਕ ਨਾਲ ਨਹੀਂ ਹੋ ਸਕਦਾ। ਮਨ ਤਰਕ ਕਰਦਾ ਹੈ। ਜਦੋਂ ਤਕ ਮਨ ਤਰਕ ਕਰੇਗਾ ਕੁਝ ਪ੍ਰਾਪਤੀ ਨਹੀਂ ਹੋ ਸਕਦੀ। ਤਰਕ ਛੱਡ ਕੇ ਸੇਵਕ ਦੇ ਸਾਰੇ ਕਾਰਜ ਰਾਸ ਹੋ ਜਾਂਦੇ, ਪ੍ਰਾਪਤੀਆਂ ਹੀ ਪ੍ਰਾਪਤੀਆਂ ਹੁੰਦੀਆਂ ਜਾਂਦੀਆਂ ਹਨ।

ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਨੂੰ ਅਜ ਭੀ ਨਾਮਧਾਰੀ ਪੰਥ ਦੇ ਮੌਜੂਦਾ ਵਾਲੀ ਸਤਿਗੁਰੂ ਜਗਜੀਤ ਸਿੰਘ ਜੀ ਉਸੇ ਤਰ੍ਹਾਂ ਸੰਭਾਲੀ ਬੈਠੇ ਹਨ। ਸਿੱਖਾਂ ਨੂੰ ਲਗਾਤਾਰ ਨਿਤਾਪ੍ਰਤੀ ਅੰਮ੍ਰਿਤ ਵੇਲੇ ਉਠ ਸਕੇਸੀ ਇਸ਼ਨਾਨ ਕਰ ਕੇ ਭਜਨ ਬੰਦਗੀ ਲਈ ਨਿਰੰਤਰ ਪ੍ਰੇਰਨਾ ਦੇਂਦੇ ਹਨ। ਸੁਚ ਸੰਜਮ ਵਾਲੀ ਜ਼ਿੰਦਗੀ ਬਤੀਤ ਕਰਨ ਵਾਸਤੇ ਬਾਲੇ ਬੁਢੇ ਸਭ ਨੂੰ ਹਦਾਇਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਤਾਂ ਜੋ ਅਜ ਦੇ ਘੋਰ ਉਪੱਦਰ ਵਾਲੇ ਸੰਸਾਰ ਵਿਚ ਉਹਨਾਂ ਦੇ ਸਿੱਖ ਕੁਰੀਤੀਆਂ ਦੀ ਦਲ ਦਲ ਚੋਂ ਬਚੇ ਰਹਿਨ। ਮਨ ਕੰਬੇ ਨਾ ਸਰਲ ਮਾਰਗ ਤੇ ਚੱਲੇ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਅਤੇ ਪ੍ਰੇਮ ਨਾਲ ਪ੍ਰੇਰਿਤ ਸਿਖ ਸੰਸਾਰ ਦੇ ਵਖ ਵਖ ਭਾਗਾਂ ਵਿਚ ਬੈਠੇ ਗੁਰੂ

Namdhari Elibrary NamdhariElibrary@gmail.com

ਗੋਬਿੰਦ ਸਿੰਘ ਜੀ ਦੀ ਦੱਸੀ ਸੁਚ ਸੋਧ ਵਾਲੀ ਮਰਿਯਾਦਾ ਦੇ ਧਾਰਨੀ ਹਨ। ਦੇਸਾਂ ਵਿਦੇਸ਼ਾਂ ਵਿਚ ਐਸੇ ਸਿੱਖ ਹਨ ਜੋ ਰੋਜ਼ਾਨਾ ਅੱਠ ਅੱਠ ਘੰਟੇ ਨਾਮ ਸਿਮਰਨ ਕਰਦੇ ਹਨ, ਅਪਨੇ ਵਿਹਾਰ ਵੀ ਕਰਦੇ ਹਨ। ਹਰ ਨਾਮਧਾਰੀ ਨੂੰ ਹੁਕਮ ਹੈ, ਰੋਜ਼ ਦੇ ਨਿਤਨੇਮ ਤੋ ਇਲਾਵਾ ਇਕ ਘੰਟਾ ਘਟੋ ਘਟ ਨਾਮ ਸਿਮਰਨ ਜ਼ਰੂਰ ਕਰੇ। ਹਰ ਪਰਿਵਾਰ ਮਹੀਨੇ ਵਿਚ ਆਦਿ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਸਾਹਿਬ ਦਾ ਇਕ ਪਾਠ ਜ਼ਰੂਰ ਕਰੇ।

ਦਿੱਲੀ, ਮੰਡੀ (ਹਿਮਾਚਲ ਪ੍ਰਦੇਸ) ਬੈਂਕਾਕ ਵਿਚ ਨੌਜਵਾਨ ਅਖੰਡ ਵਰਨੀਆਂ (ਨਿਰੰਤਰ ਨਾਮ ਜਪਨਾ) ਚਲਾਉਂਦੇ ਹਨ। ਦੋ ਦੋ ਘੰਟੇ ਵਾਰੀ ਵਾਰੀ ਸੁਚ ਸੋਧ ਵਿਚ ਹੋਕੇ ਬੈਠ ਕੇ ਨਾਮ ਜਪਦੇ ਹਨ ਬੜੇ ਸ਼ੌਕ ਨਾਲ ਅਤੇ ਐਸੀਆਂ ਵਰਨੀਆਂ ਗ੍ਰਿਬ-ਨਿਵਾਜ਼ ਜੀ ਦੀ ਬਖਸ਼ਸ਼ ਨਾਲ ਦੇਸ਼ ਵਿਦੇਸ਼ ਵਿਚ ੧੫ ਥਾਈਂ ਚੱਲ ਰਹੀਆਂ ਹਨ।

ਘੋਰ ਕਲਯੁਗ ਦੇ ਸਮੇਂ ਵਿਚ ਇਹ ਸਭ ਸਤਿਜੁਗੀ ਵਾਤਾਵਰਣ ਬਣਾਈ ਰੱਖਨ ਵਾਸਤੇ, ਸ੍ਰੀ ਸਤਿਗੁਰੂ ਜੀ ਅਪਨੇ ਸਰੀਰ ਤੇ ਆਰਾਮ ਦੀ ਪਰਵਾਹ ਨ ਕਰਦਿਆਂ ਹੋਇਆਂ ਹਜ਼ਾਰਾਂ ਕਿਲੋ ਮੀਟਰ ਸਫਰ ਕਰ ਕੇ ਘਰੋ ਘਰੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਪਹੁਚਾਉਣ ਲਈ ਖੇਚਲ ਕਰਦੇ ਹਨ। ੧੯੯੪ ਦੇ ਸਾਲ ਵਿਚ ਆਪ ਨੇ ਹਵਾਈ ਜਹਾਜ, ਰੇਲ ਅਤੇ ਕਾਰਾਂ ਰਾਹੀਂ ੧,੧੯,੨੭੧ ਕਿਲੋ ਮੀਟਰ ਦੇਸ਼ ਵਿਦੇਸ਼ ਦੀ ਯਾਤਰਾ ਕੀਤੀ। ਸ੍ਰੀ ਭੈਣੀ ਸਾਹਿਬ ਸੈਂਕੜਿਆਂ ਦੀ ਗਿਣਤੀ ਵਿਚ ਮਾਈ ਭਾਈ ਰੋਜ਼ਾਨਾ ਅੰਮ੍ਰਿਤ ਵੇਲੇ ੨ ਵਜੇ ਤੋਂ ਨਾਮ ਸਿਮਰਨ ਕਰਦੇ ਹਨ ਅਤੇ ਗੁਰਬਾਣੀ ਦੀਆਂ ਏਹਨਾਂ ਤੁਕਾਂ ਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ, ਸਫਲ ਕਰਦੇ ਹਨ:

"ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ
ਹਰਿ ਉਤਮ ਪਦ ਪਾਇਆ॥ (ਸਲੋਕ ਮ: ੩ ਪੰਨਾ ੪੧੩)

ਕਲਿ ਤਾਤੀ ਠਾਂਢਾ ਹਰਿ ਨਾਉ॥
ਸਿਮਰਿ ਸਿਮਰਿ ਸਦਾ ਸੁਖ ਪਾਉ॥ ਪੰਨਾ ੨੮੮

ਕਲ ਮੈ ਏਕੁ ਨਾਮੁ ਕਿਰਪਾ ਨਿਧਿ
ਜਾਹਿ ਜਪੈ ਗਤਿ ਪਾਵੈ॥ ਪੰਨਾ ੬੩੨

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ॥
(ਬਿਲਾਵਲ ਮ: ੯ ਪੰਨਾ ੮੩੭)

ਅੰਮ੍ਰਿਤ ਵੇਲੇ ਦਾ ਇਹ ਸਮਾ ਵੇਖ ਕੇ ਸਹਿਜੇ ਹੀ ਆਖਿਆ ਜਾਂਦਾ ਹੈ ਕਿ ਕੈਸਾ ਸੁੰਦਰ ਸਤਿਜੁਗੀ ਨਜ਼ਾਰਾ ਹੈ।

ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਹੈ ਸਮਾ ਬੜਾ ਕਰੜਾ ਹੈ, ਤਕੜੇ ਹੋ ਕੇ ਚੁਗਲੀ, ਨਿੰਦਾ, ਈਰਖਾ, ਬਖੀਲੀ, ਝੂਠ, ਫਰੇਬ ਤੋਂ ਬਚੋ, ਲੋਭ ਮੋਹ ਦੇ ਚਿੱਕੜ ਚੋਂ ਨਿਕਲੋ ਅਤੇ ਨਾਮ ਜਪੋ, ਬਾਣੀ ਪੜ੍ਹੋ ਤਾਂ ਜੋ ਸੁਰਖਰੂ ਹੋ ਕੇ ਇਸ ਸੰਸਾਰ ਤੋਂ ਜਾਈਏ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਗੁਰਬਾਣੀ ਦੀ ਇਹ ਤੁਕ ਪੜ੍ਹ ਕੇ ਆਪ ਸਾਧ ਸੰਗਤਿ ਨੂੰ ਸੰਬੋਧਿਤ ਹੁੰਦੇ ਹਨ:

ਕਾਮ ਕ੍ਰੋਧੁ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ॥
(ਸੋਰਠਿ ਮਹਲਾ ੫ ਪੰਨਾ ੬੧੭

ੴ



■ ਗੁਲਵੰਤ 'ਫ਼ਾਰਿਗ'

ਵਿਸ਼ੇਸ਼ ਕਵਿਤਾ

ਮਹਿਮੇ–ਮਹਿਕੇ ਮੌਸਮੀਂ

ਮਹਿਮੇ-ਮਹਿਕੇ ਮੌਸਮੀਂ, ਅਵਤਰਿਆ, ਵਿਚ ਸੰਸਾਰ।
ਮੁੱਖੜਾ ਨੂਰ-ਜਮਾਲ ਸੀ, ਜਿਉਂ ਖਿੜੀ-ਖਿੜੀ ਗੁਲਜ਼ਾਰ।

ਕਾਮਿਲ ਪੁਰਖ ਕਮਾਲ ਸੀ, ਸੀ ਰੱਬੀ ਉਹ ਅਵਤਾਰ।
ਝੱਲਿਆ ਜਾਵੇ ਤੇਜ ਨਾ, ਅੰਤ ਨ ਕੋਈ ਸ਼ੁਮਾਰ।

ਘੋਰ ਤਪੱਸਿਆ ਸਾਧ ਕੇ, ਪਹੁੰਚਾ ਕਿਹੜੇ ਪੜਾਅ।
ਕੌਮ ਸਮੁੱਚੀ ਪਾ ਗਿਆ, ਮੰਜ਼ਿਲ ਦੇ ਉਹ ਰਾਹ।

ਮੰਜ਼ਿਲ ਸੀ ਉਹ ਮਿੱਤਰੋ, ਖੁੱਲ੍ਹਾ ਜਿਉਂ ਅਸਮਾਨ।
ਸਮਿਆਂ ਦੀ ਉਸ ਰੇਤ 'ਤੇ, 'ਲੀਕੇ, ਕਈ' ਨਿਸ਼ਾਨ।

ਕੂਕ-ਕੂਕ, ਉਹ ਕੂਕਿਆ, ਲਾਈ ਆਜ਼ਾਦੀ ਜਾਗ।
ਸਹਿਜੇ-ਸਹਿਜੇ ਦੇਸ਼ ਦੇ, ਫਿਰ ਜਾਗਣ ਲੱਗੇ ਭਾਗ।

ਲੈ ਅਗਵਾਈ ਓਸ ਤੋਂ, ਉੱਠੀ ਗ਼ਦਰੀ ਲਹਿਰ।
ਵਰਤ ਗਿਆ ਅੰਗਰੇਜ਼ 'ਤੇ, ਕਹਿਰੀ ਕੋਈ ਕਹਿਰ।

ਜੀਕਣ ਉਸ ਦੇ ਵਾਸਤੇ, ਸਿਰੀ ਨਾ ਪਿਆਰੀ ਜਾਨ।
ਲੇਖੇ ਲਾ ਕੇ ਦੇਸ਼ ਦੇ, ਕਰ ਗਿਆ ਜਿੰਦ ਕੁਰਬਾਨ।

ਅਮਨ, ਅਹਿੰਸਾ, ਆਸ਼ਤੀ, ਹੈਸਨ ਉਹਦੇ ਹਥਿਆਰ।
ਰੱਖਿਆ ਗਊ-ਗ਼ਰੀਬ ਦੀ, ਲਈ, ਅਮਲਾਂ ਵਿਚ ਉਤਾਰ।

ਸੁਣ ਲਲਕਾਰਾ ਸ਼ੇਰ ਦਾ, ਕੰਬਿਆ ਇੰਗਲਿਸਤਾਨ।
ਤਖ਼ਤ ਉਹਦਾ ਸੀ ਡੋਲਿਆ, ਤਿੜਕਿਆ ਜਿਉਂ ਫ਼ਰਮਾਨ।

ਸਬਰ-ਜਬਰ ਦੀ ਜੰਗ ਸੀ, ਜਿੱਤਿਆ ਸਿਦਕ ਮਹਾਨ।
ਹੈਂਕੜ ਹਾਰੀ ਅੰਤ ਨੂੰ, ਜੈਅ-ਜੈਅ ਹਿੰਦੁਸਤਾਨ!

ਤੋੜੇ ਸੰਗਲ ਦਾਸਤਾ, ਸੁੱਟੇ, ਸੱਤ ਸਮੁੰਦਰ ਪਾਰ।
ਸਤਿਗੁਰ ਜੀ ਦਾ ਸਦਕੜਾ, ਹਰ ਥਾਂ ਜੈਅ ਜੈਅ ਕਾਰ।

ਸੀ ਉਹ ਸਤਿਗੁਰ, ਰਾਮ ਸਿੰਘ, ਚੀਨੀ ਦਾ ਅਸਵਾਰ।
ਮਿਹਰ, ਮੁਹੱਬਤ ਓਸ ਦੀ, ਜਿਉਂ ਖਿੜੀ ਬਸੰਤ ਬਹਾਰ।

ਮਹਿਕੇ-ਮਹਿਕੇ ਮੌਸਮੀਂ, ਅਵਤਰਿਆ, ਵਿਚ ਸੰਸਾਰ।
ਮੁੱਖੜਾ ਨੂਰ-ਜਮਾਲ ਸੀ, ਜਿਉਂ ਖਿੜੀ-ਖਿੜੀ ਗੁਲਜ਼ਾਰ।

ੴ

Namdhari Elibrary NamdhariElibrary@gmail.com



■ ਪ੍ਰਿੰ. ਬੇਅੰਤ ਕੌਰ

ਕਿਨ ਕੋ ਨਾਮ ਸ਼ਹੀਦ ਹੈ?

ਸ਼ਹੀਦ ਕੋਈ ਆਮ ਸਾਧਾਰਨ ਮਨੁੱਖ ਨਹੀਂ ਹੁੰਦੇ, ਉਹ ਸੂਰਬੀਰ, ਨਿਡਰ, ਨਿਝੱਕ ਹੁੰਦੇ ਹਨ। ਉਹ ਸੁਆਰਥਮਈ ਨਹੀਂ ਹੁੰਦੇ, ਸਗੋਂ ਪਰਹਿਤ ਲਈ ਆਪਾ ਵਾਰਨ ਲਈ ਤਤਪਰ ਰਹਿੰਦੇ ਹਨ, ਦੀਨ ਦੁਨੀਆਂ ਦੇ ਸਹਾਇਕ ਬਣਦੇ ਹਨ, ਉਨ੍ਹਾਂ ਨੂੰ ਦੁਸ਼ਟਾਂ ਕੋਲੋਂ ਬਚਾਉਂਦੇ ਹਨ, ਉਨ੍ਹਾਂ ਦੇ ਦੁਖਾਂ ਦਾ, ਕਸ਼ਟਾਂ ਦਾ ਨਿਵਾਰਨ ਕਰਦੇ ਹਨ, ਉਹ ਡੱਟ ਕੇ ਜੂਝਦੇ ਰਹਿੰਦੇ ਹਨ, ਭਾਵੇਂ ਉਨ੍ਹਾਂ ਨੂੰ ਆਪਣੇ ਸ਼ਰੀਰ ਦਾ ਪੁਰਜ਼ਾ-ਪੁਰਜ਼ਾ ਵੀ ਕਿਉਂ ਨਾ ਕਟਾਉਣਾ ਪਵੇ-

ਹਰ ਗੁਰਸਿੱਖ ਪਰਿਵਾਰ ਵਿੱਚ, ਜਦੋਂ ਕਦੇ ਵੀ ਜੀਵਨ ਦੇ ਅਉਖੇ ਪਲ ਆ ਘੇਰਦੇ ਹਨ। ਕਦੇ ਮਾਨਸਕ ਪੀੜਾ, ਤਨਾਅ, ਸਰੀਰਕ ਕਸ਼ਟ, ਰੋਗ ਕਦੇ ਪਰਵਰਤਿਤ ਪਰਿਸਥਿਤੀਆਂ ਕਰਕੇ ਅਸੰਤੁਸ਼ਟ ਪਲ, ਕਦੇ ਜੀਵਨ ਦੇ ਉਤਾਰ ਚੜਾਵ ਕਰਕੇ ਹੈਰਾਨੀ, ਪਰੇਸ਼ਾਨੀ, ਕਦੇ ਮਨ ਦੀਆਂ ਇਛਾਵਾਂ ਦੀ ਪੂਰਤੀ ਤੇ ਤ੍ਰਿਪਤੀ ਨਾ ਹੋਣ ਕਰਕੇ ਅਤ੍ਰਿਪਤ, ਅਸ਼ਾਂਤ, ਕਦੇ ਵੈਰੀਆਂ ਦੁਸ਼ਟਾਂ ਦੀ ਵਿਰੋਧਤਾ, ਕਦੇ ਅਪਮਾਨ ਦੇ ਕੌੜੇ ਘੁੱਟ, ਕਦੇ ਜੀਵਨ ਦਾ ਫਿਕਾਪਨ, ਕਸੈਲਾਪਨ, ਕਦੇ ਗੜ-ਗੜ ਕਰਦੇ ਮੰਡਰਾਂਦੇ ਕਾਲੇ ਬਦਲਾਂ ਦੀ ਗੜ ਗੜਾਹਟ, ਕਦੇ ਨਿਰਾਸਤਾ, ਕਦੇ ਉਦਾਸੀਨਤਾ, ਇਹੋ ਜਿਹੇ ਪਲਾਂ ਵਿਚ ਆਪਣੇ ਪਿਆਰੇ ਸਤਿਗੁਰੂ ਦੇ ਚਰਨਾਂ ਵਿੱਚ ਅਰਜ਼ੋਈਆਂ ਕਰਦੇ ਹਾਂ ਤੇ ਉਸਦੀ ਅਪਾਰ ਬਖਸ਼ਸ਼ ਮਿਹਰ ਦੀ ਦਾਤ ਮੰਗਦੇ ਹਾਂ, "ਹੇ ਸੱਚੇ ਪਾਤਸ਼ਾਹ ਸ਼ਹੀਦ ਸਿੰਘਾਂ ਦਾ ਪਹਿਰਾ ਬਖਸ਼ੋ ਤੇ ਸਾਡੀ ਰੱਖਿਆ ਕਰੋ, ਸਹਾਇਤਾ ਕਰੋ।" ਸ਼ਹੀਦਾਂ ਕੋਲੋਂ ਮੰਗ ਮੰਗਦੇ ਹਾਂ ਤੇ ਆਪਣੀ ਭਾਵਨਾ ਤੇ ਯਥਾ ਸ਼ਕਤੀ ਅਨੁਸਾਰ ਸ਼ਹੀਦਾਂ ਦੇ ਨਾਮ ਮਾਇਆ ਕੱਢ ਕੇ ਸ਼ਹੀਦੀਆਂ ਕਰਵਾਉਂਦੇ ਹਾਂ।

ਕੀ ਸਾਨੂੰ ਪਤਾ ਹੈ-ਕਿਨ ਕੋ ਨਾਮ ਸ਼ਹੀਦ ਹੈ?

ਕਿਆ ਕਿਰਤ ਕਰੰਤੇ?

ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿੱਚ ਸ਼ਹੀਦ ਦਾ ਅਰਥ ਕਰਦੇ ਹਨ-ਸ਼ਹਾਦਤ ਦੇਣ ਵਾਲਾ ਗਵਾਹ, ਸਾਕੀ (ਸਾਖੀ)।

-ਵਿ-ਸੰਗਯਾ-ਅਜੇਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ।

-ਧਰਮ ਯੁੱਧ ਵਿੱਚ ਜਿਸਨੇ ਜੀਵਨ ਅਰਪਿਆ ਹੈ।

(ਪੰਨਾ ੧੩੮, ਮਹਾਨ ਕੋਸ਼)

ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹਾਦਤ ਗਵਾਹੀ ਨੂੰ ਕਿਹਾ ਜਾਂਦਾ ਹੈ, ਸ਼ਹੀਦ ਗਵਾਹੀ ਦੇਣ ਵਾਲੇ ਨੂੰ। ਸ਼ਹੀਦ ਕੋਈ ਆਮ ਸਾਧਾਰਨ ਮਨੁੱਖ ਨਹੀਂ ਹੁੰਦੇ, ਉਹ ਸੂਰਬੀਰ, ਨਿਡਰ, ਨਿਝੱਕ ਹੁੰਦੇ ਹਨ। ਉਹ ਸੁਆਰਥਮਈ ਨਹੀਂ ਹੁੰਦੇ, ਸਗੋਂ ਪਰਹਿਤ ਲਈ ਆਪਾ ਵਾਰਨ ਲਈ ਤਤਪਰ ਰਹਿੰਦੇ ਹਨ, ਦੀਨ ਦੁਨੀਆਂ ਦੇ ਸਹਾਇਕ ਬਣਦੇ ਹਨ, ਉਨ੍ਹਾਂ ਨੂੰ ਦੁਸ਼ਟਾਂ ਕੋਲੋਂ ਬਚਾਉਂਦੇ ਹਨ, ਉਨ੍ਹਾਂ ਦੇ ਦੁਖਾਂ ਦਾ, ਕਸ਼ਟਾਂ ਦਾ ਨਿਵਾਰਨ ਕਰਦੇ ਹਨ, ਉਹ ਡੱਟ ਕੇ ਜੂਝਦੇ ਰਹਿੰਦੇ ਹਨ, ਭਾਵੇਂ ਉਨ੍ਹਾਂ ਨੂੰ ਆਪਣੇ ਸ਼ਰੀਰ ਦਾ ਪੁਰਜ਼ਾ-ਪੁਰਜ਼ਾ ਵੀ ਕਿਉਂ ਨਾ ਕਟਾਉਣਾ ਪਵੇ-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

(ਆਦਿ ਗ੍ਰੰਥ ਸਾਹਿਬ ਪੰਨਾ ੧੧੦੫)

• ਸ਼ਹੀਦ ਸਿਰਫ ਇਕ ਦੇਸ਼, ਇਕ ਕੌਮ ਲਈ ਕੁਰਬਾਨ ਨਹੀਂ ਹੁੰਦਾ, ਸਗੋਂ ਉਹ ਤਾਂ ਹਰ ਮਨੁੱਖ ਹਰ ਜਾਤੀ, ਹਰ ਦੇਸ਼ ਦੇ ਭਲੇ ਲਈ ਤੱਤਪਰ ਰਹਿੰਦਾ ਹੈ, ਆਪਾ ਨਿਉਛਾਵਰ ਕਰਨ ਲਈ ਬੇਕਰਾਰ ਰਹਿੰਦਾ ਹੈ, ਉਹ ਹੋ ਰਹੇ ਜਬਰ, ਜ਼ੁਲਮ, ਤਸ਼ੱਦਦ, ਅਤਿਆਚਾਰ ਦਾ ਡੱਟਕੇ ਮੁਕਾਬਲਾ ਕਰਦਾ ਹੈ; ਇਸ ਲਈ ਭਾਵੇਂ ਉਸਨੂੰ ਆਪਣੇ ਪ੍ਰਾਣਾਂ ਦਾ ਬਲਿਦਾਨ ਹੀ ਕਿਉਂ ਨਾ ਦੇਣਾ ਪਵੇ। ਉਹ ਸੂਰਬੀਰ ਬਹਾਦਰ ਸਿਰ ਤਲੀ ਤੇ ਧਰ ਕੇ, ਮਰਨਾ ਜਾਣਦੇ ਹਨ, ਉਹ ਮੌਤ ਨੂੰ ਮਖੌਲ ਸਮਝਦੇ ਹਨ, ਅਤੇ ਹੱਸ-ਹੱਸ ਕੇ ਉਸਨੂੰ ਗਲਵਕੜੀਆਂ ਪਾਂਦੇ ਹਨ।

ਕਬੀਰ ਐਸੀ ਹੋਇ ਪਰੀ, ਮਨ ਕੋ ਭਾਵਤੁ ਕੀਨੁ॥
ਮਰਨੈ ਤੇ ਕਿਆ ਡਰਪਨਾ, ਜਬ ਹਾਥਿ ਸਿਧਾਉਰਾ ਲੀਨ॥

(ਸਲੋਕ ਪੰਨਾ ੧੩੬੮)

ਉਨ੍ਹਾਂ ਨੂੰ ਧਰਮ, ਦੇਸ਼ ਲਈ ਸ਼ਹੀਦ ਹੋਣ ਦੀ ਜਾਚ ਹੈ। ਇਨ੍ਹਾਂ ਦੀ ਸ਼ਹਾਦਤ ਕੌਮ ਵਿੱਚ ਜਾਨ ਪਾ ਦਿੰਦੀ ਹੈ:-

Namdhari Elibrary NamdhariElibrary@gmail.com

ਡੁਲ੍ਹੇ ਜਦ ਖ਼ੂਨ ਸ਼ਹੀਦਾਂ ਦਾ,
ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਾਂ,
ਤਸਵੀਰ ਬਦਲਦੀ ਕੌਮਾਂ ਦੀ।

ਉਹ ਤਕਦੀਰ ਤੇ ਤਸਵੀਰ ਬਦਲ ਦਿੰਦੇ ਹਨ। ਉਹ ਹਮੇਸ਼ਾ ਉਸ ਅਵਸਰ ਦੇ ਉਡੀਕਵਾਨ ਰਹਿੰਦੇ ਹਨ, ਜਦੋਂ ਉਹ ਮੌਤ ਨੂੰ ਗਲਵਕੜੀ ਪਾਕੇ ਆਨੰਦ ਮਾਨ ਸਕਣ।

–ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ (ਪੰਨਾ ੧੩੬੫)

ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

–ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥
(ਮ: ੫, ਪੰਨਾ ੧੧੦੨)

ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿੱਚ ਸ਼ਹੀਦਾਂ ਬਾਰੇ ਵਿਸਤਾਰ ਵਿਚ ਜਾਣਕਾਰੀ ਪ੍ਰਦਾਨ ਕਰਦੇ ਹਨ-

ਇਕ ਦਿਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਭਾਈ ਮੁਹਕਮ ਸਿੰਘ, ਦਯਾ ਸਿੰਘ, ਹਿੰਮਤ ਸਿੰਘ ਹੋਰਾਂ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ! ਆਪ ਜੀ ਕ੍ਰਿਪਾ ਕਰਕੇ ਸਾਨੂੰ ਅਨਜਾਣ ਅਗਿਆਨੀ ਲੋਕਾਂ ਨੂੰ ਗਿਆਨ ਦੀ ਦਾਤ ਬਖਸ਼ੋ, ਸ਼ਹੀਦ ਸਿੰਘ ਕੌਣ ਹਨ, ਉਨ੍ਹਾਂ ਦੇ ਕੀ ਨਾਮ ਹਨ, ਉਹ ਕਿਹੜੀ ਕਿਰਤ ਕਰਦੇ ਹਨ, ਉਨ੍ਹਾਂ ਦੀ ਗਤਮਿਤ ਕੀ ਹੈ, ਉਨ੍ਹਾਂ ਦੀਆਂ ਸ਼ਕਤੀਆਂ ਕਿਹੜੀਆਂ ਹਨ, ਉਨ੍ਹਾਂ ਦਾ ਵਿਰਸਾ ਕਿੱਥੇ ਹੈ, ਉਨ੍ਹਾਂ ਦੀਆਂ ਕਿਹੜੀਆਂ ਪਦਵੀਆਂ ਹਨ? ਸੱਚੇ ਪਾਤਸ਼ਾਹ! ਆਪ ਜੀ ਤਾਂ ਇਨ੍ਹਾਂ ਸਾਰੀਆਂ ਗੱਲਾਂ ਤੋਂ ਜਾਣੂ ਹੋ ਜੀ, ਕ੍ਰਿਪਾ ਕਰਕੇ ਸਾਨੂੰ ਵੀ ਇਨ੍ਹਾਂ ਗੱਲਾਂ ਬਾਰੇ ਜਾਣਕਾਰੀ ਦੇ ਕੇ ਗਿਆਨਵਾਨ ਬਣਾਉ ਜੀ।" ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ, "ਇਹ ਗੱਲ ਤਾਂ ਗੁਪਤ ਹੀ ਰੱਖਣ ਵਾਲੀ ਹੈ, ਪਰ ਤੁਹਾਡੇ ਕੋਲੋਂ ਮੈਂ ਕੁਝ ਵੀ ਨਹੀਂ ਛੁਪਾ ਕੇ ਰੱਖ ਸਕਦਾ" ਸਤਿਗੁਰੂ ਜੀ ਆਪਣੇ ਭਗਤਾਂ, ਸੇਵਕਾਂ, ਪਿਆਰਿਆਂ ਕੋਲੋਂ ਕੁਝ ਵੀ ਤਾਂ ਨਹੀਂ ਛੁਪਾ ਕੇ ਰੱਖ ਸਕਦੇ। ਆਪਣੇ ਸੇਵਕਾਂ ਦੀ ਪਤਿ ਦੇ ਰਾਖੇ ਆਪ ਹੀ ਹੁੰਦੇ ਹਨ।

ਸੁਣੋ ਭਾਈ, ਕਲਿਕਾਲ ਵਿੱਚ ਇਹ ਬੜਾ ਘੋਰ ਵਰਤਾਰਾ ਵਰਤ ਰਿਹਾ ਹੈ, ਗੁਰੂ ਨੇ ਆਪਣੀ ਇੱਕ ਸਿੱਖ ਸਭਾ ਪਾਲਕੇ ਰੱਖੀ ਹੋਈ ਹੈ। ਉਹ ਬਹੁਤੇ ਭੇਖ ਧਾਰਕੇ, ਵੱਖ-ਵੱਖ ਤਰ੍ਹਾਂ ਦੇ ਰੂਪ ਧਾਰਨ ਕਰ ਕੇ ਅਨੇਕ ਤਰ੍ਹਾਂ ਦੀ ਤਾੜਨਾ ਕਰਦੇ ਹਨ। ਸਤਿਗੁਰੂ ਜੀ ਆਪਣੇ ਸਿੱਖਾਂ ਦੀ ਹੁਕਮ ਸੱਤਿਤਾ ਤੇ ਮਨ ਦੇ ਟਿਕਾਉ ਨੂੰ ਵੇਖਦੇ ਹਨ ਭਾਵ ਇਹ ਕੁਝ ਦੇਖਣ ਲਈ ਪ੍ਰੀਖਿਆ ਕਰਦੇ ਹਨ। ਉਹ ਆਪਣੇ ਸਿਦਕ ਤੋਂ ਨਹੀਂ ਡੋਲਦੇ, ਅਡੋਲ ਰਹਿੰਦੇ ਹਨ, ਸਿਦਕ ਵਿੱਚ ਸਾਬਤ ਰਹਿੰਦੇ ਹਨ, ਜਦੋਂ ਯੁੱਧ ਉਨ੍ਹਾਂ ਨੂੰ ਵੰਗਾਰਦਾ ਹੈ, ਉਹ ਸੂਰਬੀਰ ਬਣ ਕੇ ਆਪਣੇ ਜੀਵਨ ਦਾ ਬਲਿਦਾਨ ਦੇਣ ਤੋਂ ਸੰਕੋਚ ਨਹੀਂ ਕਰਦੇ, ਉਹ ਭਉਜਲ ਤੋਂ ਤਰ ਜਾਂਦੇ ਹਨ, ਉਹ ਇਕ ਵਿਸ਼ੇਸ਼ ਸ੍ਰੇਸ਼ਟ ਪਦ ਦੇ ਅਧਿਕਾਰੀ ਬਣ ਜਾਂਦੇ ਹਨ - -

ਜੋ ਸਾਬਤ ਹੈ ਸਿਦਕ ਮੈ ਅਰ ਰਣ ਮਹਿ ਸੂਰਾ॥
ਸੋ ਭਉਜਲ ਤੇ ਤਰ ਗਯੋ ਪਾਯੋ ਪਦ ਪੂਰਾ॥

ਜਿਹੜੇ ਆਪਣੇ ਸਿਦਕ ਵਿਚ ਅਡੋਲ ਨਹੀਂ, ਜਿਹੜੇ ਆਪਣੇ ਸਿਦਕ ਵਿੱਚ ਸਾਬਤ ਨਹੀਂ, ਉਹ ਕਾਇਰ ਹਨ, ਉਹ ਡਰਪੋਕ ਹਨ, ਉਹ ਦੁਨੀਆਵੀ ਜੰਜਾਲਾਂ ਵਿਚ ਗ੍ਰਸਤ ਰਹਿੰਦੇ ਹਨ, ਇਹੋ ਜਿਹੇ ਕਾਇਰ ਜਨਮ-ਮਰਨ ਦੇ ਚੱਕਰਾਂ ਵਿੱਚ ਭਟਕਦੇ ਰਹਿੰਦੇ ਹਨ, ਉਨ੍ਹਾਂ ਨੂੰ ਕਦੇ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਸੁਖ ਤੋਂ ਉਹ ਹਮੇਸ਼ਾਂ ਵਾਂਝੇ ਰਹਿੰਦੇ ਹਨ। ਸੂਰਬੀਰ ਵਰਿਆਮ ਯੋਧਿਆਂ ਲਈ ਉਨ੍ਹਾਂ ਦਾ ਪਿਆਰਾ ਸਤਿਗੁਰੂ ਆਪਣੀ ਸੰਗਤ ਸਹਿਤ ਉਡੀਕ ਕਰਦਾ ਹੈ, ਸਿੱਖ ਉਹ ਜੋ ਇਕ ਵਾਰ ਸਿੱਖ ਹੋਇਆ ਹੋਵੇ ਤੇ ਫੇਰ ਕਿਸੇ ਕੁਸੰਗ ਕਰਕੇ ਔਗੁਣਾਂ ਵਿਚ ਪੈ ਗਿਆ ਹੋਵੇ, ਉਸਨੂੰ ਉਸਦਾ ਪਿਆਰਾ ਸਤਿਗੁਰੂ ਉਡੀਕਦਾ ਹੈ ਕਿ ਕਦੋਂ ਉਸਦੇ ਪੰਥ ਵਿਚ ਆਉਂਦਾ ਹੈ। ਉਸਦਾ ਪਿਆਰਾ ਪ੍ਰੀਤਮ, ਉਸਦੀ ਸਹਾਇਤਾ ਕਰਨ ਲਈ ਹਮੇਸ਼ਾਂ ਤਤਪਰ ਰਹਿੰਦਾ ਹੈ। ਸਤਿਗੁਰੂ ਉਸ ਮੌਕੇ ਦੀ ਤਾਕ ਵਿਚ ਰਹਿੰਦਾ ਹੈ ਕਿ ਉਸਦੇ ਵਲ ਉਸ ਦਾ ਸਿੱਖ ਕਿਸ ਤਰ੍ਹਾਂ ਚਲ ਕੇ ਆਉਂਦਾ ਹੈ। ਜਿਹੜਾ ਆਉਂਦਾ ਹੈ, ਉਹ ਸਿੱਖਾਂ ਵਿੱਚ ਰਲ ਮਿਲ ਜਾਂਦਾ ਹੈ।

ਅਕਾਲ ਪੁਰਖ ਨੇ ਛਿਪੰਜਾ ਕਰੋੜ ਸਿੱਖ ਸਤਿਗੁਰੂ ਦੇ ਹੱਥ ਸੌਂਪੇ ਹਨ ਤੇ ਉਸ ਦਾ ਇਹ ਹੁਕਮ ਹੈ ਕਿ ਸਾਰਿਆਂ ਨੂੰ ਸਨਾਥ ਕਰਨਾ ਹੈ। ਕਲਿਕਾਲ ਦੇ ਵਿੱਚ ਇਨ੍ਹਾਂ ਨੂੰ ਸ਼ੁਧ ਧਰਮ ਦੇ ਰਾਹਾਂ ਤੇ ਚੱਲਣ ਦਾ ਮਾਰਗ ਦਰਸਾਉਣਾ ਹੈ, ਇਸ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਉਤਾਰਾ ਕਰਾਉਣਾ ਹੈ। ਕੁਬੇਰ ਲੋਕ ਤੇ ਪ੍ਰਿਥਵੀ ਲੋਕ ਤਕ, ਇਹ ਸਭ ਥਾਂ ਵਿਚਰਦੇ ਹਨ। ਇਹ ਸਾਰਿਆਂ ਤੋਂ ਉਪਰ ਅਪਾਰ ਬਲਸ਼ਾਲੀ ਹਨ ਜਿਸ-ਜਿਸ ਤਰ੍ਹਾਂ ਦੀ ਇਨ੍ਹਾਂ ਦੀ ਭਾਵਨਾ ਹੁੰਦੀ ਹੈ, ਉਸੇ-ਉਸੇ ਅਨੁਸਾਰ ਇਨ੍ਹਾਂ ਦੀ ਸਿਧ ਹੁੰਦੀ ਹੈ। ਭੂਤ, ਪ੍ਰੇਤ, ਅਸੁਰ, ਸਾਰੇ ਇਨ੍ਹਾਂ ਦੇ ਅਧੀਨ ਹਨ। ਰਾਖਸ਼, ਅਪਸਰਾ ਇਤਿਆਦਿ ਅਪਾਰ ਸ਼ਕਤੀ ਧਾਰਨ ਵਾਲੇ ਸਭ ਇਨ੍ਹਾਂ ਸ਼ਹੀਦਾਂ ਦੇ ਹੁਕਮ ਵਿੱਚ ਹੀ ਚਲਦੇ ਹਨ। ਹੋਰਨਾਂ ਦੀ ਗਿਣਤੀ ਕੀ ਕੀਤੀ ਜਾਵੇ, ਮਹਾ ਭਿਆਨਕ ਜਮਦੂਤ ਵੀ ਇਨ੍ਹਾਂ ਤੋਂ ਪੁੱਛ ਕੇ ਟੁਰਦੇ ਹਨ। ਪਸ਼ੂ, ਪੰਛੀ, ਜੱਛ, ਗੰਧ੍ਰਬ, ਸਭ ਇਨ੍ਹਾਂ ਦੇ ਹੁਕਮਾਂ ਦੀ ਪਾਲਨਾ ਕਰਦੇ ਹਨ। ਇਨ੍ਹਾਂ ਨੂੰ ਸ਼ਾਸਤ੍ਰ ਜਾਨਣ ਵਾਲੇ, ਬੇਤਾਲ ਅਤੇ ਵਿਦਿਆ ਧਰ ਵੀ ਕਹਿੰਦੇ ਹਨ।

ਇਨ੍ਹਾਂ ਸ਼ਹੀਦਾਂ ਵਿੱਚ ਸ਼ੁਭ ਵੀ ਤੇ ਅਸ਼ੁਭ ਵੀ ਬਹੁਤ ਹੁੰਦੇ ਹਨ। ਇਹ ਰਜੋ, ਤਮੋ, ਸਤੋ ਗੁਣਾਂ ਦੇ ਧਾਰਨੀ ਹੁੰਦੇ ਹਨ। ਇਹ ਆਪਣੀ ਸੰਗਤ ਕੋਲੋਂ ਪੂਜਾ ਕਰਵਾਉਂਦੇ ਹਨ, ਤੇ ਮਨੋ ਕਾਮਨਾਵਾਂ ਪੂਰੀਆਂ ਕਰਦੇ ਹਨ, ਸਾਰੇ ਪ੍ਰਾਣੀਆਂ ਨੂੰ ਸੁਖ-ਦੁਖ ਵੀ ਪ੍ਰਦਾਨ ਕਰਦੇ ਹਨ, ਇਹ ਮਹਾਨ ਸ਼ਕਤੀ ਦੇ ਮਾਲਕ ਹਨ, ਤੇ ਸਰਬ ਕਲਾ ਸਮਰੱਥ ਹਨ। ਦੇਵਤੇ ਵੀ ਇਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਸਉਂਪ ਕੇ, ਭਾਰਤ ਖੰਡ ਇਨ੍ਹਾਂ ਨੂੰ ਦੇਕੇ ਅਰਾਮ ਨਾਲ ਸੁਰਗਾਂ ਵਿੱਚ ਵਿਸ਼ਰਾਮ ਕਰਦੇ ਹਨ। ਦੇਵਤਿਆਂ ਦਾ ਕੰਮ ਵੀ ਇਹ ਕਰਦੇ ਹਨ। ਦੇਵਤਿਆਂ ਨੂੰ ਜੋ ਪਹੁੰਚਦਾ ਹੈ, ਉਹ ਇਨ੍ਹਾਂ ਸ਼ਹੀਦਾਂ ਦੇ ਹੱਥਾਂ ਰਾਹੀਂ ਪਹੁੰਚਦਾ ਹੈ। ਸਾਰੇ ਸਥਾਨ ਸ਼ਹੀਦਾਂ ਦੇ ਵੱਸ ਵਿੱਚ ਹਨ। ਅਕਾਲ ਪੁਰਖ ਪ੍ਰਭੂ ਨੇ ਇਨ੍ਹਾਂ ਨੂੰ ਕਈ ਪਕਾਰ ਦੇ ਕਾਰਜਾਂ ਵਿੱਚ ਲਗਾਇਆ ਹੋਇਆ ਹੈ, ਇਹ ਅਕਾਲ ਪੁਰਖ ਸਤਿਗੁਰੂ ਦਾ ਹੁਕਮ ਬੜੇ ਸੁਚੇਤ ਹੋਕੇ ਕਰਦੇ ਹਨ। ਕਦੇ ਵੀ ਆਲਸ ਨਹੀਂ ਕਰਦੇ। ਸ਼ਹੀਦ ਸਭ ਤਰ੍ਹਾਂ ਦੇ ਹੁੰਦੇ ਹਨ, ਛੋਟੇ ਤੇ ਵੱਡੇ ਵੀ। ਸ਼ਹੀਦ ਅਨੇਕ ਪ੍ਰਕਾਰ ਦੇ ਭੋਜਨ ਛਕਦੇ ਹਨ, ਆਪਣੇ ਤਨ ਤੇ ਕਈ ਰੰਗਾਂ ਦੇ ਸੂਖਮ ਬਸਤਰ ਪਹਿਣਦੇ ਹਨ। ਸਭ ਤਰ੍ਹਾਂ ਦੀਆਂ ਸਵਾਰੀਆਂ ਆਪਣੇ ਆਉਣ ਜਾਣ ਲਈ ਵਰਤਦੇ ਹਨ। ਸਾਰੇ ਪਦਾਰਥ ਤੇ ਅਨੇਕ ਭਾਂਤ ਦੀਆਂ ਸਵਾਰੀਆਂ ਸ਼ਹੀਦਾਂ ਨੂੰ ਪ੍ਰਾਪਤ ਹਨ, ਜਿਸ ਕਿਸੇ ਨੂੰ ਚਾਹੁਣ ਦੇ ਸਕਦੇ ਹਨ।

ਇਹ ਜਲ, ਪਾਣੀ ਆਦਿ ਤੇ ਫਿਰਦੇ ਹਨ, ਸਾਰੇ ਥਲਾਂ ਵਿਚ ਵਿਚਰਦੇ ਹਨ ਤੇ ਮਾਇਆ ਦੇ ਅਨੇਕ ਪ੍ਰਕਾਰ ਦੇ ਤਮਾਸ਼ਿਆਂ ਨੂੰ

Namdhari Elibrary NamdhariElibrary@gmail.com

ਨਿਡੱਰ, ਨਿਸ਼ਕਾਮ, ਸੂਰਬੀਰ ਵਰਿਆਮ, ਅਡੋਲ ਸਿਰ ਤਲੀ ਤੇ ਧਰਕੇ ਹੱਸ-ਹੱਸ ਕੇ ਮੌਤ ਨੂੰ ਗਲਵਕੜੀ ਪਾਉਣ ਵਾਲੇ, ਸ਼ਾਂਤੀ ਤੇ ਸਬਰ ਸੰਤੋਖ ਨਾਲ ਜ਼ੁਲਮ ਤੇ ਤਸੀਹੇ ਸਹਾਰਨ ਵਾਲੇ, ਸੁੱਤੀ ਕੌਮ ਦੀ ਅਣਖ ਨੂੰ ਜਗਾਉਣ ਵਾਲੇ, ਨਿਸੁਆਰਥ ਹੋਕੇ ਦੁਖੀਆਂ ਦੀਨਾਂ ਦੀ ਸਹਾਇਤਾ ਕਰਦਿਆਂ ਬਲਿਦਾਨ ਦੇਣ ਵਾਲੇ, ਸ਼ਹੀਦਾਂ ਦੇ ਚਰਨਾਂ ਵਿੱਚ, ਕਰ ਬੱਧ ਹੋਕੇ, ਨਤਮਸਤਕ ਹੋਕੇ ਆਪਣੇ ਜੀਵਨ ਦੇ ਕੁਝ ਕੁ ਪਲ ਸਫਲ ਕਰੀਏ।

ਵੇਖਦੇ ਹਨ। ਵਿਪਸਚਿਤ ਰਾਜਾ ਦੇ ਮਨ ਵਿਚ ਆਸ ਉਤਪੰਨ ਹੋਈ ਕਿ ਮਾਇਆ ਦੇ ਪਸਾਰੇ ਨੂੰ ਚਾਰੇ ਕੁੰਟਾਂ ਵਿੱਚ ਵੇਖਿਆ ਜਾਵੇ। ਉਹ ਵੇਖਦਿਆਂ-ਵੇਖਦਿਆਂ ਥੱਕਿਆ ਨਹੀਂ, ਪਰ ਮਾਇਆ ਦਾ ਅੰਤ ਨਾ ਪਾ ਸਕਿਆ। ਠੀਕ ਉਸੇ ਤਰ੍ਹਾਂ ਹੀ ਇਹ ਸ਼ਹੀਦ ਵੀ ਇਸ ਸੰਸਾਰ ਵਿੱਚ ਵਿਚਰ ਰਹੀ ਮਾਇਆ ਦਾ ਤਮਾਸ਼ਾ ਵੇਖਦੇ ਹਨ। ਜਿਵੇਂ ਜੀਵ ਆਸ਼ਾਵਾਂ ਦੇ ਬਧੇ ਹੋਏ ਜੂਨੀਆਂ ਭੋਗਤੇ ਹਨ, ਇਹ ਜੂਨੀਆਂ ਨਹੀਂ ਭੋਗਦੇ ਤੇ ਦੇਹ ਨਹੀਂ ਧਾਰਦੇ। ਇਹ ਜੰਮਣ ਮਰਨ ਵਿਚ ਨਹੀਂ ਭਰਮਦੇ, ਕਿਉਂਕਿ ਇਹ ਪੂਰੇ ਗੁਰੂ ਦੇ ਹੁਕਮ ਵਿੱਚ ਹਮੇਸ਼ਾਂ ਰਹਿੰਦੇ ਹਨ। ਗੁਰੂ ਦਾ ਹੱਥ ਇਨ੍ਹਾਂ ਦੇ ਸਿਰ ਉਪਰਿ ਹੈ, ਗੁਰੂ ਪਾਲੀ ਵਾੜਾਂ ਸੰਭਾਲ ਲੈਂਦਾ ਹੈ। ਇਹ ਗੱਤਮਿਤ ਸ਼ਹੀਦਾਂ ਦੀ ਹੈ। ਸਾਰੇ ਸ਼ਹੀਦ ਸਿੱਖ ਆਪਣੇ ਗੁਰੂ ਦੇ ਪਿਆਰੇ ਸਿੱਖ ਹਨ।

ਜੋ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ, ਨਿਗੁਰੇ ਹੋ ਜਾਂਦੇ ਹਨ, ਆਪਣੇ ਮਨ ਅਨੁਸਾਰ ਚਲਦੇ ਹਨ, ਮਨਮੁਖ ਹੋ ਜਾਂਦੇ ਹਨ, ਉਹ ਜਦੋਂ ਆਪਣਾ ਸਰੀਰ ਤਿਆਗਦੇ ਹਨ, ਉਹ ਭੂਤ ਪ੍ਰੇਤ ਦਾ ਤਨ ਗ੍ਰਹਿਣ ਕਰਦੇ ਹਨ। ਉਨ੍ਹਾਂ ਨੂੰ ਸਭ ਤਰ੍ਹਾਂ ਦੇ ਸੰਕਟ ਸਹਿਣ ਕਰਨੇ ਪੈਂਦੇ ਹਨ, ਉਹ ਅੰਨ੍ਹੇ ਹਨ, ਅਗਿਆਨੀ ਹਨ, ਗੁਰੂ ਤੋਂ ਬਿਨਾਂ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਜਿਹੜੇ ਗੁਰੂ ਦੇ ਸਿੱਖ ਹੁੰਦੇ ਹਨ, ਉਹ ਗੁਰੂ ਦੇ ਬਚਨ ਨੂੰ ਹਮੇਸ਼ਾਂ ਲਈ ਮਨ ਵਿੱਚ ਵਸਾਉਂਦੇ ਹਨ। ਸ਼ਹੀਦਾਂ ਦਾ ਸਮੂਹ ਬੜਾ ਬਲਵਾਨ ਤੇ ਸ਼ਕਤੀਸ਼ਾਲੀ ਹੁੰਦਾ ਹੈ। ਲੱਖਾਂ ਦੀ ਗਿਣਤੀ ਵਿਚ ਸ਼ਹੀਦ ਵਿਚਰਦੇ ਹਨ, ਤੇ ਬੜੇ ਸਮਰੱਥ ਧਾਰੀ ਹੁੰਦੇ ਹਨ। ਉਨ੍ਹਾਂ ਲੱਖਾਂ ਸ਼ਹੀਦਾਂ ਵਿੱਚ ਪੰਜ ਹਜਾਰ ਸ਼ਹੀਦ ਸਿੰਘ ਵਾਰੋ ਵਾਰੀ ਆਪਣੇ ਪਿਆਰੇ ਸਤਿਗੁਰੂ ਲਈ ਪ੍ਰਜੰਕ ਦੀ ਚੌਕੀ ਦਿੰਦੇ ਹਨ। ਆਪਣੇ ਪਿਆਰੇ ਪ੍ਰਭੂ ਦੇ ਬਿਲਕੁਲ ਨੇੜੇ ਰਹਿੰਦੇ ਹਨ, ਤੇ ਉਨ੍ਹਾਂ ਦੇ ਹੁਕਮ ਅਨੁਸਾਰ ਸਭ ਕਾਰਜ ਕਰਦੇ ਹਨ। ਉਹ ਤੁਰੰਤ ਉਸ ਆਗਿਆ ਦਾ ਪਾਲਨ ਕਰਦੇ ਹਨ, ਰਤੀ ਭਰ ਵੀ ਢਿਲ ਨਹੀਂ ਕਰਦੇ। ਉਨ੍ਹਾਂ ਸ਼ਹੀਦਾਂ ਵਿੱਚ ਇਕ ਸ਼ਹੀਦ ਸਿੰਘ ਹੈ, ਜਿਸ ਨੇ ਧਰਮ ਸਿੰਘ ਦੇ ਹਿਰਦੇ ਦੀ ਸ਼ੰਕਾ ਨੂੰ ਨਿਵਿਰਤ ਕੀਤਾ। ਧਰਮ ਸਿੰਘ ਦੇ ਮਨ ਵਿੱਚ ਸ਼ੰਕਾ ਉਤਪੰਨ ਹੋਈ ਕਿ ਗੁਰੂ ਗੋਬਿੰਦ ਸਿੰਘ ਨੇ ਆਪਣਾ ਸਾਰਾ ਸਰਬੰਸ ਹੀ ਵਾਰ ਦਿੱਤਾ ਹੈ? ਉਹ ਤੇ ਕਰਨ ਕਾਰਨ ਸਮਰਥ ਹਨ ਤੇ ਫਿਰ ਵੀ ਆਪਣਾ ਇਕ ਪੁੱਤਰ ਤੱਕ ਵੀ ਨਹੀਂ ਬਚਾ ਸਕੇ। ਸਾਰਾ ਧਨ, ਦੌਲਤ ਐਸ਼ੂਰਜ ਲੜਾਈਆਂ ਕਰ- ਕਰਕੇ ਗੰਵਾ ਦਿੱਤਾ ਹੈ।

ਤਰਕ ਵਿਤਰਕ ਕਰਦਿਆਂ ਹੋਇਆਂ ਸ਼ਹੀਦ ਸਿੰਘ ਨੇ ਧਰਮ ਸਿੰਘ ਨੂੰ ਕਿਹਾ:-

ਮਤ ਥੋਰੀ ਸਰਧਾ ਬਿਨਾ ਜੋ ਤੁਰਕ ਉਠਾਵੈ
ਭੁਗਤਹਿ ਦੁਖ ਬਹੁ ਬਿਧਨ ਕੇ ਨਹਿ ਸੁਖ ਕੋ ਪਾਵੈ
ਮੈ ਏਕਲ ਹੀ ਕਰ ਸਕੋ ਤੁਰਕਾਨ ਬਿਨਾਸਾ
ਮਮ ਸਮ ਲਾਖਹੁ ਸਕਤ ਜੁਤ ਸਤਿਗੁਰ ਕੇ ਪਾਸਾ।

(ਸ੍ਰੀ ਗੁਰੂ ਪ੍ਰਤਾਪ ਸੂਰਜ ਪ੍ਰਕਾਸ਼)

ਪਰ ਸਤਿਗੁਰੂ ਹਮੇਸ਼ਾਂ ਸੰਜਮ ਵਿੱਚ ਰਹਿੰਦੇ ਹਨ। ਇਸ ਕਰਕੇ ਸਤਿਗੁਰੂ ਦੇ ਸਿੱਖ ਨੂੰ ਇਹ ਹੁਕਮ ਨਹੀਂ, ਉਹ ਕੁਝ ਕਰਾਮਾਤ ਕਰਕੇ ਵਿਖਾਵੇ। ਗੁਰੂ ਹੁਕਮ ਵਿੱਚ ਲੱਖਾਂ ਹੀ ਸ਼ਹੀਦ ਹਨ। ਬੜੇ ਬਲਵਾਨ ਤੇ ਸ਼ਕਤੀਸ਼ਾਲੀ ਹਨ। ਧਰਮ ਸਿੰਘ ਨੂੰ ਬੜੀ ਸ਼ਰਮ ਆਈ ਕਿ ਉਸਨੇ ਆਪਣੇ ਪਿਆਰੇ ਸਤਿਗੁਰੂ ਤੇ ਸੰਦੇਹ ਕੀਤਾ, ਸ਼ੰਕਾ ਕੀਤੀ ਹੈ। ਸਤਿਗੁਰੂ ਦਾ ਭੇਦ ਪਾ ਸਕਨਾ ਬੜਾ ਹੀ ਕਠਿਨ ਹੈ। ਧਰਮ ਸਿੰਘ ਦੇ ਸ਼ੰਕੇ ਨੂੰ ਦੂਰ ਕਰਨ ਵਾਸਤੇ ਸ਼ਹੀਦ ਸਿੰਘ ਨੇ ਆਪਣਾ ਵਿਰਾਤ ਰੂਪ ਧਰਮ ਸਿੰਘ ਨੂੰ ਵਿਖਾਇਆ ਉਸ ਨੇ ਆਪਣਾ ਸਰੀਰ ਕੋਹਾਂ ਤਕ ਵੱਡਾ ਕਰ ਲਿਆ। ਬਾਹਾਂ ਬਹੁਤ ਦੂਰ ਦੂਰ ਤਕ ਫੈਲ ਗਈਆਂ, ਸਿਰ ਅਕਾਸ਼ ਨਾਲ ਲਗ ਗਿਆ। ਉਸਦਾ ਭਿਆਨਕ ਵਿਰਾਟ ਰੂਪ ਵੇਖਕੇ, ਉਸਦੇ ਹਿਰਦੇ ਅੰਦਰ ਤ੍ਰਾਸ ਪੈਦਾ ਹੋਇਆ। ਧਰਮ ਸਿੰਘ ਦੇ ਦੋਵੇਂ ਹੱਥ ਆਪਦੇ ਆਪ ਜੁੜ ਗਏ ਤੇ ਕਹਿਣ ਲਗਾ, "ਧੰਨ ਮਹਾਰਾਜ, ਤੁਸੀਂ ਧੰਨ ! ਤੁਹਾਡੇ ਸ਼ਹੀਦ ਸਿੱਖ ਧੰਨ ਹਨ" ਸ਼ਹੀਦ ਨੇ ਆਪਣੀ ਪੂਰਨ ਸ਼ਕਤੀ ਨੂੰ ਪ੍ਰਤੱਖ ਰੂਪ ਵਿੱਚ ਦਰਸਾ ਦਿੱਤਾ।

ਮੇਰੇ ਪਿਤਾ ਸੂਬਾ ਗੰਡਾ ਸਿੰਘ ਦਿੱਲੀ ਸਾਨੂੰ ਦੱਸਦੇ ਹੁੰਦੇ ਸਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸੱਜੇ ਪਾਸੇ ਕਦੇ ਵੀ ਕਿਸੇ ਨੂੰ ਨਹੀਂ ਸਨ ਟੁਰਣ ਦਿੰਦੇ। ਇਕ ਦਿਨ ਸੂਬਾ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਗਰੀਬ ਨਿਵਾਜ਼ ਆਪ ਜੀ ਮੈਨੂੰ ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਜਦੋਂ ਕਦੇ ਵੀ ਮੈਂ ਆਪ ਜੀ ਦੇ ਸੱਜੇ ਪਾਸੇ ਟੁਰਣ ਲਗਦਾ ਹਾਂ ਆਪ ਜੀ ਮੈਨੂੰ ਆਪਣੇ ਹੱਥ ਨਾਲ ਖੱਬੇ ਪਾਸੇ ਕਰ ਦਿੰਦੇ ਹੋ।" ਸੱਚੇ ਪਾਤਸ਼ਾਹ ਜੀ ਨੇ ਉੱਤਰ ਦਿੱਤਾ, "ਤੁਸੀਂ ਪੁੱਛਦੇ ਹੋ ਤੇ, ਮੈਂ ਦੱਸ ਹੀ ਦਿੰਦਾ ਹਾਂ, ਸਜੇ ਪਾਸੇ ਸਾਡੇ ਸ਼ਹੀਦੀ ਫੌਜਾਂ ਰਹਿੰਦੀਆਂ ਹਨ।"

ਇਤਿਹਾਸ ਦੇ ਪੰਨੇ ਸਪਸ਼ਟ ਕਰਦੇ ਹਨ ਕਿ ਅਨਗਿਣਤ ਹਨ ਸ਼ਹੀਦ, ਜਿਨ੍ਹਾਂ ਨੇ ਨਿਸੁਆਰਥਮਈ ਹੋਕੇ ਆਪਣੇ ਅਨੂਠੇ ਜੀਵਨ ਦਾ ਬਲਿਦਾਨ ਦਿੱਤਾ, ਇਸ ਲੇਖ ਦੀ ਸੀਮਾ ਹੋਣ ਕਰਕੇ ਉਨ੍ਹਾਂ ਦੇ ਨਾਂ ਲੈਣਾ ਤੇ ਸ਼ਹੀਦਾਂ ਦੇ ਕਾਰਨਾਮਿਆਂ ਦਾ ਵਰਨਨ ਕਰਨਾ ਅਤਿ ਅਸੰਭਵ ਹੈ।

ਕੁਝ ਕੁ ਗਿਣੇ ਚੁਣੇ ਨਿਡੱਰ, ਨਿਸ਼ਕਾਮ, ਸੂਰਬੀਰ ਵਰਿਆਮ, ਅਡੋਲ ਸਿਰ ਤਲੀ ਤੇ ਧਰਕੇ ਹੱਸ-ਹੱਸ ਕੇ ਮੌਤ ਨੂੰ ਗਲਵਕੜੀ ਪਾਉਣ ਵਾਲੇ, ਸ਼ਾਂਤੀ ਤੇ ਸਬਰ ਸੰਤੋਖ ਨਾਲ ਜ਼ੁਲਮ ਤੇ ਤਸੀਹੇ ਸਹਾਰਨ ਵਾਲੇ, ਸੁੱਤੀ ਕੌਮ ਦੀ ਅਣਖ ਨੂੰ ਜਗਾਉਣ ਵਾਲੇ, ਨਿਸੁਆਰਥ ਹੋਕੇ ਦੁਖੀਆਂ ਦੀਨਾਂ ਦੀ ਸਹਾਇਤਾ ਕਰਦਿਆਂ ਬਲਿਦਾਨ ਦੇਣ ਵਾਲੇ, ਸ਼ਹੀਦਾਂ ਦੇ ਚਰਨਾਂ ਵਿੱਚ, ਕਰ ਬੱਧ ਹੋਕੇ, ਨਤਮਸਤਕ ਹੋਕੇ ਆਪਣੇ ਜੀਵਨ ਦੇ ਕੁਝ ਕੁ ਪਲ ਸਫਲ ਕਰੀਏ। ਧਰਮ ਤੇ ਦੇਸ਼ ਦੀ ਖਾਤਿਰ ਸਾਹਿਬਜ਼ਾਦਿਆਂ ਨੇ ਹੱਸ-ਹੱਸ ਕੇ ਅਦੁੱਤੀ ਕੁਰਬਾਨੀ ਦਿੱਤੀ, ਜਿਸਦੀ ਮਿਸਾਲ ਸਾਰੇ ਵਿਸ਼ਵ ਇਤਿਹਾਸ ਵਿੱਚ ਉਪਲੱਬਧ ਨਹੀਂ, ਭਾਈ ਦਿਆਲਾ ਦੇਗ ਵਿੱਚ ਉਬਲ ਰਿਹਾ ਸੀ ਤੇ ਰਸਨਾ ਤੇ ਆਪਣੇ ਪਿਆਰੇ ਸਤਿਗੁਰੂ ਦਾ ਨਾਮ ਜਪ ਰਿਹਾ ਸੀ, ਭਾਈ ਤਾਰੂ ਸਿੰਘ ਵਰਗੇ ਖੋਪਰ ਲੁਹਾਕੇ ਵੀ ਸ਼ਾਂਤ ਚਿਤ, ਅਡੋਲ ਆਪਣੇ ਸਤਿਗੁਰੂ ਦਾ ਭਾਣਾ ਮੰਨ ਰਹੇ

Namdhari Elibrary NamdhariElibrary@gmail.com

ਸਨ, ਭਾਈ ਮਣੀ ਸਿੰਘ ਨੇ ਆਪਣੇ ਬੰਦ-ਬੰਦ ਕਟਵਾ ਕੇ ਵੀ ਸੀ ਨਹੀਂ ਉਚਾਰੀ. ਹਾਏ ਨਹੀਂ ਕੀਤੀ, ਸਗੋਂ ਆਪਣੇ ਪਿਆਰੇ ਦਾ ਸ਼ੁਕਰਾਨਾ ਕੀਤਾ. ਬਾਬਾ ਬੰਦਾ ਬਹਾਦੁਰ ਦੀ ਸ਼ਹਾਦਤ ਆਪਣੇ ਆਪ ਵਿੱਚ ਇੱਕ ਅਦੁੱਤੀ ਮਿਸਾਲ ਹੈ. ਮਹਿਤਾਬ ਸਿੰਘ, ਸੁਖਾ ਸਿੰਘ, ਬਾਬਾ ਦੀਪ ਸਿੰਘ, ਬਾਬਾ ਫੂਲਾ ਸਿੰਘ, ਸ੍ਰ. ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀ ਹੋਰਾਂ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਸੁੱਤੀ ਕੌਮ ਨੂੰ ਹਲੂਣਿਆ। ਬੀਹਲਾ ਸਿੰਘ, ਹਾਕਮ ਸਿੰਘ, ਲਹਿਣਾ ਸਿੰਘ, ਫਤਹਿ ਸਿੰਘ ਨੇ ਆਪਣੇ ਪਿਆਰੇ ਸਤਿਗੁਰੂ ਰਾਮ ਸਿੰਘ ਜੀ ਦੀ ਰਜਾ ਵਿੱਚ ਰਹਿੰਦਿਆਂ ਹੋਇਆਂ ਅੰਮ੍ਰਿਤਸਰ ਵਿਖੇ ਹਸਦਿਆਂ-ਹਸਦਿਆਂ ਫਾਹੀ ਦੇ ਫੰਧਿਆਂ ਨੂੰ ਆਪਣਿਆਂ ਗਲਾਂ ਵਿੱਚ ਪਾਕੇ ਸ਼ਹਾਦਤ ਪ੍ਰਾਪਤ ਕੀਤੀ। ਸੂਬਾ ਗਿਆਨੀ ਰਤਨ ਸਿੰਘ ਤੇ ਸੰਤ ਰਤਨ ਸਿੰਘ ਨੇ ਸੈਂਟਰਲ ਜ਼ੇਲ ਦੇ ਬਾਹਰ ਹੱਸ-ਹੱਸ ਕੇ ਫਾਹੀ ਦੇ ਫੰਧੇ ਪਾਕੇ ਆਪਣੇ ਜੀਵਨ ਨੂੰ, ਸਾਰਥਕ ਕੀਤਾ, ਮਲੇਰ-ਕੋਟਲਾ ਵਿਖੇ ਤਾਂ ਸ਼ਹੀਦਾਂ ਦਾ ਹੜ੍ਹ ਹੀ ਆ ਗਿਆ। ਸ੍ਰ: ਹੀਰਾ ਸਿੰਘ, ਲਹਿਣਾ ਸਿੰਘ, ਵਰਿਆਮ ਸਿੰਘ ਤੇ ਬਾਰ੍ਹਾਂ ਸਾਲ ਦੇ ਅਣਖੀਲੇ ਬਾਲਕ ਬਿਸ਼ਨ ਸਿੰਘ ਨੇ ਧਰਮ ਤੇ ਦੇਸ਼ ਦੀ ਖਾਤਰ ਆਪਣੇ ਜਿਸਮ ਦੇ ਫੀਤੇ-ਫੀਤੇ ਕਰਵਾ ਕੇ ਆਪਾ ਬਲਿਦਾਨ ਕੀਤਾ. ਸਤਿਗੁਰੂ ਪ੍ਰਤਾਪ ਸਿੰਘ ਜੀ ਮਲੇਰ ਕੋਟਲਾ ਦੇ ਸ਼ਹੀਦਾਂ ਬਾਰੇ ਬੈਂਕੋਕ ਵਿਖੇ ਦਿੱਤੇ ਆਪਣੇ ਪਵਿਤ੍ਰ ਉਪਦੇਸ਼ਾਂ ਵਿੱਚ ਫੁਰਮਾਉਂਦੇ ਹਨ:

"ਫੇਰ ਕੀ ਬਣਿਆ-ਲੱਗੇ ਉੱਡਣ-ਦੂਸਰੇ ਪਾਸੇ ਕੀ ਹੈ? ਗੁਰੂ ਨਾਨਕ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਤਕ ੧੨ ਪਾਤਸ਼ਾਹੀਆਂ ਬੈਠੀਆਂ ਹਨ, ਦਿਵਾਨ ਲੱਗਿਆ ਹੋਇਆ ਹੈ, ਤੋਪ ਨਾਲ ਜਿਹੜਾ ਉਡਦਾ ਹੈ, ਉੱਥੇ ਜਾ ਕੇ ਬੈਠਦਾ ਹੈ। ਉਸਨੂੰ ਪਤਾ ਲੱਗਦਾ ਹੈ- ਸਾਹਮਣੇ ਦੂਜੇ ਵੇਖਣ ਵਾਲਿਆਂ ਨੂੰ ਕਿ ਦਿਵਾਨ ਲੱਗਾ ਹੋਇਆ ਹੈ। ਕਹਿੰਦਾ "ਉਏ ਬਿਲਿਆ, ਛੇਤੀ ਕਰ ਮੇਰਾ ਸਾਥ ਜਾਂਦਾ ਹੈ ਮੇਰਾ ਵਕਤ ਜਾਂਦਾ ਹੈ।" ਇਸ ਤਰ੍ਹਾਂ ਤੋਪਾਂ ਦੇ ਨਾਲ ਉੱਡਦੇ ਹਨ।

ਉਹ ਬਿਸ਼ਨ ਸਿੰਘ ਲੜਕਾ, ਜਿਹਨੂੰ ਮੇਮ ਦੇਖ ਕੇ, ਕਾਵਨ ਨੂੰ ਕਹਿੰਦੀ ਹੈ, "ਇਹ ਬੱਚਾ ਹੈ ਇਹਨੂੰ ਛੱਡ ਦੇ।"

ਕਾਵਨ ਕਹਿੰਦਾ ਹੈ- ਉਹ ਕਹਿ ਦੇਵੇ, "ਮੈਂ ਰਾਮ ਸਿੰਘ ਦਾ ਸਿੱਖ ਨਹੀਂ"।

ਉਹ ਕਹਿੰਦਾ, "ਨੇੜੇ ਹੋਕੇ ਮੇਰੀ ਗੱਲ ਸੁਣ।" ਦਾਹੜੀਉਂ ਫੜ ਲਿਆ, "ਤੂੰ ਮੈਨੂੰ ਇਹ ਕਹਿਨੈ ਗੁਰੂ ਦਾ ਸਿੱਖ ਨਹੀਂ, ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ।" ਬਾਰ੍ਹਾਂ ਸਾਲ ਦਾ ਲੜਕਾ ਹੈ, ਦੋਵੇ ਹੱਥ ਕੱਟ ਜਾਂਦੇ ਹਨ-ਸਿਰ ਕੱਟਿਆ ਜਾਂਦਾ ਹੈ ਤਾਂ ਹੱਥ ਛੁਟਦੇ ਹਨ।

ਭਾਈ ਵਰਿਆਮ ਸਿੰਘ ਜੀ, ਮਹਾਰਾਜਾ ਪਟਿਆਲਾ ਦੇ ਨਜ਼ਦੀਕੀਆਂ ਵਿੱਚੋਂ-ਮਰ੍ਹਾਜ ਦੇ, ਛੋਟੇ ਕੱਦ ਦੇ ਹਨ। ਪਿਛੋਂ ਕੋਈ ਹੁਕਮ ਆਇਆ ਹੋਵੇਗਾ ਕਿ ਇਸ ਨੂੰ ਨਾ ਮਾਰੋ, ਸਮਝਾ ਲਵਾਂਗੇ। ਨੌਜਵਾਨ ਮੁੰਡਾ ਹੈ ਉਹਨੂੰ ਕਹਿੰਦੇ ਨੇ, "ਤੂੰ ਤੋਪ ਦੇ ਮੇਚ ਨਹੀਂ ਆਉਂਦਾ, ਤੇਰੀ ਛਾਤੀ ਨਹੀਂ ਆਉਂਦੀ।"

ਉਥੋਂ ਜਾ ਕੇ ਇੱਟਾਂ ਦਾ ਢੇਰ ਲਾਕੇ-ਇਕੱਠਾ ਕਰਕੇ ਖੜਾ ਹੋ ਗਿਆ, ਕਹਿੰਦਾ, "ਹੁਣ ਛਾਤੀ ਆਉਂਦੀ ਹੈ ਕਿ ਨਹੀਂ।" ਕਿਆ ਹੈ - - - -?

ਇਹ ਉਨ੍ਹਾਂ ਕੂਕਿਆਂ ਦੀ ਗੱਲ ਹੈ ਜਿਨ੍ਹਾਂ ਦੀ ਬਦੌਲਤ ਇਹ ਸਾਨੂੰ ਸਭ ਕੁਛ ਮਿਲਦਾ ਹੈ। ਸ਼ੇਰਾਂ ਦੀਆਂ ਮਾਰੀਆਂ ਗਿੱਦੜ ਬਘਿਆੜ ਖਾਂਦੇ ਹਨ। ਇਹ ਉਹਨਾਂ ਮਹਾਂਪੁਰਖਾਂ ਦੀ ਗੱਲ ਹੈ ਉਹਨਾਂ ਨੇ ਇੱਕ ਤੋਂ ਇੱਕ ਅੱਗੇ ਹੋ ਕੇ ਚੜ੍ਹਕੇ ਸ਼ਹੀਦੀ ਪਾਈ।

ਹੀਰਾ ਸਿੰਘ ਹੋਰਾਂ ਨੇ ਉਸ ਵੇਲੇ ਆਖਿਆ, "ਉਏ ਬਿਲਿਆ, ਆ-ਦੇਖ ਫੇਰ ਮੂੰਹ ਤੇ ਹੱਥ-ਕਿਸੇ ਮਾਈ ਦਾ ਪੇਟ ਗੰਦਾ ਕਰਕੇ ਫੇਰ ਆਵਾਂਗੇ, ਤੁਹਾਨੂੰ ਕੱਢ ਕੇ ਜਾਵਾਂਗੇ, ਜਿਨ੍ਹਾਂ ਚਿਰ ਤੁਹਾਨੂੰ ਨਹੀਂ ਕੱਢ ਲੈਂਦੇ-ਅਸੀਂ ਨਹੀਂ ਜਾਂਦੇ।"

ਅਸੀਂ ਤੇ ਇਹ ਹੀ ਮੰਨਦੇ ਹਾਂ ਕਿ ਕੈਨੇਡਾ ਵਾਲੇ ਵੀ ਉਹੋ ਸੀ-ਸਰਾਭੇ ਵਾਲਾ ਮੁੰਡਾ ਜਿਹੜਾ ਸਾਡੇ ਸਾਹਮਣੇ ਬਾਰ੍ਹਾਂ ਚੌਦਾਂ ਸਾਲ ਦਾ ਲੜਕਾ ਹੈ- ਕਰਤਾਰ ਸਿੰਘ ! ਮੈਂ ਉਹਨੂੰ ਚੰਗੀ ਤਰ੍ਹਾਂ ਅੱਖੀਂ ਦੇਖਿਆ ਹੈ, ਜਿਸ ਵੇਲੇ ਉਨ੍ਹਾਂ ਨੂੰ ਪਕੜਿਆ ਹੈ, ਉਹ ਪੁਲਿਸ ਵਾਲੇ ਘਰ ਬੈਠੇ ਹਨ- ਉਹ ਦੁੱਧ ਪਾ ਕੇ ਅੰਦਰੋਂ ਪੀ ਆਉਂਦਾ ਹੈ, ਕੋਲੋਂ ਦੀ ਲੰਘ ਜਾਂਦਾ ਹੈ- ਉਹਨਾਂ ਨੂੰ ਪਤਾ ਨਹੀਂ ਲਗਦਾ। ਉਹਨਾਂ ਲੋਕਾਂ ਦਾ ਹਾਲ ਜਿਸ ਤਰ੍ਹਾਂ ਮੈਂ ਸੁਣਿਆ ਹੈ ਕਿ ਏਨੇ-ਏਨੇ ਕਰਕੇ ਉਹਨਾਂ ਨੂੰ ਕੱਟਿਆ ਗਿਆ-ਲਾਹੌਰ ਵਿੱਚ। ਭਗਤ ਸਿੰਘ-ਸ਼ਹੀਦ, ਅਸੀਂ ਨਹੀਂ ਦੂਸਰੇ ਮੰਨਦੇ, ਜਿਸ ਤਰ੍ਹਾਂ:

ਆਦਿ ਅੰਤਿ ਏਕੈ ਅਵਤਾਰਾ॥

ਇਹ ਰੂਹਾਂ ਵੀ ਉਹੋ ਹੀ ਹਨ ਜਿਨ੍ਹਾਂ ਦਾ ਕੰਮ ਇਹ ਹੈ ਕਿ ਦੁਨੀਆਂ ਵਿੱਚ ਬੁਰੇ ਕੰਮ ਨੂੰ ਬੰਦ ਕਰਨਾ-ਭਾਵੇਂ ਉਹ ਕਿਸੇ ਸਰੂਪ ਵਿੱਚ ਹੋ ਕੇ ਆਉਣ।

ਜੋ ਕੁਝ ਸਿੱਖਾਂ ਨਾਲ ਹੋਈ, ਜਿਸ ਜਿਸ ਤਰ੍ਹਾਂ ਉਹਨਾਂ ਭੋਗੀ, ਜਿਸ ਤਰ੍ਹਾਂ ਸਮੁੰਦਰਾਂ ਵਿੱਚ ਡੋਬੇ ਗਏ, ਦਰਸ਼ਨ ਕਰਨ ਆਏ ਨੂੰ ਫੜ ਕੇ ਕਈਆਂ ਨੂੰ ਫਾਂਸੀਆਂ ਦਿੱਤੀਆਂ ਗਈਆਂ, ਜੋ ਕੁਛ ਹੋਇਆ ਅਖੰਡਪਾਠ ਕਰਦਿਆਂ ਨੂੰ ਸੱਤ-ਸੱਤ ਸਾਲ ਦੀ ਸਜਾ। ਭਾਈ ਅਤਰ ਸਿੰਘ ਜੀ ਲੋਹਗੜ੍ਹ ਦੇ ਰਹਿਣ ਵਾਲੇ-ਹੁਣ ਸਰਵਣ ਸਿੰਘ ਜੀ ਉਹਨਾਂ ਦੇ ਇੱਕ ਲੜਕੇ ਗੁਜਰੇ ਸਨ, ਇਹ ਉਹਨਾਂ ਦੇ ਬੱਚੇ ਸਨ ਉਸ ਵੇਲੇ, ਪਿਛਲੇ ਸਾਲ ਹੀ ਗੁਜਰੇ ਹਨ, ਡੇਢ ਕੁ ਸਾਲ ਹੋਇਆ। ਪਾਠੀਆਂ ਨੂੰ ਦੋ-ਦੋ ਸਾਲ, ਕਿਸੇ ਨੂੰ ਤਿੰਨ ਸਾਲ, ਕਿਸੇ ਨੂੰ ਘਰ ਵਾਲੇ ਨੂੰ ਸੱਤ ਸਾਲ ਕਿ ਪੰਜ ਸਾਲ, ਉਹ ਵਿਚਾਰੇ ਵਿੱਚੇ ਜੇਲ ਵਿੱਚ ਹੀ ਗੁਜਰੇ ਔਰ ਅਖੰਡ ਪਾਠ ਕਰਨ ਦੇ ਦੋਸ਼ ਵਿੱਚ, ਗੁਰਬਾਣੀ ਪੜ੍ਹਨ ਦੇ ਦੋਸ਼ ਵਿੱਚ।

ਇਹ ਸਭ ਕੁਝ ਉਨ੍ਹਾਂ ਸ਼ਹੀਦਾਂ ਨੇ ਆਪਣੀਆਂ ਧੀਆਂ ਵਾਸਤੇ-ਆਪਣਿਆਂ ਪੁੱਤਰਾਂ ਵਾਸਤੇ-ਆਪਣੇ ਕਿਸੇ ਸੱਕੇ ਸੰਬੰਧੀ ਵਾਸਤੇ ਨਹੀਂ ਕੀਤਾ-ਕੌਮ ਵਾਸਤੇ-ਮੁਲਕ ਵਾਸਤੇ-ਸਿੱਖੀ ਵਾਸਤੇ-ਗਊਆਂ ਵਾਸਤੇ ਕੀਤਾ।

ਉਨ੍ਹਾਂ ਦੇ ਬੁਲ੍ਹਾਂ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੀਆਂ ਇਹ ਸੱਤਰਾਂ ਹਮੇਸ਼ਾਂ ਰਹਿੰਦੀਆਂ ਹਨ-

ਦੇਹ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿੱਖ ਹੋ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈਂ ਤਬ ਜੂਝ ਮਰੋਂ॥

(ਦਸਮ ਗ੍ਰੰਥ ਪੰਨਾ ੯੯)

■

Namdhari Elibrary NamdhariElibrary@gmail.com



■ ਦਵਿੰਦਰ ਸਿੰਘ ਗਿੱਲ (ਜੀਆ ਨੌਥਾ)

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਮਧਾਰੀ ਸਿੱਖਾਂ ਦਾ ਡਾਕ ਪ੍ਰਬੰਧ

ਨਾਮਧਾਰੀਆਂ ਦੇ ਡਾਕ ਮਹਿਕਮੇ ਦਾ ਮੁਖ ਕੇਂਦਰ ਸ੍ਰੀ ਭੈਣੀ ਸਾਹਿਬ ਸੀ ਅਤੇ ਹੋਰ ਇਲਾਕਿਆਂ ਵਿਚ ਇਸਦਾ ਯੋਗ ਪ੍ਰਬੰਧ ਸਤਿਗੁਰਾਂ ਦੁਆਰਾ ਨਿਯੁਕਤ ਕੀਤੇ ਸੂਬਿਆਂ ਦੇ ਹੱਥਾਂ ਵਿਚ ਸੀ। ਪਿੰਡਾਂ ਅਤੇ ਕਸਬਿਆਂ ਵਿਚ ਹਰਕਾਰੇ ਨਿਯੁਕਤ ਕੀਤੇ ਗਏ ਸਨ। ਜਦੋਂ ਸਤਿਗੁਰਾਂ ਵਲੋਂ ਖਾਸ ਹੁਕਮ ਅਤੇ ਹੋਰ ਡਾਕ ਆਦਿਕ ਸੂਬਿਆਂ ਕੋਲ ਪਹੁੰਚਦੀ ਤਾਂ ਉਹ ਹਰਕਾਰੇ ਨੂੰ ਸੌਂਪ ਦੇਂਦੇ ਅਤੇ ਹਰਕਾਰਾ ਉਹ ਡਾਕ ਲੈ ਕੇ ਦੂਜੇ ਪਿੰਡ ਅਥਵਾ ਕਸਬੇ ਵਲ ਤੇਜ਼ੀ ਨਾਲ ਦੌੜ ਪੈਂਦਾ, ਉਸ ਤੋਂ ਪਹਿਲਾਂ ਹੀ ਅਗਲਾ ਹਰਕਾਰਾ ਤਿਆਰ ਹੋਇਆ ਹੁੰਦਾ ਸੀ

ਸਤਿਗੁਰਾਂ ਨੇ ਅੰਗਰੇਜ਼ੀ ਸਰਕਾਰ ਨਾਲ ਜੋ ਨਾਮਿਲਵਰਤਨ ਅੰਦੋਲਨ ਸ਼ੁਰੂ ਕਰਕੇ ਟਕਰ ਲਈ, ਉਸਨੂੰ ਹਿੰਦੋਸਤਾਨ ਦੀ ਲੋਕਾਈ ਨੇ ਅਪਣਾਇਆ ਅਤੇ ਅੰਗਰੇਜ਼ ਸਰਕਾਰ ਤੋਂ ਨਜ਼ਾਤ ਪਾਉਣ ਲਈ ਸਤਿਗੁਰਾਂ ਦੇ ਹੁਕਮਾਂ ਅਨੁਸਾਰ ਚਲਣ ਲਗੇ। ਹਿੰਦੋਸਤਾਨ ਦੇ ਸਾਬਕ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਜੀ ਸਤਿਗੁਰਾਂ ਦੇ ਉਸ ਮਿਸ਼ਨ ਬਾਰੇ ਲਿਖਦੇ ਹਨ:-

"ਰਾਮ ਸਿੰਘ ਸੁਤੰਤਰਤਾ ਕੋ ਭੀ ਧਰਮ ਕਾ ਅਵਸ਼ਕ ਅੰਗ ਸਮਝਤੇ ਥੇ ਔਰ ਨਾਮਧਾਰੀਉਂ ਕਾ ਸੰਗਠਨ ਬਹੁਤ ਜ਼ੋਰਦਾਰ ਹੋ ਗਇਆ ਥਾ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਯਾ ਉਸ ਕੋ ਗੁਰੂ ਰਾਮ ਸਿੰਘ ਨੇ ਪ੍ਰਾਯ: ਪਚਾਸ ਵਰਸ਼ ਪੂਰਵ ਹੀ ਨਾਮਧਾਰੀਉ ਮੇਂ ਪਰਚਲਤ ਕੀਆ ਥਾ। ਉਨ ਕੇ ਸਿਧਾਂਤੋ ਮੇਂ ਪਾਂਚ ਚੀਜੇਂ ਹੈ:-

ੳ) ਸਰਕਾਰੀ ਨੌਕਰੀ ਕਾ ਵਹਿਸ਼ਕਾਰ,
ਅ) ਸਰਕਾਰੀ ਸਕੂਲੋਂ ਕਾ ਵਹਿਸ਼ਕਾਰ,
ੲ) ਸਰਕਾਰੀ ਅਦਾਲਤੋਂ ਕਾ ਵਹਿਸ਼ਕਾਰ,
ਸ) ਵਦੇਸ਼ੀ ਵਸਤਰੋਂ ਕਾ ਵਹਿਸ਼ਕਾਰ,
ਹ) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਸੇ ਵਿਰੁਧ ਹੈਂ।"

ਸਰਕਾਰ ਨਾਲ ਨਾਮਿਲਵਰਤਣ ਲਹਿਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਹਕੂਮਤ ਦੇ ਡਾਕ ਵਿਭਾਗ ਨੂੰ ਤਿਆਗਣ ਦਾ ਹੁਕਮ ਕੀਤਾ। ਉਹਨਾਂ ਨੇ ਨਾਮਧਾਰੀਆਂ ਨੂੰ ਹੁਕਮ ਕੀਤਾ ਕਿ ਉਹ ਦੂਰ ਦੁਰਾਡੇ ਸੁਨੇਹੇ ਪਹੁੰਚਾਉਣ ਲਈ ਸਰਕਾਰੀ ਡਾਕ ਵਿਭਾਗ ਦੀ ਬਿਲਕੁਲ ਵਰਤੋਂ ਨਾ ਕਰਨ, ਸਗੋਂ ਉਸਦੇ ਬਰਾਬਰ ਸਤਿਗੁਰਾਂ ਨੇ ੧੮੬੦ ਈਸਵੀ ਵਿਚ ਆਪਣਾ ਡਾਕ ਪ੍ਰਬੰਧ ਚਾਲੂ ਕੀਤਾ ਅਤੇ ਇਸ ਮਹਿਕਮੇ ਦਾ ਇਨਚਾਰਜ ਸੂਬਾ ਸਾਹਿਬ ਸਿੰਘ ਜੀ ਨੂੰ ਬਣਾਇਆ। ਸਤਿਗੁਰੂ ਜੀ ਭਲੀ ਭਾਂਤ ਜਾਣਦੇ ਸਨ ਕਿ ਸੂਬਾ ਸਾਹਿਬ ਸਿੰਘ ਜੀ, ਨਾਮਧਾਰੀ ਬਣਨ ਤੋਂ ਪਹਿਲਾਂ ਸੰਨਿਆਸੀ ਅਤੇ ਉਦਾਸੀਨ ਸੰਤ ਰਹਿ ਚੁਕੇ ਸਨ ਜੋ ਕਾਫੀ ਸਮਾਂ ਵਿਰਕਤ ਅਵਸਥਾ ਵਿਚ ਰਹਿਕੇ ਜਿੰਦਗੀ ਦੇ ਹਰ ਰਾਜ਼ ਅਥਵਾ ਭੇਦ ਨੂੰ ਗੁਪਤ ਰਖਣ ਦੀ ਜਾਚ ਸਿਖ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਭਲੀ ਭਾਂਤ ਜਾਣਦੇ ਸਨ ਕਿ ਉਹਨਾਂ ਦੁਆਰਾ ਸੱਚ ਧਰਮ ਤੇ ਆਧਾਰਤ ਸਿਰਜਿਆ ਗਿਆ ਸਤਿਜੁਗ ਰੂਪੀ ਖਾਲਸਾ ਰਾਜ ਨਾਲ ਅੰਗਰੇਜ਼ ਦੀ ਅਵਸ਼ ਟੱਕਰ ਹੋਣੀ ਹੈ। ਸੋ ਹਰ ਭੇਤ ਨੂੰ ਗੁਪਤ ਰਖਣ ਅਤੇ ਗੁਪਤ ਸੁਨੇਹੇ ਦੂਰ ਦੁਰਾਡੇ ਪਹੁੰਚਾਉਣ ਲਈ ਸਤਿਗੁਰਾਂ ਨੇ ਇਹ ਡਾਕ ਮਹਿਕਮੇ ਦੀ ਸਿਰਜਨਾ ਕੀਤੀ।

ਨਾਮਧਾਰੀਆਂ ਦੇ ਡਾਕ ਮਹਿਕਮੇ ਦਾ ਮੁਖ ਕੇਂਦਰ ਸ੍ਰੀ ਭੈਣੀ ਸਾਹਿਬ ਸੀ ਅਤੇ ਹੋਰ ਇਲਾਕਿਆਂ ਵਿਚ ਇਸਦਾ ਯੋਗ ਪ੍ਰਬੰਧ ਸਤਿਗੁਰਾਂ ਦੁਆਰਾ ਨਿਯੁਕਤ ਕੀਤੇ ਸੂਬਿਆਂ ਦੇ ਹੱਥਾਂ ਵਿਚ ਸੀ। ਪਿੰਡਾਂ ਅਤੇ ਕਸਬਿਆਂ ਵਿਚ ਹਰਕਾਰੇ ਨਿਯੁਕਤ ਕੀਤੇ ਗਏ ਸਨ। ਜਦੋਂ ਸਤਿਗੁਰਾਂ ਵਲੋਂ ਖਾਸ ਹੁਕਮ ਅਤੇ ਹੋਰ ਡਾਕ ਆਦਿਕ ਸੂਬਿਆਂ ਕੋਲ ਪਹੁੰਚਦੀ ਤਾਂ ਉਹ ਹਰਕਾਰੇ ਨੂੰ ਸੌਂਪ ਦੇਂਦੇ ਅਤੇ ਹਰਕਾਰਾ ਉਹ ਡਾਕ ਲੈ ਕੇ ਦੂਜੇ ਪਿੰਡ ਅਥਵਾ ਕਸਬੇ ਵਲ ਤੇਜ਼ੀ ਨਾਲ ਦੌੜ ਪੈਂਦਾ, ਉਸ ਤੋਂ ਪਹਿਲਾਂ ਹੀ ਅਗਲਾ ਹਰਕਾਰਾ ਤਿਆਰ ਹੋਇਆ ਹੁੰਦਾ ਸੀ ਜੇਕਰ ਉਹ ਰੋਟੀ ਵੀ ਖਾਂਦਾ ਹੁੰਦਾ ਤਾਂ ਰੋਟੀ ਅਧਵਾਟੇ ਹੀ ਛਡ ਕੇ ਹਰਕਾਰੇ

Namdhari Elibrary NamdhariElibrary@gmail.com

ਕੋਲੋਂ ਡਾਕ ਲੈ ਕੇ ਅਗਲੇ ਮੁਕਾਮ ਵਲ ਦੌੜ ਜਾਂਦਾ। ਇਸ ਪ੍ਰਕਾਰ ਡਾਕ ਠੀਕ ਜਗ੍ਹਾ ਪਹੁੰਚ ਜਾਂਦੀ ਅਤੇ ਸਰਕਾਰੀ ਡਾਕ ਵਿਭਾਗ ਤੋਂ ਪਹਿਲਾਂ ਹੀ ਪਹੁੰਚ ਜਾਇਆ ਕਰਦੀ ਸੀ।

੧੮੬੩ ਈਸਵੀ ਵਿਚ ਸਤਿਗੁਰਾਂ ਤੇ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਤੇ ਪਾਬੰਦੀ ਸਰਕਾਰ ਨੇ ਲਗਾ ਦਿਤੀ ਸੀ ਜੋ ੧੮੬੭ ਈਸਵੀ ਦੇ ਸ਼ੁਰੂ ਤਕ ਆਇਦ ਰਹੀ। ਉਸ ਸਮੇਂ ਨਾਮਧਾਰੀ ਸਿੱਖਾਂ ਦੇ ਇਸ ਡਾਕ ਵਿਭਾਗ ਨੇ ਬੜਾ ਸ਼ਲਾਘਾ ਯੋਗ ਕੰਮ ਕੀਤਾ ਸੀ ਅਤੇ ਸਤਿਗੁਰਾਂ ਦੇ ਹਰ ਹੁਕਮ ਅਤੇ ਸੁਨੇਹੇ ਨੂੰ ਹਰ ਕਸਬੇ ਅਤੇ ਪਿੰਡ ਤਕ ਪਹੁੰਚਾਇਆ ਸੀ। ਹਰਕਾਰੇ ਆਮ ਤੌਰ ਤੇ ਸਰਕਾਰੀ ਹਾਕਮਾਂ ਦੀ ਨਜ਼ਰ ਤੋਂ ਬਚ ਕੇ ਜਰਨੈਲੀ ਸੜਕ ਨੂੰ ਛਡ ਕੇ ਛੋਟੇ ਰਸਤਿਆਂ ਰਾਹੀਂ ਆਪਣੇ ਮੁਕਾਮ ਤੇ ਪੁਜਿਆ ਕਰਦੇ ਸਨ।

ਨਾਮਧਾਰੀ ਸਿੱਖਾਂ ਦੇ ਡਾਕ ਮਹਿਕਮੇ ਵਿਚ ਬਹੁਤ ਸਾਰੇ ਗੁਪਤ ਸੰਕੇਤ ਤਿਆਰ ਕੀਤੇ ਹੋਏ ਸਨ ਕਈ ਵਾਰ ਉਹਨਾਂ ਗੁਪਤ ਸੰਕੇਤਾਂ ਦਾ ਅਰਥ ਹਰਕਾਰਿਆਂ ਨੂੰ ਵੀ ਨਹੀਂ ਸੀ ਪਤਾ ਹੁੰਦਾ ਅਤੇ ਅਤਿ ਗੁਪਤ ਡਾਕ ਠੀਕ ਥਾਂ ਪਹੁੰਚਾਈ ਜਾਂਦੀ ਸੀ। ਉਹ ਹਰਕਾਰੇ ਡਾਕ ਦਾ ਕੰਮ ਸੇਵਾ ਭਾਵ ਨਾਲ ਕਰਿਆ ਕਰਦੇ ਸਨ, ਕੋਈ ਤਨਖਾਹ ਨਹੀਂ ਸਨ ਲੈਂਦੇ। ਨਾਮਧਾਰੀਆਂ ਦੇ ਡਾਕ ਪ੍ਰਬੰਧ ਨੂੰ ਦੇਖ ਕੇ ਅੰਗਰੇਜ਼ੀ ਸਰਕਾਰ ਬਹੁਤ ਚਕਿਰਤ ਹੋਈ, ਕਈ ਵਾਰ ਅੰਗਰੇਜ਼ ਹਾਕਮਾਂ ਨੇ ਇਸ ਡਾਕ ਪ੍ਰਬੰਧ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਨਾਮਧਾਰੀ ਡਾਕ ਖੋਹਣ ਅਤੇ ਗੁਪਤ ਡਾਕ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਅਸਫਲ ਰਹੀ। ਸਰਕਾਰੀ ਕਾਗਜ਼ਾਂ ਵਿਚ ਅਨੇਕ ਥਾਂ ਇਸ ਡਾਕ ਪ੍ਰਬੰਧ ਦੀ ਪ੍ਰਸੰਸਾ ਕੀਤੀ ਗਈ ਹੈ:-

"ਕੂਕਿਆਂ ਦਾ ਡਾਕ ਦਾ ਮਹਿਕਮਾ ਪ੍ਰਾਈਵੇਟ ਹੈ ਜਿਸ ਦਾ ਪ੍ਰਬੰਧ ਬੜੇ ਯੋਗ ਹੱਥਾਂ ਵਿਚ ਹੈ। ਇਕ ਕੂਕਾ ਡਾਕ ਲੈ ਕੇ ਦੂਜੇ ਪਿੰਡ ਪੁਜਦਾ ਹੈ ਤੇ ਅਗਲੇ ਆਦਮੀ ਦੇ ਹਵਾਲੇ ਕਰ ਆਉਂਦਾ ਹੈ। ਦੂਜਾ ਆਦਮੀ ਹਥ ਵਿਚਲਾ ਕੰਮ ਉਥੇ ਹੀ ਛਡ ਦਿੰਦਾ ਹੈ, ਜੇਕਰ ਰੋਟੀ ਵੀ ਖਾ ਰਹਿਆ ਹੋਵੇ ਤਾਂ ਦੂਜੀ ਬੁਰਕੀ ਮੂੰਹ ਵਿਚ ਨਹੀਂ ਪਾਵੇਗਾ ਤੇ ਝਟ ਪੱਟ ਅੰਗਲੇ ਪੜਾ ਤੇ ਪੁਜ ਕੇ ਡਾਕ, ਦੂਜੇ ਆਦਮੀ ਦੇ ਹਵਾਲੇ ਕਰ ਦੇਵੇਗਾ। ਖ਼ਾਸ ਡਾਕ ਜ਼ਬਾਨੀ ਹੁੰਦੀ ਹੈ ਜੋ ਲਿਖੀ ਨਹੀਂ ਜਾਂਦੀ। ਮੇਜਰ ਪਰਕਿਨਜ ਦੇ ਕਹਿਣ ਅਨੁਸਾਰ ਹਰਕਾਰੇ ਸਰਕਾਰੀ ਸੂਹੀਆਂ ਤੋਂ ਬਚਦੇ ਹੋਏ, ਕਈ ਵੇਰ ਜਰਨੈਲੀ ਸੜਕ ਛਡ ਕੇ ਵਲ ਪਾ ਕੇ ਲਾਂਭਿਉਂ ਦੀ ਜਾਂਦੇ ਸਨ।"

ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਮੌਲਵੀ ਗੁਲਾਮ ਭੀਖ ਜਲੰਧਰੀ. ਸਤਿਗੁਰਾਂ ਦੀ ਮਹਿਮਾ ਸੁਣਕੇ ਸ੍ਰੀ ਭੈਣੀ ਸਾਹਿਬ ਗਿਆ. ਉਸਨੇ ਜੋ ਕੁਝ ਉਥੇ ਜਾ ਕੇ ਦੇਖਿਆ, ਉਹ ਹਾਲ ਉਸਨੇ ਪੁਸਤਕ "ਤਾਰੀਖ਼ ਵਾਕਈ" ਵਿਚ ਅੰਕਿਤ ਕੀਤੇ ਹਨ. ਉਹ ਨਾਮਧਾਰੀ ਡਾਕ ਪ੍ਰਬੰਧ ਬਾਰੇ ਲਿਖਦਾ ਹੈ:-

"ਜਬ ਕਿ ਗੁਰੂ ਨੇ ਕੋਈ ਨਯਾ ਗਸ਼ਤੀ ਹੁਕਮ ਜਾਰੀ ਕਰਨਾ ਹੋਤਾ ਹੈ, ਤੋ ਵੁਹ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ। ਵੁਹ ਉਸ ਹੁਕਮ ਕੋ ਲੇਕਰ ਜਿਤਨਾ ਉਸ ਸੇ ਦੌੜਾ ਜਾਤਾ ਹੈ. ਖ਼ਬਰ ਕਰਤਾ ਹੁਆ ਦੌੜਤਾ ਹੈ. ਔਰ ਫਰਮਾਂਬਰਦਾਰੀ ਅਪਨੇ ਗੁਰੂ ਕੀ ਅਪਨੇ ਉਪਰ ਫਰਜ਼ ਜਾਨਤਾ ਹੈ। ਜਬ ਵੁਹ ਥਕ ਕਰ ਚਲਨੇ ਕੇ ਕਾਬਲ ਨਹੀ ਰਹਿਤਾ. ਕਿਸੀ ਦੂਸਰੇ ਕੋ ਦੇ ਦੇਤਾ ਹੈ। ਜਬ ਵੁਹ ਭੀ ਦੌੜਤਾ ਕੂਕਾਉਂ ਕੋ ਉਸ ਗਸ਼ਤੀ ਹੁਕਮ ਸੇ ਮੁਤੱਲਅ ਕਰਤਾ ਹੂਆ ਥਕ ਜਾਤਾ ਹੈ. ਤੋ ਵੁਹ ਭੀ ਕਿਸੀ ਦੂਸਰੇ ਕੂਕੇ ਕੋ ਦੇ ਦੇਤਾ ਹੈ, ਵੁਹ ਭੀ ਇਸੀ ਤਰ੍ਹਾਂ ਅਮਲ ਕਰਤਾ ਹੈ। ਗਰਜ਼ ਇਸ ਤਰ੍ਹਾਂ ਵੁਹ ਅਜਬ ਸੁਰਅਤ ਕੇ ਸਾਥ ਕੂਕਾਉ ਮੇਂ ਪਹੁੰਚ ਜਾਤਾ ਹੈ।"

ਡਾ. ਜਸਵੰਤ ਸਿੰਘ ਜੋਸ ਪੁਸਤਕ "ਬਾਬਾ ਰਾਮ ਸਿੰਘ ਨਾਮਧਾਰੀ" ਦੇ ਪੰਨਾ ੪੯ ਉਪਰ ਡਾਕ ਪ੍ਰਬੰਧ ਬਾਰੇ ਲਿਖਦਾ ਹੈ:-

"ਸਭ ਤੋਂ ਇਤਬਾਰੀ ਬੰਦਾ ਸੂਬਾ ਸਾਹਿਬ ਸਿੰਘ ਇਸ ਮਹਿਕਮੇ ਦਾ ਇੰਚਾਰਜ ਥਾਪ ਦਿਤਾ ਗਇਆ. ਜਿਸਦੀ ਨਿਗਰਾਨੀ ਹੇਠ ਕੰਮ ਚਲਦਾ ਸੀ। ਪਿੰਡ ਪਿੰਡ ਵਿਚ ਹਰਕਾਰੇ ਨਿਯਤ ਕੀਤੇ ਗਏ ਸਨ ਜੋ ਤਨਖਾਹ ਤੋਂ ਬਿਨਾਂ ਕੇਵਲ ਸੇਵਾ ਭਾਵ ਨਾਲ ਹੀ ਕੰਮ ਕਰਦੇ ਸਨ। ਬਹੁਤੀਆਂ ਖਬਰਾਂ ਤੇ ਸੁਨੇਹੇ ਜ਼ਬਾਨੀ ਦਿਤੇ ਜਾਂਦੇ ਸਨ ਤੇ ਉਨ੍ਹਾਂ ਨੂੰ ਗੁਪਤ ਰਖਣ ਲਈ ਕਈ ਸੰਕੇਤ ਤੇ ਚਿੰਨ੍ਹ ਨਿਯਤ ਕੀਤੇ ਹੁੰਦੇ ਸਨ। ਇਥੋਂ ਤਕ ਕਿ ਕਈ ਵੇਰ ਹਰਕਾਰਿਆਂ ਨੂੰ ਵੀ ਉਨ੍ਹਾਂ ਚਿੰਨ੍ਹਾਂ ਦਾ ਪਤਾ ਨਾ ਹੋਣ ਕਰਕੇ ਉਹ ਆਪ ਖਬਰ ਨੂੰ ਸਮਝ ਨਹੀਂ ਸਨ ਸਕਦੇ ਪਰੰਤੂ ਸੁਨੇਹਾ ਅਗਲੇ ਪਾਸੇ ਜਥੇਦਾਰਾਂ ਜਾਂ ਸੂਬਿਆਂ ਨੂੰ ਪੁਜ ਜਾਂਦਾ ਸੀ। ਸਾਰਿਆਂ ਸੂਬਿਆਂ ਦਾ ਸਿਧੇ ਤੌਰ ਤੇ ਸੰਬੰਧ ਇਸ ਮਹਿਕਮੇ ਰਾਹੀਂ ਸ੍ਰੀ ਭੈਣੀ ਸਾਹਿਬ ਨਾਲ ਜੁੜਿਆ ਹੋਇਆ ਸੀ।"

ਉਸ ਅਨੋਖੇ ਡਾਕ ਪ੍ਰਬੰਧ ਨੇ ਅੰਗਰੇਜ਼ ਹਕੂਮਤ ਦੀਆਂ ਸਾਰੀਆਂ ਨੀਤੀਆਂ ਤੇ ਚਾਲਾਂ ਫੇਲ੍ਹ ਕਰ ਦਿਤੀਆਂ. ਸਤਿਗੁਰਾਂ ਦੇ ਪ੍ਰਚਾਰ ਸਦਕਾ ਸਾਰਾ ਹਿੰਦੋਸਤਾਨ ਸੁਤਾ ਹੋਇਆ ਜਾਗ ਪਿਆ ਅਤੇ ਸਤਿਗੁਰਾਂ ਦੇ ਦਸੇ ਮਾਰਗ ਤੇ ਚਲ ਕੇ ਅੰਗਰੇਜ਼ ਤੋਂ ਨਜ਼ਾਤ ਪਾਉਣ ਲਈ ਇਕ ਮੁਠ ਹੋ ਗਿਆ ਸੀ। ■

ਗੁਰਪੁਰ ਵਾਸੀ ਭਾਈ ਸਾਹਿਬ ਭਾਈ ਤਖਤ ਸਿੰਘ ਜੀ ਸਿਖ ਕੰਨਿਆ ਮਹਾਂ ਵਿਦਿਆਲਾ ਫੀਰੋਜ਼ਪੁਰ ਵਾਲਿਆਂ ਨੇ ਲੇਖਕ ਨੂੰ ਦਸਿਆ ਸੀ ਕਿ ਫੀਰੋਜ਼ਪੁਰ ਰਹਿਣ ਸਮੇਂ ਭਜਨ ਬੰਦਗੀ ਕਰਨ ਸਬੰਧੀ ਗੁਰੂ ਰਾਮ ਸਿੰਘ ਜੀ ਦੇ ਮੁਤਅਲਕ ਏਥੇ ਬਹੁਤ ਸਾਰੀਆਂ ਗਲਾਂ ਮਸ਼ਹੂਰ ਹਨ। ਇਕ ਇਉਂ ਹੈ।

ਆਪ ਅੱਧੀ ਰਾਤ ਟੁੱਟਦੀ ਸਾਰ ਆਪਣੇ ਡੇਰੇ ਕਿਲੇ ਦੇ ਪਾਸੋਂ ਦਰਿਆ ਤੇ ਜਾ ਕੇ ਇਸ਼ਨਾਨ ਕਰਦੇ ਅਤੇ ਭਜਨ ਬੰਦਗੀ ਕਰਨ ਲਗ ਜਾਂਦੇ। ਦੇਖਣ ਵਾਲੇ ਦਸਿਆ ਕਰਦੇ ਸਨ ਕਿ ਬੰਦਗੀ ਕਰਨ ਸਮੇਂ ਬੈਠਿਆਂ ਆਪ ਜੀ ਦੇ ਸੀਸ ਦੇ ਇਰਦ ਗਿਰਦ ਅੱਗ ਜਾਂ ਚਾਨਣ ਦੇ ਚੱਕਰ ਘੁੰਮਦੇ ਦਿਖਾਈ ਦਿੱਤਾ ਕਰਦੇ ਸਨ।"

ਆਪ ਜੀ ਦੀ ਰੀਸ ਅਤੇ ਪ੍ਰੇਰਨਾ ਨਾਲ ਬਹੁਤ ਸਾਰੇ ਸਿੰਘਾਂ ਨੇ ਭਜਨ ਬੰਦਗੀ ਕਰਨੀ ਸ਼ੁਰੂ ਕੀਤੀ।

-ਨਾਮਧਾਰੀ ਇਤਿਹਾਸ

ਸ੍ਰ: ਨਾਹਰ ਸਿੰਘ

Namdhari Elibrary NamdhariElibrary@gmail.com

■ ਨਿਰੰਜਨ ਸਿੰਘ ਜਯੋਤੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਅੰਗ੍ਰੇਜ਼ ਹਕੂਮਤ

ਅੰਗ੍ਰੇਜ਼ ਆਪਣੇ ਪਾਸੇ ਹੁਸ਼ਿਆਰ ਸੀ ਤੇ ਸਤਿਗੁਰੂ ਰਾਮ ਸਿੰਘ ਜੀ ਆਪਣੇ ਪਾਸੇ ਆਪਦੀ ਧੁਨ ਵਿਚ ਲੀਨ ਪੰਜਾਬ ਵਿਚ ਉਸਦੇ ਖਿਲਾਫ਼ ਆਜ਼ਾਦੀ ਦੀ ਲਹਿਰ ਚਲਾਈ ਜਾ ਰਹੇ ਸਨ। ਘਰ ਘਰ ਵਿਚ ਤੇ ਬੰਦੇ ਬੰਦੇ ਦੇ ਕੰਨਾਂ ਵਿਚ ਆਜ਼ਾਦੀ ਦੀ ਫੂਕ ਮਾਰੀ ਜਾ ਰਹੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਭ ਆਗਮਨ ਮਾਘ ਸੁਦੀ ਪੰਚਮੀ ਬਸੰਤ ਵਾਲੇ ਦਿਨ. ਦਿਨ ਵੀਰਵਾਰ ਸੰਨ ੧੮੧੬ ਨੂੰ ਬਾਬਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਜੀ ਦੇ ਘਰ ਪਿੰਡ ਰਾਈਆਂ ਵਿਖੇ ਹੋਇਆ। ਉਸ ਵੇਲੇ ਪੰਜਾਬ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਬੋਲ ਬਾਲਾ ਸੀ। ਅਰਥਾਤ ਸਿਖ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਉਸ ਵੇਲੇ ਕੋਈ ਛੱਤੀ ਕੁ ਸਾਲ ਦੀ ਉਮਰ ਦਾ ਸੀ। ਭਰਵੀਂ ਜਵਾਨੀ ਵਿਚ। ਜਿਵੇਂ ਉਹ ਆਯੂ ਵਿਚ ਕਦਮ ਅਗੇ ਰਖ ਰਿਹਾ ਸੀ ਤੇ ਸਰੀਰ ਕਰਕੇ ਵੀ ਪ੍ਰਫੁੱਲਤ ਤੇ ਤਗੜਾ ਹੋ ਰਿਹਾ ਸੀ, ਤਿਵੇਂ ਹੀ ਖਾਲਸਾ ਸਲਤਨਤ ਜਾਂ ਇੰਵ ਕਹੋ ਕਿ ਸਿਖ ਸਾਮਰਾਜ ਦਾ ਘੇਰਾ ਤੇ ਫੈਲਾਅ ਵੀ ਪੈਰੋ ਪੈਰ ਵਧਦਾ ਜਾ ਰਿਹਾ ਸੀ ਤੇ ਚੌੜਾ ਹੁੰਦਾ ਜਾ ਰਿਹਾ ਸੀ। ਇਸਦੇ ਨਾਲ ਹੀ ਸਿਖ ਰਾਜ ਦਾ ਤਸੱਲਤ ਪਕੇਰਾ ਹੁੰਦਾ ਜਾ ਰਿਹਾ ਸੀ। ਵਕਤ ਬਦਲ ਗਿਆ ਸੀ। ਕਾਬਲ ਕੰਧਾਰ ਦੇ ਸ਼ਾਹ ਜਿਹੜੇ ਹਿੰਦ ਤੇ ਪੰਜਾਬ ਤੇ ਆਕਰਮਨ ਕਰਿਆ ਕਰਦੇ ਸਨ ਹੁਣ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੋਂ ਭੈ ਖਾਣ ਲਗ ਪਏ ਸਨ। ਸਤਿਗੁਰੂ ਰਾਮ ਸਿੰਘ ਜੀ ਜਵਾਨੀ ਚੜ੍ਹੇ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ। ਇਹ ਕੋਈ ਅਠਾਰਾਂ ਸੌ ਛੱਤੀ ਦੇ ਦਿਨ ਹੋਣਗੇ। ਇਸ ਤੋਂ ਬਾਅਦ ੧੮੩੮ ਦੇ ਅਖੀਰ ਵਿਚ ਮਹਾਰਾਜਾ ਸਾਹਿਬ ਬੀਮਾਰ ਪੈ ਗਏ। ਸ਼ਾਹੀ ਇਲਾਜ ਤਾਂ ਹੁੰਦੇ ਹੀ ਸਨ ਪਰ ਹੱਥ ਪੱਲੇ ਕੁਝ ਨਹੀਂ ਸੀ ਪੈ ਰਿਹਾ। ਮਹਾਰਾਜਾ ਸਾਹਿਬ ਕਿਹੜੇ ਇਵਾਣੇ ਸਨ ਆਖਰੀ ਸਮਾਂ ਨੇੜੇ ਆਉਂਦਾ ਭਾਸਣ ਲੱਗਾ। ਰਾਜਾ ਧਿਆਨ ਸਿੰਘ ਵੱਡਾ ਵਜ਼ੀਰ ਸੀ ਜੋ ਰਾਜ ਦਾ ਸਾਰਾ ਕੰਮ ਚਲਾਉਂਦਾ ਸੀ। ਇਕ ਦਿਨ ਉਸਦੇ ਹੱਥ ਵਿਚ ਕੰਵਰ ਖੜਕ ਸਿੰਘ ਦੀ ਬਾਂਹ ਫੜਾਈ ਤੇ ਕਿਹਾ ਕਿ ਧਿਆਨ ਸਿੰਘ ਮੇਰੇ ਬਾਅਦ ਖੜਕ ਸਿੰਘ ਨੂੰ ਮੇਰੀ ਥਾਂ ਮੇਰਾ ਰੂਪ ਕਰਕੇ ਹੀ ਜਾਣੀ। ਅਰਥਾਤ ਇਸਨੂੰ ਮੇਰੇ ਵਾਂਗ ਹੀ ਮਹਾਰਾਜਾ ਸਮਝੀਂ। ਇਸ ਦੀ ਆਗਿਆ ਵਿਚ ਰਵੀਂ, ਤੇ ਰਾਜ ਦਾ ਕੰਮ ਚਲਾਈਂ। ਧਿਆਨ ਸਿੰਘ ਨੇ ਉਤਰ ਦਿੱਤਾ ਕਿ ਮਹਾਰਾਜ ਫਿਕਰ ਨਾ ਕਰੋ। ਜਿਵੇਂ ਆਪ ਫੁਰਮਾ ਰਹੇ ਹੋ ਓਵੇਂ ਹੀ ਹੋਵੇਗਾ। ਮੈਂ ਇਸ ਨੂੰ ਮਹਾਰਾਜ ਹੀ ਸਮਝਾਂਗਾ ਤੇ ਇਸਦੀ ਆਗਿਆ ਵਿਚ ਹੀ ਰਵ੍ਹਾਂਗਾ। ਪਰ ਰਾਜਾ ਧਿਆਨ ਸਿੰਘ ਕੁਟਲ ਨੀਤਗ ਸੀ। ਮਨ ਦਾ ਮੈਲਾ ਅੰਦਰੋਂ ਹੋਰ ਤੇ ਬਾਹਰੋਂ ਹੋਰ। ਮਹਾਰਾਜਾ ਸਾਹਿਬ ਏਸ ਗੱਲ ਨੂੰ ਮਹਿਸੂਸ ਕਰਦੇ ਮਨ ਤੇ ਸਮਝਦੇ ਸਨ। ਪਰ ਉਸ ਵੇਲੇ ਕੁੱਝ ਕਰ ਨਹੀਂ ਸਨ ਸਕਦੇ। ਇਸ ਕਰਕੇ ਨਾਜ਼ਕ ਤੇ ਸੰਕਟ ਕਾਲ ਦਾ ਸਮਾਂ ਸਮਝ ਕੇ ਉਪਰਲੇ ਬਚਨ ਉਸ ਨੇ ਰਾਜਾ ਧਿਆਨ ਸਿੰਘ ਨੂੰ ਕਹੇ ਤੇ ਕੰਵਰ ਖੜਕ ਸਿੰਘ ਦੀ ਬਾਂਹ ਉਸਦੇ ਹਥ ਫੜਾਈ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਵਰਗ ਸਿਧਾਰਨ ਤੋਂ ਬਾਅਦ ਉਸ ਨੇ ਇਹੋ ਜਿਹੀ ਚਾਲ ਚਲੀ ਕਿ ਖੜਕ ਸਿੰਘ ਨੂੰ ਕਿਲੇ ਚੋਂ ਕੱਢ ਕੇ ਅੰਦਰਲੀ ਹਵੇਲੀ ਵਿਚ ਪੁਚਾ ਦਿਤਾ। ਉਹ ਹੁਣ ਕਿਲੇ ਵਿਚ ਨਹੀਂ ਸੀ ਆ ਸਕਦਾ, ਇਕ ਕਿਸਮ ਦਾ ਕੈਦੀ ਸੀ। ਉਸਨੂੰ ਖਾਣੇ ਵਿਚ ਕੱਚਾ ਪਾਰਾ ਮਿਲਾ ਕੇ ਦੇਣਾ ਸ਼ੁਰੂ ਕੀਤਾ ਗਿਆ। ਏਸ ਤਰ੍ਹਾਂ ਉਹ ਬੀਮਾਰ ਹੋ ਗਿਆ ਤੇ ਕੁਝ ਮਹੀਨਿਆਂ ਵਿਚ ਹੀ ਮੜੀ ਜਾ ਪਿਆ। ਉਸਦੇ ਪੁਤਰ ਨੌਨਿਹਾਲ ਸਿੰਘ ਨੂੰ ਮਹਾਰਾਜਾ ਬਣਨ ਤੋਂ ਪਹਿਲਾਂ ਹੀ ਪਿਓ ਦਾ ਸਸਕਾਰ ਕਰਕੇ ਆਉਂਦੇ ਨੂੰ ਉਸ ਉਪਰ ਕਿਲੇ ਦੀ ਡਿਉਡੀ ਦਾ ਛੱਜਾ ਗਿਰਵਾ ਕੇ, ਅੰਦਰ ਲਿਜਾ ਪਥਰਾਂ ਨਾਲ ਉਸ ਦਾ ਸਿਰ ਫੇਹ ਕੇ, ਨੌ ਨਿਹਾਲ ਸਿੰਘ ਦੀ ਅੰਸ਼ ਨੂੰ ਗਰਭ ਵਿਚ ਹੀ ਖਤਮ ਕਰਕੇ ਇਹ ਪਾਸਾ ਸਦਾ ਲਈ ਸਾਫ ਤੇ ਪਧਰਾ ਕਰ ਦਿਤਾ। ਇਸ ਤੋਂ ਬਾਅਦ ਮਹਾਰਾਜਾ ਸ਼ੇਰ ਸਿੰਘ ਤੇ ਉਸਦੇ ਪੁੱਤਰ ਪਰਤਾਪ ਸਿੰਘ ਨੂੰ ਸੰਧਾਵਾਲੀਆਂ ਤੋਂ ਮਰਵਾ ਘੱਤਿਆ। ਇਸਦੇ ਨਾਲ ਹੀ ਭਾਵੇਂ ਆਪ ਵੀ ਉਹਨਾਂ ਹੱਥੋਂ ਹੀ ਮਾਰਿਆ ਗਿਆ ਤੇ ਭਾਵੇਂ ਆਪਣੇ ਧੇਅ ਵਿਚ ਸਫਲ ਵੀ ਨਾ ਹੋ ਸਕਿਆ ਪਰ ਇਸ

Namdhari Elibrary NamdhariElibrary@gmail.com

ਸਭ ਕੁਝ ਦਾ ਕਰਨਹਾਰ ਤੇ ਜ਼ਿੰਮੇਵਾਰ ਉਹ ਕੁਟਲਨੀਤ ਰਾਜਾ ਧਿਆਨ ਸਿੰਘ ਹੀ ਸੀ।

ਇਸ ਵੇਲੇ ਲਾਹੌਰ ਦਰਬਾਰ ਵਿੱਚ ਖਲਬਲੀ ਮੱਚੀ ਹੋਈ ਸੀ। ਸਭ ਸਰਦਾਰਾਂ ਨੂੰ ਆਪੋ ਆਪਣੀ ਪਈ ਹੋਈ ਸੀ। ਕੋਈ ਐਸਾ ਆਗੂ ਨਹੀਂ ਸੀ ਜੋ ਜ਼ਿੰਮੇਵਾਰ ਹੋਵੇ, ਸ਼ਕਤੀਸ਼ਾਲੀ ਹੋਵੇ, ਜਿਸਦੀ ਸਭ ਮੰਨਦੇ ਹੋਣ। ਉਹ ਅਗਾਂਹ ਆਵੇ। ਹਾਲਾਤ ਤੇ ਕਾਬੂ ਪਾਵੇ, ਦੇਸ਼ ਵਿਚ ਅਮਨ ਹੋਵੇ ਤੇ ਰਾਜ ਕਾਰਜ ਠੀਕ ਢੰਗ ਨਾਲ ਚਲੇ। ਕਿਸੇ ਨੂੰ ਕੋਈ ਖ਼ਤਰਾ ਨਾ ਹੋਵੇ ਤੇ ਲੋਕ ਅਮਨ ਨਾਲ ਜ਼ਿੰਦਗੀ ਜੀਊਣ। ਇਸ ਵੇਲੇ ਕੰਵਰ ਦਲੀਪ ਸਿੰਘ, ਜਿਸ ਦੀ ਉਮਰ ਉਸ ਵੇਲੇ ਕੋਈ ਪੰਜ ਕੁ ਸਾਲ ਦੀ ਸੀ, ਮਹਾਰਾਜਾ ਬਣਾਇਆ ਗਿਆ। ਵਜ਼ੀਰ ਸ੍ਰ: ਜਵਾਹਰ ਸਿੰਘ, ਮਹਾਰਾਣੀ ਜਿੰਦਾ ਦਾ ਭਰਾ ਬਣਿਆ ਜੋ ਜਲਦੀ ਹੀ ਮਾਰਿਆ ਗਿਆ।

ਇਹ ਸਭ ਕੁਝ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਹੋਇਆ ਸੀ, ਆਪ ਉਸ ਵੇਲੇ ਲਾਹੌਰ ਹੀ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਇਹ ਦਿਸਦਾ ਸੀ ਕਿ ਲਾਹੌਰ ਦਰਬਾਰ ਦੀ ਪੁਰਾਣੀ ਆਨ ਸ਼ਾਨ ਨਹੀਂ ਰਹੇਗੀ। ਉਹ ਸ਼ਾਨ ਮਿਟ ਜਾਏਗੀ। ਸ਼ਾਹੀ ਝੰਡੇ ਡਿਗ ਪੈਣਗੇ। ਸਿਖ ਰਾਜ ਤਬਾਹ ਹੋ ਜਾਵੇਗਾ। ਏਥੇ ਹੁਣ ਅੰਗ੍ਰੇਜ਼ ਹਾਕਮ ਹੋਣਗੇ ਤੇ ਪੰਜਾਬ ਉਹਨਾਂ ਦਾ ਗੁਲਾਮ। ਸਭ ਸਰਦਾਰ ਉਹਨਾਂ ਦੇ ਅਧੀਨ ਉਹਨਾਂ ਦੇ ਜੀ ਹਜ਼ੂਰੀਏ ਗੁਲਾਮ ਬਣ ਜਾਣਗੇ। ਇਹ ਗੱਲ ਉਹਨਾਂ ਨੂੰ ਚੰਗੀ ਨਹੀਂ ਸੀ ਲਗਦੀ ਕਿਉਂਕਿ ਆਪ ਭਜਨ ਬੰਦਗੀ ਕਰਨ ਵਾਲੇ ਦੇਸ਼ ਪ੍ਰੇਮੀ ਤੇ ਕੌਮ ਪ੍ਰਸਤ ਸਨ। ਇਸ ਸਾਰੀ ਵਿਚਾਰ ਨੂੰ ਵਿਚਾਰ ਤੇ ਮਹਿਸੂਸ ਕਰਕੇ ਆਪ ਨੌਕਰੀ ਨੂੰ ਛੱਡ ਕੇ ਆਪਣੇ ਪਿੰਡ ਭੈਣੀ ਆ ਗਏ ਤੇ ਆਪਣੇ ਪਿੰਡ ਵਿਚ ਹੀ ਲੋਹੇ ਤੇ ਕਪੜੇ ਦੀ ਦੁਕਾਨ ਪਾ ਲਈ। ਤੇ ਘਰ ਦਾ ਗੁਜ਼ਾਰਾ ਇਸ ਕਿਰਤ ਕਮਾਈ ਨਾਲ ਚਲਾਉਣ ਲੱਗੇ।

ਜਦ ਆਪ ਫੌਜ ਵਿਚ ਸਨ ਤਾਂ ਇਹਨਾਂ ਦੀ ਰਜਮੈਂਟ ਪਿਸ਼ੌਰ ਭੇਜੀ ਗਈ ਸੀ। ਰਾਹ ਵਿਚ ਆਪ ਹਜ਼ਰੋ ਚਲੇ ਗਏ। ਓਥੇ ਸਤਿਗੁਰੂ ਬਾਲਕ ਸਿੰਘ ਜੀ ਭਗਤੀ ਮਾਰਗ ਦਾ ਰਾਹ ਦਸਦੇ ਸਨ। ਉਹਨਾਂ ਤੋਂ ਆਪ ਨੇ ਨਾਮ ਦੀ ਦਾਤ ਤੇ ਗੁਰਗੱਦੀ ਪ੍ਰਾਪਤ ਕੀਤੀ ਤੇ ਜਦ ਆਪ ਆਪਣੇ ਪਿੰਡ ਭੈਣੀ ਆ ਗਏ ਤਾਂ ਦੁਕਾਨ ਦੇ ਨਾਲ ਭਗਤੀ ਮਾਰਗ ਤੇ ਚਲਦੇ ਰਹੇ। ਸਿਖ ਸੰਗਤਾਂ ਦਾ ਇਹਨਾਂ ਦੇ ਦੁਆਲੇ ਘੇਰਾ ਬਣਦਾ ਗਿਆ। ਆਪ ਸਭ ਨੂੰ ਭਗਤੀ ਮਾਰਗ ਵਲ ਪ੍ਰੇਰਦੇ ਤੇ ਆਏ ਗਏ ਦੀ ਸੇਵਾ ਕਰਦੇ ਰਹੇ। ਇਸ ਤਰ੍ਹਾਂ ਆਪ ਦੇ ਸਿੱਖਾਂ ਸ਼ਰਧਾਲੂਆਂ ਦਾ ਘੇਰਾ ਵਡਾ ਹੁੰਦਾ ਗਿਆ।

੧੮੪੯ ਨੂੰ ਪੰਜਾਬ ਤੇ ਅੰਗ੍ਰੇਜ਼ ਦਾ ਮੁਕੰਮਲ ਕਬਜ਼ਾ ਹੋ ਗਿਆ ਸੀ ਤੇ ਇਸ ਨੂੰ ਅੰਗ੍ਰੇਜ਼ ਸਲਤਨਤ ਵਿਚ ਮਿਲਾ ਲਿਆ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਲੰਡਨ ਪੁਚਾ ਦਿਤਾ ਗਿਆ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਇਹ ਸਭ ਕੁਝ ਵਾਪਰਿਆ ਬਹੁਤ ਬੁਰਾ ਲੱਗਾ। ਉਹਨਾਂ ਚਿਤਵਿਆ ਕਿ ਪੰਜਾਬੀਆਂ ਨੂੰ ਨਵੇਂ ਸਿਰੇ ਇਕਠੇ ਕਰਨਾ ਹੈ, ਅੰਗ੍ਰੇਜ਼ ਤੋਂ ਛੁਟਕਾਰਾ ਪਾਉਣਾ ਹੈ, ਏਸ ਨੂੰ ਏਥੋਂ ਕਢਣਾ ਹੈ ਤੇ ਪੰਜਾਬ ਅਜ਼ਾਦ ਕਰਾਉਣਾ ਹੈ। ਕਾਕੇ (ਮਹਾਰਾਜਾ ਦਲੀਪ ਸਿੰਘ) ਨੂੰ ਵਾਪਸ ਲਿਆਉਣਾ ਹੈ ਤੇ ਲਾਹੌਰ ਤਖਤ ਤੇ ਬਿਠਾਉਣਾ ਹੈ, ਸਿਖ ਰਾਜ ਫੇਰ ਕਾਇਮ ਕਰਨਾ ਹੈ। ਏਸੇ ਕਰਕੇ ਉਹ ਬਾਰ ਬਾਰ ਕਿਹਾ ਕਰਦੇ ਸੀ ਕਿ ਕਾਕੇ ਨੂੰ ਲਿਆਉਣਾ ਹੈ।

ਹਿੰਦ ਦੇ ਇਤਿਹਾਸ ਵਿਚ ੧੮੫੭ ਦਾ ਗੱਦਰ ਆਮ ਪ੍ਰਸਿਧ ਹੈ। ਇਸਨੂੰ ਅਜ ਕਲ ਦੇ ਹਿਸਟੋਰੀਅਨ ਆਜ਼ਾਦੀ ਦੀ ਪਹਿਲੀ ਲੜਾਈ ਦੀ ਸੰਗਿਆ ਦੇਂਦੇ ਹਨ। ਤਾਂਤੀਆ ਟੋਪੇ, ਨਾਨਾ ਸਾਹਿਬ, ਰਾਣੀ ਲਕਸ਼ਮੀ ਬਾਈ, ਬਾਦਸ਼ਾਹ ਬਹਾਦਰ ਸ਼ਾਹ ਆਦਿ ਵੱਡੇ ਵੱਡੇ ਸਿਆਣੇ ਲੀਡਰ ਇਸ ਦੀ ਅਗਵਾਈ ਕਰਦੇ ਸਨ। ਸ਼ਸਤਰ ਬਧ ਲੜਾਈਆਂ ਵੀ ਹੋਈਆਂ ਪਰ ਅਖੀਰ ਹਾਰ ਦਾ ਮੂੰਹ ਹੀ ਵੇਖਣਾ ਪਿਆ। ਏਸ ਸਾਲ ਵਸਾਖੀ ਵਾਲੇ ਦਿਨ ਗੁਰੂ ਰਾਮ ਸਿੰਘ ਜੀ ਨੇ ਭੈਣੀ ਵਿਖੇ ਅਮਨ ਤੇ ਏਕਤਾ ਦਾ ਸਫੈਦ ਝੰਡਾ ਝੁਲਾ ਦਿਤਾ ਤੇ ਅਜ਼ਾਦੀ ਦੀ ਸ਼ਮ੍ਹਾ ਜਗਾ ਦਿਤੀ। ਸਿਖ ਰਾਜ ਭਾਗ ਵਿਚ ਪੈ ਕੇ ਗੁਰੂ ਗੋਬਿੰਦ ਸਿੰਘ ਦੀ ਚਲਾਈ ਹੋਈ ਸਿਖੀ ਦੀ ਰਹਿਤ ਮਰਯਾਦਾ ਤੋਂ ਵਿਚਲ ਗਏ ਹੋਏ ਸਨ। ਸੁ ਏਸ ਦਿਨ ਉਹਨਾਂ ਨੇ ਸਿਖੀ ਦੀ ਪੁਨਰ ਸਥਾਪਨਾ ਕੀਤੀ। ਜਿਸ ਨੂੰ ਨਾਮਧਾਰੀ ਜਾਂ ਸੰਤ ਸਿਪਾਹੀ ਦਾ ਨਾਂ ਦਿਤਾ ਤੇ ਸਿਖਾਂ ਨੂੰ ਇਹਨਾਂ ਅਸੂਲਾਂ ਦੇ ਧਾਰਨੀ ਰਹਿਣ ਦਾ ਸੰਦੇਸ਼ ਦਿਤਾ।

੧. ਸੁੱਚ ਸੋਧ ਰਖਣੀ ਤੇ ਨਾਮ ਜਪਣਾ।
੨. ਮਾਸ ਨਹੀਂ ਖਾਣਾ, ਸ਼ਰਾਬ ਨਹੀਂ ਪੀਣੀ। ਹੋਰ ਨਸ਼ੇ ਵਾਲੀਆਂ ਚੀਜਾਂ ਤੋਂ ਵੀ ਪ੍ਰਹੇਜ ਕਰਨਾ।
੩. ਅੰਗ੍ਰੇਜ਼ ਹਕੂਮਤ ਦੀ ਨੌਕਰੀ ਨਹੀਂ ਕਰਨੀ।
੪. ਅੰਗ੍ਰੇਜ਼ ਦੇ ਚਲਾਏ ਹੋਏ ਸਕੂਲਾਂ ਵਿਚ ਨਹੀਂ ਪੜ੍ਹਨਾ।
੫. ਅੰਗ੍ਰੇਜ਼ ਦੀ ਕਚਹਿਰੀ ਵਿਚ ਮੁਕਦਮਾਂ ਨਹੀਂ ਕਰਨਾ।
੬. ਅੰਗ੍ਰੇਜ਼ ਦੀ ਚਲਾਈ ਹੋਈ ਗਡੀ ਤੇ ਨਹੀਂ ਚੜ੍ਹਨਾ।
੭. ਅੰਗ੍ਰੇਜ਼ ਦੀ ਡਾਕ ਵਿਚ ਚਿੱਠੀ ਨਹੀਂ ਪਾਉਣੀ।
੮. ਅੰਗ੍ਰੇਜ਼ ਦੀ ਬਣਾਈ ਹੋਈ ਕੋਈ ਚੀਜ਼ ਨਹੀਂ ਵਰਤਣੀ, ਖੰਡ ਕਪੜਾ ਆਦਿ ਜੋ ਬਾਹਰੋਂ ਬਣ ਕੇ ਆਉਂਦਾ ਸੀ।
੯. ਸੁਦੇਸ਼ੀ ਦੀ ਵਰਤੋਂ ਕਰਨੀ। ਅਰਥਾਤ ਆਪਣੇ ਦੇਸ਼ ਦੀਆਂ ਬਣਾਈਆਂ ਹੋਈਆਂ ਵਸਤੂਆਂ ਹੀ ਵਰਤਨੀਆਂ।

ਇਸ ਤਰ੍ਹਾਂ ਨਾਲ ਉਹਨਾਂ ਦਾ ਅੰਗ੍ਰੇਜ਼ ਨਾਲ ਪੂਰਨ ਨਾਮਿਲਵਰਤਨ ਸੀ।

ਅੰਗ੍ਰੇਜ਼ ਜਿਸ ਦੀ ਹਕੂਮਤ ਬਰਮਾ ਰੰਗੂਨ ਤੋਂ ਲੈ ਕੇ ਉਸ ਵੇਲੇ ਪਿਸ਼ਾਵਰ ਤੇ ਲੰਕਾ ਤੋਂ ਲੈ ਕੇ ਕਸ਼ਮੀਰ ਤਕ ਸੀ। ਕਿਹੜਾ ਸੁਤਾ ਪਿਆ ਸੀ। ਉਹ ਜਾਗਦਾ ਸੀ। ਉਸ ਦੀਆਂ ਤੇਜ ਨਜ਼ਰਾਂ ਦੇਸ਼ ਦੇ ਚੱਪੇ ਚੱਪੇ ਤੇ ਕੋਨੇ ਕੋਨੇ ਤੇ ਲੱਗੀਆਂ ਹੋਈਆਂ ਸਨ। ਉਹ ਚੌਕਸ ਸੀ ਕਿ ਮਤਾਂ ਕਿਧਰੇ ਕਿਸੇ ਕੋਨੇ ਵਿਚ ਵੀ ਅੰਗ੍ਰੇਜ਼ ਦੇ ਖਿਲਾਫ਼ ਜਵਾਲਾ ਨਾ ਭੜਕ ਉਠੇ, ਜਿਸ ਨਾਲ ਉਹ ਸੜ ਕੇ ਸਵਾਹ ਹੋ ਜਾਏ। ੧੮੫੭ ਦੇ ਗਦਰ ਨੇ ਉਸਨੂੰ ਹੋਰ ਚੌਕਸ ਕਰ ਦਿਤਾ ਹੋਇਆ ਸੀ। ਇਸ ਕਰ ਕੇ ਗੁਰੂ ਰਾਮ ਸਿੰਘ ਜੀ ਦੀ ਚਲਾਈ ਸੰਸਥਾ, ਰਹਿਤ ਮਰਯਾਦਾ ਤੇ ਨਾਮਿਲਵਰਤਨ ਉਸਨੂੰ ਆਪਣੇ ਖਿਲਾਫ਼ ਬਾਲੀ ਅੱਗ ਦਿਸੀ ਜਿਸ ਵਿਚ ਗੁਰੂ ਰਾਮ ਸਿੰਘ ਅੰਗ੍ਰੇਜ਼ ਹਕੂਮਤ ਨੂੰ ਸਾੜ ਦੇਣਾ ਚਾਹੁੰਦਾ ਸੀ। ਉਸਦੀ ਨਜ਼ਰ ਗੁਰੂ ਰਾਮ ਸਿੰਘ, ਨਾਮਧਾਰੀ ਸਿਖਾਂ ਤੇ ਭੈਣੀ ਸਾਹਿਬ ਤੇ ਕਰੜੀ ਹੋ ਗਈ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਨਜ਼ਰ ਬੰਦ ਕਰ ਦਿਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਹਕੂਮਤ ਦੀ ਏਸ ਪਾਬੰਦੀ ਦੀ ਕੋਈ ਪ੍ਰਵਾਹ ਨਾ ਕੀਤੀ। ਆਪਣੀ ਮਰਜ਼ੀ ਨਾਲ ਜਿਥੇ ਜੀਅ ਆਵੇ ਜਾਂਦੇ ਰਹੇ। ਅਨੰਦਪੁਰ ਸਾਹਿਬ ਦੇ ਹੋਲੇ ਤੇ ਹੋਰ ਕਈ ਥਾਵਾਂ ਤੇ ਅਜ਼ਾਦਾਨਾ ਆਉਂਦੇ ਜਾਂਦੇ ਰਹੇ ਤੇ ਆਪਣੇ ਦੌਰੇ ਕਰਦੇ ਰਹੇ।

ਅੰਗ੍ਰੇਜ਼ ਆਪਣੇ ਪਾਸੇ ਹੁਸ਼ਿਆਰ ਸੀ ਤੇ ਸਤਿਗੁਰੂ ਰਾਮ ਸਿੰਘ ਜੀ ਆਪਣੇ ਪਾਸੇ ਆਪਦੀ ਧੁਨ ਵਿਚ ਲੀਨ ਪੰਜਾਬ ਵਿਚ ਉਸਦੇ ਖਿਲਾਫ਼ ਆਜ਼ਾਦੀ ਦੀ ਲਹਿਰ ਚਲਾਈ ਜਾ ਰਹੇ ਸਨ। ਘਰ ਘਰ

Namdhari Elibrary NamdhariElibrary@gmail.com

ਗੁਰੂ ਕੇ ਗੁਰਮੁਖ ਪਿਆਰੇ ਦਰਸ਼ਨ ਕਰਨ ਸਮੁੰਦਰ ਪਾਰ ਕਰਕੇ ਓਥੇ ਪਹੁੰਚਦੇ ਰਹੇ ਤੇ ਗੁਰੂ ਰਾਮ ਦਾਸ ਜੀ ਦੀ ਤੁਕ 'ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰ ਸਿਖ ਲੰਘ ਗੁਰੂ ਪੈ ਜਾਈ' ਦੀ ਸਚਾਈ ਨੂੰ ਰੂਪਮਾਨ ਕਰਦੇ ਰਹੇ। ਤੇ ਸਤਿਗੁਰਾਂ ਦੇ ਸੁਨੇਹੇ ਲਿਆਉਂਦੇ ਰਹੇ।

ਓਥੇ ਜਾ ਕੇ ਵੀ ਉਹਨਾਂ ਦੀਆਂ ਸਰਗਰਮੀਆਂ ਜਾਰੀ ਰਹੀਆਂ। ਸੂਬਾ ਗੁਰਚਰਨ ਸਿੰਘ ਉਥੋਂ ਹੀ ਉਹਨਾਂ ਨੂੰ ਮਿਲ ਕੇ ਜ਼ਾਰ ਨੂੰ ਮਿਲਣ ਵਾਸਤੇ ਆਪਣੀ ਆਜ਼ਾਦੀ ਦੀ ਲੜਾਈ ਵਿਚ ਮਦਦ ਲੈਣ ਲਈ ਰੂਸ ਗਿਆ। ਮਹਾਰਾਜਾ ਦਲੀਪ ਸਿੰਘ ਤਕ ਸੁਨੇਹੇ ਏਥੋਂ ਵੀ ਭੇਜੇ।

ਵਿਚ ਤੇ ਬੰਦੇ ਬੰਦੇ ਦੇ ਕੰਨਾਂ ਵਿਚ ਆਜ਼ਾਦੀ ਦੀ ਫੂਕ ਮਾਰੀ ਜਾ ਰਹੀ ਸੀ। ਉਹਨਾਂ ਏਸ ਕਾਰਜ ਨੂੰ ਤੇਜ਼ ਕਰਨ ਲਈ ਬਾਈ ਸੂਬੇ ਵੀ ਥਾਪ ਦਿਤੇ ਜੋ ਉਹਨਾਂ ਦੀ ਰਹਿਨੁਮਾਈ ਵਿਚ ਕੰਮ ਕਰਦੇ ਸਨ। ਜਿਹੜੇ ਵੀ ਸਿਖ ਇਹਨਾਂ ਦੀ ਸ਼ਰਨ ਵਿਚ ਆਏ ਗੁਰੂ ਰਾਮ ਸਿੰਘ ਜੀ ਦੇ ਚਲਾਏ ਉਪਰ ਦਸੇ ਨਿਯਮਾਂ ਤੇ ਸੁਦ੍ਰਿੜਤਾ ਨਾਲ ਚਲਦੇ ਰਹੇ। ਅੰਗ੍ਰੇਜ਼ ਇਹ ਵੇਖ ਕੇ ਦੰਗ ਰਹਿ ਗਿਆ ਜਿਸ ਕਰਕੇ ਉਹਨੂੰ ਇਹਨਾਂ ਤੋਂ ਵੱਡਾ ਖ਼ਤਰਾ ਭਾਸਣ ਲੱਗਾ। ਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ ਨੂੰ ਕਿਹਾ ਕਿ ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂਗਾ। ਜਿਸਦਾ ਭਾਵ ਸੀ ਕਿ ਸਾਰੇ ਪੰਜਾਬ ਵਿਚ ਘਰ ਘਰ ਅਜ਼ਾਦੀ ਦੀ ਅਗ ਬਾਲ ਦਿਆਂਗਾ ਜੋ ਤੁਹਾਨੂੰ ਸਾੜ ਸੁੱਟੇਗੀ।

ਉਹਨਾਂ ਸਿਆਸੀ ਨੁਕਤੇ ਤੋਂ ਆਪਣੇ ਉਦੇਸ਼ ਦੀ ਪੂਰਤੀ ਲਈ ਅਫਗਾਨਿਸਤਾਨ ਦੇ ਅਮੀਰਾਂ ਨਾਲ ਮੁਲਾਕਾਤ ਕੀਤੀ। ਨੇਪਾਲ ਦੇ ਰਾਜਾ ਰਾਣਾ ਜੰਗ ਬਹਾਦਰ ਨਾਲ ਵੀ ਮੇਲ ਜੋਲ ਬਣਾਇਆ। ਕਸ਼ਮੀਰ ਵਿਚ ਤੇ ਹੈਦਰਾਬਾਦ ਵਿਚ ਕੂਕਾ ਰਜਮਿੰਟਾਂ ਕਾਇਮ ਕਰਵਾਈਆਂ। ਉਹ ਹਰ ਤਰ੍ਹਾਂ ਅੰਗ੍ਰੇਜ਼ ਨਾਲ ਲੜਨ ਲਈ ਤਿਆਰੀ ਕਰ ਰਹੇ ਸਨ ਤੇ ਅਗਰਸਰ ਸਨ। ਰੂਸ ਦੇ ਬਾਦਸ਼ਾਹ ਜ਼ਾਰ ਤੋਂ ਮਦਦ ਲੈਣ ਲਈ ਉਸ ਨਾਲ ਵੀ ਮੇਲ ਮੁਲਾਕਾਤ ਦੇ ਯਤਨ ਕੀਤੇ। ਮਹਾਰਾਜਾ ਦਲੀਪ ਸਿੰਘ ਨੂੰ ਵੀ ਵਾਪਸ ਲਿਆਉਣ, ਮਦਦ ਕਰਨ, ਲਾਹੌਰ ਤਖਤ ਤੇ ਬਿਠਾਉਣ ਦਾ ਭਰੋਸਾ ਦਵਾਇਆ। ਸੁ ਉਹ ਇਹਨਾਂ ਕਾਰਜਾਂ ਦੀ ਪੂਰਤੀ ਲਈ ਹੀ ਯਤਨਸ਼ੀਲ ਰਹੇ।

ਅੰਗ੍ਰੇਜ਼ ਹਕੂਮਤ ਨੇ ਇਹਨਾਂ ਦੀਆਂ ਸਰਗਰਮੀਆਂ ਨੂੰ ਸਿਰੇ ਨਾ ਚੜ੍ਹਨ ਦਿੱਤਾ। ਮਹਾਰਾਜਾ ਦਲੀਪ ਸਿੰਘ ਨੂੰ ਜਦ ਉਹ ਆਪਣੀ ਮਾਂ ਮਹਾਰਾਣੀ ਜਿੰਦਾਂ ਦਾ ਸਸਕਾਰ ਕਰਨ ਵਾਸਤੇ ਆਇਆ ਤਾਂ ਪੰਜਾਬ ਚਿ ਪੈਰ ਨਾ ਧਰਨ ਦਿਤਾ। ਉਸ ਨੂੰ ਗੁਦਾਵਰੀ ਦੇ ਕੰਢੇ ਹੀ ਆਪਣੀ ਮਾਤਾ ਦਾ ਸਸਕਾਰ ਕਰਕੇ ਵਾਪਸ ਮੁੜਨਾ ਪਿਆ।

ਪੰਜਾਬ ਵਿਚ ਅੰਗ੍ਰੇਜ਼ ਨੇ ਮੁਸਲਮਾਨਾਂ ਨੂੰ ਚੁਕ ਦਿਤਾ ਤੇ ਅੰਮ੍ਰਿਤਸਰ ਹਰਿਮੰਦਰ ਸਾਹਿਬ, ਘੰਟਾ ਘਰ ਵਾਲੀ ਥਾਂ ਤੇ ਰਾਏਕੋਟ, ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਿਕ ਗੁਰਦੁਆਰੇ ਦੇ ਕੋਲ ਬੁੱਚੜਖਾਨੇ ਖੁਲਵਾ ਦਿਤੇ। ਏਥੇ ਗਊਆਂ ਕਤਲ ਹੋਣ ਲੱਗੀਆਂ।

ਅਖੀਰ ਗੁਰੂ ਰਾਮ ਸਿੰਘ ਦੇ ਨਾਮਧਾਰੀ ਸਿੰਘਾਂ ਨੇ ਦਲੇਰੀ ਕੀਤੀ ਅੰਮ੍ਰਿਤਸਰ ਤੇ ਰਾਇਕੋਟ ਦੇ ਕਈ ਬੁਚੜ ਕਤਲ ਕਰ ਦਿਤੇ ਤੇ ਗਊਆਂ ਨੂੰ ਆਜ਼ਾਦ ਕਰ ਦਿਤਾ। ਇਸ ਤੋਂ ਉਪ੍ਰੰਤ ਨਾਮਧਾਰੀ ਸਿੰਘ ਅੰਮ੍ਰਿਤਸਰ ਰਾਮ ਬਾਗ਼ ਦੇ ਕੋਲ, ਰਾਇ ਕੋਟ ਤੇ ਲੁਧਿਆਣੇ ਹਸ ਹਸ ਫਾਸੀ ਲਗੇ। ਅੰਮ੍ਰਿਤਸਰ ਦੇ ਸਾਕੇ ਬਾਰੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:

ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋਂ ਤਬ,
ਬੁੱਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,
ਅਗ੍ਰੇਜ਼ੋ ਗਹਿ ਕੈ ਦੁਖਿਆਰੇ ਕੀਤੇ ਗੌਰ ਪੈ।
ਦੇਣ ਲਗੇ ਫਾਂਸੀ ਜਬ ਆਏ ਖੁਦ ਕੂਕੇ ਤਦ,
ਕਾਤਲ ਸਬੂਤ ਆਇ ਥੀਏ ਸਬ ਠੌਰ ਪੈ।
ਖੁਸ਼ੀ ਹੋਏ ਦਏ ਸੀਸ ਗਏ ਏਸ ਲੋਕ ਮਾਹਿ,
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ।

੧੮੭੨ ਈ. ਵਿਚ ਮਲੇਰ ਕੋਟਲੇ ਦਾ ਸਾਕਾ ਹੋਇਆ ਜਿਥੇ ੬੬ ਨਾਮਧਾਰੀ ਸਿੰਘ ਸ਼ਹੀਦ ਕੀਤੇ ਗਏ।

ਇਸ ਸਭ ਕੁਝ ਵਾਪਰੇ ਦੇ ਪਿਛੇ ਹਕੂਮਤ ਨੂੰ ਗੁਰੂ ਰਾਮ ਸਿੰਘ ਦਾ ਹੱਥ ਦਿਸਦਾ ਸੀ। ਉਸਨੇ ਗੁਰੂ ਰਾਮ ਸਿੰਘ ਜੀ ਨੂੰ ਹੀ ਇਸਦਾ ਜ਼ਿੰਮੇਵਾਰ ਠਹਿਰਾਇਆ। ੧੭ ਜਨਵਰੀ ਨੂੰ ਗੁਰੂ ਰਾਮ ਸਿੰਘ ਜੀ ਨੂੰ ਡਿਪਟੀ ਕਮਿਸ਼ਨਰ ਨੇ ਲੁਧਿਆਣੇ ਬੁਲਾਇਆ। ਹਕੂਮਤ ਇਹਨਾਂ ਨੂੰ ਬੜਾ ਖਤਰਨਾਕ ਬਾਗੀ ਸਮਝਦੀ ਸੀ। ਉਸ ਨੂੰ ਡਰ ਸੀ ਕਿ ਇਸਨੂੰ ਗ੍ਰਿਫ਼ਤਾਰ ਕੀਤਿਆਂ ਹੋ ਸਕਦਾ ਹੈ ਕਿ ਇਲਾਕੇ ਵਿਚ ਰੌਲਾ ਪੈ ਜਾਏ ਤੇ ਮੌਕਾ ਸੰਭਾਲਣਾ ਮੁਸ਼ਕਲ ਹੋ ਜਾਏ। ਇਸ ਲਈ ਉਸ ਨੇ ਪੂਰਾ ਇੰਤਜਾਮ ਕੀਤਾ ਤੇ ਲਾਟੇ ਵਿਖੇ ਗੋਰਾ ਸਿਪਾਹੀ ਸ਼ਸਤਰਬਧ ਤਿਆਰ ਸੀ। ਰਜਮੈਂਟ ਦੀ ਨਿਗਰਾਨੀ ਵਿਚ ਸਤਿਗੁਰੂ ਜੀ ਨੂੰ ਲੁਧਿਆਣੇ ਆਂਦਾ। ਅੱਗੇ ਸਪੇਸ਼ਲ ਗੱਡੀ ਤਿਆਰ ਖੜੀ ਸੀ। ਉਸ ਗਡੀ ਤੇ ਚੜ੍ਹਾਇਆ ਤੇ ਇਲਾਹਾਬਾਦ ਦੇ ਕਿਲ੍ਹੇ ਵਿਚ ਭੇਜ ਦਿਤਾ।

ਗੁਰੂ ਰਾਮ ਸਿੰਘ ਪੂਰਨ ਰੂਪ ਵਿਚ ਅੰਗ੍ਰੇਜ਼ ਦੀ ਹਿਰਾਸਤ ਵਿਚ ਸਨ। ਕੁਝ ਦਿਨ ਇਲਾਹਾਬਾਦ ਦੇ ਕਿਲੇ ਵਿਚ ਰਹੇ ਅਖੀਰ ਕਲਕੱਤੇ ਤੋਂ ਜਹਾਜੇ ਚੜ੍ਹਾ ਬਰਮਾ ਭੇਜ ਦਿਤਾ। ਆਪ ਨੂੰ ਉਸ ਬੰਗਲੇ ਵਿਚ ਰਖਿਆ ਗਿਆ ਜਿਸ ਵਿਚ ਬਾਦਸ਼ਾਹ ਬਹਾਦਰ ਸ਼ਾਹ ਨੂੰ ਰਖਿਆ ਸੀ। ਆਪ ਨੂੰ ਰੰਗੂਨ ਮਰਗੋਈ ਵਿਖੇ ਵੀ ਰਖਿਆ ਗਿਆ। ਉਥੇ ਸਮੁੰਦਰ ਪਾਰ ਕਰਕੇ ਸਿਖ ਸੇਵਕਾਂ ਦਾ ਪਹੁੰਚਣਾ ਬਹੁਤ ਮੁਸ਼ਕਲ ਸੀ। ਪਰ ਫੇਰ ਵੀ ਕਈ ਗੁਰੂ ਕੇ ਗੁਰਮੁਖ ਪਿਆਰੇ ਦਰਸ਼ਨ ਕਰਨ ਸਮੁੰਦਰ ਪਾਰ ਕਰਕੇ ਓਥੇ ਪਹੁੰਚਦੇ ਰਹੇ ਤੇ ਗੁਰੂ ਰਾਮ ਦਾਸ ਜੀ ਦੀ ਤੁਕ 'ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰ ਸਿਖ ਲੰਘ ਗੁਰੂ ਪੈ ਜਾਈ' ਦੀ ਸਚਾਈ ਨੂੰ ਰੂਪਮਾਨ ਕਰਦੇ ਰਹੇ। ਤੇ ਸਤਿਗੁਰਾਂ ਦੇ ਸੁਨੇਹੇ ਲਿਆਉਂਦੇ ਰਹੇ।

ਓਥੇ ਜਾ ਕੇ ਵੀ ਉਹਨਾਂ ਦੀਆਂ ਸਰਗਰਮੀਆਂ ਜਾਰੀ ਰਹੀਆਂ। ਸੂਬਾ ਗੁਰਚਰਨ ਸਿੰਘ ਉਥੋਂ ਹੀ ਉਹਨਾਂ ਨੂੰ ਮਿਲ ਕੇ ਜ਼ਾਰ ਨੂੰ ਮਿਲਣ ਵਾਸਤੇ ਆਪਣੀ ਆਜ਼ਾਦੀ ਦੀ ਲੜਾਈ ਵਿਚ ਮਦਦ ਲੈਣ ਲਈ ਰੂਸ ਗਿਆ। ਮਹਾਰਾਜਾ ਦਲੀਪ ਸਿੰਘ ਤਕ ਸੁਨੇਹੇ ਏਥੋਂ ਵੀ ਭੇਜੇ।

ਉਹਨਾਂ ਨੇ ਬੇਪ੍ਰਵਾਹ ਹੋ ਕੇ ਅੰਗ੍ਰੇਜ਼ ਨਾਲ ਟੱਕਰ ਲਈ। ਅਸੀ ਹਿੰਦੀ ਉਹਨਾਂ ਤੇ ਜਿੰਨਾ ਮਾਨ ਕਰੀਏ ਥੋੜਾ ਹੈ। ਉਹਨਾਂ ਦਾ ਨਾਂ ਹਿੰਦ ਦੀ ਆਜ਼ਾਦੀ ਦੇ ਇਤਿਹਾਸ ਵਿਚ ਸੁਨਹਿਰੀ ਅਖਰਾਂ ਨਾਲ ਲਿਖਿਆ ਰਹੇਗਾ।

■

Namdhari Elibrary NamdhariElibrary@gmail.com



■ ਸ. ਸ. ਮਨਧੀਰ

ਨਾਮਧਾਰੀ ਲਹਿਰ ਦਾ ਜਨਮ ਕਿਉਂ ਤੇ ਕਿਵੇਂ ਹੋਇਆ?

ਸਮਾਜਕ ਹਾਲਾਤ ਪਹਿਲਾਂ ਹੀ ਬਦ ਤੋਂ ਬਦਤਰ ਹੋ ਚੁਕੇ ਸਨ। ਸਤਿਗੁਰੂਆਂ ਦੀ ਬਾਣੀ ਸਿੱਖ ਰਾਜ ਦੇ ਸਮੇਂ ਵਿਚ ਹੀ ਵਿਸਰ ਚੁਕੀ ਸੀ। ਭਾਰਤੀ ਸਮਾਜ ਸਮੁੱਚੇ ਤੌਰ ਤੇ ਬਹੁਤ ਸਾਰੀਆਂ ਕੁਰੀਤੀਆਂ ਦਾ ਸ਼ਿਕਾਰ ਹੋ ਚੁੱਕਾ ਸੀ। ਮਾਸ, ਸ਼ਰਾਬ ਦਾ ਖਾਣ ਪੀਣ, ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦੀਆਂ ਘਟਨਾਵਾਂ, ਵਿਧਵਾਵਾਂ ਦਾ ਸਾਰੀ ਉਮਰ ਰੰਡੇਪਾ ਕੱਟਣਾ, ਵਿਆਹਾਂ ਵਿਚ ਵਿਤੋਂ ਵੱਧ ਖਰਚ ਕਰ ਕੇ ਕਰਜ਼ਾਈ ਹੋ ਜਾਣਾ ਆਦਿ। ਇਹ ਸਨ ਉਹ ਹਾਲਾਤ ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਕੁਝ ਕਰਨ ਵਾਸਤੇ ਪਰੇਰਿਆ।

ਨਾਮਧਾਰੀ ਲਹਿਰ ਦੇ ਜਨਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ੩ ਫਰਵਰੀ ੧੮੧੬ ਈਸਵੀ ਨੂੰ ਬੜੇ ਸਾਧਾਰਨ ਕਿਰਤੀ ਬਾਬਾ ਜੱਸਾ ਸਿੰਘ ਜੀ ਦੇ ਘਰ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਰਾਈਆਂ ਵਿਖੇ ਹੋਇਆ। ਰਾਈਆਂ ਦੇ ਨਾਲ ਹੀ ਭੈਣੀ ਨਾਮੀ ਪਿੰਡ ਵਿਚ ਪਰਵਾਰ ਦਾ ਜੀਵਕਾ ਸਾਧਨ ਸੀ। ਬਾਅਦ ਵਿਚ ਸਤਿਗੁਰੂ ਜੀ ਦੇ ਮਹਾਨ ਕੰਮਾਂ ਸਦਕਾ ਭੈਣੀ ਪਿੰਡ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਪਰਸਿੱਧ ਹੋ ਗਿਆ। ਸਤਿਗੁਰੂ ਜੀ ਦੇ ਅਵਤਾਰ ਧਾਰਨ ਸਮੇਂ ਸਿੱਖ ਰਾਜ ਆਪਣੇ ਜੋਬਨ ਵਿਚ ਸੀ। ਮਹਾਰਾਜਾ ਰਣਜੀਤ ਸਿੰਘ ਦੀ ਪੰਜਾਬ ਤੇ ਉਸ ਦੇ ਆਲੇ ਦੁਆਲੇ ਧਾਂਕ ਸੀ। ਮਹਾਰਾਜਾ ਰਣਜੀਤ ਸਿੰਘ ਬਾਰੇ ਇਕ ਗੱਲ ਬੜੀ ਸਪੱਸ਼ਟ ਸੀ ਕਿ ਉਹਨਾਂ ਨੇ ਆਪਣੇ ਰਾਜ ਵਿਚ ਹਿੰਦੂ ਤੇ ਮੁਸਲਮਾਨਾਂ ਪ੍ਰਤੀ ਕੋਈ ਭਿੰਨ ਭੇਦ ਨਹੀਂ ਸੀ ਰੱਖਿਆ। ਆਪਣੀ ਸਾਰੀ ਪਰਜਾ ਨੂੰ ਇਕ ਅੱਖ ਨਾਲ ਵੇਖਦੇ ਸਨ। ਸਤਿਗੁਰੂਆਂ ਦੀ ਪਰੰਪਰਾ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਦੂਸਰੇ ਧਰਮਾਂ ਦੀ ਆਦਰ ਵਾਲੀ ਗਲ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਾਲਮ ਦੇ ਜ਼ੁਲਮ ਦੇ ਵਿਰੁੱਧ ਲੜਾਈ ਵਿਚ ਦਲੇਰੀ ਤੇ ਬਹਾਦਰੀ ਦੇ ਗੁਣ ਜ਼ਰੂਰ ਗ੍ਰਹਿਣ ਕੀਤੇ। ਜਿਥੋਂ ਤੱਕ ਆਚਰਨ ਉਸਾਰੀ ਖਾਤਰ ਸਤਿਗੁਰੂਆਂ ਦੀ ਧਾਰਮਕ ਪਰੰਪਰਾ ਦਾ ਪੱਖ ਤੇ ਸਤਿਗੁਰੂਆਂ ਦੀ ਰਚੀ ਬਾਣੀ ਨੂੰ ਨਿਜੀ ਜੀਵਨ ਵਿਚ ਢਾਲਣ ਤੇ ਜਨ ਸਾਧਾਰਨ ਵਿਚ ਉਸ ਦੇ ਸੰਚਾਰ ਤੇ ਪਰਸਾਰ ਦੀ ਗਲ ਸੀ, ਮਹਾਰਾਜਾ ਰਣਜੀਤ ਸਿੰਘ ਉਸ ਨੂੰ ਕੋਈ ਅਮਲੀ ਰੂਪ ਨਹੀਂ ਸਨ ਦੇ ਸਕੇ।

ਬਾਲ ਅਵੱਸਥਾ ਵਿਚ, ਪੰਜਾਬੀ ਦਾ ਅੱਖਰ ਗਿਆਨ ਲੈਣ ਤੋਂ ਬਾਅਦ ਸਤਿਗੁਰੂ ਜੀ ਦੇ ਹੱਥ ਪਹਿਲੀ ਸਾਹਿਤਕ ਰਚਨਾ ਪਹਿਲੇ ਸਤਿਗੁਰੂਆਂ ਦੀ ਰਚੀ ਬਾਣੀ ਆਈ। ਬਾਣੀ ਨੇ ਜਿਥੇ ਆਪ ਨੂੰ ਧਾਰਮਕ ਰੰਗਣ ਵਿਚ ਰੰਗਿਆ, ਉਥੇ ਨਾਲ ਹੀ ਇਕ ਨਵੀ ਦਿਸ਼ਾ ਲੈਣ ਵਿਚ ਮਦਦ ਕੀਤੀ। ਆਪ ਜਵਾਨ ਹੋਏ। ਆਪ ਜੀ ਦਾ ਚਿਹਰਾ ਬੜਾ ਸੁੰਦਰ, ਭੁੱਜਾਂ ਜਨ ਸਾਧਾਰਨ ਨਾਲੋਂ ਕੁਝ ਵੱਖਰੀਆਂ ਕਦ ਸਰੂ ਵਾਂਗ ਤੇ ਸਰੀਰਕ ਪੱਖੋਂ ਬੜੇ ਰਿਸ਼ਟ ਪੁਸ਼ਟ ਸਨ। ਇਹਨਾਂ ਦੇ ਜੀਜਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕੰਵਰ ਨੌ-ਨਿਹਾਲ ਸਿੰਘ ਦੀ ਪਲਟਨ ਚ ਭਰਤੀ ਕਰਾ ਦਿੱਤਾ। ਫੌਜੀ ਜੀਵਨ ਵਿਚ ਕੁਝ ਨਵੇਂ ਅਨੁਭਵ ਹੋਏ। ੩ ਸਾਲ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਅੱਖ ਮੀਟ ਜਾਣਾ, ਉਸ ਤੋਂ ਬਾਅਦ ਸਿੱਖ ਫੌਜਾਂ ਦਾ ਮੁਦਕੀ ਤੇ ਸਭਰਾਵਾਂ ਦੀ ਲੜਾਈ ਹਾਰ ਜਾਣ ਦੇ ਹਾਦਸਿਆਂ ਨੇ ਕੁਝ ਨਵਾਂ ਸੋਚਣ ਲਈ ਮਜਬੂਰ ਕੀਤਾ। ਹਾਰ ਦਾ ਮੁੱਖ ਕਾਰਨ ਫੌਜੀ ਜਰਨੈਲਾਂ ਦੀ ਆਪਸੀ ਬੇ-ਇਤਫ਼ਾਕੀ ਤੇ ਖੁਦ-ਗਰਜ਼ੀ , ਦੂਸਰਾ ਆਮ ਫ਼ੌਜੀਆਂ ਦਾ ਆਪਣੇ ਆਚਰਨ ਤੋਂ ਡਿਗ ਜਾਣਾ ਸਮਝ ਵਿਚ ਆਇਆ। ਸਤਿਗੁਰੂ ਜੀ ਦੇ ਮਨ ਨੇ ਸ਼ਾਹਦੀ ਭਰੀ ਕਿ ਇਕ ਤਾਂ ਸਿੱਖ ਫ਼ੌਜ ਅਜੇਹੇ ਹਾਲਾਤਾਂ ਵਿਚ ਅਗੋਂ ਕੋਈ ਲੜਾਈ ਜਿੱਤ ਨਹੀਂ ਸਕੇਗੀ ਤੇ ਦੂਸਰਾ ਸਿੱਖ ਰਾਜ ਦੀ ਹੋਂਦ ਨੂੰ ਵੀ ਖ਼ਤਰਾ ਮਹਿਸੂਸ ਕੀਤਾ। ਆਪ ਨੇ ਫੌਜੀ ਜੀਵਨ ਨੂੰ ਤਿਆਗ ਦਿੱਤਾ। ਆਪਣੀ ਤਲਵਾਰ ਨਦੀ ਵਿਚ ਸੁੱਟ ਦਿੱਤੀ। ਅਗਲਾ ਪ੍ਰੋਗਰਾਮ ਉਲੀਕਣ ਵਾਸਤੇ ਵਾਪਸ ਆਪਣੇ ਪਿੰਡ ਚਲੇ ਗਏ। ਕੁਝ ਸਮਾਂ ਪਾ ਕੇ ਸਿੱਖ ਰਾਜ ਦਾ ਖਾਤਮਾ ਹੋ ਗਿਆ। ਅੰਗਰੇਜ਼ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਪਹਿਲਾਂ-ਹੀ ਕਬਜ਼ਾ ਕਰ ਚੁਕੇ ਸਨ। ਹੁਣ ਪੰਜਾਬ ਵੀ ਅੰਗਰੇਜ਼ਾਂ ਦੇ ਕਬਜ਼ੇ

Namdhari Elibrary NamdhariElibrary@gmail.com

ਹੇਠ ਪੂਰੀ ਤਰ੍ਹਾਂ ਆ ਗਿਆ। ਭਾਰਤ ਪੂਰੀ ਤਰ੍ਹਾਂ ਗੁਲਾਮ ਹੋ ਗਿਆ। ਧਾਰਮਕ ਤੇ ਸਮਾਜਕ ਹਾਲਾਤ ਪਹਿਲਾਂ ਹੀ ਬਦ ਤੋਂ ਬਦਤਰ ਹੋ ਚੁਕੇ ਸਨ। ਸਤਿਗੁਰੂਆਂ ਦੀ ਬਾਣੀ ਸਿੱਖ ਰਾਜ ਦੇ ਸਮੇਂ ਵਿਚ ਹੀ ਵਿਸਰ ਚੁਕੀ ਸੀ। ਭਾਰਤੀ ਸਮਾਜ ਸਮੁੱਚੇ ਤੌਰ ਤੇ ਬਹੁਤ ਸਾਰੀਆਂ ਕੁਰੀਤੀਆਂ ਦਾ ਸ਼ਿਕਾਰ ਹੋ ਚੁੱਕਾ ਸੀ। ਮਾਸ, ਸ਼ਰਾਬ ਦਾ ਖਾਣ ਪੀਣ, ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦੀਆਂ ਘਟਨਾਵਾਂ, ਵਿਧਵਾਵਾਂ ਦਾ ਸਾਰੀ ਉਮਰ ਰੰਡੇਪਾ ਕੱਟਣਾ, ਵਿਆਹਾਂ ਵਿਚ ਵਿਤੋਂ ਵੱਧ ਖਰਚ ਕਰ ਕੇ ਕਰਜ਼ਾਈ ਹੋ ਜਾਣਾ ਆਦਿ। ਇਹ ਸਨ ਉਹ ਹਾਲਾਤ ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਕੁਝ ਕਰਨ ਵਾਸਤੇ ਪਰੇਰਿਆ। ੧੮੫੭ ਦੀ ਵਸਾਖੀ ਵਾਲੇ ਦਿਨ ਨਾਮਧਾਰੀ ਜਥੇਬੰਦੀ ਦੀ ਬਾਕਾਇਦਾ ਨੀਂਵ ਰੱਖ ਦਿੱਤੀ। ਧਾਰਮਕ ਪੱਖ ਤੋਂ ਆਚਰਨ ਦੀ ਉਸਾਰੀ ਵਾਸਤੇ ਸਤਿਗੁਰੂਆਂ ਦੀ ਰਚੀ ਬਾਣੀ ਨੂੰ ਪੜ੍ਹਾਣ ਪੜ੍ਹਾਉਣ ਤੇ ਸੰਸਾਰ ਦੀ ਰਚਣਹਾਰ ਸ਼ਕਤੀ ਦਾ ਨਾਮ ਸਿਮਰਨ ਪਹਿਲਾਂ ਹੀ ਅਰੰਭ ਕੀਤਾ ਜਾ ਚੁਕਾ ਸੀ। ਰਚਨਹਾਰ ਸ਼ਕਤੀ ਦੇ ਨਾਮ ਸਿਮਰਨ ਕਰਨ ਕਰ ਕੇ ਹੀ ਇਹਨਾਂ ਦੇ ਨਾਮ -ਲੇਵਿਆਂ ਦਾ ਨਾਮ ਨਾਮਧਾਰੀ ਪੈ ਗਿਆ। ਰਚਨਹਾਰ ਸ਼ਕਤੀ ਦੀ ਮਹਿਮਾ ਵਿਚ ਸਤਿਗੁਰੂ ਜੀ ਦੇ ਭਗਤ ਜਦੋਂ ਕੀਰਤਨ ਕਰਦੇ ਤੇ ਦੀਵਾਨ ਲਾਉਂਦੇ ਤਾਂ ਇਨ੍ਹਾਂ ਦੇ ਸੁਰ ਤੇ ਬੋਲ ਬੜੀਆਂ ਉਚੀਆਂ ਆਵਾਜ਼ਾਂ ਵਿਚ ਸੁਣਾਈ ਦੇਂਦੇ ਜਿਥੋਂ ਇਨ੍ਹਾਂ ਦਾ ਦੂਸਰਾ ਨਾਮ ਕੂਕੇ ਪੈ ਗਿਆ। ਅੰਗਰੇਜ਼ਾਂ ਨੇ ਆਪਣੇ ਰੀਕਾਰਡ ਵਿਚ ਇਨ੍ਹਾਂ ਦਾ ਨਾਮ ਕੂਕਾ ਸ਼ਬਦ ਨਾਲ ਕਲਮਬੰਦ ਕੀਤਾ ਹੈ। ਸਤਿਗੁਰੂ ਜੀ ਨੇ ਸਰਬ ਪੱਖੀ ਪ੍ਰੋਗਰਾਮ ਤਿਆਰ ਕਰ ਲਿਆ। ਧਾਰਮਕ ਪੱਖ ਤੋਂ ਸਤਿਗੁਰੂਆਂ ਦੀ ਬਾਣੀ ਦਾ ਪਰਚਾਰ ਤੇ ਪਰਸਾਰ ਤੇ ਸੰਸਾਰ ਦੀ ਰਚਨਹਾਰ ਸ਼ਕਤੀ ਦਾਂ ਨਾਮ ਸਿਮਰਨ। ਆਤਮਕ ਸ਼ੁੱਧੀ ਤੇ ਆਚਰਨ ਉਸਾਰੀ ਵਾਸਤੇ ਇਸ ਨੂੰ ਪ੍ਰੋਗਰਾਮ ਦਾ ਇਕ ਮੁੱਖ ਅੰਗ ਬਣਾਇਆ। ਸਮਾਜਕ ਬੁਰਾਈਆਂ ਦੇ ਖਾਤਮੇ ਲਈ ਮਾਸ ਸ਼ਰਾਬ ਦੇ ਸੇਵਨ ਉਪਰ ਪੂਰੀ ਪਾਬੰਦੀ ਵਿਧਵਾਵਾਂ ਦੇ ਪੁਨਰ ਵਿਆਹ ਦੀ ਖੁਲ੍ਹ, ਵਿਆਹਾਂ ਨੂੰ ਬੜਾ ਸਾਦਾ ਬਿਨਾ ਦਾਜ ਦਹੇਜ ਤੇ ਸਮੂਹਕ ਰੂਪ ਵਿਚ ਕਰਨਾ, ਇਸਤਰੀ ਨੂੰ ਸਮਾਜ ਅੰਦਰ ਬਰਾਬਰ ਦਾ ਦਰਜਾ ਦਿਲਵਾਉਣਾ, ਜੰਮਦਿਆਂ ਕੁੜੀਆਂ ਨੂ ਮਾਰਨ ਦੀਆਂ ਘਟਨਾਵਾਂ ਨੂੰ ਰੋਕਣਾ ਆਦਿ। ਰਾਜਨੀਤਕ ਖੇਤਰ ਵਿਚ ਇਕ ਨਵੇਂ ਸਿਧਾਂਤ ਦੀ ਸਥਾਪਨਾ ਕਰਨਾ। ਸਤਿਗੁਰੂ ਜੀ ਦੀ ਦੂਰ ਦ੍ਰਿਸ਼ਟੀ ਨੇ ਇਸ ਫੈਸਲੇ ਤੇ ਪਹੁੰਚਾਇਆ ਕਿ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਹਿੰਸਾ ਤੋਂ ਫਿਲ ਹਾਲ ਕੰਮ ਨਹੀ ਲੈਣਾ। ਚੂੰਕਿ ਅੰਗਰੇਜ਼ ਵਪਾਰੀ ਦੇ ਰੂਪ ਵਿਚ ਭਾਰਤ ਅੰਦਰ ਦਾਖਲ ਹੋਇਆ ਹੈ। ਇਸ ਦੇ ਵਪਾਰ ਉਪਰ ਸੱਟ ਮਾਰਨ ਲਈ ਇਸ ਦੀਆਂ ਤਿਆਰ ਕੀਤੀਆਂ ਸਾਰੀਆਂ ਵਸਤੂਆਂ ਦਾ ਬਾਈਕਾਟ, ਇਸ ਦੀ ਨੌਕਰੀ ਨਾ ਕਰਨੀ, ਇਸ ਦੀਆਂ ਕਚਹਿਰੀਆਂ ਵਿਚੋਂ ਇਨਸਾਫ ਨਾ ਲੈਣਾ। ਇਸ ਦੇ ਸਕੂਲਾਂ ਕਾਲਜਾਂ ਵਿਚੋਂ ਵਿਦਿਆ ਨਾ ਲੈਣੀ ਇਕ ਪੇਰਲਲ (ਸਮਾਨੰਤਰ) ਸਰਕਾਰ ਦਾ ਗਠਨ ਕਰਨਾ। ਇਸ ਪ੍ਰੋਗਰਾਮ ਪਿਛੇ ਲੱਖਾਂ ਲੋਕ ਜੁੜਨੇ ਅਰੰਭ ਹੋ ਗਏ। ਅੰਦਰ ਖਾਤੇ ਅੰਗਰੇਜ਼ ਆਪਣੀ ਡਾਇਰੀ ਤਿਆਰ ਕਰਦਾ ਰਿਹਾ। ਕਿਸੇ ਅਜੇਹੇ ਬਹਾਨੇ ਦੀ ਤਾੜ ਵਿਚ ਜਿਸ ਹੇਠ ਕੋਈ ਕਾਰਵਾਈ ਕਰ ਸਕੇ। ਅੰਗਰੇਜ਼ ਨੇ ਆਪਣੀ ਪਾੜੋ ਤੇ ਰਾਜ ਕਰੋ ਦੀ ਨੀਤੀ ਹੇਠ ਬੁੱਚੜਖਾਨੇ ਖੋਹਲ ਦਿੱਤੇ। ਗਊਆਂ ਦੇ ਕਤਲ ਹੋਣ ਲਗ ਪਏ। ਸਤਿਗੁਰੂ ਜੀ ਪਾਸੋ ਬਿਨਾ ਆਦੇਸ਼ ਲਏ ਅੰਮ੍ਰਿਤਸਰ ਤੇ ਲੁਧਿਆਣੇ ਬੁਚੜਾਂ ਦਾ ਖਾਤਮਾ ਕਰ ਕੇ ਫਾਂਸੀ ਚੜ੍ਹ ਗਏ। ਤੀਸਰੀ ਮਲੇਰਕੋਟਲੇ ਦੀ ਘਟਨਾ। ਸਰਕਾਰੀ ਅਮਲੇ ਨਾਲ ਮੁਠਭੇੜ ਹੋਈ। ਜਿਸ ਦੇ ਇਵਜ ਵਿਚ ੬੬ ਨਾਮਧਾਰੀ ਸਿੰਘਾਂ ਨੂੰ ਫੜ ਲਿਆ। ਅੰਗਰੇਜ਼ਾਂ ਨੇ ਆਪਣੇ ਸਾਰੇ ਕਾਇਦੇ ਕਾਨੂੰਨ ਛਿੱਕੇ ਉਪਰ ਟੰਗ ਕੇ ਬਿਨਾ ਕੋਈ ਮੁਕਦਮਾ ਚਲਾਏ ਤੋਪਾਂ ਸਾਵੇਂ ਉਡਾ ਦਿਤਾ। ਸ਼ਹੀਦੀਆਂ ਪਾਉਣ ਵਾਲੇ ਹੱਸ ਹੱਸ ਕੇ ਵਾਰੋ ਵਾਰੀ ਤੋਪਾਂ ਅਗੇ ਆਪ ਖਲੋਤੇ। ਸਤਿਗੁਰੂ ਰਾਮ ਸਿੰਘ ਜੀ ਨੂੰ ਨਾਮਧਾਰੀ ਸਿੰਘਾਂ ਦਾ ਗੁਰੂ ਜਾਣ ਕੇ ਸ੍ਰੀ ਭੈਣੀ ਸਾਹਿਬ ਤੋਂ ਹਿਰਾਸਤ ਵਿੱਚ ਲੈ ਲਿਆ। ਬਰਮਾ ਦੇ ਸ਼ਹਿਰ ਰੰਗੂਨ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਹੋਰ ਕੁਝ ਨਿਕਟ ਵਰਤੀਆਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਭੇਜ ਦਿੱਤਾ। ਹੈਡਕੁਆਟਰ ਸ੍ਰੀ ਭੈਣੀ ਸਾਹਿਬ ਵਿਖੇ ਪੁਲੀਸ ਦਾ ਪਹਿਰਾ ਬਿਠਾ ਕੇ ਨਾਮਧਾਰੀਆਂ ਦੇ ਆਪਸੀ ਮਿਲਣ ਉਪਰ ਪਾਬੰਦੀ ਲਗਾ ਦਿੱਤੀ। ਇਸ ਤਰ੍ਹਾਂ ਕਰ ਕੇ ਨਾਮਧਾਰੀ ਲਹਿਰ ਉਪਰ ਦਮਨ ਕਰਕੇ ਪੂਰੀ ਤਰ੍ਹਾਂ ਦਬਾਉਣ ਦਾ ਯਤਨ ਕੀਤਾ। ਭਾਰਤ ਦੀ ਆਜ਼ਾਦੀ ਖਾਤਰ ਅੰਗਰੇਜ਼ ਵਿਰੁੱਧ ਜਿੰਨੇ ਵੀ ਅੰਦੋਲਨ ਚਲੇ ਨਾਮਧਾਰੀ ਸਮਾਜ ਨੇ ਸਮੁੱਚੇ ਤੌਰ ਤੇ ਬਾਅਦ ਵਿਚ ਸਤਿਗੁਰੂ ਹਰੀ ਸਿੰਘ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਹੇਠ ਆਪਣਾ ਸਹਿਯੋਗ ਦੇ ਕੇ ਆਪਣੀ ਕੌਮੀ ਛਵੀ ਨੂੰ ਬਣਾਈ ਰੱਖਿਆ। ਸਮੁੱਚੇ ਪੰਥ ਨੂੰ ਧਾਰਮਕ ਰੰਗਣ ਵਿਚ ਰੰਗੀ ਰੱਖਿਆ। ਸਮਾਜਕ ਕੁਰੀਤੀਆਂ ਤੋਂ ਬਚਾਈ ਰੱਖਿਆ। ਵਰਤਮਾਨ ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਪਹਿਲੇ ਸਾਰੇ ਸਤਿਗੁਰੂਆਂ ਦੀ ਪਰੰਪਰਾ ਤੇ ਆਦਰਸ਼ਾਂ ਨੂੰ ਕਾਇਮ ਰੱਖਣ ਵਾਸਤੇ ਆਪਣਾ ਪੂਰੀ ਤਰ੍ਹਾਂ ਹੁਣ ਤੱਕ ਪਹਿਰਾ ਦੇ ਰਹੇ ਹਨ। ■

ਗੁਰੂ ਗੋਬਿੰਦ ਸਿੰਘ ਪਿੱਛੋਂ

ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹੀ ਨਹੀਂ ਹੋਈ, ਜਿਸਨੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰੱਖਿਆ ਹੋਵੇ ਜਿਸਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।

...ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ. ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੋ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ ਵਿਚ ਖੜ੍ਹਾ ਕਰ ਦੇਂਦਾ ਹੈ।

-ਸ: ਕਪੂਰ ਸਿੰਘ ਆਈ.ਸੀ.ਐਸ.

(ਸ਼ਪਤ ਸ਼੍ਰਿੰਗ ਪੁਸਤਕ ਚੋਂ)

Namdhari Elibrary NamdhariElibrary@gmail.com

■ ਨਿਰੰਜਨ ਸਿੰਘ 'ਤਾਂਘੀ'

ਬਸੰਤ ਪੰਚਮੀ ਦੇ ਅਵਤਾਰ

ਨਾਮਧਾਰੀ ਸੰਪ੍ਰਦਾ ਦੇ ਬੱਗੇ ਬਸਤਰਧਾਰੀ, ਬੱਗੇ ਸ਼ੇਰਾਂ ਨੇ ਦੇਸ਼ ਦੀ ਅਜ਼ਾਦੀ ਦੀ ਖਾਤਰ, ਕਿਸਤਰ੍ਹਾਂ ਆਪਣੀਆਂ ਜ਼ਿੰਦੜੀਆਂ, ਹੱਸ-ਹੱਸ ਕੇ, ਆਪਣੇ ਦੇਸ਼ ਪਿਆਰ ਬਦਲੇ ਘੋਲ-ਘੁਮਾ ਦਿੱਤੀਆਂ, ਕੁਰਬਾਨ ਕਰ ਦਿੱਤੀਆਂ, ਉਸਦਾ ਵਰਨਣ ਭਾਰਤ ਵਰਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਰਹੇਗਾ।

ਨਾਮਧਾਰੀ ਸੰਪ੍ਰਦਾਇ ਬੱਗੇ ਬਸਤ੍ਰਧਾਰੀ, ਬੱਗੇ ਸ਼ੇਰਾਂ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਜਿਸਤਰ੍ਹਾਂ ਆਪਣੀਆਂ ਜ਼ਿੰਦੜੀਆਂ ਹੱਸ ਹੱਸ ਕੇ ਵਾਰੀਆਂ, ਕੁਰਬਾਨ ਕੀਤੀਆਂ, ਘੋਲ ਘੁਮਾ ਦਿੱਤੀਆਂ, ਉਸਦਾ ਸੰਖੇਪ ਵਰਨਣ ਹੇਠ ਲਿਖੇ ਇਤਿਹਾਸਕ ਲੇਖ ਵਿਚ ਕਰਨ ਦਾ ਜਤਨ ਕੀਤਾ ਗਿਆ ਹੈ। ਦੇਸ਼ ਲਈ ਕੁਰਬਾਨ ਹੋਣ ਵਾਲੇ ਇਹਨਾਂ ਮਹਾਨ ਸ਼ਹੀਦਾ ਨੂੰ ਅਸੀਂ ਨਿੰਮ੍ਰਤਾ ਸਹਿਤ ਸਿਰ ਝੁਕਾਉਂਦੇ ਹਾਂ, ਪ੍ਰਣਾਮ ਕਰਦੇ ਹਾਂ।

ਹਿੰਦੁਸਤਾਨ ਦੀ ਧਰਤੀ, ਖਾਸ ਕਰਕੇ ਪੰਜਾਬ ਨੂੰ ਇਹ ਮਾਣ ਹੈ, ਕਿ ਜਦੋਂ ਵੀ ਇਸਦਾ ਕਿਸੇ ਜ਼ਾਲਮ ਹੁਕਮਰਾਨ ਨਾਲ ਵਾਹ ਪਿਆ, ਤਾਂ ਕੋਈ ਨਾ ਕੋਈ ਯੋਧਾ ਅਤੇ ਮਹਾਪੁਰਸ਼ ਜ਼ੁਲਮ ਦੀਆਂ ਜੜ੍ਹਾਂ ਪੁਟਣ ਲਈ ਮੈਦਾਨ ਵਿਚ ਕੁੱਦ ਪਿਆ।

ਜਦ ਅੰਗਰੇਜ਼ੀ ਰਾਜ ਸਮੇਂ ਕਈ ਤਰ੍ਹਾਂ ਦੀਆਂ ਕੁਚਾਲਾਂ ਨਾਲ ਹਿੰਦੂ ਤੇ ਸਿਖਾਂ ਦੇ ਧਾਰਮਕ ਜਜ਼ਬਾਤਾਂ ਨੂੰ ਕੁਚਲਿਆ ਜਾ ਰਿਹਾ ਸੀ, ਤਾਂ ਲੁਧਿਆਣੇ ਜ਼ਿਲੇ, ਦੇ ਇਕ ਛੋਟੇ ਜਹੇ ਪਿੰਡ ਭੈਣੀ ਵਿਖੇ, ਜੋ ਕਿ ਪਿਛੋਂ ਜਾ ਕੇ ਸ੍ਰੀ ਭੈਣੀ ਸਾਹਿਬ ਪ੍ਰਸਿਧ ਹੋਇਆ, ਭਾਈ ਜੱਸਾ ਸਿੰਘ ਜੀ ਦੇ ਘਰ ਸੰਨ ੧੮੭੨ ਬਿਕ੍ਰਮੀ, ਮਹੀਨਾ ਮਾਘ ਦੀ ਬਸੰਤ-ਪੰਚਮੀ ਦੀ ਰਾਤ ਨੂੰ, ਹਜ਼ੂਰ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ।

ਜਿਉਂ ਜਿਉਂ ਸਤਿਗੁਰੂ ਰਾਮ ਸਿੰਘ ਜੀ ਸਿਆਣੇ ਹੁੰਦੇ ਗਏ, ਆਪ ਦੀ ਪ੍ਰੇਮਾ-ਭਗਤੀ, ਸਚਿਆਈ ਅਤੇ ਦੇਸ਼ ਪਿਆਰ ਦੀ ਚਰਚਾ ਚੁਫੇਰੇ ਫੈਲਦੀ ਗਈ ਅਤੇ ਬਹੁਤ ਸਾਰੇ ਸਿੱਖ ਆਪ ਜੀ ਦੇ ਝੰਡੇ ਥੱਲੇ ਆਉਂਦੇ ਗਏ।

ਆਪ ਪਹਿਲੇ ਅਜਿਹੇ ਦੇਸ਼ ਭਗਤ ਸਨ, ਜਿਹਨਾਂ ਨੇ ਅੰਗਰੇਜ਼ੀ ਹਕੂਮਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਬਰਤਾਨਵੀ ਹਕੂਮਤ ਦੇ ਖਿਲਾਫ਼ ਨਾ-ਮਿਲਵਰਤਣ ਦਾ ਨਾਹਰਾ ਲਾਇਆ। ਦੇਸੀ ਪਹਿਰਾਵੇ ਦੀ ਲਹਿਰ ਸ਼ੁਰੂ ਕੀਤੀ। ਮਹਾਤਮਾ ਗਾਂਧੀ ਨੇ ਪਿਛੋਂ ਜਾਕੇ ਜਿਹੜਾ ਅੰਗਰੇਜ਼ ਹਕੂਮਤ ਦੇ ਖਿਲਾਫ਼ ਨਾ-ਮਿਲਵਰਤਣ ਦਾ ਨਾਹਰਾ ਲਾਇਆ ਅਤੇ ਦੇਸੀ ਪਹਿਰਾਵੇ ਦੀ ਲਹਿਰ ਸ਼ੁਰੂ ਕੀਤੀ, ਉਹ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਤੋ ਤਕਰੀਬਨ ਸੱਠ-ਪੈਂਹਠ ਸਾਲ ਪਹਿਲਾਂ, ਅੰਗਰੇਜ਼ੀ ਤਾਲੀਮ, ਅੰਗਰੇਜ਼ੀ ਅਦਾਲਤਾਂ, ਅੰਗਰੇਜ਼ ਦੇ ਮੁਲਕ ਦੇ ਬਣੇ ਹੋਏ ਕਪੜੇ ਅਤੇ ਹੋਰ ਕਈ ਚੀਜ਼ਾਂ ਦਾ ਬਾਈਕਾਟ ਕਰਕੇ ਮੁਲਕ ਨੂੰ ਅਗਵਾਈ ਦਿੱਤੀ ਸੀ। ਇਸ ਬਾਈਕਾਟ ਵਿਚ ਰੇਲ, ਡਾਕ ਅਤੇ ਬਦੇਸ਼ੀ ਹਕੂਮਤ ਦੀ ਨੌਕਰੀ ਵੀ ਸ਼ਾਮਲ ਸੀ।

ਇਹ ਨਾ-ਮਿਲਵਰਤਣ ਲਹਿਰ ਬਿਲਕੁਲ ਖਾਮੋਸ਼ ਅਤੇ ਪੁਰਅਮਨ ਲਹਿਰ ਸੀ। ਇਸ ਲਹਿਰ ਦੇ ਪ੍ਰਾਪੇਗੰਡੇ ਲਈ ਨਾ ਕੋਈ ਇਸ਼ਤਿਹਾਰ ਅਤੇ ਨਾ ਹੀ ਅਖਬਾਰਾਂ ਰਾਹੀ ਕਿਸੇ ਕਿਸਮ ਦਾ ਕੋਈ ਪ੍ਰਾਪੇਗੰਡਾ ਕੀਤਾ ਗਿਆ। ਸਗੋਂ, ਕੰਨੋਂ ਕੰਨੀ ਹੀ ਇਹ ਨਾਮਿਲਵਰਤਣ ਲਹਿਰ ਸਾਰੇ ਪੰਜਾਬ ਵਿਚ ਫੈਲ ਗਈ। ਕੂਕੇ ਸਿੰਘਾਂ ਦੇ ਹਰ ਇਕ ਇਲਾਕੇ ਵਿਚ ਆਪਣਾ ਸੂਬਾ ਅਤੇ ਇਨਸਾਫ ਲਈ ਅਦਾਲਤਾਂ ਸਨ। ਇਸ ਬਾਰੇ ਜਾਣਕੇ ਅੰਗਰੇਜ਼ ਦੀ ਨੀਂਦ ਹਰਾਮ ਹੋ ਗਈ। ਇਸ ਲਹਿਰ ਨੇ ਜਿਥੇ ਵਤਨ ਦੀ ਆਜ਼ਾਦੀ ਰੂਪੀ ਸ਼ਮ੍ਹਾ ਤੋਂ ਆਪਣਾ ਆਪ ਕੁਰਬਾਨ ਕਰਨ ਵਾਲੇ ਪ੍ਰਵਾਨਿਆਂ ਨੂੰ ਜਨਮ ਦਿੱਤਾ ਓਥੇ ਨਾਲ ਹੀ ਇਸ ਲਹਿਰ ਨੂੰ ਖ਼ਤਮ ਕਰਕੇ ਅੰਗਰੇਜ਼ੀ ਹਕੂਮਤ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੇ ਕਈ 'ਜੈ-ਚੰਦ' ਵੀ ਪੈਦਾ ਹੋ ਗਏ।

Namdhari Elibrary NamdhariElibrary@gmail.com

ਅੰਗਰੇਜ਼ ਦੇ ਇਹਨਾਂ ਝੋਲੀ ਚੁੱਕਾਂ ਨੇ ਆਪਣੇ ਇਹਨਾਂ ਮਾਲਕਾਂ ਨੂੰ ਖੁਸ਼ ਕਰਨ ਲਈ, ਸਤਿਗੁਰੂ ਰਾਮ ਸਿੰਘ ਜੀ ਅਤੇ ਇਹਨਾਂ ਦੇ ਸਿੰਘਾਂ ਦੇ ਖਿਲਾਫ ਝੂਠੀਆਂ ਤੇ ਬੇ-ਬੁਨਿਆਦ. ਗੱਲਾਂ ਕੀਤੀਆਂ। ਏਥੋਂ ਤਕ ਮੁਖਬਰਾਂ ਨੇ ਰੀਪੋਰਟ ਕੀਤੀ ਕਿ ਪਿੰਡ ਭੈਣੀ ਸਾਹਿਬ ਵਿਖੇ, ਕੂਕਿਆਂ ਦੇ ਗੁਰੂ ਦੀ ਨਿਗਰਾਨੀ ਵਿਚ ਬਹੁਤ ਸਾਰੀਆਂ ਤੋਪਾਂ, ਗੋਲਾ ਬਾਰੂਦ ਅਤੇ ਬੰਦੂਕਾਂ ਬਣਾਈਆਂ ਜਾ ਰਹੀਆਂ ਹਨ। ਇਹ ਸਭ ਕੁਛ ਅੰਗਰੇਜ਼ਾਂ ਦੇ ਖਿਲਾਫ਼ ਜੰਗ ਲੜਨ ਲਈ ਹੀ ਤਿਆਰ ਕੀਤਾ ਜਾ ਰਿਹਾ ਹੈ।

ਸੰਨ ੧੮੪੯ ਈਸਵੀ ਵਿਚ, ਸਿਖਾਂ ਦੀਆਂ ਫੌਜਾਂ ਨੂੰ ਤੋੜ ਕੇ, ਇਹਨਾਂ ਪਾਸੋਂ ਹਰ ਤਰ੍ਹਾਂ ਦੇ ਹਥਿਆਰ ਲੈ ਕੇ, ਇਹਨਾਂ ਨੂੰ ਨਿਹੱਥੇ ਕਰ ਦਿੱਤਾ ਗਿਆ। ਸੰਨ ੧੮੫੭ ਈਸਵੀ ਵਿਚ, ਦੇਸ਼ ਦੇ ਕੁਛ ਹਿੱਸਿਆਂ ਵਿੱਚ, ਕੁਛ ਵਿਅਕਤੀਆਂ ਵਲੋਂ ਅੰਗਰੇਜ਼ ਹਕੂਮਤ ਦੇ ਖਿਲਾਫ਼ ਬਗਾਵਤ ਕੀਤੀ ਗਈ। ਜੋ ਕਿ ਕਿਸੇ ਸਹੀ ਸੇਧ ਅਤੇ ਨਿਸ਼ਾਨੇ ਦੀ ਅਣਹੋਂਦ ਕਾਰਨ ਬੁਰੀ ਤਰ੍ਹਾਂ ਫਿਹਲ ਹੋ ਗਈ। (ਹਵਾਲਾ ਪੰਡਤ ਜਵਾਹਰ ਲਾਲ ਨਹਿਰੂ ਦੀ ਲਿਖੀ ਪੁਸਤਕ, ਡਿਸਕਵਰੀ ਆਫ ਇੰਡੀਆ ਦਾ ਸਫਾ ਨੰਬਰ ੨੮੨)।

ਇਸੇ ਸਾਲ ਭਾਵ ੧੨ ਅਪ੍ਰੈਲ ਸੰਨ ੧੮੫੭ ਈਸਵੀ, ਵੈਸਾਖੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ, ਭਾਰਤ ਵਾਸੀਆਂ, ਖਾਸ ਕਰਕੇ ਪੰਜਾਬੀਆਂ ਦੀ ਡਿਗਦੀ ਰੂਹ ਨੂੰ ਸੁਰਜੀਤ ਕਰਨ ਲਈ, ਪੰਜਾਬ ਵਿਚ ਅੰਗਰੇਜ਼ੀ ਹਕੂਮਤ ਦੇ ਟਾਕਰੇ ਲਈ, ਬਦੇਸ਼ੀ ਰਾਜ ਨਾਲ ਨਾਮਿਲਵਰਤਣ ਦੀ ਲਹਿਰ ਆਰੰਭ ਕਰਕੇ, ਦੇਸ਼ ਪਿਆਰ ਦੇ ਜਜ਼ਬੇ ਨੂੰ ਉਤੇਜਿਤ ਕਰਨ ਦਾ ਮਹਾਨ ਉਪਰਾਲਾ ਕੀਤਾ। ਹਾਲਾਤ ਦੇ ਨਾ-ਮੁਆਫਿਕ ਹੁੰਦਿਆਂ ਹੋਇਆਂ ਵੀ, ਪੰਜਾਬ ਵਿਚ ਅੰਗਰੇਜ਼ ਹਕੂਮਤ ਦੇ ਖਿਲਾਫ਼ ਬ੍ਰਿਟਿਸ਼ ਰਾਜ ਦੇ ਟਾਕਰੇ ’ਤੇ ਇਕ ਖੁਫੀਆ ਹਕੂਮਤ ਕਾਇਮ ਕਰਨੀ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਇਕ ਬਹੁਤ ਵੱਡਾ ਕਾਰਨਾਮਾ ਸੀ। ਗਊ ਗ਼ਰੀਬ ਦੀ ਰਖਿਆ ਦੀ ਖਾਤਰ ਇਹਨਾਂ ਦੇ ਅਨੁਯਾਈ ਖੁਸ਼ੀ ਖੁਸ਼ੀ ਤੋਪਾਂ ਅਗੇ ਖੜ੍ਹੇ ਹੋਕੇ, ਤੂੰਬਾ ਤੂੰਬਾ ਹੋ ਗਏ ਅਤੇ ਫਾਂਸੀ ਦੇ ਰੱਸਿਆਂ ਨਾਲ ਝੂਲ ਗਏ।।

ਨਾਮਧਾਰੀ ਸੰਪ੍ਰਦਾ ਦੇ ਬੱਗੇ ਬਸਤਰਧਾਰੀ, ਬੱਗੇ ਸ਼ੇਰਾਂ ਨੇ ਦੇਸ਼ ਦੀ ਅਜ਼ਾਦੀ ਦੀ ਖਾਤਰ, ਕਿਸਤਰ੍ਹਾਂ ਆਪਣੀਆਂ ਜਿੰਦੜੀਆਂ, ਹੱਸ-ਹੱਸ ਕੇ, ਆਪਣੇ ਦੇਸ਼ ਪਿਆਰ ਬਦਲੇ ਘੋਲ-ਘੁਮਾ ਦਿੱਤੀਆਂ, ਕੁਰਬਾਨ ਕਰ ਦਿੱਤੀਆਂ, ਉਸਦਾ ਵਰਨਣ ਭਾਰਤ ਵਰਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਰਹੇਗਾ।

ਬਸੰਤ ਦਾ ਦਿਨ ਸੁਭਾਗਾ ਦਿਨ ਹੈ, ਜਿਸਨੇ ਹਿੰਦੁਸਤਾਨ ਨੂੰ ਸਤਿਗੁਰੂ ਰਾਮ ਸਿੰਘ ਜੀ ਵਰਗਾ ਦੂਰ-ਅੰਦੇਸ਼, ਹੁਬੱਲਵਤਨੀ ਦੇ ਜਜ਼ਬੇ ਨਾਲ ਭਰਪੂਰ, ਮਹਾਨ-ਮਹਾਨ ਆਜ਼ਾਦੀ ਦਾ ਆਸ਼ਕ ਅਤੇ ਸਭ ਤੋਂ ਪਹਿਲਾ ਇਨਕਲਾਬੀ ਦਿੱਤਾ।

ਅਸੀਂ ਬਸੰਤ ਦੇ ਸੁਭਾਗੇ ਦਿਨ ਪ੍ਰਗਟ ਹੋਇ ਮਹਾਨ ਅਵਤਾਰ ਵਲੋਂ ਚਲਾਈ ਸੰਪ੍ਰਦਾ ਵਿਚ ਹੋਏ ਅਤੇ ਬਾਕੀ ਸਭ ਦੇਸ਼ ਦੀ ਖਾਤਰ ਕੁਰਬਾਣ ਹੋਣ ਵਾਲੇ ਮਹਾਨ ਸ਼ਹੀਦਾਂ ਨੂੰ ਨਿੰਮ੍ਰਤਾ ਅਤੇ ਸਤਿਕਾਰ ਸਹਿਤ ਆਪਣਾ ਸਿਰ ਝੁਕਾਉਂਦੇ ਹਾਂ।

■

■ ਸੁਰਜੀਤੀ ਖ਼ੁਰਸ਼ੀਦੀ

ਨੁਹਾਰ ਚੀਨੀ ਵਾਲੇ ਦੀ

ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ
ਗੁਰੂ ਜਗਜੀਤ ਵਿਚ

ਭੈਣੀ ਦੇ ਖੇੜੇ ਉਤੇ
ਪੰਜਾਬ ਦੇ ਵੇਹੜੇ ਉਤੇ
ਦੇਸ ਦੇ ਮੁੱਖੜੇ ’ਤੇ
ਅੰਮ੍ਰਿਤ ਫੁਹਾਰ ਪੈਂਦੀ
ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ ....

ਸਦਾ ਨਿੱਤਨੇਮ ਚੱਲੇ
ਮਾਨਵ ਪ੍ਰੇਮ ਚੱਲੇ
ਵਿਸ਼ਵ ਕਲਿਆਨ ਲਈ
ਮਾਨਵ ਦੀ ਸ਼ਾਨ ਲਈ,
ਬਾਣੀ ਦਾ ਪਾਠ ਚੱਲੇ
ਵਰਨੀ ਦੀ ਠਾਠ ਚੱਲੇ
ਅੰਬਰ ਵੀ ਦੇਖੇ ਪਿਆ
ਧਰਤੀ ਬਲਿਹਾਰ ਦੀ
ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ............

ਨਮਸਕਾਰ ਇਸ ਭੂਮੀ ਤਾਈਂ
ਜਿਥੇ ਇਹਨਾਂ ਪਬ ਧਰੇ
ਨਮਸਕਾਰ ਇਸ ਵਾਅ ਤਾਈਂ
ਜਿਥੇ ਇਨ੍ਹਾਂ ਸਾਹ ਭਰੇ
ਨਮਸਕਾਰ ਇਸ ਸੰਗਤ ਨੂੰ ਹੈ
ਜਿਹੜੀ ਇਹ ਦੀਦਾਰ ਕਰੇ
ਨਮਸਕਾਰ ਇਸ ਸ੍ਰਿਸ਼ਟੀ ਨੂੰ ਜੋ
ਇਹਨਾਂ ਤੋਂ ਬਲਿਹਾਰ ਜਾਂਦੀ
ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ
ਗੁਰੂ ਜਗਜੀਤ ਵਿਚ।

Namdhari Elibrary NamdhariElibrary@gmail.com

■ ਬੀਬੀ ਸਿਮਰਜੀਤ ਕੌਰ

ਨਾਮਧਾਰੀ ਸਮਾਜ ਅਤੇ ਇਸਤਰੀਆਂ

ਮਾਤਾ ਭੁਪਿੰਦਰ ਕੌਰ ਦੇ ਲਾਲ, ਵਿਸ਼ਾਲ ਨਾਮਧਾਰੀ ਜਗਤ ਦੇ ਹਿਰਦੇ ਸਮਰਾਟ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਧਾਰਮਿਕ ਤੇ ਸਮਾਜਿਕ ਖੇਤਰ ਵਿਚ ਇਸਤਰੀਆਂ ਨੂੰ ਸਿਖਰ ਤੇ ਜਾ ਖੜਾ ਕੀਤਾ ਹੈ। ਆਪ ਜੀ ਦੀ ਅਰਧਾਂਗਨੀ ਮਾਤਾ ਚੰਦ ਕੌਰ ਜੀ, ਸਤਿਗੁਰੂ ਜੀ ਦੇ ਮਾਰਗ ਨੂੰ ਰੁਸ਼ਨਾਉਣ ਲਈ ਪੂਰਾ ਸਹਿਯੋਗ ਦੇ ਰਹੇ ਹਨ। ਇਸਤਰੀਆਂ ਨੂੰ ਉਤਸ਼ਾਹ ਦੇਂਦੇ ਹਨ, ਸਤਿਗੁਰੂ ਜੀ ਦੇ ਹੁਕਮ ਵਿਚ ਚਲਣ ਦੀ ਪ੍ਰੇਰਣਾ ਕਰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦਾ ਜਦੋਂ ਜਨਮ ਹੋਇਆ (੧੮੧੬) ਉਸ ਸਮੇ ਇਸਤਰੀਆਂ ਦੀ ਸਮਾਜਕ ਹਾਲਤ ਬਹੁਤ ਖ਼ਰਾਬ ਸੀ। ਉਹਨਾਂ ਦਾ ਨਾ ਕੋਈ ਮਾਣ ਸਤਿਕਾਰ, ਨਾ ਹੀ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਂਦੀ ਸੀ। ਉਹਨਾਂ ਵੱਲ ਕੋਈ ਧਿਆਨ ਹੀ ਨਹੀਂ ਸੀ ਦੇਂਦਾ।

ਛੋਟੀ ਉਮਰ ਵਿਚ ਹੀ ਮੰਗਨੀ ਪਿਛੋ ਉਹਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਨਾ ਉਸ ਨੂੰ ਕੋਈ ਸਮਝ ਹੁੰਦੀ ਨਾ ਸਹੁਰੇ ਘਰ ਵਿਹਾਰ ਕਰਨ ਦੀ ਸੂਝ। ਸਤਿਗੁਰੂ ਰਾਮ ਸਿੰਘ ਜੀ ਦਾ ਜਦ ਵਿਆਹ ਹੋਇਆ ਤਾਂ ਮਾਤਾ ਜਸਾਂ ਜੀ ੫ ਸਾਲ ਦੇ ਸਨ ਤੇ ਆਪ ੭ ਸਾਲ ਦੇ ਸਨ।

ਛੋਟੀ ਉਮਰ ਦੀ ਵਿਆਹੀ ਬਾਲੜੀ ਜੇ ਵਿਧਵਾ ਹੋ ਜਾਂਦੀ ਤਾਂ ਹੋਰ ਮੁਸੀਬਤ ਆ ਜਾਂਦੀ। ਉਸਦਾ ਜਾਂ ਕਿਸੇ ਵੀ ਵਿਧਵਾ ਦਾ ਦੁਬਾਰਾ ਵਿਆਹ ਪਾਪ ਸਮਝਿਆ ਜਾਂਦਾ ਸੀ। ਉਸ ਬੱਚੀ ਨੂੰ, ਜਿਸ ਨੂੰ ਵਿਆਹ ਦੇ ਅਰਥ ਵੀ ਨਹੀਂ ਸਨ ਪਤਾ ਹੁੰਦੇ, ਸਾਰੀ ਉਮਰ ਵਿਧਵਾ ਦਾ ਜੀਵਨ ਬਤੀਤ ਕਰਨਾ ਪੈਂਦਾ, ਉਹ ਪੇਕਿਆਂ ਸਹੁਰਿਆਂ ਦਾ ਗੋਲ ਪੁਣਾ ਕਰਦੀ, ਉਹਨਾਂ ਦੇ ਤਾਹਨੇ-ਮਿਹਣੇ ਸੁਣਦੀ, ਸਹਿਮੀ ਦੱਬੀ ਕੁਚਲੀ ਰਹਿੰਦੀ ਅਤੇ ਮਜਬੂਰੀ ਵਿਚ ਵਿਚਾਰਿਆਂ ਜਿਹਾ ਜੀਵਨ ਬਤੀਤ ਕਰਦੀ ਰਹਿੰਦੀ। ਜਵਾਨ ਵਿਧਵਾਵਾਂ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਬਹੁਤ ਵੱਡੀ ਤੇ ਆਮ ਗੱਲ ਸੀ।

ਆਪਣੀ ਧੀ ਨੂੰ ਤਰਸ ਯੋਗ ਹਾਲਤ ਵਿਚ ਪੈਣ ਤੋਂ ਬਚਾਉਣ ਲਈ ਅਤੇ ਸਮਾਜਕ ਪਖੋਂ ਆਪਣੇ ਆਪ ਨੂੰ ਕਿਸੇ ਜਵਾਈ ਦਾ, ਸਹੁਰਾ ਅਖਵਾਉਣੋਂ ਬਚਾਉਣ ਲਈ ਕਈਆ ਨੇ ਜੰਮਦੀਆਂ ਧੀਆਂ ਨੂੰ ਮਾਰਨਾ ਸ਼ੁਰੂ ਕੀਤਾ। ਇਹ ਭੈੜਾ ਰਿਵਾਜ ਸਰਦੇ ਪੁੱਜਦੇ ਘਰਾਂ ਦੇ ਲੋਕਾਂ ਵਿਚ ਇਸ ਕਰ ਕੇ ਵੀ ਪ੍ਰਚੱਲਤ ਹੋ ਗਿਆ, ਕਿ ਉਹ ਕਿਸੇ ਕੁੜੀ ਦੇ ਵਿਆਹ ਉੱਤੇ ਦਾਜ ਦਹੇਜ ਦਾ ਖ਼ਰਚ ਕਰਨ ਅਤੇ ਕੁੜੀ ਦਾ ਰਿਸ਼ਤਾ ਦੇਣ ਦੀ ਨੀਵੇ ਹੋਣ ਵਾਲੀ ਸਥਿੱਤੀ ਤੋਂ ਬਚੇ ਰਹਿਣ।

ਕੁੜੀਆ ਦੇ ਮਾਰੇ ਜਾਣ ਕਰ ਕੇ ਉਹਨਾਂ ਦੀ ਗਿਣਤੀ ਘੱਟ ਗਈ। ਮੁੰਡਿਆਂ ਦੇ ਵਿਆਹ ਹੋਣੋਂ ਔਖੇ ਹੋ ਗਏ। ਸੋ ਵੱਟੇ ਦਾ ਰਿਸ਼ਤਾ ਪ੍ਰਚੱਲਤ ਹੋ ਗਿਆ। ਭਾਵ ਆਪਣੇ ਪਰਵਾਰ ਦੀ ਲੜਕੀ ਤਾਂ ਦੇਣੀ ਜੇ ਆਪਣੇ ਪਰਵਾਰ ਦੇ ਲੜਕੇ ਲਈ ਦੂਜੇ ਦੀ ਲੜਕੀ ਲੈ ਲੈਣੀ। ਇਹ ਇਸ ਕਰ ਕੇ ਵੀ ਹੁੰਦਾ ਕਿ ਜੇ ਇਕ ਪਰਵਾਰ ਲੜਕੀ ਨੂੰ ਤੰਗ ਕਰੇ ਤਾਂ ਦੂਜਾ ਪਰਵਾਰ ਉਹਨਾਂ ਦੀ ਲੜਕੀ ਨੂੰ ਬਿਨਾ ਕਿਸੇ ਗਲੋਂ ਤੰਗ ਕਰਨ ਲੱਗ ਜਾਂਦਾ ਸੀ। ਕਈ ਚੰਗੇ ਸਾਊ ਘਰਾਂ ਦੀਆਂ ਸੁਹਣੀਆਂ, ਸੁਨੱਖੀਆਂ, ਸਮਝਦਾਰ ਕੁੜੀਆਂ ਨੂੰ ਵੀ ਐਵੇਂ ਹੀ ਦੁੱਖ ਸਹਿਣਾ ਪੈਂਦਾ ਸੀ।

ਉਸ ਸਮੇ ਦੀ ਇਕ ਹੋਰ ਵੱਡੀ ਸਮਾਜਕ ਕੁਰੀਤੀ ਕੁੜੀਆਂ ਵੇਚਣਾ ਸੀ। ਗ਼ਰੀਬ ਲੋਕ ਕੁੜੀਆਂ ਨੂੰ ਵੇਚ ਦੇਂਦੇ ਸਨ। ਕਈਆਂ ਨੂੰ ਜਰਵਾਣੇ ਫੜ ਕੇ ਲੈ ਜਾਂਦੇ ਤੇ ਡੰਗਰਾਂ ਵਾਂਗ ਸ਼ਰੇ-ਬਾਜ਼ਾਰ ਉਹਨਾਂ ਦੀ ਨਿਲਾਮੀ ਹੁੰਦੀ, ਬੋਲੀ ਲਗਦੀ। ਕਈ ਰਾਜਿਆਂ ਦੇ ਰਾਜਾਂ ਵਿਚ ਇਹ ਕੁਰੀਤੀ ਪ੍ਰਚੱਲਤ ਸੀ।

ਇਕ ਹੋਰ ਮਾੜਾ ਰਿਵਾਜ ਸੱਤੀ ਕਰਨ ਦਾ ਸੀ। ਇਸਤਰੀਆਂ ਨੂੰ ਪਤੀ ਦੀ ਮੌਤ ਉੱਤੇ ਉਹਨਾਂ ਦੇ ਨਾਲ ਚਿੰਤਾ ਵਿਚ ਜਿਉਂਦਿਆਂ ਹੀ ਸਾੜ ਦਿੱਤਾ ਜਾਂਦਾ ਸੀ। ਇਹੀ ਸੱਤੀ ਹੋਣਾ ਸੀ। ਸੱਤੀ ਕਰਨ

Namdhari Elibrary NamdhariElibrary@gmail.com

ਲੱਗਿਆਂ ਨਗਾਰੇ, ਤੂਤੀਆਂ ਦੀ ਐਨੀ ਆਵਾਜ਼ ਕੀਤੀ ਜਾਂਦੀ ਕਿ ਜ਼ਿੰਦਾ ਸੜ ਰਹੀ ਇਸਤਰੀ ਦੀਆਂ ਚੀਕਾਂ ਕੂਕਾਂ ਉਸ ਵਿਚ ਗੁਆਚ ਜਾਂਦੀਆਂ। ਕਈ ਇਸਤਰੀਆਂ ਆਪਣੇ ਧੁੰਦਲੇ ਭਵਿੱਖਤ ਤੇ ਸ਼ੋਸ਼ਣ ਨਾਲੋਂ ਸੰਤੀ ਹੋਣਾ ਜ਼ਿਆਦਾ ਪ੍ਰਵਾਨ ਕਰ ਲੈਂਦੀਆਂ। ਸੱਤੀਆਂ ਦੇ ਥਾਵਾਂ ਉੱਤੇ ਥੜ੍ਹੇ ਬਣਾ ਕੇ, ਉਹਨਾਂ ਨੂੰ, ਪੂਜਣ ਦਾ ਰਿਵਾਜ਼ ਵੀ ਸ਼ੁਰੂ ਹੋ ਗਿਆ, ਜਿਸ ਨਾਲ ਸੱਤੀ ਪ੍ਰਥਾ ਨੂੰ ਸਮਾਜ ਵਿਚ ਚੰਗੀ ਮਾਨਤਾ ਮਿਲ ਗਈ।

ਇਸਤਰੀਆਂ ਦੀ ਥਾਂ ਘਰ ਦੀ ਚਾਰ-ਦਿਵਾਰੀਆਂ ਜਾਂ ਖੇਤ ਸਨ। ਉਹਨਾਂ ਨੂੰ, ਉਹਨਾਂ ਦੀ ਆਪਣੀ ਸਮਝ-ਸੂਝ ਅਨੁਸਾਰ ਨਾ ਕੰਮ ਦਿੱਤਾ ਜਾਂਦਾ, ਨਾ ਪੜ੍ਹਨ ਦੀ ਖੁਲ੍ਹ ਮਿਲਦੀ।

ਧੰਨ ਸਤਿਗੁਰੂ ਰਾਮ ਸਿੰਘ ਜੀ, ਜਿਸ ਪਰਮ ਪਾਵਨ ਹਸਤੀ ਨੇ ਇਕ ਪਾਸੇ ਤਪ ਸਾਧਨਾ ਕਰ ਕੇ, ਆਤਮਕ ਸ਼ਕਤੀ ਵਧਾ ਕੇ ਬਰਤਾਨਵੀ ਹਕੂਮਤ ਨਾਲ ਟੱਕਰ ਲਈ, ਦੂਜੇ ਪਾਸੇ ਭਾਰਤੀ ਸਮਾਜ ਨੂੰ ਨਰੋਆ ਬਣਾਉਣ ਵਾਸਤੇ ਇਸਤੀਆਂ ਨੂੰ ਗੌਰਵਮਈ ਸਥਾਨ ਦਿਵਾਇਆ।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਰਹਿਤ ਰਖਾਈ। ਸਤਿਗੁਰੂ ਰਾਮ ਸਿੰਘ ਜੀ ਨੇ ੧੯੬੩ ਈ: ਵਿਚ ਸਿੰਘਣੀਆਂ ਨੂੰ ਅੰਮ੍ਰਿਤ ਛਕਾਣ ਦਾ ਮਹਾਨ ਕਾਰਜ ਕੀਤਾ। ਉਹਨਾਂ ਨੇ ਜੇਠ ਦੀ ਪੂਰਨਮਾਸ਼ੀ ਨੂੰ ੨੫ ਬੀਬੀਆਂ ਨੂੰ ਸਿਆਹੜ (ਲੁਧਿਆਣਾ) ਪਿੰਡ ਵਿਚ ਅੰਮ੍ਰਿਤ ਪਾਨ ਕਰ ਕੇ, ਕਛਹਿਰੇ ਪੁਆ ਕੇ ਸੁੱਚ ਸੋਧ ਰਖਾ ਕੇ ਸਿੰਘਾਂ ਦੇ ਬਰਾਬਰ ਖੜਾ ਕੀਤਾ।

ਆਪ ਨੇ ਵਿਧਵਾਵਾਂ ਦੇ ਵਿਆਹ ਕੀਤੇ। ਬਾਲ ਵਿਆਹ ਦੀ ਮਨਾਹੀ ਕੀਤੀ। ਆਪ ਨੇ ਇਸਤਰੀਆਂ ਨੂੰ ਵੇਚਣ, ਵੱਟਾ ਕਰਨ, ਮਾਰਨ, ਸੱਤੀ ਕਰਨ, ਸੱਤੀਆਂ ਦੇ ਥੜ੍ਹੇ (ਮੜ੍ਹੀ-ਮਸਾਣ) ਪੂਜਣ ਤੋਂ ਰੋਕਿਆ।

ਆਪ ਨੇ ਇਸਤਰੀ ਨੂੰ ਪੜ੍ਹਾਉਣ ਉੱਤੇ ਜ਼ੋਰ ਦਿੱਤਾ। ਸਤਿਗੁਰੂ ਜੀ ਨੇ ਰੰਗੂਨ ਵਿਚੋਂ ਭੇਜੇ ਹੁਕਮਨਾਮਿਆਂ ਵਿਚ ਵੀ ਲਿਖਿਆ :

–ਛਟਕੇ ਲਟਕੀ ਨੂੰ ਅਖਰ ਪੜਾ ਦਿਓ। ਸਭੇ ਸਿੰਘ ਰਾਤ ਨੂੰ ਇੱਕਠੇ ਹੋ ਕੇ ਬਾਣੀ ਕੰਠ ਕੀਤਾ ਕਰੇ ਹਮੇਸਾ। ਮਾਈ ਬੀਬੀ ਸਭ ਨੇ ਬਾਣੀ ਕੰਠ ਜ਼ਰੂਰ ਕਰਨੀ।

–ਇਕ ਹੋਰ ਬੀ ਬਾਤ ਸਭਨਾ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ ਨਾ ਬੇਚੇ ਨਾ ਬਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੇ ਨਾ ਬੜਨ ਦੇਣਾ।

ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਵਿਚੋਂ ਇਕ ਸੂਬਾ ਬੀਬੀ ਹੁਕਮੀ ਨੂੰ ਥਾਪਿਆ ਅਤੇ ਇਸਤਰੀਆਂ ਨੂੰ ਗੌਰਵ ਪ੍ਰਦਾਨ ਕੀਤਾ।

ਮਲੇਰਕੋਟਲੇ ਦੇ ਸ਼ਹੀਦੀ ਜਥੇ ਵਿਚ ਬੀਬੀ ਇੰਦ ਕੌਰ ਤੇ ਬੀਬੀ ਖੇਮ ਕੌਰ ਦਾ ਨਾਲ ਜਾਣਾ ਅਤੇ ਅਗਵਾਈ ਕਰਨੀ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀਆਂ ਪ੍ਰਤੀ ਉਦਾਰ ਦ੍ਰਿਸ਼ਟੀਕੋਣ ਦੀ ਗਵਾਹੀ ਹੈ।

ਸਤਿਗੁਰੂ ਰਾਮ ਸਿੰਘ ਜੀ ਵਲੋਂ ਦਿੱਤੀ ਸੰਗਤ ਤੇ ਪੰਗਤ ਦੀ ਬਰਾਬਰੀ ਨੂੰ ਉਸੇ ਭਾਵਨਾ ਨਾਲ ਬਾਅਦ ਵਿਚ ਹੋਏ ਸਤਿਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਤਾ ਜੀਵਨ ਕੌਰ ਜੀ ਸਮਾਜਿਕ ਤੇ ਧਾਰਮਕ ਅਧਿਕਾਰਾਂ ਦਾ ਸਦੁਪਯੋਗ ਕਰਨ ਕਰ ਕੇ ਹੀ ਗੈਰ ਨਾਮਧਾਰੀਆਂ ਵਿਚ ਵੀ ਸਤਿਕਾਰੇ ਗਏ। ਮਾਤਾ ਭੂਪਿੰਦਰ ਕੌਰ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕਰ ਕੇ ੧੯੭੭ ਬਿ: ਵਿਚ, ਜਪਪ੍ਰਯੋਗ ਵਿਚ ਹਿੱਸਾ ਲੈਣ ਦੀ ਇਜਾਜ਼ਤ ਪ੍ਰਾਪਤ ਕਰ ਕੇ ਦਿੱਤੀ ਅਤੇ ਨਾਮਧਾਰੀ ਇਤਿਹਾਸ ਵਿਚ ਇਕ ਹੋਰ ਸੁਨਹਿਰੀ ਪੰਨਾ ਜੋੜਿਆ। ਇਸ ਸਮੇਂ ਬੀਬੀਆਂ ਨੇ ਅਖੰਡ ਪਾਠ ਕਰਨਾ ਵੀ ਸ਼ੁਰੂ ਕੀਤਾ।

ਮਾਤਾ ਭੂਪਿੰਦਰ ਕੌਰ ਦੇ ਲਾਲ, ਵਿਸ਼ਾਲ ਨਾਮਧਾਰੀ ਜਗਤ ਦੇ ਹਿਰਦੇ ਸਮਰਾਟ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਧਾਰਮਿਕ ਤੇ ਸਮਾਜਿਕ ਖੇਤਰ ਵਿਚ ਇਸਤਰੀਆਂ ਨੂੰ ਸਿਖਰ ਤੇ ਜਾ ਖੜਾ ਕੀਤਾ ਹੈ। ਆਪ ਜੀ ਦੀ ਅਰਧਾਂਗਨੀ ਮਾਤਾ ਚੰਦ ਕੌਰ ਜੀ, ਸਤਿਗੁਰੂ ਜੀ ਦੇ ਮਾਰਗ ਨੂੰ ਰੁਸ਼ਨਾਉਣ ਲਈ ਪੂਰਾ ਸਹਿਯੋਗ ਦੇ ਰਹੇ ਹਨ। ਇਸਤਰੀਆਂ ਨੂੰ ਉਤਸ਼ਾਹ ਦੇਂਦੇ ਹਨ, ਸਤਿਗੁਰੂ ਜੀ ਦੇ ਹੁਕਮ ਵਿਚ ਚਲਣ ਦੀ ਪ੍ਰੇਰਣਾ ਕਰਦੇ ਹਨ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜਪਪ੍ਰਯੋਗ ਤੇ ਅਖੰਡ ਪਾਠਾਂ ਵਿਚ ਹਿੱਸਾ ਲੈਂਦੀਆਂ ਇਸਤਰੀਆਂ ਦੀ ਪ੍ਰਤਿਭਾ ਨੂੰ ਉਜਾਗਰ ਕੀਤਾ ਹੈ। ਇਸ ਕਰਕੇ ਉਹ ਸੰਗੀਤ ਕਲਾ, ਲੇਖਨ ਕਾਰਜ, ਸੰਗਠਾਤਮਕ ਕੰਮਾਂ ਵਿਚ ਪੁਰਸ਼ਾਂ ਦੇ ਬਰਾਬਰ ਮਾਨ ਪਾ ਰਹੀਆਂ ਹਨ। ਉਹ ਵਾਰ ਤੇ ਹੱਲੇ ਦੇ ਦਿਵਾਨ ਲਾਉਂਦੀਆਂ ਹਨ। ਸੰਗੀਤ ਸਿੱਖਣ ਵਿਚ ਤਾਂ ਸਤਿਗੁਰੂ ਜੀ ਵਰਗੀ ਮਹਾਨ ਹਸਤੀ ਜਿੰਨ੍ਹਾਂ ਦੇ ਚਰਨਾਂ ਵਿਚ ਸੰਗੀਤ, ਉਸਤਾਦ ਤੇ ਉੱਚ ਕੋਟੀ ਦੇ ਕਲਾਕਾਰ ਜਿਵੇਂ ਉਸਤਾਦ ਵਿਲਾਇਤ ਖਾਂ, ਅਮਜ਼ਦ ਅਲੀ ਖਾਂ, ਬਿਸਮਿਲਾ ਖਾਂ, ਅੱਲਾ ਰਖਾ ਖਾਂ, ਕ੍ਰਿਸ਼ਨ ਜੀ ਮਹਾਰਾਜ ਜਹੀਆਂ ਵਿਸ਼ਵ ਪ੍ਰਸਿੱਧ ਮਹਾਨ ਹਸਤੀਆਂ, ਹਾਜ਼ਰੀ ਭਰ ਕੇ ਗੌਰਵ ਮਹਿਸੂਸ ਕਰਦੀਆਂ ਹਨ- ਆਪਣੇ ਅਤੀ ਰੁਝੇਵੇਂ ਭਰੇ ਸਮੇਂ ਵਿਚੋਂ ਸਮਾਂ ਕਢ ਕੇ ਸ੍ਰੀ ਭੈਣੀ ਸਾਹਿਬ ਵਿਖੇ ਉਹਨਾਂ ਨੂੰ ਸੰਗੀਤ ਦੀ ਸਿਖਿਆ ਪ੍ਰਦਾਨ ਕਰਦੀ ਹੈ।

ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਇਕ ਨਹੀਂ, ਤਿੰਨ ਤਿੰਨ ਬੀਬੀਆਂ ਨੂੰ ਸੂਬਾ ਥਾਪਿਆ, ਉਹ ਬੀਬੀਆਂ ਹਨ: ਸੂਬਾ ਮਹਿੰਦਰ ਕੌਰ (ਗਿਆਨਣ) ਬੈਂਕਾਕ, ਸੂਬਾ ਮਹਿੰਦਰ ਕੌਰ ਤੇ ਸੂਬਾ ਸੁਰਿੰਦਰ ਕੌਰ ਖਰਲ।

ਸ੍ਰੀ ਸਤਿਗੁਰੂ ਗਰੀਬ ਨਿਵਾਜ ਜੀ ਨੇ ੧੪ ਸਾਲ ਪਹਿਲਾਂ ਨਾਮਧਾਰੀ ਜਥੇ ਦੇ ਇਸਤਰੀ ਵਿੰਗ ਦੀ ਸਥਾਪਨਾ ਕੀਤੀ। ਇਹ ਜੱਥਾ ਨਿਤ ਨਵੀਆਂ ਮੰਜ਼ਲਾਂ ਮਾਰ ਰਿਹਾ ਹੈ।

ਹੁਣ ਇਸਤਰੀਆਂ ਨੂੰ ਸਤਿਗੁਰੂ ਜੀ ਦੇ ਦੌਰਿਆਂ ਨਾਲ ਜਾ ਕੇ ਸਾਧ ਸੰਗਤ ਵਿਚ ਆਪ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲਦਾ ਹੈ। ਉਹ ਦੂਜਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਨਾਲ ਹੋਰ ਇਸਤਰੀਆਂ ਦਾ ਉਤਸ਼ਾਹ ਵਧਦਾ ਹੈ।

ਸਤਿਗੁਰੂ ਸਾਹਿਬਾਨ ਨੇ ਐਸੀ ਕ੍ਰਿਪਾ ਕੀਤੀ ਹੈ ਕਿ ਨਾਮਧਾਰੀ ਸਮਾਜ ਵਿਚੋਂ ਇਸਤਰੀਆਂ ਪੜ੍ਹ ਲਿਖ ਕੇ, ਸਤਿਗੁਰੂ ਜੀ ਦੀ ਚਰਨ ਛੁਹ ਪ੍ਰਾਪਤ ਕਰਕੇ, ਆਪਣੇ ਗੌਰਵਮਈ ਵਿਰਸੇ ਨੂੰ ਕਾਇਮ ਰੱਖ ਕੇ, ਆਉਣ ਵਾਲੀਆਂ ਪੀੜ੍ਹੀਆਂ ਦਾ ਚਾਨਣ ਮੁਨਾਰਾ ਬਣਨ ਦੀ ਮਹਾਨ ਤੇ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

Namdhari Elibrary NamdhariElibrary@gmail.com



■ ਗੁਰਦੀਪ ਸਿੰਘ ਨਾਮਧਾਰੀ

ਨਾਮਧਾਰੀਆਂ ਦਾ ਪ੍ਰਤੀਨਿਧ 'ਸਤਿਜੁਗ'

ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਸ਼ੁਰੂ ਹੋ ਕੇ ਭਾਰਤ ਦੀ ਰਾਜਧਾਨੀ ਦਿੱਲੀ ਤਕ

ਸਤਿਜੁਗ ਅਖਬਾਰ ਹੈ ਨਾਮ ਏਹਦਾ, ਏਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਨਿਜ ਦੇਸ਼ ਤੇ ਧਰਮ ਦੀ ਸੇਵ ਲਈ, ਬੀੜਾ ਚੁਕਿਆ ਸੰਗਤਾਂ ਪਿਆਰੀਆਂ ਨੇ।
ਦੇਸ਼ ਕੌਮ ਨੂੰ ਤੋੜ ਨਿਭਾਉਣ ਲਈ, ਕਰ ਲੀਤੀਆਂ ਖ਼ੂਬ ਤਿਆਰੀਆਂ ਨੇ।
ਜਿਸ ਮੋਰਚੇ ਡਟ ਜਾਣ 'ਚੇਤਨ' ਫੌਜਾਂ ਗੁਰੂ ਦੀਆਂ ਕਦੇ ਨਾ ਹਾਰੀਆਂ ਨੇ।

ਅੰਗ੍ਰੇਜ਼ ਸਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਅਜ਼ਾਦੀ ਲਈ ਚਲਾਏ ਅੰਦੋਲਨ ਤੋਂ ਏਨੀ ਭੈਭੀਤ ਸੀ ਕਿ ਸ੍ਰੀ ਸਤਿਗੁਰੂ ਜੀ ਨੂੰ ਦੇਸ਼ ਨਿਰਵਾਸਤ ਕੀਤੇ ਜਾਣ ਤੋਂ ਬਾਅਦ ਵੀ ਉਹਨਾਂ ਨੂੰ ਹਰ ਨਾਮਧਾਰੀ ਤੋਂ ਡਰ ਹੀ ਲਗਦਾ ਰਿਹਾ। ਏਸੇ ਕਰਕੇ ਹੀ ੧੮੭੨ ਈ. ਤੋਂ ਲੈ ਕੇ ੧੯੨੩ ਈ. ਤਕ ਸ੍ਰੀ ਭੈਣੀ ਸਾਹਿਬ ਦੇ ਮੁਖ ਦੁਆਰ ਅਗੇ ਪੁਲਸ ਚੌਕੀ ਬੈਠੀ ਰਹੀ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀਆਂ ਦੇ ਆਗੂ ਉਹਨਾਂ ਕੋਲ ਨਹੀਂ ਸਨ ਪਰ ਉਹਨਾਂ ਦੀ ਥਾਂ ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਦੇਸ਼ ਅਜ਼ਾਦੀ ਦੇ ਸੰਘਰਸ਼ ਨੂੰ ਗੁਪਤ ਅਤੇ ਪ੍ਰਗਟ ਰੂਪ ਵਿਚ ਜਾਰੀ ਰਖਿਆ ਅਤੇ ਦੇਸ ਵਿਦੇਸ਼ ਵਿਚ ਨਾਮਧਾਰੀ ਸਿੰਘਾਂ ਨੂੰ ਭੇਜ ਕੇ ਦੇਸ਼ ਨੂੰ ਅੰਗ੍ਰੇਜ਼ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਦੀਆਂ ਵਿਉਤਾਂ ਬਣਾਉਂਦੇ ਰਹੇ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪਿਛੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਦੇਸ਼ ਅਜ਼ਾਦੀ ਲਈ ਉੱਠੀਆਂ ਲਹਿਰਾਂ ਅਤੇ ਪਾਰਟੀਆਂ ਨਾਲ ਸੰਬੰਧ ਕਾਇਮ ਕੀਤੇ ਅਤੇ ਉਹਨਾਂ ਨੂੰ ਇਕ ਹੋ ਕੇ ਦੇਸ਼ ਅਜ਼ਾਦੀ ਦੀ ਗੱਲ ਕਰਨ ਦੀ ਸਲਾਹ ਦਿੱਤੀ। ਨਾਮਧਾਰੀ ਤਾਂ ਪਹਿਲਾਂ ਹੀ ਅੰਗ੍ਰੇਜ਼ ਸਰਕਾਰ ਦੇ ਕੱਟੜ ਵਿਰੋਧੀ ਸਨ। ਏਸੇ ਕਰਕੇ ੧੯ਵੀਂ ਸਦੀ ਦੇ ਅਖੀਰ ਵਿਚ ਇਹਨਾਂ ਨੂੰ ਬਾਗ਼ੀ ਕੌਮ ਐਲਾਨਿਆ ਗਿਆ ਸੀ। ੧੯੧੯ ਦੀ ਵਿਸਾਖੀ ਵਾਲੇ ਦਿਨ ਜ਼ਲਿਆਂਵਾਲੇ ਬਾਗ ਦੇ ਖੂਨੀ ਕਾਂਡ ਨੇ ਹੋਰ ਲੋਕਾਂ ਨੂੰ ਵੀ ਅੰਗ੍ਰੇਜ਼ਾਂ ਦੇ ਵਿਰੋਧੀ ਬਣਾ ਦਿੱਤਾ ਅਤੇ ਸਵਦੇਸ਼ੀ ਲਹਿਰਾਂ ਜੋਰ ਸ਼ੋਰ ਨਾਲ ਚਲਣ ਲਗੀਆਂ। ਇੰਡੀਅਨ ਨੈਸ਼ਨਲ ਕਾਂਗਰਸ ਤੇ ਸਵਦੇਸ਼ੀ ਲਹਿਰਾਂ ਵਲੋਂ ਦੇਸ਼ ਅਜ਼ਾਦੀ ਲਈ ਸੰਘਰਸ਼ ਜੋਰ ਫੜਣ ਲਗਾ। ਨਾਮਧਾਰੀਆਂ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ, ਪੰਡਤ ਮਨਸਾ ਸਿੰਘ ਕੌਮੀ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕ੍ਰਵਰਤੀ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਟਹਿਲ ਸਿੰਘ ਸਦੇ ਵਾਲੀਏ ਅਤੇ ਸੰਤ ਅਣਖਾ ਸਿੰਘ ਜੀ ਦਾਤੇ ਵਾਲੀਏ ਆਦਿ ਅੰਗ੍ਰੇਜ਼ ਸ੍ਰਕਾਰ ਦੇ ਬਾਗੀ ਗਿਣੇ ਜਾਣ ਲਗੇ, ਇਹ ਕਾਂਗਰਸ ਦੇ ਜਲਸਿਆਂ ਵਿਚ ਅਗਾਂਹ ਹੋ ਕੇ ਹਿੱਸਾ ਲੈਂਦੇ ਤੇ ਅੰਗ੍ਰੇਜ਼ਾਂ ਦੇ ਵਿਰੋਧ 'ਚ ਸਟੇਜਾਂ ਤੇ ਚੜ੍ਹ ਚੜ੍ਹ ਕੇ ਪ੍ਰਚਾਰ ਕਰਦੇ ਜਦੋਂ ਕਿ ਇਸ ਸਮੇਂ ਅੰਗ੍ਰੇਜ਼ ਸ੍ਰਕਾਰ ਦੇ ਵਿਰੁਧ ਗੱਲ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਉਪਰੋਕਤ ਸੂਰਬੀਰਾਂ ਨੂੰ ਕਈ ਵੇਰਾਂ ਗ੍ਰਿਫਤਾਰੀਆਂ ਵੀ ਦੇਣੀਆਂ ਪਈਆਂ।

ਇਸ ਸਮੇਂ ਵਿਚ ਜੇ ਕੋਈ ਅਖਬਾਰ ਵਾਲਾ ਦੇਸ਼ ਅਜ਼ਾਦੀ ਜਾਂ ਕਾਂਗਰਸ ਦੇ ਜਲਸਿਆਂ-ਪ੍ਰੋਗਰਾਮਾਂ ਦੀ ਕੋਈ ਵੀ ਗੱਲ ਲਿਖਦਾ ਉਸੇ ਨੂੰ ਹੀ ਗ੍ਰਿਫਤਾਰ ਤੇ ਪ੍ਰੈਸ ਨੂੰ ਜ਼ਬਤ ਕਰ ਲਿਆ ਜਾਂਦਾ ਸੀ। ਪਰ ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਸਤਿਗੁਰੂ ਰਾਮ ਸਿੰਘ ਨੇ ਦੇਸ਼ ਅਜ਼ਾਦੀ ਦੀ ਚਿੰਗਾੜੀ ਧੁਖਾ ਦਿੱਤੀ ਸੀ ਉਹ ਜਦੋਂ ਗ੍ਰਿਫਤਾਰੀ ਤੋਂ ਬਾਹਰ ਆਉਂਦੇ ਤੇ ਅਖਬਾਰ ਫਿਰ ਕਿਸੇ ਹੋਰ ਨਾਂ ਥੱਲੇ ਕਢਣਾ ਸ਼ੁਰੂ ਦਿੰਦੇ।

Namdhari Elibrary NamdhariElibrary@gmail.com

ਪੰਜਾਬੀ ਪਤਰਕਾਰੀ ਤੇ ਇਕ ਝਾਤ 'ਚ ਸ੍ਰ: ਕੁਲਦੀਪ ਸਿੰਘ ਨੇ ੧੯੨੦-੩੫ ਦੇ ਸਮੇਂ ਨੂੰ ਅਖਬਾਰਾਂ ਲਈ ਮੱਧ ਜੁਗ ਦਾ ਨਾਂ ਦਿੱਤਾ ਹੈ। ਇਸ ਜੁਗ ਨੂੰ ਦੈਨਿਕ ਪੱਤਰਾਂ ਦਾ ਜੁਗ ਵੀ ਕਿਹਾ ਜਾ ਸਕਦਾ ਹੈ। ਇਸ ਸਮੇਂ ਵਿਚ ੨੩ ਦੈਨਿਕ ਪੱਤਰ ਨਿਕਲਦੇ ਸਨ, ੮ ਪੰਜ ਰੋਜ਼ਾ, ੬੭ ਹਫਤੇਵਾਰ, ੪ ਪੰਦਰਾਂ ਰੋਜ਼ਾ, ੨੫ ਮਾਸਕ ਤੇ ੭ ਤਿਮਾਹੀ ਪੱਤਰ ਜਾਰੀ ਸਨ। ਏਨੇ ਜ਼ਿਆਦਾ ਪੱਤਰਾਂ ਦਾ ਨਿਕਲਨਾ ਇਹ ਗਵਾਹੀ ਭਰਦਾ ਹੈ ਕਿ ਲੋਕਾਂ ਵਿਚ ਰਾਜਸੀ ਲਹਿਰਾਂ ਪ੍ਰਤੀ ਦਿਲਚਸਪੀ ਦਿਨੋਂ ਦਿਨ ਵਧ ਰਹੀ ਸੀ ਅਤੇ ਦੂਸਰਾ ਕਾਰਨ ਅੰਗ੍ਰੇਜ਼ ਸ੍ਰਕਾਰ ਵਲੋਂ ਅਖਬਾਰ ਜਬਤ ਹੋਣ ਤੇ ਪ੍ਰਬੰਧਕ ਹੋਰ ਨਾ ਹੇਠ ਅਖਬਾਰ ਚਲਾ ਲੈਂਦੇ ਸਨ। ਅਜਿਹੇ ਸਮੇਂ ਦੌਰਾਨ ਹੀ ਨਾਮਧਾਰੀ ਪ੍ਰਚਾਰ ਮਸ਼ੀਨਰੀ ਵਲੋਂ ਆਪਣੇ ਪ੍ਰਚਾਰ, ਵਿਰੋਧੀਆਂ ਦੇ ਗਲਤ ਪ੍ਰਚਾਰ ਦਾ ਭੇਦ ਖੋਲ੍ਹਣ, ਸਹੀ ਇਤਿਹਾਸ ਦੀ ਜਾਣਕਾਰੀ ਲੋਕਾਂ ਤਕ ਪਹੁੰਚਾਉਣ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਘਰ ਘਰ ਪਹੁੰਚਾਉਣ ਲਈ ਅਖਬਾਰ ਚਲਾਉਣ ਲਈ ਸੋਚਿਆ ਗਿਆ ਤੇ ਸੰਮਤ ੧੯੭੬ ਬਿਕ੍ਰਮੀ (ਸੰਨ ੧੯੨੦ ਈ.) ਨੂੰ 'ਸਤਿਜੁਗ' ਨਾਂ ਦਾ ਸਪਤਾਹਿਕ ਪਰਚਾ ਹੋਂਦ ਵਿਚ ਆਇਆ।

● ਸਥਾਪਨਾ

ਸਤਿਜੁਗ ਦੇ ਸ਼ੁਰੂ ਹੋਣ ਬਾਰੇ ਦੋਥੇ ਦੋ ਰਾਵਾਂ ਸਾਹਮਣੇ ਆਉਂਦੀਆਂ ਹਨ। ਸ੍ਰ: ਸਵਰਨ ਸਿੰਘ ਸਨੇਹੀ ਆਪਣੇ ਲੇਖ 'ਸਤਿਜੁਗ ਦੀ ਪ੍ਰਕਾਸ਼ਨ ਨੀਤੀ' ਵਿਚ ਲਿਖਦੇ ਹਨ, "ਸਤਿਜੁਗ ਸਪਤਾਹਿਕ ਦਾ ਜਨਮ ੨੬ ਮਈ ੧੯੨੦ ਨੂੰ ਲਾਹੌਰ ਵਿਚ ਹੋਇਆ।"

ਪਰ ਸੰਤ ਤਰਨ ਸਿੰਘ 'ਵਹਿਮੀ' 'ਜਸ ਜੀਵਨ' ਭਾਗ ਪਹਿਲੇ ਵਿਚ ਇੰਜ ਲਿਖਦੇ ਹਨ: "੧੯੭੬ ਸੰਮਤ ਦਾ ਹੋਲਾ ਵਰਨੀ ਹੋਣਾ ਸੀ ਵਡਾ ਪਿੰਡ ਹੋਣ ਕਰਕੇ ਕਈ ਕਹਿਣ ਹੋਲਾ ਪਿੰਡ ਹੋਵੇ। ਸੰਤ ਆਲਾ ਸਿੰਘ ਜੀ ਦਾ ਡੇਰਾ ਖੂਹ ਵਰਨਾਂ ਭਿਖੀ ਵਾਲੇ ਤੇ ਸੀ। - - - - -ਆਖਿਰ ਕਾਰ ਹੋਲਾ ਹੋਣ ਦੀ ਖੂਹ ਤੇ ਹੀ ਸਲਾਹ ਬਣੀ।"

"ਮਹਾਰਾਜ ਗੁਰਦਿਆਲ ਸਿੰਘ ਜੀ ਇਸ ਹੋਲੇ ਤੇ ਲਾਹੌਰੋਂ 'ਸਤਿਜੁਗ' ਅਖਬਾਰ ਨਿਰੰਕਾਰ ਸਿੰਘ 'ਚੇਤਨ' ਤੇ ਸੰਤ ਮੰਗਲ ਸਿੰਘ ਜੀ ਫਤੂਹੀ ਚਕੀਆਂ ਦੀ ਸਲਾਹ ਮਦਦ ਨਾਲ ਛਾਪ ਕੇ ਲੈ ਆਏ। ਨਿਰੰਕਾਰ ਸਿੰਘ ਲਿਖਦਾ ਹੀ ਸੀ। ਮਹਾਰਾਜ ਜੀ ਮੇਲੇ ਵਿਚ ਹੋਕਾ ਭੀ ਦਿਵਾਇਆ ਤੇ ਪ੍ਰਚਾਰ ਭੀ ਕਹਿ ਕਰਵਾਇਆ। ਸਭ ਨਾਮਧਾਰੀ ਸਤਿਜੁਗ ਦੇ ਗਾਹਕ ਬਣਨ ਤੇ ਆਪਣੇ ਇਤਿਹਾਸ ਦਾ ਪਤਾ ਕਰਨ।"

ਫੁਟ ਨੋਟ:- "ਸਤਿਜੁਗ ਸਤੀ ਦਿਨੀ ਛਪਣ ਦਾ ਮਤਾ ਪਾਸ ਹੋਇਆ ਸਤਿਗੁਰੂ ਜੀ ਤੇ ਮੁਖੀਆਂ ਦੀ ਸਲਾਹ ਨਾਲ।" - ਪੰਨਾ ੨੪੧

ਉਪਰੋਕਤ ਦੋਵਾਂ ਰਾਵਾਂ ਵਿਚੋਂ ਸੰਤ ਤਰਨ ਸਿੰਘ 'ਵਹਿਮੀ' ਵਾਲੀ ਸਤਿਜੁਗ ਦੇ ਸਥਾਪਤ ਹੋਣ ਵਾਲੀ ਰਾਏ ਠੀਕ ਲਗਦੀ ਹੈ ਕਿਉਂਕਿ ਹੋਲਾ ਮਹੱਲਾ ਇਕ ਵੱਡਾ ਮੇਲਾ ਹੁੰਦਾ ਹੈ ਮਈ ਵਿਚ ਤਾਂ ਕੋਈ ਏਡਾ ਵੱਡਾ ਮੇਲਾ ਨਾਮਧਾਰੀਆਂ ਦਾ ਹੁੰਦਾ ਨਹੀਂ ਸੁਣਿਆ ਜਾਂਦਾ ਜਿਥੇ ਸਾਧ ਸੰਗਤ ਵਿਚ ਇਸ ਬਾਰੇ ਪ੍ਰਚਾਰ ਕੀਤਾ ਜਾ ਸਕਦਾ। ਪਿੰਡ ਵਰਨ ਜ਼ਿਲਾ ਸ਼ੇਖੂਪੁਰ ਵਾਲੇ ਹੋਲੇ ਤੇ ਹੀ ਸਤਿਜੁਗ ਦੇ ਛਾਪਣ ਵਾਸਤੇ ਆਪਣੀ ਪ੍ਰਿੰਟਿੰਗ ਮਸ਼ੀਨ ਲੈਣ ਬਾਰੇ ਵੀ ਮਤਾ ਪਾਸ ਕੀਤਾ ਗਿਆ ਤੇ ਲਾਹੌਰ ਆਕੇ ਹੋਲੇ ਤੋਂ ਬਾਅਦ ਇਹ ਮਸ਼ੀਨ ਖਰੀਦੀ ਗਈ ਤੇ ਪ੍ਰੈਸ ਦਾ ਨਾਂ 'ਸਤਿਗੁਰੂ ਰਾਮ ਹਰੀ ਪ੍ਰਿੰਟਿੰਗ ਪ੍ਰੈਸ' ਰੱਖਿਆ ਗਿਆ। ਇਸ ਪ੍ਰਕਾਰ ਲਾਹੌਰ ਤੋਂ 'ਸਤਿਜੁਗ' ਅਖਬਾਰ ਨਿਰੰਕਾਰ ਸਿੰਘ 'ਚੇਤਨ' ਦੀ ਸੰਪਾਦਕੀ ਹੇਠ ਇਹ ਸਪਤਾਹਿਕ ਨਿਕਲਣਾ ਸ਼ੁਰੂ ਹੋ ਗਿਆ। ਸਤਿਜੁਗ ਦੇ ੨੬ ਮਈ ੧੯੨੦ ਦੇ ਪਰਚੇ ਵਿਚ ਨਿਰੰਕਾਰ ਸਿੰਘ ਚੇਤਨ ਦੀ ਕਵਿਤਾ ਇੰਜ ਹੈ:

ਸਤਿਜੁਗ ਅਖਬਾਰ ਹੈ ਨਾਮ ਏਹਦਾ,
ਏਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਨਿਜ ਦੇਸ਼ ਤੇ ਧਰਮ ਦੀ ਸੇਵ ਲਈ,
ਬੀੜਾ ਚੁਕਿਆ ਸੰਗਤਾਂ ਪਿਆਰੀਆਂ ਨੇ।
ਦੇਸ਼ ਕੌਮ ਨੂੰ ਤੋੜ ਨਿਭਾਉਣ ਲਈ,
ਕਰ ਲੀਤੀਆਂ ਖੂਬ ਤਿਆਰੀਆਂ ਨੇ।
ਜਿਸ ਮੋਰਚੇ ਡਟ ਜਾਣ 'ਚੇਤਨ'
ਫੌਜਾਂ ਗੁਰੂ ਦੀਆਂ ਕਦੇ ਨਾ ਹਾਰੀਆਂ ਨੇ।

ਏਸ ਸਮੇਂ ਵਿਚ ਕਿਸੇ ਵੀ ਅਖਬਾਰ ਦਾ ਸੰਪਾਦਕ ਬਣਨਾ ਮੌਤ ਨੂੰ ਮਾਸੀ ਕਹਿਣ ਦੇ ਬਰਾਬਰ ਸੀ। ਨਾਮਧਾਰੀ ਤਾਂ ਸ਼ੁਰੂ ਤੋ ਹੀ ਅੰਗ੍ਰੇਜ਼ਾਂ ਦੇ ਕਟੜ ਵਿਰੋਧੀ ਰਹੇ ਹਨ। ਇਹਨਾਂ ਤਾਂ ਆਪਣੇ ਨਾਲ ਹੋਈਆਂ ਜ਼ਿਆਦਤੀਆਂ ਦ ਪੋਲ ਜਨਤਾ ਸਾਹਮਣੇ ਖੋਲ੍ਹਣਾ ਹੀ ਸੀ ਇਸ ਕਰਕੇ ਸਤਿਜੁਗ ਅਖਬਾਰ ਨੇ ਪਹਿਲਾਂ ਨਿਰੰਕਾਰ ਸਿੰਘ ਚੇਤਨ ਤੇ ਫਿਰ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਦੇ ਆਪਣੇ ਲੇਖਾਂ ਰਾਹੀਂ ਆਮ ਜਨਤਾ ਦੇ ਕੰਨ ਖੋਲ੍ਹ ਦਿੱਤੇ। ਇਸ ਵਿਚ ਬੜੇ ਧੜਲੇਦਾਰ ਲੇਖ ਛਪਦੇ ਜਿਸ ਤੋ ਵਿਰੋਧੀਆਂ ਨੂੰ ਸਤਿਜੁਗ ਨਾਲ ਨਫ਼ਰਤ ਹੋਣ ਲੱਗੀ ਜਿਸ ਕਾਰਨ ਸਤਿਜੁਗ ਕਦੇ ਚੋਰੀ ਛਪਦਾ ਤੇ ਕਦੇ ਜਾਹਰੀ। ਸਤਿਜੁਗ ਦੀ ਪ੍ਰਕਾਸ਼ਨ ਸਮਗਰੀ ਵਿਚ ਧਰਮ ਨੂੰ ਸਰਵ ਉੱਚ ਸਥਾਨ ਪ੍ਰਾਪਤ ਸੀ। ਉਸ ਤੋ ਬਿਨਾਂ ਸਮਾਜਕ, ਸ਼ਾਕਾਹਾਰ ਸੰਬੰਧੀ, ਗਊ ਰੱਖਿਆ, ਦੇਹਧਾਰੀ ਗੁਰੂ ਬਾਰੇ ਅਤੇ ਕਈ ਵੇਰਾਂ ਰਾਜਨੀਤਿਕ ਲੇਖ ਵੀ ਛਪਦੇ। ਕਈ ਵੇਰਾਂ ਵਾਦ ਵਿਵਾਦ ਵਾਲੇ ਲੇਖ ਵੀ ਹੁੰਦੇ।

ਇਸ ਵਿਚ ਬੜੇ ਧੜਲੇਦਾਰ ਲੇਖ ਛਪਦੇ ਜਿਸ ਤੋਂ ਵਿਰੋਧੀਆਂ ਨੂੰ ਸਤਿਜੁਗ ਨਾਲ ਨਫ਼ਰਤ ਹੋਣ ਲੱਗੀ ਜਿਸ ਕਾਰਨ ਸਤਿਜੁਗ ਕਦੇ ਚੋਰੀ ਛਪਦਾ ਤੇ ਕਦੇ ਜਾਹਰੀ। ਸਤਿਜੁਗ ਦੀ ਪ੍ਰਕਾਸ਼ਨ ਸਮਗਰੀ ਵਿਚ ਧਰਮ ਨੂੰ ਸਰਵ ਉੱਚ ਸਥਾਨ ਪ੍ਰਾਪਤ ਸੀ। ਉਸ ਤੋਂ ਬਿਨਾਂ ਸਮਾਜਕ, ਸ਼ਾਕਾਹਾਰ ਸੰਬੰਧੀ, ਗਊ ਰੱਖਿਆ, ਦੇਹਧਾਰੀ ਗੁਰੂ ਬਾਰੇ ਅਤੇ ਕਈ ਵੇਰਾਂ ਰਾਜਨੀਤਿਕ ਲੇਖ ਵੀ ਛਪਦੇ। ਕਈ ਵੇਰਾਂ ਵਾਦ ਵਿਵਾਦ ਵਾਲੇ ਲੇਖ ਵੀ ਹੁੰਦੇ

ਵਿਰੋਧੀ ਭਾਵੇਂ ਸਤਿਜੁਗ ਦੀ ਵਿਰੋਧਤਾ ਕਰਦੇ ਪਰ ਝੰਡਾ ਸਿੰਘ ਮਸਤਾਨਾ ਪਿੰਡ ਠੱਠੇ ਜ਼ਿਲਾ ਸਿਆਲਕੋਟ ਅਤੇ ਸੰਤ ਲਾਭ ਸਿੰਘ ਖਾਰੇ ਦੋਉਂਆਂ ਜਿਲਾ ਸਿਆਲਕੋਟ ਵਾਲੇ ਲਾਹੌਰ ਦੇ ਬਾਜਾਰਾਂ ਵਿਚ ਨਿਡਰ ਹੋਕੇ ਨਾਲੇ ਸਤਿਜੁਗ ਵਿਚ ਛਪੀਆਂ ਨਿਰੰਕਾਰ ਸਿੰਘ ਚੇਤਨ ਦੀਆਂ ਕਵਿਤਾਵਾਂ ਪੜ੍ਹ-ਪੜ੍ਹ ਲੋਕਾਂ ਨੂੰ ਸੁਣਾਇਆ ਕਰਦੇ ਤੇ ਨਾਲੇ ਸਤਿਜੁਗ ਵੇਖਿਆ ਕਰਦੇ।

ਲਾਹੌਰੋਂ ਨਿਕਲਦੇ ਸਤਿਜੁਗ ਨੂੰ ਲਗਾਤਾਰ ਛਾਪ ਕੇ ਲੋਕਾਂ ਦੇ ਹੱਥਾਂ ਵਿਚ ਪਹੁੰਚਣ ਦਾ ਮੌਕਾ ਕਦੇ ਮਿਲਦਾ ਕਦੇ ਨਾ ਮਿਲਦਾ

Namdhari Elibrary NamdhariElibrary@gmail.com

ਜੋ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਜ਼ੇਲ ਯਾਤਰਾ ਚਲੇ ਜਾਂਦੇ ਤਾਂ ਅਖਬਾਰ ਕਈ ਕਈ ਹਫਤੇ ਨਾਂ ਨਿਕਲਦਾ। ਇਹ ਸਿਲਸਿਲਾ ਕੁਝ ਚਿਰ ਚਲਦਾ ਰਿਹਾ ੧-੨ ਸਾਲ ਤਕ। ਫਿਰ ਸੰਤ ਨਿਧਾਨ ਸਿੰਘ ਆਲਿਮ ਜੀ ਐਡੀਟਰ ਬਣੇ- ਇਹਨਾਂ ਸਤਿਜੁਗ ਦੇ ਨਾਲ ਨਾਲ ਕੂਕਾ ਨਾਂ ਦਾ ਅਖਬਾਰ ਵੀ ਸੰਨ ੧੯੨੨ ਵਿਚ ਕਢਣਾ ਸ਼ੁਰੂ ਕਰ ਦਿੱਤਾ। ਇਹਨਾਂ ਦੋਵਾਂ ਅਖਬਾਰਾਂ ਨੇ ਵਿਰੋਧੀਆਂ ਅਤੇ ਅੰਗ੍ਰੇਜ਼ੀ ਸਰਕਾਰ ਦੇ ਕਰਮਚਾਰੀਆਂ ਵਿਚ ਹਫੜਾ ਦਫੜੀ ਮਚਾ ਦਿੱਤੀ। ਕੂਕਾ ਅਖਬਾਰ ਤਾਂ ਕੁਝ ਸਮਾਂ ਨਿਕਲਣ ਬਾਅਦ ਬੰਦ ਹੋ ਗਿਆ ਪਰ ਸਤਿਜੁਗ ਜਾਰੀ ਰਿਹਾ।

• ਸਤਿਜੁਗ ਲਾਹੌਰ ਤੋਂ ਸ੍ਰੀ ਭੈਣੀ ਸਾਹਿਬ:

ਸੰਮਤ ੧੯੮੫-੮੬ ਬਿਕ੍ਰਮੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ 'ਸਤਿਜੁਗ' ਸ੍ਰੀ ਭੈਣੀ ਸਾਹਿਬ ਆ ਗਿਆ। ਏਥੋਂ ਵੀ ਸਤਿਜੁਗ ਆਪਣੀ ਪੂਰੀ ਸ਼ਾਨ ਨਾਲ ਪ੍ਰਕਾਸ਼ਤ ਹੋਣ ਲੱਗਾ। ਏਥੇ ਸ੍ਰੀ ਭੈਣੀ ਸਾਹਿਬ ਨਾਮਧਾਰੀ ਮਹਾ ਵਿਦਿਆਲੇ ਦੇ ਵਿਦਿਆਰਥੀ ਸਤਿਜੁਗ ਦੇ ਛਾਪਣ ਵਿਚ ਪੂਰਾ ਯੋਗਦਾਨ ਪਾਉਂਦੇ ਰਹੇ। ਸ੍ਰੀ ਪ੍ਰੀਤਮ ਸਿੰਘ ਕਵੀ ਤੇ ਸ. ਪ੍ਰੀਤਮ ਸਿੰਘ ਪੰਛੀ ਵਰਗੇ ਤਾਂ ਛੋਟੇ ਛੋਟੇ ਹੀ ਸਤਿਜੁਗ ਦੇ ਸੰਪਾਦਕ ਬਣ ਗਏ। ਏਥੋਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਜੀਵਨ ਨਾਲ ਸੰਬੰਧਤ ਪਹਿਲਾ 'ਬਸੰਤ ਅੰਕ' ੧੯੮੬ ਬਿਕ੍ਰਮੀ (੧੯੩੦ ਈ:) ਦਾ ਬੜੀ ਸ਼ਾਨੋ ਸ਼ੌਕਤ ਨਾਲ ਛਪਿਆ ਜਿਸ ਬਾਰੇ ਸਵਰਗਵਾਸੀ ਪੰਡਿਤ ਰਾਜਿੰਦਰ ਸਿੰਘ ਜੀ ਇੰਜ ਲਿਖਦੇ ਹਨ:

"ਸਤਿਜੁਗ ਦਾ ਪਹਿਲਾ ਵਿਸ਼ੇਸ਼ ਅੰਕ ਸੰਤ ਇੰਦ੍ਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਪ੍ਰਕਾਸ਼ਤ ਹੋਇਆ ਸੰਮਤ ੧੯੮੬ ਵਿਚ। ਏਹ 'ਬਸੰਤ ਅੰਕ' ਬੜਾ ਮਾਰਕੇ ਦਾ ਸੀ। ਜਿਸਦੀਆਂ ਸਾਰੇ ਪੰਜਾਬੀ ਜਗਤ ਵਿਚ ਧੁੰਮਾਂ ਪੈ ਗਈਆਂ।

ਏਸਦਾ ਪਹਿਲਾ ਵਿਸ਼ੇਸ਼ ਲੇਖ "ਗੁਰ ਅਵਤਾਰ" ਸੀ ਜਿਸਨੇ ਸਤਿਗੁਰੂ ਰਾਮ ਸਿੰਘ ਜੀ ਬਾਬਤ ਸਾਧਾਰਨ ਆਦਮੀ ਨੂੰ ਗੁਰੂ ਜੀ ਦੇ ਜੀਵਨ ਤੋਂ ਜਾਣੂ ਕਰਵਾਇਆ। ਚਕ੍ਰਵਰਤੀ ਜੀ ਬੜੇ ਮਿਲਾਪੜੇ ਤੇ ਹਸਮੁਖ ਵਿਅਕਤੀ ਸਨ। ਹਰ ਛੋਟੇ ਵੱਡੇ ਆਦਮੀ ਨਾਲ ਆਪਣਿਆਂ ਵਾਂਗ ਹੀ ਘੁਲਮਿਲ ਜਾਂਦੇ ਤੇ ਸਤਿਗੁਰਾਂ ਬਾਬਤ ਬੜੇ-ਬੜੇ ਆਦਮੀਆਂ ਤੋਂ ਸ਼ਰਧਾ ਦੇ ਫੁਲ ਇਕੱਠੇ ਕਰ ਲੈਂਦੇ, ਤੇ ਅਜੇਹੇ ਫੁਲਾਂ ਦਾ ਗੁਲਦਸਤਾ ਹੀ ਸੀ ਪਹਿਲਾ 'ਬਸੰਤ ਅੰਕ'।"

ਇਸ ਤੋਂ ਪਿਛੋਂ ਸ੍ਰੀ ਭੈਣੀ ਸਾਹਿਬ ਤੋਂ 'ਸਤਿਜੁਗ' ਹਫਤਾਵਾਰ ਤੋਂ ਇਲਾਵਾ ਹਰ ਸਾਲ ਇਸਦਾ ਬਸੰਤ ਅੰਕ ਪ੍ਰਕਾਸ਼ਤ ਹੁੰਦਾ। ਸੰਮਤ ੧੯੯੨ ਬਿਕ੍ਰਮੀ (੧੯੩੫ ਈ.) ਵਿਚ ਅਜਿਹੇ ਕਾਂਗਰਸੀ ਨੇਤਾਵਾਂ ਵਲੋਂ ਅਤੇ ਸ੍ਰੀ ਚਕ੍ਰਵਰਤੀ ਜੀ ਵਲੋਂ ਅਪੂਰਣ ਬਲੀਦਾਨ ਲੇਖ ਤੋਂ ਇਲਾਵਾ ਚਾਰ ਇਤਿਹਾਸਕ ਤਸਵੀਰਾਂ (ਮਲੇਰਕੋਟਲੇ ਦੇ ਸ਼ਹੀਦਾਂ ਦੀ ਤਸਵੀਰ, ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਦੀ ਤਿਆਰੀ, ਕਲਕੱਤੇ ਤੋਂ ਰੰਗੂਨ ਦੀ ਰਵਾਨਗੀ ਅਤੇ ਇਲਾਹਬਾਦ ਦੇ ਕਿਲੇ ਵਾਲੀ) ਪ੍ਰਕਾਸ਼ਤ ਹੋਈਆਂ। ਚਕ੍ਰਵਰਤੀ ਜੀ ਦੇ ਇਨਕਲਾਬੀ ਲੇਖ ਅਤੇ ਇਹਨਾਂ ਤਸਵੀਰਾਂ ਨੂੰ ਵੇਖ ਕੇ ਅੰਗ੍ਰੇਜ਼ੀ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਛਾਪਾ ਮਾਰ ਕੇ ਦਫਤਰ ਸਤਿਜੁਗ ਦੇ ਪ੍ਰੈਸ ਨੂੰ ਸੀਲ ਬੰਦ ਕਰ ਦਿੱਤਾ ਜਿਸਨੂੰ ਬਾਅਦ ਵਿਚ ਮੁਕਤ ਕਰਵਾਉਣ ਲਈ ਚਾਰ ਹਜਾਰ ਦੀ ਜਮਾਨਤ ਭਰਨੀ ਪਈ। ਇਸਤਰ੍ਹਾਂ ਹੀ ਇਕ ਵੇਰਾਂ ਵੈਦਯ ਨੌਰੰਗ ਸਿੰਘ ਤਾਂਘੀ ਦੇ ਇਕ ਲੇਖ ਕਾਰਨ ਇਕ ਹਜ਼ਾਰ ਦੀ ਜਮਾਨਤ ਭਰਨੀ ਪਈ।

• ਸਤਿਜੁਗ ਸ੍ਰੀ ਜੀਵਨ ਨਗਰ:

ਭਾਰਤ ਪਾਕਿਸਤਾਨ ਦੀ ਵੰਡ ਉਪਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਥੇ ਸ੍ਰੀ ਜੀਵਨ ਨਗਰ ਨਾਮਧਾਰੀਆਂ ਨੂੰ ਵੰਡ ਤੋਂ ਪਹਿਲਾਂ ਹੀ ਜ਼ਮੀਨ ਖਰੀਦ ਲਿਆ ਵਸਾਇਆ ਅਤੇ ਹਰ ਪੱਖੋਂ ਉਹਨਾਂ ਨੂੰ ਉਨੱਤ ਕਰਨ ਦਾ ਯਤਨ ਕੀਤਾ- ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲੇ ਦੀ ਸਥਾਪਨਾ ਕੀਤੀ, ਜਿਥੇ ਮੁਫ਼ਤ ਵਿਦਿਆ ਦਿੱਤੀ ਜਾਂਦੀ ਅਤੇ ਗਰੀਬ ਬੱਚਿਆਂ ਨੂੰ ਕਪੜਾ ਰੋਟੀ ਤੇ ਕਿਤਾਬਾਂ ਵੀ ਮੁਫ਼ਤ ਦਿੱਤੀਆਂ ਜਾਂਦੀਆਂ। ਸ੍ਰੀ ਜੀਵਨ ਨਗਰ 'ਗਊ ਕੇਂਦਰ' ਸਥਾਪਤ ਕੀਤਾ, ਜਿਸ ਵਿਚ ਹਰਿਆਣਾ ਨਸਲ ਅਤੇ ਸਾਹੀਵਾਲ ਨਸਲ ਦੀਆਂ ਗਊਆਂ ਅਜ ਵੀ ਵੇਖਣ ਨੂੰ ਮਿਲਦੀਆਂ ਹਨ। ਜਿਨ੍ਹਾਂ ਨੇ ਹਰਿਆਣਾ ਪਸ਼ੂ ਪ੍ਰਦਰਸ਼ਨੀਆਂ ਸਮੇਂ ਰਿਕਾਰਡ ਕਾਇਮ ਕੀਤੇ ਏਸੇ ਕਰਕੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੋਪਾਲ ਰਤਨ ਦੀ ਉਪਾਧੀ ਮਿਲੀ ਸੀ। ਏਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਨੂੰ ਨਾਮਧਾਰੀਆਂ ਦਾ ਦੂਜਾ ਕੇਂਦਰ ਬਣਾ ਕੇ ਏਥੇ ਸਤਿਜੁਗ ਪ੍ਰੈਸ ਵੀ ੨੦੦੫ ਬਿਕ੍ਰਮੀ (੧੯੪੭ ਈ.) ਦੇਸ਼ ਦੀ ਵੰਡ ਤੋਂ ਬਾਦ ਭੇਜ ਦਿੱਤੀ। ਪਹਿਲਾਂ ਪਹਿਲਾਂ ਇਹ ਪਿੰਡ ਸੰਤ ਨਗਰ ਵਿਚ ਚਾਲੂ ਕੀਤੀ ਗਈ ਤੇ ਫਿਰ ਇਸਨੂੰ ਸ੍ਰੀ ਜੀਵਨ ਨਗਰ ਸਥਾਪਤ ਕਰ ਲਿਆ ਗਿਆ। ਇਹ ਇਲਾਕਾ ਉਹਨਾਂ ਦਿਨਾਂ ਵਿਚ ਬੜਾ ਪਛੜਿਆ ਹੋਇਆ ਸੀ ਜਿਸ ਕਰਕੇ ਸਤਿਜੁਗ ਦੇ ਪ੍ਰਕਾਸ਼ਨ ਵਿਚ ਕਈ ਰੁਕਾਵਟਾਂ ਪੈਦਾ ਹੁੰਦੀਆਂ ਪਰ ਫਿਰ ਵੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਇਹ ਕਦੇ ਸਪਤਾਹਿਕ, ਕਦੇ ਪੰਦਰਾ ਰੋਜ਼ਾ ਤੇ ਕਦੇ ਮਾਸਕ ਦੇ ਰੂਪ ਵਿਚ ਛਪਦਾ ਰਿਹਾ ਜੋ ਬਾਅਦ ਵਿਚ ਸਪਤਾਹਿਕ ਰੂਪ ਵਿਚ ਨਿਰੰਤਰ ਛਪਣਾ ਸ਼ੁਰੂ ਹੋ ਗਿਆ। ਏਥੇ ਵੀ ਹਰ ਸਾਲ ਦੇ ਬਸੰਤ ਅੰਕ ਤੋਂ ਇਲਾਵਾ ਕਈ ਤਰਾਂ ਦੇ ਅੰਕ ਪ੍ਰਕਾਸ਼ਤ ਹੋਏ। ਜਿਵੇਂ ਗੁਰੂ ਹਰੀ ਸਿੰਘ ਅੰਕ, ਦਸਮੇਸ਼ ਅੰਕ, ਗਊ ਅੰਕ, ਗੁਰੂ ਤੇਗ ਬਹਾਦਰ ਅੰਕ, ਅਫਰੀਕਾ ਅੰਕ, ਸਿਆਮ ਅੰਕ, ਇਸਤਰੀ ਅੰਕ, ਗੁਰੂ ਨਾਨਕ ਸ਼ਤਾਬਦੀ ਅੰਕ, ਮਿੱਠੀ ਯਾਦ ਅੰਕ, ਸ਼ਰਧਾਂਜਲੀ ਅੰਕ, ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਅੰਕ ਭਾਗ ੧-ਭਾਗ ੨, ਸੂਬਾ ਸਾਹਿਬ ਸਿੰਘ ਅੰਕ ਆਦਿ ਕੁਝ ਚੋਣਵੇਂ ਨਾਂ ਹਨ। ਉਪਰੋਕਤ ਅੰਕਾਂ ਵਿਚ ਜਿਥੇ ਲੇਖਕ ਵਿਦਵਾਨ ਤੇ ਕਵੀ ਆਪਣੀ ਕਲਮ ਦੇ ਜੌਹਰ ਵਿਖਾਉਂਦੇ ਓਥੇ ਇਹਨਾਂ ਅੰਕਾਂ ਦਾ ਸ਼ਿੰਗਾਰ ਇਹਨਾਂ ਵਿਚ ਛਪਣ ਵਾਲੀਆਂ ਤਸਵੀਰਾਂ ਹੁੰਦੀਆਂ ਜੋ ਸੰਤ ਸਵਰਿਆਮ ਸਿੰਘ ਮੁਸੱਵਰ ਦੀਆਂ ਬਣੀਆਂ ਹੁੰਦੀਆਂ ਸਨ। ਉਹਨਾਂ ਦੀ ਚਿੱਤਰਕਾਰੀ ਕਮਾਲ ਦਰਜੇ ਦੀ ਚਿੱਤਰਕਾਰੀ ਸੀ।

• ਸਤਿਜੁਗ ਵਿਚ ਛਪਣ ਵਾਲੇ ਲੇਖਾਂ ਬਾਰੇ–

ਪਹਿਲਾਂ ਕਿਸੇ ਸਮੇਂ ਸਤਿਜੁਗ ਵਿਚ ਬੜੇ ਵਾਦ ਵਿਵਾਦ ਵਾਲੇ ਲੇਖ ਛਪਿਆ ਕਰਦੇ ਸਨ। ਬਾਅਦ ਵਿਚ ਸ੍ਰੀ ਭੈਣੀ ਸਾਹਿਬ ਹੋਈ ੧੯੩੪ ਵਿਚ 'ਨਾਨਕ ਨਾਮ ਲੇਵਾ ਸਰਬ ਸੰਪਰਦਾ ਕਾਨਫ੍ਰੰਸ' ਸਮੇਂ ਇਹ ਮਤਾ ਪਾਸ ਕੀਤਾ ਗਿਆ ਕਿ ਹਰ ਨਾਨਕ ਨਾਮ ਲੇਵਾ ਮੰਡਨ ਪ੍ਰਚਾਰ ਕਰੇ। ਇਸ ਸਮੇਂ ਸਤਿਜੁਗ ਨੇ ਵੀ ਵਾਦ ਵਿਵਾਦ ਵਾਲਾ ਸਿਲਸਿਲਾ ਬੰਦ ਕਰ ਦਿੱਤਾ। ਪਰ ਵਿਰੋਧੀ ਆਪਣੇ ਥਾਂ ਡਟੇ ਰਹੇ ਜਿਸ ਦੇ ਜਵਾਬ ਵਿਚ ਸਤਿਜੁਗ ਨੂੰ ਵੀ ਮਜ਼ਬੂਰ ਹੋ ਕੇ ਕਦੇ ਲਿਖਣਾ ਪੈਂਦਾ ਜਿਵੇਂ ਕਿ ਕੁਝ ਸਾਲ ਪਹਿਲਾਂ ਮਹੰਤ ਆਤਮਾ ਸਿੰਘ ਸਨਖਤਰਵੀ ਵਲੋਂ ਗਿਆਨੀ ਪ੍ਰਤਾਪ ਸਿੰਘ ਦੇ 'ਕੂਕਾ ਗੁਰੂਡਮ' ਦੇ ਜਵਾਬ ਵਿਚ ਸਤਿਜੁਗ ਵਿਚ ਲੇਖ ਲੜੀ ਛਪਦੀ ਰਹੀ ਅਤੇ ਬਾਅਦ ਵਿਚ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦਾ ਇਕੋ ਇਕ ਪਰਚਾ 'ਸਤਿਜੁਗ' ਹੋਣ ਦੇ ਨਾਤੇ ਇਸਦਾ ਸੁਧਾਰ ਕਰਨਾ ਚਾਹਿਆ ਅਤੇ ਪਹਿਲੀ ਵਾਰ ੩ ਦਸੰਬਰ ੧੯੯੨ ਨੂੰ 'ਸਤਿਜੁਗ' ਭਾਰਤ ਦੀ ਰਾਜਧਾਨੀ ਦਿੱਲੀ ਵਿਚੋਂ ਕੰਪਿਊਟਰ ਰਾਹੀਂ ਕੰਪੋਜ ਹੋ ਕੇ ਆਫ ਸੈਟ ਪ੍ਰੈਸ ਤੇ ਛਪਿਆ। ਜਦੋਂ ਲੋਕਾਂ (ਪਾਠਕਾਂ) ਨੇ ਇਸ ਪਰਚੇ ਦਾ ਰੰਗ ਰੂਪ ਮੈਟਰ, ਕਾਗਜ ਆਦਿ ਤੇ ਵਿਚ ਛਪੀਆਂ ਤਸਵੀਰਾਂ ਤੇ ਝਾਤ ਮਾਰੀ ਤਾਂ ਹਰੇਕ ਦੇ ਮੂੰਹੋਂ ਧੰਨ ਸਤਿਗੁਰੂ ਜਗਜੀਤ ਸਿੰਘ ਜੀ, ਧੰਨ ਸਤਿਗੁਰੂ ਜਗਜੀਤ ਸਿੰਘ ਜੀ ਨਿਕਲਿਆ

ਸਨਖਤਰਵੀ ਜੀ ਨੇ 'ਸਿਖ ਗੁਰੂ ਪ੍ਰੰਪਰਾ' ਨਾਂ ਹੇਠ ਪੁਸਤਕ ਛਾਪੀ।

ਸ੍ਰੀ ਜੀਵਨ ਨਗਰ ਤੋਂ ਸਤਿਜੁਗ ਲਗਾਤਾਰ ੪੫ ਸਾਲ ੨੦੦੪ ਬਿ. ਤੋਂ ੨੦੪੯ ਬਿਕ੍ਰਮੀ (੧੯੪੭ ਤੋਂ ੧੯੯੨) ਤਕ ਛਪਦਾ ਰਿਹਾ ਹੋਰਨਾਂ ਲੇਖਾਂ ਤੋਂ ਇਲਾਵਾ ਸਚਾਈ ਦੇ ਅਧਾਰ ਤੇ ਇਸਨੇ ਧਰਮ ਪ੍ਰਚਾਰ, ਸ਼ਾਕਾਹਾਰ, ਸਦਾਚਾਰ, ਵਿਸ਼ਵ ਅਮਨ, ਸੁਦੇਸ਼ੀ ਆਦਿ ਦਾ ਪ੍ਰਚਾਰ ਕੀਤਾ। ਪੰਜਾਬੀ ਉਨਤੀ ਲਈ ਸਮੇਂ ਸਮੇਂ ਸਿਰ ਇਸ ਵਿਚ ਲੇਖ ਛਪਦੇ ਰਹੇ। ਜਿਵੇਂ ਕਿ ੨੦੪੨ ਦੇ ਬਸੰਤ ਅੰਕ ਪੰਨਾ ੨੦-੨੧ ਤੇ ਲਿਖਿਆ ਹੈ:

"ਸੁਦੇਸ਼ੀ ਦਾ ਪ੍ਰਚਾਰ ਜਿੰਨਾ ਸਤਿਜੁਗ ਨੇ ਕੀਤਾ ਓਨਾਂ ਪੰਜਾਬੀ ਦੇ ਕਿਸੇ ਹੋਰ ਪਰਚੇ ਨੇ ਸ਼ਾਇਦ ਹੀ ਕੀਤਾ ਹੋਵੇ। ਸੁਦੇਸ਼ੀ ਸ਼ਬਦ ਨੂੰ ਵੀ ਇਥੇ ਨਿਰੋਲ ਕਪੜੇ ਲੀੜੇ ਤਕ ਹੀ ਸੀਮਿਤ ਨਹੀਂ ਸੀ ਰਖਿਆ ਗਿਆ ਸਗੋਂ ਭਾਸ਼ਾ ਨੂੰ ਵੀ ਇਸੇ ਘੇਰੇ ਲਿਆਂਦਾ ਗਿਆ ਸੀ। ਪੰਜਾਬੀ ਬੋਲੀ ਦੀ ਉਨਤੀ ਦਾ ਹੁਣ ਤਕ ਇਹ ਪਰਚਾ ਕਿੰਨਾ ਮੁਦਈ ਰਿਹਾ ਹੈ ਇਸਦਾ ਅਨੁਮਾਨ ਤਾਂ ਇਸੇ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਕੇਵਲ ਇਹੋ ਪੰਜਾਬੀ ਪਰਚਾ ਹੈ ਜੋ ਅਜ ਤਕ ਆਪਣੇ ਪੰਨਿਆਂ ਤੇ ਪੰਜਾਬੀ ਹਿੰਦਸੇ ਅਤੇ ਦੇਸੀ ਤਾਰੀਖਾਂ ਪ੍ਰਕਾਸ਼ਤ ਕਰਦਾ ਹੈ। ਜਦ ਅੰਗ੍ਰੇਜ਼ੀ ਹਿੰਦਸਿਆਂ ਵਾਲੀਆਂ ਪੰਜਾਬੀ ਟਾਈਪ ਮਸ਼ੀਨਾਂ ਬਾਜ਼ਾਰ ਵਿਚ ਆਈਆਂ ਸਨ ਤਦ ਪਹਿਲਾਂ ਇਸੇ ਪਰਚੇ ਨੇ ਹੀ ਇਹਨਾਂ ਦਾ ਵਿਰੋਧ ਕੀਤਾ ਸੀ।"

• ਸਤਿਜੁਗ ਦੇ ਸੰਪਾਦਕਾਂ ਦਾ ਵੇਰਵਾ

ਸ੍ਰ: ਨਿਰੰਕਾਰ ਸਿੰਘ ਚੇਤਨ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸੰਤ ਨਿਧਾਨ ਸਿੰਘ ਆਲਮ, ਸ੍ਰ: ਭਗਵਾਨ ਸਿੰਘ ਦਾਸ, ਸੰਤ ਇੰਦਰ ਸਿੰਘ ਚਕ੍ਰਵਰਤੀ, ਮਾਸਟਰ ਬਲਵੰਤ ਸਿੰਘ, ਸੰਤ ਮਸਤਾਨ ਸਿੰਘ ਕਿਆਮਪੁਰੀਆ, ਸ੍ਰ: ਨੌਰੰਗ ਸਿੰਘ ਤਾਂਘੀ, ਸੁਆਮੀ ਸ਼ਰਧਾ ਨੰਦ, ਸੰਤ ਮੰਗਲ ਸਿੰਘ ਲਾਇਲਪੁਰੀ, ਪੰਡਤ ਰਾਜਿੰਦਰ ਸਿੰਘ, ਸ੍ਰ. ਗੁਰਦਿਆਲ ਸਿੰਘ, ਪ੍ਰੀਤਮ ਸਿੰਘ ਪੰਛੀ, ਪ੍ਰੀਤਮ ਸਿੰਘ ਕਵੀ, ਮਾਸਟਰ ਨਿਹਾਲ ਸਿੰਘ, ਗੁਰਭਜਨ ਸਿੰਘ ਨਾਮਧਾਰੀ, ਸੰਤੋਖ ਸਿੰਘ ਸਾਜਨ, ਆਤਮਾ ਸਿੰਘ ਸਨਖਤਰਵੀ, ਹਰਬੰਸ ਸਿੰਘ, ਗੁਰਦੀਪ ਸਿੰਘ ਨਾਮਧਾਰੀ, ਆਤਮਾ ਸਿੰਘ ਜੋਹਲ। ਹੁਣ ਦਿੱਲੀ ਤੋਂ 'ਸਤਿਜੁਗ' ਪੰਥ ਰਤਨ ਮਾ: ਨਿਹਾਲ ਸਿੰਘ ਦੇ ਨਾਂ ਹੇਠ ਛਪ ਰਿਹਾ ਹੈ ਤੇ ਸੰਪਾਦਨਾ ਪ੍ਰੋ: ਤਾਰਾ ਸਿੰਘ ਅਨਜਾਣ ਜੀ ਕਰ ਰਹੇ ਹਨ।

'੧੯੨੦ ਈ. ਤੋਂ ਲੈ ਕੇ ਦਸੰਬਰ ੧੯੯੨ ਤਕ ਇਸ ਪਰਚੇ ਵਿਚ ਉਹ ਸ਼ੁਰੂ ਵਾਲਾ ਆਮ ਕਾਗਜ, ਪੁਰਾਣਾ ਹੀ ਟਾਈਪ ਜੋ ਕਈ ਵੇਰਾਂ ਤਾਂ ਲਗਾਂ ਮਾਤਰਾਂ ਛਪਦੀਆਂ ਹੀ ਨਹੀਂ ਸਨ। ਇਹੋ ਕਾਰਨ ਸੀ ਕਿ ਬਹੁਤੇ ਪਾਠਕ ਇਸ ਦੀ ਸੰਭਾਲ ਵੀ ਨਹੀਂ ਸਨ ਕਰਦੇ। ਕਿਉਂਕਿ ਆਕਰਸ਼ਨ ਸ਼ਕਤੀ ਨਹੀਂ ਸੀ ਹੁੰਦੀ ਜੋ ਵਰਤਮਾਨ ਜੁਗ ਦੀ ਜ਼ਰੂਰਤ ਸਮਝੀ ਜਾਂਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦਾ ਇਕੋ ਇਕ ਪਰਚਾ 'ਸਤਿਜੁਗ' ਹੋਣ ਦੇ ਨਾਤੇ ਇਸਦਾ ਸੁਧਾਰ ਕਰਨਾ ਚਾਹਿਆ ਅਤੇ ਪਹਿਲੀ ਵਾਰ ੩ ਦਸੰਬਰ ੧੯੯੨ ਨੂੰ 'ਸਤਿਜੁਗ' ਭਾਰਤ ਦੀ ਰਾਜਧਾਨੀ ਦਿੱਲੀ ਵਿਚੋਂ ਕੰਪਿਊਟਰ ਰਾਹੀਂ ਕੰਪੋਜ ਹੋ ਕੇ ਆਫ ਸੈਟ ਪ੍ਰੈਸ ਤੇ ਛਪਿਆ। ਜਦੋਂ ਲੋਕਾਂ (ਪਾਠਕਾਂ) ਨੇ ਇਸ ਪਰਚੇ ਦਾ ਰੰਗ ਰੂਪ ਮੈਟਰ, ਕਾਗਜ ਆਦਿ ਤੇ ਵਿਚ ਛਪੀਆਂ ਤਸਵੀਰਾਂ ਤੇ ਝਾਤ ਮਾਰੀ ਤਾਂ ਹਰੇਕ ਦੇ ਮੂੰਹੋਂ ਧੰਨ ਸਤਿਗੁਰੂ ਜਗਜੀਤ ਸਿੰਘ ਜੀ, ਧੰਨ ਸਤਿਗੁਰੂ ਜਗਜੀਤ ਸਿੰਘ ਜੀ ਨਿਕਲਿਆ ਤੇ ਹੁਣ ਤਕ ਵੀ ਸਤਿਜੁਗ ਦੇ ਸਰੂਪ ਤੇ ਕਾਇਆ ਕਲਪ ਬਾਰੇ ਪਾਠਕਾਂ ਵਲੋਂ ਸਤਿਜੁਗ ਦਫਤਰ ਵਲ ਚਿੱਠੀਆਂ ਦੀ ਭਰਮਾਰ ਲੱਗੀ ਰਹਿੰਦੀ ਹੈ।

• ਦਿੱਲੀ ਛਪ ਰਹੇ ਪਰਚੇ ਬਾਰੇ ਕੁਝ ਪਾਠਕਾਂ ਦੇ ਵਿਚਾਰ

(੧) ਵਿਦਿਵਾਨਾਂ ਦਾ ਮਤ ਹੈ ਕਿ ਹਰ ਸ਼ੈ ਉਗਮਦੀ ਹੈ ਵਿਕਾਸ ਦੀਆਂ ਰਾਹਾਂ ਤੇ ਚਲਦੀ ਹੋਈ ਪ੍ਰਗਤੀ ਦੇ ਸਿਖਰ ਤੇ ਪੁਜਦੀ ਹੈ ਲਗਭਗ ੭੨ ਸਾਲ ਵਿਕਾਸ ਦੀਆਂ ਪੌੜੀਆਂ ਚੜ੍ਹਦਿਆਂ ਸਤਿਜੁਗ ਅਖਬਾਰ ਵੀ ਆਖਿਰ ਸਿਖਰ ਤੇ ਆ ਪੁੱਜੀ ਹੈ। ਇਹ ਅਵਾਜ ਦਿੱਤੀ ਸਤਿਜੁਗ ਦੇ ਅੰਕ ਨੰਬਰ ੪੫-੪੬ ਨੇ ਮਿਤੀ ੩-੧੨-੧੯੯੨ ਨੂੰ ਇਸ ਤੋਂ ਮਗਰੋਂ ਦੇ ਸਾਰੇ ਅੰਕ ਪ੍ਰਾਪਤ ਹੋਏ ਜਿੰਨ੍ਹਾਂ ਨੂੰ ਬੜੇ ਵਧੀਆ ਢੰਗ ਨਾਲ ਸੰਪਾਦਤ ਕਰਕੇ, ਮੁਲਾਇਮ ਪੇਪਰ ਉਤੇ ਆਧੁਨਿਕ ਪ੍ਰੈਸ ਰਾਹੀਂ ਛਾਪਿਆ ਗਿਆ। ਵਿਦਿਵਾਨ ਲੇਖਕਾਂ ਦੇ ਗਿਆਨ ਭਰਪੂਰ ਲੇਖ, ਕਵਿਤਾਵਾਂ, ਸਿਹਤ ਵਿਗਿਆਨੀਆਂ ਦੇ ਲੇਖ, ਸਤਿਗੁਰਾਂ ਦੀਆਂ ਖ਼ੂਬਸੂਰਤ ਤਸਵੀਰਾਂ, ਮਨ ਨੂੰ ਕੀਲ ਲੈਣ ਵਾਲੀਆਂ ਅਤੇ ਇਹਨਾਂ ਸਭਨਾਂ ਤੋਂ ਉਤਾਂਹ ਅੱਜ ਦੇ ਪਦਾਰਥ ਵਾਦੀ ਯੁਗ ਦੇ ਮਾਨਵ ਨੂੰ ਅਧਿਆਤਮਕ ਰਾਹਾਂ ਵਲ ਤੁਰਨ ਲਈ ਪ੍ਰੇਰਨ ਵਾਲੇ ਸਤਿਗੁਰੂਆਂ ਦੇ ਪਾਵਨ ਪਵਿਤਰ ਪ੍ਰਵਚਨ ਜਿਨ੍ਹਾਂ ਨੂੰ ਅਸੀਂ ਕਈ ਵਾਰ ਸੁਣਨ ਤੋਂ ਵਾਂਝੇ ਰਹਿ ਜਾਂਦੇ ਹਾਂ ਉਹ ਲਿਖਤੀ ਰੂਪ ਵਿਚ ਸਤਿਜੁਗ ਅਖਬਾਰ ਨੂੰ ਚਾਰ ਚੰਨ ਲਾ ਰਹੇ ਹਨ।

-ਮੰਗਲਜੀਤ ਸਿੰਘ ਸਾਹਿਬਪੁਰਾ, ਦਿੱਲੀ
(ਸਤਿਜੁਗ-੧੪ ਫਗਨ ੨੦੪੯)

(੨) ਬਹੁਤ ਚਿਰ ਤੋਂ ਰੀਝ ਸੀ ਕਿ ਸਾਡਾ ਨਾਮਧਾਰੀ ਅਖਬਾਰ ਵੀ ਰਾਸ਼ਟਰੀ ਪੱਧਰ ਦੀ ਦਿੱਖ ਵਾਲਾ ਹੋਵੇ। ਸਤਿਗੁਰੂ ਜੀ ਨੇ ਬਹੁਤ ਕਿਰਪਾ ਕੀਤੀ ਹੈ ਅਤੇ ਆਪਣੀ ਦੇਖ ਰੇਖ ਹੇਠ ਇਸ ਨੂੰ ਚਾਰ ਚੰਨ ਲਾਏ ਹਨ।

-ਸੂਬੇਦਾਰ ਅਜੀਤ ਸਿੰਘ ਗੋਰਾਇਆ
(ਸਤਿਜੁਗ -੧੪ ਫਗਣ ੨੦੪੯)

(੩) ਸਤਿਜੁਗ ਵਿਚ ਸਭ ਤੋਂ ਉਤਮ ਵਿਸ਼ੇਸ਼ਤਾ ਇਹ ਹੈ ਕਿ ਇਸਦਾ ਇਕ ਅੱਖਰ ਵੀ ਪੜ੍ਹੇ ਤੋਂ ਵਾਂਝਾ ਨਹੀਂ ਰਿਹਾ ਜਾਂਦਾ ਇਸ ਦਾ ਹਰ ਲੇਖ ਕਵਿਤਾ ਸੱਚ ਦਾ ਸੰਦੇਸ਼ ਹੈ।

-ਸੁਖਦੇਵ ਸਿੰਘ ਸੰਧੂ, ਡੈਨਮਾਰਕ
(ਸਤਿਜੁਗ ੨੫ ਹਾੜ ੨੦੫੦)

(੪) ਸਤਿਗੁਰਾਂ ਦੇ ਪਵਿੱਤਰ ਬਚਨ ਤੇ ਤਸਵੀਰਾਂ ਅਤੀ ਸੁੰਦਰ ਹਨ। ਪੜ੍ਹਦੇ ਪੜ੍ਹਦੇ ਸੁਰਤੀ ਪਰਮਾਰਥ ਦੀਆਂ ਉਡਾਰੀਆਂ ਲਾਉਣ

Namdhari Elibrary NamdhariElibrary@gmail.com

ਲਗ ਪੈਂਦੀ ਹੈ ਤੇ ਜੀਅ ਕਰਦਾ ਹੈ ਕਿ ਘੜੀ ਮੁੜੀ, ਘੜੀ ਮੁੜੀ ਸਤਿਜੁਗ ਪੜ੍ਹਦਾ ਹੀ ਰਹਾਂ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਆਪਣੀ ਕਿਰਪਾ ਦੁਆਰਾ ਇਹ ਸ਼ਲਾਘਾਯੋਗ ਕੰਮ ਆਪ ਤੋਂ ਕਰਵਾਇਆ ਹੈ।

-ਗਿਆਨ ਸਿੰਘ ਖਜਾਨਚੀ, ਲੀਡਜ਼ ਇੰਗਲੈਂਡ

(ਸਤਿਜੁਗ ੩੧ ਹਾੜ ੨੦੫੦)

ਜਦ ਤਿੰਨ ਚਾਰ ਸਤਿਜੁਗ ਦੇ ਅੰਕ ਦਿੱਲੀ ਤੋਂ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ ਦੇ ਪ੍ਰਬੰਧ ਹੇਠ ਅਤੇ ਪੰਥ ਰਤਨ ਮਾ: ਨਿਹਾਲ ਸਿੰਘ ਜੀ, ਸ੍ਰੀ ਅਮਰ ਭਾਰਤੀ ਜੀ, ਕਵੀ ਪ੍ਰੀਤਮ ਸਿੰਘ ਜੀ, ਸ੍ਰ: ਜਸਵਿੰਦਰ, ਸਿੰਘ, ਪ੍ਰੋ: ਤਾਰਾ ਸਿੰਘ ਅਨਜਾਣ ਜੀ ਅਤੇ ਭੂਪਿੰਦਰ ਸਿੰਘ ਭੁਰਜੀ ਜੀ ਦੇ ਸਹਿਯੋਗ ਨਾਲ ਪ੍ਰਕਾਸ਼ਤ ਹੋ ਕੇ ਪਾਠਕਾਂ ਤਕ ਪਹੁੰਚੇ ਤਾਂ ਘਰ ਘਰ ਇਸ ਦੀ ਚਰਚਾ ਹੋਣ ਲੱਗੀ। ਪਹਿਲੇ ਚਾਰ ਪਰਚਿਆਂ ਦੀ ਸੰਪਾਦਕੀ ਚਾਲੂ ਮਸਲਿਆਂ ਉੱਤੇ ਭਾਰਤੀ ਜੀ ਵਲੋਂ ਲਿਖੀ ਗਈ। ਲੁਧਿਆਣਾ ਵਿਚ ੧੩ ਦਸੰਬਰ ੧੯੯੨ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਜਗਦੀਸ਼ ਸਿੰਘ ਵਰਿਆਮ ਨੇ ਸਤਿਜੁਗ ਦੇ ਨਵੇਂ ਰੂਪ-ਸਰੂਪ ਅਕਾਰ ਬਾਰੇ ਚਰਚਾ ਕਰਦਿਆਂ ਇਸ ਦੀ ਭਰਪੂਰ ਪ੍ਰਸੰਸਾ ਕੀਤੀ ਤੇ ਇਸਦੀ ਨਵੀਂ ਤਰਤੀਬ, ਲੇਖਾਂ ਦੇ ਵਿਸ਼ਿਆਂ, ਵਧੀਆ ਕਾਗਜ ਤੇ ਉੱਤਮ ਛਪਾਈ ਦੀ ਵੇਰਵੇ ਵਾਰ ਸਮੀਖਿਆ ਕੀਤੀ। ਉਸ ਸਾਰੀ ਚਰਚਾ ਦੀ ਪ੍ਰਤੀਕ੍ਰਿਆ ਵਜੋਂ ਕੁਝ ਸਜਣਾਂ ਨੇ ਕਿਹਾ ਕਿ ਸਤਿਜੁਗ ਜਿਸ ਰੂਪ ਵਿਚ ਹੁਣ ਦਿੱਲੀ ਤੋਂ ਛਪਣਾ ਸ਼ੁਰੂ ਹੋਇਆ ਹੈ-ਇਹ ਚਲਣਾ ਨਹੀ, ਕਿਉਂਕਿ ਇਹ ਬਹੁਤ ਕੀਮਤੀ ਹੈ।

ਇਸ ਪ੍ਰਤੀਕ੍ਰਿਰਿਆ ਦੇ ਜਵਾਬ ਵਿਚ ਸਤਿਗੁਰਾਂ ਨੇ ਫੁਰਮਾਇਆ ਕਿ ਇਹ ਕੀਮਤੀ ਹੈ-ਏਸੇ ਕਰਕੇ ਜ਼ਰੂਰ ਚਲਣਾ ਹੈ। ਅਸਾਂ ਇਸਨੂੰ ਵਧੀਆ ਢੰਗ ਨਾਲ ਚਲਾਉਣ ਦਾ ਫੈਸਲਾ ਕਰ ਲਿਆ ਹੈ ਤੇ ਇਸ ਦੇ ਦੋ ਅੰਕ ਆਪ ਦੇ ਸਾਹਮਣੇ ਹਨ। ਸਾਨੂੰ ਸਾਰਿਆਂ ਨੂੰ ਜਤਨ ਕਰਨਾ ਹੈ ਕਿ ਇਹ ਅਖਬਾਰ ਹਰ ਪੰਜਾਬੀ ਪੜ੍ਹੇ ਘਰ ਵਿਚ ਪਹੁੰਚੇ ਤੇ ਪੜ੍ਹਿਆ ਜਾਵੇ।"

ਇਸ ਪ੍ਰਕਾਰ ਇਹ ਸਤਿਜੁਗ ਆਪਣੇ ਨਵੇਂ ਆਕਾਰ, ਵਧੀਆ ਕਾਗਜ ਤੇ ਵਧੀਆ ਪੜ੍ਹਨ ਯੋਗ ਸਮਗਰੀ ਤੇ ਸਤਿਗੁਰੂ ਜੀ ਤੇ ਹੋਰ ਪੰਥ ਨਾਲ ਸੰਬੰਧਤ ਤਸਵੀਰਾਂ ਨਾਲ ਨਿਰੰਤਰ ਹਫਤਾਵਰ ਛਪਣਾ ਸ਼ੁਰੂ ਹੋ ਗਿਆ। ਪਰ ਸੰਪਾਦਕੀ ਰਾਜਨੀਤਕ ਮਸਲਿਆਂ ਨੂੰ ਛਡ ਕੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਿਰੋਲ ਧਾਰਮਕ ਵਿਸ਼ਿਆ ਉਤੇ ਲਿਖਣੀ ਸ਼ੁਰੂ ਹੋਈ। ਸੰਮਤ ੧੯੪੯ ਦਾ ਸਤਿਜੁਗ ਵਲੋਂ ਬਹੁਤ ਹੀ ਦਿਲਕਸ਼ ਖ਼ੂਬਸੂਰਤ 'ਬਸੰਤ ਅੰਕ' ੧੫੫ ਸਫਿਆਂ ਦਾ ਕਢਿਆ ਗਿਆ। ਇਹ ਆਧੁਨਿਕ ਕਿਸਮ ਦਾ ਵਧੀਆ ਕਾਗਜ, ਖੋਜ ਭਰਪੂਰ ਲੇਖਾਂ, ਕਵਿਤਾਵਾਂ ਤੇ ਮਨਮੋਹਕ ਤਸਵੀਰਾਂ - ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਦਾ ਤਪ ਅਸਥਾਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਜਿਆ ਹੋਇਆ ਸੀ।

੨੨ ਅਸੂ (੭ ਦਸੰਬਰ ੧੯੯੩) ਨੂੰ ਇਸ ਸਤਿਜੁਗ ਅਖਬਾਰ ਵਿਚ ਫਿਰ ਤਬਦੀਲੀ ਲਿਆਂਦੀ ਗਈ ਤੇ ਉਹਨਾਂ ਸਿਖਾਂ ਵਾਸਤੇ ਜੋ ਵਿਦੇਸ਼ਾਂ ਵਿਚ ਰਹਿਣ ਕਰਕੇ ਪੰਜਾਬੀ ਨਹੀਂ ਜਾਣਦੇ ਅਤੇ ਨਾਮਧਾਰੀ ਇਤਿਹਾਸ ਬਾਰੇ ਜਾਣਨ ਦੀ ਰੁਚੀ ਰਖਦੇ ਹਨ ਦੀ ਮੰਗ ਨੂੰ ਪ੍ਰਵਾਨ ਕਰਕੇ ਸਤਿਜੁਗ ਦਾ ਇਕ ਪੇਜ ਪੰਜਵਾਂ ਅੰਗ੍ਰੇਜ਼ੀ ਵਿਚ ਛਪਣਾ ਸ਼ੁਰੂ ਹੋਇਆ। ਹੁਣ ਇਹ ਵੀ ਯਤਨ ਕੀਤੇ ਜਾ ਰਹੇ ਹਨ ਕਿ ਸਤਿਜੁਗ ਵਿਚ ਕੁਝ ਹਿੱਸਾ ਹਿੰਦੀ ਦਾ ਵੀ ਛਾਪਿਆ ਜਾਵੇ।

੨੦੫੦ ਬਿਕ੍ਰਮੀ (੧੯੯੪) ਦਾ ਬਸੰਤ ਅੰਕ ਵੀ ਲਾ ਮਿਸਾਲ ਅੰਕ ਸੀ। ਜਿਸ ਬਾਰੇ ਵਾਰੰਟ ਆਫੀਸਰ ਮ. ਸ. ਕੂਕਾ ਜੋਧਪੁਰ ਤੋਂ ਲਿਖਦੇ ਹਨ:-

"ਬਸੰਤ ਅੰਕ ਨੂੰ ਰੰਗ ਰੂਪ ਤੇ ਮਿਆਰ ਦੇਣ ਲਈ ਤੁਹਾਡੀ ਕੋਸ਼ਿਸ਼ ਸ਼ਲਾਘਾ ਯੋਗ ਹੈ।- - - - - -ਬਸੰਤ ਅੰਕ ਪੜ੍ਹਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਉਪਦੇਸ਼ ਵਿਚੋਂ ਪ੍ਰਤੱਖ ਦਰਸ਼ਨ ਹੋਏ। ਮੈਨੂੰ ਉਸ ਉਪਦੇਸ਼ ਨੇ ਕੀਲ ਲਿਆ।"

-ਸਤਿਜੁਗ ੩੦ ਵਸਾਖ ੨੦੫੧ ਬਿ.

ਸਤਿਜੁਗ ਨੇ ਜੋ ਸਚਾਈ ਦੇ ਅਧਾਰ ਤੇ ਧਰਮ ਰਹਿਤ ਮਰਯਾਦਾ, ਸਵਦੇਸ਼ੀ, ਸਦਾਚਾਰ ਅਮਨ, ਅਹਿੰਸਾ ਆਦਿ ਦਾ ਪ੍ਰਚਾਰ ਕੀਤਾ, ਪੰਜਾਬੀ ਦੀ ਉਨਤੀ ਤੇ ਪੰਜਾਬੀ ਸਾਹਿਤ ਵਿਚ ਜੋ ਯੋਗਦਾਨ ਪਾਇਆ ਇਹ ਆਪਣੀ ਮਿਸਾਲ ਆਪ ਹੈ। ਇਸਦੀ ਮਹਿਕਾਰ ਦੁਨੀਆਂ ਭਰ ਵਿਚ ਫੈਲ ਰਹੀ ਹੈ। ਇਹ ਸਾਰੀ ਕਿਰਪਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ-ਸ੍ਰੀ ਆਤਮਾ ਸਿੰਘ ਸਨਖਤ੍ਰਵੀ ਆਪਣੀ ਇਕ ਪੁਰਾਣੀ ਕਵਿਤਾ ਵਿਚ ਲਿਖਦੇ ਹਨ:-

ਛੋਹ ਪਾ ਸਤਿਗੁਰੂ ਜਗਜੀਤ ਸਿੰਘ ਦੀ,
ਸਾਰੇ ਪੰਥ ਵਿਚ ਵੰਡੇ ਮਹਿਕਾਰ ਸਤਿਜੁਗ।
ਘਰ ਘਰ ਪਹੁੰਚ ਕੇ ਪੰਥ ਦੀ ਡਾਕ ਵੰਡਦਾ,
ਸੰਤ ਗਾਥਾ ਦੀ ਪਾਉਂਦਾ ਫੁਹਾਰ ਸਤਿਜੁਗ।
ਅਮਨ ਏਕਤਾ ਵਾਸਤੇ ਜਤਨ ਕਰਦਾ,
ਰਖੇ ਦੋਖੀਆਂ ਤੋਂ ਖਬਰਦਾਰ ਸਤਿਜੁਗ।
ਹਰਿ 'ਆਤਮਾ' ਪੜ੍ਹੋ ਮੰਗਵਾ ਇਸਨੂੰ,
ਨਾਮਧਾਰੀਆਂ ਦਾ ਪਹਿਰੇਦਾਰ ਸਤਿਜੁਗ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਵੀ ੧੯੨੦ ਈ. ਵਿਚ ਹੋਇਆ ਅਤੇ ਸਤਿਜੁਗ ਦਾ ਜਨਮ ਵੀ ੧੯੨੦ ਵਿਚ ਹੀ ਹੋਇਆ। ਜਿਵੇਂ ਸਤਿਗੁਰੂ ਜੀ ਨੇ ਪੰਥਕ ਥਾਵਾਂ, ਸ਼ਹੀਦੀ ਅਸਥਾਨਾਂ ਦੀ ਸਥਾਪਨਾ ਅਤੇ ਨਾਮਧਾਰੀ ਸਿਖਾਂ ਦੇ ਵਿਕਾਸ ਲਈ ਕਾਰਜ ਕੀਤੇ, ਸ੍ਰੀ ਭੈਣੀ ਸਾਹਿਬ ਦੀ ਕਾਇਆ ਕਲਪ ਕੀਤੀ, ਦੇਸ਼ ਵਿਦੇਸ਼ ਵਿਚ ਜਾ ਕੇ ਅਣਗਿਣਤ ਹੀ ਲੋਕਾਂ ਦੇ ਜੀਵਨ ਦਾ ਸੁਧਾਰ ਦਰਸ਼ਨ ਦੇ ਕੇ ਕੀਤਾ, ਥਾਂ ਥਾਂ ਵਰਨੀਆਂ ਤੇ ਜਪ-ਪ੍ਰਯੋਗ ਚਲਵਾ ਕੇ ਨਾਮ ਜਪਾ ਰਹੇ ਹਨ। ਉਸੇ ਤਰ੍ਹਾਂ ਹੀ ਇਹਨਾਂ ਆਪਣੇ ਹਮ ਉਮਰ 'ਸਤਿਜੁਗ' ਤੇ ਕਿਰਪਾ ਕਰਕੇ ਆਧੁਨਿਕ ਰੂਪ ਬਖ਼ਸ਼ਿਆ ਹੈ।

ਸਤਿਜੁਗ ਨੂੰ ਸ੍ਰੀ ਜੀਵਨ ਨਗਰ ਤੋਂ ਆਏ ਨੂੰ ਭਾਵੇਂ ਸਵਾ ਦੋ ਸਾਲ ਕਰੀਬ ਹੋਏ ਹਨ ਪਰ ਇਸਦੇ ਨਵੇਂ ਸਰੂਪ ਤੋਂ ਪ੍ਰਭਾਵਤ ਹੋ ਕੇ ਇਸਦੇ ਪਾਠਕਾਂ ਦੀ ਗਿਣਤੀ ਸ੍ਰੀ ਜੀਵਨ ਨਗਰ ਤੋਂ ਛਪਦੇ ਸਤਿਜੁਗ ਨਾਲੋਂ ਢਾਈ ਗੁਣਾਂ ਤੋਂ ਵੀ ਉਪਰ ਪਹੁੰਚ ਚੁੱਕੀ ਹੈ ਤੇ ਦਿਨੋਂ ਦਿਨ ਬੜੇ ਜੋਰ ਸ਼ੋਰ ਨਾਲ ਪਾਠਕਾਂ ਦੀ ਗਿਣਤੀ ਵਧ ਰਹੀ ਹੈ। ਆਸ ਹੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਅਤੇ ਪਾਠਕਾਂ ਦੇ ਸਹਿਯੋਗ ਨਾਲ ਇਹ ਸਤਿਜੁਗ ਅਖਬਾਰ ਦੁਨੀਆਂ ਭਰ ਵਿਚ ਆਪਣੀ ਸ਼ਾਨੋ ਸ਼ੌਕਤ ਨਾਲ ਅਗਾਂਹ ਹੀ ਅਗਾਂਹ ਨਵੇਂ ਤੋਂ ਨਵੇਂ ਸਰੂਪ ਨਾਲ ਵਧਦਾ ਰਹੇਗਾ ਅਤੇ ਨਾਮਧਾਰੀਆਂ ਤੇ ਦੂਸਰੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਸਤਿਕਾਰ ਰਖਣ ਵਾਲਿਆਂ ਦੀ ਪ੍ਰਤੀਨਿਧਤਾ ਕਰਦਾ ਰਹੇਗਾ।

■

Namdhari Elibrary NamdhariElibrary@gmail.com



■ ਜਸਪਾਲ ਕੌਰ

੧੯ਵੀਂ ਸਦੀ ਦੇ ਦੂਸਰੇ ਅੱਧ ਦੀਆਂ ਸਮਾਜ ਸੁਧਾਰਕ ਲਹਿਰਾਂ

ਲੋਕ ਭਲਾਈ ਦੇ ਨੇਮ ਬਣਾਉਣ ਵਾਲੇ ਮਹਾਂਪੁਰਸ਼ ਸਮੇਂ ਸਮੇਂ ਹੋਏ ਹਨ ਤੇ ਇਹ ਧਰਮ ਸੁਧਾਰਕ ਧਰਮ ਦੇ ਨਾਲ ਸਮਾਜ ਦਾ ਸਹਿਜ-ਸੁਭਾ ਹੀ ਸੁਧਾਰ ਕਰਦੇ ਹਨ। ਇਸ ਲਈ ਇਹ ਧਰਮ-ਸਮਾਜ-ਸੁਧਾਰਕ ਅਖਵਾਉਂਦੇ ਹਨ। ਇਹਨਾਂ ਸੁਧਾਰਕਾਂ ਨਾਲ ਜੁੜੇ ਲੋਕਾਂ ਦਾ ਪ੍ਰਵਾਹ ਲਹਿਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ।

ਸੁਧਾਰਕ ਲਹਿਰਾਂ ਦਾ ਸੰਬੰਧ ਸਮਾਜ ਨਾਲ ਹੈ। ਉਨ੍ਹਾਂ ਲੋਕਾਂ ਨਾਲ ਹੈ ਜਿਹੜੇ ਸਮਾਜ ਦਾ ਅੰਗ ਹਨ। ਸਮਾਜ ਮਨੁੱਖੀ ਸੰਬੰਧਾਂ ਦਾ ਸਾਧਾਰਨ ਸਰੂਪ ਹੈ। ਜਦੋਂ ਕਿਸੇ ਖ਼ਾਸ ਉਦੇਸ਼ ਦੀ ਪ੍ਰਾਪਤੀ ਲਈ ਇਕੋ ਸੋਚ ਦੇ ਮਨੁੱਖ ਇਕੱਠੇ ਹੋ ਜਾਂਦੇ ਹਨ ਤਾਂ ਉਹ ਇਕੱਠ ਵੀ ਸਮਾਜ ਦਾ ਨਾਂ ਧਾਰਨ ਕਰ ਲੈਂਦਾ ਹੈ। ਮੈਕਾਈਵਰ ਅਨੁਸਾਰ ਮਨੁੱਖ ਦੀ ਇੱਛਾ ਨੁਸਾਰ ਆਪਸੀ ਸੰਬੰਧਾਂ ਨੂੰ ਸਮਾਜ ਕਹਿੰਦੇ ਹਨ (Society includes every willed relationship of man to man)। ਸਮਾਜ ਦੀ ਪਰਿਭਾਸ਼ਾ ਦੇਂਦੇ ਹੋਏ ਜੈਂਕਸ ਕਹਿੰਦੇ ਹਨ - ਮਨੁੱਖ ਦੇ ਸ਼ਾਂਤੀਪੂਰਨ ਸੰਬੰਧਾਂ ਦੀ ਅਵਸਥਾ ਦਾ ਨਾਂ ਸਮਾਜ ਹੈ (The term society means hormonious or at best peaceful relationship) ਇਹਨਾਂ ਦੋਹਾਂ ਪਰਿਭਾਸ਼ਾਵਾਂ ਤੋਂ ਇਹ ਅਰਥ ਨਿਕਲਦਾ ਹੈ ਕਿ ਮਨੁੱਖ ਸਮਾਜ ਦੀ ਇੱਕ ਮਹਤਵਪੂਰਨ ਇਕਾਈ ਹੈ। ਮਨੁੱਖ ਬਿਨਾਂ ਸਮਾਜ ਦੀ ਹੋਂਦ ਹੀ ਖ਼ਤਮ ਹੋ ਜਾਂਦੀ ਹੈ। ਪਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਸਮਾਜ ਦੁਆਰਾ ਹੀ ਹੁੰਦੀ ਹੈ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਆਪਣੀਆਂ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਕਰਨ ਲਈ ਹਰ ਸੰਭਵ ਯਤਨ ਕਰਦਾ ਹੈ। ਇਹਨਾਂ ਸ਼ਕਤੀਆਂ ਨੂੰ ਮਨੁੱਖ ਲੋਕ-ਭਲਾਈ, ਜਨ-ਸੁਧਾਰ ਵਲ ਲਾ ਸਕਦਾ ਹੈ। ਧਰਮ ਦਾ ਮਨੋਰਥ ਤਾਂ ਸਭ ਜੀਵਾਂ ਦਾ ਭਲਾ ਕਰਨਾ ਹੈ। ਪਰ ਕਈ ਲੋਕੀਂ ਆਪਣੇ ਸਵਾਰਥ ਲਈ ਧਰਮ ਨੂੰ ਵਰਤਣ ਲੱਗਦੇ ਹਨ ਤਾਂ ਦੂਸਰੇ ਲੋਕਾਂ ਦਾ ਭਲਾ ਹੋਣ ਦੀ ਥਾਂ ਨੁਕਸਾਨ ਹੁੰਦਾ ਹੈ। ਇਸ ਲਈ ਸਵਾਰਥੀ ਨੇਮਾਂ ਦੀ ਥਾਂ ਲੋਕ ਭਲਾਈ ਦੇ ਨੇਮ ਬਣਾਉਣ ਵਾਲੇ ਮਹਾਂਪੁਰਸ਼ ਸਮੇਂ ਸਮੇਂ ਹੋਏ ਹਨ ਤੇ ਇਹ ਧਰਮ ਸੁਧਾਰਕ ਧਰਮ ਦੇ ਨਾਲ ਸਮਾਜ ਦਾ ਸਹਿਜ-ਸੁਭਾ ਹੀ ਸੁਧਾਰ ਕਰਦੇ ਹਨ। ਇਸ ਲਈ ਇਹ ਧਰਮ-ਸਮਾਜ-ਸੁਧਾਰਕ ਅਖਵਾਉਂਦੇ ਹਨ। ਇਹਨਾਂ ਸੁਧਾਰਕਾਂ ਨਾਲ ਜੁੜੇ ਲੋਕਾਂ ਦਾ ਪ੍ਰਵਾਹ ਲਹਿਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਮੇਂ ਸਮੇਂ ਇਹਨਾਂ ਸੁਧਾਰਵਾਦੀ ਲਹਿਰਾਂ ਨੇ ਜਨਮ ਲਿਆ। ਭਾਰਤ ਵਿਚ ਉਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਸਮਾਜ ਸੁਧਾਰ ਲਹਿਰਾਂ ਦੇ ਕਈ ਕਾਰਨ ਸਨ। ਜਿਵੇਂ:- ਉਸ ਸਮੇਂ ਭਾਰਤੀ ਸਮਾਜ ਤੇ ਕੁਪ੍ਰਥਾਵਾਂ ਤੇ ਕੁਰੀਤੀਆਂ ਦਾ ਪ੍ਰਕੋਪ, ਜਿਨ੍ਹਾਂ ਨੂੰ ਖ਼ਤਮ ਕਰਨ ਤੋਂ ਬਿਨਾਂ ਸਮਾਜ ਪੱਛੜਿਆ ਹੀ ਰਹਿ ਸਕਦਾ ਸੀ। ਅੰਗਰੇਜ਼ੀ ਸ਼ਾਸਨ ਦਾ ਪ੍ਰਭਾਵ ਵੀ ਸੀ। ਪਹਿਲਾਂ ਪਹਿਲਾਂ ਤਾਂ ਅੰਗਰੇਜ਼ਾਂ ਨੇ ਭਾਰਤੀ ਸਮਾਜਿਕ ਵਿਵਸਥਾ ਵਿੱਚ ਦਖ਼ਲਅੰਦਾਜ਼ੀ ਨਹੀਂ ਕੀਤੀ ਪਰ ਬਾਦ ਵਿੱਚ ਜਿਵੇਂ ਲਾਰਡ ਬੈਂਟਿਕ ਆਦਿ ਨੇ ਸਤੀ ਪ੍ਰਥਾ, ਬਾਲ ਹਤਿਆ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਦਾ ਅੰਗਰੇਜ਼ੀ ਸਿਖਿਆ ਪ੍ਰਾਪਤ ਕਰਕੇ ਦ੍ਰਿਸ਼ਟੀ ਕੋਣ ਹੀ ਬਦਲ ਗਿਆ। ਤੇ ਰੂੜੀਵਾਦੀ ਤੇ ਅੰਧ ਵਿਸ਼ਵਾਸ਼ ਦਾ ਖ਼ਾਤਮਾ ਹੋ ਗਿਆ ਲਗਾ। ਪੱਛਮੀ ਸਭਿਅਤਾ ਤੇ ਸੰਸਕ੍ਰਿਤੀ ਨੇ ਵੀ ਲੋਕਾਂ ਨੂੰ ਪ੍ਰਭਾਵਿਤ ਕੀਤਾ। ਇਸਾਈ ਧਰਮ ਦੇ ਪ੍ਰਚਾਰ ਨੇ ਵੀ ਪ੍ਰਭਾਵਿਤ ਕੀਤਾ। ਇਸ ਤੋਂ ਇਲਾਵਾ ਇਸ ਸਮੇਂ ਵਿਗਿਆਨਿਕ ਤਰੱਕੀ ਨੇ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ। ਅਗਿਆਨਤਾ ਦੇ ਹਨੇਰੇ ਨੂੰ ਦੂਰ ਭਜਾ ਕੇ ਗਿਆਨ ਦਾ ਪ੍ਰਕਾਸ਼ ਫੈਲਾ ਦਿੱਤਾ। ੧੮੫੭ ਈ. ਦੀ ਕ੍ਰਾਂਤੀ ਨੇ ਭਾਰਤੀਆਂ ਅੰਦਰ ਰਾਸ਼ਟਰੀ

Namdhari Elibrary NamdhariElibrary@gmail.com

ਚੇਤਨਾ ਦੀ ਜੋਤ ਜਗਾ ਦਿੱਤਾ। ਇਹੀ ਚੇਤਨਾ, ਸ਼ਕਤੀ ਦਾ ਰੂਪ ਲੈ ਕੇ ਸਮਾਜਿਕ ਤੇ ਧਾਰਮਿਕ ਸੁਧਾਰਾਂ ਵਿੱਚ ਬਦਲ ਗਈ। ਜ਼ਮੀਨ ਬੀਜ ਪਾਣ ਵਾਸਤੇ ਤਿਆਰ ਸੀ, ਬੀਜ ਪਾਣ ਵਾਲੇ ਵੀ ਤਿਆਰ ਸਨ। ਭਾਵ ਇਸ ਸਮੇਂ ਕਈ ਸਮਾਜਿਕ, ਧਾਰਮਿਕ ਸੁਧਾਰਕ ਵੀ ਹੋਏ। ਜਿਨ੍ਹਾਂ ਕਰਕੇ ਇਸ ਸਮੇਂ ਭਾਰਤੀ ਸਮਾਜ ਵਿੱਚ ਕਈ ਪ੍ਰਕਾਰ ਦੀਆਂ ਸੁਧਾਰਵਾਦੀ ਲਹਿਰਾਂ ਨੇ ਜਨਮ ਲਿਆ।

ਬ੍ਰਹਮ ਸਮਾਜ (Brahma Smaj) ਬ੍ਰਹਮ ਸਮਾਜ ਦੀ ਸਥਾਪਨਾ ੧੮੨੮ ਵਿੱਚ ਬ੍ਰਹਮ ਸਭਾ ਦੇ ਰੂਪ ਵਿੱਚ ਰਾਜਾ ਰਾਮ ਮੋਹਨ ਰਾਇ ਨੇ ਬੰਗਾਲ ਵਿੱਚ ਕੀਤੀ। ਇਸ ਸਮੇਂ ਸ਼ਕਤੀਹੀਨਤਾ ਦਾ ਯੁਗ ਸੀ। ਬਹੁਤੀਆਂ ਰਿਆਸਤਾਂ ਅੰਗਰੇਜ਼ਾਂ ਅਧੀਨ ਹੋ ਗਈਆਂ ਸਨ। ਸ਼ਾਸਕ ਸੁਧਾਰਵਾਦੀ ਨ ਹੋ ਕੇ ਸਵਾਰਥੀ ਸਨ। ਦੂਜਾ ਰਾਜਾ ਰਾਮ ਮੋਹਨ ਰਾਇ ਤੇ ਮੌਤ ਵੀ ਅਚਾਨਕ ਦੀ ਛੇਤੀ ਹੋ ਗਈ ਜਿਸ ਕਰਕੇ ਉਹ ਆਪਣੀ ਇੱਛਾਨੁਸਾਰ ਯੋਗਦਾਨ ਨਾ ਪਾ ਸਕੇ। ੧੮੪੩ ਵਿਚ ਮਹਾਂਕਵੀ ਰਵੀਂਦਰ ਨਾਥ ਟੈਗੋਰ ਦੇ ਪਿਤਾ ਮਹਾਂਰਿਸ਼ੀ ਦਵੇਂਦਰ ਨਾਥ ਨੇ ਬ੍ਰਹਮ ਸਮਾਜ ਦੀ ਵਾਗਡੋਰ ਸੰਭਾਲ ਲਈ। ਪੰਜ ਸਾਲਾਂ ਦੇ ਥੋੜੇ ਜਿਹੇ ਸਮੇਂ ਵਿੱਚ ਹੀ ਇਹਨਾਂ ਸਮਾਜ ਵਿੱਚ ਨਵੀਂ ਰੂਹ ਫੂਕ ਦਿੱਤੀ। ਇਹ ਵੇਦਾਂ ਵਿੱਚ ਵਿਸ਼ਵਾਸ ਰੱਖਦੇ ਸਨ ਜਿਸ ਕਰਕੇ ਇੱਕ ਨਵੇਂ ਧਰਮ ਤੇ ਸਮਾਜ ਦੀ ਸਥਾਪਨਾ ਕਰਨ ਦੀ ਬਜਾਇ ਇਹ ਆਪਣੇ ਸਾਥੀਆਂ ਨੂੰ ਹਿੰਦੂ ਧਰਮ ਤੇ ਸਮਾਜ ਨਾਲ ਜੋੜੀ ਰੱਖਣਾ ਚਾਹੁੰਦੇ ਸਨ। ੧੮੫੭ ਈ. ਵਿਚ ਸ੍ਰੀ ਕੇਸ਼ਵ ਚੰਦਰ ਸੇਨ ਨੇ ਇਸ ਸਮਾਜ ਵਿੱਚ ਪ੍ਰਵੇਸ਼ ਕੀਤਾ। ਇਹਨਾਂ ਦੇ ਵਿਚਾਰਾਂ ਦਾ ਲੋਕਾਂ ਤੇ ਬਹੁਤ ਪ੍ਰਭਾਵ ਪਿਆ ਤੇ ਭਾਰਤ ਵਿੱਚ ੫੫ ਸ਼ਾਖਾਵਾਂ ਸਥਾਪਤ ਹੋ ਗਈਆਂ। ਕੇਸ਼ਵ ਚੰਦਰ ਸੇਨ ਪ੍ਰਗਤੀਸ਼ੀਲ ਸਨ ਜਿਸ ਦਾ ਮਹਾਂਰਿਸ਼ੀ ਨਾਲ ਵਿਚਾਰਕ ਮਤਭੇਦ ਹੋ ਗਿਆ ਤੇ ਬ੍ਰਹਮ ਸਮਾਜ ਦੋ ਹਿੱਸਿਆ ਵਿੱਚ ਵੰਡਿਆ ਗਿਆ। ਮਹਾਂਰਿਸ਼ੀ ਦਵੇਂਦਰ ਨਾਥ ਦੇ ਸਾਥੀਆਂ ਵਾਲਾ ਸਮਾਜ ਆਦਿ ਬ੍ਰਹਮ ਸਮਾਜ ਅਖਵਾਇਆ ਜਿਸਨੇ ਕੋਈ ਬਹੁਤਾ ਸਮਾਜ ਸੁਧਾਰਾਂ ਵਿੱਚ ਯੋਗਦਾਨ ਨਹੀਂ ਪਾਇਆ ਤੇ ਉਹ ਪਿੱਛੜ ਗਿਆ। ਕੇਸ਼ਵ ਚੰਦਰ ਸੇਨ ਵਾਲੇ ਬ੍ਰਹਮ ਸਮਾਜ ਦਾ ਨਾਂ ਭਾਰਤੀ ਬ੍ਰਹਮ ਸਮਾਜ ਪੈ ਗਿਆ। ਅੱਗੇ ਜਾ ਕੇ ਇਹ ਸਮਾਜ ਫਿਰ ਦੋ ਹਿਸਿਆਂ ਵਿਚ ਵੰਡਿਆ ਗਿਆ। ਮੂਲ ਰੂਪ ਵਿੱਚ ਇਹਨਾਂ ਦੀਆਂ ਸਿਖਿਆਵਾਂ ਇਹ ਸਨ:-ਇਕ ਪਰਮਾਤਮਾ ਵਿੱਚ ਵਿਸ਼ਵਾਸ ਰੱਖੋ। ਏਕੇਸ਼ਵਰਵਾਦੀ ਰਹੋ ਕਿਉਂਕਿ ਈਸ਼ਵਰ ਹੀ ਇਸ ਸ੍ਰਿਸ਼ਟੀ ਦਾ ਰਚਨਹਾਰ ਤੇ ਸੁਰੱਖਿਆ ਕਰਨ ਵਾਲਾ ਹੈ। ਮੁਕਤੀ ਉਸਦੀ ਕਿਰਪਾ ਨਾਲ ਮਿਲੇਗੀ। ਅਧਿਆਤਮਿਕ ਉਨਤੀ ਲਈ ਪ੍ਰਾਰਥਨਾ ਕਰਨਾ ਜ਼ਰੂਰੀ ਹੈ। ਪ੍ਰਭੂ-ਪੂਜਾ ਪ੍ਰੇਮ ਤੇ ਸਚਾਈ ਨਾਲ ਹੋਣੀ ਚਾਹੀਦੀ ਹੈ। ਇਹ ਕਰਮ-ਫਲ ਤੇ ਵਿਸ਼ਵਾਸ ਰਖਦੇ ਸਨ। ਆਤਮਾ ਅਮਰ ਹੈ ਤੇ ਆਪਣੇ ਕਰਮਾਂ ਕਰਕੇ ਪਰਮਾਤਮਾ ਦੇ ਸਨਮੁੱਖ ਉਤਰਦਾਈ ਹੈ। ਮੂਰਤੀ ਪੂਜਾ ਦੇ ਵਿਰੋਧੀ ਸਨ। ਜਾਤ-ਪ੍ਰਥਾ ਤੇ ਛੂਆ ਛੂਤ ਨੂੰ ਨਹੀਂ ਮੰਨਦੇ ਸਨ। ਵਿਧਵਾ ਵਿਆਹ ਤੇ ਅੰਤਰਜਾਤੀ ਵਿਆਹ ਦੇ ਪੱਖ ਵਿਚ ਸਨ। ਸਤੀਪ੍ਰਥਾ ਦੇ ਵਿਰੋਧੀ ਸਨ। ਆਧੁਨਿਕਤਾ ਪੱਖੀ ਹੋਣ ਕਰਕੇ ਕੇਸ਼ਵ ਚੰਦਰ ਪੁਰਾਣੇ ਵਿਚਾਰਾਂ ਵਾਲੇ ਬ੍ਰਾਹਮਣਾਂ ਨੂੰ ਇਸ ਮੰਚ ਤੋਂ ਨਹੀਂ ਬੋਲਣ ਦੇਣਾ ਚਾਹੁੰਦੇ ਸਨ। ਇਹਨਾਂ ਇਸਤਰੀ ਸਿਖਿਆ ਤੇ ਜੋਰ ਦਿੱਤਾ ਤੇ ਕਿਹਾ ਕਿ ਇਸਤਰੀ ਨੂੰ ਪੁਰਸ਼ ਸਮਾਨ ਸਿਖਿਆ ਪ੍ਰਾਪਤ ਕਰਨ ਦੇ ਹੱਕ ਹੋਣੇ ਚਾਹੀਦੇ ਹਨ। ਪਰਦਾ ਪ੍ਰਥਾ ਦਾ ਵਿਰੋਧ ਕੀਤਾ ਤੇ ਇਸਤਰੀ ਦਾ ਸਮਾਜ ਵਿੱਚ ਵਿਚਰਣ, ਬਿਨਾਂ ਕਿਸੇ ਪ੍ਰਤੀਬੰਧ ਦੇ ਹੋਣ ਵਿਚ ਵਿਸ਼ਵਾਸ ਰੱਖਿਆ। ਇਹ ਕਹਿੰਦੇ ਸਨ ਕਿ ਬਹੁ ਵਿਆਹ

ਸਮਾਜਿਕ ਸੁਧਾਰਾਂ ਦੇ ਉਤਸ਼ਾਹ ਵਿੱਚ ਇਹ ਨਹੀਂ ਭੁਲਣਾ ਚਾਹੀਦਾ ਕਿ ਮਨੁੱਖ ਤੇ ਸਮਾਜ ਦਾ ਆਪਣੇ ਭੂਤ ਨਾਲ ਅਟੁੱਟ ਸੰਬੰਧ ਹੁੰਦਾ ਹੈ। ਪੁਰਾਣੀਆਂ ਪਰੰਪਰਾਵਾਂ ਨੂੰ ਤੋੜਨਾ ਮਨੁੱਖ ਲਈ ਅਤੀ ਕਠਿਨ ਹੈ। ਸੁਧਾਰਕ ਦਾ ਇਹ ਕਰਤਵ ਹੈ ਕਿ ਉਹ ਮਾਨਵ-ਸਮਾਜ ਦੇ ਭੂਤ ਕਾਲ ਨੂੰ ਮੱਦੇ-ਨਜ਼ਰ ਰਖਦੇ ਹੋਏ ਉਸਦੇ ਸੰਸਕਾਰਾਂ ਤੇ ਪੁਰਾਣੀਆਂ ਪ੍ਰਥਾਵਾਂ ਦਾ ਆਦਰ ਕਰਦੇ ਹੋਏ ਉਸ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰੇ।

ਪ੍ਰਥਾ ਵੀ ਸਮਾਜ ਵਾਸਤੇ ਹਾਨੀਕਾਰਕ ਹੈ। ਇਸ ਲਈ ਇਹ ਵੀ ਖ਼ਤਮ ਹੋਣੀ ਚਾਹੀਦੀ ਹੈ। ਸਭ ਧਰਮਾਂ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੇ ਸਨ ਤੇ ਸਭ ਧਾਰਮਿਕ ਪੁਸਤਕਾਂ ਪ੍ਰਾਪਤ ਕਰਕੇ ਪੜ੍ਹ ਕੇ ਗਿਆਨ ਦਾ ਵਾਧਾ ਕਰਦੇ ਸਨ।

ਪ੍ਰਾਰਥਨਾ ਸਮਾਜ: ੧੮੪੯ ਵਿੱਚ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤੇ ਇਸੇ ਸਾਲ ਹੀ ਮਹਾਰਾਸ਼ਟਰ ਵਿਚ ਪਰਮਹੰਸ ਸਭਾ ਬਣੀ ਜਿਸਦਾ ਪ੍ਰਭਾਵ ਬੜਾ ਹੀ ਸੀਮਤ ਸੀ ਜਿਸ ਕਰਕੇ ਇਹ ਛੇਤੀ ਹੀ ਟੁੱਟ ਗਈ। ਡਾ. ਆਤਮਾ ਰਾਮ ਪਾਂਡੂਰੰਗ ਨੇ ੧੮੬੭ ਵਿਚ ਇਕ ਹੋਰ ਸੰਗਠਨ ਸ਼ੁਰੂ ਕੀਤਾ ਜਿਸਦਾ ਉਦੇਸ਼ ਵਿਚਾਰਮਈ ਪ੍ਰਾਰਥਨਾ ਤੇ ਸਮਾਜ-ਸੁਧਾਰ ਸੀ। ਇਸਦਾ ਨਾਂ ਪ੍ਰਾਰਥਨਾ ਸਮਾਜ ਸੀ ਤੇ ਇਹ ਰਾਜਾ ਰਾਮ ਮੋਹਨ ਰਾਇ ਦੇ ਬ੍ਰਹਮ ਸਮਾਜ ਕਰਕੇ ਹੀ ਪੈਦਾ ਹੋਇਆ। ਇਹ ਸਮਾਜ ਹਿੰਦੂ ਸਮਾਜ ਤੇ ਧਰਮ ਵਿੱਚ ਅਟੁਟ ਵਿਸ਼ਵਾਸ ਰੱਖਦਾ ਸੀ, ਬ੍ਰਹਮ ਸਮਾਜ ਵਿੱਚ ਨਹੀਂ। ਇਹਨਾਂ ਅਛੂਤ ਉਦਾਰ, ਅੰਤਰਜਾਤੀ ਵਿਆਹ, ਵਿਧਵਾ ਵਿਆਹ, ਇਸਤਰੀ ਸਿਖਿਆ ਨੂੰ ਹਿੰਦੂ ਸਮਾਜ ਦੀ ਤਰੱਕੀ ਵਾਸਤੇ ਜ਼ਰੂਰੀ ਸਮਝਿਆ। ਜਾਤੀ ਭੇਦ ਦੇ ਇਹ ਵਿਰੋਧੀ ਸਨ। ਇਹਨਾਂ ਨੇ ਅਨਾਥ ਆਸ਼ਰਮ, ਵਿਧਵਾ ਆਸ਼ਰਮ ਤੇ ਇਸਤਰੀ ਵਿਦਿਆ ਲਈ ਸਕੂਲ ਖੋਲੇ। ਇਕ ਅਛੂਤ ਦਲ ਤੋ ਧਾਰ-ਮਿਸ਼ਨ ਦੀ ਸਥਾਪਨਾ ਕੀਤੀ। ਸਮਾਜਿਕ ਦਸ਼ਾ ਨੂੰ ਸੁਧਾਰਨ ਵਾਸਤੇ ਇਹਨਾਂ ਬਹੁਤ ਕੋਸ਼ਿਸ਼ ਕੀਤੀ। ਇਸ ਸਮਾਜ ਦੇ ਪ੍ਰਧਾਨ ਮਹਾਂਦੇਵ ਗੋਵਿੰਦ ਰਾਨਾਡੇ ਜਜ ਸਨ। ਇਹ ਬੜੇ ਸੁਲਝੇ ਹੋਏ ਵਿਚਾਰਾਂ ਵਾਲੇ ਸਨ ਤੇ ਇਹਨਾਂ ਕਿਹਾ ਕਿ ਸਮਾਜਿਕ ਸੁਧਾਰਾਂ ਦੇ ਉਤਸ਼ਾਹ ਵਿੱਚ ਇਹ ਨਹੀਂ ਭੁਲਣਾ ਚਾਹੀਦਾ ਕਿ ਮਨੁੱਖ ਤੇ ਸਮਾਜ ਦਾ ਆਪਣੇ ਭੂਤ ਨਾਲ ਅਟੁੱਟ ਸੰਬੰਧ ਹੁੰਦਾ ਹੈ। ਪੁਰਾਣੀਆਂ ਪਰੰਪਰਾਵਾਂ ਨੂੰ ਤੋੜਨਾ ਮਨੁੱਖ ਲਈ ਅਤੀ ਕਠਿਨ ਹੈ। ਸੁਧਾਰਕ ਦਾ ਇਹ ਕਰਤਵ ਹੈ ਕਿ ਉਹ ਮਾਨਵ-ਸਮਾਜ ਦੇ ਭੂਤ ਕਾਲ ਨੂੰ ਮੱਦੇ-ਨਜ਼ਰ ਰਖਦੇ ਹੋਏ ਉਸਦੇ ਸੰਸਕਾਰਾਂ ਤੇ ਪੁਰਾਣੀਆਂ ਪ੍ਰਥਾਵਾਂ ਦਾ ਆਦਰ ਕਰਦੇ ਹੋਏ ਉਸ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰੇ।

ਆਰੀਆ ਸਮਾਜ: ਆਰੀਆ ਸਮਾਜ ਦੀ ਸਥਾਪਨਾ ਸਵਾਮੀ ਦਇਆ ਨੰਦ ਸਰਸਵਤੀ ਨੇ ੧੮੭੫ ਈ. ਵਿਚ ਕੀਤੀ। ਉਹਨਾਂ

Namdhari Elibrary NamdhariElibrary@gmail.com

ਦਾ ਜਨਮ ਕਠੀਆਵਾੜ ਵਿਚ ੧੮੨੪ ਵਿਚ ਹੋਇਆ ਸੀ। ਜਵਾਨੀ ਵਿੱਚ ਹੀ ਵੈਰਾਗ ਹੋ ਗਿਆ ਤੇ ਸੱਚ ਦੀ ਖੋਜ ਵਿੱਚ ਨਿਕਲ ਤੁਰੇ। ਇਹਨਾਂ ਨੇ ਮਹਿਸੂਸ ਕੀਤਾ ਕਿ ਹਿੰਦੂ ਧਰਮ ਦਾ ਜੋ ਸਰੂਪ ਉਨ੍ਹੀਵੀਂ ਸਦੀ ਦੇ ਮੱਧ ਵਿੱਚ ਹੈ ਉਹ ਪ੍ਰਾਚੀਨ ਆਰੀਆ ਧਰਮ ਨਾਲੋਂ ਵੱਖਰਾ ਸੀ। ਇਹਨਾਂ ਉਸ ਗੌਰਵਮਈ ਆਭਾ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ। ਛੂਆ ਛੂਤ ਦਾ ਵਿਰੋਧ ਕੀਤਾ। ਜਾਤ ਪਾਤ ਭੇਦ ਭਾਵ ਨੂੰ ਪੂਰੀ ਤਰ੍ਹਾਂ .ਖਤਮ ਕਰਨਾ ਚਾਹਿਆ। ਔਰਤਾਂ ਦੀ ਪੜ੍ਹਾਈ, ਵਿਧਵਾ ਵਿਆਹ ਦਾ ਸਮਰਥਨ ਕੀਤਾ। ਬਾਲ ਵਿਆਹ ਦਾ ਵਿਰੋਧ ਕੀਤਾ। ਇਹਨਾਂ ਸ਼ੁਧੀ ਅੰਦੋਲਨ ਚਲਾਇਆ ਜਿਸ ਅਨੁਸਾਰ ਦੂਸਰੇ ਧਰਮਾਂ ਵਿਚ ਧਰਮ ਬਦਲਕੇ ਗਏ ਹਿੰਦੂਆਂ ਨੂੰ ਸ਼ੁੱਧੀ ਸੰਸਕਾਰ ਦਵਾਰਾ ਫਿਰ ਹਿੰਦੂ ਧਰਮ ਵਿਚ ਲਿਆਂਦਾ ਜਾਵੇ। ਇਹ ਇਹਨਾਂ ਦੀ ਸਭ ਹਿੰਦੂ ਸੁਧਾਰ ਲਹਿਰਾਂ ਨਾਲੋਂ ਵੱਡੀ ਦੇਣ ਸੀ। ਸਵਾਮੀ ਜੀ ਚਾਹੁੰਦੇ ਸਨ ਕਿ ਭਾਰਤੀ ਲੋਕਾਂ ਦਾ ਭਵਿਖ ਵਿੱਚ ਭਰੋਸਾ ਰਹੇ ਕਿ ਉਹ ਸੁਰਖਿਅਤ ਹਨ। ਉਹ ਪ੍ਰਚੰਡ ਤੇ ਆਕਰਮਕ ਵਾਰ ਕਰਦੇ ਸਨ। ਉਹ ਕੁਰੀਤੀਆਂ ਨੂੰ ਦੂਰ ਕਰਕੇ ਲੋਕਾਂ ਨੂੰ ਰਾਜਨੀਤਿਕ ਅਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਚਾਹੁੰਦੇ ਸਨ। ਸਵਦੇਸ਼ੀ ਅਤੇ ਭਾਰਤ ਭਾਰਤੀਆਂ ਲਈ, ਦਾ ਸੰਦੇਸ਼ ਦੇਣਾ ਚਾਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਸਤਿਆਮੇਵ ਜਯਤੇ ਨਾਨਰਿਤਮ ਅਰਥਾਤ ਸੱਚ ਹਮੇਸ਼ਾਂ ਜਿੱਤਦਾ ਹੈ ਤੇ ਝੂਠ ਸਦਾ ਹਾਰਦਾ ਹੈ। ਉਹਨਾਂ ਸਿਖਿਆਰਥੀਆਂ ਵਾਸਤੇ ਕਾਲਜ ਤੇ ਗੁਰੂਕੁਲ ਵਿਭਾਗ ਸਥਾਪਤ ਕੀਤੇ।

ਦੇਵ ਸਮਾਜ: ੧੮੮੭ ਵਿਚ ਸਤਿਆਨੰਦ ਅਗਨੀਹੋਤਰੀ ਨੇ ਲਾਹੌਰ ਵਿਚ ਇਸਦੀ ਸਥਾਪਨਾ ਕੀਤੀ। ਇਹ ਨਿਰਈਸਵਰਵਾਦ ਦੇ ਵਿਚ ਵਿਸ਼ਵਾਸ ਰਖਦੇ ਸਨ। ਇਹਨਾਂ ਵਿਦਿਆਰਥੀਆਂ ਲਈ ਸਕੂਲ ਖੋਲ੍ਹੇ।

ਰਾਮ ਕ੍ਰਿਸ਼ਨ ਮਿਸ਼ਨ: ਇਹ ਮਿਸ਼ਨ ੧੮੯੬-੯੭ ਵਿਚ ਸਵਾਮੀ ਵਿਵੇਕਾਨੰਦ ਨੇ ਆਪਣੇ ਗੁਰੂ ਸਵਾਮੀ ਰਾਮਕ੍ਰਿਸ਼ਨ ਪਰਮਹੰਸ ਦੀ ਯਾਦ ਵਿੱਚ ਸਥਾਪਤ ਕੀਤਾ। ਇਹਨਾਂ ਦਾ ਵਿਸ਼ਵਾਸ ਸੀ ਕਿ ਸਾਰੇ ਧਰਮ ਚੰਗੇ ਤੇ ਸੱਚੇ ਹਨ ਇਸ ਲਈ ਆਪਣੇ ਧਰਮ ਵਿੱਚ ਹੀ ਰਹਿਣਾ ਚਾਹੀਦਾ ਹੈ। ਈਸ਼ਵਰ ਨਿਰਾਕਾਰ ਤੇ ਸਰਵਵਿਆਪਕ ਹੈ। ਹਿੰਦੂ ਸਭਿਅਤਾ ਸਭ ਤੋਂ ਪ੍ਰਾਚੀਨ ਤੇ ਸ੍ਰੇਸ਼ਠ ਹੈ। ਇਹਨਾਂ ਨੇ ਦੀਨ ਦੁਖੀਆਂ ਦੀ ਸੇਵਾ ਤੇ ਅਕਾਲ ਪੀੜਤਾਂ ਦੀ ਸਹਾਇਤਾ ਕੀਤੀ।

ਥਿਉਸਾਫੀਕਲ ਸੋਸਾਇਟੀ (The Theosophical society): ਇਸਦੀ ਸਥਾਪਨਾ ਮੈਡਮ ਬਲਾਵਤਸਕੀ ਤੇ ਕਰਨਲ ਅਲਕਾਟ ਨੇ ੧੮੫੭ ਵਿੱਚ ਸੰਯੁਕਤ ਰਾਜ ਅਮਰੀਕਾ ਵਿਚ ਕੀਤੀ। ਪਰ ੧੮੭੯ ਵਿੱਚ ਇਹਨਾਂ ਭਾਰਤ ਆ ਕੇ ਮਦਰਾਸ ਵਿਚ ਇਸਦਾ ਦਫਤਰ ਖੋਲਿਆ। ਸ੍ਰੀ ਮਤੀ ਏਨੀ ਬੇਸੰਟ ਦੇ ਸਮੇ ਇਹ ਸੰਸਥਾ ਬੜੀ ਮਹਤਵਪੂਰਨ ਬਣ ਗਈ। ਇਹ ਕੋਈ ਸਾਂਪ੍ਰਦਾਇਕ ਅੰਦੋਲਨ ਨਹੀਂ ਸੀ। ਇਸਦਾ ਉਦੇਸ਼ ਸੰਸਾਰ ਵਿੱਚ ਭਾਈਚਾਰਾ ਪੈਦਾ ਕਰਨਾ ਸੀ। ਜਾਤ ਪਾਤ ਭੇਦ ਭਾਵ ਨੂੰ ਇਹ ਨਹੀਂ ਮੰਨਦੇ। ਈਸ਼ਵਰ ਦੀ ਤਾਕਤ ਤੇ ਪੁਨਰ ਜਨਮ ਵਿਚ ਵਿਸ਼ਵਾਸ ਰਖਦੇ ਹਨ। ਇਸਲਾਮ ਧਰਮ ਵਿੱਚ ਸੁਧਾਰ ਲਿਆਉਣ ਵਾਲੇ ਸਰ ਸੱਯਦ ਅਹਿਮਦ ਖਾਂ ਦਾ ਨਾਂ ਵਿਸ਼ੇਸ਼ ਹੈ। ਇਹ ਪਰਦਾ ਹਟਾਣ ਤੇ ਇਸਤਰੀ ਵਿਦਿਆ ਦੇ ਹੱਕ ਵਿੱਚ ਸਨ। ਸ਼ੁਰੂ ਸ਼ੁਰੂ ਵਿੱਚ ਲੋਕਾਂ ਇਹਨਾਂ ਦਾ ਵਿਰੋਧ ਕੀਤਾ ਪਰ ਬਾਅਦ ਵਿਚ ਇਹਨਾਂ ਨਾਲ ਜੁੜ ਗਏ।

ਨਾਮਧਾਰੀ ਲਹਿਰ: ੧੮੪੯ ਵਿੱਚ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ੧੮੫੭ ਈ. ਵਿਚ ਪਹਿਲਾ ਸੁਤੰਤਰਤਾ ਸੰਗ੍ਰਾਮ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ੧੮੫੭ ਈ. ਦੀ ਭਾਰਤੀਆਂ ਦੀ ਹਾਰ ਨੇ ਅਨੁਭਵ ਕਰਾਇਆ ਕਿ ਅੰਗਰੇਜ਼ਾਂ ਨਾਲ ਅਜੇ ਲੜਾਈ ਹਥਿਆਰਾਂ ਨਾਲ ਨਹੀਂ ਜਿੱਤੀ ਜਾਣੀ। ਸੋ ਉਹਨਾਂ ਭੈਣੀ ਸਾਹਿਬ ਆ ਕੇ ਚਿੰਤਨ ਕੀਤਾ। ਉਹਨਾਂ ਲੋਕਾਂ ਅੰਦਰ ਚਰਿਤਰਕ ਬਲ ਪੈਦਾ ਕਰਨ ਵਾਸਤੇ ਉਹਨਾਂ ਨੂੰ ਨਾਮ ਜਪਣ ਤੇ ਬਾਣੀ ਪੜ੍ਹਨ ਲਈ ਕਿਹਾ। ਬਾਣੀ ਪੜ੍ਹਨ ਨਾਲ ਮਨੁੱਖ ਅੰਦਰ ਸਚਾਈ, ਬਹਾਦਰੀ ਦਾ ਵਾਸ ਹੁੰਦਾ ਹੈ। ਉਹਨਾਂ ਪ੍ਰਚਲਿਤ ਸਮਾਜਿਕ ਕੁਪ੍ਰਥਾਵਾਂ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੱਤਾ। ਕੁੜੀਆਂ ਨੂੰ ਮਾਰਨ, ਵੱਟਾ ਕਰਨ, ਸਤੀ ਹੋਣ ਦੇਣਾ ਆਦਿ ਪ੍ਰੰਪਰਾਵਾਂ ਦਾ ਉਹਨਾਂ ਡੱਟ ਕੇ ਵਿਰੋਧ ਕੀਤਾ। ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਕਿਹਾ। ਪੰਜਾਬੀ ਅੱਖਰ ਸਭ ਨੂੰ ਪੜ੍ਹਨ ਲਈ ਕਿਹਾ ਜਾਂਦਾ। ਅੰਗਰੇਜ਼ੀ ਸਕੂਲ, ਕਪੜੇ, ਡਾਕ ਪ੍ਰਬੰਧ ਆਦਿ ਦਾ ਬਾਈਕਾਟ ਕਰਕੇ ਸਤਿਗੁਰੂ ਜੀ ਨੇ ਪੂਰੀ ਨਿਸ਼ਠਾ ਨਾਲ ਅੰਗਰੇਜ਼ਾਂ ਦਾ ਵਿਰੋਧ ਕੀਤਾ। ਬਾਲ ਵਿਆਹ ਦਾ ਵਿਰੋਧ ਕੀਤਾ। ਸੁੱਚ-ਸੋਧ ਮਰਿਆਦਾ ਚਲਾ ਕੇ ਲੋਕਾਂ ਨੂੰ ਸਮਝਾਇਆ ਕਿ ਅਸੀਂ ਆਪਣੇ ਗੌਰਵਮਈ ਵਿਰਸੇ ਨਾਲ ਤਾਂ ਹੀ ਜੁੜ ਸਕਾਂਗੇ ਜੇ ਕਰ ਅਸੀਂ ਆਪਣਾ ਕੰਮ ਆਪ ਕਰ ਸਕਾਂਗੇ। ਅਰਥਾਤ ਦੇਸ਼ ਦਾ ਸ਼ਾਸਨ ਪ੍ਰਬੰਧ ਅਸੀਂ ਆਪ ਕਰ ਸਕਾਂਗੇ। ਅੰਗਰੇਜ਼ ਉਹਨਾਂ ਤੋਂ ਇਨੇ ਭੈਅ-ਭੀਤ ਹੋ ਗਏ ਅਤੇ ਉਹਨਾਂ ਨੂੰ ੧੮ ਜਨਵਰੀ ੧੮੭੨ ਨੂੰ ਦੇਸ ਨਿਕਾਲਾ ਦੇ ਦਿਤਾ।

ਪੰਜਾਬ ਵਿਚ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਪਿਛੋਂ, ਇਸਾਈ ਮੱਤ ਦੇ ਪ੍ਰਚਾਰ ਨਾਲ ਸਿੱਖਾਂ ਨੂੰ ਇਸਾਈ ਬਣਨੋ ਰੋਕਣ ਲਈ ਸਿੰਘ ਸਭਾ ਲਹਿਰ ੧੮੭੩ ਵਿਚ ਚਲੀ। ਇਹ ਦੇਸ਼ ਭਗਤਕ ਲਹਿਰ ਸੀ। ਇਸ ਦੇ ਮੁਕਾਬਲੇ ਭਾਈ ਗੁਰਮੁਖ ਸਿੰਘ ਨੇ ਸਿੰਘ ਸਭਾ ਲਹਿਰ ਲਾਹੌਰ ਸਥਾਪਤ ਕੀਤੀ ਜਿਸ ਦਾ ਇਕ ਉਦੇਸ਼, "ਅੰਗਰੇਜ਼ੀ ਹਕੂਮਤ ਦੇ ਨਾਲ ਜੁੜ ਕੇ ਚਲਣਾ ਸੀ।" ਦੂਸਰੀ ਲਹਿਰ, ਪਹਿਲੀ ਲਹਿਰ ਉੱਤੇ ਛਾ ਗਈ ਪਰ ਕੋਈ ਹੋਰ ਖ਼ਾਸ ਸੁਧਾਰ ਕਰਨ ਦੀ ਥਾਂ ਅੰਗਰੇਜ਼ ਹਾਕਮਾਂ ਦੇ ਸੋਹਿਲੇ ਗਾਉਂਦੀ ਰਹੀ।

ਸਾਰੀਆਂ ਧਾਰਮਿਕ, ਸਮਾਜਿਕ, ਸੁਧਾਰ ਲਹਿਰਾਂ ਦਾ ਉਦੇਸ਼ ਸੀ ਇਸਤਰੀ ਜਾਤੀ ਦੀ ਭਲਾਈ, ਪਰਦੇ ਦੀ ਪ੍ਰਥਾ ਨੂੰ ਖ਼ਤਮ ਕਰਨਾ, ਤੇ ਅਨਪੜ੍ਹਤਾ ਨੂੰ ਖ਼ਤਮ ਕਰਨਾ। ਭਾਰਤ ਵਾਸੀਆਂ ਦੇ ਆਪਸੀ ਭੇਦ ਭਾਵ ਨੂੰ ਖ਼ਤਮ ਕਰਕੇ, ਉਹਨਾਂ ਵਿਚ ਦੇਸ, ਧਰਮ ਤੇ ਸੰਸਕ੍ਰਿਤੀ ਪ੍ਰਤੀ ਪ੍ਰੇਮ ਪੈਦਾ ਕਰਨਾ ਸੀ। ਰਾਸ਼ਟਰੀ ਭਾਵਨਾ ਨੂੰ ਜਾਗਰਿਤ ਕਰਨਾ ਸੀ। ਆਪਣੇ ਪ੍ਰਾਚੀਨ ਗੌਰਵਮਈ ਵਿਰਸੇ ਨਾਲ ਜੋੜਨਾ ਸੀ। ਪ੍ਰਾਚੀਨ ਹਿੰਦੂ ਧਰਮ ਦੀਆਂ ਖ਼ੂਬੀਆਂ ਨੂੰ ਮੁੜ ਸੁਰਜੀਤ ਕਰਨਾ ਸੀ। ਆਡੰਬਰ, ਕਰਮ-ਕਾਂਡ ਦਾ ਖ਼ਾਤਮਾ ਕਰਕੇ ਅਧਿਆਤਮਕ ਉਥਾਨ ਤੇ ਨੈਤਿਕ ਉਨਤੀ ਤੇ ਬਲ ਦੇਣਾ ਸੀ। ਸੰਖੇਪ ਵਿਚ ਜੇ ਅਸੀਂ ਦੇਖੀਏ ਤਾਂ ਇਹਨਾਂ ਲਹਿਰਾਂ ਨੇ ਸਮਾਜ ਵਿਚ ਨਵ ਜਾਗਰਣ ਪੈਦਾ ਕੀਤਾ। ਅੰਧ ਵਿਸ਼ਵਾਸ ਤੇ ਸਮਾਜਿਕ ਕੁਰੀਤੀਆਂ ਦਾ ਵਿਨਾਸ਼ ਕੀਤਾ। ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦਾ ਵਿਕਾਸ ਹੋਇਆ। ਰਾਸ਼ਟਰੀ ਭਾਵਨਾ ਦਾ ਵਿਕਾਸ ਹੋਇਆ। ਧਾਰਮਿਕ ਸੁਧਾਰਾਂ ਕਰਕੇ ਧਰਮ ਵਿਚ ਵੀ ਬਹੁਤ ਸਾਰੇ ਪਰੀਵਰਤਨ ਆਏ। ਇਨ੍ਹਾਂ ਦੇ ਨਾਲ ਹੀ ਰਾਜਨੀਤਿਕ ਸੁਧਾਰਾਂ ਨੇ ਵੀ ਜਨਮ ਲਿਆ। ਸ੍ਰੀ ਮਤੀ ਏਨੀ ਬੇਸੰਟ ਨੇ ਕਿਹਾ ਕਿ ਸੁਸ਼ਾਸਨ ਕਦੀ ਵੀ ਸਵੈਸ਼ਾਸਨ ਨਾਲੋਂ ਚੰਗਾ ਨਹੀਂ ਹੋ ਸਕਦਾ। ਵਿਦੇਸ਼ੀ ਭਾਰਤੀ ਸਭਿਅਤਾ ਸੰਸਕ੍ਰਿਤੀ ਵਲ ਖਿੱਚੇ ਗਏ, ਸਿਖਿਆ ਦਾ ਪ੍ਰਚਾਰ ਹੋਇਆ ਤੇ ਨਵੇਂ ਸਾਹਿਤ ਪ੍ਰਵਾਹ ਚਲੇ।

■

Namdhari Elibrary NamdhariElibrary@gmail.com

■ ਜਸਵਿੰਦਰ ਸਿੰਘ

ਸੂਬਾ ਲੱਖਾ ਸਿੰਘ

ਪੰਜਾਬ ਦੇ ਲੈਫਟੀਨੈਂਟ ਗਵਰਨਰ ਅਨੁਸਾਰ ਸੂਬਾ ਲੱਖਾ ਸਿੰਘ ਉਹਨਾਂ ਕੇ ਰਾਜ ਲਈ ਬਹੁਤ 'ਖ਼ਤਰਨਾਕ' ਵਿਅਕਤੀ ਸੀ ਅਤੇ ਉਸ ਨੂੰ ਡਰ ਸੀ ਕਿ ਲੱਖਾ ਸਿੰਘ ਦੇ ਪੰਜਾਬ ਵਿੱਚ ਵਾਪਸ ਆ ਜਾਣ ਨਾਲ ਉਹਨਾਂ ਦੀਆਂ ਪਰੇਸ਼ਾਨੀਆਂ ਹੋਰ ਵੀ ਵੱਧ ਜਾਣਗੀਆਂ। ਇਸ ਕਾਰਨ ਬਾਬਾ ਲੱਖਾ ਸਿੰਘ ਦੀ ਰਿਹਾਈ ਸੰਭਵ ਨਾ ਹੋ ਸਕੀ, ਜਾਂ ਇਹ ਕਹਿ ਲਵੋ ਕਿ ਬਾਬਾ ਲੱਖਾ ਸਿੰਘ, ਜਿਸ ਨੂੰ ਬ੍ਰਿਟਿਸ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦਾ 'ਮਿਲਟਰੀ ਸੈਕਟਰੀ' ਸਮਝਦੀ ਹੁੰਦੀ ਸੀ, ਦਾ ਡਰ ਨਜ਼ਰਬੰਦੀ ਦੇ ੧੬ ਸਾਲ ਬਾਦ ਵੀ ਅੰਗ੍ਰੇਜ਼ਾਂ ਉੱਤੇ ਉਸੇ ਤਰ੍ਹਾਂ ਹੀ ਸਮਾਇਆ ਹੋਇਆ ਸੀ।

ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਰਾਜ ਗੱਦੀ ਤੇ ਬੈਠਣ ਦੇ ਪੰਜਾਹ ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿੱਚ ਅੰਗ੍ਰੇਜ਼ਾਂ ਨੇ ੧੮੮੭-੮੮ ਈ. ਵਿੱਚ ਬਹੁਤ ਸਾਰੇ ਕੈਦੀ ਰਿਹਾ ਕਰ ਦਿੱਤੇ ਸਨ ਜੋ ਉਹਨਾਂ ਦੀਆਂ ਨਜ਼ਰਾਂ ਵਿਚ ਹੁਣ 'ਖ਼ਤਰਨਾਕ ਨਹੀਂ' ਸਨ। ਇਸ ਦੌਰਾਨ ਕੁਝ ਰਾਜਸੀ ਕੈਦੀ, ਜੋ ਅੰਗ੍ਰੇਜ਼ਾਂ ਨੇ ਅਲਗ ਅਲਗ ਥਾਵਾਂ ਤੇ ਨਜ਼ਰਬੰਦ ਕੀਤੇ ਹੋਏ ਸਨ ਵੀ ਕੁਝ ਸ਼ਰਤਾਂ ਲਗਾ ਕੇ ਰਿਹਾ ਕਰ ਦਿਤੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਹੀ ਸਾਹਿਬ ਸਿੰਘ, ਕਾਹਨ ਸਿੰਘ, ਰੂੜ ਸਿੰਘ, ਮਲੂਕ ਸਿੰਘ, ਹੁਕਮਾ ਸਿੰਘ, ਮਾਨ ਸਿੰਘ, ਜਵਾਹਰ ਸਿੰਘ, ਲੱਖਾ ਸਿੰਘ, ਬ੍ਰਹਮਾ ਸਿੰਘ ਅਤੇ ਪਹਾੜਾ ਸਿੰਘ ਸੂਬੇ ਫੜ ਕੇ ਅਲਗ ਅਲਗ ਥਾਵਾਂ ਤੇ ਨਜ਼ਰਬੰਦ ਕਰ ਦਿਤੇ ਗਏ ਸਨ। ਇਹਨਾਂ ਵਿਚੋਂ ਸੂਬਾ ਸਾਹਿਬ ਸਿੰਘ, ਪਹਾੜਾ ਸਿੰਘ, ਜਵਾਹਰ ਸਿੰਘ ਅਤੇ ਰੂੜ ਸਿੰਘ ਨਜ਼ਰਬੰਦੀ ਦੇ ਦੌਰਾਨ ਹੀ ਚੜ੍ਹਾਈ ਕਰ ਗਏ। ਸੂਬਾ ਕਾਹਨ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਮਲੂਕ ਸਿੰਘ ਅਤੇ ਮਾਨ ਸਿੰਘ ਨੂੰ ਕੁਝ ਸ਼ਰਤਾਂ ਲਗਾ ਕੇ ੧੮੮੭-੮੯ ਈ. ਵਿੱਚ ਵਾਪਸ ਪੰਜਾਬ ਘਰੋਂ-ਘਰੀਂ ਭੇਜ ਦਿਤਾ ਗਿਆ। ਇਹਨਾਂ ਕੂਕੇ ਰਾਜਸੀ ਕੈਦੀਆਂ ਦੀ ਰਿਹਾਈ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਨੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਪਾਸੋਂ ਨਜ਼ਰਬੰਦ ਕੂਕੇ ਕੈਦੀਆਂ ਬਾਰੇ ਰਾਇ ਮੰਗੀ। ਪੰਜਾਬ ਦਾ ਲੈਫਟੀਨੈਂਟ ਗਵਰਨਰ ਉਪਰ ਦੱਸੇ ਪੰਜ ਕੂਕੇ ਰਾਜਸੀ ਕੈਦੀਆਂ ਨੂੰ ਕੁਝ ਸ਼ਰਤਾਂ ਅਧੀਨ ਰਿਹਾ ਕਰਕੇ ਪੰਜਾਬ ਭੇਜ ਦੇਣ ਲਈ ਸਹਿਮਤ ਹੋ ਗਿਆ। ਪਰ ਬਾਬਾ ਲੱਖਾ ਸਿੰਘ ਨੂੰ ਰਿਹਾ ਕਰਕੇ ਪੰਜਾਬ ਭੇਜ ਦੇਣ ਤੋਂ ਉਸਨੇ ਸਾਫ 'ਨਾ' ਕਰ ਦਿਤੀ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਅਨੁਸਾਰ ਸੂਬਾ ਲੱਖਾ ਸਿੰਘ ਉਹਨਾਂ ਕੇ ਰਾਜ ਲਈ ਬਹੁਤ 'ਖ਼ਤਰਨਾਕ' ਵਿਅਕਤੀ ਸੀ ਅਤੇ ਉਸ ਨੂੰ ਡਰ ਸੀ ਕਿ ਲੱਖਾ ਸਿੰਘ ਦੇ ਪੰਜਾਬ ਵਿੱਚ ਵਾਪਸ ਆ ਜਾਣ ਨਾਲ ਉਹਨਾਂ ਦੀਆਂ ਪਰੇਸ਼ਾਨੀਆਂ ਹੋਰ ਵੀ ਵੱਧ ਜਾਣਗੀਆਂ। ਇਸ ਕਾਰਨ ਬਾਬਾ ਲੱਖਾ ਸਿੰਘ ਦੀ ਰਿਹਾਈ ਸੰਭਵ ਨਾ ਹੋ ਸਕੀ, ਜਾਂ ਇਹ ਕਹਿ ਲਵੋ ਕਿ ਬਾਬਾ ਲੱਖਾ ਸਿੰਘ, ਜਿਸ ਨੂੰ ਬ੍ਰਿਟਿਸ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦਾ 'ਮਿਲਟਰੀ ਸੈਕਟਰੀ' ਸਮਝਦੀ ਹੁੰਦੀ ਸੀ, ਦਾ ਡਰ ਨਜ਼ਰਬੰਦੀ ਦੇ ੧੬ ਸਾਲ ਬਾਦ ਵੀ ਅੰਗ੍ਰੇਜ਼ਾਂ ਉੱਤੇ ਉਸੇ ਤਰ੍ਹਾਂ ਹੀ ਸਮਾਇਆ ਹੋਇਆ ਸੀ।

ਸੂਬਾ ਲੱਖਾ ਸਿੰਘ ਦਾ ਜਨਮ ੧੮੩੬ ਈਸਵੀ (੧੮੯੩ ਬਿਕਰਮੀ) ਵਿੱਚ ਮਲੌਦ, ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪਜੀ ਦੇ ਪਿਤਾ ਦਾ ਨਾ ਰਣ ਸਿੰਘ ਸੀ। ਜਵਾਨੀ ਵਿਚ ਲੱਖਾ ਸਿੰਘ ਜੀ ਫ਼ੌਜ ਦੀ 'ਸ਼ੇਰ ਦਿਲ ਰੈਜੀਮੈਂਟ' ਵਿੱਚ ਭਰਤੀ ਹੋ ਗਿਆ ਅਤੇ ਕੁਝ ਸਮੇਂ ਬਾਦ ਜਦੋਂ ਇਹ ਰੈਜੀਮੈਂਟ ਤੋੜ ਦਿਤੀ ਗਈ ਤਾਂ ਲੱਖਾ ਸਿੰਘ ਨੂੰ ਪੁਲਿਸ ਵਿੱਚ ਭਰਤੀ ਕਰ ਲਿਆ ਗਿਆ। ਆਪਦਾ ਕੱਦ ਮਧਰਾ ਅਤੇ ਸੁਭਾਅ ਕੁਝ ਗੁਸੇ ਵਾਲਾ ਸੀ। ਅੰਗ੍ਰੇਜ਼ਾਂ ਨੂੰ ਲੱਖਾ ਸਿੰਘ ਹੁਰੀਂ ਚੰਗੇ ਨਹੀਂ ਸਨ ਸਮਝਦੇ। ਇਸ ਲਈ ਪਹਿਲਾਂ ਫ਼ੌਜ ਅਤੇ ਫੇਰ ਪੁਲਿਸ ਦੇ ਅੰਗ੍ਰੇਜ਼ ਅਫ਼ਸਰਾਂ ਨਾਲ ਆਪਦੀ ਕਦੇ ਨਹੀਂ ਬਣੀ। ਪੁਲਿਸ ਦੀ ਨੌਕਰੀ ਦੇ ਦੌਰਾਨ ਹੀ ਲਗਭਗ ੧੮੫੯ ਈਸਵੀ (੧੯੧੬ ਬਿਕਰਮੀ) ਵਿੱਚ ਲੱਖਾ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਪਰਕ ਵਿੱਚ ਆ ਕੇ ਕੂਕੇ ਬਣੇ ਅਤੇ ਫੇਰ ਛੇਤੀ ਹੀ ੧੮੬੧ ਈ. (੧੯੧੮ ਬਿ.) ਵਿੱਚ ਨੌਕਰੀ ਛੱਡ ਕੇ ਜਲੰਧਰ ਨੇੜੇ ਪਿੰਡ ਮਾਲ ਪੁਰ ਵਿਖੇ ਥੋੜੀ ਜਹੀ ਜ਼ਮੀਨ ਲੈਕੇ ਖੇਤੀ ਕਰਨ ਲਗ ਪਏ। ਆਪਨੇ ਲਗਭਗ

Namdhari Elibrary NamdhariElibrary@gmail.com

੧੮ ਕੁ ਮਹੀਨੇ ਖੇਤੀ ਕੀਤੀ ਪਰ ਮਨ ਨਾ ਲੱਗਾ। ਖਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲ ਲੱਗੀ ਹੋਈ ਸੀ। ਇਸ ਲਈ ਸਭ ਕੰਮ ਛੱਡ-ਨਬੇੜ ਕੇ ਆਪ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਪਾਸ ਆ ਗਏ। ਉਸ ਵਕਤ ਆਪ ਦੀ ਉਮਰ ੨੫ ਕੁ ਸਾਲ ਦੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿੱਖੀ ਦੀ ਪੁਨਰ-ਸਥਾਪਨਾ ਕਰਕੇ ਪੰਜਾਬ ਦੇ ਲੋਕਾਂ ਵਿੱਚ ਜਾਗ੍ਰਿਤੀ ਲਿਆਉਣ ਲਈ ਥਾਂ-ਥਾਂ ਤੇ ਦੌਰੇ ਕਰ ਰਹੇ ਸਨ। ਨਵ-ਚੇਤਨ ਦਾ ਸੰਸਾਰ ਲੋਕਾਂ ਦੇ ਮਨਾਂ ਵਿਚ ਉਮੜ ਪਿਆ ਸੀ। ਵੱਡੀ ਗਿਣਤੀ ਵਿਚ ਲੋਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਆ ਕੇ 'ਨਾਮ' ਦੀ ਬਖਸ਼ਿਸ਼ ਲੈ ਕੇ ਨਾਮਧਾਰੀ ਸਿੱਖ ਸੱਜਦੇ ਜਾ ਰਹੇ ਸਨ। ਪਿੰਡਾਂ ਦੇ ਪਿੰਡ ਸਤਿਗੁਰੂ ਜੀ ਦੇ ਪ੍ਰਭਾਵ ਨੂੰ ਕਬੂਲ ਕਰਦੇ ਹੋਏ ਦੇਸ਼ ਦੀ ਸੁਤੰਤਰਤਾ ਲਈ ਚਲਾਏ ਜਾ ਰਹੇ ਪ੍ਰੋਗ੍ਰਾਮ ਵਿੱਚ ਸ਼ਾਮਲ ਹੋਣ ਲਗ ਪਏ। ਉਸ ਸਮੇਂ ਲੋੜ ਸੀ ਚੰਗੇ ਪ੍ਰਚਾਰਕਾਂ ਅਤੇ ਸੇਵਕਾਂ ਦੀ ਜੋ ਸਤਿਗੁਰੂ ਜੀ ਦੇ ਚਲਾਏ ਜਾ ਰਹੇ ਪ੍ਰੋਗ੍ਰਾਮਾਂ ਨੂੰ ਤੇਜ਼ੀ ਨਾਲ ਅਗੇ ਵਧਾ ਸੱਕਣ। ਲੱਖਾ ਸਿੰਘ ਦੇ ਪੁਰਬਲੇ ਕਰਮਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ। ਇਸ ਲਈ ਨੌਜਵਾਨ ਲੱਖਾ ਸਿੰਘ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਸੂਬਾ ਥਾਪ ਦਿਤਾ।

ਸੂਬਾ ਲੱਖਾ ਸਿੰਘ ਜੀ ਦੌਰਿਆਂ ਸਮੇਂ ਸ੍ਰੀ ਸਤਿਗੁਰੂ ਜੀ ਨਾਲ ਹੀ ਰਹਿੰਦੇ ਸਨ। ਕਈ ਵਾਰੀ ਜਦੋਂ ਕਿਸੇ ਨਾ ਕਿਸੇ ਢੰਗ ਨਾਲ ਅੰਗ੍ਰੇਜ਼ ਅਫ਼ਸਰ ਦੌਰਿਆਂ ਵਿੱਚ ਵਿਘਨ ਪਾਉਣ ਦਾ ਯਤਨ ਕਰਦੇ ਹੁੰਦੇ ਸਨ ਤਾਂ ਸੂਬਾ ਲੱਖਾ ਸਿੰਘ ਰੋਹ ਵਿਚ ਆ ਜਾਂਦੇ ਸਨ ਅਤੇ ਉਹਨਾਂ ਨਾਲ ਉਲਝ ਜਾਂਦੇ ਸਨ। ਸਰਕਾਰੀ ਰਿਕਾਰਡਾਂ ਵਿੱਚੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ। ਗੱਲ ਕੀ ਸੂਬਾ ਲੱਖਾ ਸਿੰਘ ਜੀ ਅੰਗ੍ਰੇਜ਼ਾਂ ਦਾ ਕਿਸੇ ਤਰ੍ਹਾਂ ਵੀ ਦਖ਼ਲ ਬਰਦਾਸ਼ਤ ਨਹੀਂ ਸਨ ਕਰਦੇ।

ਸਾਰੇ ਸੂਬੇ ਸਾਹਿਬਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਤਿਕਾਰ ਅਤੇ ਕਿਰਪਾ ਦੇ ਪਾਤਰ ਤਾਂ ਸਨ ਹੀ, ਸੂਬਾ ਲੱਖਾ ਸਿੰਘ ਦੀ ਗਲ ਕੁਝ ਹੋਰ ਸੀ। ਸੰਤ ਸੰਤੋਖ ਸਿੰਘ ਜੀ (ਕਰਤਾ 'ਸਤਿਗੁਰੂ ਬਿਲਾਸ') ਅਨੁਸਾਰ- "ਸ੍ਰੀ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ ਲੱਖਾ ਸਿੰਘ ਜਦੋਂ ਮੇਰੇ ਸਾਹਮਣੇ ਆਵੇ ਤਾ ਮੈਂ ਠੰਢਾ ਠਾਰ ਹੋ ਜਾਂਦਾ ਹਾਂ। ਇਹ ਸੁਣਕੇ ਬਾਬਾ ਲਾਲ ਸਿੰਘ ਲਤਾਲੀਏ ਨੇ ਕਹਿਆ ਭਾਈ ਦੇਖੀਏ ਤਾਂ ਸਹੀ ਕਿਸ ਤਰ੍ਹਾਂ ਠੰਢੇ ਹੁੰਦੇ ਹਨ। ਇਕ ਦੌਰੇ ਵਿਚ ਲੱਖਾ ਸਿੰਘ ਨੇ ਬਾਬੇ ਬ੍ਰਹਮਾ ਸਿੰਘ ਤੇ ਹੱਥ ਚੁੱਕਿਆ। ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਨਰਾਜ਼ ਹੋਕੇ ਬਾਬੇ ਸਾਹਿਬ ਸਿੰਘ ਨੂੰ ਭੇਜਿਆ ਕਿ ਜਾਕੇ ਲੱਖੇ ਨੂੰ ਕਹੋ ਏਥੋਂ ਤੁਰ ਜਾਏ। ਬਾਬੇ ਸਾਹਿਬ ਸਿੰਘ ਜੀ ਬਾਬਾ ਲੱਖਾ ਸਿੰਘ ਨੂੰ ਜਾ ਕੇ ਕਹਿਆ ਭਾਈ ਲੱਖਾ ਸਿੰਘ ਸਤਿਗੁਰੂ ਜੀ ਕਹਿੰਦੇ ਹਨ ਤੁਸੀਂ ਚਾਰ ਦਿਨ ਏਧਰ ਓਧਰ ਤੁਰ ਫਿਰ ਆਓ। ਬਾਬੇ ਲੱਖਾ ਸਿੰਘ ਕਹਿਆ-ਮੈਂ ਪੁਛਦਾ ਹਾਂ ਬਾਪੂ ਨੂੰ ਜਾਕੇ। ਇਹ ਸੁਣਕੇ ਕੋਲੋਂ ਬਾਬਾ ਲਾਲ ਸਿੰਘ ਦੌੜਕੇ ਸਤਿਗੁਰੂ ਜੀ ਪਾਸ ਪਹੁੰਚ ਗਏ ਕਿ ਦੇਖਾਂ ਹੁਣ ਕਿਸ ਤਰ੍ਹਾਂ ਬੋਲਦੇ ਹੈਨ। ਸਤਿਗੁਰੂ ਜੀ ਉਸ ਵਕਤ ਬਾਹਰ ਗਏ ਹੋਏ ਸਨ। ਜਿਸ ਵਕਤ ਬਾਬਾ ਲੱਖਾ ਸਿੰਘ ਬਾਹਰ ਨਿਕਲੇ ਤਾਂ ਸਤਿਗੁਰਾਂ ਨੇ ਦੇਖੇ। ਅਤਰ ਸਿੰਘ ਨੂੰ ਪੁੱਛਿਆ ਮਿਸਰੀ ਹੈ ? ਲੱਖਾ ਸਿੰਘ ਆਉਂਦਾ ਹੈ। ਜਲ ਛਕਾਉਣਾ ਹੈ। ਤਾਂ ਅਤਰ ਸਿੰਘ ਨੇ ਕਹਿਆ ਜੀ ਖੰਡ ਹੈ। ਸਤਿਗੁਰਾਂ ਬਚਨ ਕੀਤਾ ਜਾਕੇ ਮਿਸਰੀ ਲੈ ਆਓ। ਏਤਨੇ ਚਿਰ ਨੂੰ ਲੱਖਾ ਸਿੰਘ ਆਇ ਗਿਆ ਤਾਂ ਸਤਿਗੁਰੂ ਜੀ ਉਹ ਬਚਨ ਹੀ ਨਹੀਂ ਛੇੜਿਆ। ਸਗੋਂ ਪੁੱਛਣ ਲਗੇ ਕਿ ਥੁਆਡੇ ਘੋੜੇ ਦਾ ਕੀ ਹਾਲ ਹੈ ? ਹੋਰ ਘੋੜੀਆਂ ਦਾ ਕੀ ਹਾਲ ਹੈ ? ਏਸ ਤਰ੍ਹਾਂ ਬਚਨ ਪੁੱਛਦੇ ਰਹੇ ਕੋਈ ਗਲ ਨਹੀਂ ਜਣਾਈ ਨਰਾਜ਼ਗੀ ਦੀ। ਸਿੰਘਾਂ ਪੁੱਛਿਆ ਸੱਚੇ ਪਾਤਸ਼ਾਹ ਜੀ ਇਹ ਕਿ ? ਬਚਨ ਹੋਇਆ ਕੇ ਏਸ ਦਾ ਏਕ ਕਰਮ ਕੀਤਾ ਹੋਇਆ ਹੈ, ਸੋ ਮੇਰੇ ਮੋਢੇ ਆਇ ਖੜੋਂਦਾ ਹੈ। ਪੁਛਿਆ ਜੀ ਕੀ ਕਰਮ ਹੈ? ਬਚਨ ਹੋਇਆ ਛੇਵੀਂ ਪਾਤਸ਼ਾਹੀ ਕੇ ਵਕਤ ਗਵਾਲੀਅਰ ਕੇ ਕਿਲ੍ਹੇ ਵਿੱਚ ਏਹ ਦਰੋਗਾ ਸੀ। ਹਰਦਾਸ ਏਸ ਦਾ ਨਾਂ ਸੀ। ਉਸ ਵਕਤ ਏਸ ਨੇ ਸਾਡੀ ਬੜੀ ਸੇਵਾ ਕੀਤੀ ਸੀ।"

ਸੂੱਬਾ ਲੱਖਾ ਸਿੰਘ ਲੁਧਿਆਣੇ ਜ਼ਿਲੇ ਦੇ ਜੰਮਪਲ ਸਨ। ਉਹਨਾਂ ਦਾ ਪ੍ਰਭਾਵ ਖੇਤਰ ਭਾਵੇਂ ਨਿਸਚਤ ਨਹੀਂ ਸੀ ਕੀਤਾ ਹੋਇਆ। ਫੇਰ ਵੀ ਅੰਬਾਲਾ ਜ਼ਿਲੇ ਵਿੱਚ, ਖਾਸ ਕਰਦੇ ਸਢੌਰੇ ਉਹਨਾਂ ਦਾ ਵਿਸ਼ੇਸ਼ ਪ੍ਰਭਾਵ ਸੀ। ਅੰਗ੍ਰੇਜ਼ਾਂ ਦਾ ਵਿਚਾਰ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੋਕਾਂ ਦਾ ਭਲਾ ਕਰਨ ਵਾਲੇ ਅਤੇ ਬਹੁਤ ਚੰਗੇ ਹਨ, ਪਰ ਉਹਨਾਂ ਦੇ ਸੂਬਿਆਂ ਦੇ ਵਿਚਾਰ 'ਖ਼ਤਰਨਾਕ' ਹਨ। ਇਸ ਪੱਖੋਂ ਸੂਬਾ ਲੱਖਾ ਸਿੰਘ ਉਤੇ ਉਹਨਾਂ ਦੀ ਵਿਸ਼ੇਸ਼ ਨਜ਼ਰ ਰਹਿੰਦੀ ਸੀ। ਅੰਗ੍ਰੇਜ਼ਾਂ ਦਾ ਵਿਚਾਰ ਸੀ ਕਿ ਸੂਬਾ ਲੱਖਾ ਸਿੰਘ ਸਤਿਗੁਰੂ ਜੀ ਦਾ ਫ਼ੌਜੀ ਮਾਮਲਿਆਂ ਵਿਚ ਪ੍ਰਮੁੱਖ ਸਲਾਹਕਾਰ ਹੈ ਅਤੇ ਉਹ ਸਦਾ ਹੀ ਅੰਗ੍ਰੇਜ਼ਾਂ ਵਿਰੁਧ ਪ੍ਰਚਾਰ ਕਰਦਾ ਰਹਿੰਦਾ ਹੈ। 'ਕੂਕਾ ਰਾਜ' ਦੀ ਸਥਾਪਨਾ ਬਾਰੇ, ਪੰਜਾਬ ਸਰਕਾਰ ਦੀਆਂ ਖੁਫੀਆਂ ਰਿਪੋਰਟਾਂ ਅਨੁਸਾਰ, ਸੂਬਾ ਲੱਖਾ ਸਿੰਘ ਹੀ ਸਭ ਤੋਂ ਜ਼ਿਆਦਾ ਖੁਲ ਕੇ ਬੋਲਦੇ ਸਨ। ੧੮੬੭ ਈ: ਵਿਚ ਅਨੰਦਪੁਰ ਸਾਹਿਬ ਦੇ ਹੋਲੇ ਤੇ ਜਾਣ ਲਈ ਗਲ ਕਰਨ ਬਾਰੇ ਸੂਬਾ ਲੱਖਾ ਸਿੰਘ ਪ੍ਰਮੁੱਖ ਸਨ। ਏਸੇ ਤਰ੍ਹਾਂ ੧੮੬੯ ਈ. ਵਿਚ ਥਰਾਜ ਵਾਲੇ ਦੀ ਘਟਨਾ ਤੋਂ ਬਾਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਜਵਾਹਰ ਸਿੰਘ, ਗਿਆਨੀ ਸਿੰਘ ਦੇ ਨਾਲ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਅਤੇ ਸਮਝਾਉਣ ਲਈ ਸੂਬਾ ਲੱਖਾ ਸਿੰਘ ਨੂੰ ਵੀ ਭੇਜਿਆ ਸੀ। ਰਾਇਕੋਟ ਦੀ ਘਟਨਾਂ ਵਿਚ ਵੀ ਸੂਬਾ ਲੱਖਾ ਸਿੰਘ ਦਾ ਨਾਂ ਲਿਆ ਜਾਂਦਾ ਰਿਹਾ ਸੀ। ਸਰਕਾਰ ਸਮਝਦੀ ਸੀ ਕਿ ਰਾਇਕੋਟ ਵਿਖੇ ਬੁਚੜਾਂ ਨੂੰ ਸੋਧਣ ਵਾਲਿਆਂ ਨੇ ਘਟਨਾਂ ਤੋਂ ਕੁਛ ਦਿਨ ਪਹਿਲਾਂ ਸ੍ਰੀ ਭੈਣੀ ਸਾਹਿਬ ਵਿਚ ਸੂਬਾ ਲੱਖਾ ਸਿੰਘ ਨਾਲ ਸਲਾਹ ਕੀਤੀ ਸੀ। ਦਸੰਬਰ ੧੮੭੧ ਵਿਚ ਪੰਜਾਬ ਸਰਕਾਰ ਪਾਸ 'ਨਿਕਟ ਭਵਿੱਖ ਵਿਚ ਕੂਕਿਆਂ ਵਲੋਂ ਕਿਸੇ ਤਰ੍ਹਾਂ ਦੀ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ' ਬਾਰੇ ਖ਼ਬਰਾਂ ਪਹੁੰਚੀਆਂ ਸਨ। ਨਤੀਜੇ ਵਜੋਂ ਜਨਵਰੀ ੧੮੭੨ ਈ. ਦੇ ਪਹਿਲੇ ਦਿਨਾਂ ਵਿਚ ਹੀ ਕੂਕਿਆਂ ਦੀਆਂ ਗਤੀ ਵਿਧੀਆਂ ਉੱਤੇ ਫੇਰ ਤੋਂ ਪਾਬੰਦੀਆਂ ਲਗਾਉਣ ਬਾਰੇ ਪੱਤਰ ਕੱਢ ਦਿਤਾ ਗਿਆ ਸੀ। ਸ੍ਰੀ ਭੈਣੀ ਸਾਹਿਬ ਮਾਘੀ ਦੇ ਮੇਲੇ ਤੋਂ ਕੁਛ ਦਿਨ

ਅੰਗ੍ਰੇਜ਼ਾਂ ਦਾ ਵਿਚਾਰ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੋਕਾਂ ਦਾ ਭਲਾ ਕਰਨ ਵਾਲੇ ਅਤੇ ਬਹੁਤ ਚੰਗੇ ਹਨ, ਪਰ ਉਹਨਾਂ ਦੇ ਸੂਬਿਆਂ ਦੇ ਵਿਚਾਰ 'ਖ਼ਤਰਨਾਕ' ਹਨ। ਇਸ ਪੱਖੋਂ ਸੂਬਾ ਲੱਖਾ ਸਿੰਘ ਉਤੇ ਉਹਨਾਂ ਦੀ ਵਿਸ਼ੇਸ਼ ਨਜ਼ਰ ਰਹਿੰਦੀ ਸੀ। ਅੰਗ੍ਰੇਜ਼ਾਂ ਦਾ ਵਿਚਾਰ ਸੀ ਕਿ ਸੂਬਾ ਲੱਖਾ ਸਿੰਘ ਸਤਿਗੁਰੂ ਜੀ ਦਾ ਫ਼ੌਜੀ ਮਾਮਲਿਆਂ ਵਿਚ ਪ੍ਰਮੁੱਖ ਸਲਾਹਕਾਰ ਹੈ ਅਤੇ ਉਹ ਸਦਾ ਹੀ ਅੰਗ੍ਰੇਜ਼ਾਂ ਵਿਰੁਧ ਪ੍ਰਚਾਰ ਕਰਦਾ ਰਹਿੰਦਾ ਹੈ। 'ਕੂਕਾ ਰਾਜ' ਦੀ ਸਥਾਪਨਾ ਬਾਰੇ, ਪੰਜਾਬ ਸਰਕਾਰ ਦੀਆਂ ਖੁਫੀਆਂ ਰਿਪੋਰਟਾਂ ਅਨੁਸਾਰ, ਸੂਬਾ ਲੱਖਾ ਸਿੰਘ ਹੀ ਸਭ ਤੋਂ ਜ਼ਿਆਦਾ ਖੁਲ ਕੇ ਬੋਲਦੇ ਸਨ। ੧੮੬੭ ਈ: ਵਿਚ ਅਨੰਦਪੁਰ ਸਾਹਿਬ ਦੇ ਹੋਲੇ ਤੇ ਜਾਣ ਲਈ ਗਲ ਕਰਨ ਬਾਰੇ ਸੂਬਾ ਲੱਖਾ ਸਿੰਘ ਪ੍ਰਮੁੱਖ ਸਨ।

Namdhari Elibrary NamdhariElibrary@gmail.com

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਸੂਬਾ ਲੱਖਾ ਸਿੰਘ ਨੂੰ ਪੰਜਾਬ ਪਰਤਣ ਦੀ ਆਗਿਆ ਨਹੀਂ ਦਿਤੀ। ਲੈਫਟੀਨੈਂਟ ਗਵਰਨਰ ਦਾ ਵਿਚਾਰ ਸੀ ਕਿ ਸੂਬਾ ਲੱਖਾ ਸਿੰਘ ਦੇ ਆਉਂਦਿਆਂ ਹੀ ਕੂਕਾ ਅੰਦੋਲਨ ਫੇਰ ਤੋਂ ਜ਼ੋਰ ਫੜ ਲਵੇਗਾ। ਉਸ ਨੂੰ ਇਹ ਵੀ ਖ਼ਬਰਾਂ ਮਿਲ ਰਹੀਆਂ ਸਨ ਕਿ ਨਾਮਧਾਰੀ ਸਮਾਜ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਉਂਦਿਆ ਹੋਣ ਦੀ ਭਾਰੀ ਚਰਚਾ ਹੈ। ਇਸ ਹਾਲਾਤ ਵਿੱਚ ਬ੍ਰਿਟਿਸ਼ ਰਾਜ ਲਈ ਖ਼ਤਰਾ ਜਾਣਦਿਆਂ ਹੋਇਆ ਗਵਰਨਰ ਪੰਜਾਬ ਨੇ, ਲੱਖਾ ਸਿੰਘ ਦਾ ਵਿਹਾਰ ਨਜ਼ਰਬੰਦੀ ਦੌਰਾਨ ਤੱਸਲੀਬਖ਼ਸ਼ ਹੋਣ ਦੇ ਬਾਵਜੂਦ, ਪੰਜਾਬ ਪਰਤ-ਆਉਣ ਤੋਂ ਮਨ੍ਹਾਂ ਕਰ ਦਿਤਾ। ਸੂਬਾ ਲੱਖਾ ਸਿੰਘ ਦਾ ਡਰ ੧੬ ਸਾਲ ਬਾਦ ਵੀ ਅੰਗ੍ਰੇਜ਼ਾਂ ਤੇ ਉਸੇ ਤਰਾਂ ਹੀ ਕਾਇਮ ਸੀ।

ਪਹਿਲਾਂ ਫਿਲੌਰ ਵਿਖੇ ਸੂਬਾ ਲੱਖਾ ਸਿੰਘ ਗ੍ਰਿਫਤਾਰ ਕਰ ਲਏ ਗਏ ਸਨ ਪਰ ਉਹਨਾਂ ਦੇ ਵਿਰੁਧ ਕੋਈ ਦੋਸ਼ ਸਾਬਤ ਨਾ ਹੋਣ ਕਰਨੇ ਛੇਤੀ ਹੀ ਉਹਨਾਂ ਨੂੰ ਰਿਹਾ ਕਰ ਦਿਤਾ ਗਿਆ।

ਜਨਵਰੀ ੧੮੭੨ ਈ. ਨੂੰ ਮਾਘੀ ਦੇ ਮੇਲੇ ਤੋਂ ਬਾਦ ਮਲੌਦ ਅਤੇ ਮਲੇਰਕੋਟਲੇ ਤੇ ਹਮਲਾ ਕਰਨ ਲਈ ਮਸਤਾਨਿਆਂ ਨੂੰ ਉਕਸਾਉਣ ਅਤੇ ਪਿਛੋਂ ਮਦਦ ਕਰਨ ਦੀ ਹਾਮੀ ਭਰਨ ਦਾ ਦੋਸ਼ ਵੀ ਸੂਬਾ ਲੱਖਾ ਸਿੰਘ ਜੀ ਤੇ ਅੰਗ੍ਰੇਜ਼ਾਂ ਨੇ ਲਗਾਇਆ ਸੀ। ਅੰਗ੍ਰਜ਼ਾਂ ਨੂੰ ਵਿਸ਼ਵਾਸ ਸੀ ਕਿ ਉਹਨਾਂ ਦੇ ਵਿਰੁਧ ਚਲਾਏ ਜਾ ਰਹੇ 'ਕੂਕਾ ਅੰਦੋਲਨ' ਪਿਛੇ ਵਿਸ਼ੇਸ਼ ਤੌਰ ਤੇ ਸੂਬਾ ਲੱਖਾ ਸਿੰਘ ਦੇ ਵਿਚਾਰ ਹੀ ਕੰਮ ਕਰ ਰਹੇ ਸਨ। ਕਿਉਂਕਿ ਇਹਨਾਂ ਦੀ ਭਾਵਨਾ ਅੰਗ੍ਰੇਜ਼ੀ ਰਾਜ ਦੇ ਵਿਰੁਧ ਸੀ, ਇਸ ਲਈ ਜਦੋਂ ਤੱਕ ਸੂਬਾ ਲੱਖਾ ਸਿੰਘ ਪੰਜਾਬ ਵਿਚ ਸਰਗਰਮ ਰਹਿਣਗੇ, ਅੰਗ੍ਰੇਜ਼ਾਂ ਦੇ ਆਪਣੇ ਰਾਜ ਲਈ ਖਤਰਾ ਬਣਿਆ ਹੀ ਰਹੇਗਾ। ਮੇਕਨਾਬ ਨੇ ਆਪਣੀ ਰਿਪੋਰਟ ਵਿਚ ਉਪਰੋਕਤ ਡਰ ਨੂੰ ਸਪਸ਼ਟ ਕਰਕੇ ਲਿਖਿਆ ਸੀ। ਉਸਨੇ ਤਜਵੀਜ਼ ਦਿਤੀ ਸੀ ਕਿ ਸੂਬਾ ਲੱਖਾ ਸਿੰਘ ਬਹੁਤ ਹੀ ਖ਼ਤਰਨਾਕ ਵਿਅਕਤੀ ਹੈ ਅਤੇ ਇਸ ਨੂੰ ਮੁੜ ਕੇ ਵਾਪਸ ਪੰਜਾਬ ਵਿਚ ਨਾਂ ਆਉਣ ਦਿਤਾ ਜਾਵੇ।

ਮਸਤਾਨਿਆਂ ਦੇ ਸ੍ਰੀ ਭੈਣੀ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਹੀ ਡਿਊਟੀ ਤੇ ਹਾਜ਼ਰ ਪੁਲਿਸ ਵਾਲੇ ਨੂੰ ਸ੍ਰੀ ਸਤਿਗੁਰੂ ਜੀ ਨੇ ਸੁਚੇਤ ਕਰ ਦਿਤਾ ਸੀ ਅਤੇ ਕੁਛ ਮਸਤਾਨਿਆਂ ਦੇ ਨਾਂ ਵੀ ਲਿਖਵਾ ਦਿਤੇ ਸਨ। ਪਰ ਜਦੋਂ ਮਸਤਾਨੇ ਮਲੇਰਕੋਟਲੇ ਨੂੰ ਤੁਰ ਹੀ ਪਏ ਤਾਂ ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਡੀ. ਸੀ. ਨੂੰ ਖ਼ਬਰ ਦੇਣ ਲਈ ਭੇਜ ਦਿਤਾ। ਅੰਗ੍ਰੇਜ਼ ਤਾਂ ਘਟਨਾਂ ਨੂੰ ਹੋ ਲੈਣ ਦੇਣਾ ਚਾਹੁੰਦੇ ਸਨ ਤਾਂ ਕਿ ਉਹਨਾਂ ਨੂੰ ਕਾਰਵਾਈ ਕਰਨ ਦਾ ਮੌਕਾ ਮਿਲ ਸਕੇ। ਸੋ ਸੂਬਾ ਲੱਖਾ ਸਿੰਘ ਜੀ ਨੂੰ ਖ਼ਬਰ ਦੇਣ ਗਿਆਂ ਲੁਧਿਆਣੇ ਹੀ ਗਿਰਫ਼ਤਾਰ ਕਰ ਲਿਆ ਗਿਆ ਅਤੇ ੧੮ ਜਨਵਰੀ ਸਵੇਰੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਹੀ ਅਲਾਹਬਾਦ ਰਵਾਨਾ ਕਰ ਦਿਤਾ।

ਸੂਬਾ ਲੱਖਾ ਸਿੰਘ ਜੀ ੧੧ ਮਹੀਨੇ ਅਲਾਹਬਾਦ ਵਿਚ ਆਪਣੇਂ ਸਾਥੀਆਂ ਨਾਲ ਨਜ਼ਰਬੰਦ ਰਹੇ ਸਨ। ਦਸੰਬਰ ੧੮੭੨ ਵਿਚ ਆਪ ਜੀ ਨੂੰ ਸੂਬਾ ਜਵਾਹਰ ਸਿੰਘ ਅਤੇ ਸੂਬਾ ਬ੍ਰਹਮਾ ਸਿੰਘ ਨਾਲ ਬਰਮਾ ਦੇ ਇਕ ਸ਼ਹਿਰ ਮੌਲਮੀਨ ਵਿਖੇ ਭੇਜ ਦਿਤਾ ਗਿਆ ਜਿਥੇ ਉਹ ੩੦ ਦਸੰਬਰ ੧੮੭੨ ਈ. ਨੂੰ ਪਹੁੰਚੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਵਿਖੇ ਰੱਖਿਆ ਗਿਆ ਸੀ। ਮੌਲਮੀਨ ਸ਼ਹਿਰ ਸਮੁੰਦਰ ਦੇ ਕੰਢੇ ਤੇ ਵਸਿਆ ਹੋਇਆ ਹੈ। ਏਥੇ ਹੀ ਜੇਲ ਦੇ ਨਾਲ ਲਗਦੇ ਬਗੀਚੇ ਵਿਚ ਇਕ ਮਕਾਨ, ਜਿਸਦੇ ਆਸੇ-ਪਾਸੇ ਬਾਗ ਸੀ, ਵਿੱਚ ਉਹਨਾਂ ਨੂੰ ਰੱਖਿਆ ਗਿਆ।

ਜਾਪਦਾ ਹੈ ਸੂਬਾ ਲੱਖਾ ਸਿੰਘ ਜੀ ਦਾ ਵਿਆਹ ਨਹੀਂ ਸੀ ਹੋਇਆ ਕਿਉਂਕਿ ਉਹਨਾਂ ਦੇ ਪ੍ਰਵਾਰ ਬਾਰੇ ਕਿਤੇ ਵੀ ਜ਼ਿਕਰ ਨਹੀਂ ਮਿਲਦਾ। ਮੌਲਮੀਨ ਵਿਚ ਰਹਿੰਦਿਆ ਤਿੰਨਾਂ ਸੂਬਿਆਂ ਦਾ ਖੱਤ-ਪਤਰਾਂ ਰਾਹੀਂ ਸੰਪਰਕ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਨਾਲ ਬਣਿਆ ਰਹਿੰਦਾ ਸੀ। ਕਈ ਸਿੰਘ ਜੋ ਦਰਸ਼ਨ ਕਰਨ ਰੰਗੂਨ ਸਤਿਗੁਰੂ ਜੀ ਪਾਸ ਜਾਂਦੇ ਸਨ, ਬਾਦ ਵਿੱਚ ਮੌਲਮੀਨ ਜਾ ਕੇ ਉਥੇ ਨਜ਼ਰਬੰਦ ਸੂਬਿਆਂ ਨੂੰ ਵੀ ਮਿਲ ਕੇ ਆਉਂਦੇ ਸਨ।

ਸੂਬਾ ਜਵਾਹਰ ਸਿੰਘ ਜੀ ੨੯ ਨਵੰਬਰ ੧੮੮੨ ਈ. ਨੂੰ ਮੌਲਮੀਨ ਵਿਖੇ ਹੀ ਚੜ੍ਹਾਈ ਕਰ ਗਏ ਸਨ। ੧੮੮੭ ਈ. ਵਿੱਚ ਸੂਬਾ ਬ੍ਰਹਮਾ ਸਿੰਘ ਨੂੰ ਕੁਛ ਸ਼ਰਤਾਂ ਅਧੀਨ ਪੰਜਾਬ ਭੇਜ ਦਿਤਾ ਗਿਆ ਪਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਸੂਬਾ ਲੱਖਾ ਸਿੰਘ ਨੂੰ ਪੰਜਾਬ ਪਰਤਣ ਦੀ ਆਗਿਆ ਨਹੀਂ ਦਿਤੀ। ਲੈਫਟੀਨੈਂਟ ਗਵਰਨਰ ਦਾ ਵਿਚਾਰ ਸੀ ਕਿ ਸੂਬਾ ਲੱਖਾ ਸਿੰਘ ਦੇ ਆਉਂਦਿਆਂ ਹੀ ਕੂਕਾ ਅੰਦੋਲਨ ਫੇਰ ਤੋਂ ਜ਼ੋਰ ਫੜ ਲਵੇਗਾ। ਉਸ ਨੂੰ ਇਹ ਵੀ ਖ਼ਬਰਾਂ ਮਿਲ ਰਹੀਆਂ ਸਨ ਕਿ ਨਾਮਧਾਰੀ ਸਮਾਜ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਉਂਦਿਆ ਹੋਣ ਦੀ ਭਾਰੀ ਚਰਚਾ ਹੈ। ਇਸ ਹਾਲਾਤ ਵਿੱਚ ਬ੍ਰਿਟਿਸ਼ ਰਾਜ ਲਈ ਖ਼ਤਰਾ ਜਾਣਦਿਆਂ ਹੋਇਆ ਗਵਰਨਰ ਪੰਜਾਬ ਨੇ, ਲੱਖਾ ਸਿੰਘ ਦਾ ਵਿਹਾਰ ਨਜ਼ਰਬੰਦੀ ਦੌਰਾਨ ਤੱਸਲੀਬਖ਼ਸ਼ ਹੋਣ ਦੇ ਬਾਵਜੂਦ, ਪੰਜਾਬ ਪਰਤ-ਆਉਣ ਤੋਂ ਮਨ੍ਹਾਂ ਕਰ ਦਿਤਾ। ਸੂਬਾ ਲੱਖਾ ਸਿੰਘ ਦਾ ਡਰ ੧੬ ਸਾਲ ਬਾਦ ਵੀ ਅੰਗ੍ਰੇਜ਼ਾਂ ਤੇ ਉਸੇ ਤਰਾਂ ਹੀ ਕਾਇਮ ਸੀ।

• ਚੁਨਾਰ ਭੇਜਣ ਦੀ ਪੇਸ਼ਕਸ਼

ਸੂਬਾ ਬ੍ਰਹਮਾ ਸਿੰਘ ਦੇ ਪੰਜਾਬ ਵਾਪਸ ਆ ਜਾਣ ਕਰਕੇ ਹੁਣ ਸੂਬਾ ਲੱਖਾ ਸਿੰਘ ਕੋਇੰਕਟਨ ਜ਼ੇਲ ਦੇ ਨਾਲ ਲਗਦੇ ਬਾਗ ਵਾਲੇ ਬੰਗਲੇ ਵਿੱਚ ਇੱਕਲੇ ਰਹਿ ਗਏ ਸਨ ਕਿਉਂਕਿ ਬਾਬਾ ਜਵਾਹਰ ਸਿੰਘ ਤਾਂ ੧੮੮੨ ਈ. ਵਿਚ ਹੀ ਚੜ੍ਹਾਈ ਕਰ ਗਏ ਸਨ, ਇਸ ਲਈ ਸਾਲ ੧੮੮੮ ਈ. ਵਿੱਚ ਸੂਬਾ ਲੱਖਾ ਸਿੰਘ ਨੇ ਸਰਕਾਰ ਨੂੰ ਲਿਖਿਆ ਕਿ ਉਸ ਦੀ ਬਦਲੀ ਚੁਨਾਰ ਵਿਖੇ ਕਰ ਦਿਤੀ ਜਾਵੇ। ਪਰ ਸਰਕਾਰ ਨੇ ਇਹ ਗਲ ਪ੍ਰਵਾਨ ਨਹੀਂ ਕੀਤੀ।

• ਮੌਲਮੀਨ ਵਿਖੇ ਮੁਕਤ ਰਹਿਣ ਦੀ ਮੰਗ

ਮੌਲਮੀਨ ਤੋਂ ਚੁਨਾਰ ਵਿਖੇ ਭੇਜ ਦੇਣ ਦੀ ਸੂਬਾ ਲੱਖਾ ਸਿੰਘ ਦੀ ਮੰਗ ਸਰਕਾਰ ਨੇ ਇਸ ਲਈ ਨਹੀਂ ਸੀ ਮੰਨੀ ਕਿ ਭਾਰਤ ਵਿੱਚ ਚੁਨਾਰ ਵਿਖੇ ਰਹਿਣ ਦੇਣ ਵਿੱਚ ਉਹਨਾ ਨੂੰ ਆਪਣੇ ਲਈ ਜ਼ਿਆਦਾ ਖ਼ਤਰਾ ਨਜ਼ਰ ਆਉਂਦਾ ਸੀ। ਉਹਨਾਂ ਨੂੰ ਯਕੀਨ ਸੀ ਕਿ ਸੂਬਾ ਲੱਖਾ ਸਿੰਘ ਪੰਜਾਬ ਵਿੱਚ ਰਹਿੰਦੇ ਨਾਮਧਾਰੀ ਸਿੱਖਾਂ ਨਾਲ ਸੰਪਰਕ ਬਣਾ ਲਵੇਗਾ ਅਤੇ ਇੰਜ ਉਹਨਾਂ ਲਈ ਮੁਸੀਬਤ ਖੜ੍ਹੀ ਹੋ ਜਾਵੇਗੀ। ਮੌਲਮੀਨ ਦੇ ਜ਼ੇਲ ਅਫਸਰ ਕੂਕੇ ਰਾਜਸੀ ਕੈਦੀਆ ਦੇ ਆਚਰਣ ਤੋਂ ਬੜੇ ਪ੍ਰਸੰਨ ਸਨ ਪਰ ਸਰਕਾਰੀ ਮਜ਼ਬੂਰੀਆਂ ਕਾਰਨ ਉਹ ਕੁਛ ਕਰ ਨਹੀਂ ਸਨ ਸਕਦੇ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦਾ ਰੱਵਈਆਂ ਬਹੁਤ

Namdhari Elibrary NamdhariElibrary@gmail.com

ਵਾਰੰਟ ਸੂਬਾ ਲੱਖਾ ਸਿੰਘ ਜੀ

(ਨੈਸ਼ਨਲ ਆਰਕਾਈਵਜ਼, ਨਵੀਂ ਦਿੱਲੀ ਤੋਂ ਧੰਨਵਾਦ ਸਹਿਤ ਪ੍ਰਾਪਤ)



No.

To

THE OFFICER IN CHARGE OF THE

Moulmein Jail

Whereas the Governor General in Council, for good and sufficient reasons, has seen fit to determine that Lukha Singh

shall be placed under personal restraint in the Moulmein Jail, you are hereby required and commanded, in pursuance of that determination, to receive the person abovenamed into your custody, and to deal with him in conformity to the orders of the Governor General in Council, and the provisions of Regulation III. of 1818.

By Order of the Governor General in Council,

[signature]

Secy. to the Govt. of India, in the Home Dept.

Simla.

~~Fort William.~~

the 4th Oct. 1872.

Copyright vested in the ... of India

ਹੀ ਕਠੋਰ ਸੀ ਕੂਕੇ ਕੈਦੀਆਂ ਬਾਰੇ। ਚੁਨਾਰ ਵਿਖੇ ਭੇਜ ਦੇਣ ਤੋਂ 'ਨਾ' ਹੋਣ ਤੋਂ ਉਪਰੰਤ ਮੌਲਮੀਨ ਜ਼ੇਲ ਦੇ ਅਫ਼ਸਰਾਂ ਨੇ ਗਵਰਨਰ ਜਨਰਲ ਨੂੰ ੧੮੮੮ ਈ. ਵਿਚ ਲਿਖਿਆ ਕਿ ਰਾਜਸੀ ਕੈਦੀ ਲੱਖਾ ਸਿੰਘ ਦੀ ਮੰਗ ਹੈ ਕਿ ਉਸ ਨੂੰ ਮੌਲਮੀਨ ਸ਼ਹਿਰ ਵਿੱਚ ਨਜ਼ਰਬੰਦੀ ਤੋਂ ਮੁਕਤ ਹੋ ਕੇ ਰਹਿਣ ਦੀ ਆਗਿਆ ਦਿਤੀ ਜਾਵੇ। ਇਹ ਮੰਗ ਮੰਨ ਲੈਣ ਨਾਲ ਸਰਕਾਰ ਨੂੰ ਵੀ ਖਰਚੇ ਤੋਂ ਕਾਫੀ ਬੱਚਤ ਹੋ ਸਕੇਗੀ। ਇਸ ਵਾਰ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਤਾਂ ਮੰਨ ਗਿਆ ਪਰ ਭਾਰਤ ਦੇ ਗਵਰਨਰ ਜਨਰਲ ਨੇ ਉਸ ਫ਼ਾਈਲ ਤੇ ਲਿਖ ਦਿਤਾ

Namdhari Elibrary NamdhariElibrary@gmail.com

ਕਿ 'ਕੁਛ ਸਮਾਂ ਹੋਰ' ਰਾਜਸੀ ਕੈਦੀ ਲੱਖਾ ਸਿੰਘ ਨੂੰ ਨਜ਼ਰਬੰਦੀ ਹੇਠ ਰਹਿਣ ਦਿਓ।

• ਨਜ਼ਰਬੰਦੀ ਤੋਂ ਮੁਕਤੀ

ਸੂਬਾ ਲੱਖਾ ਸਿੰਘ ਜੀ ਦੀ ਸਿਹਤ ਢਿਲੀ ਹੋਣ ਲਗ ਪਈ। ਜੋੜਾਂ ਵਿਚ ਦਰਦਾਂ ਕਰਕੇ ਉਹਨਾਂ ਨੂੰ ਬਹੁਤ ਤਕਲੀਫ ਰਹਿੰਦੀ ਸੀ। ਭਾਵੇਂ ਨਜ਼ਰਬੰਦੀ ਦੌਰਾਨ ਉਹਨਾਂ ਤੇ ਕੋਈ ਖਾਸ ਪਾਬੰਦੀਆਂ ਨਹੀਂ ਸਨ ਲਗੀਆ ਹੋਈਆਂ ਪਰ ਨਜ਼ਰਬੰਦੀ ਤਾਂ ਨਜ਼ਰਬੰਦੀ ਹੀ ਸੀ ਜਿਸਦਾ ਪ੍ਰਭਾਵ ਇਕੱਲੇ ਰਹਿ ਜਾਣ ਕਰਕੇ ਸ਼ਰੀਰ ਤੇ ਪੈਣ ਲਗ ਪਿਆ। ਮੌਲਮੀਨ ਦੇ ਜ਼ੇਲ ਅਫ਼ਸਰਾਂ ਨੇ ੧੮੯੨ ਈ. ਵਿਚ ਫੇਰ ਯਤਨ ਕਰਕੇ ਸਰਕਾਰ ਨੂੰ ਲਿਖਿਆ ਕਿ ਲੱਖਾ ਸਿੰਘ ਦੀ ਸਿਹਤ ਖਰਾਬ ਰਹਿੰਦੀ ਹੈ। ਉਹਨਾਂ ਨੂੰ ਡਰ ਹੈ ਕਿ ਨਜ਼ਰਬੰਦੀ ਦਾ ਅਸਰ ਉਸ ਦੀ ਸਿਹਤ ਵਾਸਤੇ ਨੁਕਸਾਨਦੇਹ ਨਾ ਬਣ ਜਾਵੇ। ਇਸ ਦੇ ਨਾਲ ਨਾਲ ਗਵਰਨਰ ਜਨਰਲ ਦਾ ਧਿਆਨ ਪਿਛਲੀ ਗਲ 'ਕੁਛ ਸਮਾਂ ਹੋਰ ਨਜ਼ਰਬੰਦ ਰੱਖਣ' ਵੱਲ ਦਿਵਾ ਕੇ ਉਸ ਨੂੰ ਮੌਲਮੀਨ ਵਿਖੇ ਹੀ ਰਹਿਣ ਦੀ ਆਗਿਆ ਦੇਣ ਲਈ ਕਿਹਾ। ਨਵੰਬਰ ੧੮੯੨ ਈ. ਵਿਚ ਗਵਰਨਰ ਜਨਰਲ ਨੇ ਕੁਛ ਸ਼ਰਤਾਂ ਲਗਾ ਕੇ ਸੂਬਾ ਲੱਖਾ ਸਿੰਘ ਨੂੰ ਮੌਲਮੀਨ ਵਿਖੇ ਨਜ਼ਰਬੰਦੀ ਤੋਂ ਮੁਕਤ ਰਹਿ ਸਕਣ ਦੀ ਮੰਜ਼ੂਰੀ ਦੇ ਦਿਤੀ। ਮੁੱਖ ਸ਼ਰਤਾਂ ਇਹ ਸਨ :

੧) ਮੌਲਮੀਨ ਦੇ ਦੋ ਚੰਗੇ ਰਸੂਖ ਵਾਲੇ ਵਿਅਕਤੀਆਂ ਵਲੋਂ ਸਿਕਿਊਰਟੀ ਬਾਂਡ ਭਰਵਾ ਲਿਆ ਜਾਵੇ।
੨) ਬਿਨਾ ਡਿ. ਕਮੀਸ਼ਨਰ ਦੀ ਆਗਿਆ ਦੇ ਉਹ ਮੌਲਮੀਨ ਸ਼ਹਿਰ ਤੋਂ ਬਾਹਰ ਨਹੀਂ ਜਾ ਸਕੇਗਾ।
੩) ਪੰਜਾਬ ਵਿੱਚ ਕਿਸੇ ਨਾਲ ਖਤ-ਪੱਤਰ ਨਹੀਂ ਕਰੇਗਾ।
੪) ਹਰ ਹਫਤੇ ਜ਼ੇਲ ਅਧਿਕਾਰੀਆਂ ਪਾਸ ਹਾਜ਼ਰੀ ਦੇਣੀ ਪਵੇਗੀ।

ਇਸ ਤਰ੍ਹਾਂ ੨ ਬਾਂਡ ਭਰਨ ਤੋਂ ਬਾਦ ੭ ਅਪ੍ਰੈਲ ੧੮੯੩ ਈ. ਨੂੰ ਸੂਬਾ ਲੱਖਾ ਸਿੰਘ ਨੂੰ ਮੌਲਮੀਨ ਸ਼ਹਿਰ ਵਿਚ ਹੀ ਨਜ਼ਰਬੰਦੀ ਤੋਂ ਮੁਕਤ ਰਹਿਣ ਦੀ ਇਜਾਜ਼ਤ ਮਿਲ ਗਈ।

ਪੈਨਸ਼ਨ ਲੱਗੀ–

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਜ਼ਰਬੰਦ ਸਾਰੇ ਕੂਕੇ ਰਾਜਸੀ ਕੈਦੀਆਂ ਨੂੰ ੧੮੧੮ ਈ. ਦੀ ਬੰਗਾਲ ਰੈਗੂਲੇਸ਼ਨ ਦੀ ਧਾਰਾ ਤਿੰਨ ਅਧੀਨ ਗ੍ਰਿਫਤਾਰ ਕਰਕੇ ਰਖਿਆ ਗਿਆ ਸੀ। ਇਸ ਅਨੁਸਾਰ ਸਾਰਾ ਹੁੰਦਾ ਖਰਚ ਸਰਕਾਰੀ ਖਜ਼ਾਨੇ ਵਿੱਚੋਂ ਹੀ ਕੀਤਾ ਜਾਣਾ ਹੁੰਦਾ ਸੀ। ਭਾਵੇਂ ਸੂਬਾ ਲੱਖਾ ਸਿੰਘ ਨਜ਼ਰਬੰਦੀ ਤੋਂ ਮੁਕਤ ਹੋ ਚੁਕੇ ਸਨ, ਪਰ ਫਿਰ ਵੀ ਇਕ ਤਾਂ ਉਹ ਬਿਰਧ ਅਤੇ ਕਮਜ਼ੋਰ ਹੋ ਚੁਕੇ ਸੀ। ਕੰਮ ਕਾਜ ਨਹੀਂ ਸਨ ਕਰ ਸਕਦੇ। ਦੂਸਰਾ– ਕੰਮ ਕਾਰ ਕਰਨ ਦੇ ਸਿਲਸਲੇ ਵਿਚ ਸ਼ਹਿਰ ਤੋਂ ਬਾਹਰ ਨਹੀਂ ਸਨ ਜਾ ਸਕਦੇ ਅਥਵਾ ਪੰਜਾਬ ਵਿਚ ਕਿਸੇ ਰਿਸ਼ਤੇਦਾਰ ਪਾਸ ਵੀ ਨਹੀਂ ਸਨ ਜਾ ਸਕਦੇ। ਇਸ ਲਈ ਉਹਨਾਂ ਨੂੰ ਖਰਚੇ ਦੀ ਲੋੜ ਸੀ। ਨਜ਼ਰਬੰਦੀ ਦੇ ਦੌਰਾਨ ਮਕਾਨ ਅਤੇ ਸੇਵਾਦਾਰ ਸਰਕਾਰ ਨੇ ਦਿਤੇ ਹੋਏ ਸਨ, ਬਸਤਰਾਂ ਅਤੇ ਖਾਣ ਪੀਣ ਦਾ ਖਰਚ ਵੀ ਸਰਕਾਰ ਦੇ ਜ਼ਿੰਮੇ ਹੁੰਦਾ ਸੀ। ਪਰ ਹੁਣ ਸਾਰਾ ਖਰਚ ਉਹਨਾਂ ਨੂੰ ਆਪ ਕਰਨਾ ਪੈਣਾ ਸੀ। ਜਿਸ ਦੇ ਪਿਛੋਕੜ ਵਿਚ ੧੮੧੮ ਈ. ਦਾ ਬੰਗਾਲ ਰੈਗੂਲੇਸ਼ਨ ਤਿੰਨ ਖੜੋਤਾ ਹੋਇਆ ਸੀ।

ਸੂਬਾ ਲੱਖਾ ਸਿੰਘ ਨੂੰ ਭਾਵੇਂ ਮੌਲਮੀਨ ਵਿੱਚ ਰਹਿਣ ਦੀ ਆਗਿਆ ਮਿਲ ਗਈ ਸੀ, ਪਰ ਜਨੂੰਨੀ ਤੌਰ ਤੇ ਉਹ ਅਜੇ ਵੀ ਰਾਜਸੀ ਕੈਦੀ ਹੀ ਸਨ। ੧੮੯੩ ਈ. ਤੋਂ ਬਾਦ ਦੀਆਂ ਜ਼ੇਲ ਰਿਪੋਰਟਾਂ ਵਿਚ, ਜਿਥੇ ਰਾਜਸੀ ਕੈਦੀਆਂ ਦਾ ਜ਼ਿਕਰ ਆਉਂਦਾ ਸੀ ਉਥੇ ਸੂਬਾ ਲੱਖਾ ਸਿੰਘ ਦਾ ਨਾਂ ਵੀ ਸ਼ਾਮਲ ਹੁੰਦਾ ਸੀ। ਇਸ ਲਈ ਬੰਗਾਲ ਰੈਗੂਲੇਸ਼ਨ ਦੇ ਪ੍ਰਭਾਵੀ ਰਹਿਣ ਕਰਕੇ ਸੂਬਾ ਲੱਖਾ ਸਿੰਘ ਖਰਚ ਦਾ ਹੱਕਦਾਰ ਸੀ। ਬਹਾਦੁਰ ਸ਼ਾਹ ਜ਼ਫ਼ਰ ਦੇ ਪ੍ਰਵਾਰ ਨੂੰ ਵੀ ਜਦੋਂ ਮੁਕਤ ਰਹਿਣ ਦਿਤਾ ਗਿਆ ਸੀ, ਲੋੜੀਂਦੀ ਪੈਂਸ਼ਨ ਲਗਾਈ ਗਈ ਸੀ। ਇਕ ਗੱਲ ਹੋਰ ਵੀ ਸੀ ਜਿਸ ਕਰਕੇ ਖਰਚੇ ਵਲੋਂ ਪਿੱਠ ਨਹੀਂ ਸੀ ਕੀਤੀ ਜਾ ਸਕਦੀ। ਕੁਝ ਸਮਾਂ ਪਹਿਲਾਂ ਸੂਬਾ ਲੱਖਾ ਸਿੰਘ ਨੇ ਇਕ ਬਰਮੀ ਔਰਤ ਨਾਲ ਵਿਆਹ ਕਰ ਲਿਆ ਸੀ। ਪਹਿਲਾਂ ਉਸ ਦੇ ਮਾਂ-ਬਾਪ ਮਦਦ ਕਰਿਆ ਕਰਦੇ ਸਨ। ਪਰ ਹੁਣ ਇਹ ਸਭ ਔਖਾ ਹੋ ਚੁਕਾ ਸੀ। ਦੋ ਛੋਟੀਆਂ ਬੱਚੀਆਂ ਵੀ ਹੋ ਗਈਆਂ ਸਨ। ਇਹਨਾਂ ਸਭ ਗੱਲਾਂ ਵੱਲ ਜਦੋਂ ਸੂਬਾ ਲੱਖਾ ਸਿੰਘ ਨੇ ਸਰਕਾਰ ਦਾ ਧਿਆਨ ਦਿਵਾਇਆ ਤਾਂ ਸਰਕਾਰ ਨੇ ਉਸ ਦੇ ਜਿਊਂਦੇ ਰਹਿਣ ਤਕ ੨੫ ਰੁਪਏ ਮਹੀਨਾ ਪੈਨਸ਼ਨ ਲਗਾ ਦਿੱਤੀ। ਜਿਸ ਨੂੰ ਤਿੰਨ ਸਾਲ ਬਾਦ ੫ ਰੁਪਏ ਵਧਾ ਕੇ ੩੦ ਰੁਪਏ ਮਹੀਨਾ ਕਰ ਦਿੱਤਾ।

• ਸੂਬਾ ਲੱਖਾ ਸਿੰਘ ਦੀ ਚੜ੍ਹਾਈ

ਨਜ਼ਰਬੰਦੀ ਦੇ ਦੌਰਾਨ ਹੀ ਸੂਬਾ ਲੱਖਾ ਸਿੰਘ ਦੀ ਸੇਹਤ ਕਾਫੀ ਖਰਾਬ ਹੋ ਗਈ ਸੀ। ਜੋੜਾਂ ਦੀ ਦਰਦਾਂ ਵੀ ਸਦਾ ਪਰੇਸ਼ਾਨ ਕਰਦੀਆਂ ਰਹਿੰਦੀਆਂ ਸਨ। ਵਤਨ ਤੋਂ ਦੂਰ ਰਹਿੰਦੀਆਂ ਹੋਇਆਂ ੧੯੦੩ ਈ: ਵਿੱਚ ੫ ਫਰਵਰੀ ਨੂੰ ਸੂਬਾ ਲੱਖਾ ਸਿੰਘ ਜੀ ਚੜ੍ਹਾਈ ਕਰ ਗਏ। ਉਸ ਸਮੇਂ ਉਹਨਾਂ ਦੀ ਉਮਰ ੬੭ ਸਾਲ ਦੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਮੁੱਖ ਸੇਵਕ ਅਤੇ ਸੂਬੇ ਬਾਬਾ ਲੱਖਾ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਸ੍ਰੀ ਸਤਿਗੁਰੂ ਜੀ ਦੇ ਆਦਰਸ਼ਾਂ ਤੇ ਫੁੱਲ ਚੜ੍ਹਾਉਂਦਿਆਂ ਹੋਇਆ ਭਾਰਤ ਦੀ ਸੁੰਤਰਤਾ ਲਈ ਅਰਪਤ ਕਰ ਦਿੱਤਾ ਅਤੇ ਵਤਨ ਤੋਂ ਦੂਰ ਰਹਿ ਕੇ ਵਤਨ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ। ਦੇਸ਼ ਸਦਾ ਹੀ ਐਸੇ ਸੂਰਵੀਰ ਅਤੇ ਦੇਸ਼ ਭਗਤ ਸਿੱਖ, ਸੂਬਾ ਲੱਖਾ ਸਿੰਘ ਦਾ ਰਿਣੀ ਰਹੇਗਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਇਤਿਹਾਸ ਦੀ ਖੋਜ ਦਾ ਬਹੁਤ ਕੰਮ ਕਰਵਾ ਰਹੇ ਹਨ। ਇਸ ਲਈ ਅਨੇਕਾਂ ਥਾਵਾਂ ਤੇ ਜਾ ਜਾ ਕੇ ਇਤਿਹਾਸਕ ਸਾਮਗਰੀ ਅਤੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਸ਼ਹੀਦੀ ਅਸਥਾਨਾਂ ਦੀ ਸੇਵਾ ਸੰਭਾਲ ਅਤੇ ਉਸਾਰੀ ਹੋ ਰਹੀ ਹੈ। ਬਰਮਾ ਵਿਚ ਰੰਗੂਨ, ਮਰਗੋਈ ਅਤੇ ਮੌਲਮੀਨ ਖੋਜ ਕਰਨ ਦੇ ਉਪਰਾਲੇ ਕੀਤੇ ਗਏ ਹਨ, ਅਤੇ ਹੋਰ ਵੀ ਕੀਤੇ ਜਾ ਰਹੇ ਹਨ। ■

ਫਾਦਰ ਆਫ ਦੀ ਨੇਸ਼ਨ

...ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ ਸਾਰੇ ਸੰਸਾਰ ਵਿਚ ਸਰਕਾਰੀ ਪਧਰ ਤੇ ਜੋ ਪਬਲਿਸਟੀ ਵੀ ਕੀਤੀ ਜਾਵੇ, ਉਸ ਵਿਚ ਇਹ ਠੋਕ ਵਜਾ ਕੇ ਦਸਿਆ ਜਾਵੇ ਕਿ ਦੇਸ ਦੀ ਆਜ਼ਾਦੀ ਦੀ ਬੁਨਿਆਦ ਰੱਖਣ ਵਾਲੇ ਬਾਬਾ ਰਾਮ ਸਿੰਘ ਜੀ ਸਨ। ਜਿਨ੍ਹਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਦੀ ਸ਼ਾਨਦਾਰ ਜੰਗ ਲੜੀ। ਅੰਗਰੇਜ਼ ਵਿਰੁਧ ਨਾ-ਮਿਲਵਰਤਣ ਦੀ ਲਹਿਰ ਚਲਾਈ। ਸਰਕਾਰੀ ਡਾਕਖਾਨਿਆਂ ਦਾ, ਰੇਲਾਂ ਦਾ ਅਤੇ ਹੋਰ ਸਰਕਾਰੀ ਦਫਤਰਾਂ ਦਾ ਬਾਈਕਾਟ ਕੀਤਾ। ਸੁਦੇਸੀ ਲਹਿਰ ਦੇ ਵੀ ਬਾਨੀ ਬਾਬਾ ਰਾਮ ਸਿੰਘ ਜੀ ਹੀ ਸਨ ਅਤੇ ਜੋ ਜਲਾਵਤਨ ਕੀਤੇ ਗਏ ਪਹਿਲੇ ਸਿਆਸੀ ਆਗੂ ਸਨ।...ਜੇ ਸਾਡੇ ਦੇਸ਼ ਵਿਚ ਤੰਗ-ਨਜ਼ਰੀਆ ਨਾ ਹੁੰਦਾ ਅੱਜ ਆਪ ਫਾਦਰ ਆਫ ਦੀ ਨੇਸ਼ਨ ਕਰਕੇ ਪੂਜੇ ਜਾਂਦੇ।

'ਗੁਰਦਵਾਰਾ ਗਜ਼ਟ', ਜੂਨ ੧੯੭੨

Namdhari Elibrary NamdhariElibrary@gmail.com

■ ਅਮਰ ਭਾਰਤੀ

ਸਤਿਗੁਰੂ ਜਗਜੀਤ ਸਿੰਘ ਜੀ ਇਕ ਰੇਖਾ ਚਿਤਰ

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਸਾਲ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਪੈਂਤੀ ਸਾਲ ਹੋ ਗਏ ਨੇ। ਇਹਨਾਂ ਪੈਂਤੀਆਂ ਸਾਲਾਂ ਵਿਚ ਆਪ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਅਧਿਆਤਮਕ ਉਨਤੀ, ਦੇਸ਼ ਸੇਵਾ, ਸਮਾਜ ਸੁਧਾਰ ਤੇ ਮਾਨਵ ਕਲਿਆਣ ਦੇ ਕਾਰਜਾਂ ਨੂੰ ਨਿਪੁੰਨਤਾ ਨਾਲ ਅਗਾਂਹ ਵਧਾਇਆ ਹੈ

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਜੀਵਨ ਦੇ ਪੰਝੱਤਰਵੇਂ ਸਾਲ ਵਿਚ ਪਰਵੇਸ਼ ਕਰ ਚੁੱਕੇ ਹਨ। ਭਾਰਤ ਵਿਚ ਮਹਾਂਪੁਰਸ਼ਾਂ ਦਾ ਪੰਝੱਤਰਵਾਂ ਸਾਲ ਵਿਅਕਤੀਗਤ ਅਤੇ ਸਮਾਜਕ ਪੱਖ ਤੋਂ ਭਰਪੂਰਤਾ ਤੇ ਪਰੀਪੂਰਨ ਪ੍ਰੌੜ੍ਹਤਾ ਦਾ ਸੂਚਕ ਮੰਨਿਆ ਜਾਂਦਾ ਹੈ।

ਅਨੇਕਾਂ ਉਤਾਰਾਂ-ਚੜ੍ਹਾਵਾਂ, ਸੰਘਰਸ਼ਾਂ, ਹਾਨਾਂ-ਲਾਭਾਂ ਅਤੇ ਅਨੁਭਵਾਂ ਦੇ ਲੰਮੇ ਦੌਰ ਵਿਚੋਂ ਲੰਘ ਕੇ ਜੀਵਨ ਇਕ ਸ਼ਾਂਤ ਗੰਭੀਰ ਸਹਿਜ ਭਾਓ ਬਣ ਜਾਂਦਾ ਹੈ। ਇਹ ਸਹਿਜ ਭਾਓ ਇਕ ਅਜੇਹੇ ਅੰਮ੍ਰਿਤਮਈ ਸੋਮੇ ਦਾ ਰੂਪ ਧਾਰ ਜਾਂਦਾ ਹੈ ਜੋ ਆਪਣੀ ਛੋਹ ਨਾਲ ਕਿਸੇ ਦੇ ਵੀ ਕਿਲਵਿਖ ਕੱਟਣ ਵਿਚ ਸਮਰਥ ਹੁੰਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਸਾਲ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਪੈਂਤੀ ਸਾਲ ਹੋ ਗਏ ਨੇ। ਇਹਨਾਂ ਪੈਂਤੀਆਂ ਸਾਲਾਂ ਵਿਚ ਆਪ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਅਧਿਆਤਮਕ ਉਨਤੀ, ਦੇਸ਼ ਸੇਵਾ, ਸਮਾਜ ਸੁਧਾਰ ਤੇ ਮਾਨਵ ਕਲਿਆਣ ਦੇ ਕਾਰਜਾਂ ਨੂੰ ਜਿਸ ਨਿਪੁੰਨਤਾ ਨਾਲ ਅਗਾਂਹ ਵਧਾਇਆ ਹੈ ਉਹ ਇਸ ਅੰਮ੍ਰਿਤ ਮਹੋਤਸ ਵਰ੍ਹੇ ਵਿਚ ਉਹਨਾਂ ਬਾਰੇ ਚਰਚਾ ਅਤੇ ਆਪ ਦੇ ਜੀਵਨ ਉਪਰ ਇਕ ਸੰਖੇਪ ਜਿਹੀ ਝਾਤ ਪਾਉਣ ਦਾ ਜਤਨ ਅਗਲੀਆਂ ਪੰਗਤੀਆਂ ਵਿਚ ਕੀਤਾ ਜਾ ਰਿਹਾ ਹੈ।

ਵੀਹ ਨਵੰਬਰ ਉਨੀ ਸੌ ਵੀਹ ਨੂੰ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਤੇ ਮਾਤਾ ਭੂਪਿੰਦਰ ਕੌਰ ਜੀ ਦੀ ਪ੍ਰਥਮ ਸੰਤਾਨ ਦੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਪੰਜਾਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਸੰਨ ੧੮੫੭ ਤੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਅੰਗ੍ਰੇਜ਼ੀ ਸਕੂਲਾਂ ਤੇ ਬਦੇਸ਼ੀ ਕਪੜੇ ਦੇ ਬਾਈਕਾਟ ਦੀ ਲਹਿਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਗਮਨ ਤੱਕ ਅਜੇ ਚਲ ਹੀ ਰਹੀ ਸੀ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਦੇਸ਼ੀ ਵਿੱਦਿਆ ਦਾ ਬੰਦੋਬਸਤ ਸ੍ਰੀ ਭੈਣੀ ਸਾਹਿਬ ਵਿਚ ਹੀ ਕੀਤਾ ਗਿਆ। ਆਪ ਦੀ ਸ਼ਿਖਸ਼ਾ ਪ੍ਰਾਪਤੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਇਕ ਵਿਦਿਆਲੇ ਦੀ ਸਥਾਪਨਾ ਕੀਤੀ ਜੋ ਪ੍ਰਾਚੀਨ ਬ੍ਰਹਮ ਚਰਜ ਆਸ਼ਰਮਾਂ ਦੇ ਪੂਰਨਿਆਂ ਉਪਰ ਚਲਾਇਆ ਗਿਆ। ਇਸ ਵਿਦਿਆਲੇ ਵਿਚ ਗੁਰਮੁਖੀ ਅੱਖਰਾਂ ਰਾਹੀਂ ਸ਼ਿਖਸ਼ਾ ਦੀ ਵਿਵਸਥਾ ਸੀ। ਸ਼ਿਖਸ਼ਾ ਲਈ ਆਮ ਪਰਚੱਲਤ ਵਿਸ਼ਿਆਂ ਦੇ ਨਾਲ ਨਾਲ ਗੁਰਮੁਖੀ ਜੀਵਨ, ਸ਼ਾਸਤ੍ਰੀ ਸੰਗੀਤ ਤੇ ਗੁਰਬਾਣੀ ਦੇ ਸ਼ੁੱਧ ਪਾਠ ਲਾਜ਼ਮੀ ਵਿਸ਼ੇ ਸਨ।

ਆਪ ਦੇ ਸਹਿਪਾਠੀਆਂ ਨੂੰ ਕਿਸੇ ਗੱਲ ਵਿਚ ਕੋਈ ਖੁਲ੍ਹ ਭਾਵੇਂ ਮਿਲ ਜਾਂਦੀ ਪਰ ਆਪ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਪੁੱਤਰ ਹੋਣ ਕਾਰਨ ਬੜੇ ਹੀ ਕਰੜੇ ਅਨੁਸ਼ਾਸਨ ਵਿਚ ਰਹਿਣਾ ਪੈਂਦਾ। ਤੜਕੇ ਅੰਮ੍ਰਿਤ ਵੇਲੇ ਉਠ ਕੇ ਨਿਤ ਕ੍ਰਿਯਾ ਤੋਂ ਅਲਾਵਾ ਸਣਕੇਸੀ ਇਸ਼ਨਾਨ, ਨਾਮ ਸਿਮਰਨ, ਬਾਣੀ ਦਾ ਪਾਠ ਤੇ ਕੀਰਤਨ ਦਾ ਅਜੇਹਾ ਨੇਮ ਸੀ ਜਿਸ ਨੇ ਆਪ ਨੂੰ ਜੀਵਨ ਭਰ ਲਈ ਏਹਨਾਂ ਕਰਮਾਂ ਦਾ ਪੱਕਾ ਨੇਮੀ ਬਣਾ ਦਿੱਤਾ। ਆਦਿ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਅਰਥਾਂ ਸਮੇਤ ਵਿਧੀ ਵਤ ਪਾਠ ਦੀ ਸ਼ਿਖਸ਼ਾ ਦਾ ਅਭਿਆਸ ਆਪ ਨੂੰ ਨਿਤਨੇਮ ਨਾਲ ਕਰਨਾ ਪੈਂਦਾ। ਇਸ ਤੋਂ ਅਲਾਵਾ ਸ਼ਾਸਤ੍ਰੀ ਸੰਗੀਤ ਦੀ ਸ਼ਿਖਸ਼ਾ, ਗੁਰਮਤ ਅਨੁਸਾਰ ਸੁੱਚ ਸੋਧ ਤੇ ਸੰਜਮ ਵਿਚ ਰਹਿੰਦਿਆਂ ਬ੍ਰਹਮ ਚਰਜ ਦੀ ਪਾਲਨਾ, ਸ਼ਰੀਰ ਦੀ ਸਾਧਨਾ, ਕਸਰਤ, ਕੁਸ਼ਤੀ, ਕਬੱਡੀ, ਦੌੜ, ਘੁੜ ਸਵਾਰੀ ਤੇ ਖ੍ਰਹ ਗੇੜਨ ਦਾ ਅਭਿਆਸ ਹੁੰਦਾ। ਭੁੱਖ ਤੇਹ, ਗਰਮੀ-ਸਰਦੀ ਨੂੰ ਸਹਿਣ ਤੋਂ ਅਲਾਵਾ ਆਪਣੇ

Namdhari Elibrary NamdhariElibrary@gmail.com

ਕੰਮ ਆਪ ਕਰਨ, ਭੋਜਣ ਬਣਾਨ ਤੇ ਸਾਧ ਸੰਗਤ ਦੀ ਸੇਵਾ ਵਾਲੇ ਜੀਵਨ ਦੀ ਤਿਆਰੀ ਸ਼ੁਰੂ ਤੋਂ ਹੀ ਕਰਵਾ ਦਿੱਤੀ ਗਈ।

ਆਪ ਜੀ ਦੇ ਦੋ ਅਨੰਦ ਕਾਰਜ ਹੋਏ। ਆਪ ਦੀ ਪਹਿਲੀ ਪਤਨੀ ਰਾਜਿੰਦਰ ਕੌਰ ਜੀ ਦਾ ਥੋੜ੍ਹੇ ਚਿਰ ਬਾਅਦ ਹੀ ਪਰਲੋਕ ਵਾਸ ਹੋ ਗਿਆ। ਉਸ ਤੋਂ ਬਾਅਦ ਪੰਜ ਭਾਦਰੋਂ ਸੰਮਤ ੨੦੧੬ ਬਿਕ੍ਰਮੀ-ਅਗਸਤ ੧੯੪੫ ਵਿਚ ਦੁਬਾਰਾ ਅਨੰਦ ਕਾਰਜ ਜਿਨ੍ਹਾਂ ਨਾਲ ਹੋਇਆ ਉਹ ਅੱਜ ਕੱਲ ਮਾਤਾ ਚੰਦ ਕੌਰ ਜੀ ਦੇ ਨਾਮ ਨਾਲ ਜਾਣੇ ਜਾਂਦੇ ਹਨ।

ਆਪ ਦੀ ਸੰਤਾਨ ਵਜੋ ਇਕ ਸਪੁਤਰੀ ਨੇ ਜਨਮ ਲਿਆ, ਜਿਨ੍ਹਾਂ ਦਾ ਨਾਮ ਬੀਬਾ ਸਾਹਿਬ ਕੌਰ ਜੀ ਹੈ।

ਜਦੋਂ ਆਪ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਓਹਨਾਂ ਦਿਨਾਂ ਵਿਚ ਵਿਸ਼ਵ ਸ਼ਾਂਤੀ ਆਂਦੋਲਣ ਚੱਲ ਰਿਹਾ ਸੀ। ਏਥੇ ਉਸ ਦੀ ਮੁਖ ਸੰਚਾਲਕ ਧਿਰ ਭਾਰਤ ਦੀ ਕਮਿਊਨਿਸਟ ਪਾਰਟੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਕੂਕਾ ਆਂਦੋਲਨ ਦੇ ਸੁਭਾਅ, ਚਰਿਤ੍ਰ ਤੇ ਇਤਿਹਾਸ ਪੱਖੋਂ ਕਾਂਗਰਸ ਦੇ ਨੇੜੇ ਸਨ। ਤਾਂ ਵੀ ਆਪ ਨੇ ਵਿਸ਼ਵ-ਸ਼ਾਂਤੀ ਆਂਦੋਲਣ ਨੂੰ ਆਪਣਾ ਭਰਪੂਰ ਸਹਿਯੋਗ ਦਿੱਤਾ ਤੇ ਉਸ ਦੀਆਂ ਮੁਖੀ ਜ਼ਿੰਮੇਵਾਰੀਆਂ ਸੰਭਾਲੀਆਂ।

• ਗੁਰ ਗੱਦੀ

ਸਤਿਗੁਰੂ ਪਰਤਾਪ ਸਿੰਘ ਜੀ ਦੇ ੨੧ ਅਗਸਤ ੧੯੫੯ ਵਿਚ ਜੋਤੀ ਜੋਤ ਸਮਾਨ ਤੋਂ ਬਾਅਦ ੨੨ ਅਗਸਤ ੧੯੫੯ ਨੂੰ ਬਾਬਾ ਜਗਜੀਤ ਸਿੰਘ ਜੀ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਗੁਰਗੱਦੀ ਦਾ ਵਾਰਸ ਮੰਨ ਕੇ ਬਾਬਾ ਬੀਰ ਸਿੰਘ ਜੀ ਨੇ ਆਪ ਲਈ ਆਸਣ ਵਿਛਾਇਆ ਤੇ ਬਾਬਾ ਜਗਜੀਤ ਸਿੰਘ ਜੀ ਸਤਿਗੁਰੂ ਰੂਪ ਵਿਚ ਉਸ ਆਸਣ ਉਪਰ ਸੁਸ਼ੋਭਤ ਹੋਏ। ਬਾਬਾ ਬੀਰ ਸਿੰਘ ਜੀ, ਮਹਾਰਾਜ ਜੰਗ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਤੇ ਹੋਰ ਸੰਗਤਾਂ ਨੇ ਆਪ ਦੇ ਸਿੱਖ ਹੋਣ ਤੇ ਰੂਪ ਵਿਚ ਮੱਥਾ ਟੇਕਿਆ।

ਦਸ ਸਿਤੰਬਰ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਸਮੇਂ ਭੈਣੀ ਸਾਹਿਬ ਵਿਚ ਜੋ ਸਮਾਰੋਹ ਹੋਇਆ ਉਸ ਵਿਚ ਸਭ ਧਰਮਾ ਦੇ ਅਤੇ ਸਭ ਸਮਾਜਕ ਤੇ ਰਾਜਨੀਤਕ ਸੰਸਥਾਵਾਂ ਦੇ ਮੁਖੀ ਉਪਸਥਿਤ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨਿੰਨ ਭਗਤ ਤੇ ਨਿਕਟਵਰਤੀ ਸੰਤ ਭਾਈ ਵਜ਼ੀਰ ਸਿੰਘ ਜੀ ਨੇ ਪੰਥ ਵੱਲੋਂ ਆਪ ਜੀ ਨੂੰ ਦਸਤਾਰ ਭੇਟ ਕੀਤੀ। ਉਪਰੰਤ ਸਭ ਸੰਸਥਾਵਾਂ ਦੇ ਮੁਖੀਆਂ ਨੇ ਦਸਤਾਰਾਂ ਭੇਟ ਕੀਤੀਆਂ ਤੇ ਸੰਗਤਾਂ ਨੇ ਮੱਥਾ ਟੇਕਿਆ।

• ਸਵਾ ਸਵਾ ਲੱਖ ਪਾਠ

ਸਤਿਗੁਰੂ ਪਰਤਾਪ ਸਿੰਘ ਜੀ ਨੇ ਅੰਤਿਮ ਸਮੇ ਬਾਬਾ ਜਗਜੀਤ ਸਿੰਘ ਜੀ ਨੂੰ ਹੁਕਮ ਕੀਤਾ ਸੀ ਕਿ ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ-ਪਰ ਸ਼ੁਰੂ ਕੀਤੇ ਹੋਏ ਆਦਿ ਗ੍ਰੰਥ ਸਾਹਿਬ ਜੀ ਦੇ ਸਵਾ ਲੱਖ ਪਾਠ ਜ਼ਰੂਰ ਸੰਪੂਰਨ ਕਰਨੇ।

ਸੋ ਬਾਬਾ ਜਗਜੀਤ ਸਿੰਘ ਜੀ ਨੇ ਸਤਿਗੁਰੂ ਰੂਪ ਵਿਚ ਗੱਦੀ ਸੰਭਾਲਦਿਆਂ ਹੀ ਪਹਿਲੇ ਕੰਮ ਵਜੋਂ ਸਵਾ ਲੱਖ ਪਾਠਾਂ ਨੂੰ ਸੰਪੂਰਨ ਕਰਵਾ ਕੇ ਉਨ੍ਹਾਂ ਦਾ ਭੋਗ ਪਵਾਇਆ। ਉਸ ਤੋਂ ਬਾਅਦ ਆਪ ਨੇ ਹੋਰ ਸਵਾ ਲੱਖ ਪਾਠ ਆਪਣੇ ਵੱਲੋਂ ਕਰਵਾ ਕੇ ਉਨ੍ਹਾਂ ਦੇ ਭੋਗ ਪਾਏ ਅਤੇ ਇਸ ਵੇਲੇ ਆਪ ਜੀ ਵੱਲੋਂ ਤੀਸਰੀ ਵਾਰ ਸਵਾ ਲੱਖ ਪਾਠਾਂ ਦੀ ਲੜੀ ਚਲ ਰਹੀ ਹੈ।

ਇਸ ਤੋਂ ਅਲਾਵਾ ਆਪ ਜੀ ਨੇ ਸਵਾ ਲੱਖ ਪਾਠ ਚੰਡੀ ਦੀ ਵਾਰ ਦੇ ਵੀ ਕਰਵਾਏ।

• ਜ਼ਿੰਮੇਵਾਰੀਆਂ ਸੰਭਾਲੀਆਂ

ਸ਼ਬਦਾਂ ਵਿਚ ਨਿਮਰਤਾ, ਸੁਭਾ ਵਿਚ ਨਿਆਂਸ਼ੀਲਤਾ, ਵਿਵੇਕ ਬੁੱਧੀ ਅਤੇ ਚਰਿਤ੍ਰ ਦੀ ਦ੍ਰਿੜ੍ਹਤਾ ਕਾਰਨ ਆਪ ਨੇ ਗੁਰਗੱਦੀ ਸੰਭਾਲਦਿਆਂ ਹੀ ਘਰ ਅੰਦਰ ਤੇ ਬਾਹਰ ਆਪਣੀ ਪਛਾਣ ਬਣਾ ਲਈ। ਰੁੱਸਿਆਂ ਹੋਇਆਂ ਨੂੰ ਮਨਾ ਲਿਆ, ਵਿਰੋਧੀਆਂ ਨੂੰ ਦੋਸਤ ਬਣਾਇਆ, ਤੇ ਹੰਕਾਰਿਆਂ ਹੋਇਆਂ ਨੂੰ ਨਿਮਰਤਾ ਨਾਲ ਜਿੱਤ ਲਿਆ।

ਆਪ ਦੇ ਸੁਭਾਅ ਵਿਚ ਇਕ ਇਹੋ ਜਿਹਾ ਸਾਂਵਾਂਪਨ ਅਤੇ ਮਿਲਾਪੜਾਪਨ ਹੈ ਕਿ ਆਪ ਲਈ ਕੋਈ ਧਰਮ, ਕੋਈ ਸਮਾਜਕ ਸੰਸਥਾ, ਕੋਈ ਰਾਜਨੀਤਕ ਦਲ ਪਰਾਇਆ ਨਹੀ। ਇਸ ਲਈ ਹਰ ਸੰਸਥਾ ਤੇ ਹਰ ਆਂਦੋਲਣ ਵਾਲੇ ਆਪ ਨੂੰ ਆਪਣਾ ਸਮਝ ਕੇ ਬੁਲਾਉਂਦੇ ਤੇ ਆਪਣੇ ਆਪ ਨੂੰ, ਜਾਂ ਆਂਦੋਲਣ ਨੂੰ ਸਾਰਥਕ ਸਮਝਦੇ ਹਨ।

ਜਦੋਂ ਆਪ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਓਹਨਾਂ ਦਿਨਾਂ ਵਿਚ ਵਿਸ਼ਵ ਸ਼ਾਂਤੀ ਆਂਦੋਲਣ ਚੱਲ ਰਿਹਾ ਸੀ। ਏਥੇ ਉਸ ਦੀ ਮੁਖ ਸੰਚਾਲਕ ਧਿਰ ਭਾਰਤ ਦੀ ਕਮਿਊਨਿਸਟ ਪਾਰਟੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਕੂਕਾ ਆਂਦੋਲਨ ਦੇ ਸੁਭਾਅ, ਚਰਿਤ੍ਰ ਤੇ ਇਤਿਹਾਸ ਪੱਖੋਂ ਕਾਂਗਰਸ ਦੇ ਨੇੜੇ ਸਨ। ਤਾਂ ਵੀ ਆਪ ਨੇ ਵਿਸ਼ਵ-ਸ਼ਾਂਤੀ ਆਂਦੋਲਣ ਨੂੰ ਆਪਣਾ ਭਰਪੂਰ ਸਹਿਯੋਗ ਦਿੱਤਾ ਤੇ ਉਸ ਦੀਆਂ ਮੁਖੀ ਜ਼ਿੰਮੇਵਾਰੀਆਂ ਸੰਭਾਲੀਆਂ।

ਉਸ ਤੋਂ ਬਾਅਦ ਗਊ ਰਖਸ਼ਾ ਆਂਦੋਲਣ ਸ਼ੁਰੂ ਹੋਇਆ। ਉਸ ਦੀ ਸੰਚਾਲਕ ਮੁਖੀ ਧਿਰ ਆਰ.ਐਸ.ਐਸ. ਜਾਂ ਜਨ ਸੰਘ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਆਂਦੋਲਣ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ।

ਉਸੇ ਦੌਰਾਨ ਵਿਸ਼ਵ-ਧਰਮ ਦੀ ਸਾਂਝ ਤੇ ਏਕਤਾ ਲਈ ਵਿਸ਼ਵ-ਧਰਮ ਆਂਦੋਲਣ ਚੱਲ ਰਿਹਾ ਸੀ- ਜਿਸ ਦੇ ਪ੍ਰੇਰਕ ਮਹਾਰਾਜ ਕਿਰਪਾਲ ਸਿੰਘ ਜੀ ਰਾਧਾ ਸਵਾਮੀ ਅਤੇ ਮੁਨੀ ਸੁਸ਼ੀਲ ਕੁਮਾਰ ਜੈਨ ਮਤ ਵਾਲੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਏਸ ਆਂਦੋਲਣ ਵਿਚ ਵੀ ਪੂਰਾ ਹਿੱਸਾ ਲਿਆ।

ਇਸ ਦੇ ਨਾਲ ਨਾਲ ਹੀ ਉਸ ਸਮੇ ਵਿਸ਼ਵ ਸ਼ਾਕਾਹਾਰ ਆਂਦੋਲਣ ਚਲ ਰਿਹਾ ਸੀ। ਸਾਰੇ ਮੁਲਕਾਂ ਦੇ ਸ਼ਾਕਾਹਾਰੀ ਇਕ ਮੰਚ ਉਪਰ ਇਕੱਠੇ ਹੋ ਰਹੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਆਂਦੋਲਣ ਨੂੰ ਵੀ ਆਪਣਾ ਸੰਪੂਰਨ ਯੋਗਦਾਨ ਦਿੱਤਾ।

ਇਸ ਸਾਰੇ ਯੋਗਦਾਨ ਤੇ ਇਹਨਾਂ ਆਂਦੋਲਣਾ ਨਾਲ ਆਪਣੀ ਸਾਂਝ ਜਤਾਣ ਦਾ ਇੱਕੋ ਕਾਰਨ ਸੀ- ਕਿ ਵੱਖ ਵੱਖ ਨਾਵਾਂ, ਵੱਖ ਵੱਖ ਝੰਡਿਆਂ ਤੇ ਵੱਖ ਵੱਖ ਵਿਅਕਤੀਆਂ ਜਾਂ ਸੰਸਥਾਵਾਂ ਵੱਲੋਂ ਚੱਲਣ ਵਾਲੇ ਇਹ ਸਾਰੇ ਆਂਦੋਲਣ ਬੁਨਿਆਦੀ ਰੂਪ ਵਿਚ 'ਲੋਕ ਕਲਿਆਣ' ਦਾ ਸੁਨੇਹਾ ਦੇਂਦੇ ਸਨ, ਅਮਨ ਅਹਿੰਸਾ ਤੇ ਅਧਿਆਤਮਕ ਜੀਵਨ ਲਈ ਜਤਨਸ਼ੀਲ ਸਨ।

Namdhari Elibrary NamdhariElibrary@gmail.com

ਦੁਨੀਆਂ ਵਿਚ ਅਮਨ ਤਦ ਹੀ ਸੰਭਵ ਹੈ ਜੇ ਕਰ ਦੂਸਰਿਆਂ ਲੋਕਾਂ ਜਾਂ ਦੂਸਰਿਆਂ ਦੇਸ਼ਾਂ ਉਪਰ ਜਿੱਤ ਅਤੇ ਕਬਜ਼ੇ ਦੀ ਭਾਵਨਾ ਨੂੰ ਤਿਆਗਿਆ ਜਾਵੇ, ਜੀਓ ਤੇ ਜੀਣ ਦਿਓ ਦੀ ਭਾਵਨਾ ਨੂੰ ਅਪਨਾਇਆ ਜਾਵੇ। ਇਸ ਅਮਨ ਭਾਵਨਾ ਦੇ ਮੂਲ ਵਿਚ ਆਜ਼ਾਦੀ ਦੀ ਚਾਹ ਹੈ। ਹਰ ਦੇਸ਼ ਆਜ਼ਾਦ ਹੋਵੇ- ਦੂਜੇ ਦੇਸ਼ਾਂ ਦੀ ਆਜ਼ਾਦੀ ਦੀ ਕਦਰ ਹੋਵੇ- ਤਾਂ ਅਮਨ ਸਥਾਪਤ ਹੋਵੇਗਾ। ਅਜ਼ਾਦੀ ਲਈ ਆਂਦੋਲਣ ਪੁਰਾਤਨ ਸਮਿਆਂ ਤੋਂ ਚੱਲਦਾ ਆ ਰਿਹਾ ਹੈ-ਹੁਣ ਅਮਨ ਲਹਿਰ ਇਸ ਦੇ ਸਹਿਯੋਗ ਲਈ ਉਠੀ ਹੈ। ਕੁਝ ਸਫਲਤਾਵਾਂ ਇਤਿਹਾਸ ਵਿਚ ਹਾਸਿਲ ਹੋਈਆਂ ਹਨ- ਕੁਝ ਹੋ ਰਹੀਆਂ ਹਨ- ਮੰਜ਼ਿਲ ਵੱਲ ਮਨੁੱਖ ਵਧ ਰਿਹਾ ਹੈ- ਸਤਿਗੁਰੂ ਜੀ ਦਾ ਵੀ ਇਕ ਉਦੇਸ਼ ਇਹੋ ਹੈ ਤੇ ਇਸ ਲਈ ਸਹਿਯੋਗ ਹੈ।

● ਗਊ ਰਖਸ਼ਾ

ਕੂਕਾ ਆਂਦੋਲਣ ਦਾ ਇਕ ਬਹੁਤ ਹੀ ਜਰੂਰੀ ਹਿੱਸਾ ਸੀ 'ਗਊ ਰਖਸ਼ਾ'। ਗਊਆਂ ਦੀ ਰਖਸ਼ਾ ਲਈ ਕੂਕੇ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਨੇ। ਗਊ ਘਾਤੀਆਂ ਨੂੰ ਮਾਰ ਕੇ ਗਊਆਂ ਛੁਡਾਣ ਦੀ ਕੋਸ਼ਿਸ਼ ਕੀਤੀ ਹੈ। ਫਲ ਸਰੂਪ ਕੂਕਿਆਂ ਨੇ ਫਾਂਸੀਆਂ ਦੇ ਰੱਸੇ ਚੁੰਮੇ ਅਤੇ ਤੋਪਾਂ ਅੱਗੇ ਸੀਨੇ ਤਾਣ ਕੇ ਆਪਣੀ ਬੋਟੀ ਬੋਟੀ ਉਡਵਾਈ ਹੈ। ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਗਊ ਰਖਸ਼ਾ ਦਾ ਕੰਮ ਕਰਨ ਵਾਲਿਆਂ ਨਾਲ ਹਰ ਤਰ੍ਹਾਂ ਸਹਿਮਤ ਹਨ। ਪਰ ਆਪ ਦਾ ਕਹਿਣਾ ਇਹ ਹੈ ਕਿ ਜੇ ਅਸੀ ਸਾਰੇ- ਜਿਹੜੇ ਗਊ ਨੂੰ ਪਿਆਰ ਕਰਦੇ ਹਾਂ- ਗਊਬੱਧ ਦੇ ਖ਼ਿਲਾਫ਼ ਹਾਂ- ਗਊਆਂ ਘਰਾਂ ਵਿਚ ਰੱਖੀਏ, ਉਹਨਾਂ ਨੂੰ ਵੇਚੀਏ ਨਾ- ਤਾਂ ਬੁਚੜਾਂ ਨੂੰ ਮਾਰਨ ਲਈ ਗਊਆਂ ਮਿਲਣਗੀਆਂ ਹੀ ਨਹੀ। ਸ਼ਰਤ ਇਹੋ ਹੈ ਕਿ ਅਸੀ ਇੰਜ ਕਰ ਸਕੀਏ।

● ਗੋਪਾਲ ਰਤਨ

ਸਤਿਗੁਰੂ ਜੀ ਗਊਆਂ ਦੀ ਸੇਵਾ ਸੰਭਾਲ ਵੱਲ ਉਚੇਚਾ ਧਿਆਨ ਦੇਂਦੇ ਹਨ ਤੇ ਗਊ ਪਾਲਨ ਵਿਚ ਆਪ ਦਾ ਵਿਸ਼ੇਸ਼ ਸਥਾਨ ਹੈ ਇਸ ਲਈ ਗਊ ਵੰਸ਼ ਦੀ ਸੇਵਾ ਲਈ ਸਥਾਪਤ ਗੋ ਸੰਵਰਧਨ ਸਮਿਤੀ ਵੱਲੋਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦਾ ਸਨਮਾਨ ਭੇਟ ਕੀਤਾ ਗਿਆ।

● ਸ਼ਾਕਾਹਾਰ

ਬਰਨਾਰਡ ਸ਼ਾਹ ਨੇ ਇਕ ਵਾਰ ਕਿਹਾ ਸੀ ਕਿ ਅਸੀ ਖਾਣ ਲਈ ਜਾਨਵਰਾਂ ਨੂੰ ਮਾਰ ਕੇ ਮਨੁੱਖਾਂ ਨੂੰ ਮਾਰਨ ਦੀ ਟਰੇਨਿੰਗ ਲੈਂਦੇ ਹਾਂ। ਫਿਰ ਜੰਗਾਂ ਕਰਦੇ ਹਾਂ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਾਕਾਹਾਰ ਪ੍ਰਤੀ ਪ੍ਰੇਮ ਦੇ ਮੂਲ ਵਿਚ ਇਹੋ ਭਾਵਨਾ ਹੈ। ਜਿਨਾ ਚਿਰ ਅਸੀਂ ਜੀਵ-ਹੱਤਿਆਂ ਬੰਦ ਨਹੀਂ ਕਰਦੇ, ਆਪਣੇ ਮੂੰਹ ਦੇ ਸਵਾਦ ਲਈ ਜੀਆਂ ਨੂੰ ਮਾਰ ਕੇ ਖਾਣਾ ਛੱਡਦੇ ਨਹੀਂ ਓਨਾ ਚਿਰ ਅਸੀਂ ਓਸ ਸਵਾਰਥ ਤੋਂ ਉੱਚੇ ਨਹੀ ਉਠ ਸਕਦੇ- ਜਿਹੜਾ ਦੂਜੇ ਤੋਂ ਆਪਣੇ ਆਪ ਨੂੰ ਉਚਿਆਂ ਤੇ ਸਰੇਸ਼ਠ ਮੰਨਣ ਲਈ ਉਕਸਾਉਂਦਾ ਹੈ। ਇਹੋ ਸਵਾਰਥ ਹੀ ਮੁਲਕ ਗੀਰੀ ਦਾ ਪ੍ਰੇਰਕ ਬਣ ਜਾਂਦਾ ਹੈ ਤੇ ਫਿਰ ਜੰਗਾਂ ਹੁੰਦੀਆਂ ਨੇ, ਗੁਲਾਮੀ ਆਉਂਦੀ ਹੈ, ਆਜ਼ਾਦੀ ਖੁੱਸਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਲਈ ਆਜ਼ਾਦੀ ਦੀ ਬੁਨਿਆਦੀ ਸ਼ਰਤ ਸ਼ਾਕਾਹਾਰ ਹੈ ਤੇ ਆਪ ਵਿਸ਼ਵ ਸ਼ਾਕਾਹਾਰ ਆਂਦੋਲਣ ਦੇ ਬਹੁਤ ਵੱਡੇ ਸਹਾਇਕ ਹਨ।

● ਮਾਤ ਭਾਸ਼ਾ ਤੇ ਸੁਦੇਸ਼ੀ ਆਂਦੋਲਣ

੧੮੫੭ ਵਿਚ ਆਜ਼ਾਦੀ ਦਾ ਆਂਦੋਲਣ ਸ਼ੁਰੂ ਕਰਨ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ੀ ਵਿੱਦਿਆ ਤੇ ਬਦੇਸ਼ੀ ਵਸਤਾਂ ਦੇ ਬਾਈਕਾਟ ਦਾ ਰਾਹ ਅਪਨਾਇਆ ਸੀ। ਹਿੰਦੁਸਤਾਨ ਭਰ ਵਿਚ ਅੰਗੇਜ਼ਾਂ ਦੇ ਖ਼ਿਲਾਫ਼ ਜਿੰਨੀਆਂ ਵੀ ਲਹਿਰਾਂ ਚੱਲੀਆਂ- ਹਿੰਦੁਸਤਾਨ ਦੇ ਜਿਨ੍ਹਾ ਸੂਬਿਆਂ ਵਿਚ ਵੀ ਚੱਲੀਆਂ - ਉਨ੍ਹਾਂ ਨਾਲੋਂ ਕੂਕਾ ਲਹਿਰ ਇਸ ਪੱਖ ਤੋਂ ਵਿਲੱਖਣ ਤੇ ਆਪਣੇ ਆਪ ਵਿਚ ਇਕੱਲੀ ਲਹਿਰ ਸੀ- ਜਿਸ ਨੇ ਮੁੱਢ ਵਿਚ ਹੀ ਅੰਗ੍ਰੇਜ਼ੀ ਤਾਲੀਮ ਦਾ ਬਾਈਕਾਟ ਕੀਤਾ ਤੇ ਮਾਤ ਭਾਸ਼ਾ ਨੂੰ ਅਪਨਾਣ ਦਾ ਜਤਨ ਕੀਤਾ।

ਹਿੰਦੁਸਤਾਨ ਦੇ ਬਾਕੀ ਸਾਰੇ ਹਿੱਸਿਆਂ ਵਿੱਚ ਅੰਗ੍ਰੇਜ਼ ਦੇ ਖ਼ਿਲਾਫ਼ ਜਿਹੜੀਆਂ ਮੁਢਲੀਆਂ ਲੜਾਈਆਂ ਹੋਈਆਂ- ਉਨ੍ਹਾਂ ਵਿਚ ਅੰਗ੍ਰੇਜ਼ੀ ਤਾਲੀਮ ਦੀ ਹਮਾਇਤ ਜਾਂ ਵਿਰੋਧ ਦਾ ਓਦੋਂ ਤਕ ਕੋਈ ਸਵਾਲ ਹੀ ਨਹੀਂ ਸੀ। ਹਿੰਦੁਸਤਾਨ ਦੀਆਂ ਰਿਆਸਤਾਂ ਦੇ ਰਾਜੇ ਅੰਗ੍ਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਦੇ ਹਮਲਿਆਂ ਦੇ ਖਿਲਾਫ ਲੜਦੇ ਰਹੇ ਤੇ ਹਾਰਦੇ ਰਹੇ। ਅਤੇ ਜਿਉਂ ਜਿਉਂ ਈਸਟ ਇੰਡੀਆ ਕੰਪਨੀ ਜਾਂ ਬਾਅਦ ਵਿਚ ਸਿੱਧੀ ਇੰਗਲਿਸਤਾਨ ਦੀ ਮਲਿਕਾ ਦੀ ਸਰਕਾਰ ਸਥਾਪਤ ਹੁੰਦੀ ਗਈ ਤਿਉਂ ਤਿਉਂ ਹਰ ਸੂਬੇ ਹਰ ਰਿਆਸਤ ਦੇ ਮੋਹਰੀਆਂ ਨੇ ਸਭ ਤੋਂ ਪਹਿਲਾਂ ਅੰਗ੍ਰੇਜ਼ੀ ਤਾਲੀਮ ਨੂੰ ਖੁਸ਼ੀ ਖੁਸ਼ੀ ਅਪਨਾਇਆ। ਉਹਨਾਂ ਸਾਰੇ ਇਲਾਕਿਆਂ ਵਿਚ ਵੀਹਵੀਂ ਸਦੀ ਦੇ ਅਰੰਭ ਵਿਚ ਜਾ ਕੇ ਓਥੋਂ ਦੇ ਸਿਆਣਿਆਂ ਨੇ ਅੰਗ੍ਰੇਜ਼ੀ ਤਾਲੀਮ ਦੀ ਥਾਂ ਮਾਤ ਭਾਸ਼ਾ ਵਿਚ ਤਾਲੀਮ ਦੀ ਗੱਲ ਸੋਚੀ। ਇਸ ਦੌਰ ਵਿਚ ਬੰਗਾਲ ਨੇ ਗੁਰੁਦੇਵ ਰਵਿੰਦ੍ਰ ਨਾਥ ਟੈਗੋਰ ਦੀ ਅਗਵਾਈ ਵਿਚ ਪਹਿਲਾ ਜਤਨ ਅਰੰਭਿਆ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਆਂਦੋਲਣ ਦਾ ਸ੍ਰੀ ਗਣੇਸ਼ ਹੀ ਅੰਗ੍ਰੇਜ਼ੀ ਤਾਲੀਮ ਦੇ ਬਾਈਕਾਟ ਅਤੇ ਪੰਜਾਬੀ ਭਾਸ਼ਾ ਵਿਚ ਵਿੱਦਿਆ ਹਾਸਿਲ ਕਰਨ ਦੀ ਪ੍ਰੇਰਨਾ ਨਾਲ ਹੋਇਆ।

● ਨਾਮਧਾਰੀ ਤੇ ਅੰਗ੍ਰੇਜ਼ੀ ਭਾਸ਼ਾ

ਆਜ਼ਾਦੀ ਤੋਂ ਬਾਅਦ ਜਿਹੜੀ ਸਰਕਾਰ ਬਣੀ-ਉਸ ਨੇ ਵੀ ਅੰਗ੍ਰੇਜ਼ਾਂ ਨੂੰ ਤਾਂ ਵਿਦਾ ਕਰ ਦਿੱਤਾ ਪਰ ਅੰਗ੍ਰੇਜ਼ੀ ਭਾਸ਼ਾ ਨੂੰ ਹਿੱਕ ਨਾਲ ਲਾ ਲਿਆ। ਨਤੀਜਾ ਇਹ ਹੋਇਆ ਕਿ ਅੰਗ੍ਰੇਜ਼ਾਂ ਦੇ ਜਾਣ ਤੋਂ ਬਾਅਦ ਆਜ਼ਾਦ ਹਿੰਦੁਸਤਾਨ ਵਿਚ ਵੀ ਸਭ ਸੁਖ-ਸਹੂਲਤਾਂ ਤੇ ਉਚੇ ਅਹੁਦੇ ਅੰਗ੍ਰੇਜ਼ੀ ਪੜ੍ਹਿਆਂ ਲਈ ਰਾਖਵੇਂ ਹੋ ਗਏ ਤੇ ਉਹਨਾਂ ਦਾ ਪਰਤਾਪ-ਪਰਭਾਵ ਜ਼ਿੰਦਗੀ ਦੇ ਹਰ ਖੇਤਰ ਵਿਚ ਵਧਦਾ ਹੀ ਗਿਆ।

ਹੌਲੀ ਹੌਲੀ ਸਥਿਤੀ ਇਹ ਬਣ ਗਈ ਕਿ ਅੰਗ੍ਰੇਜ਼ੀ ਭਾਸ਼ਾ ਬਦੇਸ਼ੀ ਨਹੀਂ, ਸਗੋਂ ਹਿੰਦੁਸਤਾਨ ਦੀ ਆਪਣੀ ਭਾਸ਼ਾ ਵਜੋਂ ਕਬਜ਼ਾ ਜਮਾ ਬੈਠੀ। ਇਸ ਹਾਲਤ ਵਿਚ ਨਾਮਧਾਰੀਆਂ ਨੂੰ ਵੀ ਸੋਚਣਾ ਪਿਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਰਣਾ ਕੀਤਾ ਕਿ ਆਜ਼ਾਦ ਹਿੰਦੁਸਤਾਨ ਵਿਚ ਆਪਣੇ ਆਪ ਨੂੰ ਅੰਗ੍ਰੇਜ਼ੀ ਤਾਲੀਮ ਦੇ ਵਿਰੋਧ ਵਿਚ ਖੜ੍ਹਿਆਂ ਰੱਖਣ ਦਾ ਹੁਣ ਕੋਈ ਕਾਰਨ ਨਹੀਂ। ਅੰਗ੍ਰੇਜ਼ ਜਾ ਚੁੱਕੇ ਹਨ ਪਰ ਅੰਗ੍ਰੇਜ਼ੀ ਮੋਹਰੀ ਭਾਸ਼ਾ ਦੇ ਰੂਪ ਵਿਚ ਕਾਇਮ ਹੈ- ਠੀਕ ਓਵੇਂ ਹੀ ਜਿਵੇਂ ਅੰਗ੍ਰੇਜ਼ਾਂ ਤੋਂ ਪਹਿਲਾਂ ਫਾਰਸੀ ਦਰਬਾਰੀ ਜਾਂ ਸਰਕਾਰੀ ਭਾਸ਼ਾ ਸੀ।

Namdhari Elibrary NamdhariElibrary@gmail.com

ਅਜੋਕੇ ਹਾਲਾਤ ਵਿਚ ਕੂਕਿਆਂ ਨੂੰ ਸਰਕਾਰੀ ਨੌਕਰੀਆਂ ਤੋਂ ਵਿਰਵਿਆਂ ਰੱਖਣ, ਜਾਂ ਭਾਰਤ ਦੀ ਆਰਥਕ, ਵਿਗਿਆਨਕ ਤੇ ਤਕਨੀਕੀ ਤਰੱਕੀ ਤੋਂ ਆਪਣੇ ਆਪ ਨੂੰ ਬੇਸਰੋਕਾਰ ਰੱਖਣ ਦਾ ਅਰਥ ਇਹ ਹੋਵੇਗਾ ਕਿ ਕੂਕੇ ਹਿੰਦੁਸਤਾਨ ਦੀ ਸਮੁੱਚੀ ਤਰੱਕੀ ਤੇ ਖ਼ੁਸ਼ਹਾਲੀ ਦੀ ਧਾਰਾ ਤੋਂ ਛੁਟਕ ਜਾਣ। ਇਹ ਕਿਸੇ ਵੀ ਪੱਖ ਤੋਂ ਮੁਨਾਸਿਬ ਨਹੀਂ। ਖ਼ਾਸ ਕਰਕੇ ਇਸ ਸਮਝ ਦੇ ਹੁੰਦਿਆਂ ਹੋਇਆਂ ਕਿ ਕੋਈ ਵੀ ਭਾਸ਼ਾ ਆਪਣੀ ਹੋਂਦ ਦੇ ਕੇਵਲ ਇਸ ਸੁਭਾ ਕਾਰਨ ਵਧਦੀ ਫੁਲਦੀ ਹੈ ਕਿ ਉਹ ਆਪਸੀ ਬੋਲ ਚਾਲ ਦਾ ਮਾਧਿਅਮ ਭਰ ਹੈ। ਉਹ ਕੋਈ ਧਰਮ ਨਹੀ। ਭਾਸ਼ਾ ਲੋੜ ਅਨੁਸਾਰ ਆਉਂਦੀਆਂ ਜਾਂਦੀਆਂ ਹਨ। ਅੰਗ੍ਰੇਜ਼ਾਂ ਵੇਲੇ ਅੰਗ੍ਰੇਜ਼ੀ ਦਾ ਵਿਰੋਧ ਇਸ ਲਈ ਜ਼ਰੂਰੀ ਸੀ ਕਿ ਇਹ ਅੰਗ੍ਰੇਜ਼ਾਂ ਦੇ ਰਾਜ ਨੂੰ ਭਾਰਤ ਵਿਚ ਜਮਾਉਣ ਦਾ ਸਭ ਤੋਂ ਵਡਾ ਸਾਧਣ ਬਣ ਰਹੀ ਸੀ।

ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਨੂੰ ਉੱਨਤ ਕਰਨ ਲਈ ਤੇ ਦੂਜੇ ਸਮਾਜਾਂ ਦੇ ਬਰਾਬਰ ਲਿਆਉਣ ਲਈ ਸ੍ਰੀ ਭੈਣੀ ਸਾਹਿਬ ਅਤੇ ਦਿੱਲੀ ਦੇ ਨਾਮਧਾਰੀ ਵਿਦਿਆਲਿਆਂ ਵਿਚ ਅੰਗ੍ਰੇਜ਼ੀ ਭਾਸ਼ਾ ਨੂੰ ਤਾਲੀਮ ਦਾ ਮਾਧਿਅਮ ਬਣਾਉਣਾ ਮਨਜ਼ੂਰ ਕਰ ਲਿਆ ਹੈ। ਸ੍ਰੀ ਜੀਵਨ ਨਗਰ ਡਿਗਰੀ ਕਾਲਜ ਬਣਾ ਦਿਤਾ ਹੈ ਤੇ ਨਾਮਧਾਰੀਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਹਾਸਿਲ ਕਰਨ ਦੀ ਪ੍ਰੇਰਨਾ ਦੇ ਰਹੇ ਹਨ।

• ਆਤਮ ਵਿਸ਼ਵਾਸ

ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਇਕ ਚਮਤਕਾਰ ਪੂਰਨ ਕੰਮ ਕੀਤਾ ਹੈ-ਉਹ ਹੈ ਨਾਮਧਾਰੀ ਸਮਾਜ ਵਿਚ ਜ਼ਿੰਦਗੀ ਦੇ ਪ੍ਰਤੀ ਆਤਮ ਵਿਸ਼ਵਾਸ ਜਗਾਉਣਾ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿੱਥੇ ਵੀ ਕੋਈ ਨਾਮਧਾਰੀ ਰਹਿੰਦਾ ਹੈ ਓਥੇ ਹੀ ਉਸ ਨੂੰ ਆਪਣਾ ਕਾਰੋਬਾਰ ਜਮਾਉਣ ਤੇ ਵਧਾਉਣ ਲਈ ਉਤਸ਼ਾਹਤ ਕੀਤਾ ਤੇ ਉਸਦੀ ਹਰ ਲੋੜੀਂਦੀ ਸਹਾਇਤਾ ਕੀਤੀ ਹੈ। ਇਸ ਵਿਸ਼ਵਾਸ ਨਾਲ ਸੋਹਣੇ-ਸੁਥਰੇ ਘਰ ਬਣਾਉਣ ਲਈ ਪ੍ਰੇਰਤ ਕੀਤਾ ਹੈ ਕਿ ਇਹ ਘਰ ਅੱਜ ਤੁਹਾਡੇ ਅਤੇ ਕੱਲ ਨੂੰ ਤੁਹਾਡੀ ਸੰਤਾਨ ਦੇ ਰਹਿਣ ਲਈ ਹਨ।

• ਉੱਨਤ ਖੇਤੀ ਲਈ ਜਤਨ

ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਜ਼ਿਲਾ ਸਿਰਸਾ ਦੇ ਇਲਾਕੇ ਵਿਚ ਇਕੱਠੇ ਵਸਦੇ ਪੰਝੀ ਤੀਹ ਪਿੰਡਾਂ ਦੇ ਨਾਮਧਾਰੀਆਂ ਨੂੰ ਉਨਤ ਖੇਤੀ ਦੀ ਪ੍ਰੇਰਨਾ ਦੇ ਕੇ ਉਨ੍ਹਾਂ ਦੀ ਆਮਦਨ ਤੇ ਜੀਵਨ ਸਤੱਰ ਵਿਚ ਭਾਰੀ ਵਾਧਾ ਕੀਤਾ ਹੈ। ਓਥੇ ਪਹਿਲਾਂ ਕੇਵਲ ਅਨਾਜ ਤੇ ਕੁਝ ਹੋਰ ਫਸਲਾਂ ਦੀ ਉਪਜ ਹੀ ਹੁੰਦੀ ਸੀ। ਸਤਿਗੁਰਾਂ ਨੇ ਕਿਸਾਨਾਂ ਨੂੰ ਅਨਾਜ ਦੇ ਨਾਲ ਨਾਲ ਬਾਗਬਾਨੀ ਲਈ ਉਤਸਾਹਤ ਕੀਤਾ ਹੈ।

ਬਾਗਬਾਨੀ ਵਿਚ ਆਪ ਜੀ ਦੀ ਵਿਸ਼ੇਸ਼ ਰੁਚੀ ਰਹੀ ਹੈ। ਸ੍ਰੀ ਜੀਵਨ ਨਗਰ ਜੈਸੇ ਇਲਾਕੇ ਵਿਚ ਜਿਥੇ ਸਾਧਾਰਣ ਖੇਤੀ ਵੀ ਕਿਸੇ ਸਮੇਂ ਔਖੀ ਹੁੰਦੀ ਸੀ ਓਥੇ ਕੀਨੂੰਆਂ ਦੇ ਬਾਗ ਲਵਾਏ। ਸਰਕਾਰੀ ਭਾਈ ਚਾਰੇ ਦੇ ਵਿਚਾਰ ਸਨ ਕਿ ਇਸ ਧਰਤੀ ਵਿਚ ਡਜਵਗਚਤ ਸ਼ਗਚਜਵ ਦੀ ਖੇਤੀ ਹੋ ਹੀ ਨਹੀਂ ਸਕਦੀ। ਪਰਤੂੰ ਆਪ ਨੇ ਸਫਲਤਾ ਪੂਰਵਕ ਕੀਨੂੰਆਂ ਦੀ ਫਸਲ ਉਪਜਾਕੇ ਭਰਪੂਰ ਫਲ ਲਏ। ਇਸੇ ਤਰ੍ਹਾਂ ਇਲਾਕੇ ਵਿਚ ਅੰਗੂਰਾਂ ਦੇ ਬਹੁਤ ਸਾਰੇ ਬਾਗ ਲਗਵਾ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ। ਅੰਗੂਰਾਂ ਦੀ ਖੇਤੀ ਵਿਚ ਵਿਸ਼ੇਸ਼ ਪ੍ਰਯੋਗ ਕਰਵਾ ਕੇ ੨੪% ਛਚਪਗ ਡਰਅਵਕਅਵਤ ਤਕ ਦੇ ਅੰਗੂਰ ਪੈਦਾ ਕਰਵਾਏ ਹਨ।

ਨਾਮਧਾਰੀ ਫਾਰਮਸ ਬੰਗਲੌਰ ਵਿਚ ਠਾਕੁਰ ਉਦੇ ਸਿੰਘ ਨੂੰ ਭੇਜ ਬੀਜਾਂ ਦੀ ਉਪਜ ਕਰਵਾ ਕੇ ਵਿਦੇਸ਼ਾਂ ਨੂੰ ਭਾਰੀ ਮਾਤਰਾ ਵਿਚ ਬਘਬਰਗਵ ਕਰਵਾ ਰਹੇ ਹਨ।

ਬੰਗਲੌਰ ਵਿਚ ਕਰੀਬ ੪੦ ਤੋਂ ਵੱਧ ਕਿਸਮਾਂ ਦੇ ਅੰਬਾਂ, ਨਾਰੀਅਲ, ਅਨਾਨਾਸ, ਤਰਬੂਜ਼, ਖਰਬੂਜ਼ੇ, ਟਮਾਟਰ ਆਦਿ ਦੀ ਉਪਜ ਹੋ ਰਹੀ ਹੈ।

• ਸ੍ਰੀ ਭੈਣੀ ਸਾਹਿਬ ਦੀ ਉਸਾਰੀ

ਸ੍ਰੀ ਭੈਣੀ ਸਾਹਿਬ ਜਿਥੇ ਸਾਲਾਨਾ ਮੇਲਿਆਂ ਦੀ ਗੱਲ ਤਾਂ ਦੂਰ ਆਮ ਦਿਨਾਂ ਵਿਚ ਵੀ ਦਸ-ਵੀਹ ਆਦਮੀਆਂ ਦੇ ਰਹਿਣ ਲਈ ਕੋਈ ਮੁਨਾਸਿਬ ਥਾਂ ਨਹੀਂ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਅੰਦਰ ਵਡੀ ਗਿਣਤੀ ਵਿਚ ਆਧੁਨਿਕ ਸੁਖ-ਸਹੂਲਤਾਂ ਵਾਲੇ ਘਰ ਬਣਵਾ ਦਿਤੇ ਹਨ। ਇਹਨਾਂ ਘਰਾਂ ਤੋਂ ਅਲਾਵਾ ਆਪ ਨੇ ਸਤਿਗੁਰੂ ਪਰਤਾਪ ਸਿੰਘ ਸਿਮਰਤੀ ਮੰਦਿਰ ਬਣਵਾਇਆ ਹੈ- ਜੋ ਆਪਣੇ ਰੂਪ, ਦਿੱਖ ਤੇ ਆਕਾਰ ਪ੍ਰਕਾਰ ਵੱਲੋਂ ਸਾਰੇ ਏਸ਼ੀਆ ਵਿਚ ਨਿਵੇਕਲਾ ਸਥਾਨ ਰੱਖਦਾ ਹੈ। ਇਹ ਹਾਲ ਸੌ ਫੁਟ ਚੌੜਾ ਤੇ ਦੋ ਸੌ ਫੁਟ ਲੰਮਾ ਹੈ। ਇਸਦੀ ਖੂਬੀ ਇਹ ਹੈ ਕਿ ਇਹਦੀ ਛੱਤ ਰੇਤੀ ਬਜਰੀ ਤੇ ਸੀਮੇਂਟ ਦੀ ਹੋਣ ਦੇ ਬਾਵਜੂਦ ਇਹਦੇ ਹੇਠਾਂ ਕੋਈ ਥੰਮਾ (ਪਿਲਰ) ਨਹੀਂ ਹੈ।

ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਚੁੰਬਕੀ ਵਿਅਕਤਿਤ੍ਵ ਦਾ ਹੀ ਨਤੀਜਾ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਭੈਣੀ ਸਾਹਿਬ ਦੇ ਵਿਕਾਸ ਲਈ ਯੋਜਨਾ ਬਣਾਈ ਗਈ ਹੈ ਅਤੇ ਓਥੇ ਹੀ ਹਿੰਦੁਸਤਾਨ ਦਾ ਇਕ ਸਰੇਸ਼ਟ ਖੇਲ ਸਟੇਡੀਅਮ ਬਣਾਨ ਬਾਰੇ ਵੀ ਸੋਚਿਆ ਜਾ ਰਿਹਾ ਹੈ।

• ਰਾਮ ਸਰੋਵਰ ਤੇ ਗੋਲ ਮੰਦਿਰ

ਸ੍ਰੀ ਭੈਣੀ ਸਾਹਿਬ ਵਿਚ ਇਕ ਸਰੋਵਰ ਹੈ-ਜੋ ਆਮ ਤੌਰ ਤੇ ਅਣਗੌਲਿਆ ਹੀ ਰਹਿੰਦਾ ਸੀ। ਉਸ ਰਾਮ ਸਰੋਵਰ ਨੂੰ ਆਧੁਨਿਕ ਤਕਨੀਕ ਨਾਲ ਐਸਾ ਦਰਸ਼ਨੀਯ ਤੇ ਪਵਿਤਰ ਰੂਪ ਦਿਤਾ ਹੈ ਕਿ ਉਹ ਵੀ ਦਿੱਖ ਤੇ ਲੋੜ ਪੂਰਤੀ ਦੇ ਪੱਖੋਂ ਆਪਣੀ ਮਿਸਾਲ ਆਪ ਹੈ। ਇਸ ਸਰੋਵਰ ਦਾ ਡੀਜ਼ਾਇਨ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਹਦੇ ਵਿਚ ਬਾਹਰੋਂ ਜਲ ਨਾ ਲੈ ਕੇ ਧਰਤੀ ਦੇ ਹੇਠੋਂ ਹੀ ਸਿੱਧਾ ਪ੍ਰਾਪਤ ਕੀਤਾ ਜਾਂਦਾ ਹੈ। ਇਸ ਕੰਮ ਲਈ ਕਿਸੇ ਮਸ਼ੀਨ ਜਾਂ ਮੋਟਰ ਦੀ ਸਹਾਇਤਾ ਵੀ ਨਹੀਂ ਲਈ ਜਾਂਦੀ। ਏਸੇ ਤਰ੍ਹਾਂ ਸ੍ਰੀ ਭੈਣੀ ਸਾਹਿਬ ਦੇ ਛੱਪਰ ਨੁਮਾ ਗੋਲ ਮੰਦਿਰ ਨੂੰ ਅਨੂਪਮ ਰੂਪ ਦੇ ਦਿੱਤਾ ਗਿਆ ਹੈ। ਇੰਜ ਸਤਿਗੁਰੂ ਜਗਜੀਤ ਸਿੰਘ ਜੀ ਜਿਉਂ ਜਿਉਂ ਭੈਣੀ ਸਾਹਿਬ ਦੀ ਕਾਇਆ ਪਲਟਦੇ ਜਾ ਰਹੇ ਹਨ ਤਿਉਂ ਤਿਉਂ ਨਾਮਧਾਰੀ ਸਮਾਜ ਦੀ ਆਪਣੀਆਂ ਜੜ੍ਹਾਂ ਨਾਲ ਪਕੜ ਵਧਦੀ ਜਾ ਰਹੀ ਹੈ ਤੇ ਨਾਮਧਾਰੀਆਂ ਦੇ ਕਾਰੋਬਾਰ ਵਿਚ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਹੋ ਰਹੀ ਹੈ। ਅੱਜ ਇਹ ਗੱਲ ਮਾਣ ਨਾਲ ਆਖੀ ਜਾ ਸਕਦੀ ਹੈ ਕਿ ਨਾਮਧਾਰੀ ਸਮਾਜ ਦੇ ਲਗਭਗ ਸਾਰੇ ਪਰਵਾਰ ਧਨ ਧਾਮ ਤੇ ਵਿੱਦਿਆ ਬੁੱਧੀ ਵੱਲੋਂ ਭਰਪੂਰ ਅਤੇ ਹੋਣੀਆਂ ਭਰਪੂਰ ਜੀਵਨ ਜਿਉ ਰਹੇ ਹਨ।

Namdhari Elibrary NamdhariElibrary@gmail.com

• ਯਾਦਗਾਰਾਂ

ਸੰਨ ੧੮੭੨ ਵਿਚ ਗਊਆਂ ਦੀ ਰਖਸ਼ਾ ਖ਼ਾਤਰ ਜਿਨ੍ਹਾਂ ਕੂਕੇ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ, ਲੁਧਿਆਣੇ, ਰਾਏਕੋਟ ਅਤੇ ਮਲੇਰ ਕੋਟਲੇ ਵਿਚ ਸ਼ਹੀਦੀਆਂ ਪਾਈਆਂ ਉਹਨਾਂ ਸ਼ਹੀਦਾਂ ਦੀ ਸਿਮ੍ਰਤੀ ਕਾਇਮ ਰੱਖਣ ਵੱਲ ਦੇਰ ਚਿਰ ਨਾ ਪੰਜਾਬ ਦੀ ਕਿਸੇ ਸੰਸਥਾ ਨੇ ਧਿਆਨ ਦਿੱਤਾ ਨਾ ਸਰਕਾਰ ਨੇ। ਹਾਲਾਂ ਕਿ ਕੂਕਾ ਅੰਦੋਲਨ ਤੇ ਕੂਕੇ ਸਿੰਘਾਂ ਦੀਆਂ ਸ਼ਹੀਦੀਆਂ- ਸਾਰੇ ਭਾਰਤ ਵਰਸ਼ ਵਿਚ ਅੰਗ੍ਰੇਜ਼ਾਂ ਵਿਰੁੱਧ ਚੱਲੇ ਕਿਸੇ ਵੀ ਤਰ੍ਹਾਂ ਦੇ ਅੰਦੋਲਨ ਜਾਂ ਸੰਘਰਸ਼ ਨਾਲੋਂ ਪਹਿਲਾਂ ਦੀਆਂ ਅਤੇ ਗੌਰਵ ਪੂਰਨ ਹਨ। ਪਰ ਪੰਜਾਬ ਦੀ ਕਿਸੇ ਵੀ ਧਿਰ ਨੇ ਆਪਣੇ ਇਸ ਗੌਰਵ ਪੂਰਨ ਇਤਿਹਾਸ ਤੇ ਇਤਿਹਾਸ-ਪੁਰਸ਼ਾਂ ਨੂੰ ਉਹ ਸਨਮਾਨ ਨਾ ਦਿਤਾ ਜਿਸ ਨਾਲ ਸਾਰੇ ਭਾਰਤ ਵਿਚੋਂ ਪੰਜਾਬ ਦਾ ਸਿਰ ਉਚਾ ਦਿੱਸਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਤੋਂ ਬਾਅਦ ਆਪ ਦੀ ਸੰਮੋਹਕ ਸ਼ਖ਼ਸੀਅਤ ਦੇ ਪਰਭਾਵ ਨਾਲ ਪਹਿਲਾਂ ਭਾਰਤ ਦੇ ਰਖਸ਼ਾ ਮੰਤ੍ਰੀ ਬਾਬੂ ਜਗਜੀਵਨ ਰਾਮ ਜੀ ਨੇ ਮਲੇਰ ਕੋਟਲੇ ਦੇ ਸ਼ਹੀਦੀ ਸਥਾਨ ਵਾਲੀ ਜ਼ਮੀਨ ਭੇਟ ਕੀਤੀ ਤੇ ਫਿਰ ਪੰਜਾਬ ਦੇ ਸਾਬਕਾ ਅਕਾਲੀ ਮੁਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਸ਼ਹੀਦਾਂ ਦੀ ਯਾਦਗਾਰ ਲਈ ਫਾਂਸੀਆਂ ਵਾਲੀ ਥਾਂ ਤੇ ਕੁਝ ਜ਼ਮੀਨ ਅਰਪਨ ਕੀਤੀ। ਹੁਣ ਪੰਜਾਬ ਦੇ ਵਰਤਮਾਨ ਮੁਖ ਮੰਤਰੀ ਸ੍ਰ: ਬੇਅੰਤ ਸਿੰਘ ਨੇ ਪੰਜਾਬ ਦੇ ਉਹਨਾਂ ਸ਼ਹੀਦ ਸਪੂਤਾਂ ਦੀ ਯਾਦਗਾਰ ਬਣਾਉਣ ਲਈ ਲੁਧਿਆਣੇ ਵਿਚ ਸ਼ਹੀਦੀ ਸਥਾਨ ਵਾਲੀ ਜ਼ਮੀਨ ਅਰਪਨ ਕੀਤੀ ਹੈ ਤੇ ਅੰਮ੍ਰਿਤਸਰ ਵਿਚ ਵੀ ਹੋਰ ਜ਼ਮੀਨ ਦਿੱਤੀ ਹੈ। ਇਸਤੋਂ ਅਲਾਵਾ ਸਮਾਰਕ ਬਣਾਓਣ ਲਈ ਸਰਕਾਰ ਵੱਲੋਂ ਮਾਇਕ ਸਹਾਇਤਾ ਵੀ ਭੇਟ ਕੀਤੀ ਹੈ।

ਅੱਜ ਕਲ ਮਲੇਰ ਕੋਟਲੇ ਤੇ ਲੁਧਿਆਣੇ ਵਿਚ ਯਾਦਗਾਰਾਂ ਦੀ ਉਸਾਰੀ ਹੋ ਰਹੀ ਹੈ।

• ਪ੍ਰਕਾਸ਼ ਸਥਾਨ

ਪਿੰਡ ਰਾਈਆਂ-ਜੋ ਕਿ ਭੈਣੀ ਸਾਹਿਬ ਦੇ ਨਾਲ ਲਗਦਾ ਹੈ ਅਤੇ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਨ ੧੮੧੬ ਈਸਵੀ ਵਿਚ ਪ੍ਰਕਾਸ਼ ਹੋਇਆ ਸੀ-ਉਹ ਸਥਾਨ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਪੰਥ ਨੂੰ ਮਿਲ ਗਿਆ ਹੈ ਤੇ ਹੁਣ ਉਹ ਤੀਰਥ ਸਥਲ ਦੇ ਰੂਪ ਵਿਚ ਵਿਕਸਿਤ ਹੋ ਰਿਹਾ ਹੈ।

• ਲੋੜਵੰਦਾ ਦੀ ਮਦਦ

ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਬਿਰਧ ਸ਼ਾਲਾ ਬਣਾਈ ਹੈ-ਜਿਥੇ ਜੀਵਨ ਦੇ ਅੰਤਿਮ ਪਹਿਰ ਵਿਚ ਬਿਰਧ ਲੋਕ ਆਣ ਕੇ ਨਿਵਾਸ ਕਰਦੇ ਹਨ। ਉਨ੍ਹਾਂ ਦੀ ਸੇਵਾ ਹੁੰਦੀ ਹੈ, ਦਵਾ ਦਾਰੂ ਹੁੰਦਾ ਹੈ ਤੇ ਇਸ ਅਵਸਥਾ ਵਿਚ ਭਜਣ ਬੰਦਗੀ ਦਾ ਖੁਲ੍ਹਾ ਅਵਸਰ ਮਿਲਦਾ ਹੈ।

ਦੇਸ-ਦੇਸ ਦੀ ਸੰਗਤ ਨੂੰ ਨਾਮ ਜਪਾਉਣ ਦਾ ਜੋ ਇਕ ਹੋਰ ਵਡਾ ਸਿਲਸਿਲਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ੁਰੂ ਕੀਤਾ ਹੈ ਉਹ ਸਿਲਸਿਲਾ ਹੈ ਅਖੰਡ ਵਰਨੀਆਂ ਦਾ। ਆਪ ਇਸ ਕੰਮ ਲਈ ਹੁਕਮ ਵੀ ਦੇਂਦੇ ਹਨ ਤੇ ਪ੍ਰੇਰਨਾ ਵੀ ਕਰਦੇ ਹਨ ਕਿ ਹਰ ਸ਼ਹਿਰ ਹਰ ਪਿੰਡ ਵਿਚ ਨਾਮ ਸਿਮਰਨ ਦੀ ਅਖੰਡ ਵਰਨੀ ਹੋਵੇ। ਆਪ ਦੀ ਇਸ ਪ੍ਰੇਰਨਾ ਸਦਕਾ ਅਜਕਲ੍ਹ ਸੋਲਾਂ ਅਖੰਡ ਵਰਨੀਆਂ ਚਲ ਰਹੀਆਂ ਹਨ। ਨਾਮਧਾਰੀ ਸੰਗਤ ਆਪਣੀ ਆਦਮ ਗਿਣਤੀ ਅਨੁਸਾਰ ਰੌਲ ਦਾ ਸਮਾ ਨੀਯਤ ਕਰ ਲੈਂਦੀ ਹੈ। ਕਿਤੇ ਇਕ ਘੰਟੇ ਦੀ ਰੌਲ ਹਿੱਸੇ ਆਉਂਦੀ ਹੈ- ਕਿਤੇ ਦੋ ਘੰਟਿਆਂ ਦੀ ਤੇ ਕਿਤੇ ਇਸ ਤੋਂ ਵਧ ਵੀ।

ਬਿਰਧਾਂ ਦੀ ਸੇਵਾ ਤੋਂ ਬਿਨਾਂ ਸਤਿਗੁਰੂ ਜੀ ਕਿਸੇ ਵੀ ਉਮਰ ਦੇ ਤੇ ਕਿਸੇ ਵੀ ਧਰਮ ਤੇ ਸੰਪਰਦਾਏ ਦੇ ਅਸਹਾਇ ਬੀਮਾਰਾਂ ਵੱਲ ਵੀ ਉਚੇਚਾ ਧਿਆਨ ਦੇਂਦੇ ਹਨ ਤੇ ਉਨਾਂ ਦੀ ਚੰਗੇ ਹਸਪਤਾਲਾਂ ਵਿਚ ਖਰਚ-ਖੇਚਲ ਕਰਕੇ ਇਲਾਜ ਦੀ ਵਿਵਸਥਾ ਕੀਤੀ ਜਾਂਦੀ ਹੈ।

• ਨਾਮ ਜਪਾਉਣਾ

ਅਧਿਆਤਮਕ ਪੱਖ ਤੋਂ ਸਤਿਗੁਰੂ ਦੇ ਜਿਸ ਇਕ ਮੁਖ ਕੰਮ ਦੀ ਪਰੰਪਰਾ ਚਲਦੀ ਆ ਰਹੀ ਏ ਉਹ ਕੰਮ ਹੈ ਨਾਮ ਜਪਣਾ ਤੇ ਜਪਾਉਣਾ। ਆਪ ਦਾ ਦਿਨ ਤੜਕੇ ਅੰਮ੍ਰਿਤ ਵੇਲੇ ਦੋ ਵਜੇ ਤੋਂ ਸ਼ੁਰੂ ਹੋ ਜਾਂਦਾ ਹੈ। ਨਿਤ ਕ੍ਰਿਯਾ ਸ਼ੌਚ ਇਸ਼ਨਾਨ ਕਸਰਤ ਤੋਂ ਬਾਅਦ ਨਾਮ ਜਪਣਾ ਬਾਣੀ ਪੜ੍ਹਣਾ ਤੇ ਫਿਰ ਆਸਾ ਦੀ ਵਾਰ ਕੀਰਤਨ ਰੂਪ ਵਿਚ ਸੁਣਨੀ ਨਿਤ ਦਾ ਕਾਰਜਕਰਮ ਹੈ। 'ਅਲਪ ਆਹਾਰ ਸੁਲਪ ਸੀ ਨਿੰਦ੍ਰਾ' ਗੁਰੂ ਵਾਕ ਅਨੁਸਾਰ ਆਪ ਕੇਵਲ ਤਿੰਨ ਕੁ ਘੰਟੇ ਸੌਂਦੇ, ਤੇ ਅਲਪ ਆਹਾਰ ਕਰਦੇ ਹਨ। ਸ਼ਾਮ ਨੂੰ ਆਪ ਜਿੱਥੇ ਵੀ ਹੋਣ ਸੰਗਤ ਨਾਲ ਰਲ ਕੇ ਇਕ ਘੰਟਾ ਨਾਮ ਸਿਮਰਨ ਕਰਦੇ ਤੇ ਕੀਰਤਨ ਦੀਵਾਨ ਵਿਚ ਸੰਗਤ ਨੂੰ ਦਰਸ਼ਨ ਦੇਂਦੇ ਹਨ। ਇਸ ਤੋਂ ਅਲਾਵਾ ਰੋਜ਼ ਸੈਂਕੜਿਆਂ ਲੋਕਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਦਰਸ਼ਨ ਦੇਂਦੇ, ਉਨ੍ਹਾਂ ਦੀ ਗੱਲ ਸੁਣਦੇ, ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਦੇ ਹਨ। ਦੇਸ-ਦੇਸ ਦੀ ਸੰਗਤ ਨੂੰ ਨਾਮ ਜਪਾਉਣ ਦਾ ਜੋ ਇਕ ਹੋਰ ਵਡਾ ਸਿਲਸਿਲਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ੁਰੂ ਕੀਤਾ ਹੈ ਉਹ ਸਿਲਸਿਲਾ ਹੈ ਅਖੰਡ ਵਰਨੀਆਂ ਦਾ। ਆਪ ਇਸ ਕੰਮ ਲਈ ਹੁਕਮ ਵੀ ਦੇਂਦੇ ਹਨ ਤੇ ਪ੍ਰੇਰਨਾ ਵੀ ਕਰਦੇ ਹਨ ਕਿ ਹਰ ਸ਼ਹਿਰ ਹਰ ਪਿੰਡ ਵਿਚ ਨਾਮ ਸਿਮਰਨ ਦੀ ਅਖੰਡ ਵਰਨੀ ਹੋਵੇ। ਆਪ ਦੀ ਇਸ ਪ੍ਰੇਰਨਾ ਸਦਕਾ ਅਜਕਲ੍ਹ ਸੋਲਾਂ ਅਖੰਡ ਵਰਨੀਆਂ ਚਲ ਰਹੀਆਂ ਹਨ। ਨਾਮਧਾਰੀ ਸੰਗਤ ਆਪਣੀ ਆਦਮ ਗਿਣਤੀ ਅਨੁਸਾਰ ਰੌਲ ਦਾ ਸਮਾ ਨੀਯਤ ਕਰ ਲੈਂਦੀ ਹੈ। ਕਿਤੇ ਇਕ ਘੰਟੇ ਦੀ ਰੌਲ ਹਿੱਸੇ ਆਉਂਦੀ ਹੈ- ਕਿਤੇ ਦੋ ਘੰਟਿਆਂ ਦੀ ਤੇ ਕਿਤੇ ਇਸ ਤੋਂ ਵਧ ਵੀ।

ਕਈ ਥਾਈਂ ਤਾਂ ਛੇ ਤੋਂ ਅੱਠ ਘੰਟੇ ਰੋਜ਼ ਨਾਮ ਦਾ ਯੱਗ ਚੱਲ ਰਿਹਾ ਹੈ। ਇਨ੍ਹਾਂ ਵਰਨੀਆਂ ਦੇ ਆਸਰੇ ਹਰ ਨਾਮਧਾਰੀ ਮਾਈ ਭਾਈ ਬੁੱਢਾ ਬਾਲਾ ਇਸ ਨਾਮ ਯੱਗ ਵਿਚ ਹਿੱਸਾ ਲੈਂਦਾ ਹੈ। ਵਰਨੀਆਂ ਦਾ ਸਿਲਸਿਲਾ ਬਦੇਸ਼ਾਂ ਵਿਚ ਵੱਸਦੇ ਨਾਮਧਾਰੀਆਂ ਵਿਚ ਵੀ ਆਪ ਨੇ ਸ਼ੁਰੂ ਕਰ ਦਿੱਤਾ ਹੈ। ਇਸ ਵੇਲੇ ਥਾਈਲੈਂਡ, ਵਿਚ ਨਾਮ ਦੀ ਅਖੰਡ ਵਰਨੀ ਚਲ ਰਹੀ ਹੈ।

ਥਾਈਲੈਂਡ ਤੇ ਅਫ਼ਰੀਕੀ ਦੇਸ਼ਾਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਚਰਨ ਪਾਉਂਦੇ ਤੇ ਸੰਗਤ ਨੂੰ ਦਰਸ਼ਨ ਦੇਂਦੇ ਰਹਿੰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਦੇ ਪੂਰਨਿਆਂ ਤੇ ਚਲਦਿਆਂ ਹੋਇਆਂ ਇਸ ਕਾਰਜ ਨੂੰ ਇੰਗਲੈਂਡ, ਕੈਨੇਡਾ ਤੇ ਯੂਰਪ ਦੇ ਹੋਰ ਦੇਸ਼ਾਂ ਦੇ ਨਾਲ ਨਾਲ ਅਮਰੀਕਾ ਤਕ ਵਧਾ ਲਿਆ ਹੈ। ਆਪ

Namdhari Elibrary NamdhariElibrary@gmail.com

ਅਕਸਰ ਇਹਨਾਂ ਦੇਸ਼ਾਂ ਵਿਚ ਜਾਂਦੇ, ਸਿੱਖ-ਸੰਗਤਾਂ ਨੂੰ ਦਰਸ਼ਨ ਦੇਂਦੇ ਤੇ ਨਾਮ ਸਿਮਰਨ ਵਾਲੇ ਪਾਸੇ ਲਗਾਉਂਦੇ ਹਨ।

• ਵਿਦਿਅਕ ਜਥਾ

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇ ਵਿਚ ਜੋ ਇਕ ਬਹੁਤ ਹੀ ਮਹੱਤਵਪੂਰਨ ਕਾਰਜ ਕੀਤਾ ਹੈ- ਉਹ ਹੈ ਨਵੀਂ ਪੀੜ੍ਹੀ ਨੂੰ ਗੁਰਮੁਖੀ ਜੀਵਨ ਜਿਊਣ ਵਾਲੇ ਪਾਸੇ ਲਗਾਉਣਾ। ਆਪ ਨੇ ਸੰਨ ੧੯੬੨ ਸਮੇ ਸ੍ਰੀ ਭੈਣੀ ਸਾਹਿਬ ਅੰਦਰ ਨਾਮਧਾਰੀ ਨੌਜਵਾਨਾਂ ਨੂੰ ਬੁਲਾ ਕੇ ਉਨ੍ਹਾਂ ਦਾ ਇਕ ਸੰਗਠਨ ਬਣਾਇਆ। ਉਸ ਸੰਗਠਨ ਦਾ ਨਾਮ ਰੱਖਿਆ 'ਨਾਮਧਾਰੀ ਵਿਦਿਅਕ ਜਥਾ।'

ਓਦੋਂ ਤੋਂ ਵਿਦਿਅਕ ਜਥੇ ਦੇ ਮੈਂਬਰ ਹਰ ਸਾਲ ਕਿਸੇ ਨਾ ਕਿਸੇ ਸਥਾਨ ਤੇ ਆਪਣਾ ਸੰਮੇਲਣ ਕਰਦੇ ਹਨ। ਸੰਮੇਲਣ ਵਿਚ ਨਾਮ ਸਿਮਰਨ ਤੇ ਕਥਾ ਕੀਰਤਨ ਤੋਂ ਅਲਾਵਾ ਕਈ ਤਰ੍ਹਾਂ ਦੇ ਕਾਰਜ ਕ੍ਰਮ ਰੱਖੇ ਜਾਂਦੇ ਹਨ। ਓਹਨਾਂ ਕਾਰਜ ਕ੍ਰਮਾਂ ਵਿਚ ਗੁਰਮਤ ਸੰਬੰਧੀ ਲੇਖ ਮੁਕਾਬਲੇ, ਭਾਸ਼ਣ ਮੁਕਾਬਲੇ, ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਸ਼ੁੱਧ ਪਾਠ ਮੁਕਾਬਲੇ, ਵਾਦਯ ਤੇ ਕੰਠ ਸੰਗੀਤ ਦੇ ਮੁਕਾਬਲੇ ਅਤੇ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਨ੍ਹਾਂ ਤੋਂ ਬਿਨਾ ਦਸਤਾਰ ਬੰਨ੍ਹਣ ਦੇ ਮੁਕਾਬਲੇ ਵੀ ਹੁੰਦੇ ਹਨ ਤੇ ਗੁਰਮਤ ਬਾਰੇ ਸਵਾਲ ਜਵਾਬ ਵੀ।

• ਸੰਗੀਤ

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਚਪਨ ਤੋਂ ਹੀ ਆਪ ਦੇ ਪਿਤਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ਼ਾਸਤ੍ਰੀ ਸੰਗੀਤ ਦੀ ਸ਼ਿਖਸ਼ਾ ਦਿਵਾਈ ਸੀ। ਉਸ ਵੇਲੇ ਤੋਂ ਅਰੰਭ ਸੰਗੀਤ ਸ਼ਿਖਸ਼ਾ ਕਾਰਨ ਆਪ ਦੇ ਸੰਸਕਾਰਾਂ ਵਿਚ ਸੰਗੀਤ ਨੇ ਇਕ ਇਹੋ ਜਿਹਾ ਪ੍ਰਭਾਵ ਜਮਾਇਆ ਹੈ ਕਿ ਸੰਗੀਤ ਤੋਂ ਬਿਨਾ ਆਪ ਜੀਵਨ ਦੀ ਕਲਪਨਾ ਵੀ ਨਹੀ ਕਰ ਸਕਦੇ। ਸ਼ਾਸਤ੍ਰੀ ਸੰਗੀਤ ਦੇ ਰਾਗਾਂ, ਧੁਣਾਂ ਤੇ ਤਾਲਾਂ ਵਿਚ ਆਪ ਨੇ ਵਿਸ਼ੇਸ਼ ਪ੍ਰਕਾਰ ਦਾ ਦਖ਼ਲ ਹਾਸਿਲ ਕਰ ਲਿਆ ਹੈ। ਆਪ ਦੇ ਦਰਬਾਰ ਵਿਚ ਸਤਿਗੁਰੂ ਅਰਜਨ ਦੇਵ ਜੀ ਦੇ ਸਮੇ ਤੋਂ ਚਲੀਆਂ ਆ ਰਹੀਆਂ ਧੁਣਾਂ ਤੇ ਰੀਤਾਂ ਅਨੁਸਾਰ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਆਪ ਗਾਉਂਦੇ ਤੇ ਸੁਣਦੇ ਨਾ ਸਿਰਫ ਥਕਦੇ-ਅੱਕਦੇ ਨਹੀ ਬਲਕਿ ਆਪ ਇੰਜ ਮਹਿਸੂਸ ਕਰਦੇ ਹਨ ਕਿ ਆਪ ਦਾ ਥਕੇਵਾਂ ਤੇ ਛੋਟੇ ਮੋਟੇ ਸਰੀਰਕ ਕਸ਼ਟ ਵੀ ਸੰਗੀਤ ਦੇ ਮਾਹੌਲ ਵਿਚ ਹੀ ਦੂਰ ਹੁੰਦੇ ਹਨ। ਆਪ ਅਕਸਰ ਹਿੰਦੁਸਤਾਨ ਦੇ ਪਰਸਿੱਧ ਸੰਗੀਤਕਾਰਾਂ ਨੂੰ ਸੁਣਦੇ, ਤੇ ਆਪ ਗਾ ਕੇ ਸੁਣਾਉਂਦੇ ਹਨ। ਸੰਗੀਤ ਵਿਧਾ ਵਿਚ ਆਪ ਦਾ ਇਕ ਵਿਸ਼ੇਸ਼ ਸ਼ੌਕ ਵੀ ਹੈ ਅਤੇ ਦਖ਼ਲ ਵੀ। ਆਪ ਦੀ ਸ਼ਾਸਤ੍ਰੀ ਸੰਗੀਤ ਪ੍ਰਤੀ ਲਗਣ ਇਸ ਹੱਦ ਤੱਕ ਪੁਜ ਗਈ ਹੈ ਕਿ ਆਪ ਸ਼ਬਦਾਂ ਦੀਆਂ ਧੁਣਾਂ ਦੀ ਖ਼ੁਦ ਸਿਰਜਨਾ ਕਰਦੇ, ਵੱਖ ਵੱਖ ਰਾਗਾਂ ਵਿਚ ਪਰਚੱਲਤ ਤਾਲ ਤੇ ਮਾਤ੍ਰਾਵਾਂ ਤੋਂ ਅਲੱਗ ਹਟ ਕੇ ਘੱਟ ਜਾਂ ਵੱਧ ਮਾਤ੍ਰਾਵਾਂ ਵਿਚ ਧੁਣਾ ਬਣਾਉਂਦੇ ਹਨ। ਜਿਵੇਂ ਕਿ ਪਰਚੱਲਤ ਬਾਰਾਂ ਜਾਂ ਚੌਦਾਂ ਮਾਤ੍ਰਾ ਦੀ ਥਾਂ ਆਪ ਪੌਣੇ ਬਾਰਾਂ ਜਾਂ ਸਵਾ ਬਾਰਾਂ, ਪੌਣੇ ਚੌਦਾਂ ਅਥਵਾ ਸਵਾ ਚੌਦਾਂ ਮਾਤ੍ਰਾ ਵਿਚ ਧੁਣਾ ਦੀ ਸਿਰਜਨਾ ਕਰਕੇ ਤਾਲ ਮਿਲਾਉਂਦੇ, ਪਰਸਿੱਧ ਸੰਗੀਤਕਾਰਾਂ ਨੂੰ ਸੁਣਾਉਂਦੇ ਅਤੇ ਨਾਮਧਾਰੀ ਸੰਗੀਤ ਸ਼ਿਖਸ਼ਾਰਥੀਆਂ ਨੂੰ ਸਿਖਾਉਂਦੇ ਹਨ।

ਆਪ ਨੇ ਅਨੇਕਾਂ ਨਾਮਧਾਰੀ ਬੱਚਿਆਂ ਨੂੰ ਹਿੰਦੁਸਤਾਨ ਦੇ ਸਭ ਤੋਂ ਪ੍ਰਸਿਧ ਸੰਗੀਤ ਗੁਰੂਆਂ ਕੋਲੋਂ ਸੰਗੀਤ ਸ਼ਿਖਸ਼ਾ ਦਿਵਾਉਣ ਦੀ ਵਿਵਸਥਾ ਕੀਤੀ ਹੈ ਜਿਸ ਲਈ ਆਪ ਲੱਖਾਂ ਰੁਪਏ ਖ਼ਰਚ ਕਰਦੇ ਹਨ। ਇਹਨਾਂ ਸੰਗੀਤ ਗੁਰੂਆਂ ਵਿਚ ਹਨ,- ਉਸਤਾਦ ਵਲਾਇਤ ਖਾਂ-ਸਿਤਾਰ, ਉਸਤਾਦ ਅਮਜਦ ਅਲੀ ਖਾਂ-ਸਰੋਦ, ਪੰਡਿਤ ਰਾਮ ਨਾਰਾਇਨ- ਸਾਰੰਗੀ, ਪੰਡਿਤ ਸ਼ਿਵ ਕੁਮਾਰ ਸ਼ਰਮਾ-ਸੰਤੂਰ, ਉਸਤਾਦ ਬਿਸਮਿੱਲਾ ਖਾਂ-ਸ਼ਹਿਨਾਈ, ਪੰਡਿਤ ਕਿਸ਼ਨ ਮਹਾਰਾਜ-ਤਬਲਾ, ਪੰਡਿਤ ਬਿਰਜੂ ਮਹਾਰਾਜ-ਨਿਰਤ, ਸ੍ਰੀ ਹਰੀ ਪ੍ਰਸਾਦ ਚੌਰਸੀਆ-ਬਾਂਸੁਰੀ, ਉਸਤਾਦ ਪਿਆਰਾ ਸਿੰਘ-ਤਾਰ ਸ਼ਹਿਨਾਈ, ਪੰਡਿਤ ਰਾਜਨ ਮਿਸ਼੍ਰਾ ਸਾਜਨ ਮਿਸ਼੍ਰਾ ਤੇ ਉਸਤਾਦ ਮਹਿੰਦਰ ਸਿੰਘ-ਗਾਇਣ। ਇਹਨਾਂ ਸਭਨਾਂ ਸੰਗੀਤ ਗੁਰੂਆਂ ਕੋਲੋਂ ਸਤਿਗੁਰੂ ਜੀ ਵੱਲੋਂ ਭੇਜੇ ਕਿਸੇ ਨਾ ਕਿਸੇ ਬੱਚੇ ਨੇ ਸੰਗੀਤ ਸਿੱਖਿਆ ਹੈ ਤੇ ਇਹ ਸ਼ਿਖਸ਼ਾ ਲਗਾਤਾਰ ਚਲ ਰਹੀ ਹੈ। ਸ੍ਰੀ ਭੈਣੀ ਸਾਹਿਬ ਵਿਚ ਵੀ ਬੱਚਿਆਂ-ਬੱਚੀਆਂ ਨੂੰ ਸੰਗੀਤ ਸਿਖਾਇਆ ਜਾਂਦਾ ਹੈ। ਉਨ੍ਹਾਂ ਨੂੰ ਉਸਤਾਦ ਹਰਭਜਨ ਸਿੰਘ ਤੇ ਉਸਤਾਦ ਮਹਿੰਦਰ ਸਿੰਘ ਅੰਮ੍ਰਿਤਸਰ ਵਾਲੇ ਸੰਗੀਤ ਸ਼ਿਖਸ਼ਾ ਦੇਂਦੇ ਹਨ। ਇੰਜ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸਤ੍ਰੀ ਤੰਤ ਸਾਜ਼ ਸੰਗੀਤ ਤੇ ਕੰਠ ਸੰਗੀਤ ਵਾਲੇ ਕਈ ਗਰੁਪ ਤਿਆਰ ਕਰਵਾ ਦਿਤੇ ਹਨ ਜੋ ਗੁਰਬਾਣੀ ਦਾ ਕੀਰਤਨ ਵੀ ਕਰਦੇ ਹਨ ਤੇ ਵਾਦਯ ਯੰਤ੍ਰਾਂ ਰਾਹੀ ਆਪਣੀ ਕਲਾ ਦਾ ਪ੍ਰਦਰਸ਼ਨ ਵੀ। ਬਦੇਸ਼ਾਂ ਵਿਚ ਥਾਈਲੈਂਡ, ਇੰਗਲੈਂਡ, ਕੇਨੇਡਾ ਵਿਚ ਵੀ ਆਪ ਨੇ ਬੱਚਿਆਂ ਨੂੰ ਸੰਗੀਤ ਸਿਖਾਣ ਦੀ ਅਤੇ ਗੁਰਮਤ-ਸੰਗੀਤ ਦੇ ਗਾਉਣ ਦੀ ਵਿਵਸਥਾ ਕੀਤੀ ਹੈ।

• ਜਥੇਦਾਰਾਂ-ਪਰਚਾਰਕਾਂ ਦੀ ਤਿਆਰੀ

ਅੱਜ ਕਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਹੋਰ ਕਾਰਜ ਕ੍ਰਮ ਸ਼ੁਰੂ ਕੀਤਾ ਹੈ। ਉਹ ਕਾਰਜ ਕ੍ਰਮ ਹੈ ਨਾਮਧਾਰੀ ਜਥੇਦਾਰਾਂ ਤੇ ਪ੍ਰਚਾਰਕਾਂ ਨੂੰ ਸ਼ਿਖਸ਼ਿਤ ਕਰਨ ਦਾ। ਜਥੇਦਾਰ ਸਾਹਿਬਾਨ ਜਦੋਂ ਸਿਖ ਸੰਗਤ ਵਿਚ ਜਾਣ ਤਾਂ ਕੀ ਬੋਲਣ, ਕੀ ਸੁਣਾਨ ਅਤੇ ਕਿਵੇਂ ਸੁਣਾਨ। ਕੀਰਤਨ ਦੀਆਂ ਧਾਰਨਾਂ ਕਿਹੋ ਜਿਹੀਆਂ ਹੋਣ, ਉਨਾਂ ਨਾਲ ਗੁਰੂ ਬਾਣੀ ਦੇ ਪਰਮਾਣ ਕਿਵੇਂ ਦਿੱਤੇ ਜਾਣ ਜੋ ਸੰਗਤ ਨੂੰ ਗੁਰਮਤ ਨਾਲ ਜੋੜ ਸਕਣ, ਗੁਰਮਤ ਦੀ ਸਮਝ ਤੇ ਗੁਰਮੁਖੀ ਜੀਵਨ ਲਈ ਪ੍ਰੇਰਨਾ ਦਾਇਕ ਹੋ ਸਕਣ।

• ਖੇਡਾਂ

ਪਿਛਲੇ ਦੋ ਦਹਾਕਿਆਂ ਤੋਂ ਸਤਿਗੁਰੂ ਜੀ ਨਾਮਧਾਰੀ ਨੌਜਵਾਨਾਂ ਉਪਰ ਇਕ ਪ੍ਰਯੋਗ ਕਰ ਰਹੇ ਹਨ। ਉਨਾਂ ਨੂੰ ਖੇਡਣ ਦੀ ਪ੍ਰੇਰਨਾ ਦੇਣੀ, ਚੰਗੇ ਉਸਤਾਦ ਖਿਡਾਰੀਆਂ ਕੋਲੋਂ ਹਾਕੀ, ਬੈਡਮਿੰਟਨ ਤੇ ਕਬੱਡੀ ਆਦਿ ਦੀ ਸ਼ਿਖਸ਼ਾ ਦਿਵਾਉਣੀ। ਇਸ ਪਰਯੋਗ ਦੇ ਨਤੀਜੇ ਵਜੋਂ ਨਾਮਧਾਰੀ ਹਾਕੀ ਟੀਮ ਨੇ ਭਾਰਤ ਅਤੇ ਭਾਰਤ ਤੋਂ ਬਾਹਰ ਆਪਣੀ ਖੇਡ-ਕਲਾ ਦੇ ਜੌਹਰ ਵਿਖਾ ਕੇ ਨਾਮਨਾ ਖੱਟਿਆ ਹੈ।ਨਾਮਧਾਰੀ ਹਾਕੀ ਟੀਮ ਭਾਰਤ ਤੇ ਦੁਨੀਆਂ ਦੀ ਕਿਸੇ ਵੀ ਚੰਗੀ ਤੋਂ ਚੰਗੀ ਟੀਮ ਦੇ ਮੁਕਾਬਲੇ ਵਿਚ ਖੇਡਦੀ ਹੈ ਅਤੇ ਜਿੱਤਾਂ ਹਾਸਿਲ ਕਰਦੀ ਹੈ। ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਓਲੰਪਿਕ ਟੀਮ ਵਿਚ ਵੀ ਗਏ ਹਨ ਤੇ ਉਨ੍ਹਾਂ ਨੇ ਨਾਮ ਰੌਸ਼ਨ ਕੀਤਾ ਹੈ।

ਇਸ ਨਾਮਧਾਰੀ ਟੀਮ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਗੁਰਮੁਖੀ ਬਾਣੇ ਵਿਚ ਹੀ ਮੈਚ ਖੇਡਦੀ ਹੈ। ਸਿੱਧੀ ਦਸਤਾਰ, ਬੁਨਿਆਨ ਤੇ ਲੱਕ ਗੁਰਸਿੱਖਾਂ ਵਾਲੇ ਕਛਹਿਰੇ ਨਾਲ। ਪੂਰਨ ਸ਼ਾਕਾਹਾਰੀ ਤੇ ਗੁਰਮੁਖੀ ਸਫੇਦ ਬਾਣੇ ਵਾਲੀ ਇਹ ਟੀਮ ਜਦੋਂ ਮੈਦਾਨ ਵਿਚ ਉਤਰਦੀ ਹੈ ਤਾਂ ਇਸ ਦੀ ਦਿਖ ਸਭ ਟੀਮਾ ਨਾਲੋਂ ਨਿਆਰੀ ਹੁੰਦੀ ਹੈ।

Namdhari Elibrary NamdhariElibrary@gmail.com

• ਸਾਹਿਤ

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਮਤ ਸਾਹਿਤ ਵੱਲ ਉਚੇਚਾ ਧਿਆਨ ਦਿੱਤਾ ਹੈ। ਗੁਰਬਾਣੀ, ਗੁਰਮਤ, ਸਤਿਗੁਰੂ ਸਾਹਿਬਾਨ ਤੇ ਸੰਤਾਂ ਦੇ ਜੀਵਨ ਨਾਲ ਸੰਬੰਧਤ ਕਈ ਸਾਰੀਆਂ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਪੁਸਤਕਾਂ ਆਪ ਦੇ ਸਮੇ ਵਿਚ ਹੀ ਲਿਖੀਆਂ ਗਈਆਂ ਤੇ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪੁਜੀਆਂ ਹਨ। ਨਾਮਧਾਰੀ ਮਤ ਅਨੁਸਾਰ ਛਪਣ ਵਾਲੇ ਪੱਤਰਾਂ, ਜਿਵੇ ਮਾਸਿਕ 'ਵਰਿਆਮ', ਸਪਤਾਹਕ 'ਵਰਤਮਾਨ ਹਿੰਦੁਸਤਾਨ' ਆਦਿ ਦੀ ਆਪ ਸਹਾਇਤਾ ਕਰਦੇ ਹਨ। ਨਾਮਧਾਰੀ ਪੰਥ ਦੇ ਨਿਜੀ ਸਪਤਾਹਕ 'ਸਤਿਜੁਗ' ਨੂੰ ਆਪ ਨੇ ਦਿੱਲੀ ਤੋਂ ਪ੍ਰਕਾਸ਼ਿਤ ਕਰਵਾਣਾ ਸ਼ੁਰੂ ਕੀਤਾ ਹੈ।

ਵਿਸ਼ਵ ਪੰਜਾਬੀ ਕਾਨਫਰੰਸ ਦਾ ਤੀਸਰਾ ਸਮਾਗਮ ਜੋ ਕਿ ੧੯੮੩ ਵਿਚ ਬੈਂਕੌਕ ਥਾਈਲੈਂਡ ਵਿਖੇ ਹੋਇਆ ਸੀ ਅਤੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਚੌਥਾ ਸਮਾਗਮ ਜੋ ੧੯੯੩ ਨੂੰ ਨਵੀਂ ਦਿੱਲੀ ਵਿਖੇ ਸੰਪੰਨ ਹੋਇਆ- ਇਹ ਦੋਵੇਂ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪਰਸਤੀ ਹੇਠ ਹੀ ਹੋਏ। ਇਨ੍ਹਾਂ ਸਮਾਗਮਾ ਰਾਹੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅਰੰਭ ਕੀਤੇ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਦੀ ਉੱਨਤੀ ਵਾਲੇ ਕਾਰਜ ਨੂੰ ਅਗਾਂਹ ਵਧਾਉਣ ਦਾ ਕੰਮ ਕੀਤਾ ਹੈ। ਪੰਜਾਬੀ ਸਾਹਿਤ ਦੇ ਅਨੇਕਾਂ ਰਚਨਾਕਾਰਾਂ ਨੂੰ ਭਾਵੇਂ ਉਹ ਨਾਮਧਾਰੀ ਹਨ ਜਾਂ ਕਿਸੇ ਵੀ ਮੱਤ ਦੇ- ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ, ਪ੍ਰੇਰਨਾ ਤੇ ਸਹਾਇਤਾ ਹਾਸਿਲ ਰਹਿੰਦੀ ਹੈ। ਇਸ ਨਾਲ ਸਤਿਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਸਰਬ ਸਾਂਝੀ ਲੋਕ ਕਲਿਆਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਤੇ ਲੇਖਕ ਸੌੜੀ ਰਾਜਨੀਤੀ ਤੋਂ ਉਪਰ ਉਠਣ ਦੀ ਕੋਸ਼ਿਸ਼ ਕਰਦੇ ਹਨ।

• ਅਨੰਦ ਸ਼ਤਾਬਦੀ

ਸਤਿਗੁਰੂ ਰਾਮ ਸਿੰਘ ਜੀ ਨੇ ਸੰਨ ੧੮੬੩ ਵਿਚ ਜ਼ਿਲਾ ਫੀਰੋਜ਼ਪੁਰ ਦੇ ਪਿੰਡ ਖੋਟੇ ਵਿਚ ਇਕ ਬੁਨਿਆਦੀ ਸਮਾਜ ਸੁਧਾਰ ਦਾ ਅਰੰਭ ਕੀਤਾ ਸੀ। ਉਸ ਵੇਲੇ ਤਕ ਪੂਰੇ ਸਿੱਖ ਸਮਾਜ ਵਿਚ ਵਿਆਹ ਬ੍ਰਾਹਮਣ ਪੰਡਿਤ ਹੀ ਕਰਵਾਇਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰਸਿੱਖਾਂ ਨੂੰ ਉਸ ਰੀਤ ਦੇ ਔਖੇ ਸੰਸਕ੍ਰਿਤ ਮੰਤ੍ਰਾਂ ਤੋਂ ਅਤੇ ਪੰਡਿਤਾਂ ਦੀ ਸਮਾਜਿਕ ਤੇ ਧਾਰਮਕ ਰਹੁਰੀਤਾਂ ਵਿਚ ਅਜਾਰੇਦਾਰੀ ਅੱਗੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਸੀ। ਆਪ ਨੇ ਗੁਰਮਤ ਅਨੁਸਾਰ ਅਨੰਦ ਕਾਰਜ ਦੀ ਰੀਤ ਚਲਾਈ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਲਾਵਾਂ ਫੇਰਿਆਂ ਦੀ ਬਾਣੀ ਨਾਲ ਛੇ ਜੋੜਿਆਂ ਦੇ ਅਨੰਦ ਕਾਰਜ ਕੀਤੇ। ਵਿਆਹਾਂ ਦੀ ਇਸ ਅਨੰਦ ਕਾਰਜ ਰੂਪੀ ਨਵੀਂ ਰੀਤ ਨਾਲ ਬਹੁਤ ਖਰਚ-ਖੇਚਲ ਤੋਂ ਸਿੱਖਾਂ ਨੂੰ ਮੁਕਤੀ ਮਿਲੀ। ਇਸ ਰੀਤ ਅਨੁਸਾਰ ਅਨੰਦ ਕਾਰਜ ਪੜ੍ਹਵਾਉਣ ਦਾ ਕਾਰਜ ਕੋਈ ਵੀ ਪਾਠੀ ਸਿੱਖ ਕਰ ਸਕਣ ਦੇ ਯੋਗ ਬਣਾ ਦਿਤਾ ਗਿਆ। ਅਨੰਦ ਕਾਰਜ ਦੀ ਇਹ ਰੀਤ ਗੁਰਸਿੱਖਾਂ ਵਿਚ ਚਲਦੀ ਨੂੰ ਜਦੋਂ ਪੂਰੇ ਸੌ ਸਾਲ ਹੋ ਗਏ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਨ ੧੯੬੩ ਵਿਚ ਖੋਟੇ ਪਿੰਡ 'ਚ ਜਾ ਕੇ ਹੀ ਵਿਆਹਾਂ ਦੀ 'ਅਨੰਦ ਸ਼ਤਾਬਦੀ' ਮਣਾਈ। ਇਕ ਸੌ ਇਕਵੰਜਾ ਸਮੂਹਕ ਅਨੰਦ ਕਾਰਜ ਹੋਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਏਸੇ ਰੀਤ ਅਨੁਸਾਰ ਸਮੂਹਕ ਵਿਆਹਾਂ ਦੇ ਚਲਣ ਨੂੰ ਵੱਧ ਤੋਂ ਵੱਧ ਪਰਚੱਲਤ ਕੀਤਾ ਅਤੇ ਇਹ ਗੱਲ ਪੱਕੀ ਤਰ੍ਹਾਂ ਲਾਗੂ ਕਰ ਦਿੱਤੀ ਹੈ ਕਿ ਅਨੰਦ ਕਾਰਜ ਮੇਲਿਆਂ ਵਿਚ ਹੀ ਹੋਣ ਜਾਂ ਸੰਗਤ ਵਿਚ ਹੀ। ਕੋਈ ਜੰਵ-ਬਰਾਤ ਨਾ ਜਾਵੇ। ਕੋਈ ਵਿਆਹ-ਪਾਰਟੀ ਨਾ ਹੋਵੇ। ਨਾ ਕੋਈ ਦਾਜ ਲਵੇ ਨਾ ਕੋਈ ਦਾਜ ਦੇਵੇ। ਇੰਜ ਕਰਨ ਨਾਲ ਸਧਾਰਨ ਆਮਦਨ ਵਾਲੇ ਸਿੱਖ ਅਤੇ ਅਮੀਰ ਸਿੱਖ ਨੂੰ ਵਿਆਹ ਦੇ ਸਮਾਜਕ ਵਿਖਾਲੇ ਤੋਂ ਆਪ ਨੇ ਬਰਾਬਰੀ ਦਾ ਦਰਜਾ ਦੇ ਦਿੱਤਾ ਹੈ। ਜਿੰਨ੍ਹਾਂ ਕੋਲ ਬਹੁਤਾ ਧਨ ਹੈ ਓਹਨਾਂ ਨੂੰ ਹੰਕਾਰ ਭਰੇ ਵਿਖਾਵੇ ਤੋਂ ਬਚਾਉਂਦੇ ਹਨ, ਤੇ ਜਿੰਨ੍ਹਾਂ ਕੋਲ ਬਹੁਤਾ ਧਨ ਨਹੀਂ ਹੈ-ਉਨ੍ਹਾਂ ਨੂੰ ਛੋਟੇ ਹੋਣ ਦੇ ਅਹਿਸਾਸ ਤੋਂ ਬਚਾਇਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਸਿੱਖਾਂ ਨੂੰ ਇਸ ਜਾਤੀ ਭਾਵਨਾ ਤੋਂ ਵੀ ਵੱਧ ਤੋਂ ਮੁਕਤ ਕੀਤਾ ਹੈ ਜਿਸ ਅਨੁਸਾਰ ਰੋੜੇ-ਖੱਤਰੀ ਰੋੜੇ ਖੱਤਰੀ ਨਾਲ ਹੀ ਕੁੜਮਾਚਾਰੀ ਦੇ ਸਬੰਧ ਬਣਾਉਂਦੇ ਸਨ, ਜੱਟ ਜੱਟ ਘਰਾਣੇ ਨਾਲ, ਛੀਂਬੇ ਛੀਂਬਿਆਂ ਨਾਲ, ਰਾਮਗੜ੍ਹੀਏ ਰਾਮਗੜ੍ਹੀਆਂ ਨਾਲ, ਸੁਨਿਆਰੇ ਸੁਨਿਆਰਿਆਂ ਨਾਲ, ਘੁਮਿਆਰ ਘੁਮਿਆਰਾਂ ਨਾਲ ਤੇ ਬ੍ਰਾਹਮਣ ਬ੍ਰਾਹਮਣਾਂ ਨਾਲ। ਆਪ ਨੇ ਕਿਸੇ ਵੀ ਜਾਤ ਦੇ ਲੜਕੇ ਜਾਂ ਲੜਕੀ ਨੂੰ ਕਿਸੇ ਵੀ ਹੋਰ ਜਾਤ ਦੀ ਲੜਕੀ ਜਾਂ ਲੜਕੇ ਨਾਲ ਵਿਆਹ ਦੇਣ ਦਾ ਵੱਧ ਤੋਂ ਵੱਧ ਸਿਲਸਿਲਾ ਚਲਾ ਦਿੱਤਾ ਹੈ।

ਇੰਜ ਆਪ ਨੇ ਸਮਾਜ ਦੀ ਸਭ ਤੋਂ ਵੱਧ ਜ਼ਰੂਰੀ ਰਸਮ ਅਤੇ ਲੋੜ ਨੂੰ ਅਤਿ ਸੌਖਿਆਂ ਕਰ ਕੇ ਸਮਾਜ ਵਿਚ ਸੁਧਾਰ ਦਾ ਇਕ ਵਡਾ ਕਾਰਜ ਕੀਤਾ ਹੈ। ਅਜ ਕਲ੍ਹ ਆਪ ਦੀ ਹਜ਼ੂਰੀ ਵਿਚ ਹੋਣ ਵਾਲੇ ਮੇਲਿਆਂ ਅੰਦਰ ਵੀਹ, ਤੀਹ ਜਾਂ ਪੰਜਾਹ ਸੱਠ ਵਿਆਹ ਸਮੂਹਕ ਰੂਪ ਵਿਚ ਹੁੰਦੇ ਆਮ ਵੇਖੇ ਜਾ ਸਕਦੇ ਹਨ ਤੇ ਇਹ ਵਿਆਹ ਕੁੜੀ-ਮੁੰਡੇ ਵਾਲੀਆਂ ਦੋਹਾਂ ਧਿਰਾਂ ਦੇ ਇਸ ਇਕਰਾਰ ਨਾਲ ਹੁੰਦੇ ਹਨ ਕਿ ਉਹ ਕੋਈ ਦਾਜ ਨਹੀਂ ਲੈਣ-ਦੇਣਗੇ, ਘਰ ਜਾ ਕੇ ਵਿਆਹ ਪਾਰਟੀ ਨਹੀਂ ਕਰਨਗੇ, ਤੇ ਬਾਰਾਤ ਵਰਗੀ ਕੋਈ ਰਸਮ ਨਹੀਂ ਕਰਨਗੇ। ਕਈ ਮਾਪਿਆਂ ਵਿਚ ਅਜੇ ਵੀ ਦਾਜ ਦਹੇਜ਼ ਤੇ ਜੰਞ ਪਾਰਟੀਆਂ ਦੇ ਸੰਸਕਾਰ, ਗੈਰ ਨਾਮਧਾਰੀਆਂ ਨੂੰ ਵੇਖ ਕੇ ਜਾਗ ਪੈਂਦੇ ਹਨ। ਇਸ ਅਮੋੜ ਮਨੋਬਿਰਤੀ ਨੂੰ ਧਿਆਨ ਵਿਚ ਰੱਖ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਧਿਆਂ ਵਰ-ਕੰਨਿਆਂ ਨੂੰ ਇਸ ਗੱਲ ਲਈ ਸ਼ਿਖ਼ਸ਼ਿਤ ਤੇ ਉਤਸਾਹਤ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਜੰਞ-ਪਾਰਟੀ, ਦਾਜ ਆਦਿ ਤੋਂ ਬਚਣ। ਨੌਜਵਾਨ ਲੜਕੇ-ਲੜਕੀਆਂ ਦੇ ਮਨ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਹ ਪਿਆਰ ਭਰੀ ਸ਼ਿਖ਼ਸ਼ਾ ਅਪੀਲ ਕਰ ਰਹੀ ਹੈ ਤੇ ਉਹ ਆਪਣੇ ਮਾਪਿਆਂ ਨੂੰ ਮਜਬੂਰ ਕਰਦੇ ਵੇਖੇ ਜਾ ਰਹੇ ਨੇ ਕਿ ਇਹੋ ਜਿਹੀਆਂ ਰਸਮਾ ਨਾ ਕੀਤੀਆਂ ਜਾਣ।

ਸਤਿਗੁਰੂ ਜਗਜੀਤ ਸਿੰਘ ਜੀ ਵਿਆਹਾਂ ਦੀਆਂ ਖਰਚੀਲੀਆਂ ਰਸਮਾਂ ਤੋਂ ਸਮਾਜ ਨੂੰ ਮੁਕਤ ਕਰਨ ਦੇ ਨਾਲ ਨਾਲ ਹੀ ਇਹ ਉਪਦੇਸ਼ ਵੀ ਦ੍ਰਿੜ੍ਹਾਉਂਦੇ ਹਨ ਕਿ ਜਨਮ ਦਿਨਾਂ ਦੀਆਂ ਪਾਰਟੀਆਂ ਵੀ ਨਾ ਕੀਤੀਆਂ ਜਾਣ। ਦੂਜੇ ਲੋਕਾਂ ਵਿਚ ਇਹੋ ਜਿਹੀਆਂ ਪਾਰਟੀਆਂ ਦਾ ਰਿਵਾਜ ਦਿਨੋ ਦਿਨ ਵਧਦਾ ਜਾਂਦਾ ਹੈ-ਜਿਸ ਨੂੰ ਵੇਖ ਕੇ ਕਈ ਨਾਮਧਾਰੀ ਪਰਵਾਰਾਂ ਦਾ ਵੀ ਜੀ ਕਰ ਆਉਂਦਾ ਹੈ ਕਿ ਉਹ ਵੀ ਇਹ ਵਿਖਾਲੇ ਕਰਨ। ਇਸ ਨਾਲ ਧਨ ਦਾ ਬਹੁਤ ਉਜਾੜਾ ਵੀ ਹੁੰਦਾ ਹੈ ਤੇ ਰਿਸ਼ਤੇਦਾਰਾਂ ਮਿਤਰਾਂ ਨੂੰ ਚੋਖੀ ਸਾਰੀ ਖੇਚਲ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸਤਿਗੁਰੂ ਜੀ ਦੀ ਕੋਸ਼ਿਸ਼ ਹੈ ਕਿ ਸਿੱਖ ਸਮਾਜ ਇਸ ਖਰਚ-ਖੇਚਲ ਤੇ ਅਹੰਕਾਰ ਦੇ ਵਿਖਾਵੇ ਤੋਂ ਬਚ ਕੇ ਸਿੱਧਾ ਸਾਦਾ ਜੀਵਨ ਜੀਵੇ।

Namdhari Elibrary NamdhariElibrary@gmail.com

• ਨਸ਼ਿਆਂ ਦਾ ਸੇਵਨ

ਸਤਿਗੁਰੂ ਜਗਜੀਤ ਸਿੰਘ ਜੀ ਸਮਾਜ ਨੂੰ ਕਿਸੇ ਵੀ ਤਰ੍ਹਾਂ ਦੇ ਨਸ਼ੇ ਤੋਂ ਮੁਕਤ ਰੱਖਣ ਲਈ ਆਪਣਾ ਪੂਰਾ ਜਤਨ ਕਰਦੇ ਹਨ। ਚਾਹ, ਕਾਫੀ, ਭੰਗ, ਅਫੀਮ ਅਤੇ ਖਾਸ ਕਰਕੇ ਸ਼ਰਾਬ ਤੋਂ ਦੂਰ ਰਹਿਣ ਲਈ ਆਪ ਹਰ ਸਿੱਖ ਨੂੰ ਪ੍ਰੇਰਦੇ ਹਨ। ਸ਼ਰਾਬ ਦੇ ਨਸ਼ੇ ਤੋਂ ਤਾਂ ਆਪ ਏਨੀ ਸਖ਼ਤੀ ਨਾਲ ਵਰਜਦੇ ਹਨ ਕਿ ਸ਼ਰਾਬ ਪੀਣ ਵਾਲੇ ਨੂੰ ਆਪ ਨਾਮਧਾਰੀ ਸਮਾਜ ਦਾ ਅੰਗ ਮੰਨਣ ਤੋਂ ਇਨਕਾਰ ਕਰਦੇ ਹਨ।

• ਸਿੱਖੀ ਸਰੂਪ

ਗੁਰਸਿੱਖ ਦੇ ਸਰੂਪ ਬਾਰੇ ਆਪ ਦੀ ਹਮੇਸ਼ਾਂ ਇਹ ਕੋਸ਼ਿਸ਼ ਰਹਿੰਦੀ ਹੈ ਕਿ ਉਹ ਸਾਬਤ ਸੂਰਤ ਹੋਵੇ। ਰੋਮਾਂ ਨੂੰ ਕੱਟ ਕੇ ਉਨ੍ਹਾਂ ਦਾ ਨਿਰਾਦਰ ਨਾ ਕਰੇ। ਦਾਹੜਾ ਖੁਲ੍ਹਾ ਰੱਖੇ ਤੇ ਕੇਸਾਂ ਨੂੰ ਰੰਗੇ ਵੀ ਨਾ। ਕੱਛ, ਕੜਾ, ਕੇਸ, ਕਿਰਪਾਨ ਤੇ ਕੰਘੇ ਦਾ ਧਾਰਨੀ ਹੋਵੇ। ਗੁਰਮੁਖੀ ਪਹਿਰਾਵੇ ਸਿੱਧੀ ਗੁਰਮੁਖੀ ਦਸਤਾਰ, ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਜਾਮਾ, ਗੁਰਸਿੱਖਾਂ ਵਾਲਾ ਰੇਬ ਕਛਹਿਰਾ, ਜਿਸਦਾ ਇਕ ਪਹੁੰਚਾ ਰੱਖ ਕੇ ਦੂਜਾ ਪਹੁੰਚਾ ਪਾਉਂਦਾ, ਸੁੱਚ ਸੋਧ ਸੰਜਮ ਵਾਲਾ ਸਿੱਖ ਆਪ ਨੂੰ ਭਾਉਂਦਾ ਹੈ। ਪੋਟ, ਨੋਕਦਾਰ ਦਸਤਾਰ, ਕਮੀਜ਼, ਬੁਸ਼ਰਟ ਆਦਿ ਨੂੰ ਆਪ ਸਿੱਖੀ ਮਰਯਾਦਾ ਤੋਂ ਵਿਰੁੱਧ ਮੰਨਦੇ ਹਨ। ਏਸੇ ਤਰ੍ਹਾਂ ਇਸਤ੍ਰੀਆਂ ਲਈ ਵੀ ਕਲੀਆਂ ਵਾਲਾ ਕੁੜਤਾ, ਤੇ ਚੂੜੀਦਾਰ ਸੁੱਥਣ, ਪੂਰੇ ਸਿਰ ਨੂੰ ਢਕਦੇ ਸਿਰ ਦੇ ਲੀੜੇ ਵਾਲੀਆਂ ਇਸਤ੍ਰੀਆਂ ਨੂੰ ਆਪ ਗੁਰਸਿੱਖੀ ਦੀ ਮਰਯਾਦਾ ਵਾਲੀਆਂ ਇਸਤ੍ਰੀਆਂ ਮੰਨਦੇ ਹਨ। ਸੁਰਖੀ ਪਾਊਡਰ, ਤੇ ਗਹਿਣਿਆਂ ਨਾਲ ਸ਼ਿੰਗਾਰੀਆਂ ਇਸਤ੍ਰੀਆਂ ਨੂੰ ਆਪ ਗੁਰਸਿੱਖੀ ਦੇ ਅਨੁਕੂਲ ਨਹੀ ਮੰਨਦੇ।

• ਆਦਰਸ਼ ਸਿੱਖ

ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਹੈ ਕਿ ਸਿੱਖ ਸਮਾਜ ਦਾ ਹਰੇਕ ਇਸਤ੍ਰੀ-ਪੁਰਸ਼ ਨਿਤਨੇਮ ਨਾਲ ਘੱਟੋ ਘਟ ਇਕ ਘੰਟਾ ਰੋਜ਼ ਨਾਮ ਜ਼ਰੂਰ ਜਪੇ। ਪੰਜਾਂ ਬਾਣੀਆਂ ਦਾ ਪਾਠ ਜ਼ਰੂਰ ਕਰੇ, ਹਰ ਪਰਵਾਰ ਮਹੀਨੇ ਵਿਚ ਇਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਜ਼ਰੂਰ ਕਰੇ। ਗੁਰਬਾਣੀ ਦਾ ਅਦਬ ਕਰੇ, ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਲਿਆਉਣ ਤੇ ਲਿਜਾਣ ਵੇਲੇ ਸਤਿਕਾਰ ਨਾਲ ਉਠ ਕੇ ਖਲੋਵੇ। ਏਸੇ ਤਰ੍ਹਾਂ ਕੜਾਹ ਪ੍ਰਸਾਦ ਦੇ ਲਿਆਂਦੇ ਜਾਣ ਸਮੇ ਵੀ ਸਤਿਕਾਰ ਨਾਲ ਉਠ ਕੇ ਖਲੋਂਵੇ। ਸਤਿਗੁਰੂ ਨਾਨਕ ਪਰੰਪਰਾ ਦੀ ਸਤਿਗੁਰੂ ਪੀੜ੍ਹੀ ਵਿਚ ਵਿਸ਼ਵਾਸ ਰੱਖੇ। ਆਪਣੇ ਮਤ ਤੇ ਧਰਮ ਵਿਚ ਦ੍ਰਿੜ੍ਹ ਰਹਿੰਦਾ ਹੋਇਆ ਦੂਜੇ ਮਤਾਂ ਤੇ ਧਰਮਾਂ ਦੇ ਪ੍ਰਤੀ ਪੂਰਾ ਆਦਰ ਭਾਵ ਰੱਖੇ। ਕਿਸੇ ਨੂੰ ਮਾੜਾ ਨਾ ਆਖੇ ਤੇ ਆਪਣੇ ਆਪ ਨੂੰ ਚੰਗਾ ਨਾ ਸਮਝੇ। ਅੰਮ੍ਰਿਤ ਵੇਲੇ ਉਠ ਕੇ ਸਣਕੇਸੀ ਇਸ਼ਨਾਨ ਕਰਕੇ ਭਜਨ ਕਰਦਾ, ਬਾਣੀ ਪੜ੍ਹਦਾ, ਅਰਦਾਸ ਕਰਦਾ, ਨਿਰਹੰਕਾਰ, ਜੀਵ ਮਾਤ੍ਰ ਦਾ ਭਲਾ ਲੋੜਦਾ, ਲੋੜਵੰਦਾਂ ਤੇ ਮਾੜਿਆਂ ਦੀ ਸਹਾਇਤਾ ਕਰਦਾ ਸੇਵਾ ਵਿਚ ਲੀਣ ਅਹਿੰਸਕ ਸਿੱਖ ਹੀ ਆਪਦੀ ਪਸੰਦ ਦਾ ਗੁਰਸਿੱਖ ਹੈ।

ਆਪਣੇ ਹੱਕ ਦਾ ਕੁਝ ਦਾਨ ਕਰਨ ਵਾਲਾ ਅਤੇ ਦੂਸਰੇ ਦੇ ਹੱਕਾਂ ਦੀ ਰਾਖੀ ਕਰਨ ਵਾਲਾ ਵਿਅਕਤੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਾਉਂਦਾ ਹੈ। ■

ਕੇਸਾਂ ਦੇ ਸਤਿਕਾਰ ਦੀ ਅਦੁਤੀ ਮਿਸਾਲ

ਨਾਮਧਾਰੀ ਵਰਗ ਦੇ ਪਰਮੁਖ ਬਾਬਾ ਜਗਜੀਤ ਸਿੰਘ ਜੀ ਦਾ ੧੬ ਜੁਲਾਈ ੧੯੯੧ ਨੂੰ ਆਸਟਰੇਲੀਆ ਦੇਸ਼ ਦੇ ਐਡਲੇਡ ਸ਼ਹਿਰ ਵਿਚ ਬਾਈ ਪਾਸ ਸਰਜਰੀ ਦਾ ਓਪਰੇਸ਼ਨ ਹੋਇਆ ਜਿਸ ਬਾਰੇ ਕਈ ਮਹੱਤਵਪੂਰਨ ਤੱਥ ਆਸਟਰੇਲੀਆ ਤੇ ਭਾਰਤ ਦੀਆਂ ਉਘੀਆਂ ਅਖਬਾਰਾਂ ਵਿਚ ਛਪੇ ਜਿਨਾਂ ਦਾ ਅੰਸ਼ਕ ਜ਼ਿਕਰ ਕਰਨਾ ਇਥੇ ਬੇਲੋੜਾ ਨਹੀਂ ਹੋਵੇਗਾ। ੭੧ ਸਾਲਾ ਬਾਬਾ ਜੀ ਨੂੰ ਹਿਰਦੇ ਰੋਗ ਕਾਰਨ ਓਪਰੇਸ਼ਨ ਕਰਵਾਣ ਦੀ ਡਾਕਟਰਾਂ ਨੇ ਸਲਾਹ ਦਿਤੀ ਅਤੇ ਬਾਬਾ ਜੀ ਕੁਝ ਸ਼ਰਤਾਂ ਤੇ ਇਹ ਓਪਰੇਸ਼ਨ ਕਰਵਾਣ ਲਈ ਸਹਿਮਤ ਹੋ ਗਏ ਜਿਨਾਂ ਵਿਚੋਂ ਪਰਮੁਖ ਇਹ ਸੀ ਕਿ ਉਹ ਚੀਰ ਫਾੜ ਸਮੇਂ ਆਪਣੀ ਛਾਤੀ ਦੇ ਰੋਮਾਂ ਨੂੰ ਕਦਾਚਿਤ ਨਹੀਂ ਕਟਵਾਉਣਗੇ ਅਤੇ ਓਪਰੇਸ਼ਨ ਸਮੇਂ ਉਨ੍ਹਾਂ ਦੀ ਦਸਤਾਰ ਹਰ ਹਾਲਤ ਵਿਚ ਉਨ੍ਹਾਂ ਦੇ ਕੇਸਾਂ ਨੂੰ ਢਕੀ ਰਖਣ ਲਈ ਸਿਰ ਤੇ ਬਝੀ ਰਹੇਗੀ। ਕੁਝ ਹੋਰ ਸ਼ਰਤਾਂ ਵੀ ਬੜੀਆਂ ਕਠਨ ਸਨ ਜਿਵੇਂ ਉਨ੍ਹਾਂ ਨੂੰ ਖ਼ੂਨ ਨਹੀਂ ਚੜ੍ਹਾਇਆ ਜਾਵੇਗਾ ਅਤੇ ਉਨ੍ਹਾਂ ਦਾ ਕਛਹਿਰਾ ਨਹੀਂ ਉਤਾਰਿਆ ਜਾਵੇਗਾ। ਓਪਰੇਸ਼ਨ ਸਮੇਂ ਉਨ੍ਹਾਂ ਨੂੰ ਸ਼ਰਾਬ-ਵਰਗਾ ਨਸ਼ਾ ਪੈਦਾ ਕਰਨ ਵਾਲੀ ਅਲ ਕੋਹਲ ਦਵਾਈ ਨਹੀ ਦਿਤੀ ਜਾਵੇਗੀ ਤੇ ਨਾ ਹੀ ਉਨਾਂ ਦੇ ਜ਼ਖਮਾਂ ਤੇ ਲਗਾਈ ਜਾਵੇਗੀ ਇਨ੍ਹਾਂ ਸ਼ਖਤ ਸ਼ਰਤਾਂ ਦੀ ਹਦਬੰਦੀ ਵਿਚ ਰਹਿੰਦਿਆਂ ਹੋਇਆਂ ਓਪਰੇਸ਼ਨ ਕਰਨ ਲਈ ਕਈ ਦੇਸ਼ਾਂ ਦੇ ਉਘੇ ਸਰਜਨਾਂ ਨਾਲ ਸੰਪਰਕ ਸਥਾਪਤ ਕੀਤਾ ਗਿਆ। ਭਾਰਤ ਸਮੇਤ ਸਾਰੇ ਨਾਮਵਰ ਸਰਜਨਾਂ ਨੇ ਦਸੀਆਂ ਸ਼ਰਤਾਂ ਤੇ ਓਪਰੇਸ਼ਨ ਕਰਨ ਤੇ ਅਸਮਰਥਾ ਪਰਗਟਾਈ ਇਤਨੇ ਵਿਚ ਅਸਟਰੇਲੀਆ ਦੇ ਰਾਇਲ ਐਡਲੇਡ ਹਸਪਤਾਲ ਦੇ ਸਰਜਨ ਡਾ. ਰਾਸ ਨੇ ਇਨ੍ਹਾਂ ਸ਼ਰਤਾਂ ਦੀ ਇੰਨ ਬਿੰਨ ਪਾਲਣਾ ਕਰਕੇ ਓਪਰੇਸ਼ਨ ਕਰਨ ਲਈ ਆਪਣੀ ਸਹਿਮਤੀ ਪ੍ਰਗਟ ਕਰ ਦਿਤੀ. ੧੬ ਜੁਲਾਈ ਨੂੰ ਓਪਰੇਸ਼ਨ ਹੋਇਆ ਜੋ ਕਿ ਸਫਲ ਹੋਇਆ। ਆਸਟਰੇਲੀਆਈ ਅਖਬਾਰਾਂ ਟੈਲੀਗਰਾਫ ਮਿਰਰ ਅਤੇ ਦੀ ਨਿਊਜ਼ ਅਨੁਸਾਰ ਦੁਨੀਆਂ ਦੇ ਬਹੁਤ ਸਾਰੇ ਨਾਮਾਨਗਾਰਾਂ ਨੇ ਬਾਬਾ ਜਗਜੀਤ ਸਿੰਘ ਜੀ ਤੋਂ ਪੁਛਿਆ ਕਿ ਇਨ੍ਹਾਂ ਸ਼ਰਤਾਂ ਕਾਰਨ ਉਨ੍ਹਾਂ ਦੇ ਬਚਣ ਦੇ ਚਾਂਸਿਜ਼ ਬਹੁਤ ਘਟ ਗਏ ਸਨ, ਕੀ ਉਨ੍ਹਾਂ ਨੂੰ ਇਸ ਗਲ ਨਾਲ ਕੋਈ ਪਰੇਸ਼ਾਨੀ ਨਹੀਂ ਹੋਈ। ਤਾਂ ਉਨ੍ਹਾਂ ਉਤਰ ਦਿਤਾ ਕਿ ਗੁਰੂ ਦੇ ਸਿਖ ਨੂੰ ਆਪਣੀ ਜਾਨ ਨਾਲੋਂ ਅਸੂਲ ਵਧੇਰੇ ਪਿਆਰੇ ਹੁੰਦੇ ਹਨ ਰੋਮਾਂ ਦੀ ਬੇਅਦਬੀ ਨਾ ਹੋਣ ਦੇਣ ਕਾਰਨ ਇਤਨੀ ਵਡੀ ਹਸਤੀ ਵਲੋਂ ਆਪਣੀ ਜਾਨ ਖਤਰੇ ਵਿਚ ਪਾ ਲੈਣਾ ਇਕ ਲਾਮਿਸਾਲੀ ਕਰਮ ਹੈ ਜੋ ਅਜੋਕੇ ਸਮੇਂ ਵਿਚ ਰੋਮਾਂ ਦੇ ਸਤਿਕਾਰ ਦੀ ਅਦੁਤੀ ਮਿਸਾਲ ਵਜੋਂ ਇਤਿਹਾਸ ਦੇ ਪੰਨਿਆਂ ਵਿਚ ਅੰਕਤ ਹੋਇਆ ਹੈ ਤੇ ਜਿਸ ਨੇ ਕੇਸਾਂ ਦੇ ਸਤਿਕਾਰ ਲਈ ਵੱਡੀ ਸ਼ਰਧਾ ਉਜਾਗਰ ਕੀਤੀ ਹੈ।

"ਕੇਸ ਪਰਸੰਗ"

-ਸਰੂਪ ਸਿੰਘ ਅਲੱਗ,

ਪਟਿਆਲਾ

Namdhari Elibrary NamdhariElibrary@gmail.com



■ ਤਾਰਾ ਸਿੰਘ ਅਨਜਾਣ

ਯੂਨੀਅਨ ਜੈਕ ਤੋਂ ਤਿਰੰਗੇ ਤੱਕ

ਭਾਰਤ ਵਿੱਚ ਅੰਗਰੇਜ਼ ਦਾ ਮੁਕਾਬਲਾ ਕਰਨ ਵਾਲੇ ਭਾਰਤੀ ਸਾਸਕ ਕੰਮਜ਼ੋਰ ਹੋ ਰਹੇ ਸਨ। ਔਰੰਗਜ਼ੇਬ ਦੀਆਂ ਸੰਕੀਰਨ ਨੀਤੀਆਂ ਤੇ ਉਸਦੇ ਉਤਰਾ-ਧਿਕਾਰੀਆਂ ਦੇ ਅਯੋਗ, ਅਸਮਰਥ, ਵਿਲਾਸੀ ਤੇ ਰੰਗਰਲੀਆਂ ਮਨਾਉਣ ਵਾਲੇ ਹੋਣ ਕਰਕੇ ਹੀ ਉਹਨਾਂ ਦਾ ਸਾਮਰਾਜ ਡੋਲ ਰਿਹਾ ਸੀ। ਦੱਖਣ ਪਛਮ ਵਲੋਂ ਮਰਾਠੇ ਆਪਣੇ ਆਪ ਨੂੰ ਮੁਗਲਾਂ ਦੇ ਉਤਰਾ ਧਿਕਾਰੀ ਸਮਝਣ ਲਗੇ। ਉੱਤਰ ਵਿਚ ਅਫਗਾਨਿਸਤਾਨ ਵਲੋਂ ਅਹਿਮਦਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਦੇ ਹਮਲੇ ਪੰਜਾਬ ਨੂੰ ਵਾਰ ਵਾਰ ਪੈਰਾਂ ਹੇਠ ਲਤਾੜਨ ਲੱਗੇ, ਏਥੇ ਦੀ ਇਜ਼ਤ ਮਿੱਟੀ ਵਿਚ ਰੋਲਣ ਲੱਗੇ ਤੇ ਧਨ ਪਦਾਰਥ ਲੁੱਟ ਕੇ ਲੈ ਜਾਣ ਲੱਗੇ। ਉਹਨਾਂ ਨੂੰ ਸਿੱਖ ਸ਼ਕਤੀ ਨੇ ਠੱਲ, ਪਾਈ ਸੀ। ਰਾਜਪੂਤ ਵੀ ਆਪਣੀ ਸ਼ਕਤੀ ਜਮਾਉਣ ਲੱਗੇ।

ਸਦੀਆਂ ਤੋਂ ਭਾਰਤ ਦੇ ਉੱਤਰ-ਪੱਛਮ ਵਲੋਂ ਤਲਵਾਰ ਦੇ ਜ਼ੋਰ ਨਾਲ ਸਰਕਾਰ ਬਣਾਉਣ ਵਾਲੇ ਹਮਲਾਵਰ ਆਉਂਦੇ ਰਹੇ। ਪਰ ਸੋਲਵੀਂ ਸਦੀ ਤੋ ਵਪਾਰ ਤੇ, ਧਰਮ ਪ੍ਰਚਾਰ ਨਾਲ ਸਰਕਾਰ ਚਲਾਉਣ ਵਾਲੇ ਸ਼ਾਤਰ ਹਾਕਮ, ਦੱਖਣ-ਪੂਰਬ ਵਲੋਂ ਭਾਰਤ ਉਪ ਮਹਾਂਦੀਪ ਵਿਚ ਆਏ।

ਪੁਰਤਗਾਲੀ, ਅਰਬਾਂ ਨੂੰ ਹਰਾ ਕੇ ੧੫੦੫ ਈ. ਵਿੱਚ ਕਾਲੀਕਟ ਰਾਹੀਂ ਭਾਰਤ ਵਿਚ ਪੈਰ ਪਸਾਰਨ ਲੱਗੇ। ਉਹਨਾਂ ਗੋਆ ਦਮਨ ਤੇ ਦਿਓ ਨੂੰ ਜਿੱਤ ਕੇ ਵਪਾਰੀ ਕੋਠੀਆਂ ਪਾ ਕੇ ਬੰਬਈ ਤੇ ਲੰਕਾ ਤੱਕ ਆਪਣੇ ਝੰਡੇ ਝੁਲਾਏ। ਮੁਗਲ ਸ਼ਾਸਕ ਵੀ ਉਹਨਾਂ ਵਿਰੁਧ ਕਾਮਯਾਬ ਨਾਂ ਹੋਏ। ਫਿਰ ਵੀ ਸਮਾ ਪਾ ਕੇ ਉਹਨਾਂ ਦੀ ਗ਼ੈਰ-ਇਸਾਈਆਂ ਉਤੇ ਜ਼ੁਲਮ ਕਰਨ ਦੀ ਨੀਤੀ ਨੇ, ਦੁਸ਼ਮਨਾਂ ਦੇ ਨੱਕ, ਕੰਨ ਕੱਟਣ ਤੇ ਜਿੰਦਾ ਜਲਾਉਣ ਤੇ ਬੇਰਹਿਮੀ ਭਰਿਆ ਸਲੂਕ ਕਰਨ ਨੇ ਅਤੇ ਯੂਰਪ ਵਿਚ ਉਹਨਾਂ ਦਾ ਪਾਸਾ ਪਲਟ ਜਾਣ ਨੇ, ਸਪੇਨ ਪੁਰਤਗਾਲ ਉੱਤੇ ਕਬਜ਼ੇ ਨੇ, ਏਥੇ ਵੀ ਉਹਨਾਂ ਦੇ ਪੈਰ ਉਖਾੜ ਦਿੱਤੇ।

ਪੁਰਤਗਾਲੀਆਂ ਤੋ ਸੌ ਕੁ ਸਾਲ ਬਾਅਦ ਡੱਚਾਂ ਨੇ ਹਿੰਦ ਮਹਾਂਸਾਗਰ ਦੇ ਪਾਣੀ ਨੂੰ ਪਾਰ ਕੀਤਾ। ਉਹਨਾਂ ੧੬੦੪ ਈ. ਵਿਚ ਕਾਲੀਕਟ ਦੇ ਜਮੋਰਿਨ ਨਾਲ ਸਮਝੌਤਾ ਕਰਕੇ, ਪੁਰਤਗਾਲੀਆਂ ਨੂੰ ਮਾਲਾਬਾਰ ਤੋਂ ਅਗਾਂਹ ਧੱਕ ਦਿੱਤਾ। ਉਹਨਾਂ ਨਿਜ਼ਾਮ ਪਟਮ ਅਤੇ ਮਛਲੀ ਪੱਟਮ ਵਿਚ ਵਪਾਰੀ ਕੋਠੀਆਂ ਬਣਾ ਲਈਆਂ। ਏਥੇ ਹੀ ਬੱਸ ਨਹੀਂ ਉਹ ਸੂਰਤ, ਅਹਿਮਦਾਬਾਦ, ਆਗਰਾ, ਪਟਨਾ, ਬਾਲਾਸੋਰ ਆਦਿ ਥਾਵਾਂ ਉੱਤੇ ਵੀ ਆਪਣੀਆਂ ਵਪਾਰਕ ਕੋਠੀਆਂ ਪਾਉਣ ਵਿੱਚ ਕਾਮਯਾਬ ਹੋਏ। ਉਹਨਾਂ ਨੇ ਸੂਰਤ ਤੋਂ ਨੀਲ ਅਤੇ ਬੰਗਾਲ, ਬਿਹਾਰ, ਉੜੀਸਾ ਤੋਂ ਸੂਤੀ ਕੱਪੜੇ ਕੱਚੇ ਰੇਸ਼ਮ, ਅਫੀਮ, ਚਾਵਲ ਤੇ, ਸ਼ੋਰਾ ਆਦਿ ਵਿਦੇਸ਼ੀ ਬਜ਼ਾਰ ਵਿਚ ਲੈ ਜਾਣਾ ਸ਼ੁਰੂ ਕੀਤਾ। ਉਹਨਾਂ ਆਪਣੇ ਬਚਾਅ ਲਈ ਕਿਲੇ ਬਣਾਉਣੇ ਸ਼ੁਰੂ ਕੀਤੇ। ਪਰ ਉਹਨਾਂ ਦੇ ਵੀ ਪੈਰ ਲੜਖੜਾ ਗਏ। ੧੭੮੧ ਦੇ ਐਂਗਲੋ-ਡੱਚ ਯੁਧ ਪਿਛੋਂ ਉਹ ਅੰਗਰੇਜ਼ਾਂ ਸਾਹਮਣੇ ਟਿਕ ਨਾ ਸੱਕੇ।

੧੬੦੦ ਈ. ਵਿਚ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਵਿਸ਼ਵ ਦੀ ਬਹੁਤ ਵੱਡੀ ਇਤਿਹਾਸਕ ਘਟਨਾ ਸੀ। ੧੬੦੮ ਵਿੱਚ ਪਹਿਲਾ ਅੰਗਰੇਜ਼ੀ ਸਮੁੰਦਰੀ ਜਹਾਜ਼ ਜਿਸ ਦਾ ਕੈਪਟਨ ਹਾਕਿਨਜ਼ ਸੀ, ਸੂਰਤ ਦੀ ਬੰਦਰਗਾਹ ਉੱਤੇ ਲਗਾ। ਮੁਗਲ ਸਮਰਾਟ ਜਹਾਂਗੀਰ ਨੇ ਉਹਨਾਂ ਨੂੰ ਕੋਠੀ ਬਣਾਉਣ ਤੇ ਵਾਪਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਸੀ। ਉਹਨਾਂ ਵਲ ਮੁਗਲ ਦਰਬਾਰ ਵਿੱਚ ਸਰ ਟਾਮਸ ਰੋ ਨੂੰ ਬਾਦਸ਼ਾਹ ਦੀ ਇਜਾਜ਼ਤ ਨਾਲ ਦੂਤ ਬਣਾ ਕੇ ਭੇਜਿਆ ਗਿਆ। ੧੬੧੨ ਈ. ਵਿਚ ਅੰਗਰੇਜ਼ਾਂ ਨੇ ਸੂਰਤ ਵਿੱਚ ਕੋਠੀ ਬਣਾ ਕੇ, ਪਟਨਾ ਤੇ ਮਛਲੀ ਪੱਟਮ ਵਿੱਚ ਵੀ ਕੋਠੀਆਂ ਬਣਾਈਆਂ। ਉਹਨਾਂ ਵਿਜੈ ਨਗਰ ਦੇ ਮਹਾਰਾਜੇ ਕੋਲੋਂ ਜ਼ਮੀਨ ਲੈ ਕੇ, ਮਦਰਾਸ ਵਿੱਚ ਸੈਂਟ ਜਾਰਜ ਦਾ ਕਿਲਾ ਬਣਾਇਆ। ੧੬੩੪ ਵਿਚ ਸ਼ਾਹਜ਼ਹਾਂ ਨੇ ਕੰਪਨੀ ਨੂੰ ਬੰਗਾਲ ਵਿਚ ਵਪਾਰ ਕਰਨ ਦੀ ਇਜਾਜ਼ਤ ਦੇ ਦਿੱਤੀ। ਅੰਗਰੇਜ਼ਾਂ ਲਈ ਰੂੰ, ਖੰਡ, ਰੇਸ਼ਮ ਤੇ ਛਾਪੇ ਹੋਏ ਕਪੜੇ ਦੇ ਢੇਰ ਬਜ਼ਾਰਾਂ ਵਿਚ ਲੱਗੇ ਰਹਿੰਦੇ ਇਹ ਕਪੜਾ ਜਪਾਨ ਤੇ ਯੂਰਪੀ ਦੇਸਾਂ ਵਿਚ ਭੇਜਿਆ ਜਾਂਦਾ। ਇਸ ਤੋਂ ਬਿਨਾ ਇਹ ਸ਼ੋਰੇ, ਗੂੰਦ, ਅਫੀਮ, ਮੋਮ, ਕਸਤੂਰੀ ਤੇ ਕਈ ਦੁਆਈਆਂ ਦੀ ਭਾਰੀ ਮੰਡੀ ਸੀ।

ਇੰਗਲੈਂਡ ਦੇ ਚਾਰਲਸ ਦੂਜੇ ਨੇ ਕੰਪਨੀ ਦੇ ਪੈਰ ਪਸਰਦੇ ਵੇਖ ਕੇ ਉਹਨਾਂ ਨੂੰ ਭਾਰਤ ਵਿਚ ਆਪਣਾ ਸਿੱਕਾ ਚਲਾਉਣ, ਕਿਲ੍ਹੇ ਬਣਾਉਣ, ਆਪਣੀ ਰਾਖੀ ਲਈ ਫੌਜ ਰਖਣ ਤੇ ਲੋੜ ਅਨੁਸਾਰ ਯੁਧ ਕਰਨ ਦੇ ਅਧਿਕਾਰ ਵੀ ਦੇ ਦਿੱਤੇ। ਇਸ ਨਾਲ ਕੰਪਨੀ ਦੀ ਨੀਤੀ, ਬਦਨੀਤੀ ਵਿਚ ਵੱਟਣ ਲਗੀ। ਉਸਨੇ ੧੬੬੫ ਵਿਚ ਪੁਰਤਗਾਲੀਆਂ ਤੋਂ ਬੰਬਈ

Namdhari Elibrary NamdhariElibrary@gmail.com

ਦਾ ਇੱਕ ਟਾਪੂ ਲੈ ਕੇ ਆਪਣਾ ਸ਼ਕਤੀਸ਼ਾਲੀ ਅੱਡਾ ਬਣਾ ਲਿਆ। ੧੭ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਬੰਗਾਲ ਦੇ ਨਵਾਬ ਦੀ ਆਗਿਆ ਲੈ ਕੇ ਪਹਿਲਾਂ ਹੁਗਲੀ ਦਰਿਆ ਕੰਢੇ ਬਸਤੀ ਵਸਾਈ, ਫੇਰ, ਫੋਰਟ ਵਿਲਿਅਮ ਨਾਂ ਦਾ ਕਿਲ੍ਹਾ ਬਣਵਾਇਆ ਜਿਸ ਦੇ ਆਲੇ ਦੁਆਲੇ ਕਲਕੱਤਾ ਵੱਸਿਆ।

ਕੰਪਨੀ ਵਪਾਰ ਦੇ ਨਾਲ ਸਰਕਾਰ ਬਣਾਉਣ ਵੱਲ ਧਿਆਨ ਕਰ ਰਹੀ ਸੀ। ਪਰ ਸ਼ਾਤਿਰ ਤੇ ਚਾਤਰ ਅੰਗਰੇਜ਼ ਸੰਭਲ ਸੰਭਲ ਕੇ ਪੱਬ ਧਰ ਰਿਹਾ ਸੀ। ਉਹ ਕਦੀ ਮੁਗਲ ਜਹਾਜਾਂ ਤੇ ਕਬਜ਼ਾਂ ਕਰਨ ਦੀ ਕੋਸ਼ਸ਼ ਕਰਦਾ ਤੇ ਅਗੋਂ ਅੱਖਾਂ ਵਿਖਾਏ ਜਾਣ ਉੱਤੇ ਔਰੰਗਜ਼ੇਬ ਵਰਗਿਆਂ ਤੋਂ ਖਿਮਾਂ ਵੀ ਮੰਗ ਲੈਂਦਾ।

ਮੁਗਲ ਹਾਕਮ ਫ਼ਰਖਸੀਅਰ ਨੇ ਉਸਦੀ ਕਿਸਮਤ ਚਮਕਾ ਦਿੱਤੀ। ੧੭੧੭ ਈ. ਵਿੱਚ ਅੰਗਰੇਜ਼ ਦੂਤ ਮੰਡਲ ਨੇ ਉਸ ਨੂੰ ਖੁਸ਼ ਕਰਕੇ ਫ਼ਰਮਾਨ ਜਾਰੀ ਕਰਵਾਇਆ। ਜਿਸ ਅਨੁਸਾਰ ਉਹ ਤਿੰਨ ਹਜ਼ਾਰ ਰੁਪਈਏ ਸਾਲਾਨਾ ਦੇ ਕੇ, ਬਿਨਾ ਚੁੰਗੀ ਦਿੱਤਿਆਂ, ਬੰਗਾਲ ਵਿਚ ਵਪਾਰ ਕਰ ਸਕਦੇ ਸਨ। ਉਹ ਹੈਦਰਾਬਾਦ ਦੀ ਰਿਆਸਤ ਵਿੱਚ, ਵੀ ਬਿਨਾ ਕਰ ਵਪਾਰ ਕਰ ਸਕਦੇ ਸਨ। ਬੰਬਈ ਵਿੱਚ ਢਲੇ ਕੰਪਨੀ ਦੇ ਸਿੱਕੇ ਵੀ ਮੁਗਲ ਸਾਮਰਾਜ ਵਿਚ ਪ੍ਰਚੱਲਤ ਹੋ ਗਏ। ੧੭੩੯ ਵਿੱਚ ਅੰਗਰੇਜ਼ਾਂ ਨੇ ਮਰਹਟਿਆਂ ਨਾਲ ਸਮਝੌਤਾ ਕਰਕੇ ਉਹਨਾਂ ਦੇ ਰਾਜ ਵਿਚ ਵਪਾਰ ਕਰਨ ਦੀ ਮਨਜ਼ੂਰੀ ਵੀ ਲੇ ਲਈ ਸੀ।

ਅੰਗਰੇਜ਼ਾਂ ਨੂੰ ਅਗੇ ਵਧਦਾ ਵੇਖ ਕੇ ਫਰਾਂਸ ਵੀ, ਫ਼ਰਾਂਸੀਸੀ ਕੰਪਨੀ ਰਾਹੀਂ ਭਾਰਤ ਵਿਚ ਵਪਾਰ ਕਰਕੇ ਹੱਥ ਰੰਗਣ ਲਈ ਆ ਗਿਆ। ਕੋਠੀ ਫ਼ਰਾਂਸੀਸੀ ਕੰਪਨੀ ਵਲੋਂ ਕੋਲਬਰਟ ਨੇ ਵੀ ੧੬੬੮ ਵਿੱਚ ਸੂਰਤ ਵਿਚ ਬਣਾਈ। ਅਗਲੇ ਸਾਲ ਗੋਲਕੁੰਡਾ ਦੇ ਸੁਲਤਾਨ ਦੀ ਇਜਾਜ਼ਤ ਨਾਲ ਮਛਲੀ ਪੱਟਮ ਵਿਚ ਕੋਠੀ ਬਣਾਈ ਫਿਰ ਪਾਂਡੀਚਰੀ ਦਾ ਨਿਰਮਾਣ ਕਰਕੇ ਮਹੱਤਵ ਪੂਰਨ ਫ਼ਰਾਂਸੀਸੀ ਅੱਡਾ ਬਣਾਇਆ। ਉਹਨਾਂ ਬੰਗਾਲ ਦੇ ਮੁਗਲ ਗਵਰਨਰ ਤੋ ਇਕ ਪਿੰਡ ਮੰਗ ਕੇ ਚੰਦਰ ਨਗਰ ਦਾ ਸ਼ਕਤੀਸ਼ਾਲੀ ਅੱਡਾ ਵੀ ਬਣਾਇਆ।

ਫ਼ਰਾਂਸੀਸੀ ਤੇ ਅੰਗਰੇਜ਼, ਭਾਰਤ ਵਿਚ ਵਪਾਰ ਕਰਨ ਆਏ ਸਨ। ਮੁਗਲ ਰਾਜ ਨੂੰ ਕਮਜ਼ੋਰ ਹੁੰਦਾ ਵੇਖ ਕੇ ਉਹ ਏਥੇ ਰਾਜ ਕਰਨ ਦੇ ਸੁਪਨੇ ਲੈਣ ਲਗੇ। ਡੂਪਲੇ ਨੇ ੧੭੪੨ ਵਿਚ ਫ਼ਰਾਂਸੀਸੀ ਸਾਮਰਾਜ ਕਾਇਮ ਕਰਨ ਦਾ ਸੁਪਨਾ ਲਿਆ। ਅੰਗਰੇਜ਼ਾਂ ਨਾਲ ਫ਼ਰਾਂਸੀਸੀਆਂ ਦਾ ਟਕਰਾ ਹੋ ਗਿਆ। ਅੰਗਰੇਜ਼ੀ ਜਹਾਜ਼ੀ ਬੇੜੇ ਨੇ ਫ਼ਰਾਂਸੀਸੀਆਂ ਦੇ ਜਹਾਜ਼ ਫੜ ਲਏ। ਫ਼ਰਾਂਸੀਸੀਆਂ ਨੇ ਮਾਰੀਸ਼ਸ ਤੋਂ ਆਪਣਾ ਜੰਗੀ ਬੇੜਾ ਬੁਲਾ ਲਿਆ ਤੇ ਮਦਰਾਸ ਤੇ ਕਬਜ਼ਾ ਕਰ ਲਿਆ। ਉਹਨਾਂ ਕਰਨਾਟਕ ਦੇ ਨਵਾਬ ਤੋਂ ਆਪਣੇ ਬਚਾਅ ਤੇ ਰਾਖੀ ਲਈ ਮਦਦ ਲੈਣ ਦੇ ਨਾਂ ਹੇਠ ਅੰਗਰੇਜ਼ਾਂ ਤੋਂ ਮਦਰਾਸ ਉਸ ਨੂੰ ਦੇਣ ਦਾ ਇਕਰਾਰ ਕਰਕੇ ਚਾਲਾਕੀ ਨਾਲ ਯੁਧ ਕਰਕੇ, ਉਸ ਨੂੰ ਹਰਾ ਦਿੱਤਾ ਤੇ ਮਦਰਾਸ ਤੇ ਕਬਜ਼ਾ ਕਰ ਲਿਆ।

ਯੂਰਪ ਵਿੱਚ ਵੀ ਫ਼ਰਾਂਸੀਸੀ-ਅੰਗਰੇਜ਼ ਯੁਧ ਚਲ ਰਿਹਾ ਸੀ ਜਦ ੧੭੪੮ ਈ. ਵਿੱਚ ਉਹ ਮੁੱਕਿਆ ਤਾਂ ਇਥੇ ਵੀ ਅੰਗਰੇਜ਼ਾਂ ਨੂੰ ਮਦਰਾਸ ਵਾਪਸ ਮਿਲ ਗਿਆ ਪਰ ਫ਼ਰਾਂਸੀਸੀਆਂ ਦੀ ਲੱਤ ਉੱਤੇ ਰਹੀ।

ਏਥੇ ਇਹ ਪਹਿਲਾ ਕਰਨਾਟਕ ਯੁਧ ਸੀ, ਫੇਰ ਦੂਜਾ ਤੇ ਤੀਜਾ ਕਰਨਾਟਕ ਯੁਧ ਹੋਇਆ। ਇਹਨਾਂ ਯੁਧਾਂ ਦੇ ਅੰਤ ਉੱਤੇ ੧੭੬੩ ਈ. ਤੱਕ ਅੰਗਰੇਜ਼ਾਂ ਨੇ ਫ਼ਰਾਂਸੀਸੀਆਂ ਦੇ ਪੈਰ ਉਖਾੜ ਦਿੱਤੇ। ਪਰ ਪੈਰਸ ਵਿਚ ਹੋਏ ਇਕ ਸਮਝੌਤੇ ਅਨੁਸਾਰ ਅੰਗਰੇਜ਼ਾਂ ਨੇ ਜਿੱਤ ਕੇ ਵੀ ਉਹਨਾਂ ਨੂੰ ਪਾਂਡੀਚਰੀ, ਕਰਾਈਕਿਲ ਤੇ ਮਹੀ ਦੱਖਣ ਵਿਚ ਅਤੇ ਚੰਦਰਨਗਰ ਬੰਗਾਲ ਵਿਚ ਵਾਪਸ ਮੋੜ ਦਿੱਤੇ।

ਭਾਰਤ ਵਿੱਚ ਅੰਗਰੇਜ਼ ਦਾ ਮੁਕਾਬਲਾ ਕਰਨ ਵਾਲੇ ਭਾਰਤੀ ਸ਼ਾਸਕ ਕੰਮਜ਼ੋਰ ਹੋ ਰਹੇ ਸਨ। ਔਰੰਗਜ਼ੇਬ ਦੀਆਂ ਸੰਕੀਰਨ ਨੀਤੀਆਂ ਤੇ ਉਸਦੇ ਉਤਰਾ-ਧਿਕਾਰੀਆਂ ਦੇ ਅਯੋਗ, ਅਸਮਰਥ, ਵਿਲਾਸੀ ਤੇ ਰੰਗਰਲੀਆਂ ਮਨਾਉਣ ਵਾਲੇ ਹੋਣ ਕਰਕੇ ਹੀ ਉਹਨਾਂ ਦਾ ਸਾਮਰਾਜ ਡੋਲ ਰਿਹਾ ਸੀ। ਦੱਖਣ ਪਛਮ ਵਲੋਂ ਮਰਾਠੇ ਆਪਣੇ ਆਪ ਨੂੰ ਮੁਗਲਾਂ ਦੇ ਉਤਰਾ ਧਿਕਾਰੀ ਸਮਝਣ ਲਗੇ। ਉੱਤਰ ਵਿਚ ਅਫਗਾਨਿਸਤਾਨ ਵਲੋਂ ਅਹਿਮਦਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਦੇ ਹਮਲੇ ਪੰਜਾਬ ਨੂੰ ਵਾਰ ਵਾਰ ਪੈਰਾਂ ਹੇਠ ਲਤਾੜਨ ਲੱਗੇ, ਏਥੇ ਦੀ ਇਜ਼ਤ ਮਿੱਟੀ ਵਿਚ ਰੋਲਣ ਲੱਗੇ ਤੇ ਧਨ ਪਦਾਰਥ ਲੁੱਟ ਕੇ ਲੈ ਜਾਣ ਲੱਗੇ। ਉਹਨਾਂ ਨੂੰ ਸਿੱਖ ਸ਼ਕਤੀ ਨੇ ਠੱਲ, ਪਾਈ ਸੀ। ਰਾਜਪੂਤ ਵੀ ਆਪਣੀ ਸ਼ਕਤੀ ਜਮਾਉਣ ਲੱਗੇ।

ਭਾਰਤ ਵਿਚ ਹੰਨੈ ਹੰਨੈ ਮੀਰੀ ਸੀ। ਰਾਜਾ, ਮਹਾਰਾਜਾ ਜਾਂ ਹਰ ਨਵਾਬ ਆਪਣੀ ਸਵਾਰਥ ਸਿੱਧੀ ਲੋਚਦਾ ਸੀ ਉਸ ਅੰਦਰ ਕੌਮੀਅਤ ਦੀ ਭਾਵਨਾ ਨਹੀਂ ਸੀ ਸੋ ਇਹ ਭਾਵਨਾ ਪਰਜਾ ਤੇ ਫੌਜੀਆਂ ਅੰਦਰ ਵੀ ਨਾ ਆਈ। ਸਮੁੰਦਰੀ ਬੇੜਾ ਕਿਸੇ ਕੋਲ ਹੈ ਨਹੀਂ ਸੀ, ਰਾਜਨੀਤਕ ਸੂਝ ਬੂਝ ਤੇ ਦੂਰ ਦਰਸ਼ਿਤਾ ਦੀ ਘਾਟ ਸੀ। ਦੂਜੇ ਪਾਸੇ ਅੰਗਰੇਜ਼ ਕੰਪਨੀ ਕੋਲ ਪੈਸਾ ਸੀ, ਸਮੁੰਦਰੀ ਬੇੜਾ ਸੀ, ਕਿਲੇ ਸਨ ਅਤੇ ਸਭ ਤੋ ਵੱਧ ਉਸ ਦੀ ਪਿੱਠ ਉਤੇ ਇੰਗਲੈਂਡ ਦਾ ਹੱਥ ਸੀ। ਕੰਪਨੀ ਇੱਕ ਮਨੁੱਖ ਨਹੀਂ ਸੰਸਥਾ ਸੀ।

ਉਸ ਸੰਸਥਾ ਦੇ ਗਵਰਨਰ ਜਨਰਲ ਆਉਂਦੇ ਰਹਿੰਦੇ ਤੇ ਆਪਣੇ ਰਾਜ ਦਾ ਵਿਕਾਸ ਕਰਕੇ ਬਰਤਾਨਵੀ ਸਰਕਾਰ ਦੇ ਹੁਕਮ ਅਨੁਸਾਰ ਮੁੜਦੇ ਰਹਿੰਦੇ। ਉਹਨਾਂ ਯੁਧ ਨੀਤੀ ਜਾਂ ਕੁਟਲ ਨੀਤੀ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਛੱਡ ਕੇ ਲਗਭਗ ਸਾਰੇ ਦੇਸ ਦੀਆਂ ਰਿਆਸਤਾਂ ਨੂੰ ਆਪਣੇ ਅਧੀਨ ਕਰ ਲਿਆ ਜਾਂ ਆਪਣੇ ਰਾਜ ਵਿਚ ਮਿਲਾ ਲਿਆ।

੧੮੦੯ ਵਿਚ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਅਧੀਨ ਸਿਖ ਰਾਜ ਦਾ, ਸਤਿਲੁਜ ਨੂੰ ਪਾਰ ਨਾ ਕਰਨ ਦਾ ਅਤੇ ਇਕ ਦੂਜੇ ਦੇ ਰਾਜ ਵਿਚ ਦਖ਼ਲ ਨਾ ਦੇਣ ਦਾ ਸਮਝੌਤਾ ਹੋਇਆ। ਪਰ ੧੮੩੯ ਵਿਚ ਮਹਾਰਾਜੇ ਦੀ ਮੌਤ ਅਤੇ ਉਸਦੇ ਕਮਜ਼ੋਰ ਉਤਰਾ-ਧਿਕਾਰੀਆਂ ਕਰਕੇ ਉਹਨਾਂ ਦੇ ਗ੍ਰਹਿਯੁਧ ਦਾ ਫਾਇਦਾ ਉਠਾਕੇ, ਅੰਗਰੇਜ਼ -ਸਿੱਖ ਯੁੱਧਾਂ ਵਿੱਚ ,ਸਿਖ ਫੌਜ ਨੂੰ ਕੁਟਲ ਨੀਤੀ ਨਾਲ ਹਰਾ ਕੇ ੧੮੪੯ ਵਿਚ ਕੰਪਨੀ ਨੇ ਸਿੱਖ ਰਾਜ ਉਤੇ ਵੀ ਕਬਜ਼ਾ ਕਰ ਲਿਆ ਅਤੇ ਆਪਣੇ ਰਾਜ ਵਿਚ ਮਿਲਾ ਲਿਆ। ਅੰਗਰੇਜ਼ਾਂ ਨੇ ਆਪਣੇ ਅਧੀਨ ਕੀਤੀਆਂ ਰ੍ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ ਨਵਾਬਾਂ ਦੇ ਅਧਿਕਾਰ ਘਟਾਉਣੇ ਸ਼ੁਰੂ ਕੀਤੇ। ਉਹਨਾਂ ਦੀ ਤਾਕਤ ਨੂੰ ਕਾਬੂ ਰਖਣਾ ਜ਼ਾਰੀ ਰਖਿਆ। ਉਹਨਾਂ ਅੰਦਰ ਵਧਦਾ ਸੰਤੋਸ਼ ਅੰਗਰੇਜ਼ ਸਾਮਰਾਜ ਖ਼ਿਲਾਫ਼ ੧੮੫੭ ਤਕ ਜਵਾਲਾ ਮੁਖੀ ਬਣ ਗਿਆ ਜਿਸ ਦੇ ਸਿੱਟੇ ਵਜੋਂ ਅੰਗਰੇਜ਼ ਸਾਮਰਾਜ ਵਿਰੁਧ ਬਹੁਤ ਵੱਡਾ ਸੰਗਰਾਮ ਹੋਇਆ।

ਅੰਗਰੇਜ਼ਾਂ ਨੇ ਇੱਕ ਦਰਜਨ ਰਿਆਸਤਾਂ ਜਿਨ੍ਹਾਂ ਵਿਚ, ਸਿਤਾਰਾ, ਨਾਗਪੁਰ, ਤੰਜੋਰ, ਕਰਨਾਟਕ, ਆਦਿ ਨੂੰ ਅੰਗਰੇਜ਼ ਰਾਜ ਵਿਚ ਮਿਲਾਇਆ ਸੀ। ਝਾਂਸੀ ਮਿਲਾਉਣ ਨਾਲ ਮਹਾਰਾਣੀ ਲਛਮੀ ਬਾਈ ਤਾਂ ਔਖੀ ਹੋਈ ਹੀ ਜਨਤਾ ਵੀ ਨਰਾਜ਼ ਹੋ ਗਈ। ਅੰਗਰੇਜ਼ਾਂ ਦੇ ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਨੂੰ ਗਦੀਓਂ ਲਾਹੁਣ ਦਾ ਫ਼ੌਜ ਤੇ ਵੀ ਪ੍ਰਭਾਵ ਪਿਆ ਕਿਉਂਕਿ ਬੰਗਾਲ ਫੌਜ ਦੇ ਬਹੁਤੇ ਸਿਪਾਹੀ ਅਵਧ ਦੇ ਨਿਵਾਸੀ ਸਨ। ਉਹਨਾਂ ਨੇ ਹੀ, ਕੰਪਨੀ ਰਾਜ ਕਟਕ ਤੋਂ ਅਟਕ

Namdhari Elibrary NamdhariElibrary@gmail.com

ਤੱਕ ਫੈਲਾਇਆ ਸੀ। ਉਹਨਾਂ ਨੂੰ ਉਹਨਾਂ ਦੇ ਨਵਾਬ ਦਾ ਰਾਜ ਖੋਹਿਆ ਜਾਣਾ ਮਾੜਾ ਲਗਾ।

ਲਾਰਡ ਡਲਹੌਜ਼ੀ ਮੁਗਲ ਸਮਰਾਟ ਬਹਾਦਰ ਸ਼ਾਹ ਜਫ਼ਰ ਨੂੰ ਦਿੱਲੀ ਦਾ ਲਾਲ ਕਿਲਾ ਛੱਡ ਕੇ ਮਹਿਰੌਲੀ ਜਾਣ ਲਈ ਮਜ਼ਬੂਰ ਕਰ ਰਿਹਾ ਸੀ। ਸਮਰਾਟ ਦੀ ਦੁਰਦਸ਼ਾ ਹੁੰਦੀ ਵੇਖ ਕੇ ਭਾਰਤ ਦੇ ਮੁਸਲਮਾਨ ਭੜਕ ਪਏ।

ਪੇਸ਼ਵਾ ਬਾਜੀਰਾਵ ਦੇ ਮੁਤਬੰਨੇ ਨਾਨਾ ਸਾਹਿਬ ਦੀ ੮੦,੦੦੦ ਪੌਂਡ ਸਾਲਾਨਾ ਪੈਨਸ਼ਨ ਬੰਦ ਕਰਨ ਅਤੇ ਪੇਸ਼ਵਾ ਦੀ ਉਪਾਧੀ ਖੋਹਣ ਨਾਲ ਉਸ ਅੰਦਰ ਰੋਸ ਸੀ। ਅੰਗਰੇਜ਼ਾਂ ਨੇ ਕਈਆਂ ਦੀਆਂ ਜਗੀਰਾਂ, ਜ਼ਿਮੀਦਾਰੀਆਂ ਖੋਹ ਲਈਆਂ ਸਨ, ਉਹ ਵੀ ਛਟਪਟਾ ਰਹੇ ਸਨ। ਰਾਜਿਆਂ ਨਵਾਬਾਂ ਦੇ ਆਸਰੇ ਚਲਣ ਵਾਲਿਆਂ ਵਿੱਦਿਅਕ ਅਦਾਰਿਆਂ ਤੇ ਧਾਰਮਿਕ ਥਾਵਾਂ ਤੇ ਵੀ ਉਹਨਾਂ ਦੇ ਰਾਜ ਖੁਸਣ ਦਾ ਪ੍ਰਭਾਵ ਪਿਆ ਅਤੇ ਉਹਨਾਂ ਅੰਦਰ ਅਸੰਤੋਸ਼ ਪੈਦਾ ਹੋਇਆ।

ਇਸਾਈ ਧਰਮ ਪਰਚਾਰਕਾਂ ਵਿਰੁਧ ਵੀ ਰੋਸ ਸੀ, ਫ਼ੌਜੀਆਂ ਅੰਦਰ ਵੀ ਰੋਸ ਸੀ। ਮੇਰਠ, ਦਿੱਲੀ, ਝਾਂਸੀ, ਕਾਨਪੁਰ, ਉਤਰ ਪ੍ਰਦੇਸ, ਅਵਧ, ਬਿਹਾਰ, ਮੱਧ ਭਾਰਤ ਅਤੇ ਹਰਿਆਣੇ ਦੇ ਕੁਝ ਹਿੱਸੇ ਵਿਚ ਅੰਗਰੇਜ਼ਾਂ ਖਿਲਾਫ ੧੮੫੭ ਈ. ਵਿਚ ਹਥਿਆਰਬੰਦ ਲੜਾਈ ਹੋਈ। ਪਰ ਅਖ਼ੀਰ ਜਿੱਤ ਅੰਗਰੇਜ਼ ਦੀ ਹੀ ਹੋਈ। ਕੰਪਨੀ ਨੇ ਭਾਰਤ ਨੂੰ ਬਰਤਾਨਵੀ ਹਕੂਮਤ ਅਧੀਨ ਕਰਕੇ ਏਥੇ ਯੂਨੀਅਨ ਜੈਕ ਝੁਲਾ ਦਿੱਤਾ। ਇਸ ਸਾਰਵਜਨਿਕ ਵਿਦਰੋਹ ਬਾਰੇ ਕਈ ਇਤਿਹਾਸਕਾਰਾਂ ਦਾ ਇਹ ਕਹਿਣਾ ਹੈ ਕਿ ਇਹ ਵਿਦੇਸੀ ਸਰਕਾਰ ਖਿਲਾਫ਼ ਆਪਣੇ ਵਿਰਸੇ ਲਈ ਸੁਤੰਤਰਤਾ ਸੰਗਰਾਮ ਸੀ। ਡਾ. ਕੇ ਐਮ. ਪਾਣੀਕਰ ਅਨੁਸਾਰ ਤਾਂ ਜਿਨ੍ਹਾਂ ਰਾਜਾਂ ਦੇ ਅਧਿਕਾਰ ਖੋਹੇ ਗਏ ਸਨ ਭਾਵੇਂ ਉਹਨਾਂ ਦੇ ਰਾਜੇ ਇਸ ਵਿਦਰੋਹ ਦੇ ਆਗੂ ਸਨ ਫਿਰ ਵੀ ਇਹ ਰਾਸ਼ਟਰੀ ਰਾਜ ਦੀ ਸਥਾਪਨਾ ਦੇ ਉਦੇਸ਼ ਲਈ ਕੀਤਾ ਵਿਦਰੋਹ ਸੀ। ਪਰ ਕਈ ਇਸ ਨੂੰ ਜਮਾਤੀ ਨਹੀਂ ਰਾਜਿਆਂ ਦੀ ਜਾਤੀ ਲੜਾਈ ਆਖਦੇ ਹਨ। ਡਾ: ਰਮੇਸ਼ ਚੰਦਰ ਮਜੂਮਦਾਰ ਦੇ ਸ਼ਬਦਾਂ ਵਿੱਚ "ਕੁਲ ਮਿਲਾ ਕੇ ਇਸ ਸਿੱਟੇ ਤੋਂ ਹਟਨਾ ਮੁਸ਼ਕਲ ਹੈ ਕਿ ੧੮੫੭ ਵਿੱਚ ਕਿਹਾ ਜਾਂਦਾ ਪਹਿਲਾ ਕੌਮੀ ਸੁਤੰਤਰਤਾ ਸੰਗਰਾਮ ਨਾ ਹੀ ਪਹਿਲਾ ਸੀ, ਨਾ ਹੀ ਕੌਮੀ ਸੀ, ਨਾ ਹੀ ਸੁਤੰਤਰਤਾ ਸੰਗਰਾਮ ਸੀ।"

ਉਸ ਸੰਸਥਾ ਦੇ ਗਵਰਨਰ ਜਨਰਲ ਆਉਂਦੇ ਰਹਿੰਦੇ ਤੇ ਆਪਣੇ ਰਾਜ ਦਾ ਵਿਕਾਸ ਕਰਕੇ ਬਰਤਾਨਵੀ ਸਰਕਾਰ ਦੇ ਹੁਕਮ ਅਨੁਸਾਰ ਮੁੜਦੇ ਰਹਿੰਦੇ। ਉਹਨਾਂ ਯੁਧ ਨੀਤੀ ਜਾਂ ਕੁਟਲ ਨੀਤੀ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਛੱਡ ਕੇ ਲਗਭਗ ਸਾਰੇ ਦੇਸ ਦੀਆਂ ਰਿਆਸਤਾਂ ਨੂੰ ਆਪਣੇ ਅਧੀਨ ਕਰ ਲਿਆ ਜਾਂ ਆਪਣੇ ਰਾਜ ਵਿਚ ਮਿਲਾ ਲਿਆ।

੧੮੫੭ ਤੋਂ ਪਿੱਛੋਂ ਅੰਗਰੇਜ਼ਾਂ ਖਿਲਾਫ਼ ਰੋਸ ਠੰਢਾ ਨਹੀਂ ਹੋਇਆ। ਉਹ ਛੋਟੇ ਵੱਡੇ ਧਾਰਮਿਕ, ਆਰਥਿਕ ਤੇ ਸਧਾਰਨ ਅੰਦੋਲਨਾਂ ਦੇ ਰੂਪ ਵਿਚ ਉਭਰਦਾ ਰਿਹਾ।

ਬੰਗਾਲ ਵਿਚ ਨੀਲ ਦੰਗੇ ਹੋਏ। ਢਾਕਾ ਪ੍ਰਕਾਸ਼ਨ ਨੇ ੬-੧-੧੮੬੫ ਦੇ ਅੰਕ ਅਨੁਸਾਰ ਨੀਲ ਖੇਤਾਂ ਦੇ ਜ਼ਿਮੀਦਾਰ ਜੋ ਬਹੁਤੇ ਅੰਗਰੇਜ਼ ਸਨ ਮਜ਼ਦੂਰਾਂ ਤੇ ਜ਼ੁਲਮ ਕਰਦੇ ਸਨ। ਕੋਈ ਸਰਕਾਰ ਉਹਨਾ ਨੂੰ ਨੱਥ ਨਹੀਂ ਸੀ ਪਾਉਂਦੀ। ਜਯੋਰਾਮ ਪੁਰ ਪਿੰਡ ਨੇ ਇਹ ਮੁਹਿਮ ਖੜੀ ਕੀਤੀ ਕਿ ਉਹ ਨੀਲ ਨਹੀਂ ਬੀਜਣਗੇ। ੫੦ ਹਜ਼ਾਰ ਲੋਕਾਂ ਨੇ ਜ਼ੁਲਮ ਸਹਿ ਕੇ, ਆਪਣੀਆਂ ਝੁੱਗੀਆਂ ਸੜਵਾ ਕੇ ਵੀ ਸਿਰੜ ਨਹੀਂ ਛਡਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਅੰਗਰੇਜ਼-ਜ਼ਿਮੀਦਾਰ ਨੂੰ ਆਲੀਸ਼ਾਨ ਭਵਨ ਛੱਡਣੇ ਪਏ ਤੇ ਸਰਕਾਰ ਨੂੰ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਕੁਝ ਨਾ ਕੁਝ ਕਰਨਾ ਪਿਆ।

੧੮੭੨-੭੫ ਵਿਚ ਬੰਗਾਲੀ ਕਿਸਾਨਾਂ ਨੇ ਦੇਸੀ-ਵਿਦੇਸ਼ੀ ਜ਼ਿਮੀਦਾਰਾਂ ਦਾ ਵਿਰੋਧ ਕੀਤਾ। ਉਹ ਪਬਨਾ ਜ਼ਿਲੇ ਵਿਚ ਸੰਗਠਿਤ ਹੋਏ ਤੇ ਜ਼ਿਮੀਦਾਰਾਂ ਦੇ ਗੈਰ ਕਾਨੂੰਨੀ ਕਰ-ਭਾਰ ਵਿਰੁਧ ਡਟ ਗਏ, ਤਾਂ ੧੮੮੫ ਵਿਚ ਬੰਗਾਲ ਟੇਨੈਂਸੀ ਐਕਟ ਵਿਚ ਸੰਸ਼ੋਧਨ ਹੋਇਆ।

੧੯ਵੀਂ ਸਦੀ ਦੇ ਦੂਜੇ ਅੱਧ ਵਿਚ ਸੰਥਾਲਾਂ ਨੇ ਵਿਦਰੋਹ ਕੀਤੇ। ਇਹਨਾਂ ਵਿਦਰੋਹਾਂ ਦਾ ਕਾਰਨ ਬੰਗਾਲੀ ਜ਼ਿਮੀਂਦਾਰਾਂ, ਮਹਾਜਨਾਂ, ਸ਼ਾਹੂਕਾਰਾਂ ਦਾ ਉਹਨਾਂ ਨੂੰ ਧੋਖੇ ਨਾਲ ਕਰਜ਼ੇ ਦੇ ਭਾਰ ਹੇਠ ਦੱਬਣਾ ਸੀ। ੧੮੭੧-੭੫ ਦੇ ਵਿਚਕਾਰ ਭਗਰੁਤ ਦੀ ਅਗਵਾਈ ਵਿਚ ਕੀਤਾ ਅੰਦੋਲਨ ਸਭ ਤੋਂ ਖ਼ਤਰਨਾਕ ਸੀ। ਬੰਗਾਲ ਦੇ ਕਾਰਜਕਾਰੀ ਚੀਫ਼ ਕਮਿਸ਼ਨਰ ਨੇ ਇਸ ਨੂੰ ਰਾਜਨੀਤਕ ਭਾਵਨਾਵਾਂ ਨਾਲ ਸੰਬੰਧਿਤ ਕਿਹਾ।

ਸ਼ਾਹੂਕਾਰਾਂ ਵਿਰੁਧ ਹੀ ਦੱਖਣ ਵਿੱਚ ਦੰਗੇ ਹੋਏ। ਕਾਰਨ ਹਰ ਪਿੰਡ ਦੇ ਕਿਸਾਨ ਕਚਹਿਰੀਆਂ ਦੀਆਂ ਡਿਗਰੀਆਂ ਤੇ ਸ਼ਾਹੂਕਾਰਾਂ ਤੋਂ ਦੁਖੀ ਸਨ। ਪੂਨੇ ਜ਼ਿਲ੍ਹੇ ਵਿੱਚ ਉਹਨਾਂ ਨੇ ਬਾਣੀਆਂ ਨੂੰ ਕੁਟਿਆ ਮਾਰਿਆ ਵਹੀ ਖਾਤੇ ਨਸ਼ਟ ਕੀਤੇ। ੫੫੯ ਬੰਦੇ ਗ੍ਰਿਫ਼ਤਾਰ ਹੋਏ। ਪਰ ਉਹਨਾਂ ਸੰਗਠਨ ਬਣਾਈ ਰੱਖਿਆ।

ਸਯਦ ਅਹਿਮਦ ਦਾ ਵਹਾਬੀ ਅੰਦੋਲਨ ਸਿੱਖਾਂ ਵਿਰੁਧ ਜਹਾਦ ਦਾ ਰੂਪ ਧਾਰ ਗਿਆ। ਫਿਰ ਵਹਾਬੀ ਅੰਗਰੇਜ਼ਾਂ ਵਿਰੁਧ ਲਾਮਬੰਦ ਹੋ ਗਏ ਉਹ ਇਹਨਾਂ ਨੂੰ ਕਾਫ਼ਰ ਸਮਝਦੇ ਸਨ। ਉਹ ਸਮਝਦੇ ਸਨ ਕਿ ਏਥੇ ਇਸਲਾਮੀ ਸ਼ਰ੍ਹਾ ਦਾ ਪਤਨ ਹੋ ਰਿਹਾ ਹੈ। ਮੁਸਲਮ ਅਪਰਾਧ ਕਾਨੂੰਨ ਖ਼ਤਮ ਹੋ ਰਿਹਾ ਹੈ, ਕਾਜ਼ੀ ਹਟਾਏ ਜਾ ਰਹੇ ਹਨ। ਫ਼ਾਰਸੀ ਦੀ ਥਾਂ ਅੰਗਰੇਜ਼ੀ ਲੈ ਰਹੀ ਹੈ, ਮੁਸਲਿਮ ਜ਼ਾਇਦਾਦ ਤੇ ਕਬਜ਼ਾ ਹੋ ਰਿਹਾ ਹੈ। ਵਹਾਬੀਆਂ ਨੇ ਹਿੰਦੂਕੁਸ ਦੀਆਂ ਪਹਾੜੀਆਂ ਵਿਚ ਸਤਨਾ ਨੂੰ ਆਪਣਾ ਮੁਖ ਕੇਂਦਰ ਬਣਾਇਆ ਅਤੇ ਪੰਜਾਬ, ਪਟਨਾ, ਬੰਗਾਲ ਵਿਚ ਕੁਝ ਥਾਵਾਂ ਉੱਤੇ ਆਪਣੇ ਪੈਰੋਕਾਰ ਭਰਤੀ ਕੀਤੇ। ੧੮੬੧ ਵਿੱਚ ਮਾਲਦਾ ਤੋਂ ਉਹਨਾਂ ਕਾਰਵਾਈਆਂ ਸ਼ੁਰੂ ਕੀਤੀਆਂ। ਪਰ ੧੮੭੦ ਤਕ ਸਰਕਾਰ ਨੇ ਇਹ ਅੰਦੋਲਨ ਦਬਾ ਦਿੱਤਾ।

ਪੂਨਾ ਦੇ ਇਲਾਕੇ ਦਾ ਰਹਿਣ ਵਾਲਾ ਸ੍ਰੀ ਵਾਸੁਦੇਵ ਬਲਵੰਤ ਰਾਵ ਫੜਕੇ ਨੂੰ ਰਾਨਾਡੇ ਦੇ ਪੂਨਾ ਵਿਚ ਹੋਏ ਜਸ਼ਨਾਂ ਨੇ ਕ੍ਰਾਂਤੀਕਾਰੀ ਬਣਾਇਆ। ਉਸ ਤੋਂ ਪਹਿਲਾਂ ਉਹ ਰੇਲਵੇ ਤੇ ਸੈਨਿਕ ਵਿਭਾਗ ਵਿਚ ਨੌਕਰੀ ਕਰਦਾ ਰਿਹਾ। ਰਾਣਾ ਦੇ ਲੈਕਚਰ ਸੁਣ ਕੇ ਉਸ ਨੂੰ ਆਭਾਸ ਹੋਇਆ ਕਿ ਭਾਰਤ ਦੀ ਦੁਰਦਸ਼ਾ ਕਰਨ ਵਾਲਾ ਅੰਗਰੇਜ਼ ਹੈ। ਉਸ ਨੇ ਰੇਲਾਂ, ਸੜਕਾਂ, ਸਿੱਖਿਆ ਪ੍ਰਣਾਲੀ ਨੂੰ ਭਾਰਤ ਦੇ ਭਲੇ ਲਈ ਨਹੀਂ ਆਪਣੇ ਸ਼ਾਸਨ ਤੇ ਵਪਾਰ ਲਈ ਬਣਾਇਆ ਸੀ। ਸ੍ਰੀ ਫੜਕੇ ਹੱਥ ਦਾ ਉਣਿਆ ਹੋਇਆ ਕਪੜਾ ਪਹਿਨਦੇ, ਆਪਣੇ ਇਲਾਕੇ ਵਿਚ ਘੁੰਮਦੇ, ਰਮੋਸ਼ੀ ਕਬੀਲੇ ਨੂੰ ਅੰਗਰੇਜ਼ ਵਿਰੁਧ ਤਿਆਰ ਕਰਦੇ। ਦੱਖਣ ਸਟਾਰ ਨੇ ੨੩ ਨਵੰਬਰ ੧੮੭੯ ਨੂੰ ਫੜਕੇ ਬਾਰੇ ਲਿਖਿਆ, ਅਸੀਂ

Namdhari Elibrary NamdhariElibrary@gmail.com

ਉਸਨੂੰ ਉਜਲ ਭਵਿਖ ਦਾ ਵਾਹਕ ਮੰਨਦੇ ਹਾਂ।' ਉਹਨਾਂ ਡਾਕ ਤੇ ਰੇਲ ਨੂੰ ਰੋਕਣਾ ਸ਼ੁਰੂ ਕੀਤਾ। ਜੇਲ੍ਹ ਵਿਚੋਂ ਕੈਦੀਆਂ ਨੂੰ ਛੁਡਾਉਣ ਦੀ ਯੋਜਨਾਂ ਬਣਾਈ। ਪਰ ਉਹ ਸਰਕਾਰ ਤੋਂ ਲੁਕੇ ਰਹਿੰਦੇ। ਬੰਬਈ ਸਰਕਾਰ ਨੇ ਉਸਦੇ ਸਿਰ ਦਾ ਇਨਾਮ ਰੱਖਿਆ। ਇਕ ਥਾਂ ਮੰਦਰ ਵਿਚ ਸਰਕਾਰ ਨੇ ਉਹਨਾਂ ਨੂੰ ਫੜ ਲਿਆ ਤੇ ਉਮਰ ਕੈਦ ਦੀ ਸਜਾ ਦਿੱਤੀ।

ਉਹਨਾਂ ਨੂੰ ਅਦਨ ਦੇ ਕਿਲੇ ਵਿਚ ਰੱਖਿਆ ਗਿਆ। ਦੁਆਲੇ ਸਖਤ ਪਹਿਰਾ ਸੀ। ਉਹ ਕਿਲੇ ਵਿਚੋਂ ਫਰਾਰ ਹੋ ਗਏ। ਪਰ ਫਿਰ ਫੜ ਲਏ ਗਏ ਤੇ ਉਹਨਾਂ ਨੂੰ ਬੇੜੀਆਂ ਹੱਥਕੜੀਆਂ ਪਹਿਨਾ ਕੇ ਰੱਖਿਆ ਗਿਆ। ੧੭ ਫ਼ਰਵਰੀ ੧੮੮੩ ਨੂੰ ਦੁਖਾਂ, ਤਕਲੀਫ਼ਾਂ ਤੇ ਬਿਮਾਰੀ ਨਾਲ ਘੋਲ ਕਰਦੇ ਉਹ ਪ੍ਰਾਣਾਂ ਦੀ ਬਾਜੀ ਲਾ ਗਏ।

੧੯ਵੀਂ ਸਦੀ ਦੇ ਦੂਜੇ ਅੱਧ ਵਿਚ ਕੁਝ ਰਾਜਨੀਤਕ ਸੰਗਠਨਾਂ ਦਾ ਵੀ ਵਿਕਾਸ ਹੋਣ ਲਗਾ। ਬੰਗਾਲ ਵਿਚ ੧੮੩੭ ਵਿਚ ਜ਼ਿਮੀਦਾਰ ਐਸੋਸੀਏਸ਼ਨ ਦੀ ਸਥਾਪਨਾ ਹੋਈ ਜਿਹੜੀ ਸੰਵਿਧਾਨਿਕ ਢੰਗ ਨਾਲ ਹਕਾਂ ਲਈ ਲੜਨ ਦਾ ਸਬਕ ਸਿਖਾਉਣ ਲਗੀ। ਕਈ ਬ੍ਰਹਮ ਸਮਾਜੀ ਇਸਦੇ ਮੈਂਬਰ ਬਣੇ।

ਬੰਗਾਲ ਬ੍ਰਿਟਿਸ਼-ਇੰਡੀਆ ਸੁਸਾਇਟੀ ੨੦ ਅਪਰੇਲ ੧੮੪੩ ਵਿੱਚ ਬਣੀ। ਇਹ ਲੋਕਾਂ ਨੂੰ ਸਹੀ ਜਾਣਕਾਰੀ ਦੇਂਦੀ ਸੀ। ਇਸਦੇ ਬਹੁਤੇ ਮੈਂਬਰ ਉੱਚ ਵਰਗ ਦੇ ਭਾਰਤੀ ਅਤੇ ਕੁਝ ਗ਼ੋਰੇ ਸਰਕਾਰੀ ਅੰਗਰੇਜ਼ ਸਨ। ਪਰ ਨੀਲ ਮਜ਼ਦੂਰਾਂ ਉੱਤੇ ਅੱਤਿਆਚਾਰਾਂ ਵਿਰੁਧ ਨਿਆਂ ਮੰਗਣ ਕਰਕੇ, ਅੰਗਰੇਜ਼ ਇਸ ਸੁਸਾਇਟੀ ਦਾ ਸਾਥ ਛਡ ਗਏ।

ਬ੍ਰਿਟਿਸ਼ ਇੰਡੀਆ ਐਸੋਸੀਏਸ਼ਨ, ਕਲਿਆਣ ਉਨਾਇਕ ਮੰਡਲ ਪੂਨਾ, ਬੰਬਈ ਐਸੋਸੀਏਸ਼ਨ, ਪੂਨਾ ਸਾਰਵਜਨਿਕ ਸਭਾ, ਇੰਡੀਅਨ ਐਸੋਸੀਏਸ਼ਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦਾ ਜਨਮ ੧੮੫੭-੮੫ ਦੇ ਵਿਚਕਾਰ ਹੋਇਆ। ਇਹਨਾਂ ਦਾ ਰਾਹ ਸਮਾਜ ਸੁਧਾਰ ਤੋਂ ਲੋਕ ਰਾਏ ਤਿਆਰ ਕਰਕੇ ਅਤੇ ਸਾਰਵਜਨਿਕ, ਰਾਜਨੀਤਕ ਅੰਦੋਲਨ ਵਲ ਨਿਕਲਦਾ ਹੈ। ਇਹਨਾਂ ਦੇ ਖਿਲਾਫ਼ ਬਰਤਾਨਵੀ ਹਾਕਮਾਂ ਦਾ ਬਹੁਤਾ ਗੁੱਸਾ ਨਹੀਂ ਸੀ।

ਇਹਨਾਂ ਸਭਨਾਂ ਤੋਂ ਵੱਧ ਅੰਗਰੇਜ਼ਾਂ ਦੀਆਂ ਅੱਖਾਂ ਵਿਚ ਰੜਕਨ ਵਾਲੀ ਸੰਸਥਾ ਨਾਮਧਾਰੀ ਲਹਿਰ ਸੀ। ਇਸ ਲਹਿਰ ਦਾ ਸ਼ੁਭਾਰੰਭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੨ ਅਪਰੈਲ ੧੮੫੭ ਨੂੰ ਭੈਣੀ ਸਾਹਿਬ ਪੰਜਾਬ ਤੋਂ ਕੀਤਾ। ਉਹਨਾਂ ਨੇ ਪਤਿਤ ਹੋ ਚੁੱਕੇ ਸਿੱਖਾਂ ਨੂੰ ਪਾਵਨ ਪੁਨੀਤ ਕੀਤਾ। ਉਹਨਾਂ ਨੂੰ ਆਪਣਾ ਅਮੀਰ ਵਿਰਸਾ ਪਛਾਨਣ ਲਈ ਤਿਆਰ ਕੀਤਾ। ਉਹਨਾਂ ਨੂੰ ਧਾਰਮਿਕ ਸਦਾਚਾਰਕ ਕਦਰਾਂ ਕੀਮਤਾਂ ਨਾਲ ਜੋੜਿਆ। ਕੂਕੇ (ਨਾਮਧਾਰੀ ਸਿੱਖ) ਅਹਿੰਸਾ, ਨਾ ਮਿਲਵਰਤਨ, ਸੁਦੇਸ਼ੀ ਦੇ ਪਾਂਧੀ ਬਣ ਕੇ ਦੇਸ਼ ਕੌਮ ਤੇ ਗਊ ਗ਼ਰੀਬ ਲਈ ਸ਼ਹੀਦ ਹੋਏ।

ਮੁਹੰਮਦ ਲਤੀਫ ਨੇ ਇਹਨਾਂ ਦੇ ਇਰਾਦਿਆਂ ਬਾਰੇ ਲਿਖਿਆ:

"(ਗੁਰੂ) ਰਾਮ ਸਿੰਘ ਅਤੇ ਉਸਦੇ ਮੁਰੀਦਾਂ ਦੇ ਮੁੱਦੇ ਮਹਿਜ਼ ਧਾਰਮਿਕ ਹੀ ਨਹੀ ਸਨ ਸਗੋਂ ਇਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।"

ਐਨਸਾਈਕਲੋ ਪੀਡੀਆ ਬ੍ਰਿਟੇਨਿਕਾ ਵਿਚ ਲਿਖਿਆ ਹੈ:

"(ਗੁਰੂ) ਰਾਮ ਸਿੰਘ ਸਿੱਖ ਫ਼ਲਾਸਫ਼ਰ ਤੇ ਸੁਧਾਰਕ ਅਤੇ ਅੰਗਰੇਜ਼ ਵਪਾਰੀ ਮਾਲ ਤੇ ਨੌਕਰੀਆਂ ਪ੍ਰਤੀ ਨਾ ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।"

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਕੂਕਿਆਂ ਦਾ ਇਸ ਸਬੰਧ ਵਿਚ ਪ੍ਰਤੀਕਰਮ ਵੀ ਬਿਲਕੁਲ ਇੰਜ ਦਾ ਹੀ ਸੀ। ਉਹ ਅੰਗਰੇਜ਼ ਰਾਜ ਨੂੰ ਇਕ ਵਡੀ ਲਾਹਨਤ ਸਮਝਦੇ ਸਨ ਤੇ ਅੰਗਰੇਜ਼ਾਂ ਨੂੰ ਬਿਲੇ ਫਰੰਗੀ ਕਹਿ ਕੇ ਆਪਣੇ ਰਵਈਏ ਦਾ ਪ੍ਰਗਟਾਵਾ ਕਰਦੇ ਸਨ। ਗਊ ਹਤਿਆ ਦਾ ਦਿਨੋ ਦਿਨ ਵਧ ਰਿਹਾ ਕੋੜ੍ਹ ਉਨ੍ਹਾਂ ਨੂੰ ਆਪਣੇ ਸੁਤੰਤਰ ਖਾਲਸਾ ਰਾਜ ਦੀ ਯਾਦ ਮੁੜ ਮੁੜ ਦਵਾਉਂਦਾ ਸੀ। ਉਨ੍ਹਾਂ ਨੂੰ ਇਉਂ ਲਗਦਾ ਸੀ ਕਿ ਗਊ ਹਤਿਆ ਤੇ ਗੁਲਾਮੀ ਇਕੋ ਰੋਗ ਦੀਆਂ ਦੋ ਜੜ੍ਹਾਂ ਹਨ ਅਤੇ ਗਊ ਹਤਿਆ ਤਾਂ ਹੀ ਦੂਰ ਹੋ ਸਕਦੀ ਹੈ ਜੇ ਗੁਲਾਮੀ ਨੂੰ ਦੂਰ ਕੀਤਾ ਜਾਏ। ਗਊ ਹਤਿਆ ਦੀ ਵਿਰੋਧਤਾ ਨੇ ਇਸ ਪ੍ਰਕਾਰ ਇਕ ਸਿਆਸੀ ਚਿੰਨ੍ਹ ਦਾ ਰੂਪ ਧਾਰਨ ਕਰ ਲਿਆ। ਇਸ ਪਿਛੇ ਧਾਰਮਿਕ ਜਜ਼ਬਾ ਤਾਂ ਹੈ ਹੀ ਪਰ ਕੇਵਲ ਧਾਰਮਿਕ ਜਜ਼ਬਾ ਹੀ ਨਹੀਂ ਸੀ। ਇਹ ਦੋਵੇਂ ਧਾਰਮਕ ਤੇ ਸਿਆਸੀ ਜਜ਼ਬੇ ਘੁਲੇ ਮਿਲੇ ਹੋਏ ਸਨ। ਇਸ ਲਈ ਕੂਕਾ ਦ੍ਰਿਸ਼ਟੀਕੋਣ ਨੂੰ ਕਿਸੇ ਧਾਰਮਿਕ ਕਟੜਤਾ ਦਾ ਪ੍ਰਤੀਕ ਨਹੀਂ ਸਮਝਣਾ ਚਾਹੀਦਾ ਸਗੋਂ ਇਸ ਨੂੰ ਉਨ੍ਹਾਂ ਦੀ ਆਪਣੇ ਰਾਜ ਦੀ ਬਹਾਲੀ ਦੀ ਤਾਂਘ ਦਾ ਇਕ ਪ੍ਰਤੀਕ ਮੰਨਣਾ ਵਧੇਰੇ ਠੀਕ ਹੋਵੇਗਾ।

–ਡਾ. ਫੌਜਾ ਸਿੰਘ

ਪੰਜਾਬ ਯੂਨੀਵਰਸਿਟੀ, ਪਟਿਆਲਾ

ਨਾਮਧਾਰੀ ਲਹਿਰ ਨੂੰ ਦਬਾਉਣ ਲਈ ਨਾਮਧਾਰੀ ਸਿੰਘਾਂ ਨੂੰ ਫਾਂਸੀ ਦਿੱਤੀ ਗਈ ਤੇ ਤੋਪਾਂ ਨਾਲ ਉਡਾਇਆ ਗਿਆ, ਸਤਿਗੁਰੂ ਰਾਮ ਸਿੰਘ ਨੂੰ ੧੮ ਜਨਵਰੀ ੧੮੭੨ ਨੂੰ ਜਲਾਵਤਨ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਅਗੇ ਪੁਲਿਸ ਚੌਕੀ ਬਿਠਾਈ ਗਈ ਜਿਹੜੀ ੫੦ ਸਾਲਾਂ ਪਿਛੋ ੧੯੨੩ ਈ. ਵਿੱਚ ਉਠਾਉਣੀ ਪਈ। ਸਤਿਗੁਰੂ ਜੀ ਦਾ ਰਾਜਨੀਤਕ ਸ਼ਕਤੀ ਦਾ ਹਥਿਆਰ ਨਾਮਿਲਵਰਤਨ ਅਤੇ ਸੁਦੇਸ਼ੀ ਕਾਂਗਰਸ ਨੇ ਫੜ ਲਿਆ। ਨਾਮਧਾਰੀ ਤੇ ਹੋਰ ਦੇਸ਼ ਭਗਤ ਇਕਠੇ ਹੋ ਗਏ ਅਤੇ ਲੰਮੇ ਸੰਘਰਸ਼ ਪਿਛੋਂ ੧੫ ਅਗਸਤ ੧੯੪੭ ਨੂੰ ਯੂਨੀਅਨ ਜੈਕ ਦੀ ਥਾਂ ਤਿਰੰਗੇ ਝੰਡੇ ਨੇ ਲੈ ਲਈ।

■

Namdhari Elibrary NamdhariElibrary@gmail.com

■ ਡਾ. ਆਤਮ ਹਮਰਾਹੀ

ਸਤਿਗੁਰੂ ਰਾਮ ਸਿੰਘ ਜੀ:
ਨੂਰੀ ਨਾਨਕੀ–ਦਸ਼ਮੇਸ਼ਤਾ

ਪੰਜਾਬੀਆਂ ਨੇ ਸਰਬ-ਸਾਂਝੇ 'ਖ਼ਾਲਸਾ ਰਾਜ' ਦੀ
ਸੁਤੰਤਰਤਾ ਦੀ ਰਸਾਤਲਤਾ ਤੋਂ ਮਗਰੋਂ
ਪੰਜਾਬ ਵਿਚ ਆਧੁਨਿਕ ਮਾਨਵੀ ਆਜ਼ਾਦੀ ਦੀ ਚੇਤਨਾ ਦੇ ਮੋਢੀ,
ਗ਼ਦਰੀ ਬਾਬਿਆਂ ਦੇ ਪ੍ਰਥਮ-ਪਿਤਾਮੇ
ਗੁਰੂ ਨਾਨਕ ਦੀ ਦਸ਼ਮੇਸ਼ੀ–ਚੇਤਨਾ ਦੇ ਨਿਰਮਲ ਝੰਡਾ–ਬਰਦਾਰ
ਮਾਨਵੀ ਆਜ਼ਾਦੀ ਤੇ ਸਵਛਤਾ ਦੇ ਬੇਜੋੜ ਪੈਗੰਬਰ,
ਗਊ-ਗ਼ਰੀਬ ਦੇ ਰੱਖਿਅਕ,
ਨਾਮ–ਬਾਣੀ ਅਤੇ ਰਿਜ਼ਕੀ ਕਿਰਤ–ਕਮਾਈ ਦੇ ਸੁਮੇਲਕ
ਆਜ਼ਾਦੀ–ਸੰਗ੍ਰਾਮ ਦੀ ਆਰਥਿਕਤਾ ਦੇ ਸੰਕਲਪੀਏ,
ਅਸਹਿਯੋਗ ਤੇ ਸਵਦੇਸ਼ਤਾ ਦੀਆਂ ਕਾਰਗਰ ਸਿਆਸੀ ਜੁਗਤਾਂ ਦੇ ਖ਼ਾਲਿਕ
ਮੌਲਿਕ ਸੋਝੀਵਾਨ. ਚਿੰਤਕ, ਦਾਨਸ਼ਵਰ, ਪ੍ਰਾਕਰਮੀ
ਬਦੇਸ਼ੀ ਸਹੂਲਤਾਂ ਦੀ ਆੜ ਵਿਚ ਲੁਕੀ ਗ਼ੁਲਾਮੀ ਦੇ ਬੋਧੀ,
ਬਦੇਸ਼ੀ ਮਾਲ. ਪ੍ਰਸ਼ਾਸਨ, ਡਾਕ–ਤਾਰ, ਮੁਨਸਫ਼ੀ,
ਰੇਲਾਂ, ਸੜਕਾਂ, ਬੋਲੀ, ਬਦੇਸ਼ੀ ਸਿਖਿਆ ਦੇ ਤਿਲਾਂਜਲੀਏ,
ਸਰਬਪਖੀ ਸੁਦੇਸ਼ਤਾ ਦੇ ਅਮੋੜ ਤੇ ਦ੍ਰਿੜ੍ਹ ਹਾਮੀ,
ਮੁਤਵਾਜ਼ੀ ਸਰਕਾਰ ਤੇ ਪ੍ਰਸ਼ਾਸ਼ਨ ਦੇ ਸੰਸਥਾਪਕ,
ਹੱਕ-ਸੱਚ ਤੇ ਲੜਨ ਵਾਲੇ ਅਫ਼ਤਾਬੀਏ ਰਹਿਬਰ
ਨਾਮਧਾਰੀਆਂ ਦੇ ਰਹਿਬਰ,
ਤੋਪੀ–ਸ਼ਹਾਦਤਾਂ ਤੋਂ ਬੇ–ਨਿਆਜ਼ ਸਿਦਕੀ ਸੇਵਕਾਂ ਦੇ ਇਸ਼ਟ,
ਏਕਮਕਾਰੀ ਅਦਵੈਤੀਏ, ਸੰਪੂਰਨ ਆਜ਼ਾਦੀ ਦੇ ਵਿਸ਼ਵਾਸੀਏ,
ਇਕਾਗਰਤਾਵਾਨ, ਤਿੱਖੜ ਸੂਰਜੀ ਸਪਸ਼ਟਤਾ,
ਨਾਮ ਸ਼ਕਤੀ, ਸਾਧਨਾ, ਲਿਵਲੀਨਤਾ,
ਵਰਤਾਰਿਆਂ ਦੀ ਹਕੀਕਤ ਦੇ ਸੂਝਵਾਨ,
ਧਾਰਮਿਕਤਾ, ਖ਼ਾਨਗੀ ਸੁਧਾਰ,
ਸਸਤੀ ਆਨੰਦ–ਕਾਰਜੀ–ਸ਼ਾਦੀ ਦੀ ਮਸੀਹੀ–ਚੇਤਨਾ,
ਪੋਸ਼ਾਕੀ, ਖ਼ੁਰਾਕੀ, ਚਿੰਤਨ ਦੀ
ਬੇਦਾਗ਼, ਸਫ਼ੈਦ, ਪੁਨੀਤੀ ਸ਼ੁੱਧਤਾ,
'ਹੱਥ ਕਾਰ ਵੱਲ ਤੇ ਸੁਰਤ ਯਾਰ ਵੱਲ' ਦੇ
ਕਿਰਤ–ਇਬਾਦਤੀ ਸੰਕਲਪੀਏ
ਹਜ਼ਰੋ ਦੇ ਬ੍ਰਹਮ–ਨਰੇਸ਼ ਗੁਪਤ ਗਿਆਰ੍ਹਵੇਂ ਸਤਿਗੁਰੂ
ਬਾਲਕ ਸਿੰਘ ਜੀ ਤੋਂ ਗੁਰ–ਮੰਤਰੀਏ
ਭਗਤ ਰਜਮੋਟੀਏ, ਰਾਜ ਲੋਹਾਰ ਤਰਖਾਣ, ਹਟਵਾਣੀਏ
ਗੁਰਬਾਣੀ ਦੀ ਅੰਮ੍ਰਿਤੀ–ਮਰਯਾਦਾ ਦੇ ਪ੍ਰਤਿਪਾਲਕ
ਕਿਰਤ, ਵੰਡ–ਛਕਣਾ, ਪ੍ਰਾਹੁਣਾਚਾਰ ਤੇ ਦਸਵੰਧੀਏ,
ਮਾਲਾਧਾਰੀ ਸਿਮਰੀਏ, ਚੀਨੀ ਦੇ ਅਸਵਾਰ,
ਹਾਣ–ਪਰਵਾਣੀ, ਕੰਵਾਰੀ, ਵਿਧਵਾ ਤੇ ਜਾਤ–ਗੋਤੋਂ ਮੁਕਤ
ਸ਼ਾਦੀ ਮਰਿਯਾਦਾ ਦੇ ਸੰਸਥਾਪਕ,
ਇਖ਼ਲਾਕੀ ਸ਼ੁੱਧਤਾ, ਮੜ੍ਹੀ–ਮਸਾਣ ਪੂਜਣੋਂ ਮੁਕਤੀ ਦਾਤੇ
ਕਮਾਲ ਪੰਚਾਇਤੀਏ, ਭਾਈਚਾਰਕ ਮੁਨਸਫ਼,
ਪੰਜਾਬੀ ਭਾਸ਼ਾ ਦੇ ਬੇ-ਜੋੜ ਮੁਦਈ
ਸਹਿਜ, ਸ਼ਾਂਤੀ, ਨਿਡੱਰਤਾ, ਪਰ–ਉਪਕਾਰਤਾ. ਸਤਿ, ਮਿਠਾਸ,
ਸਿਮਰਨ, ਅਜਪਾ–ਜਾਪ ਦੇ ਕਰਮ–ਯੋਗੀ,
ਪੁਨੀਤ ਕ੍ਰਿਸ਼ਮਿਆਂ ਦੇ ਮਾਲਕ, ਅਨੁਸ਼ਾਸ਼ਨੀਏ,
'ਸੂਬਾ ਪ੍ਰਮੁੱਖਤਾ' ਦੇ ਸੰਸਥਾਪਕ,
ਡਕੈਤੀ–ਪ੍ਰੇਤੀ ਦੇ ਖਾਊ ਤੇ ਲੋਟੂ ਟਮਟਮੇ ਦੇ ਵਿਰੋਧੀ,
ਕਸ਼ਮੀਰ, ਕਾਬਲ. ਨੇਪਾਲ ਤੇ ਰੂਸ ਦੇ ਸਿਆਸੀ ਸੰਪਰਕੀਏ,
ਸਰਕਾਰ ਅੰਗਰੇਜ਼ੀ ਦੇ ਖ਼ਤਰਨਾਕ ਪਰ ਸੂਝਵਾਨ ਬਾਗ਼ੀ,
ਮੁਲਕ–ਬਦਰ, ਨਜ਼ਰ–ਬੰਦ, ਨਾਮਧਾਰੀ ਸੰਗਤ ਦੇ ਹੁਕਮਨਾਮਾਕਾਰ,
ਠੇਠ ਵਾਰਤਕੀਏ, ਅਪਾਰ ਮੁਹੱਬਤੀਏ, ਲੱਖਾਂ ਦੇ ਪੂਜਯ,
ਮਾਨਵੀ ਇਤਿਹਾਸ ਦੇ ਦੂਧੀਆ ਪ੍ਰਕਾਸ਼ੀ ਬੁਲੰਦ ਬੁਰਜ,
ਲੋਕ–ਗਿਆਨੀ, ਬ੍ਰਹਮ–ਗਿਆਨੀ, ਦੁਖ–ਨਿਵਾਰਕ, ਸੱਚੇ ਪਾਤਸ਼ਾਹ,
ਅਦੁੱਤੀ ਰਹਿਬਰ ਸਤਿਗੁਰੂ ਰਾਮ ਸਿੰਘ।

ਉਨ੍ਹੀਵੀਂ ਸਦੀ ਦੀ ਪੰਜਾਬੀ–ਜਾਗ੍ਰਿਤੀ ਦੀ ਸਿਰਮੌਰ ਪ੍ਰਤਿਭਾ
ਭਾਰਤ ਦੇ ਆਜ਼ਾਦੀ ਸੰਗ੍ਰਾਮ ਦਾ ਮੌਲਿਕ ਮੋਢੀ,
ਜਿਸ ਵੀ ਉਸਦੇ ਈਸਪਾਤੀ, ਨੂਰਾਨੀ ਬਚਨ ਸੁਣੇ, ਪੜ੍ਹੇ
ਅਤੇ ਸੂਰਜੀ ਚੁੰਭਕੀ ਆਭਾ ਵੇਖੀ,
ਉਹੀ ਉਸ ਦਾ ਹੋ ਗਿਆ।
ਨਵੀਂ ਸੋਚ, ਕਲਿਆਣੀ ਪਹੁੰਚ, ਦਰੁਸਤ ਤੇ ਦ੍ਰਿੜ੍ਹ ਅਮਲ,
ਪਵਿੱਤਰ ਸੰਕਲਪ ਤੇ ਸਵੱਛ ਸ਼ੁੱਧ ਆਹਾਰ,
ਧੁਰ ਆਤਮਾ ਤੱਕ ਘੁਲਦੀ ਇਕਾਗਰ ਉਕਾਬੀ ਦ੍ਰਿਸ਼ਟੀ,
ਨਿਰਵੈਰਤਾ, ਨਿਰਭੈਤਾ, ਸਵੈਧੀਨਤਾ, ਅਡੋਲ ਪ੍ਰਭੂ–ਆਸਥਾ.
ਨਵੀਨ ਪ੍ਰਬੰਧਕਤਾ, ਭਵਿੱਖਵਾਦੀ ਨਿਰੰਤਰਸ਼ੀਲਤਾ, ਗੁਰਬਾਣੀ ਰਮੂਲਤਾ
ਏਨਾ ਕੁਝ ਹੀ ਨਹੀਂ ਸੀ ਸਤਿਗੁਰੂ ਰਾਮ ਸਿੰਘ,
ਸਗੋਂ ਨਾਨਕੀ–ਦਸ਼ਮੇਸ਼ਤਾ ਦੀ ਨਿਰਾਲਮੀ ਕੂਕ ਸੀ ਉਹ।
ਜਿਸ ਵੀ ਉਹਦੇ ਵਾਰਸ ਸਤਿਗੁਰਾਂ ਦੀ ਹਜ਼ੂਰੀ 'ਚ ਬੈਠ,
ਉਸ ਨੂੰ ਆਪਣਾ ਮੁਰਸ਼ਦ ਧਾਰਿਆ,
ਉਹ ਉਸਦੇ ਇਸ਼ਟ–ਸਰ 'ਭੈਣੀ ਸਾਹਿਬ' ਤੋਂ
ਕਦੇ ਵੀ ਬੇਮੁੱਖ ਨਹੀਂ ਹੋਇਆ।
ਦੇਸ–ਬਦੇਸ਼ੀਂ ਵਿਚਰਦੇ ਹਰ ਪੱਧਰ ਦੇ ਲੱਖਾਂ ਪੁਨੀਤ–ਭਾਵੀ ਸਿੰਘ
ਉਸ ਦੇ ਆਤਮਕ ਸ਼ੁਧਤਾ ਅਤੇ ਭਾਈਚਾਰਕ ਕਲਿਆਣ ਦੇ
ਸਿਧਾਂਤ ਦੀ ਪਾਇਦਾਰੀ ਦੇ ਪ੍ਰਮਾਣ ਹਨ।
ਸ਼ਾਕਾਹਾਰੀ, ਸਫ਼ੈਦ ਪੋਸ਼ਾਕੀਏ, ਸਿੱਧ–ਦਸਤਾਰੀਏ,
'ਜਲ ਮੇਂ ਕਮਲ ਨਿਰਾਲਮ' ਵਾਂਗ ਹਨ ਨਾਮਧਾਰੀ।
ਸਤਿਗੁਰਾਂ ਦੇ ਪਾਵਨ ਬਚਨਾਂ ਤੋ ਬਲਿਹਾਰ !

■

Namdhari Elibrary NamdhariElibrary@gmail.com



■ ਜੀਵਨ ਪ੍ਰਕਾਸ਼ ਜੀਵਨ

ਸੋਹਣਾ ਬਸੰਤੀ ਮਾਹੀ

ਸਤਿਗੁਰ ਦਿਲਾਂ ਦੇ ਜਾਨੀ-
ਫੜ ਕੇ ਬਿਗੁਲ ਰੂਹਾਨੀ,
ਐਸੀ ਫੂਕ ਮਾਰੀ
ਬੁਢਿਆਂ ਨੂੰ ਮਿਲੀ ਜੁਆਨੀ-
ਬਣੇ ਪਲ ਵਿੱਚ ਮਰਦ ਅਗੰਬੜੇ,
ਤੱਕੇ ਪਰਤੱਖ ਲੱਕਾਈ-
ਬਣੇ ਰਖਿਅਕ ਸੱਚ ਮਾਹੀ।

ਬਸ ਅੰਤ ਕਰ ਖਿਜ਼ਾਂ ਦਾ
ਬਸੰਤ ਪੰਚਮੀ ਲਿਆਏ,
ਖੁਸ਼ੀਆਂ ਤੇ ਵੰਡ ਖੇੜੇ-
ਹੰਝੂ ਵੀ ਮੁਸਕਰਾਏ,
ਗੁਰਮੰਤਰ ਫੂਕ ਕੰਨੀ-
ਅਨਹਦ ਦੀ ਧੁਨ ਸੁਣਾਈ,
ਸਤਿ ਚਿੱਤ ਆਨੰਦ ਮਾਹੀ।

ਫਰਮਾਇਆ ਅੰਮ੍ਰਿਤ ਵੇਲੇ-
ਸਣਕੇਸ ਸਨਾਨ ਕਰਨਾ,
ਦਿਲ ਧੜਕਨ ਬਣੇ ਸਿਮਰਨ-
ਆਸਾ ਦੀ ਵਾਰ ਪੜ੍ਹਨਾ,
ਥਿਰ ਰਹਿ ਕੇ ਧਿਆਨ ਕਰਨਾ-
ਲੂੰ ਲੂੰ ਦੀ ਕਰ ਸਫਾਈ,
ਫਰਮਾਇਆ ਸੋਹਣੇ ਮਾਹੀ।

ਸਜ ਪਦਮ ਆਸਨ ਉੱਤੇ-
ਪ੍ਰਭ ਸਿਮਰੋ ਹਰ ਇਕ ਰੁੱਤੇ,
ਤਜ ਕੇ ਤੇ ਮਨ ਮਨੁੱਖਤਾ-
ਜਗਾ ਲੈਣੇ ਭਾਗ ਸੁੱਤੇ,
ਨੇਕੀ ਦੇ ਗਾਣਾ ਨਗਮੇ
ਸੱਚ ਦੀ ਪਕੜ ਦੇ ਲਈ
ਸਮਝਾਇਆ ਅਰਸ਼ੀ ਮਾਹੀ

ਖੰਡੇ ਦੇ ਬਾਟੇ ਵਾਲਾ
ਅੰਮ੍ਰਿਤ ਜਿਹਾ ਛਕਾਇਆ
ਕਰ ਨਦਰੀ ਨਦਰ ਨਿਹਾਲ
ਦਿਤੀ ਸੀ ਪਲਟ ਕਾਇਆ
ਦਿਲ ਦਰਪਣ ਸੀ ਜੋ ਚੰਬੜੀ
ਭਰਮਾਂ ਦੀ ਮੈਲ ਲਾਹੀ
ਮੁਕਤੀ ਸਰੂਪ ਮਾਹੀ।

ਫਰਮਾਇਆ ਸੱਚੇ ਸਤਿਗੁਰੁ-
ਤੀਵੀਂ ਤੇ ਮਰਦ ਬਰਾਬਰ,
"ਗੁਰੂ ਮੰਤਰ" ਦੇ ਅਧਿਕਾਰੀ-
ਨਹੀਂ ਵਾਲ ਭਰ ਵੀ ਅੰਤਰ,
ਕਾਲਬ ਦੋ ਜਾਨ ਇੱਕੋ,
ਇੱਕੋ ਹੀ ਜੋਤ ਇਲਾਹੀ
ਜੋਤੀ ਸਰੂਪ ਮਾਹੀ।

"ਤੂ" "ਮੈ" ਦੇ ਭਾਵ ਭੁੱਲੇ
"ਹਉਮੈ" ਦਾ ਭੂਤ ਨੱਸਿਆ
ਚੰਨ ਚੜ੍ਹਿਆ ਜਗਤ ਵੇਖੇ
ਉਡੀ ਸਿਆਹ ਮੱਸਿਆ
ਨਿਜ ਰੂਪ ਜਗਤ ਦਿੱਸੇ
'ਭੈ ਭੰਜਣ' ਪਿਆਰੇ ਮਾਹੀ।

ਗੁਰ ਮੁੱਖਾਂ ਤੇ ਗੁਰ ਸਿੱਖਾਂ ਨੂੰ-
ਸੀ ਐਸਾ ਗਿਆਨ ਦਿਤਾ,
ਜਿਨ੍ਹਾਂ ਨੇ ਗੋਰਿਆਂ ਦਾ-
ਸੀ "ਬਾਈਕਾਟ" ਕੀਤਾ,
ਐਸੇ ਸੀ ਵੱਖ ਹੋਏ-
ਫਿਰ ਅੱਖ ਨਹੀਂ ਮਿਲਾਈ,
ਕ੍ਰਾਂਤੀ ਦੂਤ ਮਾਹੀ।

ਹੋਏ ਵਾਰ ਜਦ ਸ਼ੈਤਾਨੀ,
ਲੂੰ ਕੰਡੇ ਖਿੜੇ ਕਹਾਨੀ,
ਮਿਹਰਾਂ ਦਾ ਹੱਥ ਰਖਿਆਂ
ਸਭ ਮੇਟੀ ਪਰੇਸ਼ਾਨੀ,
ਅਨੁਯਾਈ ਰਣ 'ਚ ਕੁੱਦੇ,
ਗੁੜਤੀ ਜਿਹੀ ਪਿਲਾਈ,
ਸੱਚੇ ਦਾਤਾਰ ਮਾਹੀ।

ਸਤਿਗੁਰਾਂ ਦੇ ਸੱਚੇ ਸੇਵਕ-
ਰਣਖੇਤਰ ਨਿਰਭੈ ਕੁੱਦੇ,
ਯਮ ਸ਼ਸਤਰ ਕੀਤੇ ਖੁੰਢੇ-
ਲਾ ਦਿੱਤੇ ਗੋਰੇ ਖੁੱਡੇ,
ਸ਼ਾਸਕ ਦੀ ਨੀਂਹ ਹਿੱਲੀ-
ਗੋਰੇ ਦੀ ਸ਼ਾਮਤ ਆਈ,
ਤੱਤਵ ਭੇਦੀ ਮਾਹੀ।

ਤੱਕ ਗੋਰਾ ਸ਼ਾਹੀ ਕਹਿਰ-
ਭੜਕੀ ਤੂਫਾਨੀ ਲਹਿਰ,
ਛਲੀਆਂ ਤੇ ਦੰਭੀਆਂ ਦੇ-
ਨਾ ਟਿਕਣ ਦਿੱਤੇ ਪੈਰ,
ਇਕ ਥਾਂ ਨਾ ਠਹਿਰ ਸੱਕੇ-
ਭੰਮੀਰੀ ਜਿਹੀ ਭੁਆਈ,
ਪੂਰਣ ਬ੍ਰਹਮ ਮਾਹੀ।

ਸੱਚ ਸੁੱਚ ਤੇ ਅਹਿੰਸਾ-
ਸੱਚਾ ਜਿਨ੍ਹਾਂ ਦਾ ਵਿਰਸਾ,
ਮਰਜੀਵੜੇ ਸਜਾਏ-
ਪਾ ਪਾ ਸ਼ਹੀਦੀ ਹਿੱਸਾ,
ਪੀ ਪੀ ਕੇ ਰੱਤ ਦੇ ਛੰਨੇਂ-
ਮੁਖੜੇ ਤੇ ਲਾਲੀ ਛਾਈ,
ਪੱਥ ਪ੍ਰਦਰਸ਼ਕ ਮਾਹੀ।

Namdhari Elibrary NamdhariElibrary@gmail.com

ਕੁਪੱਤ ਤੇ ਕੂੜ ਛੱਡੋ-
ਹਉਮੈਂ ਨੂੰ ਦਿਲੋਂ ਕੱਢੋ.
ਦਾਸਤਾ ਦਾ ਬੂਟਾ
ਬਿਲਕੁਲ ਹੀ ਮੂਲੋਂ ਵੱਢੋ.
ਮੁਕਤੀ ਦੀ ਰਾਹ ਤੇ ਚੱਲੋ··
ਬਣ ਯੋਧੇ ਵੀਰ ਰਾਹੀਂ
ਤ੍ਰਿਕਾਲ ਦਰਸ਼ੀ ਮਾਹੀ।

ਮੋਹ ਮਮਤਾ ਤਜ ਹੰਕਾਰ-
ਅੰਦਰ ਤੱਕੋ ਨਿਰੰਕਾਰ.
ਦਿਓ ਤ੍ਰਿਖਾ ਤ੍ਰਿਸ਼ਨਾ ਵਿਸਾਰ-
ਮਨਮੁਖਤਾ ਦਿਓ ਵਿਸਾਰ.
ਕਰੋ ਮਨੁੱਖਤਾ ਕੀ ਨੀਹ ਪੁੱਖਤਾ-
ਜਾਏ ਨਾ ਜਿਹਤੀ ਢਾਈ.
ਕਿਹਾ ਗਿਆਨੀ ਧਿਆਨੀ ਮਾਹੀ।

ਘਿਰਨਾ ਦੀ ਸੰਘੀ ਘੁਟੋ.
ਲਬ ਲੋਭ ਮੂਲੋਂ ਪੁੱਟੋ.
ਬਣ ਕੇ ਤੇ ਸੱਚ ਕੂਕੇ-
ਹਰ ਵੇਲੇ ਮੌਜਾਂ ਲੁੱਟੋ.
ਇੰਜ ਵਿਚਰੋ ਵਿਚ ਜਗਤ ਦੇ-
ਦੁੱਧ ਤੇ ਜਿਵੇਂ ਮਲਾਈ.
ਫਰਮਾਇਆ ਯੋਗੀ ਮਾਹੀ।

ਚਰਣਾਮ੍ਰਿਤ ਜਿਹਾ ਪਿਲਾਇਆ-
ਹਰ ਹਰ ਚੋਂ ਹਰਿ ਦਿਖਾਇਆ.
ਜਾਤ ਪਾਤ ਹੀ ਭੁੱਲੀ-
ਨਾ ਦੂਜਾ ਨਜ਼ਰੀ ਆਇਆ.
ਇਕੋ ਪਿਤਾ ਦੇ ਬਾਲਕ.
ਇੱਕ ਹੀ ਸਭ ਦੀ ਮਾਈ.
ਘਟ ਘਟ ਦੇ ਜਾਣੂ ਮਾਹੀ।

ਸ਼ਿਰੋਮਣੀ ਸੱਚੇ ਪੀਰ-
ਮਾਰਿਆ ਰੂਹਾਨੀ ਤੀਰ.
ਹਿਰਦੇ ਜੋ ਗਿਆ ਚੀਰ-
ਲੈ ਪੁੱਜਿਆ ਧੁਰ ਆਖੀਰ.
ਨਿਰਗੁਣ ਨਿਰਕਾਰ ਜਿੱਥੇ-
ਅਨੂਠਾ ਸੀ ਨੂਰ ਇਲਾਹੀ.
ਪਰਉਪਕਾਰੀ ਮਾਹੀ।

ਪ੍ਰੀਤਮ ਹੈ ਦਿਲ ਦੇ ਅੰਦਰ-
ਹਿਰਦੇ ਹਰਿ ਦਾ ਮੰਦਰ.
ਮੁਕਤੀ ਦੇ ਮੋਤੀਆਂ ਦਾ-
ਭਰਿਆ ਹੋਇਆ ਸਮੁੰਦਰ.
ਬਨਜ਼ਰ ਨਜ਼ਰ ਆਵੇ-
ਜਿਸ ਨੇ ਨਜ਼ਰ ਝੁਕਾਈ.
ਕਿਹਾ ਆਤਮ ਦਰਸ਼ੀ ਮਾਹੀ।

ਜੀਵਤ ਮਰ ਜਾਣਾ ਦਸਿਆ-
ਸਿਰ ਤਲੀ ਟਿਕਾਣਾ ਦਸਿਆ.
ਆਵਾਗਵਨ ਦਾ ਚੱਕਰ-
ਮੂਲੋਂ ਮੁਕਾਣਾ ਦਸਿਆ.
ਨਿਸ਼ਕਾਮ ਕਰਮ ਕਰਨਾ-
ਸੁਆਰਥ ਨੂੰ ਭੁਲਣਾ ਭਾਈ.
ਕਿਹਾ ਯੋਗ ਯੁਕਤ ਮਾਹੀ।

ਚਜ ਤੇ ਆਚਾਰ ਸੁੱਚਾ-
ਸੱਚ ਤੇ ਸਤਿਕਾਰ ਸੁੱਚਾ.
ਕਰਨਾ ਵਿਉਪਾਰ ਸੁੱਚਾ-
ਪ੍ਰੀਤਮ ਪਿਆਰ ਸੁੱਚਾ.
ਭਾਣੇ ਨੂੰ ਮਿੱਠਾ ਮੰਨਣਾ-
ਕਰਨਾ ਸਫਲ ਕਮਾਈ.
ਕਿਹਾ ਅਮਰ ਰਬੀ ਮਾਹੀ।

ਪਰੀ ਪੂਰਣ ਸੱਚੇ ਸਤਿਗੁਰ-
ਧੱਸ ਜਾਂਦੇ ਜਿਸਦੇ ਅੰਦਰ.
ਥਿਰ ਹੁੰਦਾ ਮਨ ਮਛੰਦਰ-
ਬਣ ਜਾਂਦੇ ਮੁਕਤੀ ਮੰਦਰ.
ਪੈ ਜਾਂਦੀ ਐਸੀ ਠੰਢਕ-
ਜਾਂਦੀ ਤਪਸ਼ ਬੁਝਾਈ.
ਸਰਵ ਕਲਾ ਸਮਰਥ ਮਾਹੀ।

ਅੰਬਰੋਂ ਉੱਚੇ ਪੈਗੰਬਰ-
ਮੇਟੇ ਸਕਲ ਆਡੰਬਰ.
ਮਨ ਅਰਜੁਨ ਰਥ ਚਲਾਂਦੇ-
ਪ੍ਰੀਤਾਂ ਦਾ ਪਾ ਪਿਤਾਂਬਰ.
ਚਲਦਾ ਸੁਦਰਸ਼ਨ ਚੱਕਰ-
ਬਣਦੇ ਕ੍ਰਿਸ਼ਨ ਕਨ੍ਹਾਈ.
ਵੰਡ ਗੀਤਾ ਅਮਿਓ ਮਾਹੀ।

ਗੁਰ ਮੰਤਰ ਜਿਸਨੂੰ ਦੱਸਣ-
ਲੂੰ ਲੂੰ 'ਚ ਪ੍ਰੀਤਾਂ ਵੱਸਣ
ਜਮਦੂਤ ਉਥੋਂ ਨੱਸਣ-
ਖਿੜ ਖਿੜ ਅੱਥਰੂ ਹੱਸਣ.
ਆਨੰਦ ਦੀ ਹੋਏ ਵਰਖਾ-
ਰਹਿ ਰੂਹ ਨਾ ਫਿਰ ਤਿਹਾਈ.
ਅੰਮ੍ਰਿਤ ਦੇ ਸੋਮੇ ਮਾਹੀ।

ਗੁਰਬਚਨ ਹੀਰੇ ਮੋਤੀ-
ਚਰਣ ਕਮਲ ਪਾਰਸ ਜੋਤੀ.
ਨੈਣ ਨੂਰੀ ਚਾਨਣ-
ਦ੍ਰਿਸ਼ਟੀ ਜੀਵਨ ਮੁਕਤੀ.
ਹੱਥ ਹਰਿ ਮਨ ਮਹੇਸ਼ੀ-
ਰਾਮ ਰੂਪ ਕਰਮ ਕਨ੍ਹਾਈ.
ਜਗ ਪਾਲਕ ਵਿਸ਼ਨੂ ਮਾਹੀ।

ਗੁਰ ਪੂਰੇ ਅੰਤਰਜਾਮੀ-
ਸਰਵਕਲਾ ਸਮਰਥ ਸੁਆਮੀ.
ਸੱਚ ਸੁੱਚ ਦੇ ਸੌਦਾਗਰ-
ਬਖ਼ਸ਼ ਮਧੁਰ ਨਾਮ ਅਨਾਮੀ.
ਔਘਟ ਘਾਟ ਬਿਖਤਾ ਪੈਂਡਾ-
ਕਰ ਦੇਂਦੇ ਸਰਲ ਕਰ ਅਗਵਾਈ.
ਬਣ ਰਬੀ ਰਹਿਬਰ ਮਾਹੀ।

ਸਭ ਜੂਠ ਝੂਠ ਛਡੋ-
ਦੂਰ ਗੁਣ ਦਿਲਾਂ 'ਚੋਂ ਕੱਢੋ.
ਅਪਣਾਕੇ ਸਦਗੁਣਾਂ ਨੂੰ-
ਪਾਪਾਂ ਨੂੰ ਮੂਲੋਂ ਵੱਢੋ.
ਮਨਮੁਖਾ ਨਾਲ ਭੁਲ ਕੇ-
ਕਰਨਾ ਨਾ ਮਿਤਰਤਾਈ.
ਕਿਹਾ ਗੁਣ ਨਿਧਾਨ ਮਾਹੀ।

ਵਿੱਚ ਗ੍ਰਿਹਸਤ ਦੇ ਬੈਰਾਗੀ-
ਤਪੀ ਤਪੀਸ਼ਵਰ ਤਿਆਗੀ.
ਲਾ ਹਿੱਕ ਸੰਗ ਅਨੁਰਾਗੀ-
ਬਣਾ ਦਿੱਤੇ ਸਭ ਵਡਭਾਗੀ.
ਪੌਰੀਂ ਦਿਖਾਈ ਸੱਜਨ-
ਕਰ ਕੇ ਤੇ ਰਹਿਨੁਮਾਈ.
ਬ੍ਰਹਮ ਰੂਪ ਮਾਹੀ।

ਗਗਨੋਂ ਵਿਸ਼ਾਲ ਸਤਿਗੁਰ-
ਸੀ ਪ੍ਰੀਤਾਂ ਦੇ ਪੈਗੰਬਰ.
ਸੱਚ ਦੀ ਸੁਧਾ ਪਿਲਾ ਕੇ-
ਕਰ ਦਿੱਤਾ ਰੋਸ਼ਨ ਅੰਦਰ.
ਪਾ ਮਿਕਨਾਤੀਸੀ ਖਿੱਚਾਂ-
ਗੁਰ ਮਰਯਾਦਾ ਫਿਰ ਚਲਾਈ.
ਯੁਗ ਪੁਰਖ ਪਿਆਰੇ ਮਾਹੀ।

Namdhari Elibrary NamdhariElibrary@gmail.com

ਵੰਡ ਰੱਖੀ ਦਾਤ ਅਮੁੱਲੀ-
ਅੰਦਰ ਦੀ ਖਿੜਕੀ ਖੁੱਲ੍ਹੀ,
ਮੋਹ ਮਮਤਾ ਮਾਇਆ ਭੁਲੀ-
ਸੱਚ ਦੀ ਸੌਗਾਤ ਤੁੱਲੀ,
ਭਰੇ ਨਾਮ ਦੇ ਭੰਡਾਰੇ-
ਅਨਲਥਵੀਂ ਮਤ ਸੀ ਛਾਈ,
ਦੇ ਗਿਆਨ ਚਕਸ਼ੂ ਮਾਹੀ।

ਸਿਰਮੌਰ ਗੁਰ ਪੈਗੰਬਰ-
ਹਿਰਦੇ ਵਿਸ਼ਾਲ ਅੰਬਰ,
ਧੌਸ ਵੱਸ ਗਏ ਜਿਸਦੇ ਅੰਦਰ
ਦਿੱਤੇ ਮਿਟਾ ਆਡੰਬਰ
ਅਕਲ ਦੀ ਸ਼ਕਲ ਬਦਲੀ
ਬਖਸ਼ੀ ਜਿਤੀ ਦਾਨਾਈ
ਗੁਣ ਗਿਆਨ ਗੰਗਾ ਮਾਹੀ।

ਫੂਕਣ ਲਈ ਹਉਮੈ ਲੰਕਾ-
ਸ਼ਕਤੀ ਦਾ ਫੂਕ ਡੰਕਾ,
ਭਰਮਾਂ ਦੇ ਕੋਟ ਢਾਹੇ-
ਮਨ ਵਿੱਚ ਰਹੀ ਨ ਸ਼ੰਕਾ,
ਵਿਸ਼ਿਆਂ ਨੂੰ ਖੰਭ ਲੱਗੇ-
ਦਿੱਤੇ ਨਾ ਫਿਰ ਦਿਖਾਈ,
ਜਦ ਮਿਹਰ ਕੀਤੀ ਮਾਹੀ।

ਪਰੀ ਪੂਰਨ ਸੱਚੇ ਸਤਿਗੁਰ-
ਬ੍ਰਹਮ ਗਿਆਨ ਦੇ ਪਵਿੱਤਰ,
ਅਜਪਾ ਜਾਪ ਦਸਿਆ-
ਹੁੰਦਾ ਸਦਾ ਨਿਰੰਤਰ,
ਮਨ ਮਣਕੇ ਬਣੇ ਸਿਮਰਨ-
ਐਸੀ ਬਿਧੀ ਬਤਾਈ,
ਨਿਰਗੁਣ ਸਾਕਾਰ ਮਾਹੀ।

ਗੁਰੂ ਸੱਚੇ ਪਾਤਸ਼ਾਹ-
ਪਾਈ ਜਿਸ ਤੇ ਨਿਗਾ,
ਕਰ ਦਿੱਤਾ ਰੰਕੋ ਸ਼ਾਹ-
ਮਿਲੀ ਉਸਨੂੰ ਰੱਬੀ ਰਾਹ,
ਅਨਹਕੀ ਧੁੰਨ ਗੂੰਜੀ-
ਬਣੀ ਨਿਜਰੂਪ ਖੁਦਾਈ,
ਭੈ ਭੰਜਨ ਸੋਹਣੇ ਮਾਹੀ।

ਗੁਰੂ ਮਾਖਿਓਂ ਮਿੱਠੇ ਬੋਲ-
ਦਿੰਦੇ ਭੇਦ ਅਗਮ ਦਾ ਖੋਹਲ,
ਦਿਸਦਾ ਜੋ ਵਸਦਾ ਕੋਲ-
ਨਾਮ ਅੰਮ੍ਰਿਤ ਪੀਂਦਾ ਘੋਲ,
ਲੈ ਸੱਚ ਦਾ ਸੌਦਾ ਤੋਲ-
ਰਹਿੰਦੀ ਨਾ ਊਣਤਾਈ,
ਅਨਾਥਾਂ ਦੇ ਨਾਥ ਮਾਹੀ।

ਗੁਰੂ ਸੱਚੇ ਜਾਣੀ ਜਾਣ-
ਬਣੇ ਨਿਮਾਣਿਆਂ ਦੇ ਮਾਣ,
ਨਿਥਾਵਿਆਂ ਦੇ ਥਾਂਵ-
ਨਿਤਾਣਿਆਂ ਦੇ ਤਾਣ,
ਨਿਓਟਿਆਂ ਦੀ ਓਟ-
ਸਭਦੇ ਬਣੇ ਸਹਾਈ,
ਬ੍ਰਹਮ ਸ਼ਬਦ ਸਗੁਣ ਮਾਹੀ

ਸਤਿਗੁਰੂ ਦੀਨ ਦਿਆਲ-
ਨਭ ਵਰਗੇ ਸੁਅੱਛ ਵਿਸ਼ਾਲ,
ਸੱਚ-ਸੇਵਾ ਸਿਦਕ ਸਿਮਰਨ-
ਬਖਸ਼ਣ ਕਰਨ ਨਿਹਾਲ,
ਹੋਈ ਹਉਮੈ ਟੋਟੇ ਟੋਟੇ-
ਜਿਹੀ ਬਖਸ਼ੀ ਨਿਮਰਤਾਈ,
ਦਇਆ ਦੇ ਸੋਮੇ ਮਾਹੀ।

ਸਤਿਗੁਰੂ ਜਿਧਰ ਤੁਰਦੇ-
ਚਰਨ-ਧੂਲ ਚੁੰਮਦੇ ਮੁਰਦੇ,
ਥਰ ਥਰ ਯਮਦੂਤ ਡਰਦੇ-
ਆ ਤਕਦੇ ਦਿਓ ਤੇ ਧੁਰਦੇ,
ਲੈ ਕੇ ਅਸੀਸਾਂ ਮੁੜਦੇ-
ਦਰਸ਼ਨ ਕਰੇ ਖੁਦਾਈ,
ਰੱਬ ਰੂਪ ਸੋਹਣੇ ਮਾਹੀ।

ਗੁਰਾਂ ਜਿਸ ਨੂੰ ਬਖਸ਼ੀ ਸ੍ਵਾਂਤੀ-
ਸੱਚ ਸਿੱਪੀ ਬਣੇ ਮੋਤੀ,
ਰੂਹ ਉਸ ਦੀ ਗਈ ਧੋਤੀ-
ਜਗ ਪਈ ਅੰਦਰ ਜੋਤੀ,
ਚਿੱਤ ਚੋਰ ਤਕਿਆ ਅੰਦਰ-
ਮਿਲ ਗਈ ਮੁਰਾਦ ਚਾਹੀ,
ਸਦ ਕਲ ਪਤਰੂ ਮਾਹੀ।

ਜੋ ਆਇਆ ਬੁਣ ਮੁਤਲਾਸ਼ੀ-
ਕਟ ਦਿਤੀ ਲਖ ਚੁਰਾਸੀ,
ਰਾਸ਼ੀ ਬਦਲ ਕੇ ਉਸਦੀ-
ਅੰਦਰ ਦਿਖਾਇਆ ਕਾਸੀ,
ਜੀਵਤ ਹੀ ਮਾਰ ਉਸ ਨੂੰ-
ਰੂਹ ਨਵੀਂ ਹੱਥ ਫੜਾਈ,
ਬਣ ਕਾਮਧੇਨੂੰ ਮਾਹੀ।

ਜਿਸਦੀ ਪਕੜ ਲਈ ਬਾਂਹ-
ਉਹ ਕਰ ਨਾ ਸਕਿਆ ਨਾਂਹ,
ਤਕਿਆ ਨ ਉਸ ਪਿਛਾਂਹ-
ਗਿਆ ਵਧਦਾ ਹੀ ਅਗਾਂਹ,
ਦਿਨੋ ਦਿਨ ਫੁਲਿਆ ਫਲਿਆ-
ਜਿਹੀ ਪ੍ਰੇਮ ਪਿਊਂਦ ਲਾਈ,
ਬਣ ਬਾਗਬਾਨ ਮਾਹੀ।

ਰਸ ਭਿੰਨੀ ਐਸੀ ਰੌਸਨਾ-
ਰਲ ਮਿਲ ਕੇ ਦਸਿਆ ਵਸਣਾ,
ਮਨ ਦੀ ਲਗਾਮ ਕੱਸਣਾ-
ਬਣ ਕਮਲ ਸਦਾ ਹੱਸਣਾ,
ਮੋਹ ਮਮਤਾ ਵਿੱਚ ਨਾ ਫੱਸਣਾ-
ਕਰਨ ਸਦਾ ਭਲਾਈ,
ਸਰਬਤ ਦੇ ਸਾਂਝੇ ਮਾਹੀ।

ਕੀਤਾ ਜਿਹਨੂੰ ਪਸੰਦ-
ਉਹਨੂੰ ਬਖਸ਼ ਪਰਮਾਨੰਦ,
ਜੰਮਣ ਤੇ ਮਰਨ ਵਾਲਾ-
ਉਸਦਾ ਮੁਕਾਇਆ ਪੰਧ,
ਭਰ ਸੱਚ ਦੀ ਸੁਗੰਧ-
ਵਿਚ ਸ਼ਬਦ ਸੁਰਤਿ ਮਿਲਾਈ,
ਸੁਖ ਸਿੰਧੂ ਸੋਹਣੇ ਮਾਹੀ।

ਜਿਸਨੂੰ ਬਿਠਾਇਆ ਕੋਲ-
ਬਖਸ਼ ਦਾਤ ਅਨਮੋਲ,
ਤੀਜਾ ਨੇਤਰ ਦਿਤਾ ਖੋਹਲ-
ਚਰਣਾਮ੍ਰਿਤ ਪਿਲਾਇਆ ਘੋਲ,
ਭਰ ਦਿੱਤੀ ਖਾਲੀ ਝੋਲ-
ਕੀਮਤ ਨ ਜਾਏ ਪਾਈ,
ਧਨੀਆਂ ਦੇ ਧਨੀ ਮਾਹੀ।

ਗੁਰਮੁਖ ਜੋ ਬਣਿਆ ਬਰਦਾ-
ਅੰਦਰ ਦਾ ਖੁਲ੍ਹਿਆ ਪਰਦਾ,
ਬਣ ਕੇ ਤੇ ਭਗਤ 'ਹਰਿ ਦਾ-
ਸਦਾ ਨਾਮ ਹੀ ਸਿਮਰਦਾ,
ਬਿਨ ਬੇੜੀ ਸਿੰਧੂ ਤਰਦਾ-
ਹੁੰਦੀ ਸਫਲ ਕਮਾਈ,
ਜੋਤੀ ਸਰੂਪ ਮਾਹੀ।

Namdhari Elibrary NamdhariElibrary@gmail.com

ਸਤਿਗੁਰਾਂ ਤੇ ਜੋ ਡੁਲ੍ਹਿਆ-
ਬਜਰ ਕਪਾਟ ਖੁਲ੍ਹਿਆ,
ਮਸਤੀ ਮਿਲੀ ਨਿਰਾਲੀ-
ਸੁੱਧ ਬੁੱਧ ਹੀ ਆਪਣੀ ਭੁਲਿਆ,
ਮੁਕ ਗਏ ਪੁਆੜੇ ਜਗ ਦੇ-
ਤ੍ਰਿਸ਼ਨਾ ਤ੍ਰਿਖਾ ਬੁਝਾਈ,
ਸਤਿਨਾਮ ਰੂਪ ਮਾਹੀ।

ਜੋ ਬਣੇ ਸਤਿਗੁਰ ਸ਼ਮਾ ਪਤੰਗੇ-
ਉਂਹ ਰਹਿ ਨਾ ਭੁੱਖੇ ਨੰਗੇ,
ਟੰਗ ਉਸਤਤ ਨਿੰਦਾ ਛਿੱਕੇ-
ਗਏ ਨਾਮ ਰੰਗ ਰੰਗੇ,
ਰਹਿ ਜਗ 'ਚ ਜਗੋਂ ਵਖਰੇ-
ਜਲ ਵਿਚ ਜਿਵੇਂ ਮੁਰਗਾਈ,
ਅਨਭਵੀ ਖੋਜੀ ਮਾਹੀ।

ਸਤਿਗੁਰੂ ਬਚਨ ਰਬਾਨੀ-
ਬਖ਼ਸ਼ਣ ਨਸ਼ਾ ਰੂਹਾਨੀ,
ਪਾਗਲ 'ਚ ਸਮਤਾ ਗਾਨੀ-
ਪਾ ਲੈਂਦੇ ਦਿਲ ਦਾ ਜਾਨੀ,
ਬਣ ਚਰਣ ਕਮਲ ਭੌਰੇ-
ਤਕ ਲੈਂਦੇ ਧੁਰ ਉਚਿਆਈ,
ਜੀਵਨ ਆਧਾਰ ਮਾਹੀ।

ਗੁਰ ਜਿਸ ਤੇ ਦ੍ਰਿਸ਼ਟੀ ਪਾਂਦੇ,
ਨਿਜ ਘਰ ਹਰਿ ਦਿਖਾਂਦੇ-
ਸਭ ਵਿਤਕਰੇ ਮਿਟਾਂਦੇ,
ਅੰਮ੍ਰਿਤ ਜਿਹਾ ਪਿਆਂਦੇ-
ਭੈ ਭੂਤ ਸਭ ਨਸਾਂਦੇ,
ਉਤਰਨ ਆਕਾਸ਼ੋਂ ਤਾਰੇ-
ਕਰਨ ਲਈ ਰੋਸ਼ਨਾਈ,
ਦੁਰਗਤੀ ਨਾਸ਼ਕ ਮਾਹੀ।

ਸਤਿਗੁਰੂ ਜਿਸ ਨੂੰ ਮਿਲਦੇ-
ਦਿਲ ਵਾਂਗ ਕਮਲ ਖਿਲਦੇ,
ਲਭ ਲੈਣ ਭਾਵ ਦਿਲ ਦੇ-
ਨਾ ਵਾਂਗ ਹਿਮਾਲਾ ਹਿਲਦੇ,
ਮੋਹ ਮਮਤਾ ਸਿਕੜ ਛਿਲਦੇ-
ਲੂੰ ਲੂੰ ਦੀ ਕਰਨ ਸਫਾਈ,
ਸੁੱਧ ਪਾਰੀ ਜਾਤ ਮਾਹੀ।

ਜਿਸ ਸਿੱਖ ਤੇ ਬਖ਼ਸ਼ਸ਼ ਕਰਦੇ-
ਉਹਦੀ ਖਾਲੀ ਝੋਲੀ ਭਰਦੇ,
ਸਭ ਕੁਸ਼ਟ ਕਲੇਸ਼ ਹਰਦੇ-
ਕਜ ਲੈਂਦੇ ਉਸਦੇ ਪਰਦੇ,
ਦੁੱਖ ਭੁੱਖ ਨਾ ਕਦੇ ਉਸਨੂੰ-
ਜਿੰਦਗੀ 'ਚ ਦੇ ਦਿਖਾਈ,
ਕਸ਼ਟ ਵਿਮੋਚਨ ਮਾਹੀ।

ਗੁਰੂ ਕਰਨ ਜਾ ਮਿਲਾਪ-
ਕਰਨ ਆਪਣੇ ਵਰਗਾ ਆਪ,
ਪਲ ਵਿਚ ਹੀ ਉਡਨ ਪਾਪ-
ਲਗੇ ਪ੍ਰੇਮ ਦੀ ਐਸੀ ਛਾਪ,
ਮਿਟ ਜਾਂਦੇ ਤਿਨੇ ਤਾਪ-
ਜੋ ਕਦੇ ਨਾ ਜਾਏ ਮਿਟਾਈ,
ਦਿੰਦੇ ਭਰ ਭਰ ਪਿਆਲੇ ਮਾਹੀ।

ਜਿਸਤੇ ਰਖਦੇ ਮਿਹਰ ਹੱਥ-
ਉਹਨੂੰ ਮਿਲਦਾ ਰੱਬੀ ਰੱਥ,
ਪਾ ਆਪਣੇ ਮਨ ਨੂੰ ਨੱਥ-
ਲੈਂਦਾ ਲਭ ਰੰਗਾ ਮੱਥ,
ਤਰ ਪੈਂਦਾ ਮੁਕਤੀ ਮੱਥਨ-
ਮਿਲੇ ਸੱਚੀ ਟੇਕ ਇਲਾਹੀ,
ਚਲਤੇ ਫਿਰਤੇ ਬ੍ਰਹਮ ਮਾਹੀ।

ਜਿਹਨੂੰ ਮਿਲਦੇ ਸਤਿਗੁਰੂ ਪਿਆਰੇ-
ਬਿਗੜੇ ਕੰਮ ਜਾਣ ਸਵਾਰੇ,
ਹੁੰਦੇ ਕੌਤਕ ਅਜਬ ਨਿਆਰੇ-
ਕਦੇ ਸੋਚੇ ਨਹੀ ਵਿਚਾਰੇ,
ਰਹਿੰਦੇ ਭਰਪੂਰ ਭੰਡਾਰੇ-
ਨਾ ਦਿੰਦੀ ਕਮੀ ਦਿਖਾਈ,
ਕਰਨੋ ਵੱਧ ਦਾਨੀ ਮਾਹੀ।

ਸੱਚੇ ਸਤਿਗੁਰੂ ਮੌਜੀ ਠਾਕੁਰ-
ਦਿੰਦੇ ਜਿਸ ਤੇ ਮਿਹਰ ਦਾ ਹੱਥ ਧਰ,
ਭੈ ਭੀਤ ਨਾ ਯਮ 'ਤੋਂ ਹੁੰਦਾ-
ਹਰਿ ਪਾ ਲੈਂਦਾ ਉਹ ਨਿਜ ਘਰ,
ਨਾ ਜੰਗਲ ਬੇਲੇ ਛਾਣੇ-
ਨਾ ਘੜੇ ਕਿਲੇ ਹਵਾਈ,
ਰੰਗ ਰੂਪ ਤੋਂ ਨਿਆਰਾ ਮਾਹੀ।

ਸਤਿਗੁਰ ਉਹ ਨਿਰਮਲ ਦਰਪਣ-
ਜਿਥੋਂ ਹੁੰਦੇ ਪ੍ਰਭ ਦੇ ਦਰਸ਼ਨ,
ਨੈਣਾਂ ਵਿਚ ਜਿਹਾ ਆਕਰਸ਼ਣ-
ਨਿਜ ਰੂਪ ਹੀ ਦਿਸਦੇ ਸੱਜਨ,
ਪਏ ਦੀਦੇ ਦੀਦ ਲਈ ਤਰਸਣ-
ਪਲਕਾਂ ਵਿਚ ਪ੍ਰੀਤ ਸਿਮਾਈ,
ਮਨ ਭਾਵਨ ਪ੍ਰੀਤਮ ਮਾਹੀ।

ਗੁਰਾਂ ਅਮਿਓ ਪਿਆਲ ਦਿਤਾ-
ਇਕ ਘੁਟ ਵੀ ਜਿਸ ਨੇ ਪੀਤਾ,
ਮਨ ਚੰਚਲ ਵੱਸ ਕਰ ਲੀਤਾ-
ਨਿਜ ਘਰ ਹਰਿ ਦਰਸ਼ਨ ਕੀਤਾ,
ਤਿਨੇ ਤਾਪ ਨਾ ਨਜ਼ਰੀ ਆਏ-
ਰੂਹਾਨੀ ਮਸਤੀ ਛਾਈ,
ਸਦਾ ਸਰਵਦਾ ਅੰਗ ਸੰਗ ਮਾਹੀ।

ਜਿਹੜਾ ਗੁਰੂ ਸਿਖ ਬਣਿਆ ਦਾਸ-
ਯੁਗ ਯੁਗ ਦੀ ਮਿਟੀ ਪਿਆਸ,
ਨਾ ਰਹੀ ਬਿਗਾਨੀ ਆਸ-
ਹਰਿ ਤਕਿਆ ਆਪਣੇ ਪਾਸ,
ਕਦਮਾਂ ਵਿਚ ਵਿੱਛ ਗਏ ਤਾਰੇ-
ਜਿਨ੍ਹਾਂ ਜਗ ਮਗ ਜੋਤ ਜਗਾਈ,
ਜੋਤਾਂ ਦੇ ਮਾਲਕ ਮਾਹੀ।

ਹੋਏ ਜਿਸ ਤੇ ਸਤਿਗੁਰ ਦਿਆਲ-
ਕੀਤਾ ਨਦਰੀ ਨਦਹ ਨਿਹਾਲ,
ਪਲ ਵਿਚ ਹੀ ਮਾਲੋਂ ਮਾਲ-
ਹੋਇਆ ਮੁਸ਼ਕਿਲ ਹਲ ਸਵਾਲ-
ਦਿਲ ਬਣਿਆ ਗਗਨ ਵਿਸ਼ਾਲ,
ਐਸੀ ਸੱਚ ਸੁਧਾ ਪਿਲਾਈ,
ਸਦਗਤੀ ਪ੍ਰਦਾਤਾ ਮਾਹੀ।

ਬਖਸ਼ ਸਤਿਗੁਰ ਪ੍ਰੇਮਾ ਭਗਤੀ-
ਮਿਲੀ ਸਿਰ ਦੇ ਭਾਅ ਜੋ ਮਸਤੀ,
ਚੜ੍ਹੀ ਐਸੀ ਨਾਮ ਖੁਮਾਰੀ-
ਹਉਮੈ ਦੀ ਮਿਟ ਗਈ ਹਸਤੀ,
ਹੋਈ ਨਿਰਮਲ ਦਿਲ ਦੀ ਤਖਤੀ-
ਲਿਖੀ ਉਸ ਜਿਹੀ ਲਿਖਾਈ,
ਫੜ ਲੇਖਨੀ ਹੱਥ ਵਿੱਚ ਮਾਹੀ।

ਗੁਰ ਪੂਰੇ ਰੱਬੀ ਨੂਰ-
ਜਿਹਾ ਭਰਦੇ ਬ੍ਰਹਮ ਸਰੂਰ,
ਮਿਟ ਜਾਂਦੇ ਕਲਾ ਕਲੇਸ਼-
ਕਰ ਹਉਮੈ ਚਕਨਾ ਚੂਰ,
ਰਹਿਮਤ ਦੀ ਵਰਖਾ ਕਰਦੇ-
ਲਾ ਜਾਂਦੀ ਖੁਸ਼ੀ ਸਮਾਈ,
ਮਿਹਰਾਂ ਦਾ ਮਾਲਕ ਮਾਹੀ।

Namdhari Elibrary NamdhariElibrary@gmail.com

ਜਦ ਬਖਸ਼ਨ ਪੈਂਤਾ ਮੱਖਨੀ-
ਹੌਂਦੀ ਪਾਵਨ ਘੜੀ ਸੁਲੱਖਨੀ,
ਬ੍ਰਹਮ ਗਿਆਨ ਦੇ ਵੰਡ ਵੰਡ ਮੋਤੀ-
ਭਰ ਦਿੰਦੇ ਝੋਲੀ ਸੱਖਣੀ,
ਗੁਰ ਬਿਨ ਨਾ ਸੱਚਾ ਸੱਜਨ-
ਅੰਤ ਸਮੇਂ ਜੋ ਬਣੇ ਸਹਾਈ,
ਭਵਤਾਰਣ ਹਾਰਾ ਮਾਹੀ।

ਜਿਹੀ ਸਤਿਗੁਰਾਂ ਦੱਸੀ ਟੁੱਬੀ-
ਜਿੰਦ ਨਿਕਲੀ ਅਜਾਬੋ ਖੁੱਭੀ,
ਪ੍ਰਭ ਸਿਮਰਨ ਵਿਚ ਜਿਹੀ ਖੁੱਭੀ-
ਗਲ ਜਾਏ ਨਾ ਦੂਜੀ ਸੁੱਝੀ,
ਹੋਏ ਐਸੇ ਲਾਵਾਂ ਫੇਰੇ-
ਦਿੱਸੇ ਇਕੋ ਸੇਜ ਵਿਛਾਈ,
ਸਰਵਤਰ ਇਕ ਰਸ ਮਾਹੀ।

ਗੁਰੂ ਬਖਸ਼ ਨਾਮ ਮੁਸਕਾਨਾਂ-
ਲਾਸ਼ਾਂ ਵਿੱਚ ਭਰੀਆਂ ਜਾਨਾਂ,
ਚੁੰਮ ਚਰਣ ਕਮਲ ਤੂਫਾਨਾਂ-
ਸਭ ਦਿਤੀਆਂ ਪੂਰ ਨੀਵਾਨਾਂ,
ਕਰ ਦਿਤੀ ਸਮਤਲ ਧਰਤੀ-
ਕੋਈ ਨਜ਼ਰ ਨਾ ਆਈ ਖਾਈ,
ਭਗਤ ਵਤਸਲ ਪਿਆਰੇ ਮਾਹੀ।

ਹੋਏ ਜਿਸ ਤੇ ਸਤਿਗੁਰ ਦਿਆਲ-
ਟੁਟਿਆ ਮੋਹ ਮਮਤਾ ਜਾਲ,
ਹੋਇਆ ਪ੍ਰਭ ਦੇ ਨਾਲ ਵਸਾਲ-
ਸਦਾ ਰਾਖੀ ਕਰਦਾ ਕਾਲ,
ਲੈ ਜਾਂਦਾ ਸੱਚ ਖੰਡ ਨਾਲ-
ਫੜ ਕੇ ਤੇ ਆਪ ਕਲਾਈ,
ਸੱਚ ਖੰਡ ਦਾ ਸੁਆਮੀ ਮਾਹੀ।

ਜਿਹਦਾ ਸਤਿਗੁਰ ਪਲਟਿਆ ਪਾਸਾ-
ਤੱਕੇ ਅੰਦਰ ਹਰਿ ਦਾ ਵਾਸਾ,
ਬਣ ਜਾਂਦੇ ਹੰਜੂ ਹਾਸਾ-
ਮਨ ਰਹਿ ਨਾ ਕਦੇ ਪਿਆਸਾ,
ਟੁਟੇ ਕਰਮਾਂ ਦਾ ਕਾਸਾ-
ਮਿਟ ਜਾਂਦੀ ਆਵਾਜਾਈ,
ਸ਼ੁੱਧ ਜੋਤ ਨਿਰੰਜਨ ਮਾਹੀ।

ਜਿਹਨੂੰ ਸੱਚਾ ਸਤਿਗੁਰ ਮਿਲਿਆ-
ਉਹਦਾ ਦਸਵਾ ਦੁਆਰਾ ਖੁਲ੍ਹਿਆ,
ਬ੍ਰਹਮ ਆਪੇ ਉਸ ਤੇ ਡੁਲ੍ਹਿਆ-
ਲਭ ਲੀਤਾ ਮਾਰਗ ਭੁੱਲਿਆ,
ਰਾਹ ਰੋੜੇ ਕਰਨ ਸਲਾਮਾਂ-
ਜਿਸ ਪਾਸੇ ਜਾਂਦਾ ਰਾਹੀ,
ਪਥ ਪ੍ਰਦਰਸ਼ਕ ਰਾਹੀ।

ਜਿਹਨੂੰ ਦਿਤੀ ਗੁਰਾਂ ਪਨਾਹ-
ਕੋਈ ਮਨ 'ਚ ਰਹੀ ਨਾ ਚਾਹ,
ਮਿਲਿਆ ਸੱਚ ਸੁੱਖ ਦਾ ਸਾਹ-
ਆਪ ਆਪਣਾ ਬਣੇ ਗਵਾਹ,
ਪ੍ਰਭੂ ਮਿਲਿਆ ਅਗਮ ਅਥਾਹ-
ਹੋਇਆ ਉਸ ਤੇ ਫਜ਼ਲ ਇਲਾਹੀ,
ਯਗ ਦਰਸ਼ਟਾ ਸੱਚਾ ਮਾਹੀ।

ਪੂਰਨ ਸਤਿਗੁਰ ਪਰਬੀਨ-
ਜਦ ਭਰਦੇ ਭਾਵ ਨਵੀਨ,
ਹੋ ਸੁਰਤ ਸ਼ਬਦ ਵਿਚ ਲੀਨ,
ਗੁਰਮੁਖ ਲੈ ਆਪਾ ਚੀਣ-
ਵਿਸ਼ੇ ਵਿਸ਼ਧਰ ਵਸ ਵਿਚ ਹੁੰਦੇ,
ਦਿੰਦੀ ਅਨਹਦ ਧੁਨ ਸੁਣਾਈ-
ਗਿਆਨ ਚਕਸ਼ੂ ਖੋਲ੍ਹੇ ਮਾਹੀ।

ਜਿਹਨੂੰ ਸਤਿਗੁਰ ਲੈਂਦੇ ਫੜ-
ਉਹ ਜਾਂਦਾ ਸ਼ਿਕੰਜੇ ਕੜ,
ਮਨ ਦੀ ਮੁੰਦਰੀ ਅੰਦਰ-
ਪ੍ਰੀਤਮ ਨੂੰ ਲੈਂਦਾ ਜੜ,
ਪ੍ਰੀਤਾਂ ਦਾ ਸੋਮਾਂ ਫੁਟਦਾ-
ਜੋ ਆਉਂਦਾ ਸਰਣਾਈ,
ਸ਼ਰਣਾਗਤ ਸ਼ਿਰੋਮਣੀ ਮਾਹੀ।

ਜੋ ਸਤਿਗੁਰ ਬਣੇ ਮੁਰੀਦ-
ਕਰਨ ਅੰਦਰ ਪ੍ਰਭ ਦੀ ਦੀਦ,
ਰਹਿ ਅੱਠੋ ਪਹਿਰ ਹੀ ਈਦ-
ਹੋਈ ਪੂਰੀ ਤੁਰੰਤ ਉਮੀਦ,
ਕਰੇ ਉਸਦਾ ਦਿਲ ਵਿਚ ਦਰਸ਼ਨ-
ਇਹ ਰਚਨਾ ਜਿਨ ਬਣਾਈ,
ਭਵਸਿੰਧੁ ਤਾਰਕ ਮਾਹੀ।

ਸਤਿਗੁਰਾਂ ਦੇ ਜੋ ਅਧੀਨ-
ਸਦਾ ਵਿਚਰੇ ਉਹ ਸੁਆਧੀਨ,
ਨਿਜ ਆਪਾ ਲੈਂਦਾ ਚੀਣ-
ਰਹਿ ਬ੍ਰਹਮ ਦੇ ਵਿੱਚ ਤੱਲੀਨ-
ਸਾਗਰ ਵਿੱਚ ਜਿਕਨ ਮੀਨ,
ਜਿਵੇਂ ਵਸਤਰ ਵਿੱਚ ਸਿਲਾਈ-
ਤਿਆਗੀ ਵੈਰਾਗੀ ਮਾਹੀ।

ਜਿਸ ਸੁਰਤ ਗੁਰਾਂ ਵਿਚ ਜੋੜੀ-
ਰੂਹ ਰੱਬ ਵਿਚ ਐਸੀ ਜੋੜੀ,
ਨਾ ਦਿਸਦੀ ਵਖ ਵਖ ਜੋੜੀ-
ਸੱਚ ਖੰਡ ਦੀ ਦਿੱਸੇ ਪੌੜੀ,
ਮਿਲੇ ਮੁਕਤੀ ਦੌੜੀ ਦੌੜੀ-
ਸਭ ਦਰਸ਼ਨ ਕਰੇ ਲੋਕਾਈ,
ਦਿਬਦ੍ਰਿਸ਼ਟਾ ਸੱਚਾ ਮਾਹੀ।

ਜਿਹਦੇ ਦਿਲ ਵਿੱਚ ਸਤਿਗੁਰ ਵੱਸੇ-
ਉਹਨੂੰ ਮੋਹ ਮਾਇਆ ਨਾ ਗ੍ਰੱਸੇ,
ਨਾ ਹਉਮੈ ਫੱਨੀਅਰ ਡੱਸੇ-
ਉਥੋਂ ਮੌਤ ਕੁਲਹਿਣੀ ਨੱਸੇ,
ਲੂੰ ਲੂੰ ਚੋਂ ਤੂੰ ਤੂੰ ਗੂੰਜੇ-
ਰਹੀ ਪਲ ਪਲ ਮਸਤੀ ਛਾਈ,
ਸਰਵਤਰ ਵਿਆਪਕ ਮਾਹੀ।

ਸਤਿਗੁਰੂ ਜਿਹਾ ਨਾ ਤੱਕਿਆ-
ਲਭ ਸਾਰਾ ਆਲਮ ਥੱਕਿਆ,
ਜਿਹੇ ਰਤਨ ਅਮੁੱਲੇ ਦਿੱਤੇ-
ਮੁਲ ਜਿਹਨਾਂ ਦਾ ਦੇ ਨਾ ਸਕਿਆ,
ਸਮਤਾ ਦੇ ਦਰਸ਼ਨ ਹੋਏ-
ਸਭ ਵਿਸਰੀ ਤਾਤ ਪਰਾਈ,
ਨਿਜ ਰੂਪ ਹੀ ਦਿਸਿਆ ਮਾਹੀ।

ਗੁਰ ਪੂਰੇ ਰੱਖੀ ਰਹਿਬਰ-
ਚਲਦੇ ਫਿਰਦੇ ਪਰਮੇਸ਼ਵਰ,
ਕਰਨ ਜਿਸ ਤੇ ਦਇਆ ਦ੍ਰਿਸ਼ਟੀ-
ਕਰੇ ਅਨੁਭਵ ਅਕੱਥ ਅਗੋਚਰ,
ਜਿਹੀ ਅੱਗ ਇਸ਼ਕ ਦੀ ਮਘਦੀ-
ਦਿੰਦਾ ਦਿਲਦਾਰ ਦਿਖਾਈ,
ਦਿਲਬਰ ਦਿਲਜਾਨੀ ਮਾਹੀ।

ਜਦ ਨਜ਼ਰ ਮਿਲਾਂਦੇ ਜਾਨੀ-
ਚੜ੍ਹ ਜਾਂਦਾ ਨਸ਼ਾ ਨੂਰਾਨੀ,
ਲੈਂਦਾ ਇੰਜ ਸਮੋ ਨਿਜਤਾ ਵਿੱਚ-
ਜਿਵੇਂ ਪਾਣੀ ਮਿਲਦਾ ਪਾਣੀ,
ਇਕੋ ਹੀ ਨਜ਼ਰੀਂ ਪੈਂਦਾ-
ਦੂਜਾ ਨਾ ਦੇ ਦਿਖਾਈ,
ਹੈ ਇਕੋ ਇਕ ਹੀ ਮਾਹੀ।

ਜਿਥੇ ਸਤਿਗੁਰ ਚਰਣ ਟਿਕਾਉਂਦੇ-
ਓਥੋਂ ਦੇ ਭਾਗ ਜਗਾਉਂਦੇ,
ਬਸ ਇਕੋ ਅਲਫ਼ ਪੜ੍ਹਾਉਂਦੇ-
ਨਾ ਦੂਜੀ ਗਲ ਫੁਰਮਾਉਂਦੇ,
ਤੋੜ ਅਰਸ਼ੋਂ ਤਾਰੇ ਲਿਆਉਂਦੇ-
ਹੈ ਪੂਰਨ ਸਤਿਗੁਰ ਸੋਈ,
ਜੋ ਮੁੱਖ ਤੋਂ ਲਾਹਵੇ ਲੋਈ-
ਮਿਲੇ ਧੁਰ ਦਰਗਾਹ ਵਿਚ ਢੋਈ,
ਦਿੱਸੇ ਨਾ ਕੌਣ ਤੇ ਕੋਈ-
ਮਿਟੇ ਅੰਤਰ ਆਪਾ ਪਰਦਾ,
ਕਰੇ ਵੈਰੀ ਮਿੱਤਰ ਤਾਈ-
ਬਣੇ ਜੀਵਨ ਜੋਤੀ ਮਾਹੀ।

■

Namdhari Elibrary NamdhariElibrary@gmail.com

■ ਜੋਗਿੰਦਰ ਸਿੰਘ ਕੰਗ

ਸਤਵਾਰਾ

ਐਤ- ਐਤਕਾਂ ਦੇ ਹੋਲੇ, ਸਾਡਾ ਮਨ ਪਿਆ ਡੋਲੇ,
ਮਾਹੀ ਰਹਿੰਦਾ ਓਹਲੇ ਓਹਲੇ, ਨਹੀਂ ਦਰਸ ਦਿਖਾਂਵਦਾ।
ਸਾਡਾ ਕੀ ਹੋਇਆ ਹਾਲ? ਖੁੱਲੇ ਗਲ ਵਿਚ ਵਾਲ,
ਹੋਏ ਹਾਲ ਤੋਂ ਬੇ-ਹਾਲ, ਜੱਗ ਹਾਸੀ ਪਿਆ ਪਾਂਵਦਾ।

ਸੋਮ- ਸ਼ੁੱਭ ਭਾਵੇਂ ਦਿਨ, ਦੇਂਦਾ ਕਾਲਜੇ ਨੂੰ ਵਿੰਨ੍ਹ,
ਰਾਤ ਤਾਰਿਆਂ ਨੂੰ ਗਿਣ, ਮਨ ਰਾਤਾਂ ਹੈ ਟਪਾਂਵਦਾ।
ਤੇਰੇ ਬਾਝੋਂ ਪਿਆਰੇ ਕੰਤ, ਸਾਨੂੰ ਭਾਵੇ ਨਾ ਬਸੰਤ,
ਹੋਇਆ ਦੁੱਖਾਂ ਦਾ ਨਾ ਅੰਤ, ਤਨ ਬਿਰਹਾ ਹੰਡਾਂਵਦਾ।

ਮੰਗਲ-ਮੰਗਦੇ ਹਾਂ ਦਰਸ, ਖਾਓ ਸਾਡੇ ਉੱਤੇ ਤਰਸ,
ਬੀਤੇ ਸੈਂਕੜੇ ਨੇ ਬਰਸ, ਸਾਨੂੰ ਜੱਗ ਨਹੀਂ ਭਾਂਵਦਾ।
ਜਦੋਂ ਖਿੜਦੇ ਨੇ ਫੁੱਲ, ਦਿਲ ਜਾਂਦਾ ਡੁੱਲ੍ਹ ਡੁੱਲ੍ਹ,
ਕੀ ਪਿਆਰ ਦਾ ਇਹ ਮੁੱਲ? ਮਾਹੀ ਦਰਸ ਨਾ ਦਿਖਾਂਵਦਾ।

ਬੁੱਧ- ਬੁੱਧ ਨਾ ਹੀ ਸੁੱਧ, ਕੀਤਾ ਗੋਰੇ ਨਾਲ ਯੁੱਧ,
ਅਵਤਰੇ ਜ਼ਿਲ੍ਹੇ ਲੁੱਧ, ਪ੍ਰੀਤਮ ਮੁੱਖ ਨਾ ਦਿਖਾਂਵਦਾ।
ਕਿੱਥੇ ਚਿੱਠੀਆਂ ਮੈਂ ਪਾਵਾਂ? ਕੀ ਪਤਾ ਲਿਖਵਾਵਾਂ?
ਕਿੱਥੇ ਉੱਡ ਕੇ ਮੈਂ ਜਾਵਾਂ? ਗੀਤ ਬਿਰਹੋਂ ਦੇ ਗਾਂਵਦਾ।

ਵੀਰ- ਵੀਰ ਕੋਈ ਆਵੇ, ਸਤਿਗੁਰੂ ਨੂੰ ਮਿਲਾਵੇ,
ਸਾਡਾ ਬਿਰਹਾ ਮੁਕਾਵੇ, ਮਨ ਆਸਾਂ ਪਿਆ ਲਾਂਵਦਾ।
ਬੁੱਕਲ ਕੰਬਲੀ ਦੀ ਮਾਰੀ, ਗੱਡੇ ਬੈਠ ਬਨਵਾਰੀ,
ਕੀਤੀ ਗੱਡੀ ਦੀ ਸਵਾਰੀ, ਡੇਰਾ ਬਰਮਾ 'ਚ ਲਾਂਵਦਾ।

ਸ਼ੁਕਰ-ਸ਼ੁਕਰ ਮਨਾਵਾਂ, ਇਕ ਵਾਰ ਮਿਲ ਜਾਵਾਂ,
ਦਰਸ ਪ੍ਰੀਤਮ ਦਾ ਪਾਵਾਂ, ਕੋਈ ਦੱਸ ਨਹੀਂ ਪਾਂਵਦਾ।
ਕੋਈ ਦੱਸੀ ਨਾ ਤਾਰੀਕ, ਸਾਡੀ ਬਿਰਹੋਂ-ਪ੍ਰੀਤ,
ਛੇਤੀ ਮੁੜ ਆਓ ਮੀਤ, ਸਮਾਂ ਭਿਆਨਕ ਹੈ ਆਂਵਦਾ।

ਸ਼ਨੀ- ਸ਼ਨੀ ਚੱਲ ਆਇਆ, ਚੀਨੀ ਵਾਲਾ ਵਿਛੜਾਇਆ,
ਭੈਣੀ ਚੌਕੀ ਨੂੰ ਬੇਠਾਇਆ, ਨਾਗ-ਬਿਰਹਾ ਡਸਾਂਵਦਾ।
ਗਊ-ਰੱਖਿਅਕ ਬਾਂਕਾ, ਮਲੇਰ ਕੋਟਲੇ ਦਾ ਸਾਕਾ,
ਪਿਆ ਕੂਕਿਆਂ 'ਤੇ ਡਾਕਾ,"ਕੰਗ" ਪ੍ਰੀਤਮ ਨਾ ਆਂਵਦਾ।

■

■ ਹਰਭਜਨ ਸਿੰਘ 'ਰਤਨ'

ਵੱਡੇ ਪ੍ਰਤਾਪ ਵਾਲਿਆ

ਵੱਡੇ ਪ੍ਰਤਾਪ ਵਾਲਿਆ,
ਧੰਨ ਤੂੰ ਧੰਨ ਤੇਰੀ ਸੀ ਕਮਾਈ।
ਤੇਰੇ ਉਪਕਾਰਾਂ ਨੇ
ਧੁੰਮ ਵਿਚ ਦੁਨੀਆਂ ਦੇ ਪਾਈ।

ਤੂੰ ਸੈਂ ਬੇਅੰਤ ਦਾਤਿਆ,
ਤੇਰਾ ਅੰਤ ਕਿਸੇ ਨਾ ਪਾਇਆ।
ਝੋਲੀ ਭਰ ਹਾਸੇ ਲੈ ਗਿਆ,
ਤੇਰੇ ਦਰ ਤੇ ਜੋ ਅਥਰੂ ਲਿਆਇਆ।
ਉੱਡਿਆ ਹਨੇਰਾ ਪਾਪ ਦਾ,
ਤੇਰੇ ਮੁੱਖੜੇ ਦੀ ਤੱਕ ਰੁਸ਼ਨਾਈ।
ਵੱਡੇ ਪ੍ਰਤਾਪ ਵਾਲਿਆਂ ਧੰਨ ਤੂੰ
ਧੰਨ ਤੇਰੀ ਸੀ ਕਮਾਈ।

ਸੁਚ ਸੋਧ ਸਾਦਗੀ ਦਾ,
ਤੂੰ ਤਾਂ ਜਗ ਤਾਈਂ ਦਿੱਤਾ ਸੀ ਖ਼ਜ਼ਾਨਾ।
ਏਕਤਾ ਦਾ ਜਾਮ ਵੰਡਿਆ
ਸਾਰਾ ਦੇਸ਼ ਹੋਇਆ ਤੇਰਾ ਮਸਤਾਨਾ।
ਸਾਡੇ ਧੰਨ ਭਾਗ ਦਾਤਿਆ,
ਜਿੰਨਾਂ ਦੀਦ ਤੇਰੀ ਸੀ ਪਾਈ।
ਵੱਡੇ ਪ੍ਰਤਾਪ ਵਾਲਿਆਂ
ਧੰਨ ਤੂੰ ਧੰਨ ਤੇਰੀ ਸੀ ਕਮਾਈ।

ਸਮਾਜ ਚੋਂ ਬੁਰਾਈਆਂ ਕੱਢੀਆਂ,
ਮਾੜੇ ਰਸਮ ਰਿਵਾਜ ਮਿਟਾਏ।
ਘੋੜੀ, ਜੰਞਾਂ, ਵਾਜੇ ਹਟ ਗਏ
ਅਤੇ ਵਰੀਆਂ ਤੇ ਦਾਜ ਤੂੰ ਹਟਾਏ।
ਧੀਆਂ ਨੇ ਅਸੀਸਾਂ ਦੇਂਦੀਆਂ,
ਚਿੰਤਾ ਮਾਪਿਆਂ ਦੀ ਤੂੰਹੀ ਸੀ ਮਿਟਾਈ।
ਵੱਡੇ ਪ੍ਰਤਾਪ ਵਾਲਿਆ,
ਧੰਨ ਤੂੰ ਧੰਨ ਤੇਰੀ ਸੀ ਕਮਾਈ।

ਦੇਸਾਂ ਪ੍ਰਦੇਸਾਂ ਵਿਚ ਜਾ,
ਨਾਮ ਬਾਣੀ ਦਾ ਸੰਚਾਰ ਤੂੰ ਹੀ ਕੀਤਾ।
ਗੁਰਮਤ ਸੰਗੀਤ ਵਿਚ ਵੀ,
ਨਵੀਂ ਜਾਨ ਪਾ ਸੁਰਜੀਤ ਤੂੰ ਹੀ ਕੀਤਾ।
ਸਤਿਗੁਰੂ ਜਗਜੀਤ ਸਿੰਘ ਵਿਚ, '
'ਰਤਨ' ਜੋਤ ਨਜ਼ਰ ਤੇਰੀ ਸਮਾਈ।
ਵੱਡੇ ਪ੍ਰਤਾਪ ਵਾਲਿਆਂ
ਧੰਨ ਤੂੰ ਧੰਨ ਤੇਰੀ ਸੀ ਕਮਾਈ। ■

Namdhari Elibrary NamdhariElibrary@gmail.com

■ ਕਰਤਾਰ ਸਿੰਘ ਪੰਛੀ

ਮਲੇਰਕੋਟਲਾ ਦੇ ਸ਼ਹੀਦਾਂ ਦੇ ਨਾਂ

ਮੈਂ ਜਦ ਆਪਣੇ ਨਿੱਕੇ ਘਰ
ਚੋਂ ਕੱਲਰ ਵੱਲ ਨੂੰ ਆਵਾਂ।
ਏਥੋਂ ਦੇ ਹਰ ਕਣ ਚੋਂ ਵੇਖਾਂ,
ਕਿਰਨਾਂ ਦਾ ਸਿਰਨਾਵਾਂ।
ਜਿੱਥੇ ਹੋਣ ਸ਼ਹੀਦ ਸੂਰਮੇ,
ਦੇਸ਼ ਧਰਮ ਦੀ ਖ਼ਾਤਰ,
ਮੇਰੀ ਜਾਚੇ ਸਭ ਤੋ ਚੰਗੀਆਂ,
ਪੂਜਣ ਯੋਗ ਉਹ ਥਾਵਾਂ।
ਜਿਨ੍ਹਾਂ ਮਾਵਾਂ ਦੀ ਗੋਦੀ ਚੋਂ,
ਨਿੱਘ ਲਿਆ ਤੇ ਵਿਗਸੇ,
ਸੌ ਵਾਰੀ, ਲੱਖ ਵਾਰੀ ਆਖਾਂ,
ਧੰਨ ਜਣੇਂਦੀਆਂ ਮਾਵਾਂ।
ਜਿੰਨ੍ਹਾਂ ਚਾਵਾਂ ਨਾਲ ਖਿਡਾਇਆ,
ਉਹ ਭੈਣਾਂ ਤੇ ਵੀਰੇ,
ਉਹਨਾਂ ਦੇ ਪਰਿਵਾਰਾਂ ਉਤੋਂ,
ਮੈਂ ਬਲਹਾਰੇ ਜਾਵਾਂ।
ਸਾਮਰਾਜ ਦੇ ਜ਼ਾਲਮ ਹਾਕਮ,
ਥੱਕੇ ਜ਼ੋਰ ਲਗਾ ਕੇ,
ਟੋਡੀ, ਟੁੱਕੜ-ਬੋਚ ਵੀ ਹਫ ਗਏ,
ਦਿੰਦੇ ਰਹੇ ਸਜ਼ਾਵਾਂ।
ਏਸ ਜਥੇ ਦੇ ਦੇਸ਼-ਭਗਤ ਸਿੰਘ,
ਹੀਰਾ ਸਿੰਘ ਦੇ ਹਾਣੀ,
ਸਤਿਗੁਰੂ ਪੂਰੇ ਦੀ ਮਿਹਰ ਦੀਆਂ,
ਮਾਣੀਆਂ ਜਿਨ੍ਹਾਂ ਛਾਵਾਂ।
ਕਰ ਇਸ਼ਨਾਨ ਸਿਮਰ ਪ੍ਰਭ ਅਪਣਾ,
ਤੋਪਾਂ ਸਾਹਵੇਂ ਆਏ,
ਕਾਇਰ ਨੂੰ ਫਿਟਕਾਰਾਂ ਪਾਈਆਂ,
ਗਿਰਝਾਂ, ਕੁੱਤਿਆਂ, ਕਾਵਾਂ।
ਵੇਖੋ ਜੇਰਾ ਓਸ ਸਿੰਘ ਦਾ,
ਸਿੰਘ ਵਰਿਆਮ ਬਹਾਦਰ,
ਢੋਮਾਂ ਰੱਖ ਕੇ, ਤੋਪ ਦੇ ਸਾਹਵੇਂ,
ਡਟਿਆ ਹੋ ਕੇ ਸਾਵਾਂ।
ਬਿਸ਼ਨ ਸਿੰਘ ਮਾਸੂਮ, ਸੁਨੱਖਾ,
ਨਿਰਛਲ ਅਤੇ ਪਿਆਰਾ,
ਸਾਮਰਾਜ ਦੀ ਦਾੜ੍ਹੀ ਪੁੱਟਦਿਆਂ,
ਕੱਟੀਆਂ ਗਈਆਂ ਬਾਹ੍ਵਾਂ।
ਛੇ ਤੇ ਸੱਠ ਸ਼ਹੀਦ ਹੋ ਗਏ,
ਇੱਕ ਵੀ ਡੋਲਿਆ ਨਾਹੀਂ,
ਲਿਖੋ ਸੁਨਹਿਰੀ ਅੱਖਰਾਂ ਦੇ ਵਿੱਚ,
ਖੰਡੇ 'ਤੇ ਸਿਰਨਾਵਾਂ।
ਇਸ ਧਰਤੀ ਦੇ ਕਣ-ਕਣ ਵਿਚੋਂ,
ਮਹਿਕ ਸ਼ਹੀਦੀ ਆਵੇ,
ਮਨ ਤਾਂ ਅੰਦਰੋਂ ਕਰੇ ਡੰਡੌਤਾਂ,
ਬਾਹਰੋਂ ਸੀਸ ਨਿਵਾਵਾਂ।
ਸੁਆਸ ਸੁਆਸ ਉਹਨਾਂ ਸੂਰਮਿਆਂ ਨੇ,
ਸਤਿਗੁਰੂ ਲੇਖੇ ਲਾਇਆ,
ਗੁਰ ਕਿਰਪਾ ਚੋਂ ਮਿਲੀ ਰੌਸ਼ਨੀ,
'ਕੀ ਭਰਵਾਸਾ ਸਾਹ੍ਵਾਂ'।
ਉਹਨਾਂ ਦੀ ਕੁਰਬਾਨੀ ਸਦਕਾ,
ਦੇਸ਼ ਆਜ਼ਾਦੀ ਮਾਣੇਂ,
ਇਸ ਉਪਕਾਰ ਨੂੰ ਦੱਸੋ ਕਿੱਦਾਂ,
ਕੀਕੂੰ ਕਿਵੇਂ ਗਿਣਾਵਾਂ।
ਵੇਖੋ ਕਿਵੇਂ ਤਿਆਰ ਹੋ ਗਏ,
ਮੌਤ ਵਿਹਾਜਣ ਖ਼ਾਤਰ,
ਸਤਿਗੁਰ, ਸਾਹਿਬ ਭਾਣਾ ਮੰਨ ਕੇ,
ਦਿੱਤੀਆਂ ਸ਼ੁੱਭ-ਇੱਛਾਵਾਂ।
ਡੁੱਲ੍ਹਿਆ ਖ਼ੂਨ ਸ਼ਹੀਦਾਂ, ਜਿੱਥੇ,
ਧਰਤੀ ਪਾਵਨ ਹੋਈ,
ਤਾਂਹੀ ਇੱਸ ਦੀ ਮਿੱਟੀ ਚੁੱਕ ਕੇ,
ਮੈਂ ਮਸਤਕ ਨੂੰ ਲਾਵਾਂ।
ਕਵੀਓ, ਸ਼ਾਇਰੋ ਤੇ ਵਿਦਵਾਨੋ,
ਇਸ ਧਰਤੀ ਨੂੰ ਪੂਜੋ,
ਤਾਂ ਜੋ ਜੀਵਨ ਸਫਲਾ ਹੋਵੇ,
ਜਾ ਕੇ ਵਿੱਚ ਦਰਗਾਹ੍ਵਾਂ।
ਕਥਾ ਆਜ਼ਾਦੀ ਦੇ ਪਟ ਉਤੇ,
ਨਾਮ ਸ਼ਹੀਦੀ ਚਮਕੇ,
ਦੀਵਾਨੇ, ਪਰਵਾਨਿਆਂ ਵਰਗਾ,
ਵਿਰਲਾ ਹੈ ਕੋਈ ਟਾਵਾਂ।
'ਚੀਮਾ', 'ਕਵੀ', 'ਕਿਸਾਨ' ਤੇ 'ਸਫਰੀ',
'ਮੁਕਤਾ', ਸਿਫਤਾਂ ਕਰਦੇ,
'ਤੁਲੀ' ਤੇ 'ਵਰਿਆਮ' ਨੂੰ ਤੱਕ ਕੇ,
ਮੈਂ ਵੀ ਸਿਫਤਾਂ ਗਾਵਾਂ।
ਉਠੋ, ਜਾਗੋ, ਤੁਸੀਂ ਪੁਕਾਰੋ,
ਉਹ ਵੀ ਪਰਤ ਕੇ ਆਵੇ,
ਉਹ ਪ੍ਰਦੇਸੀ, ਸਾਹਿਬ ਸੱਚਾ,
ਮੰਗੋ ਸਦਾ ਦੁਆਵਾਂ।
ਉਹਨਾਂ ਲਾਡਲਿਆਂ ਦੀਆਂ ਯਾਦਾਂ,
ਇਸ ਕੱਲਰ ਵਿੱਚ ਖੁਣੀਆਂ,
ਉਹਨਾਂ ਦੇ ਨਾਵਾਂ ਸੰਗ ਜੁੜੀਆਂ,
ਕੱਚੀਆਂ, ਪੱਕੀਆਂ ਰਾਹ੍ਵਾਂ।
ਬੜਾ ਭਿਆਨਕ ਬਿਖੜਾ ਪੈਂਡਾ,
ਕੋਈ ਨੇਹੀਂ ਘਬਰਾਇਆ,
ਭਾਵੇਂ ਤੋਪਾਂ ਦੀ ਗਰਜਣ ਸੀ,
ਭਾਵੇਂ ਜ਼ੁਲਮੀ 'ਵਾਵਾਂ'।
ਉਹਨਾਂ ਦੀ ਰੂਹ ਅੰਦਰ ਚਾਨਣ,
ਗੁਰ ਪੂਰੇ ਨੇ ਕੀਤਾ,
ਜ਼ੁਲਮੀ ਰਾਤਾਂ ਰੋਕ ਨਾ ਸਕੀਆਂ,
ਨਾਲੇ ਘੋਰ ਘਟਾਵਾਂ।
'ਪੰਛੀ' ਗਾਵੇ ਸਿਫਤ ਉਹਨਾਂ ਦੀ,
ਗਊ ਗਰੀਬ ਬਚਾਏ,
ਸੰਗਤੇ ਬੋਲ ਜੈਕਾਰਾ ਗੱਜ ਕੇ,
ਖੜ੍ਹੀਆਂ ਕਰਕੇ ਬਾਹ੍ਵਾਂ।

■

Namdhari Elibrary NamdhariElibrary@gmail.com

■ ਸੰਤੋਖ ਸਿੰਘ ਸਾਜਨ

ਜੰਮੀ ਬੀਰਤਾ ਭੈਣੀ ਦੀ ਜੂਹ ਵਿੱਚੋਂ

ਟਲ ਵਾਜ ਦੇਣੋ ਰੁਕੇ ਮੰਦਰਾਂ ਦੇ ਸਤ ਮੁਕਿਆ ਜਾਂ ਅਲਾ ਹੂ ਵਿੱਚੋਂ।
ਭਾਈ ਦੀ ਦੁਹਾਈ ਨਾਂ ਸੁਣੇ ਕੋਈ, ਧਰਮ ਉੱਡਿਆ ਹਰ ਵਜੂਹ ਵਿੱਚੋਂ।
ਤੀਲਾ ਤੀਲਾ ਖਿਲਾਰਿਆ ਆਲਣੇ ਦਾ, ਹਥੀਂ ਆਪਣੀ ਆਪ ਧਰੂਹ ਵਿੱਚੋਂ।
ਪਗ ਪੈਰਾਂ ਦੇ ਹੇਠ ਵਿਛਾ ਦਿਤੀ, ਅਣਖ ਆਨ ਦੀ ਸ਼ਾਨ ਝਲੂਹ ਵਿੱਚੋਂ।
ਬਿਲੇ ਬਣੇ ਬਘਿਆੜ ਤੇ ਸ਼ੇਰ ਗਿਦੜ ਹਵਸ ਨਿਖਰੀ ਜਨ ਸਮੂਹ ਵਿੱਚੋਂ।
ਸਿਖੀ ਲਾਜ ਸੁਤੰਤ੍ਰਤਾ ਰਾਜ ਬਦਲੇ, ਜੰਮੀ ਬੀਰਤਾ ਭੈਣੀ ਦੀ ਜੂਹ ਵਿੱਚੋਂ।

ਸੂਰਜ ਨਿਕਲਿਆ ਤੇ ਰਿਸ਼ਮਾਂ ਨੂਰ ਭਰੀਆਂ, ਕਾਲੀ ਹਰ ਨੁਕਰ ਰੋਸ਼ਨ ਕਰ ਦਿੱਤੀ।
ਐਸੀ ਫੂਕ ਫੂਕੀ ਫੂਕੀ ਸ਼ਾਨ ਫੋਕੀ, ਸਤਿਗੁਰੂ ਰਾਮ ਸਿੰਘ ਵਸਤੂ ਅਜੱਰ ਦਿੱਤੀ।
ਸਿੱਖੀ ਟੁੱਟਦੀ ਹੁੱਟਦੀ ਲੁੱਟਦੀ ਨੂੰ, ਕੂਕਾ ਪੰਥ ਵਾਲੀ ਨੀਂਹ ਧਰ ਦਿੱਤੀ।
ਜੀਹਦੇ ਸੋਹਣੇ ਸੰਗੁਫਿਆਂ ਝੱਲ ਧੁੱਪਾਂ, ਭਾਰਤ ਭਰ ਦੇ ਲਈ ਛਾਂ ਕਰ ਦਿੱਤੀ।
ਦਇਆ ਧਰਮ ਉਪਕਾਰ ਸ੍ਵੈਮਾਨ ਬਖਸ਼ੇ, ਇਜਤ ਅਨਖ ਵਾਲੀ ਮਿਲੇ ਸੂਹ ਵਿੱਚੋਂ।
ਭਾਰਤ ਤਾਂਈ ਅਜ਼ਾਦ ਕਰਾਉਣ ਦੇ ਲਈ, ਜੰਮੀ ਬੀਰਤਾ ਭੈਣੀ ਦੀ ਜੂਹ ਵਿੱਚੋਂ।

ਪਾ ਕੇ ਨਾਮ ਦੀ ਦਾਤ ਪ੍ਰਾਪਤੀ ਲਈ, ਮਾਲਾ ਹੱਥ 'ਚ ਨਾਲ ਪਿਆਰ ਫੜ ਲਈ।
ਗਲ ਗਊ ਗਰੀਬ ਦੇ ਛੁਰੀ ਡਿਠੀ, ਘੁਟ ਹੱਥ ਦੇ ਵਿਚ ਤਲਵਾਰ ਫੜ ਲਈ।
ਮਾਲਨ ਮੌਤ ਨੂੰ ਟਾਲਨ ਦੀ ਨਹੀਂ ਕੀਤੀ, ਫਾਂਸੀ ਸਮਝ ਕੇ ਗਲੇ ਦਾ ਹਾਰ ਫੜ ਲਈ।
ਬਾਲ ਦਿਤੀ ਮਿਸਾਲ ਕੁਰਬਾਨੀਆਂ ਦੀ, ਲਾਲੀ ਖੂਨ ਦੀ ਕਲੀ ਕਚਨਾਰ ਫੜ ਲਈ।
ਵੇਖ ਹੌਸਲਾ ਗੋਰੇ ਦੇ ਥੰਮ ਥਿੜਕੇ, ਹੋਸ਼ ਪਰਤ ਆਈ ਚੜ੍ਹੀ ਭੂਹ ਵਿੱਚੋਂ।
ਖਬਰਾਂ ਫੌਰਨ ਇੰਗਲੈਂਡ ਚ ਪਹੁੰਚ ਗਈਆਂ, ਜੰਮੀ ਬੀਰਤਾ ਭੈਣੀ ਦੀ ਜੂਹ ਵਿੱਚੋਂ।

ਕਲਰ ਕੋਟਲੇ ਦੇ ਵਿਚੋਂ ਕਵਲ ਖਿੜਦੇ ਹੈਸੀ, ਮਲਕਾ ਅਲਜ਼ਬੇਥ ਦੀ ਜਾਈ ਡਿੱਠਾ।
ਇਟਾਂ ਜੋੜ ਕੇ ਤੋਪ ਦੇ ਹਾਣ ਹੁੰਦਾ, ਵਰਿਆਮ ਸਿੰਘ ਨੂੰ ਸਾਰੀ ਲੁਕਾਈ ਡਿੱਠਾ।
ਅਲੂੰਏ ਮੁੰਡੇ ਕਾਵਨ ਦੀ ਪਕੜ ਦਾੜ੍ਹੀ, ਜੋਰੀਂ ਪੁਟਦਿਆਂ ਮੋਮ ਹਮਸਾਈ ਡਿੱਠਾ।
ਪੈਰੀਂ ਪੈ ਗੁਲਾਮੀ ਦੇ ਸੰਗਲਾਂ ਨੂੰ, ਕੜ ਕੜ ਟੁਟਦਿਆਂ ਸੀ ਭਾਰਤ ਮਾਈ ਡਿੱਠਾ।
ਬਿਲੇ ਸਮਝ ਲੀਤਾ ਸੁਕੀ ਨਿਕਲਦੀ ਨਹੀਂ ਇਕ ਵਾਰ ਡਿਗੀ ਇੱਟ ਖਹ ਵਿੱਚੋਂ।
ਤਖਤਾ ਰਾਜ ਫਰੰਗੀ ਦਾ ਪਲਟ ਦੇਗੀ, ਜੰਮੀ ਬੀਰਤਾ ਭੈਣੀ ਦੀ ਜੂਹ ਵਿੱਚੋਂ।

ਪਿਆ ਖੂਨ ਪਵਿੱਤਰ ਤਾਂ ਵਿਚ ਨ੍ਹੇਰੇ, ਲਟ ਲਟ ਅਜ਼ਾਦੀ ਦੀ ਸ਼ਮ੍ਹਾਂ ਬਲ ਪਈ।
ਸੜ ਕੇ ਸਭ ਸੁਆਹ ਹੋ ਗਏ ਜੇਰੇ, ਲਟ ਲਟ ਅਜ਼ਾਦੀ ਦੀ ਸ਼ਮ੍ਹਾਂ ਬਲ ਪਈ।
ਝੋਲੀ ਚੁਕਾਂ ਨੂੰ ਦਿਸ ਪਈ ਚੌਫੇਰੇ, ਲਟ ਲਟ ਅਜ਼ਾਦੀ ਦੀ ਸ਼ਮ੍ਹਾਂ ਬਲ ਪਈ।
ਬਾਲੀ ਅਣਖ ਦੀ ਸੀਖ ਲਾ ਮਾਹੀ ਮੇਰੇ, ਲਟ ਲਟ ਅਜ਼ਾਦੀ ਦੀ ਸ਼ਮ੍ਹਾਂ ਬਲ ਪਈ।
ਨੋਕ ਜੁਤੀ ਦੀ ਤੇ ਵਾਰ ਅਹੁਦਿਆਂ ਨੂੰ, ਜੀਹਨੇ ਰਾਜ ਪਾਇਆ ਚਰਨ ਛੂਹ ਵਿੱਚੋਂ।
ਕਿਵੇਂ ਫਿਰ ਗੁਲਾਮੀ ਦੀ ਪੰਡ ਚੁਕੇ, ਜੰਮੀ ਬੀਰਤਾ ਭੈਣੀ ਦੀ ਰੂਹ ਵਿੱਚੋਂ।

ਲਹੂ ਕੂਕਿਆਂ ਦੇ ਨਾਲ ਰੰਗ ਧਰਤੀ, ਖ਼ਤਮ ਹੋਈ ਨਾਂ ਗੋਰੇ ਦੀ ਚਾਲ ਹਾਲੇ।
ਚੀਨੀ ਵਾਲਾ ਪ੍ਰਦੇਸ ਨੂੰ ਤੋਰ ਦਿਤਾ, ਕੂਕੇ ਤੜਪਦੇ ਬ੍ਰਿਹਾ ਦੇ ਨਾਲ ਹਾਲੇ।
ਕਦੋਂ ਮਾਹੀ ਮਿਲਾਪ ਦਾ ਸਮਾਂ ਆਵੇ, ਸਾਡੇ ਸਾਹਮਣੇ ਓਵੇਂ ਸੁਆਲ ਹਾਲੇ।
ਬਿਲੇ ਬੋਰੀਆ ਬਿਸਤਰਾ ਗੋਲ ਕੀਤਾ, ਐਪਰ ਆਇ ਨਾਂ ਦੀਨ ਦਿਆਲ ਹਾਲੇ।
ਪ੍ਰੀਤਮ ਕਦੋਂ ਦੀਦਾਰ ਨਸੀਬ ਹੋਸੀ, ਹਿਜ਼ਰ ਦਿਲ ਖਾਵੇ ਧੂਹ ਧੂਹ ਵਿੱਚੋਂ।
ਵੇਖ ਆਨ ਕੇ ਕਿਵੇਂ ਬਹਾਰ ਆਈ, ਜੰਮੀ ਬੀਰਤਾ ਭੈਣੀ ਦੀ ਜੂਹ ਵਿੱਚੋਂ।

■

Namdhari Elibrary NamdhariElibrary@gmail.com

.... AND OTHER MOVEMENTS

Kuka movement pioneered by Satguru Ram Singh Ji was unique and it onset the chain of movements against Britishers. It worked as threshold for other religious, social and political movements for the freedom of the India.

Many movements in different parts of India started for freedom of the country in the nineteeth and early twentieth century.

The editorial board of Satjug has decided to publish brief sketches of a few such movements for the knowledge and benefit of our readers.

■ Editor

Namdhari Elibrary NamdhariElibrary@gmail.com

■ Dr. M.S. Ahluwalia
History Department,
H.P. University, Shimla

Role of Mandi State (Himachal Pradesh) in India's Freedom Movement

There is no denying the fact that the hill people of erstwhile hill States of Himachal Pradesh were the victims of dual slavery- i.e. of the British as well as the native rulers. There were a number of reasons of the hill peoples' dissatisfaction which led to special reform movements, agitations and open revolts.

Under the Government of India Act of 1858 (which transferred the government from East India Company to the British Crown and Parliament, the native rulers (including those of the Shimla and adjoining Hill States) were assured that their hereditary rights will not be taken away by the British empire. This guarantee and assurance was given through several treaties and sanads. The Indians were also given assurance that the British Government will not interfere in their religious, social or traditional life. These assurances were considered as the achievements of the Great Revolt of 1857 which became a source for freedom in the year to come. As per the proclamation of 1858, all the hill areas of present day Himachal Pradesh came under the direct control of the British empire.

In the then areas of Himachal Pradesh there was two types of administration. The old Punjab Hill States (Kangra, Nurpur, Jaswan, Guler, Siba, Datarpur, Kotla, Kullu, Lahoul and Spiti) lost their independence because the English conquered these states and merged these with the British empire. The other native states included Shimla Hill States or Cis-Sutlej States (Bushahr, Keonthal, Jubbal, and other small thakurais) and the Trans-Sutlej States included Mandi, Suket and Chamba apart from Kangra group of States. There is no denying the fact that the hill people of erstwhile hill States of Himachal Pradesh were the victims of dual slavery- i.e. of the British as well as the native rulers. There were a number of reasons of the hill peoples' dissatisfaction which led to special reform movements, agitations and open revolts.

In case of the State of Mandi, the discontentment in the public was due to the several defects existing in the State. The most prominent were:

(i) The Wazir was the only authority and a source of constant trouble.

(ii) Judicial work was not in proper hands and distribution of work was faulty.

(iii) There was no establishment directly under the Raja which may have checked the work of all branches of State administration.

(iv) There were not less than 51 different kinds of taxes and the realisation and remission of these rested entirely on the mercy of the kardars, over whom there was hardly any check.

(v) As in case of several other hill States, there was also unnecessary and unlimited system of Begar (forced labour).

These and several other political, economic and social factors led to discontenment in the State, which

Namdhari Elibrary NamdhariElibrary@gmail.com

culminated in the rebellion of 1909. One of the major reasons for the discontentment was the unlimited authority enjoyed by the Wazir of Mandi, who was responsible for the whole of State's administrtion. All judicial and land suits were tried in his Court. He was the sole drawing and disbursing authority and selected each and every thing required for the State as well as checked the accounts of all other departments. Among the other officers in the State administration, the Munsifs and Tehsildars etc., were mostly Khatris ;who had monopolized the State Administration.

On the three sides of the Mandi State boundaries, was the British Government Ilaqa. The people were looking at their relations well governed and comparing with their own state which had deep touching in their minds. The officers of position never cared to go on tour to find out the troubles of the people. Ilaqa Nandpur, adjoining to Hamirpur tehsil and Bahl people were chiefly responsible for Mandi revolt of 1909.

The Mandi Dum (rising or revolt) of 1909 was the fifth rebellion in the State during the last thirty years. At Mandi, the struggle for freedom and civil rights was led by Sobha Ram, his father Gurdhian, Inder Singh and Thakur Singh, who protested against the mal-administration of the Raja's minister, Jawa Nand. The Minister had been compelling the people to sell their produce to the Government (i.e. Raja) and also do the Begar which they resented because it was demanded at a time when the people were busy in their own cultivation.

To get their grievances redressed, the agitators led by Sobha Ram of Sarkaghat, assembled at Mandi and made a strong protest against the autocratic rule of Raja Bhawani and his Wazir, Jiwa Nand. Sobha Ram was first refused audience by the Raja. He then took a group of three hundred armed persons. The Raja's army crushed the uprising. Sobha Ram, however, manged to escape, mobilized the people and marched to Mandi with 20,000 people with a view to bring about peoples' rule over the State.

For two hours, the people's volunteers and the Raja's troops exchanged fire. The people's army won the final victory and forced the Raja's troops to lay down the arms. The agitators then jailed all the corrupt officials, including the Wazir. Finding himself helpless, the Raja of Mandi sought the help of the British Commissioner at Jullundur who rushed armed forces from Jullundur, Kulu and Kangra to Mandi State. With the help of the British armed forces, the revolt was ruthlessly crushed and its prominent leaders were sentenced to long term imprisonments. The repression let loose by the State, aided by the British, however, failed to demoralise the people.

At national level, during the beginning of the twentieth century, there was an atmosphere of unrest in the entire country. The nationalist leaders were not fully satisfied with the liberal policies, the constitutional struggle and peaceful methodology of the Congress. Several extremist leaders like Lala Lajpat Rai, Balgangadhar Tilak, Bipin Chander Pal and Arvind Ghosh wanted to completely uproot the British imperialism for which they were prepared to undergo any sacrifice. These extremist leaders adopted the new path of revolt which led to terrorist movement in India. Secret organisations were formed and plans were made for an armed rebellion. Himachal Pradesh also came under the impact of several revolutionary movements, such as those led by the Ghadarites. Some of the Ghadar Party men who came back to India from America at the beginning of the World War- I, took shelter in Mandi and Suket with a view to inspire the people for revolutionary activities. The impact of Ghadarite activities was felt in the famous Mandi Conspiracy Case which took place in 1914-15. Members of the Ghadar Party left a deep impression upon the people of Mandi. Extracts from the book entitled 'Ghadar Ki Gunj' were read by the members of the Ghadar Party to influence the people. Mian Jowahir Singh and Rani Lalita Kumari of Mandi directly came under the influence of the Ghadarites. The Rani even helped the revolutionary movement finanacially. (Foreign Political, Bundle No.17, File No.255, State Archives, Shimla.).

Rani Lalita Kumari was married at the young age of fourteen (1908) to the handsome ruler of Mandi, Raja Bhawani Sen. The Raja met with an early death in 1912, whereby the young princess found herself widowed and without an issue.

The British did not pay any heed to the wishes of the Rani in solving the problem of succession and installed Mian Joginder Singh, a nearest male relative on 'Gaddi'. Being a minor, the new occupant of Mandi throne was sent to Chief's College at Lahore for education. The Rani aspired to act as Regent during his minority but the British instead appointed an ICS Gordon Walker as Superintendent to manage the affairs of Mandi. Walker was succeeded by Ermerson and strickland. The Rani felt that she has been cheated and thus began to cherish bitter feelings towards the British and thus established contact with the anti-British revolutionaries thorugh Mian Jowahir Singh (her confidant) who got in touch with the Ghadar Party men.

Namdhari Elibrary NamdhariElibrary@gmail.com

One of the confidants of the Rani named Dalip Singh was sent to Hoshiarpur to finalize the conspiracy. He was, however, arrested. The Rani was camping at Jhatingari at that time. On receiving the news of Dalip Singh's arrest, she rushed back to Mandi. Seven bombs which were lying concealed in the Rani's apartments, were immediately consigned to the waters of the adjoining Beas river. At a later date, the armed police arrived from Punjab, surrounded the palace and carried out unsuccessful searches.

